
TAJ
INSURANCE SERVICES
*Local or Long Haul Trucking (48 States) *Personal or Commercial Lines *Standard or Non Satandard Market *Auto and Home package Available
To beat your rates, Visit or Call
Gurdawar S. Mann Or Pal Rai
37485 Fremont Blvd, #D, Fremont, CA 94536
Ph:(510)739-1700, Fax (510)740-3451
Note:Also Income Tax filing Available
Gurdawar S. Mann
Lic#0F34231

Hardeep S.Rai Attorney-at-Law
ਇੰਮੀਗਰੇਸ਼ਨ ਵਕੀਲ
◻ਨੌਂਵੀਂ ਸਰਕਟ ਕੋਰਟ ◻ਬੋਰਡ ਆਫ ਇਮੀਗ੍ਰੇਸ਼ਨ ਅਪੀਲਾਂ
◻ਇਮੀਗ੍ਰੇਸ਼ਨ ਕੋਰਟ ਦੇ ਕੇਸ ◻ਫੈਮਿਲੀ ਪਟੀਸ਼ਨਾਂ ◻ਲੇਬਰ ਦੇ ਕੇਸ
◻ਡਿਪੋਰਟੇਸ਼ਨ ਦੇ ਕੇਸ ◻ਅਮੈਰਿਕਨ ਅੰਬੈਸੀ ਦੇ ਕੇਸ ◻ਬੈਂਕਰਪਸੀ
SAN FRANCISCO
TEL: 415.693.9131
FAX: 415.693.9135
rai@hsrai.com
www.hsrai.com
SAN JOSE
TEL: 408.280.1111
FAX: 408.280.1212

ਇਮੀਗਰੇਸ਼ਨ ਸੇਵਾਵਾਂ
ਫੈਮਿਲੀ ਲਾਅ
Kuldip Singh Dhariwal
Attorney At Law
Tel: (510) 744-1280
Fax: (510) 744-4192

ਕੁਲਦੀਪ ਸਿੰਘ ਧਾਰੀਵਾਲ
3100 Mowry Ave. #303, Fremont, CA 94538
E-mail: kuldipdhariwal@yahoo.com



Eleventh Year in Publication
ਕੈਲੇਫੋਰਨੀਆ ਐਡੀਸ਼ਨ
Price 50¢
Email:punjabtimes1@sbcglobal.net
ਸ਼ਿਕਾਗੋ ਅਤੇ ਸੈਨ ਫਰਾਂਸਿਸਕੋ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ
www.punjabtimesusa.com

# ਪੰਜਾਬ ਟਾਈਮਜ਼

Punjab Times, Vol 11, Issue 14, April 10, 2010 20451 N Plum Grove Rd. Palatine, IL 60074 Ph:847-359-0746, Fax:847-705-9388


## ਪੰਜਾਬ ਸਰਕਾਰ ਅੱਠ ਨਵੇਂ ਖੇਡ ਸਟੇਡੀਅਮ ਉਸਾਰੇਗੀ-ਸੁਖਬੀਰ ਬਾਦਲ


ਸੁਖਬੀਰ ਬਾਦਲ ਕਬੱਡੀ ਖਿਡਾਰੀਆਂ ਨੂੰ ਮਿਲਦੇ ਹੋਏ

**ਹਸ਼ਿਆਰਪੁਰ (ਗੁਰਿੰਦਰਜੀਤ ਸਿੰਘ ਪੀਰਜੈਨ):** ਪੰਜਾਬ ਸਰਕਾਰ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਜਿਥੇ ਨਵੀਂ ਖੇਡ ਨੀਤੀ ਬਣਾ ਰਹੀ ਹੈ, ਉਥੇ ਰਾਜ ਅੰਦਰ ਆਧੁਨਿਕ ਸਹੂਲਤਾਂ ਵਾਲੇ 8 ਨਵੇਂ ਖੇਡ ਸਟੇਡੀਅਮ ਉਸਾਰੇ ਜਾ ਰਹੇ ਹਨ ਜਿਨ੍ਹਾਂ ਵਿਚ ਰਾਤ ਨੂੰ ਮੈਚ ਕਰਾਉਣ ਲਈ ਫਲੱਡ ਲਾਈਟਾਂ ਵੀ ਲਗਾਈਆਂ ਜਾਣਗੀਆਂ। ਇਹ ਪ੍ਰਗਟਾਵਾ ਪੰਜਾਬ ਦੇ ਉਪ ਮੁੱਖ ਮੰਤਰੀ ਅਤੇ ਵਿਸ਼ਵ ਕਬੱਡੀ ਕੱਪ ਟੂਰਨਾਮੈਂਟ ਆਰਗੇਨਾਈਜ਼ਿੰਗ ਕਮੇਟੀ ਦੇ ਚੇਅਰਮੈਨ ਸ. ਸੁਖਬੀਰ ਸਿੰਘ ਬਾਦਲ ਨੇ 6 ਅਪਰੈਲ ਨੂੰ ਆਊਟਡੋਰ ਸਟੇਡੀਅਮ ਵਿਖੇ ਪਰਲਜ਼ ਵਰਲਡ ਕੱਪ ਕਬੱਡੀ ਪੰਜਾਬ-2010 ਦੀ ਲੜੀ ਤਹਿਤ ਇਰਾਨ ਅਤੇ ਅਮਰੀਕਾ ਦੀ ਟੀਮ ਦਾ ਕਬੱਡੀ ਮੈਚ ਦੇਖਣ ਉਪਰੰਤ ਹਜ਼ਾਰਾਂ ਦੀ ਗਿਣਤੀ ਵਿਚ ਇਕੱਤਰ ਹੋਏ ਲੋਕਾਂ ਅਤੇ ਖੇਡ ਪ੍ਰੇਮੀਆਂ ਦੇ ਇੱਕ ਭਾਰੀ ਇਕੱਠ ਨੂੰ ਸੰਬੋਧਨ ਕਰਦਿਆਂ ਕੀਤਾ।

ਸ. ਬਾਦਲ ਨੇ ਕਿਹਾ ਕਿ ਦੇਸ਼ ਦੀ ਤਰੱਕੀ ਲਈ ਨੌਜਵਾਨਾਂ ਨੂੰ ਨਸ਼ਿਆਂ ਤੋਂ ਦੂਰ ਰੱਖ ਕੇ ਖੇਡਾਂ ਵੱਲ ਪ੍ਰੇਰਿਤ ਕਰਨ ਲਈ ਵਿਸ਼ਵ ਕਬੱਡੀ ਕੱਪ ਵਰਗੇ ਟੂਰਨਾਮੈਂਟ ਕਰਾਉਣ ਦੀ ਜ਼ਰੂਰਤ ਹੈ। ਉਨ੍ਹਾਂ ਕਿਹਾ ਕਿ ਕਬੱਡੀ ਸਾਡੀ ਮਾਂ ਖੇਡ ਹੈ ਪਰ ਅਫਸੋਸ ਹੈ ਕਿ ਸਰਕਾਰਾਂ ਨੇ ਇਸ ਖੇਡ ਨੂੰ ਮਾਨਤਾ ਨਹੀਂ ਦਿੱਤੀ ਪਰ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਦੀ ਅਗਵਾਈ ਵਿਚ ਅਕਾਲੀ-ਭਾਜਪਾ ਸਰਕਾਰ ਨੇ ਆਪਣੀ ਪਹਿਲੀ ਕੈਬਨਿਟ ਮੀਟਿੰਗ ਵਿਚ ਇਸ ਖੇਡ ਨੂੰ ਮਾਨਤਾ ਦੇ ਦਿੱਤੀ। ਇਨ੍ਹਾਂ ਕਬੱਡੀ ਮੈਚਾਂ ਨੂੰ ਦੇਸ਼ ਦੇ ਕੋਨੇ-ਕੋਨੇ ਤੋਂ ਲੱਖਾਂ ਦੀ ਗਿਣਤੀ ਵਿਚ ਲੋਕ ਦੇਖਣ ਆ ਰਹੇ ਹਨ। ਇਨ੍ਹਾਂ ਮੈਚਾਂ ਵਿਚ ਹੋ ਰਹੇ ਇਕੱਠਾਂ ਨੂੰ ਦੇਖਦਿਆਂ ਕੇਂਦਰ ਸਰਕਾਰ ਦੇ ਕਈ ਵਜੀਰਾਂ ਨੇ ਮੈਨੂੰ ਟੈਲੀਫੋਨ ਤੇ ਵਧਾਈ ਦਿੱਤੀ ਅਤੇ ਕਿਹਾ ਕਿ ਅੱਜ ਕਬੱਡੀ ਕ੍ਰਿਕਟ ਤੋਂ ਵੀ ਅੱਗੇ ਲੰਘ ਗਈ ਹੈ। ਸ. ਬਾਦਲ ਨੇ ਕਿਹਾ ਕਿ ਮੈਨੂੰ ਪੂਰਨ ਆਸ ਹੈ ਕਿ ਇਹ ਖੇਡ ਉਲੰਪਿਕ ਵਿਚ ਵੀ ਪਹੁੰਚ ਜਾਵੇਗੀ। ਉਨ੍ਹਾਂ ਕਿਹਾ ਕਿ ਆਈ ਪੀ ਐਲ ਦੀ ਤਰ੍ਹਾਂ ਕਬੱਡੀ ਲੀਗ ਵੀ ਬਣਾਈ ਜਾ ਰਹੀ ਹੈ ਜਿਸ ਦੀ ਰੂਪ ਰੇਖਾ ਪੰਜਾਬ ਸਰਕਾਰ ਵੱਲੋਂ ਉਲੀਕ ਲਈ ਗਈ ਹੈ।

ਸ. ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਖੇਡਾਂ ਜਵਾਨੀ ਦਾ ਅਹਿਮ ਅੰਗ ਹਨ ਜਿਹੜੇ ਦੇਸ਼ਾਂ ਨੇ ਆਪਣੀ ਜਵਾਨੀ ਨੂੰ ਸੰਭਾਲਿਆ ਹੈ, ਉਨ੍ਹਾਂ ਦੇਸ਼ਾਂ ਨੇ ਹੀ ਤਰੱਕੀ ਕੀਤੀ ਹੈ ਅਤੇ ਖੇਡਾਂ ਦੇ ਖੇਤਰ ਵਿਚ ਵੱਧ ਤੋਂ ਵੱਧ ਮੈਡਲ ਪ੍ਰਾਪਤ ਕੀਤੇ ਹਨ। ਉਨ੍ਹਾਂ ਕਿਹਾ ਕਿ ਸਰਕਾਰਾਂ ਨੇ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਨੌਜਵਾਨਾਂ ਨੂੰ ਉਹ

*(ਬਾਕੀ ਸਫਾ 6 'ਤੇ)*

**ਪਾਠਕਾਂ ਨੂੰ ਖਾਲਸੇ ਦੇ ਸਿਰਜਣਾ ਦਿਵਸ ਦੀ ਲੱਖ ਲੱਖ ਵਧਾਈ**

## ਪੈਲਾਟਾਈਨ ਗੁਰੂਘਰ ਦੀ ਚੋਣ ਵਿਚ ਪੰਥਕ ਸਲੇਟ ਦੀ ਵਡੀ ਜਿੱਤ

ਸ਼ਿਕਾਗੋ (ਪੰਜਾਬ ਟਾਈਮਜ਼ ਬਿਊਰੋ): ਸਿੱਖ ਰਿਲੀਜੀਅਸ ਸੁਸਾਇਟੀ, ਸ਼ਿਕਾਗੋ ਦੀਆਂ ਲੰਘੇ ਐਤਵਾਰ ਨੂੰ ਹੋਈਆਂ ਚੋਣਾਂ ਦੌਰਾਨ ਇਕ ਫਸਵੇਂ ਮੁਕਾਬਲੇ ਵਿਚ ਪੰਥਕ ਸਲੇਟ ਦੇ ਬੋਰਡ ਲਈ ਪੰਜੇ ਉਮੀਦਵਾਰ ਚੋਣ ਜਿੱਤ ਗਏ ਹਨ, ਜਦੋਂਕਿ ਸੰਵਿਧਾਨ ਅਮਲ ਕਮੇਟੀ (ਸੀ ਆਈ ਸੀ) ਦੀ ਇਕ ਸੀਟ ਲਈ ਆਜਾਦ ਸਿੱਖ ਸੰਗਤ ਸਲੇਟ ਦਾ ਉਮੀਦਵਾਰ ਜੇਤੂ ਰਿਹਾ। ਸਿੱਖ ਰਿਲੀਜੀਅਸ ਸੁਸਾਇਟੀ ਮਿਡਵੈਸਟ ਦੇ ਸਭ ਤੋਂ ਪੁਰਾਣੇ ਅਤੇ ਸਭ ਤੋਂ ਵਡੇ ਗੁਰਦੁਆਰਾ ਪੈਲਾਟਾਈਨ ਦਾ ਪ੍ਰਬੰਧ ਚਲਾਉਂਦੀ ਹੈ। ਇਨ੍ਹਾਂ ਚੋਣਾਂ ਵਿਚ ਦੋ ਸਲੇਟਾਂ ਪੰਥਕ ਸਲੇਟ ਅਤੇ ਆਜਾਦ ਸਿੱਖ ਸੰਗਤ ਸਲੇਟ ਵਿਚਾਲੇ ਸਿੱਧਾ ਮੁਕਾਬਲਾ ਸੀ। ਪੰਥਕ ਸਲੇਟ ਇਸ ਸਮੇਂ ਗੁਰਦੁਆਰਾ ਪ੍ਰਬੰਧ ਚਲਾਉਂਦੀ ਹੈ।

ਪੰਥਕ ਸਲੇਟ ਨੂੰ ਇਨ੍ਹਾਂ ਚੋਣਾਂ ਵਿਚ ਭਾਰੀ ਜਿੱਤ ਹਾਸਲ ਹੋਈ ਅਤੇ ਇਸ ਦੇ ਬੋਰਡ ਲਈ ਖੜੇ ਪੰਜੇ ਉਮੀਦਵਾਰ ਬੀਬੀ ਸੁਖਦੇਵ ਕੌਰ ਘੁੰਮਣ 989, ਭਾਈ ਕੁਲਦੀਪ ਸਿੰਘ ਝੱਟੂ 953, ਭਾਈ ਅਮਰਜੀਤ ਸਿੰਘ ਜੌਹਰ 925, ਭਾਈ ਨਰਿੰਦਰ ਸਿੰਘ 912 ਅਤੇ ਭਾਈ ਜੋਗਿੰਦਰ ਸਿੰਘ ਮੁਲਤਾਨੀ 895 ਵੋਟਾਂ ਲੈ ਕੇ ਜੇਤੂ ਰਹੇ। ਅਜਾਦ ਸਿੱਖ ਸੰਗਤ ਸਲੇਟ ਦੇ ਉਮੀਦਵਾਰਾਂ-ਡਾ ਅਮਰਜੀਤ ਸਿੰਘ ਨੂੰ 881, ਭਾਈ ਲਖਵਿੰਦਰ ਸਿੰਘ ਨੂੰ 869, ਭਾਈ ਮਹਾਂਵੀਰ ਸਿੰਘ ਬਰਾੜ ਨੂੰ 864, ਬੀਬੀ ਕਮਲਜੀਤ ਕੌਰ ਸੰਘੇੜਾ ਨੂੰ 852 ਅਤੇ ਭਾਈ ਸੁਖਵੰਤ ਸਿੰਘ ਖਨੂਜਾ ਨੂੰ 845 ਵੋਟਾਂ ਪਈਆਂ। ਸੀ ਆਈ ਸੀ ਦੀ ਇਕੋ ਇਕ ਸੀਟ ਲਈ ਅਜਾਦ ਸਿੱਖ ਸੰਗਤ ਸਲੇਟ ਦੇ ਉਮੀਦਵਾਰ ਭਾਈ ਮੱਤ ਸਿੰਘ ਢਿਲੋਂ 892 ਵੋਟਾਂ ਲੈ ਕੇ ਜੇਤੂ ਰਹੇ ਜਦੋਂਕਿ ਪੰਥਕ ਸਲੇਟ ਦੀ ਬੀਬੀ ਜਸਬੀਰ ਕੌਰ ਨੂੰ 879

*(ਬਾਕੀ ਸਫਾ 15 'ਤੇ)*


ਗੁਰਦੁਆਰਾ ਪੈਲਾਟਾਈਨ ਦੇ ਨਵੇਂ ਚੁਣੇ ਗਏ ਪ੍ਰਬੰਧਕ ਬੀਬੀ ਸੁਖਦੇਵ ਕੌਰ ਘੁੰਮਣ, ਅਮਰਜੀਤ ਸਿੰਘ ਜੌਹਰ, ਕੁਲਦੀਪ ਸਿੰਘ ਝੱਟੂ, ਨਰਿੰਦਰ ਸਿੰਘ ਅਤੇ ਮੱਤ ਸਿੰਘ ਢਿੱਲੋਂ


Delo
Mobil Delvac
GILL EXPRESS
WASH, TIRE & REPAIR

CALIFORNIA LOCATIONS
BAKERSFIELD @ HWY 58 & 184
FRESNO @ HWY 99, 5TH WHEEL TRUCK STOP
MADERA @ HWY 99, EXIT 18½ NEXT TO PILOT
RIPON @ HWY 99, EXIT JACK TONE @ JIMCO
ਅਸੀਂ ਸਾਰੇ ਰੇਟਾਂ ਨੂੰ ਬੀਟ ਕਰਦੇ ਹਾਂ
ਮਕੈਨਕ ਸ਼ਾਪ ਵਿਚ ਹਰ ਤਰ੍ਹਾਂ ਦੀ ਤਸੱਲੀਬਖਸ਼ ਰਿਪੇਅਰ ਕੀਤੀ ਜਾਂਦੀ ਹੈ। ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਓ
Call Gill 661-301-8978

ਮਠਿਆਈਆਂ ਅਤੇ ਕੇਟਰਿੰਗ ਦੇ ਬਾਦਸ਼ਾਹ
Raja SWEETS & INDIAN CUISINE
LUNCH BUFFET - DINNER - TAKE OUT - CATERING - BANQUETS
TOLL FREE 1-866-FOR RAJA
ਹਰ ਮੌਕੇ ਜਿਵੇਂ ਅਖੰਡ ਪਾਠ, ਜਨਮ ਦਿਨ, ਵਿਆਹ-ਸ਼ਾਦੀ ਜਾਂ ਪਾਰਟੀ ਲਈ ਦਸ ਹਜ਼ਾਰ ਤੱਕ ਬੰਦਿਆਂ ਦੇ ਖਾਣੇ ਦਾ ਇੰਤਜ਼ਾਮ ਕਰ ਸਕਦੇ ਹਨ।
ਅਸੀਂ ਕੈਲੀਫੋਰਨੀਆ ਵਿਚ ਕੁਆਲਟੀ ਮਠਿਆਈਆਂ ਅਤੇ ਕੇਟਰਿੰਗ ਦੀਆਂ ਕੀਮਤਾਂ ਨੂੰ ਮਾਤ ਪਾਉਂਦੇ ਹਾਂ।
Wholesale and Retail
Raja Indian Cuisine & Bar
Ph: 510-264-9300
1275 W Winton Ave
Hayward, CA 94545
Ph: 510-489-9100
Fax:510-489-9111
31853 Alvrado Blvd
Union City, CA 94587
ਧਾਰਮਿਕ ਸਮਾਗਮਾਂ ਲਈ ਸਪੈਸ਼ਲ ਰੇਟ।
Call Makhan Bains or Ravinder Singh for your next party
Or visit us: www.rajasweets.com

Law Offices Of
Manpreet S. Gahra

*ਇਮੀਗਰੇਸ਼ਨ ਸੇਵਾਵਾਂ
*ਫੈਮਿਲੀ ਲਾਅ
*ਬਿਜਨਸ ਲਾਅ
Manpreet S.Gahra
Attorney At Law
Berkeley Office
2161 Shattuck Ave. #304, Berkeley
Ph. 510-841-4582
Fax: 510-217-6847
Sacramento Office
Call For Appointments
Ph. 916-924-1617
Email:manpreet@gahralaw.com

## ਜੀ-ਪੰਜਾਬ ਸਾਡਾ ਚੈਨਲ ਦੇ ਸ਼ੋਅ ਪਿੰਡ ਗਲੋਬ ਦੀ ਸ਼ੂਟਿੰਗ ਸ਼ੁਰੂ

**ਬੇਕਰਜ਼ਫੀਲਡ:** ਨਵੇਂ ਸ਼ੁਰੂ ਹੋਏ ਪੰਜਾਬੀ ਚੈਨਲ ਜੀ-ਪੰਜਾਬ ਸਾਡਾ ਚੈਨਲ ਦੇ ਲੜੀਵਾਰ ਸ਼ੋਅ 'ਪਿੰਡ ਗਲੋਬ' ਲਈ ਕੈਲੀਫੋਰਨੀਆ ਵਿਚ ਸ਼ੂਟਿੰਗ ਜਾਰੀ ਹੈ। ਇਸ ਸ਼ੋਅ ਵਿਚ ਕਿਸੇ ਵੀ ਸਮਾਜਿਕ, ਧਾਰਮਿਕ, ਆਰਥਿਕ ਜਾਂ ਸਿਆਸੀ ਮੁੱਦੇ ਨੂੰ ਲੈ ਕੇ ਆਮ ਲੋਕਾਂ ਨੂੰ ਸਵਾਲ ਪੁੱਛੇ ਜਾਂਦੇ ਹਨ ਜਿਨ੍ਹਾਂ ਦਾ ਜਵਾਬ ਲੋਕ ਆਪੋ ਆਪਣੀ ਬੁੱਧੀ ਅਤੇ ਸੋਚ ਅਨੁਸਾਰ ਦਿੰਦੇ ਹਨ। ਹਾਲ ਹੀ ਵਿਚ ਸ਼ੁਰੂ ਹੋਏ ਇਸ ਚੈਨਲ ਦਾ ਇਹ ਸ਼ੋਅ ਕਾਫੀ ਲੋਕਪ੍ਰਿਅ ਹੋ ਰਿਹਾ ਹੈ।

ਇਸ ਚੈਨਲ ਦੇ ਨੁਮਾਇੰਦੇ ਮਨਦੀਪ ਮਾਨ ਅਨੁਸਾਰ ਪਿਛਲੇ ਦਿਨੀਂ ਇਸ ਸ਼ੋਅ ਸਬੰਧੀ ਬੇਕਰਜ਼ਫੀਲਡ, ਸੈਲਮਾ, ਫਰਿਜ਼ਨੋ ਆਦਿ ਥਾਵਾਂ 'ਤੇ ਸ਼ੂਟਿੰਗ ਕੀਤੀ ਗਈ। ਕੈਲੀਫੋਰਨੀਆ 'ਚ ਵੱਸਦੇ ਪੰਜਾਬੀ ਇਸ ਸ਼ੋਅ ਵਿਚ ਆਪਣੇ ਵਿਚਾਰ ਪੇਸ਼ ਕਰਨ ਲਈ ਮਨਦੀਪ ਮਾਨ ਨਾਲ ਫੋਨ 661-889-1927 'ਤੇ ਸੰਪਰਕ ਕਰ ਸਕਦੇ ਹੋ।

ਜੀ ਪੰਜਾਬ ਚੈਨਲ ਪਿਛਲੇ ਮਹੀਨੇ ਹੀ ਉਤਰੀ ਅਮਰੀਕਾ ਵਿਚ ਅਰੰਭ ਹੋਇਆ ਸੀ ਅਤੇ ਇਹ ਡਿਸ਼ ਨੈਟਵਰਕ ਦੇ ਚੈਨਲ 621 'ਤੇ ਦੇਖਿਆ ਜਾ ਸਕਦਾ ਹੈ। ਇਸ ਟੀ ਵੀ ਚੈਨਲ ਦੇ ਪ੍ਰੋਗਰਾਮ ਡਾਇਰੈਕਟਰ ਉਘੇ ਪੱਤਰਕਾਰ ਸ਼ਮੀਲ ਸਿੰਘ ਹਨ।


## ਡਾ. ਜਗਤਾਰ ਦੀ ਮੌਤ ਤੇ ਸਾਹਿਤਕ ਹਲਕਿਆਂ ਵਿਚ ਸੋਗ, ਸ਼ਰਧਾਂਜਲੀ ਸਮਾਗਮ 10 ਨੂੰ

**ਸੈਨ ਹੋਜੇ:** ਨਾਮੀ ਸ਼ਾਇਰ, ਉਸਤਾਦ ਗ਼ਜ਼ਲ-ਗੋ ਅਤੇ ਵਿਦਵਾਨ ਲੇਖਕ ਡਾ. ਜਗਤਾਰ ਦੇ 28 ਮਾਰਚ ਨੂੰ ਜਲੰਧਰ ਵਿੱਚ ਸਦੀਵੀ ਵਿਛੋੜਾ ਦੇ ਜਾਣ ਦੀ ਖਬਰ ਸੁਣ ਕੇ ਕੈਲੀਫੋਰਨੀਆ ਦੇ ਸਾਹਿਤਕ ਹਲਕਿਆਂ ਵਿੱਚ ਸੋਗ ਦੀ ਲਹਿਰ ਦੌੜ ਗਈ। ਡਾ. ਜਗਤਾਰ ਨੂੰ ਸ਼ਰਧਾਂਜਲੀ ਭੇਟ ਕਰਨ ਲਈ ਵਿਪਸਾਅ ਦੀ ਅਗਵਾਈ ਹੇਠ ਸ਼ਾਇਰ ਕੁਲਵਿੰਦਰ ਦੇ ਗ੍ਰਹਿ (5377 Stonehurst Dr, Martinez, CA) ਵਿਖੇ 10 ਅਪਰੈਲ ਨੂੰ ਸ਼ਾਮੀ 6 ਵਜੇ ਸ਼ਰਧਾਂਜਲੀ ਸਮਾਰੋਹ ਕੀਤਾ ਜਾਏਗਾ।

ਡਾ. ਜਗਤਾਰ ਦਾ ਕੈਲੀਫੋਰਨੀਆ ਦੇ ਸ਼ਾਇਰਾਂ ਨਾਲ ਬਹੁਤ ਸਨੇਹ ਪੂਰਨ ਰਿਸ਼ਤਾ ਸੀ ਅਤੇ ਉਹ ਪਿਛਲੇ 10 ਸਾਲਾਂ ਵਿੱਚ ਤਿੰਨ ਵਾਰ ਕੈਲੀਫੋਰਨੀਆ ਦੇ ਲੰਮੇ ਦੌਰੇ ਤੇ ਆਏ ਸਨ, ਜਿਸ ਦੌਰਾਨ ਉਨ੍ਹਾਂ ਨੇ ਸਾਲਾਨਾ ਪੰਜਾਬੀ ਸਾਹਿਤਕ ਕਾਨਫਰੰਸਾਂ ਵਿੱਚ ਸ਼ਿਰਕਤ ਕੀਤੀ ਅਤੇ ਇਥੋਂ ਦੇ ਸਾਹਿਤਕ ਮਾਹੌਲ ਨੂੰ ਆਪਣੀ ਸੁਯੋਗ ਅਗਵਾਈ ਦਾ ਮਾਣ ਬਖਸ਼ਿਆ ਸੀ। ਡਾ. ਜਗਤਾਰ ਦੇ ਨਜ਼ਦੀਕ ਰਹੇ ਸ਼ਾਇਰ ਕੁਲਵਿੰਦਰ ਨੇ ਡਾ. ਜਗਤਾਰ ਦੀ ਮੌਤ ਤੇ ਗਹਿਰੇ ਦੁੱਖ ਦਾ ਇਜ਼ਹਾਰ ਕਰਦਿਆਂ ਕਿਹਾ ਕਿ ਉਹ ਸਾਡੇ ਸਮਿਆਂ ਦੇ ਅਦੁੱਤੀ ਸ਼ਾਇਰ ਸਨ, ਜਿਨ੍ਹਾਂ ਦੀਆਂ ਲਿਖਤਾਂ ਲੰਮੇ ਸਮੇਂ ਤੱਕ ਪੰਜਾਬੀ ਸ਼ਾਇਰੀ ਦਾ ਮਾਣ ਬਣੀਆਂ ਰਹਿਣਗੀਆਂ। ਕੁਲਵਿੰਦਰ ਨੇ ਕਿਹਾ ਉਹ ਮੇਰੇ ਪਰਿਵਾਰਕ ਮੈਂਬਰਾਂ ਵਾਂਗ ਸਨ ਅਤੇ ਉਨ੍ਹਾਂ ਦੀ ਮੌਤ ਮੇਰੇ ਲਈ ਨਿੱਜੀ ਸਦਮਾ ਹੈ। ਵਿਸ਼ਵ ਪੰਜਾਬੀ ਸਾਹਿਤ ਅਕਾਡਮੀ (ਵਿਪਸਾਅ) ਦੇ ਸਰਗਰਮ ਮੈਂਬਰਾਂ ਸੁਖਵਿੰਦਰ ਕੰਬੋਜ, ਸੁਰਿੰਦਰ ਸੀਰਤ, ਡਾ. ਗੁਰੂਮੇਲ ਸਿੱਧੂ, ਰੇਸ਼ਮ, ਹਰਜਿੰਦਰ ਕੰਗ, ਡਾ. ਸੁਖਪਾਲ ਸੰਘੇੜਾ, ਸੁਖਦੇਵ ਸਾਹਿਲ, ਜਸ ਫਿਜ਼ਾ, ਫਾਰੂਖ ਤਰਾਜ਼, ਪੰਕਜ਼ ਆਂਸਲ, ਵੇਦ ਵੱਟੁਕ, ਈਸ਼ਰ ਸਿੰਘ ਮੋਮਨ, ਸੁੱਖੀ ਧਾਲੀਵਾਲ, ਹਰਜਿੰਦਰ ਢੇਸੀ, ਦਲਜੀਤ ਰਿਆੜ ਅਤੇ ਜਗਜੀਤ ਸਮੇਤ ਹੋਰ ਸਾਹਿਤਕ ਪ੍ਰੇਮੀਆਂ ਵਿਜੇ ਸਿੰਘ, ਸੁਰਜੀਤ ਬਾਵਾ ਅਤੇ ਹੋਰ ਸਾਹਿਤਕਾਰਾਂ ਨੇ ਡਾ. ਜਗਤਾਰ ਦੇ ਤੁਰ ਜਾਣ ਤੇ ਗ਼ਮ ਦਾ ਇਜ਼ਹਾਰ ਕੀਤਾ ਹੈ। ਸ਼ਰਧਾਂਜਲੀ ਸਮਾਗਮ ਬਾਰੇ ਹੋਰ ਜਾਣਕਾਰੀ ਲਈ ਸੁਖਵਿੰਦਰ ਕੰਬੋਜ (209-417-7960) ਅਤੇ ਕੁਲਵਿੰਦਰ (925-393-0281) ਨਾਲ ਸੰਪਰਕ ਕੀਤਾ ਜਾ ਸਕਦਾ ਹੈ।

## ਅਵਤਾਰ ਸਿੰਘ ਚਾਹਲ ਨੂੰ ਸਦਮਾ, ਮਾਤਾ ਸੁਰਗਵਾਸ

**ਸੈਨ ਹੋਜ਼ੇ:** ਸੈਂਟਾ ਕਲਾਰਾ ਕਾਊਂਟੀ ਦੇ ਕਮਿਸ਼ਨਰ ਸ੍ਰੀ ਅਵਤਾਰ ਸਿੰਘ ਚਾਹਲ ਨੂੰ ਉਸ ਸਮੇਂ ਸਦਮਾ ਲੱਗਾ ਜਦੋਂ ਉਨ੍ਹਾਂ ਦੇ ਮਾਤਾ ਸ੍ਰੀਮਤੀ ਸੁਰਜੀਤ ਕੌਰ 4 ਅਪਰੈਲ ਨੂੰ ਚਲਾਣਾ ਕਰ ਗਏ। ਉਹ 84 ਵਰ੍ਹਿਆਂ ਦੇ ਸਨ। ਉਹ 1986 ਵਿਚ ਅਮਰੀਕਾ ਆਏ ਸਨ ਅਤੇ ਉਦੋਂ ਤੋਂ ਹੀ ਆਪਣੇ ਪੁੱਤਰ ਅਵਤਾਰ ਸਿੰਘ ਪਾਸ ਰਹਿ ਰਹੇ ਸਨ। ਸ. ਅਵਤਾਰ ਸਿੰਘ ਚਾਹਲ 1998 ਵਿਚ ਗੁਰਦੁਆਰਾ ਫਰੀਮਾਂਟ ਦੇ ਬੋਰਡ ਮੈਂਬਰ ਰਹੇ ਹਨ।



ਬੀਬੀ ਸੁਰਜੀਤ ਕੌਰ ਦੇ ਪੋਤਰੇ ਗੁਰਬਖ਼ਸ਼ ਸਿੰਘ ਅਤੇ ਤੇਜਿੰਦਰ ਸਿੰਘ ਇੰਟਰਨੈਟ ਬਿਜਨਸ ਵਿਚ ਕਰੋੜਪਤੀ ਹਨ। ਬੀਬੀ ਸੁਰਜੀਤ ਕੌਰ ਦਾ ਅੰਤਿਮ ਸਸਕਾਰ ਐਤਵਾਰ 11 ਅਪਰੈਲ ਨੂੰ ਓਕ ਹਿਲ ਫਿਊਨਰਲ ਹੋਮ (300 ਕਰਟਨਰ ਰੋਡ, ਸੈਨ ਹੋਜ਼ੇ, ਫੋਨ 408-297-2447) ਵਿਖੇ ਹੋਵੇਗਾ ਅਤੇ ਉਨ੍ਹਾਂ ਨਮਿਤ ਅਖੰਡ ਪਾਠ ਦਾ ਭੋਗ ਉਸੇ ਦਿਨ ਗੁਰਦੁਆਰਾ ਸੈਨ ਹੋਜ਼ੇ ਪਵੇਗਾ।

## ਬਰਤਾਨਵੀ ਵੀਜ਼ਾ ਫ਼ੀਸਾਂ 'ਚ ਵਾਧਾ

**ਲੰਡਨ:** ਬਰਤਾਨੀਆ ਵਲੋਂ ਵਿਦਿਆਰਥੀ ਵੀਜ਼ਾ ਫ਼ੀਸ 'ਚ 54 ਪੌਂਡ ਦਾ ਵਾਧਾ ਕੀਤੇ ਜਾਣ ਦੇ ਨਾਲ-ਨਾਲ ਆਸ਼ਰਿਤ ਰਿਸ਼ਤੇਦਾਰ ਵੀਜ਼ਾ ਨਾਂਅ ਦੀ ਇਕ ਨਵੀਂ ਸ਼੍ਰੇਣੀ ਸ਼ੁਰੂ ਕੀਤੀ ਗਈ ਹੈ, ਤਾਂ ਜੋ ਅਹਿਮ ਯੋਗਦਾਨ ਪਾ ਸਕਣ ਵਾਲੇ ਪ੍ਰਵਾਸੀਆਂ ਨੂੰ ਬਰਤਾਨੀਆ ਆਉਣ ਲਈ ਆਕਰਸ਼ਿਤ ਕੀਤਾ ਜਾ ਸਕੇ। ਵਿਦਿਆਰਥੀ ਵੀਜ਼ਾ ਫ਼ੀਸ 145 ਪੌਂਡ ਤੋਂ ਵਧਾ ਕੇ 199 ਪੌਂਡ ਕਰ ਦਿੱਤੀ ਗਈ ਹੈ, ਜਦਕਿ ਆਸ਼ਰਿਤ ਰਿਸ਼ਤੇਦਾਰ ਵੀਜ਼ਾ (ਡਿਪੈਂਡੈਂਟ ਲਿਰੇਟਿਵਜ਼ ਵੀਜ਼ਾ) ਤਹਿਤ 1680 ਪੌਂਡ ਵਸੂਲ ਕੀਤੇ ਜਾਣਗੇ। ਕੀਤੇ ਗਏ ਐਲਾਨ ਮੁਤਾਬਕ ਵਧੀਆ ਵੀਜ਼ਾ ਦਰਾਂ 6 ਅਪ੍ਰੈਲ ਤੋਂ ਲਾਗੂ ਹੋ ਗਈਆਂ ਹਨ।



ਜੀ-ਪੰਜਾਬ ਟੀ ਵੀ ਚੈਨਲ ਦਾ ਸਟਾਫ ਪਿੰਡ ਗਲੋਬ ਪ੍ਰੋਗਰਾਮ ਲਈ ਸ਼ੂਟਿੰਗ ਕਰਦਾ ਹੋਇਆ


Attorney at Law
Bob Lynn Edwards, Jr.
Free Initial Consultation
Over 17 Years Handling Family Law Cases in Fremont, CA, All Aspects of Divorce Including Child Support, Child Custody, Spousal Support, Property Division, Restraining Orders, Modification of Support, Etc.



www.BobEdwards.com
Ph:510-770-0500
3869 Peralta Boulevard, Fremont CA 94536-3712



INDIA CALL ਕਾਲ ਕਰਨ ਲਈ ਵਧੀਆ ਅਤੇ ਭਰੋਸੇਮੰਦ ਸਰਵਿਸ
GT COMMUNICATION INC.
CRYSTAL CLEAR CONNECTIONS
100 ਘੰਟੇ ਸਿਰਫ 100 ਡਾਲਰ ਵਿੱਚ ਬਿਨਾਂ ਕਿਸੇ ਪਿਨ ਤੋਂ ਗੱਲ ਕਰੋ



SAME RATES FOR :
England,Canada,Australia,New Zealand, Austria,Holland,Germany,France
NO CONNECTION FEE
NO MONTHLY FEE
NO MAINTENANCE FEE
NO HIDDEN CHARGES
ਹੋਰ ਜਾਣਕਾਰੀ ਲੈਣ ਲਈ ਕੈਲੀਫੋਰਨੀਆ ਦੀ ਕੰਪਨੀ ਨੂੰ ਟੋਲ ਫਰੀ ਨੰਬਰ 'ਤੇ ਕਾਲ ਕਰੋ
1-800-914-1013



M.K. Nijjar DDS
Ruchi Nijjar DDS
Laser Dentistry
No shots, No Drill, No Pain.
Family Dentistry
Cosmetic Dentistry
Esthetic Crowns, Bridges & Dentures Teeth Whitening * Oral Surgery Root Canal Treatments
Treatments & Prevention of Gum Diseases New Patients & Children Welcome
510-794-7058
WWW.DRNIJJAR.COM
(Across From Washigton Hospital & Bart)
1895 Mowry Ave. Ste 104 Fremont

# ਗੁਰਦੁਆਰਾ ਸਾਹਿਬ ਸੈਨਹੋਜ਼ੇ (ਕੈਲੇਫੋਰਨੀਆ)

ੴ ਸ੍ਰੀ ਵਾਹਿਗੁਰੂ ਜੀ ਕੀ ਫਤਹਿ॥

ਜਬ ਲਗ ਖਾਲਸਾ ਰਹੈ ਨਿਆਰਾ ਤਬ ਲਗ ਤੇਜ ਦੀਉ ਮੈ ਸਾਰਾ॥
ਜਬ ਇਹੈ ਗਹਿ ਬਿਪਰਨ ਕੀ ਰੀਤ ਮੈਂ ਨ ਕਰਉ ਇਨ ਕੀ ਪਰਤੀਤ॥

ਦੇਗ ਤੇਗ ਫਤਹਿ

ਪੰਥ ਕੀ ਜੀਤ

## ਸਮੂਹ ਸਾਧ-ਸੰਗਤ ਨੂੰ ਖਾਲਸਾ ਪੰਥ ਦੇ ਸਿਰਜਣਾ ਦਿਵਸ ਦੀ

# ਲੱਖ-ਲੱਖ ਵਧਾਈ ਹੋਵੇ

ਗੁਰੂ ਪਿਆਰੇ ਖਾਲਸਾ ਜੀ,

ਗੁਰਦੁਆਰਾ ਸਾਹਿਬ ਸੈਨ ਹੋਜ਼ੇ ਵਿਚ ਖਾਲਸੇ ਦਾ ਸਾਜਨਾ ਦਿਵਸ (ਵਿਸਾਖੀ) ਅਤੇ ਗੁਰਦੁਆਰਾ ਸਾਹਿਬ ਦਾ 25 ਸਾਲਾ ਸਥਾਪਨਾ ਦਿਵਸ ਮਨਾਉਣ ਲਈ ਵਿਸ਼ੇਸ਼ ਸਮਾਗਮ ਕੀਤੇ ਜਾ ਰਹੇ ਹਨ ਜਿਨ੍ਹਾਂ ਵਿਚ ਵਿਸ਼ੇਸ਼ ਤੌਰ 'ਤੇ 11 ਅਪਰੈਲ ਨੂੰ ਦਸਤਾਰ ਦਿਵਸ ਮਨਾਇਆ ਜਾ ਰਿਹਾ ਹੈ। ਇਸੇ ਦਿਨ ਹੀ "ਵੁਮਨ ਹੈਲਥ ਫੋਰਮ" ਵਲੋਂ ਸਿਰਫ ਬੀਬੀਆਂ ਲਈ ਮੈਡੀਕਲ ਕੈਂਪ ਲਾਇਆ ਜਾ ਰਿਹਾ ਹੈ ਜਿਸ ਵਿਚ ਕੈਂਸਰ ਅਤੇ ਜੋੜਾਂ ਦੇ ਦਰਦਾਂ ਬਾਰੇ ਜਾਣਕਾਰੀ ਦਿੱਤੀ ਜਾਵੇਗੀ।

13 ਅਪਰੈਲ ਨੂੰ ਸੈਨ ਹੋਜ਼ੇ ਸਟੇਟ ਯੂਨੀਵਰਸਿਟੀ ਵਿਚ ਦਸਤਾਰ ਦਿਵਸ ਮਨਾਇਆ ਜਾ ਰਿਹਾ ਹੈ। ਇਸ ਸਮੇਂ ਦਸਤਾਰਾਂ ਗੁਰਦੁਆਰਾ ਸਾਹਿਬ ਸੈਨ ਹੋਜ਼ੇ ਵਲੋਂ ਸਪਾਂਸਰ ਕੀਤੀਆਂ ਜਾਣਗੀਆਂ।

### ਵਿਸ਼ੇਸ਼ ਦੀਵਾਨ

14 ਅਪਰੈਲ ਬੁੱਧਵਾਰ ਸ਼ਾਮ ਨੂੰ ਖਾਲਸੇ ਦੇ ਸਾਜਨਾ ਦਿਵਸ 'ਤੇ ਵਿਸ਼ੇਸ਼ ਦੀਵਾਨ ਸਜਾਏ ਜਾਣਗੇ ਜਿਸ ਵਿਚ ਰਾਗੀ ਅਤੇ ਢਾਡੀ ਜਥੇ ਖਾਲਸੇ ਦੀ ਮਹੱਤਤਾ ਬਾਰੇ ਜਾਣਕਾਰੀ ਦੇਣਗੇ।

### ਬੱਚਿਆਂ ਦੇ ਪ੍ਰੋਗਰਾਮ

17 ਅਪਰੈਲ ਨੂੰ ਗੁਰੂ ਘਰ ਦੇ ਖਾਲਸਾ ਸਕੂਲ ਵਲੋਂ ਖਾਲਸੇ ਦੇ ਸਾਜਨਾ ਦਿਵਸ ਸਬੰਧੀ ਬੱਚਿਆਂ ਦੇ ਕਈ ਪ੍ਰੋਗਰਾਮ ਉਲੀਕੇ ਗਏ ਹਨ। ਸਮਾਗਮ 18 ਅਪਰੈਲ ਤੱਕ ਜਾਰੀ ਰਹਿਣਗੇ।

### ਅੰਮ੍ਰਿਤ ਸੰਚਾਰ

24 ਅਪਰੈਲ ਨੂੰ ਖੰਡੇ ਬਾਟੇ ਦਾ ਅੰਮ੍ਰਿਤ ਸੰਚਾਰ ਹੋਵੇਗਾ। ਅੰਮ੍ਰਿਤ ਅਭਿਲਾਖੀਆਂ ਨੂੰ ਆਪਣੇ ਨਾਮ ਹੈਡ ਗ੍ਰੰਥੀ ਗਿਆਨੀ ਮਹਿੰਦਰ ਸਿੰਘ ਜੀ ਕੋਲ ਦਰਜ ਕਰਾਉਣ ਦੀ ਬੇਨਤੀ ਕੀਤੀ ਜਾਂਦੀ ਹੈ ਜੀ।

24 ਅਪਰੈਲ ਸ਼ਾਮ ਨੂੰ ਕਵੀ ਦਰਬਾਰ ਹੋਵੇਗਾ।

### 25 ਸਾਲਾ ਸਥਾਪਨਾ ਦਿਵਸ

25 ਅਪਰੈਲ ਨੂੰ ਗੁਰਦੁਆਰਾ ਸੈਨ ਹੋਜ਼ੇ ਦਾ 25 ਸਾਲਾ ਸਥਾਪਨਾ ਦਿਵਸ ਮਨਾਇਆ ਜਾ ਰਿਹਾ ਹੈ। ਇਸ ਸਮੇਂ ਰਾਗੀ ਢਾਡੀ ਅਤੇ ਕੀਰਤਨੀ ਜਥੇ ਦੀਵਾਨ ਵਿਚ ਹਾਜ਼ਰੀਆਂ ਭਰ ਕੇ ਗੁਰਮਤਿ ਗਿਆਨ ਦ੍ਰਿੜ ਕਰਾਉਣਗੇ। ਇਸੇ ਦਿਨ ਸੇਵਾ ਦੇ ਪੁੰਜ ਪਦਮਸ੍ਰੀ ਸੰਤ ਬਾਬਾ ਸੇਵਾ ਸਿੰਘ ਜੀ ਖੰਡੂਰ ਸਾਹਿਬ (ਕਾਰ ਸੇਵਾ ਵਾਲੇ) ਅਤੇ ਪੰਥ ਪ੍ਰਸਿੱਧ ਕਥਾਵਾਚਕ ਭਾਈ ਪਿੰਦਰਪਾਲ ਸਿੰਘ ਕਥਾ ਅਤੇ ਗੁਰਮਤਿ ਵਿਚਾਰਾਂ ਨਾਲ ਸੰਗਤ ਨੂੰ ਨਿਹਾਲ ਕਰਨਗੇ।

### ਲੰਗਰ ਦੀ ਸੇਵਾ

ਗੁਰੂ ਕੇ ਲੰਗਰ ਦੀ ਸੇਵਾ 14 ਅਪਰੈਲ ਨੂੰ ਨਸੀਬ ਸਿੰਘ ਮਾਵੀ ਤੇ ਪਰਿਵਾਰ ਅਤੇ ਛੋਲੇ ਭਠੂਰਿਆਂ ਦੇ ਲੰਗਰ ਦੀ ਸੇਵਾ ਗੁਰਦੁਆਰਾ ਸੈਨ ਹੋਜ਼ੇ ਵਲੋਂ ਹੋਵੇਗੀ। ਕਾਰ ਪਾਰਕਿੰਗ ਦਾ ਵਿਸ਼ੇਸ਼ ਪ੍ਰਬੰਧ ਹੋਵੇਗਾ।

### ਸੰਗਤ ਨੂੰ ਬੇਨਤੀ

ਗੁਰਦੁਆਰਾ ਸਾਹਿਬ ਦੀ ਖੂਬਸੂਰਤ ਇਮਾਰਤ ਜਿਸ ਵਿਚ ਦੀਵਾਨ ਹਾਲ, ਲੰਗਰ ਹਾਲ, ਖਾਲਸਾ ਸਕੂਲ, ਲਾਇਬਰੇਰੀ, ਗਿਆਰਾਂ ਰਿਹਾਇਸ਼ੀ ਕਮਰੇ ਤਿਆਰ ਹੋ ਕੇ ਆਖਰੀ ਪੜਾਅ 'ਤੇ ਪਹੁੰਚ ਚੁੱਕੀ ਹੈ। ਸਮੂਹ ਸੰਗਤ ਨੂੰ ਗੁਰਦੁਆਰਾ ਸਾਹਿਬ ਦੇ ਖੁਲੇ ਦਰਸ਼ਨ ਦੀਦਾਰ ਕਰਨ ਦੀ ਬੇਨਤੀ ਕੀਤੀ ਜਾਂਦੀ ਹੈ ਜੀ।



### ਕਥਾਵਾਚਕ, ਰਾਗੀ ਅਤੇ ਢਾਡੀ ਜਥੇ

ਇਨ੍ਹਾਂ ਸਮਾਗਮਾਂ ਵਿਚ ਪੰਥ ਪ੍ਰਸਿੱਧ ਕਥਾਵਾਚਕ ਗਿਆਨੀ ਗੁਰਬਖਸ਼ ਸਿੰਘ ਗੁਲਸ਼ਨ ਇੰਗਲੈਂਡ ਵਾਲੇ ਪਿਛਲੇ ਦਿਨਾਂ ਤੋਂ ਗੁਰਮਤਿ ਦਾ ਪ੍ਰਚਾਰ ਕਰ ਰਹੇ ਹਨ। ਇਸ ਤੋਂ ਇਲਾਵਾ ਭਾਈ ਪਰਪਾਲ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ, ਭਾਈ ਕੁਲਵੰਤ ਸਿੰਘ ਦੇਹਰਾਦੂਨ, ਭਾਈ ਰਛਪਾਲ ਸਿੰਘ ਦਿੱਲੀ ਵਾਲੇ, ਭਾਈ ਤਾਰਾ ਸਿੰਘ, ਭਾਈ ਸਾਧੂ ਸਿੰਘ ਦੇ ਰਾਗੀ ਜਥੇ ਅਤੇ ਭਾਈ ਕਮਲਜੀਤ ਸਿੰਘ ਬਿਲਗੇ ਵਾਲੇ, ਭਾਈ ਬਲਵੰਤ ਸਿੰਘ ਪ੍ਰੇਮੀ ਦੇ ਢਾਡੀ ਜਥੇ ਦੀਵਾਨ ਸਜਾ ਕੇ ਸੰਗਤ ਨੂੰ ਨਿਹਾਲ ਕਰਨਗੇ। ਸਮੂਹ ਸੰਗਤ ਨੂੰ ਇਨ੍ਹਾਂ ਗੁਰਮਤਿ ਸਮਾਗਮਾਂ ਵਿਚ ਵੱਧ ਚੜ੍ਹ ਕੇ ਹਾਜ਼ਰੀਆਂ ਭਰਨ ਦੀ ਬੇਨਤੀ ਕੀਤੀ ਜਾਂਦੀ ਹੈ ਜੀ।

*ਨੋਟ:14 ਅਪਰੈਲ ਨੂੰ ਮਰਦਮਸ਼ੁਮਾਰੀ ਦੇ ਫਾਰਮ ਗੁਰਦੁਆਰਾ ਸਾਹਿਬ ਸੈਨ ਹੋਜ਼ੇ ਵਿਚ ਭਰਨ ਦੀ ਮਦਦ ਕੀਤੀ ਜਾਵੇਗੀ। ਜੇਕਰ ਕਿਸੇ ਮਾਈ ਭਾਈ ਨੇ ਹਾਲੇ ਤੱਕ ਫਾਰਮ ਨਹੀ ਭਰੇ ਤਾਂ ਗੁਰਦੁਆਰਾ ਸਾਹਿਬ ਵਿਚ ਪਹੁੰਚ ਕੇ ਫਾਰਮ ਜਰੂਰ ਭਰੋ ਜੀ।*

Join Facebook "San Jose Gurdwara" account to get more detail program for gurdwara sahib

**ਬੇਨਤੀ ਕਰਤਾ:**

**ਸਮੂਹ ਗੁਰਦੁਆਰਾ ਪ੍ਰਬੰਧਕ ਕਮੇਟੀ, ਸੈਨ ਹੋਜ਼ੇ**

## Gurdwara Sahib San Jose, California

3636 Murillo Ave. San Jose 95148 Ph: 408-274-9373 www.sanjosegurdwara.com

ੴ ਸਤਿਗੁਰ ਪ੍ਰਸਾਦਿ

ਖਾਲਸਾ ਮੇਰੋ ਰੂਪ ਹੈ ਖਾਸ।
ਖਾਲਸੇ ਮੇ ਹਉ ਕਰਹੁੰ ਨਿਵਾਸ।

# ਖਾਲਸਾ ਪੰਥ ਦੇ ਸਥਾਪਨਾ ਦਿਵਸ ਅਤੇ ਵਿਸਾਖੀ ਦੀ ਸਮੂਹ ਪੰਜਾਬੀ ਭਾਈਚਾਰੇ ਅਤੇ ਪੰਜਾਬ ਟਾਈਮਜ਼ ਦੇ ਪਾਠਕਾਂ ਨੂੰ

# ਲੱਖ ਲੱਖ ਵਧਾਈ



ਸ. ਪ੍ਰੀਤਮ ਸਿੰਘ ਗਰੇਵਾਲ (ਸੱਜੇ) ਅਤੇ ਉਨ੍ਹਾਂ ਦਾ ਬੇਟਾ ਦੇਵ ਗਰੇਵਾਲ

## ਪ੍ਰੀਤਮ ਸਿੰਘ ਗਰੇਵਾਲ

**Grewal Enterprises, San Jose, CA, Ph: 408-406-0703**

ੴ ਸਤਿਗੁਰ ਪ੍ਰਸਾਦਿ

ਖਾਲਸਾ ਸੋਇ ਮਾਨ ਕੋ ਤਿਆਗੈ, ਖਾਲਸਾ ਸੋਇ ਜੋ ਪਰਤ੍ਰੀਆ ਤੇ ਭਾਗੈ॥
ਖਾਲਸਾ ਸੋਇ ਪਰਦ੍ਰਿਸ਼ਟਿ ਕੋ ਤਿਆਗੈ, ਖਾਲਸਾ ਸੋਇ ਨਾਮ ਰਤ ਲਾਗੈ॥

ਪੰਜਾਬ ਟਾਈਮਜ਼ ਦੇ ਪਾਠਕਾਂ ਅਤੇ ਸਮੂਹ ਸਾਧ-ਸੰਗਤ ਨੂੰ ਸੱਚੇ ਪਾਤਸ਼ਾਹ ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਲੋਂ ਪ੍ਰਗਟ ਕੀਤੇ ਖਾਲਸਾ ਜੀ ਦੇ ਜਨਮ ਦਿਹਾੜੇ ਵਿਸਾਖੀ ਦੀ

# ਲੱਖ-ਲੱਖ ਵਧਾਈ ਹੋਵੇ



ਸ. ਭੁਪਿੰਦਰ ਸਿੰਘ (ਬੌਬ) ਢਿੱਲੋਂ

**BHUPINDER SINGH (BOB) DHILLON**

Chairman, Planning Commission, City of San Jose
General Secretary of Sikh Gurudwara, San Jose (CA)

# ਅਰਬ 'ਚ ਫਸੇ ਮੁੰਡਿਆਂ ਲਈ ਸਿਆਸੀ ਕਾਵਾਂ ਰੌਲੀ

**ਪੰਜਾਬ ਟਾਈਮਜ਼ ਬਿਊਰੋ**

**ਜਲੰਧਰ:** ਪ੍ਰਵਾਸੀ ਭਾਰਤੀਆਂ ਪ੍ਰਤੀ ਪੰਜਾਬੀ ਸਿਆਸਤਦਾਨਾਂ ਦਾ ਹੇਜ਼ ਇਨ੍ਹਾਂ ਦੇ ਪਰਿਵਾਰਾਂ ਨਾਲ ਜੁੜੀਆਂ ਵੋਟਾਂ ਅਤੇ ਵਿਦੇਸ਼ੀਂ ਵੱਸਦੇ ਲੋਕਾਂ ਵਲੋਂ ਆਉਂਦੇ ਫੰਡਾਂ ਤੱਕ ਸੀਮਤ ਹੈ। ਸਿਆਸੀ ਐਕਸ਼ਨ ਵਜੋਂ ਇਹ ਲੋਕ ਸਿਰਫ ਅਖਬਾਰੀ ਬਿਆਨਾਂ ਤੱਕ ਸੀਮਤ ਹਨ, ਪ੍ਰਵਾਸੀਆਂ ਦੀ ਸੁਰੱਖਿਆ, ਖਾਸ ਕਰਕੇ ਨਸਲੀ ਵਿਤਕਰੇ ਨਾਲ ਭਰਪੂਰ ਮੁਲਕਾਂ ਵਿਚ ਰੱਬ ਆਸਰੇ ਹੀ ਹੁੰਦੀ ਹੈ। ਇਹੋ ਹਾਲ ਉਨ੍ਹਾਂ 17 ਪੰਜਾਬੀ ਮੁੰਡਿਆਂ ਦਾ ਹੈ ਜਿਹੜੇ ਸੰਯੁਕਤ ਅਰਬ ਅਮੀਰਾਤ ਵਿਚ ਫਾਂਸੀ ਦਾ ਸਾਹਮਣਾ ਕਰ ਰਹੇ ਹਨ।

ਇਨ੍ਹਾਂ ਮੁੰਡਿਆਂ ਨੂੰ ਲੈ ਕੇ ਪੰਜਾਬ ਦੀਆਂ ਸਿਆਸੀ ਪਾਰਟੀਆਂ ਵਿਚ ਤਕੜਾ ਮੁਕਾਬਲਾ ਚੱਲ ਪਿਆ ਹੈ। ਮੁੱਦਾ ਉਠਾਉਣ ਦੇ ਮਾਮਲੇ ਵਿਚ ਪਹਿਲ ਲੋਕ ਭਲਾਈ ਪਾਰਟੀ ਦੇ ਆਗੂ ਬਲਵੰਤ ਸਿੰਘ ਰਾਮੂਵਾਲੀਆ ਨੇ ਕੀਤੀ। ਫਿਰ ਬਾਕੀ ਸਾਰੀਆਂ ਪਾਰਟੀਆਂ ਵੀ ਇਨ੍ਹਾਂ ਮੁੰਡਿਆਂ ਦੇ ਹੱਕ ਵਿਚ ਮਿਆਂ ਮਿਆਂ ਕਰਨ ਲੱਗੀਆਂ ਹਨ। ਅਸਲੀ ਠੋਸ ਕਾਰਵਾਈ ਦਾ ਸਿਹਰਾ ਪਟਿਆਲਵੀ ਰਾਜੇ ਦੀ ਵਹੁਟੀ ਤੇ ਕੇਂਦਰੀ ਵਿਦੇਸ਼ ਰਾਜ ਮੰਤਰੀ ਬੀਬੀ ਪ੍ਰਨੀਤ ਕੌਰ ਨੂੰ ਜਾਂਦਾ ਹੈ ਜਿਨ੍ਹਾਂ ਠੋਸ ਕਾਰਵਾਈ ਕਰਦਿਆਂ ਮਾਮਲੇ ਨੂੰ ਕੇਂਦਰੀ ਪੱਧਰ 'ਤੇ ਉਠਾਇਆ, ਜਿਸ ਦੇ ਸਿੱਟੇ ਵਜੋਂ ਕੇਂਦਰ ਸਰਕਾਰ ਵਲੋਂ ਕਾਨੂੰਨੀ ਓਹੜ ਪੋਹੜ ਲਈ ਦਿਲਚਸਪੀ ਵਿਖਾਈ ਗਈ ਹੈ। ਉਂਜ ਵੱਡਾ ਬਾਦਲ ਵੀ ਪ੍ਰਧਾਨ ਮੰਤਰੀ ਨੂੰ ਮਿਲ ਆਇਆ ਹੈ ਅਤੇ ਛੋਟਾ ਬਾਦਲ ਮਾਮਲੇ ਨੂੰ ਲੈ ਕੇ ਕੇਂਦਰ ਸਰਕਾਰ ਦੀ ਆਲੋਚਨਾ ਵੀ ਕਰੀ ਜਾ ਰਿਹਾ ਹੈ।

ਪ੍ਰਦੇਸਾਂ ਵਲ ਜਾਂਦਿਆਂ ਜਾਂ ਉਥੇ ਵੱਸਦਿਆਂ ਜਦੋਂ ਸਾਡੇ ਲੋਕ ਕਿਸੇ ਨਾ ਕਿਸੇ ਬਿਪਤਾ ਦਾ ਸ਼ਿਕਾਰ ਹੋ ਜਾਂਦੇ ਹਨ ਤਾਂ ਸਿਆਸਤਦਾਨ ਭਾਵੇਂ ਰਸਮੀ ਜਿਹਾ ਰੌਲਾ ਤਾਂ ਬਥੇਰਾ ਪਾਉਂਦੇ ਹਨ ਪਰ ਉਹ ਇਸ ਗੱਲ ਵਲ ਉਕਾ ਧਿਆਨ ਨਹੀਂ ਦਿੰਦੇ ਕਿ ਆਖਿਰ ਇਨੀ ਵੱਡੀ ਪੱਧਰ 'ਤੇ ਸਾਡੇ ਨੌਜਵਾਨਾਂ ਨੂੰ ਪ੍ਰਦੇਸਾਂ ਵਲ ਕਿਉਂ ਜਾਣਾ ਪੈਂਦਾ ਹੈ? ਅਤੇ ਆਪਣੇ ਇਥੇ ਚੰਗੇ ਰੁਜ਼ਗਾਰ ਦੇ ਪ੍ਰਬੰਧ ਕਿਸ ਤਰ੍ਹਾਂ ਕੀਤੇ ਜਾ ਸਕਦੇ ਹਨ।

ਸੰਯੁਕਤ ਅਰਬ ਅਮੀਰਾਤ ਵਿਚ ਸ਼ਾਰਜਾਹ ਦੀ ਅਦਾਲਤ ਵਲੋਂ 17 ਪਰਵਾਸੀ ਭਾਰਤੀਆਂ ਨੂੰ ਮੌਤ ਦੀ ਸਜ਼ਾ ਸੁਣਾਏ ਜਾਣ ਨਾਲ ਪਰਵਾਸ ਦੇ ਵਰਤਾਰੇ ਅਤੇ ਵਿਦੇਸ਼ਾਂ ਵਿਚ ਪਹੁੰਚੇ ਪੰਜਾਬੀ ਮੁੰਡਿਆਂ ਦੀਆਂ ਮੁਸ਼ਕਲਾਂ ਦੇ ਚਰਚੇ ਫਿਰ ਤੁਰ ਪਏ ਹਨ।

ਪੰਜਾਬੀ ਬੰਦਾ ਆਪਣੀ ਵਿੱਤ ਮੁਤਾਬਕ ਵਿਦੇਸ਼ ਜਾਣ ਲਈ ਵੱਖ-ਵੱਖ ਮੁਲਕਾਂ ਵਲ ਰੁਖ ਕਰਦਾ ਹੈ। ਘੱਟ ਆਰਥਿਕ ਸਮਰੱਥਾ ਵਾਲੇ ਮੁੰਡੇ ਅਰਬੀ ਮੁਲਕਾਂ ਵਲ ਜਾਂਦੇ ਹਨ। ਇਨ੍ਹਾਂ ਮੁਲਕਾਂ ਵਿਚ ਬਹੁਤੇ ਪੰਜਾਬੀ ਗੈਰ ਹੁਨਰਮੰਦ ਮਜ਼ਦੂਰਾਂ ਵਜੋਂ ਕੰਮ ਕਰਦੇ ਹਨ। ਜ਼ਿਆਦਾਤਰ ਉਸਾਰੀ ਦੇ ਕੰਮਾਂ ਵਿਚ ਲੱਗੇ ਹੋਏ ਹਨ। ਘੱਟ ਪੜ੍ਹੇ ਲਿਖੇ ਹੋਣ ਕਾਰਨ ਇਨ੍ਹਾਂ ਦੀ ਚੇਤਨਾ ਦਾ ਪੱਧਰ ਵੀ ਨੀਵਾਂ ਹੁੰਦਾ ਹੈ। ਜਾਣਕਾਰਾਂ ਅਨੁਸਾਰ ਸੁਚੇਤ ਕਾਨੂੰਨੀ ਚਾਰਾਜੋਈ ਦੀ ਘਾਟ ਅਤੇ ਸਫ਼ਾਰਤਖ਼ਾਨੇ ਦੀ ਮਦਦ ਤੋਂ ਬਿਨਾਂ ਇਹ ਲੋਕ ਬੇਕਸੂਰ ਹੋਣ ਦੇ ਬਾਵਜੂਦ ਵਧੀਕੀਆਂ ਦਾ ਸ਼ਿਕਾਰ ਹੁੰਦੇ ਹਨ।

ਸ਼ਾਰਜਾਹ ਵਾਲੇ ਮਾਮਲੇ ਦਾ ਸਿਰਾ ਇਕ ਪਾਕਿਸਤਾਨੀ ਨਾਗਰਿਕ ਦੇ ਕਤਲ ਅਤੇ ਗੈਰ-ਕਾਨੂੰਨੀ ਸ਼ਰਾਬ ਦੇ ਧੰਦੇ ਨਾਲ ਜੁੜਦਾ ਹੈ। ਸ਼ਾਰਜਾਹ ਵਿਚ ਸ਼ਰਾਬ ਰੱਖਣ, ਪੀਣ ਅਤੇ ਪਿਲਾਉਣ 'ਤੇ ਪਾਬੰਦੀ ਹੈ। ਜਦੋਂ ਕਿਸੇ ਵਿਅਕਤੀ ਖ਼ਿਲਾਫ਼ ਕਤਲ ਅਤੇ ਸ਼ਰਾਬ ਦੇ ਧੰਦੇ ਨਾਲ ਜੁੜੇ ਹੋਏ ਦੇ ਇਲਜ਼ਾਮ ਲੱਗਦੇ ਹਨ ਤਾਂ ਇਹ ਗੰਭੀਰ ਮਸਲਾ ਬਣ ਜਾਂਦਾ ਹੈ। ਇਸ ਤੋਂ ਬਾਅਦ ਜਦੋਂ ਬਚਾਅ ਪੱਖ ਕੋਲ ਕਾਨੂੰਨੀ ਮਦਦ ਨਹੀਂ ਹੁੰਦੀ ਤਾਂ ਇਸਤਗਾਸਾ ਪੱਖ ਅਦਾਲਤ ਵਿਚ ਆਪਣੇ ਦਾਅਵਿਆਂ ਨੂੰ ਸੱਚ ਸਾਬਤ ਕਰਨ ਵਿਚ ਸੁਖਾਲਾ ਹੀ ਕਾਮਯਾਬ ਹੋ ਜਾਂਦਾ ਹੈ। ਜਿੰਨੀ ਦੇਰ ਬਚਾਅ ਪੱਖ ਵਲੋਂ ਚੰਗਾ ਵਕੀਲ ਸਾਰੇ ਸਬੂਤਾਂ, ਗਵਾਹਾਂ ਅਤੇ ਹਾਲਾਤ 'ਤੇ ਸਵਾਲ ਨਹੀਂ ਕਰਦਾ, ਓਨੀ ਦੇਰ ਮੁਲਜ਼ਮ ਨੂੰ ਬੇਕਸੂਰ ਹੋਣ ਦੇ ਬਾਵਜੂਦ ਰਾਹਤ ਮਿਲਣ ਦੀ ਸੰਭਾਵਨਾ ਘੱਟ ਹੁੰਦੀ ਹੈ। ਸੰਯੁਕਤ ਅਰਬ ਅਮੀਰਾਤ ਵਿਚ ਫਸੇ ਪਰਵਾਸੀ ਭਾਰਤੀਆਂ ਦੇ ਪੱਖ ਨੂੰ ਅਦਾਲਤ ਵਿਚ ਢੁਕਵੀਂ ਨੁਮਾਇੰਦਗੀ ਨਹੀਂ ਮਿਲੀ। ਅਜਿਹੀ ਅਦਾਲਤੀ ਪ੍ਰਕਿਰਿਆ ਮਨੁੱਖੀ ਅਧਿਕਾਰਾਂ ਦੇ ਕੌਮਾਂਤਰੀ ਕਾਨੂੰਨ ਅਤੇ ਸੰਯੁਕਤ ਰਾਸ਼ਟਰ ਸੰਘ ਦੇ ਸੰਵਿਧਾਨ ਨਾਲ ਟਕਰਾਉਂਦੀ ਹੈ। ਹੁਣ ਇਹ ਗੱਲ ਸਥਾਪਤ ਹੋ ਚੁੱਕੀ ਹੈ ਕਿ ਹਰ ਮੁਲਜ਼ਮ ਦੀ ਢੁਕਵੀਂ ਕਾਨੂੰਨੀ ਸੁਣਵਾਈ ਉਸਦਾ ਬੁਨਿਆਦੀ ਹੱਕ ਹੈ।

ਕੌਮਾਂਤਰੀ ਕਾਨੂੰਨ ਮੁਤਾਬਕ ਜਦੋਂ ਕੋਈ ਮੇਜ਼ਬਾਨ ਮੁਲਕ ਆਵਾਸੀਆਂ ਨੂੰ ਗ੍ਰਿਫਤਾਰ ਕਰਦਾ ਹੈ ਤਾਂ ਇਸਦੀ ਜਾਣਕਾਰੀ ਸਬੰਧਤ ਮੁਲਕ ਦੇ ਸਫ਼ਾਰਤਖਾਨੇ ਨੂੰ ਦਿੱਤੀ ਜਾਂਦੀ ਹੈ। ਉਪਰੋਕਤ ਮਸਲੇ ਵਿਚ ਭਾਰਤੀ ਸਫ਼ਾਰਤਖਾਨੇ ਨੂੰ ਇਨ੍ਹਾਂ ਮੁੰਡਿਆਂ ਦੀ ਗ੍ਰਿਫਤਾਰੀ ਦੀ ਜਾਣਕਾਰੀ ਨਹੀਂ ਦਿੱਤੀ ਗਈ। ਪਹਿਲਾਂ ਇਸ ਮਾਮਲੇ ਵਿਚ 70 ਦੇ ਕਰੀਬ ਮੁੰਡਿਆਂ ਨੂੰ ਗ੍ਰਿਫਤਾਰ ਕੀਤਾ ਗਿਆ ਸੀ ਪਰ 17 ਤੋਂ ਬਿਨਾਂ ਬਾਕੀਆਂ ਨੂੰ ਬਾਅਦ ਵਿਚ ਛੱਡ ਦਿੱਤਾ ਗਿਆ ਸੀ। ਸਵਾਲ ਇਹ ਹੈ ਕਿ ਭਾਰਤੀ ਸਫ਼ਾਰਤਖਾਨੇ ਨੂੰ ਇਸ ਗ੍ਰਿਫਤਾਰੀ ਦੀ ਜਾਣਕਾਰੀ ਕਿਉਂ ਨਹੀਂ ਦਿੱਤੀ ਗਈ? ਉਨ੍ਹਾਂ ਮੁੰਡਿਆਂ ਉੱਤੇ ਲੱਗੇ ਦੋਸ਼ ਮੇਜ਼ਬਾਨ ਮੁਲਕ ਦੀ ਸੁਰੱਖਿਆ, ਅਤਿਵਾਦ ਜਾਂ ਖੁਫੀਆ ਜਾਣਕਾਰੀ ਲੈਣ ਨਾਲ ਸਬੰਧਤ ਨਹੀਂ ਹਨ।

ਹੁਣ ਵੀ ਭਾਰਤੀ ਸਫ਼ਾਰਤਖਾਨੇ ਵਲੋਂ ਪਹੁੰਚ ਕਰਨ ਤੋਂ ਬਾਅਦ ਭਾਰਤੀ ਅਧਿਕਾਰੀਆਂ ਨੂੰ ਇਨ੍ਹਾਂ ਮੁੰਡਿਆਂ ਤੱਕ ਪਹੁੰਚ ਦੀ ਇਜਾਜ਼ਤ ਦਿੱਤੀ ਗਈ ਹੈ। ਵਿਦੇਸ਼ ਕਾਨੂੰਨ ਅਤੇ ਪਰਵਾਸੀ ਭਾਰਤੀ ਮਾਮਲਿਆਂ ਨੂੰ ਇਸ ਮਸਲੇ ਉੱਤੇ ਠੋਸ ਸਮਝ ਬਣਾ ਕੇ ਜਲਦੀ ਤੋਂ ਜਲਦੀ ਸ਼ਾਰਜਾਹ ਵਿਚ ਬਿਪਤਾ ਵਿਚ ਫਸੇ ਭਾਰਤੀਆਂ ਲਈ ਰਾਹਤ ਦਾ ਬੰਦੋਬਸਤ ਕਰਨਾ ਚਾਹੀਦਾ ਹੈ। ਇਹ ਸਾਰੇ ਮੁੰਡੇ ਭਾਰਤ ਸਰਕਾਰ ਦੀ ਮਦਦ ਦੇ ਹੱਕਦਾਰ ਹਨ।

ਯੂਰਪ ਅਤੇ ਉੱਤਰੀ ਅਮਰੀਕਾ ਵਿਚ ਵਸੇ ਪਰਵਾਸੀ ਕਿਉਂਕਿ ਆਰਥਿਕ ਤੌਰ 'ਤੇ ਸਮਰੱਥ ਹਨ, ਇਸ ਲਈ ਸਰਕਾਰ ਨੂੰ ਪ੍ਰਭਾਵਤ ਕਰ ਸਕਦੇ ਹਨ। ਪਰਵਾਸੀ ਭਾਰਤੀ ਸੰਮੇਲਨਾਂ ਵਿਚ ਇਨ੍ਹਾਂ ਦੀ ਹੀ ਸਰਦਾਰੀ ਰਹਿੰਦੀ ਹੈ। ਇਨ੍ਹਾਂ ਦੀ ਮੰਗ ਉੱਤੇ ਪਰਵਾਸੀ ਭਾਰਤੀਆਂ ਲਈ ਵਿਸ਼ੇਸ਼ ਥਾਣਿਆਂ ਅਤੇ ਪਹਿਲ ਦੇ ਆਧਾਰ ਉੱਤੇ ਕਾਨੂੰਨੀ ਮਦਦ ਲਈ ਪਹਿਲਕਦਮੀਆਂ ਦੀਆਂ ਤਜਵੀਜ਼ਾਂ ਵਾਰ-ਵਾਰ ਸਾਹਮਣੇ ਆਈਆਂ ਹਨ। ਇਨ੍ਹਾਂ ਸੰਮੇਲਨਾਂ ਵਿਚ ਜ਼ਿਆਦਾਤਰ ਮਸਲੇ ਪਰਵਾਸੀ ਭਾਰਤੀਆਂ ਦੀ ਜਾਇਦਾਦ, ਪਰਿਵਾਰਕ ਝਗੜਿਆਂ ਅਤੇ ਵਿਆਹਾਂ ਸਬੰਧੀ ਹੁੰਦੇ ਹਨ।

ਖਾੜੀ ਦੇ ਮੁਲਕਾਂ ਵਿਚ ਪਰਵਾਸੀ ਭਾਰਤੀਆਂ ਦੀ ਵੱਡੀ ਗਿਣਤੀ ਰਹਿੰਦੀ ਹੈ। ਸਿਰਫ ਸੰਯੁਕਤ ਅਰਬ ਅਮੀਰਾਤ ਵਿਚ ਸਾਢੇ 17 ਲੱਖ ਭਾਰਤੀ ਹਨ। ਸਾਲ 2008 ਦੌਰਾਨ ਖਾੜੀ ਦੇ ਮੁਲਕਾਂ ਵਿਚ ਪਰਵਾਸੀ ਭਾਰਤੀਆਂ ਨੇ 52 ਅਰਬ ਅਮੀਰੀਕੀ ਡਾਲਰ ਦੀ ਕਮਾਈ ਭਾਰਤ ਵਿਚ ਲਿਆਂਦੀ ਸੀ। ਇਸ ਦਾ 13 ਫੀਸਦੀ ਹਿੱਸਾ ਸੰਯੁਕਤ ਅਰਬ ਅਮੀਰਾਤ ਵਿਚੋਂ ਆਇਆ ਸੀ। ਇਸ ਪੱਧਰ ਦੇ ਅਰਥਚਾਰੇ ਦੇ ਬਾਵਜੂਦ ਇਨ੍ਹਾਂ ਮੁਲਕਾਂ ਵਿਚ ਗਏ ਪਰਵਾਸੀ ਭਾਰਤੀਆਂ ਨੂੰ ਉਵੇਂ ਤਰਜੀਹ ਨਹੀਂ ਮਿਲਦੀ ਜਿਵੇਂ ਉੱਤਰੀ ਅਮਰੀਕਾ, ਯੂਰਪ ਅਤੇ ਆਸਟਰੇਲੀਆ ਗਏ ਪਰਵਾਸੀ ਭਾਰਤੀਆਂ ਨੂੰ ਮਿਲਦੀ ਹੈ। ਪਿਛਲੇ ਸਾਲ ਅਜਿਹਾ ਮਾਮਲਾ ਵੀ ਸਾਹਮਣੇ ਆਇਆ ਸੀ ਜਿਸ ਵਿਚ ਇਕ ਪੰਜਾਬੀ ਮੁੰਡੇ ਦੀ ਲਾਸ਼ ਇਕ ਮਹੀਨਾ ਸੰਯੁਕਤ ਅਰਬ ਅਮੀਰਾਤ ਦੇ ਹਸਪਤਾਲਾਂ ਵਿਚ ਲਾਵਾਰਸ ਰੁਲਦੀ ਰਹੀ ਸੀ। ਅਰਬ ਮੁਲਕਾਂ ਵਿਚ ਗਏ ਪਰਵਾਸੀ ਭਾਰਤੀਆਂ ਦੀ ਹੋਣੀ ਦਾ ਦੂਜਾ ਪੱਖ ਪੰਜਾਬ ਨਾਲ ਜੁੜਿਆ ਹੋਇਆ ਹੈ। ਇਨ੍ਹਾਂ ਮੁੰਡਿਆਂ ਦੇ ਮਾਪੇ ਮੁਸ਼ਕਲ ਨਾਲ ਗੁਜ਼ਾਰਾ ਕਰਦੇ ਤਬਕੇ ਵਿਚੋਂ ਹਨ। ਉਨ੍ਹਾਂ ਨੇ ਜ਼ਮੀਨਾਂ ਵੇਚ ਕੇ, ਗਹਿਣੇ ਰੱਖ ਕੇ ਜਾਂ ਕਰਜ਼ੇ ਲੈ ਕੇ ਖੁਸ਼ਹਾਲੀ ਦੇ ਸੁਪਨਿਆਂ ਦੀ ਪੂਰਤੀ ਲਈ ਆਪਣੇ ਮੁੰਡਿਆਂ ਨੂੰ ਹੱਡ ਭੰਨਵੀਂ ਮਿਹਨਤ ਕਰਨ ਲਈ ਬਿਗਾਨੇ ਮੁਲਕਾਂ ਵਿਚ ਭੇਜਿਆ ਹੈ।

ਮੌਜੂਦਾ ਮਾਮਲੇ ਵਿਚ ਸਭ ਤੋਂ ਅਹਿਮ ਸਵਾਲ ਇਹ ਹੈ ਕਿ ਸਾਡੇ ਮੁਲਕ ਦੇ ਆਰਥਿਕ ਪਾੜੇ ਦਾ ਸ਼ਿਕਾਰ ਤਬਕੇ ਨੂੰ ਰਾਹਤ ਦੇਣ ਲਈ ਸਰਕਾਰ ਹਾਦਸੇ ਦੀ ਉਡੀਕ ਕਿਉਂ ਕਰਦੀ ਹੈ? ਮਾਵਾਂ ਨੂੰ ਝੋਲੀ ਅੱਡ ਕੇ ਬੇਕਸੂਰ ਪੁੱਤਾਂ ਦੀ ਖ਼ੈਰ ਕਿਉਂ ਮੰਗਣੀ ਪੈਂਦੀ ਹੈ? ਇਸ ਸਵਾਲ ਨੂੰ ਸਿਰਫ ਕੇਂਦਰ ਸਰਕਾਰ 'ਤੇ ਸੁੱਟਣ ਦੀ ਥਾਂ ਸਾਡੀ ਸੂਬਾ ਸਰਕਾਰ ਤੋਂ ਇਲਾਵਾ ਸਮੂਹ ਸਿਆਸੀ ਪਾਰਟੀਆਂ, ਸਮਾਜਿਕ, ਸੱਭਿਆਚਾਰਕ ਅਤੇ ਅਕਾਦਮਿਕ ਜਥੇਬੰਦੀਆਂ ਨੂੰ ਇਹ ਸੋਚਣਾ ਚਾਹੀਦਾ ਹੈ ਕਿ ਸਾਡੇ ਹਮਵਤਨ, ਬਿਗਾਨੇ ਮੁਲਕਾਂ ਵਿਚ ਏਨੇ ਬੇਆਸਰਾ ਕਿਉਂ ਹਨ?

## ਪੰਜਾਬ ਸਰਕਾਰ ਅੱਠ ਨਵੇਂ ਖੇਡ ਸਟੇਡੀਅਮ ਉਸਾਰੇਗੀ-ਸੁਖਬੀਰ ਬਾਦਲ

ਸਹੂਲਤਾਂ ਨਹੀਂ ਦਿੱਤੀਆਂ, ਜਿਹੜੀਆਂ ਕਿ ਦੇਣੀਆਂ ਚਾਹੀਦੀਆਂ ਸਨ। ਉਨ੍ਹਾਂ ਕਿਹਾ ਕਿ ਪੰਜਾਬ ਸਰਕਾਰ ਖੇਡਾਂ ਨੂੰ ਉਤਸ਼ਾਹਿਤ ਕਰਨ ਲਈ ਨਵੀਂ ਖੇਡ ਨੀਤੀ ਜਲਦੀ ਹੀ ਲੈ ਕੇ ਆ ਰਹੀ ਹੈ ਜਿਸ ਵਿਚ ਖਿਡਾਰੀਆਂ ਨੂੰ ਅੰਤਰ ਰਾਸ਼ਟਰੀ ਪੱਧਰ ਦੀਆਂ ਸਹੂਲਤਾਂ ਦਿੱਤੀਆਂ ਜਾਣਗੀਆਂ। ਸ. ਬਾਦਲ ਨੇ ਕਿਹਾ ਕਿ ਅਸੀਂ ਵਿਸ਼ਵ ਕਬੱਡੀ ਕੱਪ ਵਿਚ ਖੇਡਣ ਵਾਲੇ ਖਿਡਾਰੀਆਂ ਲਈ ਡੋਪ ਟੈਸਟ ਦੀ ਸ਼ਰਤ ਰੱਖੀ ਹੈ ਅਤੇ ਮੈਨੂੰ ਖੁਸੀ ਹੈ ਕਿ ਜਿਹੜੇ ਖਿਡਾਰੀ ਇਸ ਕਬੱਡੀ ਕੱਪ ਵਿਚ ਖੇਡ ਰਹੇ ਹਨ, ਉਹ ਬਿਲਕੁਲ ਨਸ਼ਿਆਂ ਤੋਂ ਮੁਕਤ ਹਨ।

ਉਪ ਮੁੱਖ ਮੰਤਰੀ ਪੰਜਾਬ ਨੇ ਕਿਹਾ ਕਿ ਪਹਿਲੇ ਨੰਬਰ 'ਤੇ ਆਉਣ ਵਾਲੀ ਟੀਮ ਨੂੰ ਇੱਕ ਕਰੋੜ ਰੁਪਏ, ਦੂਜੇ ਨੰਬਰ 'ਤੇ ਰਹਿਣ ਵਾਲੀ ਟੀਮ ਨੂੰ 51 ਲੱਖ ਰੁਪਏ ਅਤੇ ਤੀਜੇ ਨੰਬਰ ਤੇ ਰਹਿਣ ਵਾਲੀ ਟੀਮ ਨੂੰ 25 ਲੱਖ ਰੁਪਏ ਨਕਦ ਇਨਾਮ ਦਿੱਤੇ ਜਾਣਗੇ।

ਇਥੇ ਖੇਡੇ ਗਏ ਮੈਚਾਂ ਵਿਚ ਅਮਰੀਕਾ ਦੀ ਕਬੱਡੀ ਟੀਮ ਨੇ 38 ਦੇ ਮੁਕਾਬਲੇ 64 ਅੰਕ ਪ੍ਰਾਪਤ ਕਰਕੇ ਇਰਾਨ ਦੀ ਟੀਮ ਨੂੰ ਹਰਾਇਆ। ਦੂਸਰੇ ਮੈਚ ਵਿਚ ਪਾਕਿਸਤਾਨ ਦੀ ਟੀਮ ਨੇ 30 ਦੇ ਮੁਕਾਬਲੇ 61 ਅੰਕ ਪ੍ਰਾਪਤ ਕਰਕੇ ਸਪੇਨ ਦੀ ਟੀਮ ਨੂੰ ਹਰਾਇਆ ਅਤੇ ਤੀਸਰੇ ਮੈਚ ਵਿਚ ਭਾਰਤ ਦੀ ਟੀਮ ਨੇ 29 ਦੇ ਮੁਕਾਬਲੇ 58 ਅੰਕ ਪ੍ਰਾਪਤ ਕਰਕੇ ਅਸਟ੍ਰੇਲੀਆ ਦੀ ਟੀਮ ਨੂੰ ਹਰਾਇਆ।

ਇਸ ਮੌਕੇ ਤੇ ਹੋਰਨਾਂ ਤੋਂ ਇਲਾਵਾ ਸਿੰਚਾਈ ਮੰਤਰੀ ਜਨਮੇਜਾ ਸਿੰਘ ਸੇਖੋਂ, ਜੰਗਲਾਤ ਮੰਤਰੀ ਤੀਕਸ਼ਨ ਸੂਦ, ਮੈਂਬਰ ਰਾਜ ਸਭਾ ਅਵਿਨਾਸ਼ ਰਾਏ ਖੰਨਾ, ਅਰੁਨੇਸ਼ ਸ਼ਾਕਿਰ, ਬੀਬੀ ਮਹਿੰਦਰ ਕੌਰ ਜੋਸ਼, ਦੇਸ ਰਾਜ ਸਿੰਘ ਧੁੱਗਾ, ਸੋਹਨ ਸਿੰਘ ਠੰਡਲ (ਚਾਰੇ ਮੁੱਖ ਸੰਸਦੀ ਸਕੱਤਰ) ਅਤੇ ਹੋਰ ਬਹੁਤ ਸਾਰੇ ਸਿਆਸੀ ਆਗੂ ਤੇ ਸਰਕਾਰੀ ਅਫਸਰ ਹਾਜ਼ਰ ਸਨ। ਇਸ ਮੌਕੇ ਤੇ ਮਨਪ੍ਰੀਤ ਅਖ਼ਤਰ ਨੇ ਦਰਸ਼ਕਾਂ ਦੇ ਮਨੋਰੰਜਨ ਲਈ ਸਭਿਆਚਾਰਕ ਪ੍ਰੋਗਰਾਮ ਪੇਸ਼ ਕੀਤਾ। ਉਘੇ ਹਾਸਰਸ ਕਲਾਕਰ ਭਗਵੰਤ ਮਾਨ ਨੇ ਵੀ ਲੋਕਾਂ ਦਾ ਮਨੋਰੰਜਨ ਕੀਤਾ।



## ਮਾਤਾ ਆਗਿਆ ਕੌਰ ਨੂੰ ਸ਼ਰਧਾਂਜਲੀ



**ਕੈਲਮਜ਼ੂ, ਮਿਸ਼ੀਗਨ:** ਮਾਤਾ ਆਗਿਆ ਕੌਰ ਨੂੰ ਲੰਘੇ ਸਨਿਚਰਵਾਰ ਇਥੇ ਇਸ ਇਲਾਕੇ ਦੇ ਭਾਈਚਾਰਕ ਆਗੂਆਂ ਨੇ ਨਿੱਘੀਆਂ ਸ਼ਰਧਾਂਜਲੀਆਂ ਦਿੱਤੀਆਂ। ਉਹ ਪਿਛਲੀ 26 ਮਾਰਚ ਨੂੰ ਕੁਝ ਸਮਾਂ ਬਿਮਾਰ ਰਹਿਣ ਤੋਂ ਬਾਅਦ ਚਲਾਣਾ ਕਰ ਗਏ ਸਨ ਅਤੇ ਉਨ੍ਹਾਂ ਦਾ ਸਸਕਾਰ ਲੰਘੇ ਐਤਵਾਰ ਨੂੰ ਕਰਨ ਉਪਰੰਤ ਇਥੇ ਗੁਰਦੁਆਰਾ ਕੈਲਮਜ਼ੂ ਵਿਚ ਅੰਤਿਮ ਅਰਦਾਸ ਕੀਤੀ ਗਈ। ਉਹ 85 ਸਾਲ ਦੇ ਸਨ ਅਤੇ ਉਨ੍ਹਾਂ ਦਾ ਜਨਮ ਪੰਜਾਬ ਵਿਚ ਪਿੰਡ ਹਰਪੁਰਾ ਵਿਖੇ 15 ਅਕਤੂਬਰ 1925 ਨੂੰ ਹੋਇਆ ਸੀ ਅਤੇ ਉਨ੍ਹਾਂ ਦਾ ਵਿਆਹ 1937 ਵਿਚ ਡਾ. ਰਘਬੀਰ ਸਿੰਘ ਹੋਰਾਂ ਨਾਲ ਹੋਇਆ। ਡਾ. ਰਘਬੀਰ ਸਿੰਘ ਪਿਛਲੇ ਸਾਲ ਅਗਸਤ ਮਹੀਨੇ ਚਲਾਣਾ ਕਰ ਗਏ ਸਨ। ਦੋਵੇਂ ਪਤੀ-ਪਤਨੀ ਬੜੇ ਮਿਲਾਪੜੇ ਸੁਭਾਅ ਦੇ ਸਨ।

ਮਾਤਾ ਆਗਿਆ ਕੌਰ ਆਪਣੇ ਪਿਛੇ ਪੁੱਤਰ ਕੁਲਦੀਪ ਸਿੰਘ (ਨੂੰਹ ਡੋਰਿਸ), ਪ੍ਰਿਤਪਾਲ ਸਿੰਘ (ਨੂੰਹ ਹਰਪਾਲ ਕੌਰ), ਅਮਰੀਕ ਸਿੰਘ (ਨੂੰਹ ਰਜਿੰਦਰ ਕੌਰ), ਮਨਜੀਤ ਸਿੰਘ, ਪੁੱਤਰ ਜਸਪਾਲ ਸਿੰਘ (ਨੂੰਹ ਰਜਨੀਤ ਕੌਰ) ਅਤੇ ਧੀ ਇੰਦਰਜੀਤ ਕੌਰ ਤੋਂ ਇਲਾਵਾ ਪੋਤਰਿਆਂ-ਦੋਹਤਰਿਆਂ ਦਾ ਭਰਿਆ ਪਰਿਵਾਰ ਛੱਡ ਗਏ ਹਨ। ਉਹ ਅਖਬਾਰ ਅੰਮ੍ਰਿਤਸਰ ਟਾਈਮਜ਼ ਦੇ ਸੰਪਾਦਕ ਦਲਜੀਤ ਸਿੰਘ ਸਰਾਂ ਦੀ ਸੱਸ ਸਨ। ਮਨਜੀਤ ਸਿੰਘ ਤੋਂ ਬਿਨਾ ਉਨ੍ਹਾਂ ਦੇ ਸਾਰੇ ਪੁੱਤਰ ਅਮਰੀਕਾ ਵਿਚ ਵਸਦੇ ਹਨ ਜਿਨ੍ਹਾਂ ਵਿਚੋਂ ਕੁਲਦੀਪ ਸਿੰਘ ਨੇਪਰਵਿਲ (ਇਲੀਨਾਏ) ਅਤੇ ਬਾਕੀ ਕੈਲਮਜ਼ੂ, ਪੋਰਟਰੇਟ (ਮਿਸ਼ੀਗਨ) ਵਿਚ ਰਹਿੰਦੇ ਹਨ।


## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

ਬੀਬੀ ਨਵਦੀਪ ਕੌਰ (ਡਾ.)
ਸ੍ਰੀ ਸੰਨੀ ਧੂੜ (ਮਿਸ਼ੀਗਨ)
ਪ੍ਰੋ. ਜੋਗਿੰਦਰ ਸਿੰਘ ਰਮਦੇਵ
ਸ. ਸਵਰਨਜੀਤ ਸਿੰਘ ਢਿਲੋਂ
ਸ. ਅਮੋਲਕ ਸਿੰਘ ਗਾਖਲ
ਸ. ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਸ. ਬਲਵਿੰਦਰ ਸਿੰਘ ਸੰਧੂ
ਸ. ਮਨਜੀਤ ਸਿੰਘ ਗਿੱਲ
ਸ. ਹਰਜੀਤ ਸਿੰਘ ਸਾਹੀ
ਸ. ਜੈਦੇਵ ਸਿੰਘ ਭੱਠਲ
ਸ. ਸ਼ਮਸ਼ੇਰ ਸਿੰਘ ਬੋਪਾਰਾਏ
ਸ. ਜਗਦੀਸ਼ਰ ਸਿੰਘ ਕਲੇਰ (ਮਿਲਵਾਕੀ)
ਸ. ਦਰਸ਼ਨ ਸਿੰਘ ਦਰੜ
ਸ. ਰਾਜਿੰਦਰ ਸਿੰਘ ਬੈਂਸ
ਸ. ਮਨਦੀਪ ਸਿੰਘ ਭੂਰਾ
ਸ. ਗੁਰਮੀਤ ਸਿੰਘ ਖਾਲਸਾ (ਕੈਲੇਫੋਰਨੀਆ)



**Punjab Times**

**Established in 2000**
**11th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018

**Ph:847-359-0746**
**Fax:847-705-9388**



**Editor:**
Amolak Singh Jammu
**Astt. Editor:**
Jaspreet Kaur
Kuljeet Singh
**Graphics:**
Mandeep Singh

**Our Columnists**
Ashok Bhaura
Tarlochan Singh Dupalpur
Baljit Basi
Prof. Kulwant S. Romana

**California Bureau:**
Mandeep Mann
661-889-1927
Shiara Dhindsa
Photographer
661-703-6664
Charanjit Singh Pannu
408-608-4961

**Honorary Directors**
**Community Relations:**
Pritam S. Grewal
408-406-0703
Kuljeet Singh
510-284-9580

**Jalandhar Bureau:**
Jasvir Singh Sheeri
181-325-1889
181-279-1422

**Distributed in:**
California, Illinois, Indiana, Michigan, Wisconsin, Ohio, Iowa, Missisipi, Arkansas, Texas, Nevada, Virginia, Oregon, Arizona, Georgia, Florida, Massachusettes, Washington, Kansas, Minnesota, New York

**ਡਾਕ ਰਾਹੀਂ ਪਰਚਾ ਮੰਗਵਾਉਣ ਲਈ**
**ਸਾਲਾਨਾ ਚੰਦਾ: 80 ਡਾਲਰ,**
**ਪੰਜ ਸਾਲ ਲਈ: 375 ਡਾਲਰ**

ਨੋਟ: ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰਾਂ ਵਿਚ ਕੀਤੇ ਗਏ ਦਾਅਵਿਆਂ ਦੀ ਜਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claims made in the advertisements published in Punjab Times.

**All disputes subject to Chicago jurisdiction.**

# ਮਨੁੱਖੀ ਅਧਿਕਾਰਾਂ ਬਾਰੇ ਸੈਮੀਨਾਰ ’ਤੇ ਪੁਲਿਸ ਕਾਬਜ਼ ਹੋਈ

**ਬਠਿੰਡਾ:** ਮਨੁੱਖੀ ਅਧਿਕਾਰਾਂ ਨਾਲ ਸਬੰਧਤ ਸੈਮੀਨਾਰ ਬੀਤੀ 4 ਅਪ੍ਰੈਲ ਨੂੰ ਪੁਲਿਸ ਅਧਿਕਾਰੀਆਂ ਅਤੇ ਕੁਝ ਸਿਆਸੀ ਆਗੂਆਂ ਦੀ ਭੇਟ ਚੜ੍ਹ ਕੇ ਰਹਿ ਗਿਆ, ਕਿਉਂਕਿ ਪੀੜ੍ਹਤਾਂ ਅਤੇ ਮਨੁੱਖੀ ਅਧਿਕਾਰਾਂ ਨੂੰ ਸਮਰਪਿਤ ਸੰਸਥਾਵਾਂ ਦੇ ਪ੍ਰਤੀਨਿਧਾਂ ਨੂੰ ਤਾਂ ਵਾਰ-ਵਾਰ ਬੇਨਤੀਆਂ ਕਰਨ ਦੇ ਬਾਵਜੂਦ ਵੀ ਵਿਚਾਰਾਂ ਦੇ ਪ੍ਰਗਟਾਵੇ ਦੀ ਇਜਾਜ਼ਤ ਨਾ ਦਿੱਤੀ ਗਈ, ਜਦਕਿ ਮੌਕੇ ਉਪਰ ਪੁਲਿਸ ਵਾਲਿਆਂ ਦਾ ਹੀ ਜਮਘਟ ਸੀ। ਆਪਣੇ ਵਿਰੁਧ ਹੋਣ ਵਾਲੀਆਂ ਸ਼ਿਕਾਇਤਾਂ ਦੀਆਂ ਦਰਖਾਸਤਾਂ ਵੀ ਇਕ ਪੁਲਿਸ ਅਧਿਕਾਰੀ ਪ੍ਰਾਪਤ ਕਰ ਰਿਹਾ ਸੀ।

ਮਾਮਲਾ ਕੁਝ ਇਸ ਤਰ੍ਹਾਂ ਹੈ ਕਿ ਹਾਲ ਹੀ ਵਿਚ ਹੋਂਦ ‘ਚ ਆਈ ਪੰਜਾਬ ਪ੍ਰਦੇਸ਼ ਹਿਊਮਨ ਰਾਈਟਸ ਕਮੇਟੀ ਨੇ ਸਰਕਾਰੀ ਏਜੰਸੀਆਂ ਵਲੋਂ ਕੀਤੀ ਜਾ ਰਹੀ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਵਿਸ਼ੇ ਤਹਿਤ ਸਥਾਨਕ ਛਾਬੜਾ ਰਿਜ਼ੋਰਟ ਵਿਖੇ ਇਕ ਰਾਜ ਪੱਧਰੀ ਸੈਮੀਨਰ ਆਯੋਜਿਤ ਕਰਵਾਇਆ ਸੀ, ਜਿਸ ਦੇ ਮੁੱਖ ਮਹਿਮਾਨ ਵਜੋਂ ਪੰਜਾਬ ਰਾਜ ਮਨੁੱਖੀ ਅਧਿਕਾਰੀ ਕਮਿਸ਼ਨ ਦੇ ਚੇਅਰਮੈਨ ਸੇਵਾਮੁਕਤ ਜਸਟਿਸ ਆਰ ਐਸ ਮੌਂਗੀਆ ਨੇ ਸ਼ਿਰਕਤ ਕੀਤੀ, ਜਦ ਕਿ ਰਾਜ ਸਭਾ ਦੇ ਮੈਂਬਰ ਅਵਿਨਾਸ਼ ਰਾਏ ਖੰਨਾ ਅਤੇ ਬਠਿੰਡਾ ਦੇ ਸੈਸ਼ਨ ਜੱਜ ਡੀ ਆਰ ਅਰੋੜਾ ਸਮੇਤ ਕਈ ਹੋਰ ਸ਼ਖਸੀਅਤਾਂ ਵੀ ਉਚੇਚੇ ਤੌਰ ‘ਤੇ ਪੁੱਜੀਆਂ।

ਰਵਾਇਤੀ ਬੁਲਾਰਿਆਂ ਤੋਂ ਬਾਅਦ ਜਦ ਮੰਚ ਸੰਚਾਲਕ ਨੇ ਜਸਟਿਸ ਮੌਂਗੀਆ ਦੇ ਹੋਣ ਵਾਲੇ ਭਾਸ਼ਣ ਸਬੰਧੀ ਇਸ਼ਾਰਾ ਕੀਤਾ ਤਾਂ ਆਪਣੇ ਦੁੱਖ ਤਕਲੀਫਾਂ ਤੋਂ ਜਾਣੂ ਕਰਵਾਉਣ ਵਾਲੇ ਪੀੜਤਾਂ ਤੋਂ ਇਲਾਵਾ ਹਾਲ ਵਿਚ ਮੌਜੂਦ ਮਨੁੱਖੀ ਅਧਿਕਾਰਾਂ ਨੂੰ ਸਮਰਪਿਤ ਕਈ ਸੰਸਥਾਵਾਂ ਦੇ ਪ੍ਰਤੀਨਿਧਾਂ ਨੇ ਆਪਣੇ ਵਿਚਾਰਾਂ ਦੇ ਪ੍ਰਗਟਾਵੇ ਲਈ ਸਮਾਂ ਮੰਗਿਆ, ਜਿਸ ਨੂੰ ਸੰਚਾਲਕ ਨੇ ਇਹ ਕਹਿ ਕੇ ਟਾਲਣ ਦਾ ਯਤਨ ਕੀਤਾ ਕਿ ਮੁੱਖ ਮਹਿਮਾਨ ਦੇ ਭਾਸ਼ਣ ਤੋਂ ਬਾਅਦ ਉਨ੍ਹਾਂ ਨੂੰ ਸਮਾਂ ਦਿੱਤਾ ਜਾਵੇਗਾ। ਹਕੀਕਤ ਨੂੰ ਭਾਪਦਿਆਂ ਪ੍ਰੈਸ ਗੈਲਰੀ ‘ਚੋਂ ਮੀਡੀਆ ਪ੍ਰਤੀਨਿਧਾਂ ਨੇ ਵੀ ਜਦ ਅਜਿਹੀ ਮੰਗ ਲਿਖਤੀ ਤੌਰ ‘ਤੇ ਪੇਸ਼ ਕਰ ਦਿੱਤੀ ਤਾਂ ਖੁਦ ਜਸਟਿਸ ਮੌਂਗੀਆ ਨੇ ਭਰੋਸਾ ਦੁਆਇਆ ਕਿ ਉਹ ਹਰ ਇੱਕ ਨੂੰ ਬੋਲਣ ਦਾ ਮੌਕਾ ਦੇਣਗੇ।

ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰ ਅਤੇ ਪੁਲਿਸ ਮੁਖੀ ਦੀ ਗੈਰ ਮੌਜੂਦਗੀ ਦਾ ਨੋਟਿਸ ਲੈਂਦਿਆਂ ਆਪਣੇ ਭਾਸ਼ਣ ਦੌਰਾਨ ਜਸਟਿਸ ਮੌਂਗੀਆ ਨੇ ਕਿਹਾ ਕਿ ਉਨ੍ਹਾਂ ਨੂੰ ਅਜਿਹਾ ਜਾਪਦੈ ਕਿ ਦੋਵੇਂ ਅਧਿਕਾਰੀ ਸ਼ਾਇਦ ਇਸ ਲਈ ਨਹੀਂ ਆਏ ਕਿ ਸਰਕਾਰੀ ਏਜੰਸੀਆਂ ਵਲੋਂ ਕੀਤੀ ਜਾ ਰਹੀ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਪੇਸ਼ ਹੋਣ ਵਾਲੇ ਮਾਮਲੇ ਉਨ੍ਹਾਂ ਦੀ ਕਾਰਜ ਪ੍ਰਣਾਲੀ ‘ਤੇ ਸੁਆਲੀਆ ਨਿਸ਼ਾਨ ਖੜ੍ਹੇ ਕਰ ਸਕਦੀ ਹੈ ਤਾਂ ਆਮ ਲੋਕਾਂ ਨੂੰ ਇਹ ਭਰੋਸਾ ਹੋ ਗਿਆ ਕਿ ਉਨ੍ਹਾਂ ਦੀ ਸੁਣਵਾਈ ਹੋਵੇਗੀ।

ਸਿਫਾਰਸ਼ ਦੀ ਬਜਾਏ ਖੁਦ ਸਿੱਧੀ ਕਾਰਵਾਈ ਕਰਨ ਦੇ ਕਮਿਸ਼ਨ ਨੂੰ ਅਧਿਕਾਰ ਦੇਣ ‘ਤੇ ਜ਼ੋਰ ਦਿੰਦਿਆਂ ਜਦ ਜਸਟਿਸ ਮੌਂਗੀਆ ਨੇ ਕਿਹਾ ਕਿ ਜਿਨ੍ਹਾਂ ਵੀ ਵਿਅਕਤੀਆਂ ਨੇ ਸੁਝਾਅ ਦੇਣੇ ਹਨ, ਉਹ ਲਿਖਤੀ ਤੌਰ ‘ਤੇ ਆਪਣੇ ਵਿਚਾਰ ਕਮਿਸ਼ਨ ਦੇ ਚੰਡੀਗੜ੍ਹ ਦਫਤਰ ਨੂੰ ਭੇਜ ਸਕਦੇ ਹਨ ਤਾਂ ਪੰਡਾਲ ਵਿਚ ਇੱਕਦਮ ਬੇਚੈਨੀ ਫੈਲ ਗਈ।

ਜਿੱਥੇ ਪੀੜ੍ਹਤ ਆਪਣੀਆਂ ਦਰਖਾਸਤਾਂ ਖੜ੍ਹੇ ਹੋ ਕੇ ਲਹਿਰਾਉਣ ਲੱਗ ਪਏ, ਉਥੇ ਮਨੁੱਖੀ ਅਧਿਕਾਰ ਕਾਰਕੁੰਨਾਂ ਨੇ ਵੀ ਵਿਚਾਰਾਂ ਦੇ ਪ੍ਰਗਟਾਵੇ ਲਈ ਜ਼ੋਰਦਾਰ ਆਵਾਜ਼ ਬੁਲੰਦ ਕਰਨੀ ਸ਼ੁਰੂ ਕਰ ਦਿੱਤੀ। ਇਥੇ ਇਹ ਜ਼ਿਕਰ ਕਰਨਾ ਵੀ ਕੁਥਾਂ ਨਹੀਂ ਹੋਵੇਗਾ ਕਿ ਜਦ ਅਜਿਹਾ ਹੋ ਰਿਹਾ ਸੀ ਤਾਂ ਠੀਕ ਉਸ ਵੇਲੇ ਮੰਚ ਉਪਰ ਇਸ ਜ਼ਿਲ੍ਹੇ ਤੋਂ ਇਲਾਵਾ ਬਾਹਰਲੇ ਇਲਾਕਿਆਂ ਵਿਚ ਤਾਇਨਾਤ ਏ ਐਸ ਆਈ ਤੋਂ ਲੈ ਕੇ ਐਸ ਪੀ ਰੈਂਕ ਤੱਕ ਦੇ ਕਰੀਬ ਅੱਧੀ ਦਰਜਨ ਪੁਲਿਸ ਅਧਿਕਾਰੀਆਂ ਤੋਂ ਇਲਾਵਾ ਕੁਝ ਸੇਵਾਮੁਕਤ ਪੁਲਿਸ ਵਾਲਿਆਂ ਨੂੰ ਵੀ ਅਤੀ ਸਨਮਾਨਯੋਗ ਮਹਿਮਾਨਾਂ ਵਜੋਂ ਸੁਸ਼ੋਭਿਤ ਕਰਵਾਇਆ ਹੋਇਆ ਸੀ। ਇਥੇ ਹੀ ਬੱਸ ਨਹੀਂ ਬਲਕਿ ਪੀੜਤਾਂ ਦੀਆਂ ਦਰਖਾਸਤਾਂ ਪ੍ਰਾਪਤ ਕਰਨ ਲਈ ਇਕ ਅਜਿਹੇ ਇੰਸਪੈਕਟਰ ਨੂੰ ਡਿਊਟੀ ਸੌਂਪ ਦਿੱਤੀ, ਜੋ ਪਹਿਲਾਂ ਹੀ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਦੋਸ਼ਾਂ ਦੀਆਂ ਪੜਤਾਲਾਂ ਦਾ ਸਾਹਮਣਾ ਕਰ ਰਿਹਾ ਹੈ। ਮੌਕੇ ‘ਤੇ ਮੌਜੂਦ ਪੰਜਾਬ ਮਨੁੱਖੀ ਅਧਿਕਾਰ ਕਮੇਟੀ ਦੇ ਜਨਰਲ ਸਕੱਤਰ ਵੇਦ ਪ੍ਰਕਾਸ਼ ਗੁਪਤਾ ਨੇ ਇਸ ਸਾਰੇ ਘਟਨਾਕ੍ਰਮ ’ਤੇ ਤਿੱਖਾ ਪ੍ਰਤੀਕਰਮ ਪ੍ਰਗਟ ਕਰਦਿਆਂ ਸੈਮੀਨਾਰ ਦੇ ਨਾਂ ਹੇਠ ਹੋਈ ਇਹ ਆਭਾ ਚਮਕਾਊ ਕਾਰਵਾਈ ਨੂੰ ਇੱਕ ਅਡੰਬਰ ਕਰਾਰ ਦਿੱਤਾ। ਆਪਣੀ ਜਥੇਬੰਦੀ ਵਲੋਂ ਅਤੀਤ ਵਿਚ ਉਠਾਏ ਮਨੁੱਖੀ ਅਧਿਕਾਰਾਂ ਦੀ ਉਲੰਘਣਾ ਦੇ ਮਾਮਲੇ ਸਬੰਧੀ ਦਸਤਾਵੇਜ਼ ਦਿਖਾਉਂਦਿਆਂ ਉਨ੍ਹਾਂ ਦੱਸਿਆ ਕਿ ਕਮਿਸ਼ਨ ਨੇ ਇਸ ਤਰਕ ਨਾਲ ਉਨ੍ਹਾਂ ਦੀ ਦਰਖਾਸਤ ਰੱਦ ਕਰ ਦਿੱਤੀ ਸੀ ਕਿ ਉਕਤ ਜਥੇਬੰਦੀ ਦਾ ਪੀੜਤ ਨਾਲ ਸਿੱਧਾ ਸਬੰਧ ਨਹੀਂ। ਜਦ ਕਿ ਜਸਟਿਸ ਮੌਂਗੀਆ ਨੇ ਵਾਰ-ਵਾਰ ਇਹ ਦੁਹਰਾਇਆ ਕਿ ਗੈਰ ਸਰਕਾਰੀ ਜਥੇਬੰਦੀਆਂ ਪ੍ਰਭਾਵਿਤ ਲੋਕਾਂ ਦੇ ਮਾਮਲੇ ਮੁਸਤੈਦੀ ਨਾਲ ਉਠਾਉਣ।

ਸੇਵਾਮੁਕਤ ਫੌਜੀ ਕਪਤਾਨ ਬਲਦੇਵ ਜੋਸ਼ੀ ਨੇ ਬਠਿੰਡਾ ਜ਼ਿਲ੍ਹੇ ਵਿਚ ਹੋ ਰਹੀਆਂ ਮਨੁੱਖੀ ਅਧਿਕਾਰਾਂ ਦੀਆਂ ਉਲੰਘਣਾਵਾਂ ਦਾ ਜ਼ਿਕਰ ਕਰਦਿਆਂ ਦੋਸ਼ ਲਾਇਆ ਕਿ ਇੱਥੇ ਏ ਐਸ ਆਈ ਤੱਕ ਦੇ ਪੁਲਿਸ ਕਰਮਚਾਰੀਆਂ ਨੂੰ ਏਨੀ ਜ਼ਿਆਦਾ ਖੁੱਲ੍ਹ ਹੈ ਕਿ ਵਾਰੰਟ ਤਾਂ ਕੀ ਪਰਚਾ ਦਰਜ ਕੀਤੇ ਵਗੈਰ ਵੀ ਉਹ ਕਈ ਕਈ ਦਿਨ ਕਿਸੇ ਵੀ ਭਲੇਮਾਣਸ ਸਖ਼ਸ ਨੂੰ ਗੈਰ-ਕਾਨੂੰਨੀ ਤਸੀਹੇ ਦੇ ਸਕਦਾ ਹੈ।

ਆਪਣੇ ਜਾਤੀ ਤਜ਼ਰਬੇ ਦਾ ਜ਼ਿਕਰ ਕਰਦਿਆਂ ਜ਼ਿਲ੍ਹਾ ਮਾਨਸਾ ਤਹਿਤ ਪੈਂਦੇ ਪਿੰਡ ਅਕਲੀਆ ਦੇ ਕਰਨੈਲ ਸਿੰਘ ਨੇ ਦੱਸਿਆ ਕਿ ਹੱਡਾ ਰੋੜੀ ‘ਤੇ ਹੋਏ ਨਾਜਾਇਜ਼ ਕਬਜ਼ੇ ਦੀ ਵਜ੍ਹਾ ਕਾਰਨ ਲੋਕ ਮੁਰਦਾ ਪਸ਼ੂ ਕਈ ਮਹੀਨਿਆਂ ਤੋਂ ਆਪਣੇ ਘਰਾਂ ਵਿਚ ਦਬਾ ਰਹੇ ਹਨ। ਲਿਖਤੀ ਸ਼ਿਕਾਇਤਾਂ ਦੇ ਬਾਵਜੂਦ ਕਮਿਸ਼ਨ ਨੇ ਇਸ ਸਬੰਧੀ ਅਜੇ ਤੱਕ ਕੋਈ ਠੋਸ ਕਾਰਵਾਈ ਨਹੀਂ ਕੀਤੀ।

## ਸਤਿੰਦਰ ਸਰਤਾਜ ਨੂੰ ਵੀਜ਼ੇ ਤੋਂ ਨਾਂਹ

**ਡੈਲਸ, ਟੈਕਸਸ (ਰਾਣਾ ਇਕਬਾਲ):** ਗਾਇਕ ਸਤਿੰਦਰ ਸਰਤਾਜ ਨੂੰ ਅਮਰੀਕੀ ਦੂਤਘਰ ਨੇ ਵੀਜ਼ਾ ਦੇਣ ਤੋਂ ਇਨਕਾਰ ਕਰ ਦਿਤਾ ਹੈ। ਗਾਇਕ ਸਤਿੰਦਰ ਸਰਤਾਜ ਦੀ ਗਾਇਕੀ ਦਾ ਸ਼ੋਅ ਕੈਲੀਫੋਰਨੀਆ ਦੇ ਸ਼ਹਿਰ ਸੈਨ ਹੋਜ਼ੇ ਵਿਚ 3 ਅਪਰੈਲ ਨੂੰ ਹੋਣਾ ਸੀ ਅਤੇ ਅਗਲੇ ਦਿਨਾਂ ਵਿਚ ਉਸਦੇ ਸ਼ੋਅ ਕੈਲੀਫੋਰਨੀਆ ਦੇ ਵਖ ਵਖ ਸ਼ਹਿਰਾਂ ਤੋ ਇਲਾਵਾ ਸਿਆਟਲ ਅਤੇ ਨਿਊ ਯਾਰਕ ਵਿਚ ਹੋਣੇ ਵੀ ਤੈਅ ਸਨ। ਹੁਣ ਇਹ ਸਾਰੇ ਸ਼ੋਅ ਖਟਾਈ ਵਿਚ ਪੈ ਗਏ ਲਗਦੇ ਹਨ। 3 ਅਪਰੈਲ ਦਾ ਸ਼ੋਅ ਰੱਦ ਹੋਣ ਤੋਂ ਬਾਅਦ ਪ੍ਰਬੰਧਕ ਸ਼ੋਅ ਦੀਆਂ ਟਿਕਟਾਂ ਖਰੀਦਣ ਵਾਲਿਆਂ ਨੂੰ ਟਿਕਟਾਂ ਦੇ ਪੈਸੇ ਵਾਪਸ ਦੇਣ ਦੇ ਵਾਇਦੇ ਕਰਦੇ ਸੁਣੇ ਗਏ। ਇਹ ਵੀ ਪਤਾ ਲੱਗਾ ਹੈ ਕਿ ਇਹ ਸ਼ੋਅ ਨਵੇਂ ਸਿਰਿਓਂ ਰੱਖੇ ਜਾ ਰਹੇ ਹਨ।

ਇਸੇ ਦੌਰਾਨ ਪਤਾ ਲੱਗਾ ਹੈ ਕਿ ਮੀਕੇ ਅਤੇ ਰਵਿੰਦਰ ਗਰੇਵਾਲ ਨੂੰ ਤਾਂ ਵੀਜ਼ਾ ਮਿਲ ਗਿਆ ਹੈ ਪਰ ਉਨ੍ਹਾਂ ਦੇ ਕਈ ਸਾਜ਼ਿੰਦਿਆਂ ਨੂੰ ਵੀਜ਼ੇ ਤੋਂ ਇਨਕਾਰ ਹੋ ਗਿਆ ਹੈ। ਇਸੇ ਗਰੁਪ ਵਿਚ ਆਉਣ ਵਾਲੇ ਭੋਟੂ ਸ਼ਾਹ ਨੂੰ ਵੀਜ਼ਾ ਮਿਲ ਗਿਆ ਸੁਣੀਂਦਾ ਹੈ। ਇਨ੍ਹਾਂ ਦੇ ਸ਼ੋਅ ਵੀ ਅਪਰੈਲ-ਮਈ ਵਿਚ ਹੋਣੇ ਹਨ। ਮੀਕੇ ਦੇ ਸ਼ੋਅ ਕੈਲੀਫੋਰਨੀਆ ਤੋਂ ਇਲਾਵਾ ਸ਼ਿਕਾਗੋ, ਡਿਟਰਾਇਟ ਅਤੇ ਨਿਊ ਯਾਰਕ ਵਿਚ ਵੀ ਹੋਣੇ ਤੈਅ ਸਨ। ਇਸੇ ਦੌਰਾਨ ਗਾਇਕ ਸਰਤਾਜ ਇਕ ਕਵੀ ਤਰਲੋਕ ਸਿੰਘ ਦੀ ਗਜ਼ਲ ਕਵੀ ਦੀ ਇਜ਼ਾਜਤ ਤੋਂ ਬਿਨਾ ਅਤੇ ਉਸਨੂੰ ਇਸ ਦਾ ਕਰੈਡਿਟ ਦਿਤੇ ਬਿਨਾ ਗਾਉਣ ਕਰਕੇ ਵਿਵਾਦ ਵਿਚ ਘਿਰਿਆ ਹੋਇਆ ਹੈ। ਸੂਤਰਾਂ ਅਨੁਸਾਰ ਕਵੀ ਨੇ ਸਰਤਾਜ ਨੂੰ ਬਣਦਾ ਕਰੈਡਿਟ ਦੇਣ ਜਾਂ ਮੁਕੱਦਮੇ ਦਾ ਸਾਹਮਣਾ ਕਰਨ ਦੀ ਧਮਕੀ ਵੀ ਦਿਤੀ ਹੈ।

## ਤਿਰਛੀ ਨਜ਼ਰ

**ਜਸਵੰਤ ਸਿੰਘ ਸ਼ਾਦ, ਸਟਾਕਟਨ**

***ਸਪੋਕਸਮੈਨ ਦੇ ਸੰਪਾਦਕ ਨੇ ਜਦ ਸੰਪਾਦਕੀ ਹੀ ਵਾਪਸ ਲੈ ਲਈ ਤਾਂ ਰੌਲਾ ਕਿਉਂ ਪਾਇਆ ਜਾ ਰਿਹਾ ਹੈ-ਮੰਗਤ ਰਾਏ ਬਾਂਸਲ**

-ਇਸ ਲਈ ਕਿ ਵਾਰ ਵਾਰ ਗਲਤੀਆਂ ਤੋਂ ਬਾਦ ਮਾਫੀਆਂ ਮੰਗ ਕੇ ਜਾਨ ਛੁਡਾਉਣ ਵਾਲਾ ਇਹ ਸੰਪਾਦਕ ਅੱਗੇ ਤੋਂ ਸੁਧਰ ਜਾਵੇ।

***ਕੁੰਭ ਦੇ ਮੇਲੇ ’ਤੇ ਮੈਂ ਧਾਰਮਿਕ ਆਗੂਆਂ ਨੂੰ ਮਿਲ ਕੇ ਅਸਲੀਅਤ ਤੋਂ ਜਾਣੂ ਕਰਵਾ ਆਇਆ ਹਾਂ-ਰੰਗੀਲਾ ਸਾਧ ਸੱਤਿਆਨੰਦ**

-ਇਉਂ ਕਹੋ ਬਈ ਪੋਚੇ ਪਾ ਕੇ ਆਇਆ ਹਾਂ। ਅਸਲੀਅਤ ਤਾਂ ਥੋਡੀ ਅਗਲੇ ਯੂ ਟਿਊਬ ’ਤੇ ਵੇਖ ਈ ਚੁੱਕੇ ਐ।

***ਸੁਖਬੀਰ ਵਲੋਂ ਯੂ ਏ ਈ ’ਚ ਫਾਂਸੀ ਦੀ ਸਜ਼ਾ ਯਾਫਤਾਵਾਂ ਨੂੰ ਬਣਾਉਣ ਲਈ ਅਪੀਲ**

-ਪੀੜਿਤ ਪਰਿਵਾਰਾਂ ਨੂੰ ਪਤੈ ਬਈ ਤੁਸੀਂ ਅਪੀਲਾਂ ਜੋਗੇ ਈ ਓ! ਇਸੇ ਲਈ ਉਹ ਰਾਮੂਵਾਲੀਏ ਕੋਲ ਆ ਗਏ ਐ।

***ਦੁਨੀਆਂ ’ਚੋਂ 30 ਫੀਸਦੀ ਪ੍ਰਮਾਣੂ ਹਥਿਆਰ ਘੱਟ ਕਰਨ ਦਾ ਸਮਝੌਤਾ**

-ਬਚਦੇ 70 ਫੀਸਦੀ ਦੁਨੀਆਂ ਨੂੰ ਤਬਾਹ ਕਰਨ ਲਈ ਕਾਫੀ ਐ।

***ਪੰਜਾਬ ਦੇ ਵਿਧਾਇਕਾਂ ਦਾ ਯਾਤਰਾ ਭੱਤਾ ਦੁੱਗਣਾ ਹੋਇਆ**

-ਅਖੈ! ਅੰਨਾ ਵੰਡੇ ਸੀਰਨੀ ਮੁੜ ਮੁੜ ਆਪਣਿਆਂ ਨੂੰ।

***ਝੋਨੇ ਦੀ ਕਿਸਮ ‘ਪੀ ਏ ਯੂ-201’ ਕਿਸਾਨਾਂ ਲਈ ਲਾਹੇਵੰਦ**

-ਤਾਂ ਹੀ ਸਰਕਾਰ ਲਾਉਣ ਨ੍ਹੀਂ ਦਿੰਦੀ!

***ਅਲੈਕਸਾ ਰਿਪੋਰਟ ਪਿਛੋਂ ‘ਸਪੋਕਸਮੈਨ’ ‘ਅਜੀਤ’ ਨਾਲੋਂ ਬਹੁਤ ਅੱਗੇ ਨਿਕਲ ਗਿਆ ਹੈ-ਪ੍ਰੇਮ ਸਿੰਘ ਚੰਦੂਮਾਜਰਾ**

-ਵਿਵਾਦ ਪੈਦਾ ਕਰਨ ’ਚ?

ਨੈਸ਼ਨਲ ਟਰੱਕ ਡਰਾਈਵਿੰਗ ਸਕੂਲ

*ਟਰੱਕ ਡਰਾਇਵਿੰਗ ਸਕੂਲ ਸਰਕਾਰ ਤੋਂ ਮਾਨਤਾ ਪ੍ਰਾਪਤ ਹੈ
*ਲਾਇਸੈਂਸ ਲੈਣ ਉਪਰੰਤ ਕੰਮ/ਜੌਬ ਦੀ ਗਾਰੰਟੀ ਹੈ
*ਰਿਹਾਇਸ਼ ਦਾ ਵੀ ਖਾਸ ਪ੍ਰਬੰਧ ਹੈ
*2-3 ਹਫਤਿਆਂ ਵਿਚ ਪ੍ਰੋਫੈਸ਼ਨਲ ਟਰੱਕ ਡਰਾਇਵਰ ਬਣੋ

National Truck Driving School



Call For Special Price

Kashmir S. Thandi
Office: (866) 933-3038
Balhar S. Rana
Cell:916-502-7733

4585 Pell Dr. Secramento CA, 95838

Real Estate & Loans Under One Roof

Call:Sam Chahal Tel: 916-612-5773

For Buying and Selling Residential, Commercial property and for Loans in Sacramento area

Multi-Million Dollars Producer-2007-08



Sam (Sohanpreet)Chahal
CA Lic. 01504071
Realtor/Notary Public

e-mail:sam@jassigill.com

Reo-Bankowned Properties
Serving from Bay Area to Sacramento

Short Sale Specialist

*ਜੇਕਰ ਤੁਹਾਡਾ ਘਰ ਕਿਸ਼ਤਾਂ ਬੰਦ ਕਰਨ ਕਰਕੇ ਫੋਰਕਲੋਜ਼ਰ ‘ਚ ਹੈ ਤੇ ਟਰੱਸਟੀ ਸੇਲ ਦੀ ਤਾਰੀਖ ਵੀ ਆ ਗਈ ਹੈ ਤਾਂ ਵੀ ਅਸੀਂ ਤੁਹਾਡਾ ਘਰ Short Sale ‘ਤੇ ਲਾ ਕੇ ਵੇਚ ਸਕਦੇ ਹਾਂ ਤੇ 2 ਤੋਂ 6 ਮਹੀਨੇ ਤੱਕ ਦਾ ਹੋਰ ਸਮਾਂ ਲੈ ਸਕਦੇ ਹਾਂ।
*Foreclosure ਦੇ ਮੁਕਾਬਲੇ Short Sale ‘ਤੇ ਵੇਚਣ ਨਾਲ ਕਰੈਡਿਟ ਵੀ ਘੱਟ ਖਰਾਬ ਹੁੰਦਾ ਹੈ।
*ਜੇਕਰ ਤੁਸੀਂ ਕਿਸ਼ਤਾਂ ਵੇਲੇ ਸਿਰ ਦੇ ਰਹੇ ਹੋ ਤੇ ਘਰ ਦੀ ਕੀਮਤ ਲੋਨ ਨਾਲੋਂ ਕਾਫੀ ਘੱਟ ਗਈ ਹੈ ਤਾਂ ਵੀ Short Sale ‘ਤੇ ਲਾ ਕੇ ਘਰ ਵੇਚ ਸਕਦੇ ਹਾਂ।

We Help You Buy/Sell Business & Homes

Call Master of Winners in Multiple Offers

ਸਰਕਾਰ ਵਲੋਂ ਪਹਿਲੀ ਵਾਰ ਘਰ ਖਰੀਦਣ ਵਾਲਿਆਂ ਨੂੰ ਹਜ਼ਾਰਾਂ ਡਾਲਰ ਟੈਕਸ ਕਰੈਡਿਟ ਦੇ ਰੂਪ ਵਿਚ ਦਿੱਤੇ ਜਾ ਰਹੇ ਹਨ। ਜਾਣਕਾਰੀ ਲਈ ਕਾਲ ਕਰੋ।

Golden State Realty

Sacramento Office: 8695 Territorial Way, Elk Grove CA 95624
Tel: 916-612-5773 Fax: 916-689-5707

# ਦੁਬਈ 'ਚ ਫਸੇ 17 ਪੰਜਾਬੀਆਂ ਨੂੰ ਬਚਾਉਣ ਲਈ ਮੁਹਿੰਮ ਜਾਰੀ

**ਪੰਜਾਬ ਟਾਈਮਜ਼ ਬਿਊਰੋ**

**ਪਟਿਆਲਾ :** ਸੰਯੁਕਤ ਅਰਬ ਅਮੀਰਾਤ ਵਿਚ ਜਿਨ੍ਹਾਂ 17 ਪੰਜਾਬੀਆਂ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ ਹੈ, ਉਨ੍ਹਾਂ ਦੀ ਅਪੀਲ ਦੀ ਪੈਰਵੀ ਕਰਨ ਲਈ ਭਾਰਤ ਸਰਕਾਰ ਨੇ ਸ਼ਾਰਜਾਹ ਦੀ ਇਕ ਕਾਨੂੰਨੀ ਫਰਮ ਦੀਆਂ ਸੇਵਾਵਾਂ ਲਈਆਂ ਹਨ। ਸਰਕਾਰੀ ਸੂਤਰਾਂ ਨੇ ਦੱਸਿਆ ਕਿ ਮੁਹੰਮਦ ਸਲਮਾਨ ਐਡਵੋਕੇਟ ਐਂਡ ਲੀਗਲ ਕੰਸਲਟੈਂਟਸ ਨਾਮੀ ਫਰਮ ਸਾਰੇ 17 ਪੰਜਾਬੀਆਂ ਦੀ ਤਰਫੋਂ ਅਪੀਲ ਇਸੇ ਹਫਤੇ ਦਾਖਲ ਕਰ ਦੇਵੇਗੀ। ਇਸ ਫਰਮ ਦੇ ਪ੍ਰਤੀਨਿਧ ਇਸੇ ਹਫਤੇ ਸ਼ਾਰਜਾਹ ਕੇਂਦਰੀ ਜੇਲ੍ਹ ਵਿਚ ਸਾਰੇ 17 ਪੰਜਾਬੀਆਂ ਨੂੰ ਮਿਲਣਗੇ। ਉਧਰ ਅਮੀਰਾਤ ਸਰਕਾਰ ਨੇ ਭਰੋਸਾ ਦਿੱਤਾ ਹੈ ਕਿ ਅਪੀਲ ਨੂੰ ਧੀਰਜ ਨਾਲ ਸੁਣਿਆ ਜਾਵੇਗਾ ਅਤੇ ਸਾਰੇ 'ਦੋਸ਼ੀਆਂ ਨੂੰ ਆਪਣਾ ਪੱਖ ਪੇਸ਼ ਕਰਨ ਦਾ ਪੂਰਾ ਮੌਕਾ ਦਿੱਤਾ ਜਾਵੇਗਾ।

ਨੌਜਵਾਨਾਂ ਦੇ ਪਰਿਵਾਰਕ ਮੈਂਬਰ ਅਤੇ ਰਿਸ਼ਤੇਦਾਰ ਬੀਤੀ 4 ਅਪ੍ਰੈਲ ਨੂੰ ਕੇਂਦਰੀ ਵਿਦੇਸ਼ ਰਾਜ ਮੰਤਰੀ ਪ੍ਰਨੀਤ ਕੌਰ ਨੂੰ ਉਨ੍ਹਾਂ ਦੀ ਰਿਹਾਇਸ਼ 'ਤੇ ਮਿਲੇ ਅਤੇ ਭਾਰਤੀ ਨੌਜਵਾਨਾਂ ਦੀ ਰਿਹਾਈ ਲਈ ਮਦਦ ਦੀ ਗੁਹਾਰ ਲਗਾਈ। ਇਸ ਮੌਕੇ ਪ੍ਰਨੀਤ ਕੌਰ ਨੇ ਪੀੜਤ ਪਰਿਵਾਰਾਂ ਨਾਲ ਦੁੱਖ ਸਾਂਝਾ ਕਰਦਿਆਂ ਕੇਂਦਰ ਸਰਕਾਰ ਵਲੋਂ ਹਰ ਸੰਭਵ ਮਦਦ ਦਾ ਭਰੋਸਾ ਦਿਵਾਇਆ। ਉਪਰੰਤ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਪ੍ਰਨੀਤ ਕੌਰ ਨੇ ਦੱਸਿਆ ਕਿ ਭਾਰਤੀ ਨੌਜਵਾਨਾਂ ਦੀ ਰਿਹਾਈ ਲਈ ਯਤਨ ਜਾਰੀ ਹਨ। ਕੇਂਦਰੀ ਵਿਦੇਸ਼ ਰਾਜ ਮੰਤਰੀ ਨੂੰ ਮਿਲਣ ਆਏ 17 ਭਾਰਤੀ ਨੌਜਵਾਨਾਂ ਦੇ ਪਰਿਵਾਰਾਂ ਵਿਚ ਲਖਵਿੰਦਰ ਕੌਰ ਫਿਰੋਜ਼ਪੁਰ, ਬਲਰਾਜ ਸਿੰਘ ਗੁਰਦਾਸਪੁਰ, ਜਸਵਿੰਦਰ ਕੌਰ ਜਗਰਾਉਂ, ਰਣਜੀਤ ਕੌਰ ਮੋਗਾ, ਪਰਮਜੀਤ ਕੌਰ ਅਤੇ ਹਰਪ੍ਰੀਤ ਕੌਰ ਸਮੇਤ ਵੱਡੀ ਗਿਣਤੀ ਵਿਚ ਹੋਰ ਵਿਅਕਤੀ ਸ਼ਾਮਲ ਸਨ। ਪੀੜਤ ਪਰਿਵਾਰਾਂ ਨੇ ਪ੍ਰਨੀਤ ਕੌਰ ਨੂੰ ਆਪਣਾ ਦੁੱਖ ਸੁਣਾਇਆ ਅਤੇ ਅਪੀਲ ਕੀਤੀ ਕਿ ਉਹ ਉਨ੍ਹਾਂ ਦੇ ਪੁੱਤਰਾਂ ਦੀ ਰਿਹਾਈ ਲਈ ਕੇਂਦਰ ਸਰਕਾਰ ਤੱਕ ਪਹੁੰਚ ਕਰਨ। ਕੇਂਦਰੀ ਵਿਦੇਸ਼ ਰਾਜ ਮੰਤਰੀ ਨੇ ਭਰੋਸਾ ਦਿਵਾਇਆ ਕਿ ਇਸ ਮਾਮਲੇ ਦੀ ਦੇਖ ਰੇਖ ਕਰਨ ਲਈ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਸਮੇਤ ਹੋਰਨਾਂ ਮੰਤਰੀਆਂ ਅਤੇ ਸਬੰਧਤ ਅਧਿਕਾਰੀਆਂ ਦੀ ਕਈ ਵਾਰ ਮੀਟਿੰਗ ਹੋ ਚੁੱਕੀ ਹੈ। ਉਨ੍ਹਾਂ ਕਿਹਾ ਕਿ ਇਸ ਮਾਮਲੇ ਨੂੰ ਲੈ ਕੇ ਭਾਰਤੀ ਅਧਿਕਾਰੀ ਦੁਬਈ ਵਿਚ ਸਬੰਧਤ ਵਿਭਾਗ ਦੇ ਉੱਚ ਅਧਿਕਾਰੀਆਂ ਨੂੰ ਮਿਲੇ ਹਨ। ਉਨ੍ਹਾਂ ਇਹ ਵੀ ਦੱਸਿਆ ਕਿ ਇਸ ਸਾਰੇ ਮਾਮਲੇ ਦੀ ਦੇਖ-ਰੇਖ ਕੇਂਦਰੀ ਵਿਦੇਸ਼ ਮੰਤਰੀ ਐਸ ਐਮ ਕ੍ਰਿਸ਼ਨਾ ਨੂੰ ਸੌਂਪੀ ਗਈ ਹੈ ਜੋ ਦੁਬਈ ਦੀ ਸਰਕਾਰ ਅਤੇ ਸਬੰਧਤ ਪ੍ਰਸ਼ਾਸਨ ਨਾਲ ਸੰਪਰਕ ਕਰ ਰਹੇ ਹਨ। ਪ੍ਰਨੀਤ ਕੌਰ ਨੇ ਕਿਹਾ ਕਿ ਇਹ ਮਾਮਲਾ ਹੱਲ ਕਰਨ 'ਚ ਕੋਈ ਕਸਰ ਬਾਕੀ ਨਹੀਂ ਛੱਡੀ ਜਾਵੇਗੀ।

ਦੂਜੇ ਪਾਸੇ ਲੋਕ ਭਲਾਈ ਪਾਰਟੀ ਦੇ ਕੌਮੀ ਸੀਨੀਅਰ ਮੀਤ ਪ੍ਰਧਾਨ ਅਤੇ ਮੁੱਖ ਬੁਲਾਰੇ ਅਵਤਾਰ ਸਿੰਘ ਮੁੱਲਾਂਪੁਰੀ ਨੇ ਆਖਿਆ ਕਿ ਦੁਬਈ (ਸ਼ਾਰਜਾਹ) ਵਿਖੇ 17 ਭਾਰਤੀਆਂ ਨੂੰ ਮੌਤ ਦੀ ਸਜ਼ਾ ਸੁਣਾਏ ਜਾਣ ਤੋਂ ਬਾਅਦ ਵੀ ਭਾਰਤ ਸਰਕਾਰ ਨੇ ਖਮੋਸ਼ੀ ਧਾਰੀ ਹੋਈ ਹੈ। ਲੋਕ ਭਲਾਈ ਪਾਰਟੀ ਦੇ ਮੁਖੀ ਨੇ ਪਿੰਡ ਵਰਪਾਲ ਵਿਖੇ ਪੱਤਰਕਾਰ ਮਿਲਣੀ ਦੌਰਾਨ ਦਾਅਵਾ ਕੀਤਾ ਕਿ ਦੁਬਈ 'ਚ ਇਕ ਪਾਕਿਸਤਾਨੀ ਨਾਗਰਿਕ ਦੇ ਕਤਲ ਮਾਮਲੇ ਵਿਚ 17 ਭਾਰਤੀਆਂ ਨੂੰ ਮੌਤ ਦੀ ਦਿੱਤੀ ਗਈ ਸਜ਼ਾ ਉਹ ਹਰ ਹੀਲਾ ਵਰਤ ਕੇ ਮੁਆਫ਼ ਕਰਵਾਉਣਗੇ। ਉਨ੍ਹਾਂ ਕਿਹਾ ਕਿ ਇਨ੍ਹਾਂ 17 ਭਾਰਤੀਆਂ ਨੂੰ ਵਾਪਸ ਪੰਜਾਬ 'ਚ ਹਰ ਹਾਲਤ ਵਿਚ ਲਿਆਂਦਾ ਜਾਵੇਗਾ। ਸ੍ਰੀ ਰਾਮੂਵਾਲੀਆ ਨੇ ਇਸ ਮੁੱਦੇ 'ਤੇ ਚਿੰਤਾ ਜ਼ਾਹਿਰ ਕਰਦਿਆਂ ਕਿਹਾ ਕਿ ਜੇਕਰ 12 ਅਪ੍ਰੈਲ ਤੋਂ ਪਹਿਲਾਂ-ਪਹਿਲਾਂ ਭਾਰਤ ਸਰਕਾਰ ਨੇ ਇਨ੍ਹਾਂ ਦੀ ਜਾਨ ਬਚਾਉਣ ਲਈ ਕੋਈ ਠੋਸ ਕਦਮ ਨਾ ਚੁੱਕਿਆ ਤਾਂ 17 ਪੰਜਾਬੀਆਂ ਦੀ ਮੌਤ ਦੀ ਸਜ਼ਾ ਮੁਆਫ਼ ਨਹੀਂ ਕਰਵਾਈ ਜਾ ਸਕੇਗੀ। ਉਨ੍ਹਾਂ ਨੇ ਇਸ ਮਾਮਲੇ ਨੂੰ ਲੈ ਕੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨਾਲ ਮੁਲਾਕਤ ਵੀ ਕੀਤੀ ਹੈ। ਉਨ੍ਹਾਂ ਨੇ ਇਹ ਵੀ ਦੱਸਿਆ ਕਿ ਪ੍ਰਭਾਵਿਤ ਪੰਜਾਬੀਆਂ ਦੀ ਖ਼ਬਰਸਾਰ ਲੈਣ ਅਤੇ ਮੁਲਕ ਦੇ ਹਾਕਮਾਂ ਨਾਲ ਗੱਲਬਾਤ ਕਰਨ ਵਾਸਤੇ ਲੋਕ ਭਲਾਈ ਪਾਰਟੀ ਦਾ ਇੱਕ ਵਫ਼ਦ ਦੁਬਈ ਜਾ ਰਿਹਾ ਹੈ ਜੋ ਅਜ਼ਮ ਸੁਲਤਾਨ ਸ਼ੇਖ਼ ਮੁਹੰਮਦ ਅਤੇ ਇਸਲਾਮ ਧਰਮ ਦੇ ਪ੍ਰਤੀਨਿਧਾਂ ਨਾਲ ਮੁਲਾਕਾਤ ਕਰਕੇ 17 ਪੰਜਾਬੀਆਂ ਦੇ ਬਚਾਅ ਦੇ ਯਤਨ ਕਰੇਗਾ। ਵਫ਼ਦ ਵਿਚ ਸ਼ਾਮਲ ਅਵਤਾਰ ਸਿੰਘ ਮੁੱਲਾਪੁਰੀ, ਅਮਰੀਕ ਸਿੰਘ ਵਰਪਾਲ ਅਤੇ ਸੁਖਵਿੰਦਰ ਸਿੰਘ ਬਰਾੜ ਆਦਿ ਨੇ ਦੱਸਿਆ ਕਿ ਅਸੀਂ ਦੁਬਈ ਜਾ ਕੇ 17 ਪੰਜਾਬੀਆਂ ਨੂੰ ਮਿਲਾਂਗੇ ਅਤੇ ਫ਼ਿਰ ਉਨ੍ਹਾਂ ਦੇ ਬਚਾਅ ਲਈ ਭਾਰਤੀ ਦੂਤਾਵਾਸ ਦਫ਼ਤਰ ਦੀਆਂ ਸੇਵਾਵਾਂ ਲੈਂਦਿਆਂ ਉਥੇ ਦੇ ਆਗੂਆਂ ਨਾਲ ਮੁਲਾਕਾਤ ਕਰਾਂਗੇ।

ਇਸ ਦੌਰਾਨ ਯੂਨਾਈਟਿਡ ਅਰਬ ਅਮੀਰਾਤ (ਯੂਏਈ) 'ਚ ਸਜ਼ਾ ਏ ਮੌਤ ਪਾਉਣ ਵਾਲੇ 17 ਭਾਰਤੀਆਂ ਨੂੰ ਬਚਾਉਣ ਲਈ ਭਾਰਤ ਸਰਕਾਰ ਨੇ ਸ਼ਾਰਜਾਹ 'ਚ ਆਪਣਾ ਵਕੀਲ ਨਿਯੁਕਤ ਕਰ ਦਿੱਤਾ ਹੈ। ਸਰਕਾਰ ਦੇ ਇਸ ਕਦਮ ਨਾਲ ਇਨ੍ਹਾਂ 17 ਭਾਰਤੀ ਨਾਗਰਿਕਾਂ ਨੂੰ ਬਚਾਉਣ ਦੀ ਉਮੀਦ ਨੂੰ ਵੀ ਬਲ ਮਿਲਿਆ ਹੈ। ਸਰਕਾਰ ਨੇ ਇਸ ਗੱਲ ਦੇ ਸੰਕੇਤ ਦਿੱਤੇ ਹਨ ਕਿ ਪੂਰੇ ਮਾਮਲੇ ਨੂੰ ਉਚ ਅਦਾਲਤ ਵਿਚ ਲਿਜਾਣ ਲਈ ਕਦਮ ਚੁੱਕੇ ਜਾ ਰਹੇ ਹਨ। ਯਾਦ ਰਹੇ ਦੁਬਈ 'ਚ 17 ਭਾਰਤੀਆਂ, ਜਿਨ੍ਹਾਂ ਨੂੰ ਉਥੋਂ ਦੀ ਇੱਕ ਅਦਾਲਤ ਨੇ ਫਾਂਸੀ ਦੀ ਸਜ਼ਾ ਸੁਣਾਈ ਹੈ। ਇਨ੍ਹਾਂ 'ਚ 16 ਪੰਜਾਬ ਦੇ ਤੇ ਇੱਕ ਹਰਿਆਣੇ ਦਾ ਰਹਿਣ ਵਾਲਾ ਵਿਅਕਤੀ ਸ਼ਾਮਲ ਹੈ।ਇਨ੍ਹਾਂ ਲਈ ਬਲਵੰਤ ਸਿੰਘ ਰਾਮੂਵਾਲੀਆ ਤੇ ਪਾਰਟੀ ਦੇ ਸੀਨੀਅਰ ਆਗੂ ਰਮਨਦੀਪ ਸਿੰਘ ਭਰੋਵਾਲ ਦਿੱਲੀ ਬੈਠ ਕੇ ਲਾਬਿੰਗ ਕਰ ਰਹੇ ਹਨ।

ਉਨ੍ਹਾਂ ਕਿਹਾ ਕਿ ਜਿਹੜੀਆਂ ਦੇਸ਼ ਦੀਆਂ ਚੋਟੀ ਦੀਆਂ ਮੁਸਲਿਮ ਜਥੇਬੰਦੀਆਂ ਨਾਲ ਉਹ ਸੰਪਰਕ ਕਰ ਰਹੇ ਹਨ, ਉਨ੍ਹਾਂ 'ਚ ਕੁੱਲ ਹਿੰਦ ਦਾਰੂਲ-ਉਜ਼ੂਮ, ਤਨਜ਼ੀਮੇ ਬਹਾਬੀਅਤ ਹਿੰਦੂ ਅਤੇ ਕੁੱਲ ਹਿੰਦ ਸ਼ੰਨੀ ਹਨਫੀ ਬੋਰਡ ਸ਼ਾਮਲ ਹਨ। ਸ੍ਰੀ ਰਾਮੂਵਾਲੀਆ ਨੇ ਕਿਹਾ ਕਿ ਅਮਰੀਕਾ, ਜਰਮਨੀ,



*ਪ੍ਰਨੀਤ ਕੌਰ ਵਲੋਂ ਹਰ ਸੰਭਵ ਮਦਦ ਦਾ ਭਰੋਸਾ *ਭਾਰਤੀਆਂ ਨੂੰ ਮੌਤ ਦੇ ਮੂੰਹ 'ਚੋਂ ਬਚਾਉਣ ਲਈ ਹਰ ਹੀਲਾ ਵਰਤਾਂਗੇ : ਰਾਮੂਵਾਲੀਆ

ਆਸਟ੍ਰੇਲੀਆ ਤੇ ਕੈਨੇਡਾ ਅਜਿਹੇ ਦੇਸ਼ ਹਨ, ਜਿਨ੍ਹਾਂ ਦੇ ਨਾਗਰਿਕ ਕਿਧਰੇ ਫਸ ਵੀ ਜਾਣ ਤਾਂ ਉਹ ਸਾਰਾ ਜ਼ੋਰ ਲਗਾ ਕੇ ਉਨ੍ਹਾਂ ਨੂੰ ਬਚਾ ਲੈਂਦੇ ਹਨ।

ਉਨ੍ਹਾਂ ਮੰਗ ਕੀਤੀ ਕਿ ਭਾਰਤ ਸਰਕਾਰ ਦੁਬਈ ਵਿਚਲੇ ਭਾਰਤੀ ਦੂਤਾਵਾਸ ਦੀ ਵੀ ਜਾਂਚ ਕਰਵਾਏ ਕਿ ਉਸ ਨੇ ਇਸ ਸੰਜੀਦਾ ਮਸਲੇ ਬਾਰੇ ਕੀ ਕੀਤਾ ਸੀ ? ਉਨ੍ਹਾਂ ਭਾਰਤ ਸਰਕਾਰ ਤੋਂ ਮੰਗ ਕੀਤੀ ਕਿ ਪੀੜਤ ਪਰਿਵਾਰਾਂ ਨੂੰ 20-20 ਹਜ਼ਾਰ ਰੁਪਏ ਪ੍ਰਤੀ ਮਹੀਨਾ ਦਿੱਤੇ ਜਾਣ ਜਦੋਂ ਤੱਕ ਦੁਬਈ ਫਸੇ ਇਨ੍ਹਾਂ ਦੇ ਮੈਂਬਰ ਬਾਹਰ ਨਹੀਂ ਆ ਜਾਂਦੇ। ਉਨ੍ਹਾਂ ਕਿਹਾ ਕਿ ਇਸ ਮਸਲੇ 'ਤੇ ਧਿਆਨ ਖਿੱਚਣ ਲਈ 7 ਅਪ੍ਰੈਲ ਨੂੰ ਲੋਕ ਭਲਾਈ ਪਾਰਟੀ ਪੰਜਾਬ ਭਰ 'ਚ ਜ਼ਿਲ੍ਹਾ ਹੈਡ ਕੁਆਰਟਰਾਂ 'ਤੇ ਇਨ੍ਹਾਂ ਭਾਰਤੀਆਂ ਨੂੰ ਬਚਾਉਣ ਲਈ ਅਪੀਲਾਂ ਕਰੇਗੀ।

ਜਿਹੜੇ ਪੰਜਾਬੀਆਂ ਨੂੰ ਦੁਬਈ 'ਚ ਮੌਤ ਦੀ ਸਜ਼ਾ ਸੁਣਾਈ ਗਈ ਹੈ ਉਨ੍ਹਾਂ 'ਚ ਜਲੰਧਰ ਦੇ ਪਿੰਡ ਸੰਘੇਵਾਲ ਦਾ ਬਲਜੀਤ ਸਿੰਘ, ਲੁਧਿਆਣਾ ਜ਼ਿਲ੍ਹੇ ਦੇ ਤਿੰਨ ਵਿਅਕਤੀ ਕੁਲਵਿੰਦਰ ਸਿੰਘ ਪੁੱਤਰ ਬਲਦੇਵ ਸਿੰਘ ਵਾਸੀ ਬੰਗਸੀਪੁਰਾ, ਸਤਨਾਮ ਸਿੰਘ ਵਾਸੀ ਕੂਹਲੀ ਕਲਾਂ, ਤੇ ਬਲਜੀਤ ਸਿੰਘ ਪੁੱਤਰ ਮਲਕੀਅਤ ਸਿੰਘ ਵਾਸੀ ਐਡੀਆਣਾ, ਬਰਨਾਲਾ ਦੇ ਸੁਖਜੋਤ ਸਿੰਘ ਪੁੱਤਰ ਭੋਲਾ ਸਿੰਘ ਸੰਘੇੜਾ, ਗੁਰਦਾਸਪੁਰ ਦੇ ਰਵਿੰਦਰ ਸਿੰਘ ਪੁੱਤਰ ਬਲਰਾਜ ਸਿੰਘ ਵਾਸੀ ਗੋਖੂਵਾਲ, ਸੁਖਜਿੰਦਰ ਸਿੰਘ ਪੁੱਤਰ ਗੁਰਮੇਜ ਸਿੰਘ ਪੱਟੀ ਤਰਨ ਤਾਰਨ, ਧਰਮਪਾਲ ਸਿੰਘ ਪੁੱਤਰ ਪਰਮਜੀਤ ਸਿੰਘ ਜ਼ਿਲ੍ਹਾ ਫਿਰੋਜ਼ਪੁਰ, ਕੁਲਦੀਪ ਸਿੰਘ ਪੁੱਤਰ ਸੂਬਾ ਸਿੰਘ, ਖੁਖਰਾਣਾ ਜ਼ਿਲ੍ਹਾ ਮੋਗਾ, ਨਵਜੋਤ ਸਿੰਘ ਵਾਸੀ ਕੁਲਾ ਪੱਤੀ ਰਾਏਕੋਟ, ਤਰਨਜੀਤ ਸਿੰਘ, ਰਾਮ ਸਿੰਘ, ਭਾਨ ਸਿੰਘ, ਕਸ਼ਮੀਰ ਸਿੰਘ ਪਿੰਡ ਰੱਤਕੋ ਜ਼ਿਲ੍ਹਾ ਤਰਨ ਤਾਰਨ, ਸਤਿਗੁਰੂ ਸਿੰਘ ਪੁੱਤਰ ਗੁਰਮੇਲ ਸਿੰਘ ਟੱਲ ਘਨੋਰ ਤੇ ਸੁਖਵਿੰਦਰ ਸਿੰਘ ਸ਼ਾਮਲ ਹਨ। ਇਹ ਵੀ ਪਤਾ ਲਗਾ ਹੈ ਕਿ ਯੂ.ਏ.ਈ. ਦੀ ਸਟੇਟ ਸ਼ਾਰਜਾ ਦੇ ਭਾਰਤੀ ਕੌਂਸਲੇਟ ਜਨਰਲ ਸ੍ਰੀ ਸੰਜੇ ਵਰਮਾ ਨੇ ਦੱਸਿਆ ਕਿ ਸਾਡਾ ਅਫਸਰ ਮਨਜ਼ੂਰੀ ਮਿਲਣ ਤੋਂ ਬਾਅਦ ਜੇਲ੍ਹ ਜਾ ਕੇ ਕੈਦੀਆਂ ਨੂੰ ਮਿਲਿਆ ਹੈ। ਉਨ੍ਹਾਂ ਸਾਰੇ 17 ਕੈਦੀਆਂ ਦੇ ਨਾਂਅ, ਪਤੇ ਅਤੇ ਕੁਝ ਦੇ ਪਾਸਪੋਰਟ ਨੰਬਰ ਵੀ ਦਰਜ ਕੀਤੇ ਪਰ ਉਨ੍ਹਾਂ ਕੋਈ ਵੀ ਜਾਣਕਾਰੀ ਮੀਡੀਆ ਨੂੰ ਦੇਣ ਤੋਂ ਇਨਕਾਰ ਕਰਦਿਆਂ ਕਿਹਾ ਕਿ ਅਸੀਂ

ਉਨ੍ਹਾਂ ਕੈਦੀਆਂ ਦੀ ਬੇਨਤੀ ਸਵੀਕਾਰ ਕਰਦੇ ਹੋਏ ਉਨ੍ਹਾਂ ਦੇ ਨਾਂਅ ਕਿਸੇ ਵੀ ਮੀਡੀਆ ਨੂੰ ਨਹੀਂ ਦੇ ਸਕਦੇ। ਉਨ੍ਹਾਂ ਇਸ ਨੂੰ ਗੁਪਤ ਰੱਖਣ ਦੀ ਬੇਨਤੀ ਕੀਤੀ ਹੈ। ਉਨ੍ਹਾਂ ਕਿਹਾ ਕਿ ਕਾਨੂੰਨੀ ਮਾਹਿਰਾਂ ਨਾਲ ਮਸ਼ਵਰੇ ਕੀਤੇ ਹਨ ਤੇ ਵਕੀਲ ਕਰ ਲਿਆ ਹੈ। ਕੋਰਟ ਨੂੰ ਵਕਾਲਤਨਾਮਾ ਲੈਣ ਲਈ ਬੇਨਤੀ ਕੀਤੀ ਗਈ ਹੈ, ਜਿਉਂ ਹੀ ਸਾਨੂੰ ਫੈਸਲੇ ਦੀ ਕਾਪੀ ਮਿਲ ਜਾਵੇਗੀ, ਅਸੀਂ ਅਪੀਲ ਦੀ ਅਰਜ਼ੀ ਦਾਇਰ ਕਰਾਂਗੇ।

**ਬਾਦਲ ਨੇ ਪ੍ਰਧਾਨ ਮੰਤਰੀ ਦਾ ਦਖਲ ਮੰਗਿਆ:** ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ ਨੇ ਇਸ ਮਾਮਲੇ ਵਿਚ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਦੀ ਨਿੱਜੀ ਦਖਲ-ਅੰਦਾਜ਼ੀ ਦੀ ਮੰਗ ਕੀਤੀ ਹੈ। ਪ੍ਰਧਾਨ ਮੰਤਰੀ ਨੂੰ ਲਿਖੇ ਇਕ ਪੱਤਰ ਵਿਚ ਬਾਦਲ ਨੇ ਉਹਨਾਂ ਨੂੰ ਆਪਣਾ ਅਸਰ-ਰਸੂਖ ਵਰਤ ਕੇ ਤੁਰੰਤ ਯੂ.ਏ.ਈ. ਸਰਕਾਰ ਨਾਲ ਗੱਲ ਕਰਨ ਲਈ ਕਿਹਾ, ਤਾਂ ਜੋ ਇਹਨਾਂ ਨੌਜੁਆਨਾਂ ਨੂੰ ਇਨਸਾਫ ਮੁਹੱਈਆ ਕਰਵਾਇਆ ਜਾ ਸਕੇ। ਬਾਦਲ ਨੇ ਕਿਹਾ ਕਿ ਇਕੱਲੇ ਕਤਲ ਲਈ 17 ਵਿਅਕਤੀਆਂ ਨੂੰ ਮੌਤ ਦੀ ਸਜ਼ਾ ਦਿੱਤੇ ਜਾਣ ਤੋਂ ਸਾਫ ਭਾਸਦਾ ਹੈ ਕਿ ਨਿਆਂ ਪ੍ਰਣਾਲੀ ਦੀ ਗਲਤ ਵਰਤੋਂ ਕੀਤੀ ਜਾ ਰਹੀ ਹੈ। ਮੁੱਖ ਮੰਤਰੀ ਨੇ ਪ੍ਰਧਾਨ ਮੰਤਰੀ ਨੂੰ ਬੇਨਤੀ ਕੀਤੀ ਕਿ ਉਹ ਉਹਨਾਂ ਦੇ ਬਚਾਓ ਦੀਆਂ ਅਪੀਲਾਂ ਲਈ ਲੋੜੀਂਦੀ ਸਹਾਇਤਾ ਮੁੱਹਈਆ ਕਰਵਾਉਣ ਲਈ ਬਦੇਸ਼ੀ ਮਾਮਲੇ ਮੰਤਰਾਲੇ ਨੂੰ ਕਹਿਣ। ਮੁੱਖ ਮੰਤਰੀ ਨੇ ਇਹ ਵੀ ਪ੍ਰਗਟਾਵਾ ਕੀਤਾ ਕਿ ਪੰਜਾਬ ਦੇ ਕਿਰਤੀ ਅਤੇ ਨਿਪੁੰਨ ਕਾਮੇ ਪਿਛਲੇ 25 ਸਾਲਾਂ ਤੋਂ ਯੂ.ਏ.ਈ. ਅਤੇ ਹੋਰ ਮੱਧ ਪੂਰਬੀ ਦੇਸ਼ਾਂ ਦੇ ਬੁਨਿਆਦੀ ਢਾਂਚੇ ਦੇ ਵਿਕਾਸ ਲਈ ਦਿਨ-ਰਾਤ ਮਿਹਨਤ ਕਰਦੇ ਆ ਰਹੇ ਹਨ। ਦੱਸਣਾ ਬਣਦਾ ਹੈ ਕਿ ਸ਼ਾਰਜਾਹ ਦੀ ਸ਼ਰੀਅਤ ਅਦਾਲਤ 'ਚ ਬੀਤੀ 29 ਮਾਰਚ ਨੂੰ 17 ਭਾਰਤੀਆਂ ਨੂੰ ਕਥਿਤ ਤੌਰ 'ਤੇ ਇਕ ਪਾਕਿਸਤਾਨੀ ਨਾਗਰਿਕ ਦੀ ਹੱਤਿਆ ਕਰਨ ਅਤੇ 3 ਹੋਰਾਂ ਨੂੰ ਜ਼ਖ਼ਮੀ ਕਰਨ ਦੇ ਦੋਸ਼ 'ਚ ਸਜ਼ਾ-ਏ-ਮੌਤ ਦੀ ਸਜ਼ਾ ਸੁਣਾਈ ਗਈ ਸੀ। ਦੂਜੇ ਪਾਸੇ ਭਾਰਤੀ ਵਿਦੇਸ਼ ਮੰਤਰੀ ਐਸ ਐਮ ਕ੍ਰਿਸ਼ਨਾ ਨੇ ਇਨ੍ਹਾਂ ਫ਼ੈਸਲਿਆਂ ਨੂੰ ਮੰਦਭਾਗਾ ਦੱਸਦਿਆਂ ਆਪਣੇ ਮੰਤਰਾਲੇ ਨੂੰ ਨਿਰਦੇਸ਼ ਦਿੱਤੇ ਸਨ ਕਿ ਉਹ ਸਾਰੇ ਭਾਰਤੀਆਂ ਨੂੰ ਅਪੀਲ ਕਰਨ 'ਚ ਮਦਦ ਕਰੇ। ਪੰਜਾਬ ਦੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਨੇ ਕਿਹਾ ਕਿ ਪੰਜਾਬ ਦੇ ਮੁੱਖ ਮੰਤਰੀ ਪ੍ਰਕਾਸ਼ ਸਿੰਘ ਬਾਦਲ 7 ਅਪ੍ਰੈਲ ਨੂੰ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਮਿਲ ਰਹੇ ਹਨ।

**ਪਹਿਲਾਂ ਵੀ ਭਾਰਤੀ ਨਾਗਰਿਕ ਨੂੰ ਮੌਤ ਦੀ ਸਜ਼ਾ ਦੇ ਚੁੱਕੀ ਹੈ ਦੁਬਈ ਸਰਕਾਰ:** ਅੱਠ ਸਾਲ ਤਕ ਦੁਬਈ ਵਿਚ ਬਰਤਾਨਵੀ ਕੰਪਨੀ ਦੇ ਪੀ.ਆਰ.ਓ ਰਹਿ ਚੁਕੇ ਇਥੋਂ ਦੇ ਇਕ ਵਸਨੀਕ ਨੇ ਇੱਥੇ ਗੱਲਬਾਤ ਕਰਦਿਆਂ ਦਸਿਆ ਕਿ ਸੰਯੁਕਤ ਅਰਬ ਅਮੀਰਾਤ ਵਿਚ ਪਹਿਲਾਂ ਵੀ ਕਈ ਭਾਰਤੀ ਨਾਗਰਿਕਾਂ ਨੂੰ ਮੌਤ ਦੀ ਸਜ਼ਾ ਦੇ ਚੁੱਕਾ ਹੈ ਅਤੇ ਇਸ ਸਬੰਧੀ ਉਨ੍ਹਾਂ ਰਹਿਮ ਸਬੰਧੀ ਅਪੀਲ ਨੂੰ ਬਿਲਕੁਲ ਵੀ ਅਹਿਮੀਅਤ ਨਹੀਂ ਦਿਤੀ। ਪਿੰਡ ਅਰਾਈਆਂ ਵਾਲਾ ਦੇ ਵਸਨੀਕ ਸੁਰਜੀਤ ਸਿੰਘ ਸੰਧੂ ਜੋ ਦੁਬਈ ਵਿਚ ਕੀਅਰ ਇੰਟਰਨੈਸ਼ਨਲ ਬਰਾਤਨਵੀ ਕੰਪਨੀ ਦੇ ਲੋਕ ਸੰਪਰਕ ਅਫ਼ਸਰ ਦੇ ਤੌਰ 'ਤੇ ਅੱਠ ਸਾਲ ਨੌਕਰੀ ਕਰ ਚੁੱਕੇ ਹਨ, ਨੇ ਦਸਿਆ ਕਿ 1979 ਵਿਚ ਭਾਰਤ ਦੀ ਤਤਕਾਲੀ ਪ੍ਰਧਾਨ ਮੰਤਰੀ ਇੰਦਰਾ ਗਾਂਧੀ ਦੁਬਈ ਦੌਰੇ 'ਤੇ ਗਏ ਸਨ ਜਿਥੇ ਭਾਰਤੀਆਂ ਦੇ ਇਕ ਵਫ਼ਦ ਨੇ ਸ੍ਰੀਮਤੀ ਗਾਂਧੀ ਨੂੰ ਅਪੀਲ ਕੀਤੀ ਸੀ ਕਿ ਉਹ ਕੇਰਲਾ ਦੇ ਇਕ ਵਸਨੀਕ ਐਨ.ਪੀ. ਵਿਦਿਆਰਥੀ ਨੂੰ ਕਤਲ ਕੇਸ ਵਿਚ ਹੋਈ ਫਾਂਸੀ ਦੀ ਸਜ਼ਾ ਰੱਦ ਕਰਵਾਉਣ ਲਈ ਦੁਬਈ ਦੀ ਸਰਕਾਰ ਨਾਲ ਗੱਲ ਕਰਨ ਤਦ ਦੇਸ਼ ਦੀ ਪ੍ਰਧਾਨ ਮੰਤਰੀ ਨੇ ਸੰਯੁਕਤ ਅਰਬ ਇਮਰਾਤ ਦੇ ਸ਼ੇਖ ਨੂੰ ਕੇਰਲਾ ਸੂਬੇ ਦੇ ਵਸਨੀਕ ਨੂੰ ਮੌਤ ਦੀ ਸਜ਼ਾ ਨੂੰ ਉਮਰ ਕੈਦ ਵਿਚ ਬਦਲਣ ਲਈ ਕਿਹਾ ਸੀ ਪ੍ਰੰਤੂ ਦੁਬਈ ਦੀ ਸਰਕਾਰ ਨੇ ਉਸ ਨੂੰ ਅਗਲੇ ਦਿਨ ਹੀ ਫਾਂਸੀ 'ਤੇ ਲਟਕਾ ਦਿੱਤਾ ਸੀ। ਇਸ ਨੌਜਵਾਨ 'ਤੇ ਇਕ ਲੜਕੀ ਨੂੰ ਕਤਲ ਕਰ ਕੇ ਉਸ ਦੀ ਲਾਸ਼ ਖੁਰਦ-ਬੁਰਦ ਕਰਨ ਦਾ ਦੋਸ਼ ਸੀ।

## ਬੈਂਕ 'ਚੋਂ ਢਾਈ ਲੱਖ ਲੁੱਟੇ

**ਕੁਹਾੜਾ:** ਕੁਹਾੜਾ-ਮਾਛੀਵਾੜਾ ਰੋਡ 'ਤੇ ਸਟੇਟ ਬੈਂਕ ਆਫ ਇੰਡੀਆ ਦੀ ਬਰਾਂਚ 'ਚੋਂ 5 ਅਪ੍ਰੈਲ ਨੂੰ ਦਿਨ-ਦਿਹਾੜੇ ਕਰੀਬ 8 ਲੁਟੇਰਿਆਂ ਨੇ ਢਾਈ ਲੱਖ ਰੁਪਏ ਲੁੱਟ ਲਏ। ਉਨ੍ਹਾਂ ਨੇ ਹਮਲਾ ਕਰਕੇ 3 ਸਟਾਫ ਮੈਂਬਰਾਂ ਨੂੰ ਵੀ ਫੱਟੜ ਕਰ ਦਿੱਤਾ।

ਬਰਾਂਚ ਮੈਨੇਜਰ ਸ੍ਰੀ ਬਜਾਜ ਨੇ ਦੱਸਿਆ ਕਿ ਅਣਪਛਾਤੇ ਬੰਦਿਆਂ ਨੇ ਬੈਂਕ ਅੰਦਰ ਵੜਦਿਆਂ ਹੀ ਗੰਨਮੈਨ ਭੁਪਿੰਦਰ ਸਿੰਘ ਨਾਲ ਹੱਥੋਪਾਈ ਕਰਕੇ ਉਸ ਦੀ ਰਾਈਫਲ ਖੋਹ ਲਈ। ਉਸ ਤੋਂ ਬਾਅਦ ਬਾਕੀ ਸਟਾਫ ਨੂੰ ਛੁਰਿਆਂ ਨਾਲ ਜ਼ਖ਼ਮੀ ਕਰ ਕੇ ਖਾਈ ਲੱਖ ਰੁਪਏ ਦੇ ਲਗਭਗ ਰਕਮ ਲੁੱਟ ਕੇ ਫਰਾਰ ਹੋ ਗਏ। ਲੁਧਿਆਣਾ ਪੁਲਸ ਵੀ ਮੌਕੇ 'ਤੇ ਪਹੁੰਚ ਗਏ। ਲੁਟੇਰੇ ਜਾਂਦੇ ਹੋਏ ਰਾਈਫਲ ਤੇ 10 ਜ਼ਿੰਦਾ ਕਾਰਤੂਸ ਵੀ ਲੈ ਗਏ।


CENTRAL TRAILER REPAIR
3275 E Central Fresno, CA
Ph: 559 268 8231
We work on all makes & models of refrigeration units.



- ਅਸੀਂ ਤੁਹਾਡੀਆਂ ਟਰੇਲਰ ਰਿਪੇਅਰ ਦੀਆਂ ਸਾਰੀਆਂ ਜ਼ਰੂਰਤਾਂ ਬਿਹਤਰੀਨ ਸੇਵਾ ਨਾਲ ਪੂਰੀਆਂ ਕਰਦੇ ਹਾਂ।
- ਸਾਡੇ ਕੋਲ ਨਵੇਂ ਥਰਮੋ ਕਿੰਗ ਅਤੇ ਕੈਰੀਅਰ ਇੰਜਨ ਸਟਾਕ ਵਿਚ ਹਨ।
- ਅਸੀਂ ਤੁਹਾਡੇ ਬਿਜਨਸ ਦੀਆਂ ਮੌਸਮੀ ਜਾਂ ਸਟੋਰੇਜ ਦੀਆਂ ਲੋੜਾਂ ਪੂਰੀਆਂ ਕਰਨ ਲਈ ਰੀਫਰ ਟਰੇਲਰ ਪੂਰੀ ਮੇਂਟੀਨੈਂਸ ਕਵਰੇਜ਼ ਨਾਲ ਕਿਰਾਏ 'ਤੇ ਦਿੰਦੇ ਹਾਂ।

We rent trailers for short and long term purposes and also have Thermo King and Carrier engines in stock.

ਕਾਲ ਕਰੋ: ਪਾਲ ਤੂਰ 559-473-8387 (ਸੈਲ)
E-mail:paul@cfxfresno.com



Realtor & Mortgage Specialist
Bay Area & Central Valley

ਚੰਗੀ ਜੁਗਤਤ-ਚਿੰਤਾ ਮੁਕਤਤ

ਘਰ, ਹੋਟਲ, ਮੋਟਲ, ਗੈਸ ਸਟੇਸ਼ਨ, ਲਿੱਕਰ ਸਟੋਰ, ਗਰੋਸਰੀ ਸਟੋਰ ਤੇ ਹਰ ਪ੍ਰਕਾਰ ਦੀ ਬਿਜਨਸ ਪ੍ਰਾਪਰਟੀ ਖਰੀਦਣ-ਵੇਚਣ ਵਿਚ ਚੰਗੀ ਜੁਗਤ ਨਾਲ ਚਿੰਤਾ ਮੁਕਤ ਕਰ ਸਕਦੇ ਹਾਂ



RAJ SINGH
M.A., M.Ed Retd. Principal
Realtor & Financial Adviser
Lic#01776459 & OG22467

ਬੈਂਕਾਂ ਨੂੰ ਮੁੜੇ ਜ਼ਬਤ ਘਰ ਤੇ ਸ਼ਾਰਟ ਸੇਲ ਵਾਲੇ ਘਰ ਖਰੀਦਣ ਸਮੇਂ ਅੱਵਲ ਦਰਜੇ ਦੀ ਸੇਵਾ ਦੇ ਸਕਦੇ ਹਾਂ।

Refinance, Home Loan, SBA Loan
(All at Best Rates)

RAJ SINGH
Notary Free
Cell:510-452-7370
MISSIONPEAK

3.5% ਡਾਊਨ ਨਾਲ ਘਰ ਦੁਆ ਕੇ ਕਿਰਾਏ ਦਾ ਝੰਜਟ ਮੁਕਾ ਸਕਦੇ ਹਾਂ

46560 Fremont Blvd.,
Suite #111 Fremont, CA 94538
singhrajpaul@yahoo.com


# ਟੌਹੜਾ ਦੇ ਸ਼ਰਧਾਂਜਲੀ ਸਮਾਗਮ 'ਚ ਦੋਵੇਂ ਬਾਦਲ ਨਾ ਪੁੱਜੇ

**ਪਟਿਆਲਾ :** ਪੰਜਾਬ ਵਿਚ ਲੋਕ ਹਿਤੂ ਅਕਾਲੀ-ਭਾਜਪਾ ਸਰਕਾਰ ਦੀ ਸਥਾਪਨਾ ਵਿਚ ਪੰਥ ਰਤਨ ਮਰਹੂਮ ਜਥੇਦਾਰ ਗੁਰਚਰਨ ਸਿੰਘ ਟੌਹੜਾ ਦਾ ਵੱਡਾ ਯੋਗਦਾਨ ਰਿਹਾ ਹੈ, ਜਿਨ੍ਹਾਂ ਪੰਜਾਬ ਦੀਆਂ ਹੱਕੀ ਮੰਗਾਂ ਲਈ ਲੰਮਾ ਸਮਾਂ ਜੇਲ੍ਹਾਂ ਕੱਟੀਆਂ ਅਤੇ ਕਈ ਮੋਰਚੇ ਲਗਾਏ। ਸਾਨੂੰ ਜਥੇਦਾਰ ਟੌਹੜਾ ਦੀ ਸੱਚੀ-ਸੁੱਚੀ ਸੋਚ 'ਤੇ ਪਹਿਰਾ ਦਿੰਦਿਆਂ ਉਨ੍ਹਾਂ ਵਲੋਂ ਵਿਖਾਏ ਮਾਰਗ ਨੂੰ ਗ੍ਰਹਿਣ ਕਰਕੇ ਪੰਜਾਬ ਦੇ ਵਿਕਾਸ ਲਈ ਕੰਮ ਕਰਨੇ ਚਾਹੀਦੇ ਹਨ।

ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਅਨਾਜ ਮੰਡੀ ਟੌਹੜਾ ਵਿਖੇ ਪੰਥ ਰਤਨ ਮਰਹੂਮ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ 6ਵੀਂ ਬਰਸੀ ਮੌਕੇ ਪੰਜਾਬ ਸਰਕਾਰ ਵਲੋਂ ਕਰਵਾਏ ਗਏ ਸ਼ਰਧਾਂਜਲੀ ਸਮਾਰੋਹ ਮੌਕੇ ਪੰਜਾਬ ਦੇ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਦੀ ਤਰਫ਼ੋਂ ਸ਼ਰਧਾਂਜਲੀ ਦੇਣ ਪੁੱਜੇ ਪੰਜਾਬ ਦੇ ਸੂਚਨਾ ਤੇ ਲੋਕ ਸੰਪਰਕ ਮੰਤਰੀ ਸ. ਸੇਵਾ ਸਿੰਘ ਸੇਖਵਾਂ ਨੇ ਕਹੇ ।

ਉਨ੍ਹਾਂ ਕਿਹਾ ਕਿ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਇਕ ਸਧਾਰਨ ਪਰਿਵਾਰ ਵਿਚ ਜਨਮ ਲੈ ਕੇ ਉਸ ਬੁਲੰਦੀ ਤੱਕ ਸਫ਼ਰ ਤੈਅ ਕੀਤਾ, ਜਿਸ ਬਾਰੇ ਸੋਚਣਾ ਵੀ ਮੁਸ਼ਕਿਲ ਹੈ। ਸ. ਸੇਖਵਾਂ ਨੇ ਕਿਹਾ ਕਿ 1967 ਤੋਂ ਬਾਅਦ ਪੰਜਾਬ ਵਿਚ ਜੋ ਵੀ ਲੋਕ ਹਿਤੂ ਸਰਕਾਰਾਂ ਬਣੀਆਂ, ਉਨ੍ਹਾਂ ਵਿਚ ਜਥੇਦਾਰ ਟੌਹੜਾ ਨੇ ਵੱਡੀ ਭੂਮਿਕਾ ਅਦਾ ਕੀਤੀ। ਉਨ੍ਹਾਂ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ 27 ਵਾਰ ਪ੍ਰਧਾਨ ਰਹਿੰਦਿਆਂ ਸਿੱਖ ਕੌਮ ਅਤੇ ਪੰਜਾਬ ਦੀ ਨਿਸ਼ਕਾਮ ਸੇਵਾ ਕੀਤੀ ਹੈ। ਉਨ੍ਹਾਂ ਕਿਹਾ ਕਿ ਜਥੇਦਾਰ ਟੌਹੜਾ ਦੇ ਚਲੇ ਜਾਣ ਨਾਲ ਪੰਥ ਅਤੇ ਪੰਜਾਬ ਨੂੰ ਬਹੁਤ ਵੱਡਾ ਘਾਟਾ ਪਿਆ। ਸ. ਸੇਖਵਾਂ ਨੇ ਕਿਹਾ ਕਿ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਸਿਹਤ ਖ਼ਰਾਬ ਹੋਣ ਕਾਰਨ ਨਹੀਂ ਆ ਸਕੇ। ਇਸ ਮੌਕੇ ਸ. ਸੇਖਵਾਂ ਸਵ. ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਸੁਪਤਨੀ ਮਾਤਾ ਜੋਗਿੰਦਰ ਕੌਰ ਨੂੰ ਵੀ ਵਿਸ਼ੇਸ਼ ਤੌਰ 'ਤੇ ਮਿਲੇ ਅਤੇ ਆਪਣੇ ਤੇ ਮੁੱਖ ਮੰਤਰੀ ਪੰਜਾਬ ਪ੍ਰਕਾਸ਼ ਸਿੰਘ ਬਾਦਲ ਦੀ ਤਰਫ਼ੋਂ ਸਤਿਕਾਰ ਭੇਟ ਕੀਤਾ।

ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਤੇ ਉਪ ਮੁੱਖ ਮੰਤਰੀ ਸੁਖਬੀਰ ਸਿੰਘ ਬਾਦਲ ਦੀ ਤਰਫ਼ੋਂ ਸ਼ਰਧਾਂਜਲੀ ਦੇਣ ਪੁੱਜੇ ਸ. ਬਿਕਰਮਜੀਤ ਸਿੰਘ ਮਜੀਠੀਆ ਨੇ ਕਿਹਾ ਕਿ ਜਥੇਦਾਰ ਗੁਰਚਰਨ ਸਿੰਘ ਟੌਹੜਾ ਇਕ ਵਿਅਕਤੀ ਨਾ ਹੋ ਕੇ ਇਕ ਸੰਸਥਾ ਸਨ, ਜਿਨ੍ਹਾਂ ਨੇ ਹਮੇਸ਼ਾ ਸਿੱਖ ਕੌਮ ਅਤੇ ਪੰਜਾਬ ਦੇ ਭਲੇ ਲਈ ਕੰਮ ਕੀਤੇ। ਉਨ੍ਹਾਂ ਨੌਜਵਾਨਾਂ ਨੂੰ ਅਪੀਲ ਕੀਤੀ ਕਿ ਉਹ ਮਰਹੂਮ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਸਿਧਾਂਤਾਂ ਤੋਂ ਪ੍ਰੇਰਨਾ ਲੈ ਕੇ ਸਮਾਜ ਵਿਚ ਫੈਲੀਆਂ ਕੁਰੀਤੀਆਂ ਦੇ ਖਾਤਮੇ ਲਈ ਅੱਗੇ ਆਉਣ। ਉਨ੍ਹਾਂ ਕਿਹਾ ਕਿ ਉਨ੍ਹਾਂ ਵਲੋਂ ਦਰਸਾਏ ਰਸਤੇ 'ਤੇ ਚੱਲ ਕੇ ਅਤੇ ਉਨ੍ਹਾਂ ਦੀ ਵਿਚਾਰਧਾਰਾ ਨੂੰ ਅਪਣਾ ਕੇ ਹੀ ਅਸੀਂ ਜਥੇਦਾਰ ਟੌਹੜਾ ਨੂੰ ਸੱਚੀ ਸ਼ਰਧਾਂਜਲੀ ਦੇ ਸਕਦੇ ਹਾਂ। ਇਸ ਮੌਕੇ ਸ. ਮਜੀਠੀਆ ਨੇ ਮਰਹੂਮ ਜਥੇਦਾਰ ਟੌਹੜਾ ਦੀ ਯਾਦ ਵਿਚ ਲਗਾਏ ਗਏ ਖ਼ੂਨਦਾਨ ਕੈਂਪ ਦਾ ਉਦਘਾਟਨ ਵੀ ਕੀਤਾ।



ਇਸ ਮੌਕੇ ਮੈਂਬਰ ਰਾਜ ਸਭਾ ਸੁਖਦੇਵ ਸਿੰਘ ਢੀਂਡਸਾ ਨੇ ਕਿਹਾ ਕਿ ਜਥੇਦਾਰ ਟੌਹੜਾ ਨੇ ਪੰਜਾਬ ਲਈ ਬਹੁਤ ਘਾਲਣਾਵਾਂ ਘਾਲੀਆਂ। ਉਨ੍ਹਾਂ ਮਰਹੂਮ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੀ ਸੋਚ 'ਤੇ ਪਹਿਰਾ ਦੇਣ ਦਾ ਸੱਦਾ ਦਿੱਤਾ। ਇਸ ਮੌਕੇ ਟਰਾਂਸਪੋਰਟ ਮੰਤਰੀ ਮਾਸਟਰ ਮੋਹਨ ਲਾਲ ਨੇ ਜਥੇਦਾਰ ਟੌਹੜਾ ਨੂੰ ਸ਼ਰਧਾਂਜਲੀ ਦਿੰਦਿਆਂ ਕਿਹਾ ਕਿ ਜਥੇਦਾਰ ਟੌਹੜਾ ਨੇ ਪੰਜਾਬ ਦੀਆਂ ਹੱਕੀ ਮੰਗਾਂ ਤੇ ਮਜ਼ਬੂਤੀ ਲਈ ਜੋ ਸੰਘਰਸ਼ ਕੀਤਾ ਉਸ ਨੂੰ ਭੁਲਾਇਆ ਨਹੀਂ ਜਾ ਸਕਦਾ। ਉਨ੍ਹਾਂ ਭਾਜਪਾ ਦੀ ਸਮੁੱਚੀ ਲੀਡਰਸ਼ਿਪ ਵਲੋਂ ਮਰਹੂਮ ਜਥੇਦਾਰ ਟੌਹੜਾ ਨੂੰ ਸ਼ਰਧਾਂਜਲੀ ਭੇਟ ਕੀਤੀ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਪ੍ਰੋ. ਪ੍ਰੇਮ ਸਿੰਘ ਚੰਦੂਮਾਜਰਾ ਨੇ ਕਿਹਾ ਕਿ ਜਦੋਂ ਕੇਂਦਰ ਨੇ ਸਰਕਾਰੀ ਖਜ਼ਾਨੇ ਵਿਚੋਂ ਸ੍ਰੀ ਅਕਾਲ ਤਖ਼ਤ ਸਾਹਿਬ ਦੀ ਉਸਾਰੀ ਦੀ ਗੱਲ ਕੀਤੀ ਤਾਂ ਉਹ ਜਥੇਦਾਰ ਟੌਹੜਾ ਹੀ ਸਨ, ਜਿਨ੍ਹਾਂ ਨੇ ਪ੍ਰੈਸ ਦੇ ਸਾਹਮਣੇ ਇਹ ਗੱਲ ਕਹੀ ਸੀ ਕਿ ਸਰਕਾਰੀ ਖਜ਼ਾਨੇ ਦਾ ਇੱਕ ਵੀ ਪੈਸਾ ਇਸ ਪਵਿੱਤਰ ਤੇ ਇਤਿਹਾਸਕ ਇਮਾਰਤ 'ਤੇ ਨਹੀਂ ਲੱਗੇਗਾ ਅਤੇ ਸਾਰਾ ਕੰਮ ਸਿੱਖ ਕੌਮ ਵਲੋਂ ਆਪਣੇ ਪੱਧਰ 'ਤੇ ਕਰਵਾਇਆ ਜਾਵੇਗਾ।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੇ ਇਸ ਮੌਕੇ ਕਿਹਾ ਕਿ ਜਥੇਦਾਰ ਟੌਹੜਾ ਕੌਮ ਦੇ ਮਹਾਨ ਜਰਨੈਲਾਂ ਵਿਚੋਂ ਇੱਕ ਸਨ, ਜਿਨ੍ਹਾਂ ਨੇ ਕੌਮ ਲਈ ਬਹੁਤ ਕੁਰਬਾਨੀਆਂ ਦਿੱਤੀਆਂ। ਉਨ੍ਹਾਂ ਕਿਹਾ ਕਿ ਜਥੇਦਾਰ ਟੌਹੜਾ ਨੇ ਜਿਸ ਤਰ੍ਹਾਂ ਇੱਕ ਦਰਵੇਸ਼ ਸਾਧੂ ਵਾਂਗ ਸਿੱਖ ਪੰਥ ਦੀ ਸੇਵਾ ਕੀਤੀ ਉਹ ਬੇਮਿਸਾਲ ਹੈ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਸੱਚੀ ਸ਼ਰਧਾਂਜਲੀ ਇਹੋ ਹੋਵੇਗੀ ਕਿ ਅਸੀਂ ਇਹ ਪ੍ਰਣ ਕਰੀਏ ਕਿ ਅਸੀਂ ਉਨ੍ਹਾਂ ਵਲੋਂ ਦਿਖਾਏ ਮਾਰਗ 'ਤੇ ਚਲਾਂਗੇ। ਇਸ ਸ਼ਰਧਾਂਜਲੀ ਸਮਾਰੋਹ ਨੂੰ ਸ. ਹੀਰਾ ਸਿੰਘ ਗਾਬੜੀਆ ਸੱਭਿਆਚਾਰਕ ਮਾਮਲਿਆਂ ਬਾਰੇ ਮੰਤਰੀ, ਡਾ. ਦਲਜੀਤ ਸਿੰਘ ਚੀਮਾ ਸਲਾਹਕਾਰ ਮੁੱਖ ਮੰਤਰੀ ਪੰਜਾਬ, ਬਲਵਿੰਦਰ ਸਿੰਘ ਭੂੰਦੜ ਸਾਬਕਾ ਮੰਤਰੀ, ਮਹੇਸ਼ਇੰਦਰ ਸਿੰਘ ਗਰੇਵਾਲ ਸਾਬਕਾ ਮੰਤਰੀ, ਭਾਈ ਮਨਜੀਤ ਸਿੰਘ ਅਤੇ ਬੀਰ ਦਵਿੰਦਰ ਸਿੰਘ ਸਾਬਕਾ ਡਿਪਟੀ ਸਪੀਕਰ ਪੰਜਾਬ ਵਿਧਾਨ ਸਭਾ ਨੇ ਵੀ ਸੰਬੋਧਨ ਕੀਤਾ। ਇਸ ਮੌਕੇ ਸ਼੍ਰੋਮਣੀ ਅਕਾਲੀ ਦਲ ਦਿਹਾਤੀ ਦੇ ਜ਼ਿਲ੍ਹਾ ਪ੍ਰਧਾਨ ਅਜੈਬ ਸਿੰਘ ਮੁਖਮੈਲਪੁਰ ਅਤੇ ਜ਼ਿਲ੍ਹਾ ਪ੍ਰੀਸ਼ਦ ਮੈਂਬਰ ਹਰਿੰਦਰਪਾਲ ਸਿੰਘ ਟੌਹੜਾ ਨੇ ਆਏ ਮਹਿਮਾਨਾਂ ਨੂੰ ਜੀ ਆਇਆ ਕਿਹਾ। ਇਸ ਮੌਕੇ ਜਥੇਦਾਰ ਟੌਹੜਾ ਦੀ ਯਾਦ 'ਚ ਇੱਕ ਕਲੈਂਡਰ ਵੀ ਜਾਰੀ ਕੀਤਾ ਗਿਆ।

## ਕੇ ਐਫ ਐਫ ਖਾੜਕੂ ਵੱਲੋਂ ਯੂਥ ਕਾਂਗਰਸ ਦਫ਼ਤਰ 'ਤੇ ਧਮਾਕੇ 'ਚ ਸ਼ਾਮਲ ਹੋਣ ਤੋਂ ਇਨਕਾਰ

**ਨਵੀਂ ਦਿੱਲੀ:** ਪਾਬੰਦੀਸ਼ੁਦਾ ਜਥੇਬੰਦੀ ਖ਼ਾਲਿਸਤਾਨ ਲਿਬਰੇਸ਼ਨ ਫੋਰਸ ਦੇ ਖਾੜਕੂ ਨੇ 1993 'ਚ ਨਵੀਂ ਦਿੱਲੀ 'ਚ ਯੂਥ ਕਾਂਗਰਸ ਦੇ ਹੈੱਡਕੁਆਰਟਰ ਨੇੜੇ ਹੋਏ ਬੰਬ ਧਮਾਕੇ 'ਚ ਕਿਸੇ ਤਰ੍ਹਾਂ ਦੀ ਭੂਮਿਕਾ ਤੋਂ ਇਨਕਾਰ ਕੀਤਾ ਹੈ। ਖ਼ਾਲਿਸਤਾਨ ਲਿਬਰੇਸ਼ਨ ਫੋਰਸ ਨਾਲ ਸੰਬੰਧਤ ਰਹੇ ਹਰਨੇਕ ਸਿੰਘ ਨੇ ਐਡੀਸ਼ਨਲ ਸੈਸ਼ਨ ਜੱਜ ਜੇ ਆਰ ਆਰੀਅਨ ਦੀ ਅਦਾਲਤ 'ਚ ਦੱਸਿਆ ਕਿ ਉਸ ਨੂੰ ਅਜਿਹੇ ਕਿਸੇ ਬੰਬ ਧਮਾਕੇ ਬਾਰੇ ਕੋਈ ਜਾਣਕਾਰੀ ਨਹੀਂ ਅਤੇ ਉਸ ਵਿਚ ਧਮਾਕੇ ਦੀ ਸਾਜ਼ਿਸ਼ 'ਚ ਸ਼ਾਮਲ ਹੋਣ ਦਾ ਦੋਸ਼ ਝੂਠਾ ਅਤੇ ਪੂਰੀ ਤਰ੍ਹਾਂ ਗਲਤ ਹੈ। ਹਰਨੇਕ ਸਿੰਘ ਧਮਾਕੇ ਮਗਰੋਂ 10 ਸਾਲਾਂ ਤੱਕ ਭਗੌੜਾ ਰਿਹਾ ਅਤੇ 2004 'ਚ ਗ੍ਰਿਫਤਾਰ ਕੀਤਾ ਗਿਆ, ਵਲੋਂ ਸੀ ਆਰ ਪੀ ਸੀ ਦੀ ਧਾਰਾ 313 ਤਹਿਤ ਅਦਾਲਤ 'ਚ ਆਪਣੇ ਬਿਆਨ ਦਰਜ ਕਰਵਾਏ ਗਏ।

ਦੋਸ਼ੀ ਨੇ ਅਦਾਲਤ 'ਚ 28 ਸਵਾਲਾਂ ਦੇ ਜਵਾਬ ਦਿੱਤੇ ਅਤੇ ਆਪਣੇ ਬਚਾਅ 'ਚ ਕੋਈ ਗਵਾਹ ਭੁਗਤਾਉਣ ਤੋਂ ਇਨਕਾਰ ਕਰਦਿਆਂ ਕਿਹਾ ਕਿ ਪੰਜਾਬ ਤੋਂ ਪੁਲਸ ਦੀਆਂ ਧਮਕੀਆਂ ਤੋਂ ਡਰਦਾ ਕੋਈ ਵੀ ਗਵਾਹ ਇੱਥੇ ਆਉਣ ਦੀ ਹਿੰਮਤ ਨਹੀਂ ਕਰ ਸਕੇਗਾ। 1993 ਨੂੰ ਰਾਇਸੀਨਾ ਰੋਡ ਸਥਿਤ ਯੂਥ ਕਾਂਗਰਸ ਦੇ ਦਫਤਰ ਦੇ ਬਾਹਰ ਧਮਾਕੇ ਨਾਲ 9 ਵਿਅਕਤੀ ਮਾਰੇ ਗਏ ਸਨ ।

## Matrimonials



Jat Sikh parents from Midwest seek suitable match for their US born, handsome, clean shaven, 26, 6'-1" Engineer son, manager in a large national corporation. Please contact: sikh5family@gmail.com

US citizen or green card holder Jatt Sikh match for US citizen girl, 25, 5'-4", Master's in accounting, working with state government. Boy on work visa can also be considered. Contact-lakhwinderbrar81@yahoo.ca

Match for 27, 5'-2" Jatt Sikh, MA English, B.ed., doing masters in Information Techonology, has one sistor married in canada, brother doing Mech Engg. e-mail bio data-Hsingh2222@gmail.com

Parents seek professional, slim, attractive Sikh match for handsome Jat Sikh, Canadian born, non-smoker, non-drinker, 6.2', 32, cleanshaven, athletic son, working with energy company in San Diego CA, USA earning very high six figure salary, B.COM & MBA from well reputed Canadian varsities. Photos will be appreciated respond to info@victoriaairportshuttle.com

Handsome Sikh, well settled, educated, divorcee issueless Punjabi Sikh gentleman, 48, 5'-10" seeks well settled, educated US citizen/visitor life partner age 40-50 with no kids, no liability. Call: 516-503-6718

ਸੋਹਣੇ ਸੁਨੱਖੇ ਜੱਟ ਸਿੱਖ ਕੰਗ, ਅਮਰੀਕਨ ਸਿਟੀਜ਼ਨ, 29, 5'11" ਲੜਕੇ ਲਈ ਅਮਰੀਕੀ ਸਿਟੀਜ਼ਨ ਜਾਂ ਗਰੀਨ ਕਾਰਡ ਹੋਲਡਰ ਲੜਕੀ ਦੀ ਲੋੜ ਹੈ। ਵਿਜ਼ੀਟਰ ਵੀਜ਼ੇ 'ਤੇ ਵੀ ਵਿਚਾਰ ਕੀਤੀ ਜਾ ਸਕਦੀ ਹੈ। ਸੰਪਰਕ ਕਰੋ:530-310-6777, 530-310-3843

MRP TRAVEL
Lowest International and Domestic Fares
ARC FLY ANY AIRLINE OF YOUR CHOICE IATA
Providing the lowest Air-fare, Cruise and Travel Packages to Asia, Africa, Europe, the Middle East and North America
408-929-8005
E-mail:mrptravel@gmail.com
2123 Port Way, San Jose, CA 95133
CST: 2097308-40



Emirates
Asiana Airlines
KOREAN AIR
SINGAPORE AIRLINES CATHAY PACIFIC Lufthansa CHINA AIRLINES
We Also Offer Notary Service

B & Sons Travel
➢All Airlines ➢International and Domestic
➢Wholesale Fares Around the World
We Will Beat or Match any Fare !
Office Hours
Mon-Fri:
9am -6pm
Saturday
9am-5pm



CST. REG. # 2092042-40
President : Avtar Singh
Tel:707-703-1451, Cell:707-688-6094
Fax : (707) 427-6573, Email:bsonstravel@yahoo.com
1652 West Texas St. Suite 205, Fairfield, CA 94533
We Also Have Special Vacation Packages
Contact any time from anywhere

NCP College of Nursing
Educate | Grow | Succeed
100% NCLEX-PN Pass Rate!
SSF Campus
5 Consecutive Quarters
January 1008 - March 2009
Affordable Payment Plans!
Up to 10 years Repayment Terms on Approved Credit
Start your career now!
Find a job fast using our Job Placement Office.
Full Time
Part Time
Day & Evening
Start Your Nursing Career Today!



12 Month LVN Program • 20 Day CNA Program
• LVN Vocational Nursing Program
• CNA Nursing Assistant Training
• CNA Acute Care Training
• IV Therapy & Blood Withdrawal Certification Course
• NCLEX-PN Test Preparation Workshop
• CPR
• Medical Terminology
• Continuing Education for RNs
Peninsula Campus
257 Longford Drive #5
So. San Francisco, CA 94080
1.800.339.5145
East Bay Campus
21615 Hesperian Blvd, Ste A
Hayward, CA 94541
1.800.611.4054
Choose which is right for you...
Your career is a call away. Call today!
www.ncpcollegeofnursing.com

FARMERS INSURANCE GROUP
Symbol of Superior Service
FARMERS®
ਆਟੋ, ਘਰ, ਬਿਜਨਸ, ਲਾਈਫ ਇੰਸ਼ੋਰੈਂਸ ਚੰਗੇ ਭਾਅ ਉਤੇ ਕਰਵਾਉਣ ਲਈ ਸੇਵਾ ਦਾ ਮੌਕਾ ਦਿਓ, ਸਹੀ ਰਾਏ ਨਾਲ ਸਹੀ ਇੰਸ਼ੋਰੈਂਸ ਕਵਰੇਜ ਲਓ ਤੇ ਨਿਸ਼ਚਿੰਤ ਹੋ ਜਾਓ
*Auto *Home *Life *Umbrella
*Business Work Comp.
Duabba Insurance Agency
2450 Peralta Blvd Suite 120, Fremont CA 94536
Phone: 510-797-7989 Fax: 510-794-7398
visit us@ farmers.com



Gurcharan Singh Mann
Insurance Agent
License # 0C 70672
ਪਾਲਿਸੀ (ਅਤੇ ਪ੍ਰਾਸਪੈਕਟਸ, ਜੇ ਲਾਗੂ ਹੋਵੇ) ਸਿਰਫ ਅੰਗਰੇਜ਼ੀ ਵਿੱਚ ਉਪਲੱਬਧ ਹੈ ਜਿਸਦੀ ਦਫਤਰ ਵਲੋਂ ਮਨਜ਼ੂਰੀ ਹੈ।

# ਪੰਜਾਬ ਦਾ ਪਾਣੀ ਰਾਜਸਥਾਨ ਨੂੰ ਮੁਫਤ, ਲਾਸ਼ਾਂ ਮੁੱਲ ਵਿਕਦੀਆਂ

**ਚੰਡੀਗੜ੍ਹ:** ਰਾਜਸਥਾਨ ਨੂੰ ਪਾਣੀ ਦਿੰਦੀਆਂ ਪੰਜਾਬ ਦੀਆਂ ਨਹਿਰਾਂ ਰਾਹੀਂ ਰੁੜ੍ਹ ਕੇ ਜਾ ਰਹੀਆਂ ਅਣਪਛਾਤੀਆਂ ਲਾਸ਼ਾਂ ਕਰਕੇ ਰਾਜਸਥਾਨ ਦੇ ਅਧਿਕਾਰੀਆਂ ਦੀ ਮੌਜ ਲੱਗੀ ਹੋਈ ਹੈ। ਰਾਜਸਥਾਨ ਵਿਚ ਅਣਪਛਾਤੀਆਂ ਲਾਸ਼ਾਂ ਦੀ ਮੋਟੇ ਮੁੱਲ ਤੇ ਮੈਡੀਕਲ ਕਾਲਜਾਂ ਨੂੰ ਵਿਕਰੀ ਹੋ ਰਹੀ ਹੈ। ਕਰੀਬ ਇਕ ਹਫਤਾ ਪਹਿਲਾਂ ਰਾਜਸਥਾਨ ਦੀ ਚੱਲ ਰਹੀ ਵਿਧਾਨ ਸਭਾ ਦੇ ਸੈਸ਼ਨ ਵਿਚ ਇਸ ਮਾਮਲੇ ਦੀ ਗੂੰਜ ਤੋਂ ਬਾਦ ਹੋ ਰਹੀ ਪੜਤਾਲ 'ਚ ਇਹ ਪ੍ਰਗਟ ਹੋ ਰਿਹਾ ਹੈ ਕਿ ਜ਼ਿਆਦਾਤਰ ਅਣਪਛਾਤੀਆਂ ਲਾਸ਼ਾਂ ਪੰਜਾਬ 'ਚੋਂ ਆਉਂਦੀਆਂ ਨਹਿਰਾਂ ਰਾਹੀਂ ਹੀ ਰਾਜਸਥਾਨ ਪੁੱਜ ਰਹੀਆਂ ਹਨ। ਪਰ ਪੰਜਾਬ ਪੁਲਿਸ ਨੇ ਇਸ ਪਾਸੇ ਕੋਈ ਧਿਆਨ ਨਹੀਂ ਦਿੱਤਾ ਹੈ।

ਲੰਘੀ 29 ਅਤੇ 30 ਮਾਰਚ ਨੂੰ ਰਾਜਸਥਾਨ ਵਿਧਾਨ ਸਭਾ ਦੇ ਚੱਲ ਰਹੇ ਸੈਸ਼ਨ ਵਿਚ ਅਣਪਛਾਤੀਆਂ ਲਾਸ਼ਾਂ ਨੂੰ ਪੰਜਾਬ ਦੀ ਹੱਦ ਦੇ ਨਾਲ ਲੱਗਦੇ ਜ਼ਿਲ੍ਹਾ ਸ੍ਰੀ ਗੰਗਾਨਗਰ ਦੀ ਪੁਲਿਸ ਵਲੋਂ ਮੋਟੇ ਮੁੱਲ, 7-7 ਲੱਖ ਰੁਪਏ ਵਿਚ ਵੇਚ ਦੇਣ ਦੇ ਮਾਮਲੇ ਦੀ ਗੂੰਜ ਉੱਠੀ। ਮਾਮਲਾ ਸ੍ਰੀਗੰਗਾਨਗਰ ਤੋਂ ਹੀ ਇਕ ਸਮਾਜ ਸੇਵੀ ਦੇ ਜਿੰਦਾ ਅਤੇ ਬੇਹੋਸ਼ ਪੁੱਤਰ ਨੂੰ ਮ੍ਰਿਤਕ ਕਰਾਰ ਦੇ ਕੇ ਲਾਸ਼ ਇਕ ਪ੍ਰਾਈਵੇਟ ਮੈਡੀਕਲ ਕਾਲਜ ਨੂੰ 7 ਲੱਖ ਵਿਚ ਵੇਚ ਦੇਣ ਦਾ ਸੀ, ਜਿਸ 'ਤੇ ਵਿਵਾਦ ਉਠਿਆ। ਖਾਸ ਗੱਲ ਇਹ ਵੀ ਸੀ ਕਿ ਲਾਸ਼ਾਂ ਕੇਵਲ ਸ੍ਰੀਗੰਗਾਨਗਰ ਜ਼ਿਲ੍ਹੇ ਵਿਚ ਹੀ ਨਹੀਂ ਵਿਕ ਰਹੀਆਂ, ਸਗੋਂ ਏਥੋਂ ਰਾਜਸਥਾਨ ਦੇ ਹੋਰਨਾਂ ਜ਼ਿਲ੍ਹਿਆਂ ਦੇ ਨਿੱਜੀ ਮੈਡੀਕਲ ਕਾਲਜਾਂ ਅਤੇ ਕੁਝ ਹੋਰ ਸੂਬਿਆਂ ਵਿਚ ਵਿਕਣ ਦਾ ਵੀ ਮਾਮਲਾ ਚਰਚਾ 'ਚ ਆਇਆ।

ਰਾਜਸਥਾਨ ਵਿਧਾਨ ਸਭਾ ਵਿਚ ਇਸਦੇ ਨਾਲ ਹੀ ਇਸ ਤਰ੍ਹਾਂ ਦੋਸ਼ ਵੀ ਲੱਗੇ ਕਿ ਕੇਵਲ ਲਾਸ਼ਾਂ ਹੀ ਨਹੀਂ ਸਗੋਂ ਤਾਜ਼ਾ ਲਾਸ਼ਾਂ ਦੇ ਅੰਗ ਵੀ ਕੱਢ ਕੇ ਵੇਚੇ ਜਾਂਦੇ ਹਨ। ਦੋਸ਼ ਇਹ ਵੀ ਹੈ ਕਿ ਅਣਪਛਾਤੀਆਂ ਲਾਸ਼ਾਂ 'ਚੋਂ ਜ਼ਿਆਦਾਤਰ ਨੂੰ ਕਾਨੂੰਨੀ ਕਾਰਵਾਈ ਤੋਂ ਬਗੈਰ ਹੀ ਮੈਡੀਕਲ ਕਾਲਜਾਂ ਆਦਿ ਨੂੰ ਵੇਚ ਦਿੱਤਾ ਗਿਆ। ਇਸ ਮਾਮਲੇ ਵਿਚ ਹੋ ਰਹੀ ਜਾਂਚ ਵਿਚ ਫਿਲਹਾਲ 30 ਅਣਪਛਾਤੀਆਂ ਲਾਸ਼ਾਂ ਨੂੰ ਲੈ ਕੇ 25 ਪੁਲਿਸ ਅਫਸਰਾਂ ਤੋਂ ਪੁੱਛਗਿੱਛ ਜਾਰੀ ਹੈ। ਪਰ ਇਸ ਜਾਂਚ ਦੌਰਾਨ ਹੀ ਇਹ ਗੱਲ ਵੀ ਸਾਹਮਣੇ ਆ ਰਹੀ ਹੈ ਕਿ ਪੰਜਾਬ ਦੇ ਨਾਲ ਲੱਗਦੇ ਰਾਜਸਥਾਨ ਦੇ ਜ਼ਿਲ੍ਹਾ ਸ੍ਰੀਗੰਗਾਨਗਰ ਵਿਚ ਮਿਲਦੀਆਂ ਅਣਪਛਾਤੀਆਂ ਲਾਸ਼ਾਂ ਵਿਚ ਅਜਿਹੀਆਂ ਲਾਸ਼ਾਂ ਦੀ ਗਿਣਤੀ ਵੀ ਘੱਟ ਨਹੀਂ ਹੈ, ਜੋ ਲਾਸ਼ਾਂ ਪੰਜਾਬ 'ਚੋਂ ਰਾਜਸਥਾਨ ਨੂੰ ਪਾਣੀ ਦਿੰਦੀਆਂ ਦੋ ਨਹਿਰਾਂ ਬੀਕਾਨੇਰ ਨਹਿਰ ਅਤੇ ਵਿਸ਼ਵ ਦੇ ਸਭ ਤੋਂ ਵੱਡੇ ਨਹਿਰੀ ਪ੍ਰਾਜੈਕਟ ਦੀ ਨਹਿਰ ਇੰਦਰਾਂ ਗਾਂਧੀ ਨਹਿਰ ਰਾਹੀਂ ਰੁੜ ਕੇ ਪੰਜਾਬ ਦੇ ਨਾਲ ਲੱਗਦੇ ਰਾਜਸਥਾਨ ਦੇ ਜ਼ਿਲ੍ਹਿਆਂ ਸ੍ਰੀਗੰਗਾਨਗਰ ਅਤੇ ਹਨੂੰਮਾਨਗੜ੍ਹ ਵਿਚ ਪਹੁੰਚਦੀਆਂ ਹਨ। ਇਹ ਨਹਿਰਾਂ ਪੰਜਾਬ ਦੇ ਜ਼ਿਲ੍ਹਾ ਮੁਕਤਸਰ, ਫਰੀਦਕੋਟ, ਫਿਰੋਜ਼ਪੁਰ 'ਚੋਂ ਲੰਘਦੀਆਂ ਹਨ ਜਦਕਿ ਇਨ੍ਹਾਂ ਨਹਿਰਾਂ ਨੂੰ ਪਾਣੀ ਦੇਣ ਵਾਲੀਆਂ ਨਦੀਆਂ ਬਿਆਸ ਤੇ ਸਤਲੁਜ ਹਨ ਜੋ ਕਿ ਗੁਰਦਾਸਪੁਰ, ਅੰਮ੍ਰਿਤਸਰ, ਤਰਨਤਾਰਨ, ਕਪੂਰਥਲਾ, ਜਲੰਧਰ, ਲੁਧਿਆਣਾ, ਨਵਾਂ ਸ਼ਹਿਰ, ਮੋਗਾ, ਰੂਪਨਗਰ ਵਿਚੋਂ ਲੰਘਦੀਆਂ ਫਿਰੋਜ਼ਪੁਰ ਦੇ ਹਰੀਕੇ ਤੇ ਮਿਲਦੀਆਂ ਹਨ ਤੇ ਜਿੱਥੋਂ ਇਨ੍ਹਾਂ ਦਾ ਪਾਣੀ ਪੰਜਾਬ ਦੇ ਮਾਲਵਾ ਖੇਤਰ ਅਤੇ ਰਾਜਸਥਾਨ ਦੀਆਂ ਨਹਿਰਾਂ ਵਿਚ ਪੈਂਦਾ ਹੈ। ਖਾਸ ਗੱਲ ਇਹ ਵੀ ਹੈ ਕਿ ਚਾਰ ਕੁ ਸਾਲ ਪਹਿਲਾਂ ਤਕ ਰਾਜਸਥਾਨ ਦੀ ਸ੍ਰੀਗੰਗਾਨਗਰ ਪੁਲਿਸ ਅਜਿਹੀਆਂ ਲਾਸ਼ਾਂ ਦਾ ਖੁਲਾਸਾ ਵੀ ਪੰਜਾਬ ਪੁਲਿਸ ਨਾਲ ਹੁੰਦੀਆਂ ਉਸਦੀਆਂ ਮੀਟਿੰਗਾਂ ਵਿਚ ਵੀ ਕਰਦੀ ਸੀ। ਅਜਿਹੀਆਂ ਲਾਸ਼ਾਂ ਦਾ ਵੇਰਵਾ ਜਾਂ ਮੁਕੱਦਮਾ ਦਰਜ ਨਾ ਹੋਣ ਕਾਰਣ ਅਕਸਰ ਹੀ ਇਹ ਮਾਮਲਾ ਵਿਚਾਲੇ ਹੀ ਲਟਕ ਜਾਂਦਾ ਰਿਹਾ।

**ਪੰਜਾਬ ਦਾ ਦਰਿਆਈ ਪਾਣੀ ਪਿਛਲੇ ਮੁਫਤ ਜਾ ਰਿਹਾ ਰਾਸਥਾਨ ਨੂੰ:** ਇਸ ਦੌਰਾਨ ਚੰਡੀਗੜ੍ਹ ਤੋਂ ਮਿਲੀ ਇਕ ਹੋਰ ਰਿਪੋਰਟ ਅਨੁਸਾਰ ਪਾਣੀਆਂ ਦੇ ਮਾਹਰਾਂ ਦਾ ਕਹਿਣਾ ਹੈ ਕਿ ਪੰਜਾਬ ਦਾ ਜੋ ਪਾਣੀ ਰਾਜਸਥਾਨ ਨੂੰ ਦਿਤਾ ਗਿਆ ਹੈ, ਉਹ ਬਿਨਾਂ ਕਿਸੇ ਕਾਨੂੰਨ ਅਤੇ ਲਿਖਤੀ ਸਮਝੌਤੇ ਤੋਂ ਦਿਤਾ ਗਿਆ ਹੈ ਪਰ ਪਿਛਲੇ 40 ਸਾਲਾਂ ਵਿਚ ਕਿਸੇ ਵੀ ਸਰਕਾਰ ਨੇ ਇਸ ਮੁੱਦੇ ਨੂੰ ਕਿਸੇ ਵੀ ਪੱਧਰ 'ਤੇ ਨਹੀਂ ਉਠਾਇਆ ਅਤੇ ਨਾ ਹੀ ਇਹ ਮੰਗ ਕੀਤੀ ਕਿ ਜਿਸ ਤਰ੍ਹਾਂ ਭਾਰਤ ਦੀ ਵੰਡ ਤੋਂ ਪਹਿਲਾਂ ਗੰਗ ਨਹਿਰ ਰਾਹੀਂ ਲਏ ਪਾਣੀ ਦੀ ਕੀਮਤ ਰਾਜਸਥਾਨ ਦਿੰਦਾ ਸੀ, ਉਸੇ ਤਰ੍ਹਾਂ ਹੁਣ ਰਾਜਸਥਾਨ ਨਹਿਰ 'ਚ ਜਾਂਦੇ ਪਾਣੀ ਦੀ ਵੀ ਪੰਜਾਬ ਨੂੰ ਕੀਮਤ ਦਿਤੀ ਜਾਵੇ। ਰਾਏਪੇਰੀਅਨ ਕਾਨੂੰਨ ਅਨੁਸਾਰ ਰਾਜਸਥਾਨ ਦਾ ਪੰਜਾਬ ਦੇ ਪਾਣੀਆਂ ਉਪਰ ਕੋਈ ਹੱਕ ਨਹੀਂ ਬਣਦਾ। ਪੰਜਾਬ ਦੇ ਪਾਣੀਆਂ ਨੂੰ ਪਿਛਲੇ 40 ਸਾਲਾਂ ਤੋਂ ਲੁੱਟਿਆ ਜਾ ਰਿਹਾ ਹੈ ਅਤੇ ਪੰਜਾਬ ਦਾ ਕਿਸਾਨ ਨਹਿਰੀ ਪਾਣੀ ਲਈ ਤਰਸਦਾ ਹੈ ਪਰ ਪੰਜਾਬ ਦੇ ਸਿਆਸਤਦਾਨ ਅੱਜ ਤਕ ਇਸ ਮੁੱਦੇ 'ਤੇ ਚੁੱਪ ਕਿਉਂ ਹਨ? ਇਸ ਲਈ ਪੰਜਾਬ ਦੀਆਂ ਦੋਵੇਂ ਮੁੱਖ ਸਿਆਸੀ ਪਾਰਟੀਆਂ ਅਕਾਲੀ ਦਲ ਤੇ ਕਾਂਗਰਸ ਜ਼ਿੰਮੇਵਾਰ ਹਨ, ਜੋ ਵਾਰੀ-ਵਾਰੀ ਪੰਜਾਬ 'ਤੇ ਰਾਜ ਕਰਦੀਆਂ ਆ ਰਹੀਆਂ ਹਨ। ਕਾਂਗਰਸ ਨੇ ਤਾਂ ਅੱਜ ਤਕ ਪੰਜਾਬ ਦਾ ਮੁੱਦਾ ਉਠਾਇਆ ਹੀ ਨਹੀਂ ਪਰ ਅਕਾਲੀ ਕਿਉਂ ਚੁੱਪ ਰਹੇ ਹਨ? ਉਨ੍ਹਾਂ ਪਾਣੀ 'ਤੇ ਦਾਅਵਾ ਤਾਂ ਕਿਤੇ ਰਿਹਾ, ਇਸ ਬਾਰੇ ਜ਼ਿਕਰ ਵੀ ਨਹੀਂ ਕੀਤਾ। ਮਾਹਰਾਂ ਦਾ ਕਹਿਣਾ ਹੈ ਕਿ ਰਾਜਸਥਾਨ ਨਹਿਰ ਵਿਚ ਲਗਭਗ 10 ਐਮ.ਏ.ਐਫ਼ ਪਾਣੀ (ਇਕ ਕਰੋੜ ਏਕੜ ਫੁੱਟ ਪਾਣੀ) ਹਰ ਸਾਲ ਦਿਤਾ ਜਾਂਦਾ ਹੈ। ਦੂਜੇ ਪਾਸੇ ਪੰਜਾਬ ਦੇ ਮਾਲਵੇ ਦੇ ਜ਼ਿਲ੍ਹਿਆਂ ਪਟਿਆਲਾ, ਸੰਗਰੂਰ, ਬਰਨਾਲਾ, ਬਠਿੰਡਾ, ਮਾਨਸਾ, ਮੁਕਤਸਰ, ਮੋਗਾ, ਫ਼ਰੀਦਕੋਟ, ਫ਼ਿਰੋਜ਼ਪੁਰ ਅਤੇ ਲੁਧਿਆਣਾ ਜ਼ਿਲ੍ਹੇ ਦੇ ਕੁੱਝ ਇਲਾਕਿਆਂ ਵਿਚ ਧਰਤੀ ਹੇਠਲਾ ਪਾਣੀ ਬੇਹਦ ਖ਼ਾਰਾ ਹੈ। ਨਾ ਇਹ ਪੀਣਯੋਗ ਹੈ ਤੇ ਨਾ ਹੀ ਖੇਤੀ ਲਈ ਠੀਕ ਹੈ। ਇਸ ਤਰ੍ਹਾਂ ਦੁਆਬੇ ਦੇ ਦੋ ਜ਼ਿਲ੍ਹਿਆਂ ਖ਼ਾਸ ਕਰ ਕੇ ਜਲੰਧਰ ਅਤੇ ਕਪੂਰਥਲਾ 'ਚ 1965 ਤੋਂ ਪਹਿਲਾਂ ਆਮ ਤੌਰ 'ਤੇ ਟਿੱਬਿਆਂ ਉਪਰ ਮੂੰਗਫਲੀ ਬੀਜੀ ਜਾਂਦੀ ਸੀ ਪਰ 1965 ਵਿਚ ਧਰਤੀ ਹੇਠਲਾ ਪਾਣੀ ਉਪਰ ਆਉਣ ਕਰਕੇ ਅਤੇ ਨਵੀਂ ਤਕਨੀਕ ਆਉਣ ਨਾਲ ਕਿਸਾਨਾਂ ਨੇ ਟਿਊਬਵੈਲਾਂ ਨਾਲ ਖੇਤੀ ਅਰੰਭ ਕਰ ਦਿਤੀ ਅਤੇ ਟਿਬਿਆਂ ਵਿਚ ਝੋਨੇ ਦੀ ਖੇਤੀ ਕਰਨ ਲੱਗੇ। ਅੱਜ ਫਿਰ ਇਨ੍ਹਾਂ ਜ਼ਿਲ੍ਹਿਆਂ ਵਿਚ ਧਰਤੀ ਹੇਠਲਾ ਪਾਣੀ 100 ਫੁੱਟ ਤੋਂ ਵੀ ਹੇਠਾਂ ਜਾ ਚੁੱਕਾ ਹੈ ਅਤੇ ਹੁਣ ਸਬਮਰਸੀਬਲ ਟਿਊਬਵੈਲਾਂ ਨਾਲ ਹੀ ਪਾਣੀ ਕਢਿਆ ਜਾ ਸਕਦਾ ਹੈ। ਇਨ੍ਹਾਂ ਜ਼ਿਲ੍ਹਿਆਂ ਵਿਚ ਫਿਰ 1965 ਤੋਂ ਪਹਿਲਾਂ ਵਾਲੇ ਹਾਲਾਤ ਬਣਦੇ ਨਜ਼ਰ ਆ ਰਹੇ ਹਨ। ਦਰਿਆਈ ਪਾਣੀਆਂ ਦੇ ਮਾਹਰਾਂ ਦਾ ਕਹਿਣਾ ਹੈ ਕਿ ਜੇ ਰਾਜਸਥਾਨ ਨੂੰ ਜਾਂਦਾ ਪਾਣੀ, ਪੰਜਾਬ ਨੂੰ ਦਿਤਾ ਜਾਂਦਾ ਤਾਂ ਪੰਜਾਬ ਦੇ ਕਿਸੇ ਵੀ ਹਿੱਸੇ ਵਿਚ ਧਰਤੀ ਹੇਠਲਾ ਪਾਣੀ ਕੱਢਣ ਦੀ ਲੋੜ ਨਹੀਂ ਸੀ ਪੈਣੀ ਪਰ ਪੰਜਾਬ ਦਾ ਕਿਸਾਨ ਪਿਛਲੇ ਤਿੰਨ ਦਹਾਕਿਆਂ ਤੋਂ ਟਿਊਬਵੈਲਾਂ ਨਾਲ ਖੇਤੀ ਕਰ ਰਿਹਾ ਹੈ। ਲਗਭਗ ਹਰ ਸਾਲ 1400 ਕਰੋੜ ਯੂਨਿਟ ਬਿਜਲੀ ਤਾਂ ਬਿਜਲੀ ਨਾਲ ਚਲਣ ਵਾਲੇ ਟਿਊਬਵੈਲਾਂ 'ਤੇ ਹੀ ਫੂਕੀ ਜਾਂਦੀ ਹੈ, ਜਿਸ ਦੀ ਸਾਲਾਨਾ ਕੀਮਤ ਦੋ ਹਜ਼ਾਰ ਕਰੋੜ ਰੁਪਏ ਬਣਦੀ ਹੈ। ਬੇਸ਼ੱਕ ਬਿਜਲੀ ਦਾ ਭਾਅ 2 ਰੁਪਏ 40 ਪੈਸੇ ਤੋਂ 2 ਰੁਪਏ 65 ਪੈਸੇ ਪ੍ਰਤੀ ਯੂਨਿਟ ਹੈ ਪਰ ਖੇਤੀ ਲਈ ਜੋ ਬਿਜਲੀ ਮੁੱਲ ਲਈ ਜਾਂਦੀ ਹੈ, ਉਹ ਪੰਜ ਤੋਂ ਸੱਤ ਰੁਪਏ ਪ੍ਰਤੀ ਯੂਨਿਟ ਤਕ ਖ਼ਰੀਦੀ ਜਾਂਦੀ ਹੈ। ਇਸ ਤੋਂ ਇਲਾਵਾ ਲੱਖਾਂ ਦੀ ਗਿਣਤੀ ਵਿਚ ਲੱਗੇ ਡੀਜ਼ਲ ਇੰਜਣਾਂ ਵਾਲੇ ਟਿਊਬਵੈਲਾਂ ਦਾ ਖ਼ਰਚਾ ਵਖਰਾ ਹੈ। ਇਸ ਤਰ੍ਹਾਂ ਪਿਛਲੇ 40 ਸਾਲਾਂ ਵਿਚ ਲਗਭਗ 80 ਹਜ਼ਾਰ ਕਰੋੜ ਰੁਪਏ ਦੀ ਤਾਂ ਬਿਜਲੀ ਹੀ ਟਿਊਬਵੈਲਾਂ ਰਾਹੀਂ ਫੂਕੀ ਗਈ ਪਰ ਰਾਜਸਥਾਨ ਬਿਨਾਂ ਕਿਸੇ ਕਾਨੂੰਨੀ ਦਾਅਵੇ ਦੇ ਅਤੇ ਬਿਨਾਂ ਕਿਸੇ ਲਿਖਤੀ ਸਮਝੌਤੇ ਦੇ ਹਰ ਸਾਲ ਇਕ ਕਰੋੜ ਏਕੜ ਫੁੱਟ ਪੰਜਾਬ ਦਾ ਪਾਣੀ ਬਿਨਾਂ ਕੋਈ ਧੇਲਾ ਦਿਤੇ ਵਰਤਦਾ ਆ ਰਿਹਾ ਹੈ। ਜੇ ਧਰਤੀ ਹੇਠਲੇ ਪਾਣੀ ਦੀ ਕੀਮਤ ਲਾਈ ਜਾਵੇ ਤਾਂ ਇਹ ਸੋਚਿਆ ਵੀ ਨਹੀਂ ਜਾ ਸਕਦਾ ਕਿ ਪੰਜਾਬ ਕਿੰਨੀ ਵੱਡੀ ਕੀਮਤ ਬਿਨਾਂ ਕਿਸੇ ਕਾਰਨ ਤਾਰ ਰਿਹਾ ਹੈ। ਸਿਰਫ਼ ਇਥੇ ਹੀ ਬਸ ਨਹੀਂ ਕੋਈ ਵੀ ਪੰਜਾਬੀ ਰਾਜਸਥਾਨ, ਹਿਮਾਚਲ ਪ੍ਰਦੇਸ਼ ਤੇ ਜੰਮੂ ਕਸ਼ਮੀਰ ਵਿਚ ਜ਼ਮੀਨ ਨਹੀਂ ਖ਼ਰੀਦ ਸਕਦਾ। ਇਨ੍ਹਾਂ ਸੂਬਿਆਂ ਦੀਆਂ ਸਰਕਾਰਾਂ ਨੇ ਤਾਂ ਪੰਜਾਬੀਆਂ ਦੇ ਜ਼ਮੀਨ ਖ਼ਰੀਦਣ 'ਤੇ ਪਾਬੰਦੀ ਲਗਾ ਦਿਤੀ ਪਰ ਪਾਣੀ ਦੇ ਮੁੱਦੇ 'ਤੇ ਪੰਜਾਬ ਦੇ ਸਿਆਸਤਦਾਨ ਤੇ ਅਫ਼ਸਰਸ਼ਾਹੀ ਚੁੱਪ ਧਾਰੀ ਬੈਠੀ ਹੈ।

## ਲੇਖਕ ਸਤਵੰਤ ਕੈਂਥ ਚੱਲ ਵਸੇ

**ਪਟਿਆਲਾ** : ਪੰਜਾਬੀ ਦੇ ਨਾਮਵਰ ਲੇਖਕ ਸਤਵੰਤ ਕੈਂਥ ਬੀਤੇ ਦਿਨੀਂ ਇਥੇ ਅਕਾਲ ਚਲਾਣਾ ਕਰ ਗਏ ਹਨ ਉਨ੍ਹਾਂ ਦੀ ਦੇਹ ਦਾ ਰਾਜਪੁਰਾ ਕਲੋਨੀ ਸਥਿਤ ਸ਼ਮਸ਼ਾਨਘਾਟ 'ਚ ਸਸਕਾਰ ਕਰ ਦਿੱਤਾ ਗਿਆ। ਪੰਜਾਬੀ ਸਾਹਿਤ ਸਭਾ ਪਟਿਆਲਾ ਵਲੋਂ ਉਨ੍ਹਾਂ ਦੀ ਮ੍ਰਿਤਕ ਦੇਹ 'ਤੇ ਸਭਾ ਦੇ ਪ੍ਰਧਾਨ ਡਾਕਟਰ ਦਰਸ਼ਨ ਸਿੰਘ ਆਸ਼ਿਕ, ਦਵਿੰਦਰ ਪਟਿਆਲਵੀ, ਮੀਤ ਪ੍ਰਧਾਨ ਹਰਪ੍ਰੀਤ ਰਾਣਾ, ਕਹਾਣੀਕਾਰ ਬਾਬੂ ਸਿੰਘ ਰਹਿਲ, ਸੁਖਦੇਵ ਸਿੰਘ ਚਹਿਲ ਤੇ ਮਨਜੀਤ ਸਿੰਘ ਪੱਟੀ ਨੇ ਸ਼ਾਲ ਪਾ ਕੇ ਅਕੀਦਤ ਪੇਸ਼ ਕੀਤੀ। ਸ੍ਰੀ ਕੈਂਥ ਦੀ ਚਿਖ਼ਾ ਨੂੰ ਅਗਨੀ ਉਨ੍ਹਾਂ ਦੇ ਪੁੱਤਰ ਨਿਰਮਲਜੋਤ ਸਿੰਘ ਨੇ ਵਿਖਾਈ। ਉਹ ਆਪਣੇ ਪਿੱਛੇ ਪਤਨੀ ਪ੍ਰਿਤਪਾਲ ਕੌਰ ਕੈਂਥ, ਇਕ ਪੁੱਤਰ ਤੇ ਇੱਕ ਪੁੱਤਰੀ ਛੱਡ ਗਏ ਹਨ।

ਸਤਵੰਤ ਕੈਂਥ ਦਾ ਬਹੁਤਾ ਝੁਕਾਅ ਹਮੇਸ਼ਾ ਮਿੰਨੀ ਕਹਾਣੀ ਲਿਖਣ ਵਲ ਰਿਹਾ। ਉਨ੍ਹਾਂ ਮਿੰਨੀ ਕਹਾਣੀਆਂ ਦਾ ਪਰਚਾ 'ਮਿੰਨੀ ਕਹਾਣੀ' ਵੀ ਕੱਢਣਾ ਸ਼ੁਰੂ ਕੀਤਾ, ਜਿਸ ਨੇ ਬੜੀ ਛੇਤੀ ਲੇਖਕਾਂ ਵਿਚ ਥਾਂ ਬਣਾ ਲਈ। ਇਸੇ ਲਗਨ ਨੂੰ ਮੁੱਖ ਰੱਖ ਕੇ ਮਿੰਨੀ ਕਹਾਣੀ ਮੰਚ ਵਲੋਂ ਉਨ੍ਹਾਂ ਦੀਆਂ ਪ੍ਰਾਪਤੀਆਂ ਦਾ ਮਾਣ ਕਰਦਿਆਂ ਸਾਲ 2001 ਵਿਚ ਉਨ੍ਹਾਂ ਨੂੰ ਪਹਿਲਾ 'ਮਾਨ ਕੌਰ ਯਾਦਗਾਰੀ ਮਿੰਨੀ ਕਹਾਣੀ ਪੁਰਸਕਾਰ' ਦੇ ਕੇ ਸਨਮਾਨ ਕੀਤਾ ਗਿਆ। ਉਨ੍ਹਾਂ ਨੂੰ ਇਹ ਮਾਣ ਹਾਸਲ ਸੀ ਕਿ ਪੰਜਾਬੀ ਵਿਚ ਮਿੰਨੀ ਕਹਾਣੀ ਲਿਖਣ ਵਾਲਿਆਂ ਵਿਚ ਉਹ ਮੋਢੀ ਲੇਖਕ ਸਨ। ਸ੍ਰੀ ਕੈਂਥ ਦੇ ਗੀਤ ਚਿਤਰਾ ਸਿੰਘ ਵਰਗੇ ਉਘੇ ਗਾਇਕਾਂ ਨੇ ਗਾਏ।

# ਵਿਸ਼ਵ ਸਿੱਖ ਸੰਮੇਲਨ-ਯੂ.ਕੇ. ਅਕਾਲੀ ਦਲ ਨੇ ਸ਼ਮੂਲੀਅਤ ਲਈ ਸ਼ਰਤਾਂ ਰਖੀਆਂ

**ਨਵੀਂ ਦਿੱਲੀ :** ਪੰਜਾਬ ਅਤੇ ਹੋਰਨਾਂ



ਸੂਬਿਆਂ 'ਚ ਧਾਰਮਕ ਸਰਗਰਮੀਆਂ ਵਿਚ ਤੇਜ਼ੀ ਲਿਆਉਣ ਵਾਲੀ ਜਥੇਬੰਦੀ ਸ਼੍ਰੋਮਣੀ ਅਕਾਲੀ ਦਲ ਯੂ.ਕੇ. ਦੇ ਪ੍ਰਧਾਨ ਸ. ਜਸਜੀਤ ਸਿੰਘ ਯੂ.ਕੇ. ਨੇ ਲੰਘੀ 5 ਅਪ੍ਰੈਲ ਨੂੰ ਇਕ ਪ੍ਰੈੱਸ ਬਿਆਨ ਜਾਰੀ ਕਰ ਕੇ ਕਿਹਾ ਹੈ ਕਿ ਮੌਜੂਦਾ ਹਾਲਤ ਨੂੰ ਮੁੱਖ ਰੱਖ ਕੇ ਅਕਾਲੀ ਦਲ ਯੂ.ਕੇ 'ਵਰਲਡ ਸਿੱਖ ਕਨਵੈਨਸ਼ਨ' ਤੋਂ ਦੂਰ ਹੀ ਰਹੇਗਾ ਪਰ ਜੇ ਕਨਵੈਨਸ਼ਨ ਸਬੰਧੀ ਅਕਾਲੀ ਦਲ ਯੂ.ਕੇ. ਵਲੋਂ ਦਿਤੇ ਗਏ ਸੁਝਾਵਾਂ ਨੂੰ ਦਿੱਲੀ ਕਮੇਟੀ ਪ੍ਰਬੰਧਕਾਂ ਵਲੋਂ ਹਾਂ-ਪੱਖੀ ਹੁੰਗਾਰਾ ਦੇਣ ਦਾ ਸੰਕੇਤ ਦਿਤਾ ਜਾਂਦਾ ਹੈ ਤਾਂ ਅਕਾਲੀ ਦਲ ਯੂ.ਕੇ. ਵਲੋਂ ਕਨਵੈਨਸ਼ਨ ਨੂੰ ਸਫ਼ਲ ਬਨਾਉਣ ਵਿਚ ਹਰ ਸੰਭਵ ਸਹਿਯੋਗ ਦਿਤਾ ਜਾਵੇਗਾ। ਸ. ਜਸਜੀਤ ਸਿੰਘ ਯੂ.ਕੇ. ਨੇ ਕਿਹਾ, ''ਪਿਛਲੇ ਕੁੱਝ ਸਮੇਂ ਤੋਂ ਜਾਗਰੂਕ ਜਥੇਬੰਦੀਆਂ ਤੇ ਸਿੱਖ ਚਿੰਤਕਾਂ ਵਲੋਂ ਸਾਡੇ ਕੋਲੋਂ ਇਹ ਸਵਾਲ ਪੁਛਿਆ ਜਾ ਰਿਹਾ ਹੈ ਕਿ ਅਸੀਂ ਸ਼੍ਰੋਮਣੀ ਅਕਾਲੀ ਦਲ ਦਿੱਲੀ ਤੇ ਵਿਸ਼ਵ ਸਿੱਖ ਕਨਵੈਨਸ਼ਨ ਤੋਂ ਦੂਰੀਆਂ ਕਿਉਂ ਬਣਾ ਲਈਆਂ ਹਨ? ਉਨ੍ਹਾਂ ਕਿਹਾ ਕਿ ਸੱਭ ਤੋਂ ਪਹਿਲਾਂ ਤਾਂ ਗੁਰੂ ਦੀ ਗੋਲਕ 'ਚੋਂ ਕਰੋੜਾਂ ਰੁਪਏ ਖ਼ਰਚ ਕੇ ਕਰਵਾਈ ਜਾ ਰਹੀ ਕਨਵੈਨਸ਼ਨ ਦੇ ਏਜੰਡੇ ਤੋਂ ਅਜਿਹਾ ਪ੍ਰਤੀਤ ਨਹੀਂ ਹੁੰਦਾ ਕਿ ਕਨਵੈਨਸ਼ਨ ਦੇ ਪ੍ਰਬੰਧਕ ਸਚਮੁਚ ਹੀ ਸਿੱਖ ਮਸਲਿਆਂ ਨੂੰ ਹੱਲ ਕਰਵਾਉਣ ਲਈ ਗੰਭੀਰ ਹਨ।'' ਉਨ੍ਹਾਂ ਕਿਹਾ, ''ਮੌਜੂਦਾ ਏਜੰਡੇ 'ਤੇ ਆਧਾਰਤ ਕਨਵੈਨਸ਼ਨ ਨਾਲ ਦਿੱਲੀ ਕਮੇਟੀ ਦੇ ਪ੍ਰਬੰਧਕਾਂ ਦੀ ਫੋਕੀ ਸ਼ੋਹਰਤ 'ਚ ਤਾਂ ਜ਼ਰੂਰ ਮਾੜਾ-ਮੋਟਾ ਫ਼ਰਕ ਪੈ ਸਕਦਾ ਹੈ ਪਰ ਸਿੱਖ ਜਗਤ ਨੂੰ ਇਸ ਦਾ ਕੋਈ ਲਾਭ ਨਹੀਂ ਹੋਵੇਗਾ ਬਲਕਿ ਇਸ ਦੇ ਉਲਟ ਕੌਮ ਦਾ ਕਰੋੜਾਂ ਰੁਪਿਆ, ਦਿੱਲੀ ਕਮੇਟੀ ਦੇ ਪ੍ਰਬੰਧਕਾਂ ਦੀ ਫੋਕੀ ਸ਼ੋਹਰਤ ਹਾਸਲ ਕਰਨ ਦੀ ਲਾਲਸਾ ਦੀ ਭੇਂਟ ਚੜ੍ਹ ਜਾਵੇਗਾ।'' ਉਨ੍ਹਾਂ ਕਿਹਾ ਕਿ ਜੇ ਇਹ ਪੈਸਾ ਇਕ ਵੱਡਾ ਪ੍ਰਾਜੈਕਟ ਬਣਾ ਕੇ ਸਿੱਖ ਕੌਮ ਦੀ ਸਿਖਿਆ ਲਈ ਜਾਂ ਸਿੱਖ ਕਤੇਲਆਮ ਪੀੜਤਾਂ ਦੀ ਮਦਦ ਲਈ ਵਰਤਿਆ ਜਾਵੇ ਤਾਂ ਸਮੁੱਚੀ ਸਿੱਖ ਕੌਮ ਨੂੰ ਭਾਰੀ ਫ਼ਾਇਦਾ ਹੋ ਸਕਦਾ ਸੀ। ਸ. ਜਸਜੀਤ ਸਿੰਘ ਯੂ.ਕੇ. ਨੇ ਹੈਰਾਨੀ ਪ੍ਰਗਟਾਈ ਕਿ ਕਨਵੈਨਸ਼ਨ ਲਈ ਜਿਹੜੇ ਮੁੱਖ ਪੰਜ ਪਤਵੰਤਿਆਂ ਵਲੋਂ ਸੱਦਾ ਪੱਤਰ ਭੇਜਿਆ ਗਿਆ ਹੈ, ਉਨ੍ਹਾਂ 'ਚੋਂ ਚਾਰ ਤਾਂ ਡੇਰੇਦਾਰ ਹੀ ਹਨ ਜਦਕਿ ਸਿੱਖ ਕੌਮ ਚੰਗੀ ਤਰ੍ਹਾਂ ਜਾਣੂ ਹੈ ਕਿ ਸਿੱਖੀ ਦਾ ਸੱਭ ਤੋਂ ਵੱਧ ਨੁਕਸਾਨ ਡੇਰਾਵਾਦ ਨੇ ਹੀ ਕੀਤਾ ਹੈ।

ਜਦ ਦਿੱਲੀ ਕਮੇਟੀ ਦੇ ਪ੍ਰਬੰਧਕਾਂ ਨੂੰ ਚੰਗੀ ਤਰ੍ਹਾਂ ਪਤਾ ਹੈ ਕਿ ਹਰ ਡੇਰੇ 'ਚ ਸਿੱਖ ਰਹਿਤ ਮਰਿਆਦਾ ਦੀਆਂ ਧੱਜੀਆਂ ਉਡਾਈਆਂ ਜਾਂਦੀਆਂ ਹਨ, ਫਿਰ ਸਿੱਖ ਰਹਿਤ ਮਰਿਆਦਾ ਦਾ ਘਾਣ ਕਰਨ ਵਾਲੇ ਡੇਰੇਦਾਰਾਂ ਦੀ ਸਰਪ੍ਰਸਤੀ ਹੇਠ ਕਨਵੈਨਸ਼ਨ ਕਰਵਾ ਕੇ, ਦਿੱਲੀ ਕਮੇਟੀ ਦੇ ਪ੍ਰਬੰਧਕ ਸਿੱਖ ਜਗਤ ਨੂੰ ਕੀ ਸੁਨੇਹਾ ਦੇਣਾ ਚਾਹੁੰਦੇ ਹਨ? ਉਨ੍ਹਾਂ ਕਿਹਾ ਕਿ ਹੋਰ ਤਾਂ ਹੋਰ ਅਕਾਲ ਤਖ਼ਤ ਦੇ ਸਾਬਕਾ ਮੁੱਖ ਸੇਵਾਦਾਰ ਜੋਗਿੰਦਰ ਸਿੰਘ ਵੇਦਾਂਤੀ ਜਿਸ ਦਾ ਸਮੁੱਚਾ ਕਾਰਜਕਾਲ ਹੀ ਸਿੱਖ ਵਿਰੋਧੀ ਫ਼ੈਸਲਿਆਂ ਕਾਰਨ ਵਿਵਾਦਾਂ 'ਚ ਘਿਰਿਆ ਰਿਹਾ, ਨੂੰ ਹੀ ਇਸ ਕਨਵੈਨਸ਼ਨ ਦੇ ਮੁੱਖ ਕਰਤਾ-ਧਰਤਾ ਵਜੋਂ ਪੇਸ਼ ਕੀਤਾ ਜਾ ਰਿਹਾ ਹੈ।

ਇਸ ਤੋਂ ਇਲਾਵਾ ਬਾਦਲ ਦਲ ਤੋਂ ਕੱਢੇ ਹੋਏ ਸ. ਮਨਜੀਤ ਸਿੰਘ ਕਲਕੱਤਾ, ਜਿਨ੍ਹਾਂ ਦੇ ਪਿੱਛੇ ਦਸ ਕੁ ਬੰਦੇ ਵੀ ਨਹੀਂ ਹੁੰਦੇ, ਦੇ ਆਖੇ ਲੱਗ ਕੇ ਕੌਮ ਦਾ ਕਰੋੜਾਂ ਰੁਪਿਆ ਬਰਬਾਦ ਕੀਤਾ ਜਾ ਰਿਹਾ ਹੈ। ਦਿੱਲੀ ਕਮੇਟੀ ਨੂੰ ਅਜਿਹੇ ਅਖੌਤੀ ਪਤਵੰਤਿਆਂ ਨੂੰ ਕਨਵੈਨਸ਼ਨ ਤੋਂ ਦੂਰ ਹੀ ਰਖਣਾ ਚਾਹੀਦਾ ਹੈ। ਉਪਰੋਕਤ ਕਾਰਨਾਂ ਤੋਂ ਇਲਾਵਾ ਇਸ ਕਨਵੈਨਸ਼ਨ ਤੋਂ ਦੂਰੀ ਬਨਾਉਣ ਦਾ ਇਕ ਹੋਰ ਵੱਡਾ ਕਾਰਨ ਦਸਦਿਆਂ ਉਨ੍ਹਾਂ ਦਾਅਵਾ ਕੀਤਾ ਕਿ ਸਿੱਖ ਮਸਲਿਆਂ ਨੂੰ ਹੱਲ ਕਰਨ ਦਾ ਦਾਅਵਾ ਕਰਨ ਵਾਲੇ ਸ. ਸਰਨਾ ਨੇ ਬੀਤੇ ਦਿਨੀਂ ਅਪਣੇ ਪੁੱਤਰ ਦੇ ਵਿਆਹ ਦੀ ਪਾਰਟੀ 'ਚ ਕੇ.ਪੀ.ਐਸ. ਗਿੱਲ ਨੂੰ ਵੀ ਸੱਦਿਆ ਸੀ, ਜਿਹੜਾ ਪੰਜਾਬ ਦੇ ਕਾਲੇ ਦੌਰ ਦੌਰਾਨ, ਨਿਰਦੋਸ਼ ਸਿੱਖ ਨੌਜਵਾਨਾਂ ਨੂੰ ਕਤਲ ਕਰਵਾਉਣ ਅਤੇ ਧੀਆਂ-ਭੈਣਾਂ ਦੀ ਬੇਪੱਤੀ ਕਰਵਾਉਣ ਲਈ ਸੱਭ ਤੋਂ ਵੱਧ ਜ਼ੁੰਮੇਵਾਰ ਮੰਨਿਆ ਜਾਂਦਾ ਹੈ। ਕੌਮ ਦੇ ਮੂੰਹ 'ਤੇ ਚਪੇੜ ਮਾਰ ਕੇ ਆਖ਼ਰ ਸ. ਸਰਨਾ ਕਿਹੜੇ ਸਿੱਖ ਮਸਲੇ ਹੱਲ ਕਰਵਾਉਣਾ ਚਾਹੁੰਦੇ ਹਨ ? ਉਨ੍ਹਾਂ ਕਿਹਾ ਕਿ ਸਮੁੱਚਾ ਸਿੱਖ ਜਗਤ ਮੰਗ ਕਰਦਾ ਹੈ ਕਿ ਕਨਵੈਨਸ਼ਨ ਤੋਂ ਪਹਿਲਾਂ ਸ. ਸਰਨਾ ਉਪਰੋਕਤ ਗ਼ਲਤੀ ਲਈ ਜਨਤਕ ਤੌਰ 'ਤੇ ਮੁਆਫ਼ੀ ਮੰਗਣ ਅਤੇ ਭਵਿੱਖ ਵਿਚ ਅਜਿਹੀ ਗ਼ਲਤੀ ਨਾ ਕਰਨ ਦਾ ਪ੍ਰਣ ਕਰਨ। ਅਜਿਹੀ ਗ਼ਲਤੀ ਤਾਂ ਸ. ਪ੍ਰਕਾਸ਼ ਸਿੰਘ ਬਾਦਲ ਵੀ ਨਹੀਂ ਕਰ ਸਕਦੇ ਜਿਨ੍ਹਾਂ ਨੂੰ ਸੱਭ ਤੋਂ ਵੱਧ ਸਿੱਖ ਵਿਰੋਧੀ ਲੀਡਰ ਗਰਦਾਨਿਆ ਜਾਂਦਾ ਹੈ। ਸ. ਜਸਜੀਤ ਸਿੰਘ ਨੇ ਭਰੋਸਾ ਦਿਵਾਇਆ ਕਿ ਜੇ ਉਪਰੋਕਤ ਗ਼ਲਤੀਆਂ ਨੂੰ ਜਨਤਕ ਤੌਰ 'ਤੇ



ਮਨਜ਼ੂਰ ਕਰ ਕੇ ਕਨਵੈਨਸ਼ਨ ਦੇ ਪ੍ਰੋਗਰਾਮ 'ਚ ਤਬਦੀਲੀ ਕਰ ਦਿਤੀ ਜਾਂਦੀ ਹੈ ਤਾਂ ਸ਼੍ਰੋਮਣੀ ਅਕਾਲੀ ਦਲ ਯੂ.ਕੇ. ਵਲੋਂ ਕਨਵੈਨਸ਼ਨ ਨੂੰ ਪੂਰੀ ਹਮਾਇਤ ਦਿਤੀ ਜਾਵੇਗੀ ਅਤੇ ਰੋਜ਼ਾਨਾ ਸਪੋਕਸਮੈਨ ਨੂੰ ਵੀ ਬੇਨਤੀ ਕੀਤੀ ਜਾਵੇਗੀ ਕਿ ਉਸ ਹਾਲਤ ਵਿਚ, ਕਨਵੈਨਸ਼ਨ ਨੂੰ ਅਪਣੀ ਪੂਰੀ ਹਮਾਇਤ ਦੇਵੇ।

**ਇਸ ਦੌਰਾਨ** ਸਿੱਖ ਭਾਈਚਾਰੇ ਬਾਰੇ ਲਏ ਜਾਣ ਵਾਲੇ ਫੈਸਲਿਆਂ ਵਿਚ ਅਕਾਲ ਤਖ਼ਤ ਸਾਹਿਬ ਦੀ ਅਹਿਮ ਭੂਮਿਕਾ ਹੁੰਦੀ ਹੈ ਤੇ ਅਕਾਲ ਤਖ਼ਤ ਸਾਹਿਬ ਦੇ ਜਥੇਦਾਰਾਂ ਨੂੰ ਇੱਕ ਰਬੜ ਦੀ ਮੋਹਰ ਨਹੀਂ ਬਣਨਾ ਚਾਹੀਦਾ, ਸਗੋਂ ਆਤਮ ਨਿਰਭਰਤਾ ਨਾਲ ਫੈਸਲੇ ਲੈਣੇ ਚਾਹੀਦੇ ਹਨ। ਇਨ੍ਹਾਂ ਵਿਚਾਰਾਂ ਦਾ ਪ੍ਰਗਟਾਵਾ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਸਥਾਨਕ ਸ੍ਰੀ ਗੁਰੂ ਤੇਗ ਬਹਾਦਰ ਗੁਰਦੁਆਰਾ ਸਾਹਿਬ ਵਿਚ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਕੀਤਾ। ਸ. ਸਰਨਾ ਨੇ ਦੋਸ਼ ਲਾਇਆ ਕਿ ਮੌਜੂਦਾ ਸਮੇਂ ਵਿਚ ਅਕਾਲ ਤਖ਼ਤ ਸਾਹਿਬ ਦੇ ਜਥੇਦਾਰਾਂ ਨੂੰ ਸਿਆਸੀ ਵਿਰੋਧੀਆਂ ਨੂੰ ਗੁੱਠੇ ਲਾਉਣ ਲਈ ਵਰਤਿਆ ਜਾ ਰਿਹਾ ਹੈ। ਜਦਕਿ ਸਿੱਖ ਪੰਥ ਦੀ ਚੜ੍ਹਦੀ ਕਲਾ ਲਈ ਅਕਾਲ ਤਖ਼ਤ ਦਾ ਮਜ਼ਬੂਤ ਹੋਣਾ ਬੇਹੱਦ ਜ਼ਰੂਰੀ ਹੈ। ਸ. ਸਰਨਾ 10 ਤੇ 11 ਅਪ੍ਰੈਲ ਨੂੰ ਦਿੱਲੀ ਵਿਚ ਕਰਵਾਈ ਜਾ ਰਹੀ ਵਿਸ਼ਵ ਸਿੱਖ ਕਨਵੈਨਸ਼ਨ ਦੀ ਤਿਆਰੀ ਵਜੋਂ ਕੀਤੇ ਜਾ ਰਹੇ ਸਮਾਗਮ 'ਚ ਸ਼ਾਮਲ ਹੋਣ ਲਈ ਇੱਥੇ ਆਏ ਸਨ।

ਉਨ੍ਹਾਂ ਇਸ ਕਨਵੈਨਸ਼ਨ ਵਿਚ ਸ਼ਾਮਲ ਹੋਣ ਲਈ ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਤੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਨੂੰ ਵੀ ਸੱਦਾ ਦਿੱਤਾ। ਇਸ ਕਨਵੈਨਸ਼ਨ ਵਿਚ ਲਏ ਜਾਣ ਵਾਲੇ ਫੈਸਲਿਆਂ ਨੂੰ ਕੁਝ ਧਿਰਾਂ ਵਲੋਂ ਮੰਨਣ ਤੋਂ ਇਨਕਾਰ ਕਰਨ ਸਬੰਧੀ ਪੁੱਛੇ ਸਵਾਲ ਦਾ ਜਵਾਬ ਦਿੰਦਿਆਂ ਉਨ੍ਹਾਂ ਕਿਹਾ ਕਿ ਸਰਬਸੰਮਤੀ ਨਾਲ ਲਏ ਗਏ ਇਨ੍ਹਾਂ ਫੈਸਲਿਆਂ ਨੂੰ ਸਭਨਾਂ ਨੂੰ ਮੰਨਣਾ ਪਵੇਗਾ। ਉਨ੍ਹਾਂ ਕਿਹਾ ਕਿ ਵਿਸ਼ਵ ਸਿੱਖ ਕਨਵੈਨਸ਼ਨ ਵਿਚ 6 ਯੂਰਪੀ ਮੁਲਕਾਂ ਤੋਂ ਸਿੱਖ ਆ ਰਹੇ ਹਨ ਜੋ ਸਿੱਖ ਭਾਈਚਾਰੇ ਨੂੰ ਦਰਪੇਸ਼ ਚੁਣੌਤੀਆਂ ਬਾਰੇ ਵਿਚਾਰਾਂ ਕਰਨਗੇ। ਉਨ੍ਹਾਂ ਕਿਹਾ ਕਿ ਕਨਵੈਨਸ਼ਨ ਵਿਚ ਪੰਜਾਬ ਤੋਂ ਵੱਡੀ ਗਿਣਤੀ 'ਚ ਸਿੱਖ ਹਿੱਸਾ ਲੈਣਗੇ ਤੇ ਇਸ ਲਈ ਵਿਸ਼ੇਸ਼ ਪ੍ਰਬੰਧ ਕੀਤੇ ਗਏ ਹਨ।

ਉਨ੍ਹਾਂ ਦੱਸਿਆ ਕਿ ਕਨਵੈਨਸ਼ਨ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਸਰਵ ਉਚਤਾ ਬਾਰੇ ਸਿੱਖਾਂ ਦੀ ਕਾਲੀ ਸੂਚੀ 'ਤੇ ਨਾਨਕਸ਼ਾਹੀ ਕੈਲੰਡਰ ਸਮੇਤ ਕਈ ਅਹਿਮ ਮਸਲਿਆਂ ਨੂੰ ਵਿਚਾਰਿਆ ਜਾਵੇਗਾ। ਦੂਜੇ ਪਾਸੇ ਸ. ਸਰਨਾ ਦੀ ਇਸ ਫੇਰੀ ਦਾ ਵਿਰੋਧ ਕਰਦਿਆਂ ਕੁਝ ਦਲਿਤ ਜਥੇਬੰਦੀਆਂ ਨੇ ਉਨ੍ਹਾਂ ਦਾ ਪੁਤਲਾ ਵੀ ਸਾੜਿਆ। ਅੰਬੇਦਕਰ ਸੈਨਾ ਮੂਲ ਨਿਵਾਸੀ ਦੇ ਪ੍ਰਧਾਨ ਹਰਭਜਨ ਸੁਮਨ ਤੇ ਬਲਬੀਰ ਸਿੰਘ ਨੇ ਦੋਸ਼ ਲਾਇਆ ਕਿ ਸ. ਸਰਨਾ ਸਮੇਂ-ਸਮੇਂ ਸਿਰ ਰਵੀਦਾਸ ਭਾਈਚਾਰੇ ਵਿਰੁਧ ਬੋਲਦੇ ਰਹਿੰਦੇ ਹਨ। ਉਨ੍ਹਾਂ ਪੰਜਾਬ ਸਰਕਾਰ ਤੋਂ ਮੰਗ ਕੀਤੀ ਕਿ ਸ. ਸਰਨਾ ਦੀ ਪੰਜਾਬ ਆਉਣ 'ਤੇ ਰੋਕ ਲਗਾਈ ਜਾਵੇ।

**ਕਾਂਗਰਸ ਦੀ ਬਦਲੀ ਸੋਚ ਸਵਾਗਤਯੋਗ :** ''ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਕੌਮ ਨੂੰ ਯੋਗ ਅਗਵਾਈ ਦੇਣ ਦੇ ਨਾਲ-ਨਾਲ ਆਪਣਾ ਫਰਜ਼ ਨਿਭਾਉਣ 'ਚ ਵੀ ਅਸਫਲ ਸਾਬਤ ਹੋਈ ਹੈ। ਸਿੱਖਾਂ ਦੀ ਧਾਰਮਿਕ ਸੰਸਥਾ 'ਤੇ ਸਿਆਸੀ ਗਲਬਾ ਹੋਣ ਕਾਰਨ ਇਸ 'ਚ ਨਿਘਾਰ ਆਇਆ ਹੈ ਤੇ ਨੌਜਵਾਨਾਂ 'ਚ ਵਧੇ ਪਤਿਤਪੁਣੇ ਦੇ ਰੁਝਾਨ ਲਈ ਸਭ ਤੋਂ ਵੱਧ ਜ਼ਿੰਮੇਵਾਰ ਸ਼੍ਰੋਮਣੀ ਕਮੇਟੀ ਹੀ ਹੈ। ਇਸ 'ਤੇ ਕਾਬਜ਼ ਮੌਜੂਦਾ ਲੋਕਾਂ ਨੂੰ ਲਾਂਭੇ ਕਰਨ ਲਈ ਜਰੂਰੀ ਹੈ ਕਿ ਚੰਗੀ ਸੋਚ ਵਾਲੇ ਜਾਗਰੂਕ ਸਿੱਖ ਅਗਾਮੀ ਸ਼੍ਰੋਮਣੀ ਕਮੇਟੀ ਚੋਣਾਂ 'ਚ ਇਕਮੁੱਠ ਹੋਣ। ਇਸ ਦਿਸ਼ਾ 'ਚ ਕਾਂਗਰਸ ਪਾਰਟੀ ਦੀ ਬਦਲੀ ਸੋਚ ਸਵਾਗਤਯੋਗ ਹੈ।'' ਇਹ ਪ੍ਰਗਟਾਵਾ ਨੇੜਲੇ ਪਿੰਡ ਕੁਲਾਰ ਵਿਖੇ ਸ਼੍ਰੋਮਣੀ ਅਕਾਲੀ ਦਲ (ਦਿੱਲੀ) ਦੇ ਪ੍ਰਧਾਨ ਪਰਮਜੀਤ ਸਿੰਘ ਸਰਨਾ ਨੇ ਕੀਤਾ।

ਕਾਂਗਰਸ ਦੇ ਜ਼ਿਲ੍ਹਾ ਜਨਰਲ ਸਕੱਤਰ ਹਰਜੀਤ ਸਿੰਘ ਕੁਲਾਰ ਦੇ ਗ੍ਰਹਿ ਵਿਖੇ ਪਹੁੰਚੇ ਸ੍ਰੀ ਸਰਨਾ ਨੇ ਕਿਹਾ ਕਿ ਕਾਂਗਰਸ ਪਾਰਟੀ ਹੁਣ ਤੱਕ ਸ਼੍ਰੋਮਣੀ ਕਮੇਟੀ ਚੋਣਾਂ ਤੋਂ ਦੂਰੀ ਬਣਾਈ ਰੱਖਦੀ ਆਈ ਹੈ ਹਾਲਾਂਕਿ ਪੰਜਾਬ 'ਚ ਇਸ ਪਾਰਟੀ ਦੇ ਬਹੁਗਿਣਤੀ ਆਗੂ ਸਿੱਖ ਹਨ। ਸਾਬਕਾ ਮੁੱਖ ਮੰਤਰੀ ਕੈਪਟਨ ਅਮਰਿੰਦਰ ਸਿੰਘ ਨੇ ਸਮੇਂ ਦੀ ਨਬਜ਼ ਪਛਾਣਦਿਆਂ ਪਾਰਟੀ ਨਾਲ ਸਬੰਧਿਤ ਸਿੱਖਾਂ ਨੂੰ ਚੰਗੇ ਅਕਸ ਵਾਲੇ ਉਮੀਦਵਾਰਾਂ ਨੂੰ ਨਾ ਕੇਵਲ ਵਧ ਚੜ੍ਹ ਕੇ ਵੋਟਾਂ ਪਾਉਣ ਸਗੋਂ ਉਨ੍ਹਾਂ ਦੀ ਹਰ ਸੰਭਵ ਮਦਦ ਕਰਨ ਬਾਰੇ ਜੋ ਬਿਆਨ ਦਿੱਤਾ ਉਸ ਨਾਲ ਕੌਮ ਦਾ ਭਲਾ ਹੋਵੇਗਾ। ਇਸੇ ਸੋਚ ਦਾ ਪ੍ਰਗਟਾਵਾ ਯੂਥ ਕਾਂਗਰਸ ਦੇ ਪ੍ਰਧਾਨ ਤੇ ਮੈਂਬਰ ਪਾਰਲੀਮੈਂਟ ਰਵਨੀਤ ਸਿੰਘ ਬਿੱਟੂ ਨੇ ਵੀ ਕੀਤਾ ਹੈ। ਉਨ੍ਹਾਂ ਕਿਹਾ ਕਿ ਦਿੱਲੀ ਵਿਖੇ 11 ਅਪ੍ਰੈਲ ਨੂੰ ਹੋ ਰਹੀ ਵਿਸ਼ਵ ਸਿੱਖ ਕਨਵੈਨਸ਼ਨ 'ਚ ਵੱਖ-ਵੱਖ ਦੇਸ਼ਾਂ 'ਚੋਂ ਸਿੱਖ ਜਥੇਬੰਦੀਆਂ ਤੇ ਬੁੱਧੀਜੀਵੀ ਹਿੱਸਾ ਲੈਣਗੇ ਤੇ ਇਹ ਨਿਰੋਲ ਧਾਰਮਿਕ ਹੋਵੇਗੀ। ਉਨ੍ਹਾਂ ਕਿਹਾ ਕਿ ਕਨਵੈਨਸ਼ਨ ਦੌਰਾਨ ਸਿੱਖ ਕੌਮ ਨੂੰ ਭੰਬਲਭੂਸੇ 'ਚੋਂ ਬਾਹਰ ਕੱਢਣ ਲਈ ਕਈ ਅਹਿਮ ਐਲਾਨ ਕੀਤੇ ਜਾਣਗੇ।

## ਮੁੱਖ ਪਾਰਲੀਮਾਨੀ ਸਕੱਤਰ ਜਗਦੀਸ਼ ਸਾਹਨੀ ਨੇ ਦਿਤਾ ਅਸਤੀਫ਼ਾ



**ਬਟਾਲਾ:** ਭਾਜਪਾ ਦੇ ਵਿਧਾਇਕ ਜਗਦੀਸ਼ ਸਾਹਨੀ ਨੇ ਲੰਘੀ 3 ਅਪ੍ਰੈਲ ਨੂੰ ਮੁੱਖ ਪਾਰਲੀਮਾਨੀ ਸਕੱਤਰ ਦੇ ਅਹੁਦੇ ਤੋਂ ਅਸਤੀਫ਼ਾ ਦਿੰਦਿਆਂ ਦਾਅਵਾ ਕੀਤਾ ਕਿ ਚੁਣੇ ਹੋਏ ਨੁਮਾਇੰਦਿਆਂ ਦੀ ਕੋਈ ਇੱਜ਼ਤ ਨਹੀਂ ਹੁੰਦੀ। ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਨੂੰ ਭੇਜੇ ਅਸਤੀਫ਼ੇ ਵਿਚ ਉਨ੍ਹਾਂ ਕਿਹਾ, "ਮੈਂ ਕੁੱਝ ਦਿਨ ਬਾਅਦ ਦਸਾਂਗਾ ਕਿ ਅਹੁਦੇ ਤੋਂ ਅਸਤੀਫ਼ਾ ਕਿਉਂ ਦਿਤਾ।" ਪੱਤਰਕਾਰਾਂ ਵਲੋਂ ਇਹ ਪੁੱਛੇ ਜਾਣ ਤੇ ਕਿ ਅਚਾਨਕ ਅਸਤੀਫ਼ਾ ਦੇਣ ਦਾ ਕੀ ਕਾਰਨ ਹੈ, ਦੇ ਸਵਾਲ ਨੂੰ ਉਹ ਟਾਲ ਗਏ। ਮੁੱਖ ਮੰਤਰੀ ਦੇ ਦਫ਼ਤਰ ਨਾਲ ਸੰਪਰਕ ਕੀਤੇ ਜਾਣ 'ਤੇ ਜਾਣਕਾਰੀ ਮਿਲੀ ਕਿ ਉਨ੍ਹਾਂ ਨੂੰ ਬਟਾਲਾ ਤੋਂ ਭਾਜਪਾ ਵਿਧਾਇਕ ਦੇ ਮੁੱਖ ਪਾਰਲੀਮਾਨੀ ਸਕੱਤਰ ਦੇ ਅਹੁਦੇ ਤੋਂ ਅਸਤੀਫ਼ੇ ਬਾਰੇ ਕੋਈ ਜਾਣਕਾਰੀ ਨਹੀਂ। ਦਸਣਯੋਗ ਹੈ ਕਿ ਬਜਟ ਸੈਸ਼ਨ ਦੌਰਾਨ ਜਗਦੀਸ਼ ਸਾਹਨੀ ਨੂੰ ਸਥਾਨਕ ਸਰਕਾਰਾਂ ਬਾਰੇ ਮੰਤਰੀ ਵਲੋਂ ਵਿਧਾਨ ਸਭਾ ਵਿਚ ਦਿਤੇ ਗਏ ਬਿਆਨ ਕਿ ਕੇਂਦਰੀ ਫ਼ੰਡਾਂ ਰਾਹੀਂ ਵਿਕਸਤ ਕੀਤੇ ਜਾਣ ਵਾਲੇ ਸ਼ਹਿਰਾਂ ਦੀ ਸੂਚੀ ਵਿਚ ਬਟਾਲਾ ਨੂੰ ਸ਼ਾਮਲ ਨਹੀਂ ਕੀਤਾ ਗਿਆ, ਕਾਰਨ ਕਾਫ਼ੀ ਧੱਕਾ ਲੱਗਾ ਹੈ। ਉਨ੍ਹਾਂ ਕਿਹਾ ਕਿ ਬਟਾਲਾ ਸੂਬੇ ਦਾ ਅਹਿਮ ਸ਼ਹਿਰ ਹੈ ਜਿਸ ਨੂੰ ਸੂਚੀ ਵਿਚੋਂ ਬਾਹਰ ਕਰ ਦਿਤਾ ਗਿਆ।

## ਗੁਰਦਵਾਰਾ ਚੋਣ ਕਮਿਸ਼ਨ ਨੇ ਸਿੱਖ ਵੋਟਰਾਂ ਦੀ ਉਮਰ 21 ਸਾਲ ਤੋਂ ਘਟਾ ਕੇ 18 ਸਾਲ ਕਰਨ ਲਈ ਕੇਂਦਰ ਨੂੰ ਲਿਖਿਆ

**ਚੰਡੀਗੜ੍ਹ:** ਸ਼੍ਰੋਮਣੀ ਕਮੇਟੀ ਦੇ 170 ਮੈਂਬਰੀ ਜਨਰਲ ਹਾਊਸ ਲਈ ਹੋਣ ਵਾਲੀਆਂ ਚੋਣਾਂ ਵਾਸਤੇ ਸਿੱਖ ਵੋਟਰਾਂ ਦੀ ਘੱਟੋ ਘੱਟ ਉਮਰ 18 ਸਾਲ ਕਰਨ ਵਾਸਤੇ ਗੁਰਦਵਾਰਾ ਚੋਣ ਕਮਿਸ਼ਨ ਨੇ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਲਿਖ ਦਿਤਾ ਹੈ। ਕਮਿਸ਼ਨ ਦੇ ਸੂਤਰਾਂ ਨੇ ਦਸਿਆ ਕਿ ਸਿੱਖ ਜਥੇਬੰਦੀਆਂ ਵਲੋਂ ਜ਼ੋਰ ਪਾਉਣ 'ਤੇ ਅਤੇ ਸ਼੍ਰੋਮਣੀ ਕਮੇਟੀ ਵਲੋਂ ਭੇਜੇ ਪੁਰਾਣੇ ਸੁਝਾਅ ਮੁਤਾਬਕ ਹੁਣ ਫਿਰ ਕੇਂਦਰੀ ਗ੍ਰਹਿ ਮੰਤਰਾਲੇ ਨੂੰ ਜ਼ੋਰ ਦੇ ਕੇ ਆਖਿਆ ਹੈ ਕਿ ਜਦੋਂ ਅਸੈਂਬਲੀ ਤੇ ਲੋਕ ਸਭਾ ਵਾਸਤੇ ਵੋਟਰ ਦੀ ਉਮਰ 18 ਸਾਲ ਹੈ ਤਾਂ ਸਿੱਖ ਵੋਟਰ ਨਾਲ ਇਹ ਵਿਤਕਰਾ ਕਿਉਂ ਕੀਤਾ ਗਿਆ ਹੈ? ਸੂਤਰਾਂ ਨੇ ਇਹ ਵੀ ਇਸ਼ਾਰਾ ਕੀਤਾ ਕਿ ਆਲ ਇੰਡੀਆ ਗੁਰਦਵਾਰਾ ਐਕਟ 1925 ਤਹਿਤ 5 ਸ਼ਰਤਾਂ ਵਾਲੇ ਫ਼ਾਰਮ 'ਚ 21 ਸਾਲ ਉਮਰ ਦੀ ਥਾਂ 18 ਸਾਲ ਕਰ ਕੇ ਮਮੂਲੀ ਤਬਦੀਲੀ ਹੋਏਗੀ, ਜਿਸ ਅਨੁਸਾਰ ਇਹ ਸੋਧ ਲੋਕ ਸਭਾ 'ਚੋਂ ਪਾਸ ਕਰਾਉਣੀ ਕੋਈ ਜ਼ਰੂਰੀ ਨਹੀਂ ਜਾਪਦੀ ਸਗੋਂ ਕੇਂਦਰੀ ਗ੍ਰਹਿ ਵਿਭਾਗ ਵਲੋਂ ਕੀਤੀ ਹਾਂ ਦੇ ਆਧਾਰ 'ਤੇ ਹੀ ਕੰਮ ਚਲ ਸਕਦਾ ਹੈ।

ਸੂਤਰਾਂ ਨੇ ਇਹ ਵੀ ਦਸਿਆ ਕਿ ਪੰਜਾਬ ਵਿਚ ਭੇਜੇ 70 ਲੱਖ, ਹਰਿਆਣਾ 'ਚ 4 ਕੁ ਲੱਖ ਤੇ ਹਿਮਾਚਲ ਅਤੇ ਚੰਡੀਗੜ੍ਹ ਲਈ ਭੇਜੇ ਇਕ ਕੁ ਲੱਖ ਫਾਰਮਾਂ ਨੂੰ ਦੁਬਾਰਾ ਛਾਪਣ ਦੀ ਲੋੜ ਨਹੀਂ ਹੈ ਕਿਉਂਕਿ ਸਿੱਖ ਵੋਟਰ ਵਾਸਤੇ ਰਖੀਆਂ ਸ਼ਰਤਾਂ 'ਚ ਹੋਰ ਕੋਈ ਤਬਦੀਲੀ ਨਹੀਂ ਕੀਤੀ ਜਾ ਰਹੀ। ਇਹ ਵੀ ਪਤਾ ਲੱਗਾ ਹੈ ਕਿ ਗੁਰਦਵਾਰਾ ਚੋਣ ਕਮਿਸ਼ਨ ਇਸ ਮਹੀਨੇ ਦੇ ਅਖ਼ੀਰ 'ਚ ਪੰਜਾਬ, ਹਰਿਆਣਾ, ਹਿਮਾਚਲ ਤੇ ਚੰਡੀਗੜ੍ਹ ਦੇ ਉਨ੍ਹਾਂ ਅਧਿਕਾਰੀਆਂ ਨਾਲ ਮੀਟਿੰਗ ਕਰੇਗਾ ਜਿਨ੍ਹਾਂ ਨੂੰ ਸ਼੍ਰੋਮਣੀ ਕਮੇਟੀ ਚੋਣਾਂ ਕਰਾਉਣ ਦੀ ਜ਼ਿੰਮੇਵਾਰੀ ਦਿਤੀ ਗਈ ਹੈ। ਇਹ ਬੈਠਕ ਪਿਛਲੇ ਸਾਲ ਜੂਨ ਵਿਚ ਹੋਈ ਸੀ ਜਿਸ ਵਿਚ ਵੋਟਰ ਫ਼ਾਰਮ ਛਪਾਉਣ, ਵੰਡਣ, ਪਟਵਾਰੀਆਂ ਅਤੇ ਮਿਉਂਸਪਲ ਮੁਲਾਜ਼ਮਾਂ ਦੀ ਡਿਊਟੀ ਲਗਾਉਣ ਸਮੇਤ ਜ਼ਿਲ੍ਹੇ ਦੇ ਡਿਪਟੀ ਕਮਿਸ਼ਨਰਾਂ, ਤਹਿਸੀਲਦਾਰਾਂ ਅਤੇ ਬਲਾਕ ਪੱਧਰ ਦੇ ਅਧਿਕਾਰੀਆਂ ਨਾਲ ਰਾਬਤਾ ਕਾਇਮ ਕਰਨ ਸਬੰਧੀ ਵਿਚਾਰ ਵਟਾਂਦਰਾ ਕੀਤਾ ਗਿਆ ਸੀ। ਗੁਰਦਵਾਰਾ ਚੋਣ ਕਮਿਸ਼ਨ ਦੇ ਚੀਫ਼ ਕਮਿਸ਼ਨਰ ਜਸਟਿਸ ਸ. ਹਰਫੂਲ ਸਿੰਘ ਬਰਾੜ ਵਲੋਂ ਸਖ਼ਤ ਤਾੜਨਾ ਕੀਤੀ ਗਈ ਹੈ ਕਿ ਸਾਬਤ ਸੂਰਤ ਸਿੱਖ ਮਰਦਾਂ ਅਤੇ ਸਿੱਖ ਬੀਬੀਆਂ ਦੀਆਂ ਵੋਟਾਂ ਬਣਾਉਣ 'ਚ ਕਿਸੇ ਕਿਸਮ ਦੀ ਗੜਬੜੀ ਬਰਦਾਸ਼ਤ ਨਹੀਂ ਕੀਤੀ ਜਾਵੇਗੀ।

**ਅਕਾਲੀ ਦਲ ਯੂ.ਕੇ. ਨੇ ਮੱਕੜ ਦੇ ਮੁਕਾਬਲੇ ਕੀਤਾ ਉਮੀਦਵਾਰ ਦਾ ਐਲਾਨ :** ਸ਼੍ਰੋਮਣੀ ਅਕਾਲੀ ਦਲ (ਯੂ.ਕੇ.) ਨੇ ਸ਼੍ਰੋਮਣੀ ਗੁਰਦਵਾਰਾ ਪ੍ਰਬੰਧਕ ਕਮੇਟੀ ਚੋਣਾਂ ਸਬੰਧੀ ਧਮਾਕਾਖੇਜ਼ ਪਹਿਲ ਕਰਦਿਆਂ ਨਾ ਸਿਰਫ 13 ਮੈਂਬਰੀ ਐਡਹਾਕ ਕਮੇਟੀ ਦੇ ਮੌਜੂਦਾ ਪ੍ਰਧਾਨ ਸ. ਅਵਤਾਰ ਸਿੰਘ ਮੱਕੜ ਦੇ ਮੁਕਾਬਲੇ ਗੁਰਦੇਵ ਸਿੰਘ ਬਟਾਲਵੀ ਨੂੰ ਲੁਧਿਆਣੇ ਤੋਂ ਚੋਣ ਲੜਾਉਣ ਦਾ ਵੀ ਐਲਾਨ ਕੀਤਾ।

## ਰਣਜੀਤ ਤੇਜੀ ਦੀ ਕੈਸਿਟ 'ਅਸਲਾ' ਰਿਲੀਜ਼

**ਜਲੰਧਰ:** ਲੋਕ ਗਾਇਕ ਰਣਜੀਤ ਤੇਜੀ ਦੀ ਕੈਸਿਟ 'ਅਸਲਾ' ਪਿਛਲੇ ਦਿਨੀਂ ਸਥਾਨਕ ਪ੍ਰੈਸ ਕਲੱਬ ਵਿਚ ਗਾਇਕ ਸਾਬਰ ਕੋਟੀ ਤੇ ਗੀਤਕਾਰ ਸੱਤਾ ਕੋਟਲੀ ਨੇ ਰਿਲੀਜ਼ ਕੀਤੀ। ਇਸ ਮੌਕੇ ਸੰਗੀਤ ਜਗਤ ਨਾਲ ਮੋਹ ਰੱਖਣ ਵਾਲੀਆਂ ਕਈ ਹਸਤੀਆਂ ਪਹੁੰਚੀਆਂ ਹੋਈਆਂ ਸਨ ਜਿਨ੍ਹਾਂ ਵਿਚ ਗਾਇਕ ਬਲਰਾਜ, ਕੈਸਿਟ ਦੇ ਪ੍ਰੋਡਿਊਸਰ ਡਾ. ਮਨਜੀਤ ਸਿੰਘ, ਸੌਦਾਗਰ ਸਿੰਘ (ਚੀਮਾ ਖੁਰਦ) ਅਤੇ ਗੀਤਕਾਰ ਸ਼ਿੰਦਾ ਨਿਹਾਲੂਵਾਲਾ ਸ਼ਾਮਲ ਸਨ।

ਰਣਜੀਤ ਤੇਜੀ ਨੇ ਦੱਸਿਆ ਕਿ ਇਸ ਕੈਸਿਟ ਵਿਚ ਸਰੋਤਿਆਂ ਦੇ ਹਰ ਵਰਗ ਦੀ ਪਸੰਦ ਦਾ ਮੈਟਰ ਦਰਜ ਕੀਤਾ ਗਿਆ ਹੈ। ਬਹਾਦਰੀ ਦੀ ਗੱਲ ਕਰਦਾ ਗੀਤ 'ਅਸਲਾ ਤਾਂ ਜਣਾ ਖਣਾ ਚੁੱਕੀ ਫਿਰਦਾ ਮੋਢੇ 'ਤੇ ਦੁਨਾਲੀ ਜੱਟ ਦੇ ਹੀ ਜਚਦੀ', ਨੱਚਣ ਲਈ ਮਜਬੂਰ ਕਰਦੇ ਗੀਤ, 'ਆਜੋ ਜਿਨ੍ਹੇ ਨੱਚਣਾ ਨੱਚਣ ਲੱਗੇ ਆਂ', 'ਗਿੱਧੇ ਵਿਚ ਤੂੰ ਘੁੰਮਦੀ', 'ਕੁੜੀਏ ਨੀ ਕੁੜੀਏ', 'ਰਿੰਗ ਵੱਜੀ ਜਾਂਦੀ ਆ ਚੱਲ ਫੋਨ ਉਠਾ ਮੇਰੀ ਜਾਨੇ' ਤੇ ਆਸ਼ਕਾਂ ਦੇ ਦਿਲ ਦੀ ਗੱਲ ਕਰਦਾ ਗੀਤ 'ਰਾਤ ਰਾਤ ਗਿਣਦੇ ਦੇ ਤਾਰੇ ਮਰ ਗਏ' ਅਤੇ ਉਦਾਸ ਗੀਤ 'ਦਿਲਜਲੇ ਸਾਡਾ ਦਿਲ ਜਲਾ ਕੇ ਚਲੇ ਗਏ' ਆਦਿ ਸ਼ਾਮਲ ਹਨ। ਕੈਸਿਟ ਦੇ ਗੀਤ ਸੱਤਾ ਕੋਟਲੀ ਵਾਲਾ, ਸ਼ਿੰਦਾ ਨਿਹਾਲੂਵਾਲਾ, ਰੋਮੀ ਬੈਂਸ, ਹਰਜਿੰਦਰ ਕੰਗ, ਤਰਨਜੀਤ ਗਿੱਲ ਜਰਗੜੀ, ਬੱਲ ਬਤਾਲੇ ਵਾਲਾ, ਪ੍ਰੀਤ ਰਈਆ ਅਤੇ ਮੇਜਰ ਕਰਤਾਰਪੁਰੀ (ਸਿਆਟਲ) ਦੇ ਲਿਖੇ ਹੋਏ ਹਨ। ਸੰਗੀਤ ਸੰਨੀ ਕਾਹਲੋਂ (ਸਿਆਟਲ) ਤੇ ਪੰਕਜ ਆਹੂਜਾ ਦਾ ਹੈ। ਕੈਸਿਟ ਪੰਜਾਬ ਦੀ ਨਿਊ ਆਈ ਐਮ ਸੀ ਕੰਪਨੀ ਨੇ ਲਾਂਚ ਕੀਤਾ ਹੈ। ਵੀਡੀਓ ਕਈ ਚੈਨਲਾਂ 'ਤੇ ਚੱਲ ਰਹੇ ਹਨ।


Wraich Transport LLS
North American Truck Stop
14320 Slover Ave., Fontana, CA 92337




ਟਰੱਕ ਡਰਾਈਵਰਾਂ ਦੀ ਲੋੜ ਹੈ (ਟੀਮ ਅਤੇ ਸੋਲੋ)
ਸਾਡੇ ਕੋਲ ਕੈਲੀਫੋਰਨੀਆ ਤੋਂ ਮਿਡਵੈਸਟ
ਜਾਂ ਨੌਰਥ ਈਸਟ ਦੇ ਰੂਟ ਹਨ

*We have trailer engine for carrier and thermo king *North american truck stop offer all kind of truck repair @ economy price. *We have special deal on oil change $189 +

ਤੁਰਤ ਕਾਲ ਕਰੋ:800-746-6201, 9093-350-3310



ਕਰੈਡਿਟ ਕਾਰਡ ਪੇਮੈਂਟਾਂ ਨੇ ਪ੍ਰੇਸ਼ਾਨ ਕੀਤਾ ਹੈ???



ਹਜ਼ਾਰਾਂ ਡਾਲਰ ਬਚਾਓ ਅਤੇ ਜਾਨ ਸੁਖੀ ਕਰੋ



✔ ਤੁਸੀਂ ਆਪਣੀ ਰਹਿੰਦੀ ਪੇਮੈਂਟ 60% ਤੱਕ ਘਟਾ ਸਕਦੇ ਹੋ
✔ ਲੇਟ ਫੀਸ ਅਤੇ ਓਵਰ ਲਿਮਿਟ ਫੀਸ ਖਤਮ ਕਰ ਸਕਦੇ ਹੋ
✔ ਕਰੈਡਿਟ ਕਾਰਡਾਂ ਦੇ ਵਿਆਜ ਦਾ ਹਜ਼ਾਰਾਂ ਡਾਲਰ ਬਚਾਓ
✔ ਆਪਣਾ ਕਰੈਡਿਟ ਬਹਾਲ ਕਰਾਓ, ਬੈਂਕਰਪਸੀ ਤੋਂ ਬਚੋ

ਮੁਫਤ ਸਲਾਹ-ਮਸ਼ਵਰੇ ਲਈ ਕਾਲ ਕਰੋ:
ਨਿਰਮਲ ਸਿੰਘ
ਫੋਨ:877-899-6244
www.tryemc.com

We Work in All 50 States



ਆਪਣਾ ਕਰੈਡਿਟ ਬਚਾਓ / FORECLOSURE ਤੋਂ ਬਚੋ
SELL YOUR HOME FOR CASH TODAY
#1 SHORT SALE EXPERT
CALL TOADY & STOP WORRYING
Manjit Gill - 209.524.4008
Real Estate & Loans - 510.415.2368
ਸਸਤੀ ਅਤੇ ਵਧੀਆ ਇੰਸ਼ੋਰੈਂਸ
GILL FINANCIAL & INSURANCE



Manjit Gill
President
CA Lic#0B23990

• AUTO
• HOME
• LIFE
• HEALTH
• LIQUOR STORES
• GAS STATIONS
• TRUCK INSURANCE

EDUCATION FUNDING
RETIREMENT ਦੇ ਵਧੀਆ PROGRAM
ਅੱਜ ਹੀ ਕਾਲ ਕਰੋ
510-415-2368 / 209-524-4008
www.gillfinancial.com



ਹਰ ਤਰ੍ਹਾਂ ਦੀ ਕਾਨੂੰਨੀ ਸਹਾਇਤਾ ਲਈ ਇਕੋ ਇਕ ਭਰੋਸੇਯੋਗ ਨਾਂ
ਜਸਪ੍ਰੀਤ ਸਿੰਘ
ਅਟਾਰਨੀ ਐਟ ਲਾਅ

*ਰਿਫਿਊਜੀ ਸਟੇਅ *ਵਿਆਹ ਦੇ ਕੇਸ
*ਸਿਟੀਜ਼ਨਸ਼ਿਪ *ਡਿਪੋਰਟੇਸ਼ਨ *ਬਿਜਨੈਸ ਵੀਜ਼ਾ
*ਇੰਪਲਾਇਮੈਂਟ ਸਬੰਧੀ ਸਪਾਂਸਰਸ਼ਿਪ
*ਐਡਾਪਸ਼ਨ ਆਦਿ ਦੇ ਕੇਸਾਂ ਲਈ ਸੰਪਰਕ ਕਰੋ
ਲੋਨ ਮੋਡੀਫਿਕੇਸ਼ਨ ਲਈ ਵੀ ਕਾਲ ਕਰੋ



Attorny At Law

Law Offices Of Jaspreet Singh

37-18, 73 Street, Suite 401
(Near Subzi Mandi)
Jackson Hts, NY-11372
Ph:718-533-8444
Fax: 718-533-8460

44790 S. Grimmer
Blvd. #204
Fremont CA-94538
Ph:510-657-6444
Fax: 510-657-6443

2945 W. Capitol Ave,
Sacramento CA-95691
Ph: 916-372-4448
Fax: 916-372-4440

# ਸ਼੍ਰੋਮਣੀ ਗੁਰਦੁਆਰਾ ਕਮੇਟੀ ਦਾ 508 ਕਰੋੜ ਰੁਪਏ ਦਾ ਬਜਟ ਪਾਸ

**ਅੰਮ੍ਰਿਤਸਰ:** ਸਿੱਖਾਂ ਦੀ ਮਿੰਨੀ ਪਾਰਲੀਮੈਂਟ ਵਜੋਂ ਜਾਣੀ ਜਾਂਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਇਥੇ ਬੀਤੀ 31 ਮਾਰਚ ਨੂੰ ਹੋਏ ਬਜਟ ਇਜਲਾਸ ਵਿਚ ਵਿੱਤੀ ਸਾਲ 2010-2011 ਲਈ ਪੰਜ ਅਰਬ, 8 ਕਰੋੜ, 70 ਲੱਖ, 84 ਹਜ਼ਾਰ, 972 ਰੁਪਏ ਦੇ ਬੱਜਟ ਨੂੰ ਸਰਬ-ਸੰਮਤੀ ਨਾਲ ਪ੍ਰਵਾਨ ਕਰ ਲਿਆ ਗਿਆ ਹੈ। ਭਾਵੇਂਕਿ ਵਿਰੋਧੀ ਧਿਰ ਨੇ ਬਜਟ ਵਿਚਲੀਆਂ ਤਰੁੱਟੀਆਂ ਦੂਰ ਕਰਨ ਲਈ ਇਕ ਸੱਤ ਸਫਿਆਂ ਦਾ ਪੱਤਰ ਵੀ ਇਜਲਾਸ ਵਿਚ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਨੂੰ ਦਿੱਤਾ ਪਰ ਉਸ ਉਤੇ ਕੋਈ ਵਿਚਾਰ ਨਹੀਂ ਕੀਤਾ ਗਿਆ। ਪਿਛਲੇ ਸਾਲ ਇਹ ਬਜਟ 4 ਅਰਬ, 48 ਕਰੋੜ, 89 ਲੱਖ, ਇਕ ਹਜ਼ਾਰ ਚਾਰ ਸੌ ਛਿਅੱਤਰ ਰੁਪਏ ਦਾ ਸੀ। ਇਸ ਵਾਰ ਬਜਟ ਵਿਚ 59 ਕਰੋੜ 81 ਲੱਖ 83 ਹਜ਼ਾਰ ਚਾਰ ਸੌ ਛਿਆਨਵੇਂ ਰੁਪਏ ਦਾ ਵਾਧਾ ਕੀਤਾ ਗਿਆ ਹੈ।

ਹਰਿਆਣਾ ਤੋਂ ਸ਼੍ਰੋਮਣੀ ਕਮੇਟੀ ਮੈਂਬਰ ਅਤੇ ਹਰਿਆਣਾ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ (ਐਡਹਾਕ) ਦੇ ਪ੍ਰਧਾਨ ਜਗਦੀਸ਼ ਸਿੰਘ ਝੀਂਡਾ ਨੇ ਬਜਟ ਅਤੇ ਹਰਿਆਣਾ ਦੇ ਸਿੱਖਾਂ ਦੀਆਂ ਸਮੱਸਿਆਵਾਂ ਬਾਰੇ ਬੋਲਣ ਲਈ ਸਮਾਂ ਮੰਗਿਆ ਪਰ ਉਨ੍ਹਾਂ ਨੂੰ ਬੋਲਣ ਦਾ ਮੌਕਾ ਨਾ ਮਿਲਣ ਉਤੇ ਜਦੋਂ ਉਨ੍ਹਾਂ ਵਿਰੋਧ ਵਿਚ ਬੋਲਣਾ ਸ਼ੁਰੂ ਕੀਤਾ ਤਾਂ ਉਨ੍ਹਾਂ ਨੂੰ ਜ਼ਬਰਦਸਤੀ ਹਾਲ ਵਿਚੋਂ ਬਾਹਰ ਕੱਢ ਦਿੱਤਾ ਗਿਆ। ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਜਥੇਦਾਰ ਅਵਤਾਰ ਸਿੰਘ ਮੱਕੜ ਦੀ ਪ੍ਰਧਾਨਗੀ ਹੇਠ ਬਜਟ ਇਜਲਾਸ ਬੀਤੀ 31 ਮਾਰਚ ਦੁਪਹਿਰ ਨੂੰ ਇਕ ਵਜੇ ਤੇਜਾ ਸਿੰਘ ਸਮੁੰਦਰੀ ਹਾਲ ਵਿਚ ਸ਼ੁਰੂ ਹੋਇਆ। ਕਮੇਟੀ ਦੇ ਸਕੱਤਰ ਦਲਮੇਘ ਸਿੰਘ ਨੇ ਬਜਟ ਕਾਰਵਾਈ ਸ਼ੁਰੂ ਕੀਤੀ ਅਤੇ ਬਜਟ ਰਿਪੋਰਟ ਕਮੇਟੀ ਦੇ ਜਨਰਲ ਸਕੱਤਰ ਸੁਖਦੇਵ ਸਿੰਘ ਭੌਰ ਨੇ ਪੜ੍ਹੀ। ਮਗਰੋਂ ਮੈਂਬਰਾਂ ਨੇ ਹੱਥ ਖੜ੍ਹੇ ਕਰਕੇ ਜੈਕਾਰਿਆਂ ਦੀ ਗੂੰਜ ਵਿਚ ਬਜਟ ਨੂੰ ਪ੍ਰਵਾਨਗੀ ਦੇ ਦਿੱਤੀ।

ਜਿਵੇਂ ਹੀ ਸ੍ਰੀ ਭੌਰ ਨੇ ਬਜਟ ਬਾਰੇ ਭਾਸ਼ਣ ਖ਼ਤਮ ਕੀਤਾ ਤਾਂ ਸ੍ਰੀ ਝੀਂਡਾ ਨੇ ਖੜੇ ਹੋ ਕੇ ਕਿਹਾ ਕਿ ਉਹ ਹਰਿਆਣਾ ਦੇ ਸਿੱਖਾਂ ਦੀਆਂ ਮੰਗਾਂ ਬਾਰੇ ਅਤੇ ਕੁਝ ਬਜਟ ਬਾਰੇ ਬੋਲਣਾ ਚਾਹੁੰਦੇ ਹਨ। ਪਰ ਉਨ੍ਹਾਂ ਨੂੰ ਬੋਲਣ ਦਾ ਸਮਾਂ ਨਾ ਦੇਣ 'ਤੇ ਉਹ ਤਲਖ਼ੀ ਵਿਚ ਆ ਗਏ।

ਸ੍ਰੀ ਦਲਮੇਘ ਸਿੰਘ ਤੇ ਰਾਜਿੰਦਰ ਸਿੰਘ ਮਹਿਤਾ ਨੇ ਵੀ ਉਨ੍ਹਾਂ ਨੂੰ ਰੋਕਣ ਦਾ ਯਤਨ ਕੀਤਾ। ਸ੍ਰੀ ਝੀਂਡਾ ਨੇ ਜ਼ਬਰਦਸਤੀ ਮਾਈਕ ਉਤੇ ਬੋਲਣ ਦੀ ਕੋਸ਼ਿਸ਼ ਵੀ ਕੀਤੀ ਪਰ ਉਨ੍ਹਾਂ ਨੂੰ ਪਿਛਾਂਹ ਧੱਕ ਦਿੱਤਾ ਗਿਆ। ਅਕਾਲ ਤਖ਼ਤ ਸਾਹਿਬ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ ਨੇ ਵੀ ਸ੍ਰੀ ਝੀਂਡਾ ਨੂੰ ਸ਼ਾਂਤ ਕਰਨ ਦਾ ਯਤਨ ਕੀਤਾ। ਜਥੇਦਾਰ ਮੱਕੜ ਨੇ ਸ੍ਰੀ ਗੁਰੂ ਗਰੰਥ ਸਾਹਿਬ ਦੀ ਹਜ਼ੂਰੀ ਵਿਚ ਅਜਿਹਾ ਕਰਨ ਉਤੇ ਹੱਤਕ ਦਾ ਮਾਮਲਾ ਇਜਲਾਸ ਵਿਚ ਪੇਸ਼ ਕੀਤਾ। ਉਨ੍ਹਾਂ ਕਿਹਾ ਕਿ ਸ੍ਰੀ ਝੀਂਡਾ ਨੂੰ ਬੋਲਣ ਤੋਂ ਪਹਿਲਾਂ ਸਮਾਂ ਮੰਗਣਾ ਚਾਹੀਦਾ ਸੀ, ਇਸ ਤਰ੍ਹਾਂ ਜ਼ਬਰਦਸਤੀ ਨਹੀਂ ਸੀ ਕਰਨੀ ਚਾਹੀਦੀ। ਉਨ੍ਹਾਂ ਝੀਂਡਾ ਦੀ ਨਿੰਦਾ ਕਰਦਿਆਂ ਆਦੇਸ਼ ਦਿੱਤਾ ਕਿ ਉਸਨੂੰ ਇਜਲਾਸ ਵਿਚੋਂ ਬਾਹਰ ਕੱਢ ਦਿੱਤਾ ਜਾਵੇ। ਇਸ ਉਤੇ ਟਾਸਕ ਫੋਰਸ ਨੇ ਉਨ੍ਹਾਂ ਨੂੰ ਬਾਹਰ ਕੱਢ ਦਿੱਤਾ।

ਦੂਜੇ ਪਾਸੇ ਜਥੇਦਾਰ ਮੱਕੜ ਨੇ ਕਿਹਾ ਕਿ ਸ੍ਰੀ ਝੀਂਡਾ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਮਰਿਯਾਦਾ ਦੀ ਉਲੰਘਣਾ ਕੀਤੀ ਹੈ। ਉਨ੍ਹਾਂ ਕਿਹਾ ਕਿ ਇਹ ਨਿੰਦਣਯੋਗ ਕਾਰਵਾਈ ਹੈ। ਉਨ੍ਹਾਂ ਕਿਹਾ ਕਿ ਬਜਟ ਵਿਚ ਹਰਿਆਣੇ ਲਈ 13 ਕਰੋੜ ਰੁਪਏ ਰੱਖੇ ਗਏ ਹਨ ਜਦੋਂਕਿ ਹਰਿਆਣਾ ਤੋਂ ਕੇਵਲ 4 ਕਰੋੜ 58 ਲੱਖ ਰੁਪਏ ਦੀ ਆਮਦਨ ਹੋਈ ਹੈ। ਉਨ੍ਹਾਂ ਕਿਹਾ ਕਿ ਇਸ ਵਾਰੀ ਬਜਟ ਨੂੰ ਧਰਮ ਪ੍ਰਚਾਰ, ਵਿਰਸਾ ਸੰਭਾਲਣ ਅਤੇ ਵਿਦਿਆ ਉਤੇ ਕੇਂਦ੍ਰਿਤ ਕੀਤਾ ਗਿਆ ਹੈ। ਉਨ੍ਹਾਂ ਕਿਹਾ ਕਿ ਸ਼੍ਰੋਮਣੀ ਕਮੇਟੀ ਅਧੀਨ 31 ਕਾਲਜ ਅਤੇ 60 ਸਕੂਲ ਪਹਿਲਾਂ ਹੀ ਚਲ ਰਹੇ ਹਨ ਅਤੇ ਨਵੇਂ ਵਿੱਤੀ ਸਾਲ ਵਿਚ 10 ਕਾਲਜ ਤੇ ਦਸ ਸਕੂਲ ਖੋਲ੍ਹੇ ਜਾਣਗੇ। ਉਨ੍ਹਾਂ ਕਿਹਾ ਕਿ ਵਿਸ਼ਵ ਪੱਧਰ ਦਾ ਇਕ ਬਿਜਨਸ ਸਕੂਲ, ਇਕ ਲਾਅ ਇੰਸਟੀਚਿਊਟ ਅਤੇ ਗੂੰਗੇ-ਬੋਲੇ ਬੱਚਿਆਂ ਦੀ ਪੜ੍ਹਾਈ ਲਈ ਵਿਸ਼ੇਸ਼ ਇੰਸਟੀਚਿਊਟ ਖੋਲ੍ਹਿਆ ਜਾਵੇਗਾ।

ਉਨ੍ਹਾਂ ਕਿਹਾ ਕਿ ਨਵੇਂ ਖੋਲ੍ਹੇ ਜਾਣ ਵਾਲੇ ਸਕੂਲਾਂ ਵਿਚੋਂ ਬਹੁਤੇ ਸੀ.ਬੀ.ਐਸ.ਈ. ਨਾਲ ਸਬੰਧਤ ਕਰਵਾਏ ਜਾਣਗੇ। ਉਨ੍ਹਾਂ ਕਿਹਾ ਕਿ ਮਿਆਰੀ ਵਿਦਿਆ ਤੇ ਸਿੱਖ ਧਰਮ ਅਤੇ ਵਿਰਸੇ, ਸਿੱਖ ਕਦਰਾਂ-ਕੀਮਤਾਂ ਨਾਲ ਸਬੰਧਤ ਪੜ੍ਹਾਈ ਕਰਵਾਈ ਜਾਵੇਗੀ।

ਦਰਬਾਰ ਸਾਹਿਬ ਦੇ ਬਜਟ ਵਿਚ ਕੁਦਰਤੀ ਆਫ਼ਤਾਂ ਅਤੇ ਪੀੜਤ ਪਰਿਵਾਰਾਂ ਲਈ ਰਲੀਫ ਫੰਡ ਵਜੋਂ 27 ਲੱਖ ਰੁਪਏ ਵਿਸ਼ੇਸ਼ ਤੌਰ ਉਤੇ ਰੱਖੇ ਗਏ ਹਨ। ਇਸੇ ਤਰ੍ਹਾਂ ਬਜਟ ਵਿਚ ਕੁਦਰਤੀ ਆਫ਼ਤਾਂ ਸਮੇਂ ਸਹਾਇਤਾ ਲਈ 10 ਲੱਖ ਹੋਰ ਰੁਪਏ ਰੱਖੇ ਗਏ ਹਨ। ਵਣਜਾਰੇ ਤੇ ਸਿਕਲੀਗਰ ਸਿੱਖਾਂ ਦੀ ਸਹਾਇਤਾ ਲਈ ਵੀਹ ਲੱਖ ਰੁਪਏ ਅਤੇ ਪੀੜਤ ਸਿੱਖ ਪਰਿਵਾਰਾਂ ਅਤੇ ਜੇਲ੍ਹਾਂ ਵਿਚ ਬੰਦ ਨਿਰਦੋਸ਼ ਸਿੰਘਾਂ ਦੀ ਸਹਾਇਤਾ ਲਈ 48 ਲੱਖ ਰੁਪਏ ਰੱਖੇ ਗਏ ਹਨ। ਇਸ ਸਾਲ ਸਿੱਖ ਪੰਥ ਦੇ ਸਿਰਮੌਰ ਜਰਨੈਲ ਬਾਬਾ ਬੰਦਾ ਸਿੰਘ ਬਹਾਦਰ ਦੀ ਸਰਹਿੰਦ ਫਤਿਹ ਕਰਨ ਦੀ ਸ਼ਤਾਬਦੀ ਮਨਾਉਣ ਲਈ ਦੋ ਕਰੋੜ ਰੁਪਏ ਰੱਖੇ ਗਏ ਹਨ। ਇਸੇ ਤਰ੍ਹਾਂ ਧਰਮੀ ਫੌਜੀਆਂ ਨੂੰ ਸਹਾਇਤਾ ਦੇਣ ਲਈ ਸ਼ਹੀਦੀ ਫੰਡ ਖਾਤੇ ਵਿਚ 65 ਲੱਖ ਰੁਪਏ ਰੱਖੇ ਗਏ ਹਨ।

ਮਨੁੱਖਤਾ ਦੀ ਭਲਾਈ, ਲੂਲ੍ਹੇ-ਲੰਗੜੇ ਅਤੇ ਅਪਾਹਜ ਮਨੁੱਖਾਂ ਦੀ ਸਹਾਇਤਾ ਲਈ ਚਲ ਰਹੀ ਸੰਸਥਾ ਪਿੰਗਲਵਾੜਾ ਭਗਤ ਪੂਰਨ ਸਿੰਘ ਨੂੰ ਹਰ ਸਾਲ ਵਾਂਗ ਇਸ ਵਾਰ ਵੀ ਦੇਣ ਲਈ ਬਜਟ ਵਿਚ 10 ਲੱਖ ਰੁਪਏ ਰੱਖੇ ਗਏ ਹਨ। ਇਜਲਾਸ ਵਿਚ ਕਈ ਮਹੱਤਵਪੂਰਨ ਮਤੇ ਵੀ ਪਾਸ ਕੀਤੇ ਗਏ ਹਨ। ਇਕ ਅਹਿਮ ਮਤੇ ਵਿਚ ਮੁਹਾਲੀ ਤੋਂ ਛਪਦੇ ਇਕ ਪੰਜਾਬੀ ਅਖ਼ਬਾਰ ਦੇ ਸੰਪਾਦਕ ਦੀ ਸਖ਼ਤ ਨਿੰਦਾ ਕਰਦਿਆਂ ਇਹ ਕਿਹਾ ਗਿਆ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਨੇ ਸ੍ਰੀ ਗੁਰੂ ਗ੍ਰੰਥ ਸਾਹਿਬ ਨੂੰ ਗੁਰਤਾਗੱਦੀ ਬਖ਼ਸ਼ ਕੇ ਸਿੱਖਾਂ ਨੂੰ ਉਸਦੇ ਲੜ ਲਾਇਆ ਸੀ ਪਰ ਅੱਜ ਇਸ ਅਖ਼ਬਾਰ ਦਾ ਸੰਪਾਦਕ ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਦਰਜ ਬਾਣੀ ਉਤੇ ਵੀ ਕਿੰਤੂ-ਪ੍ਰੰਤੂ ਕਰ ਰਿਹਾ ਹੈ। ਮਤੇ ਰਾਹੀਂ ਅਖ਼ਬਾਰ ਦੇ ਸੰਪਾਦਕ ਨੂੰ ਚੇਤਾਵਨੀ ਦਿੱਤੀ ਗਈ ਹੈ ਕਿ ਉਹ ਊਲ-ਜਲੂਲ ਲਿਖਤਾਂ ਦਾ ਸਿਲਸਿਲਾ ਬੰਦ ਕਰੇ। ਇਹ ਵੀ ਕਿਹਾ ਗਿਆ ਹੈ ਕਿ ਅਖ਼ਬਾਰ ਧਾਰਮਿਕ ਭਾਈਚਾਰਿਆਂ ਵਿਚ ਫੁੱਟ ਪਾਉਣ ਅਤੇ ਉਨ੍ਹਾਂ ਨੂੰ ਆਪਸ ਵਿਚ ਲੜਾਉਣ ਦੀਆਂ ਸਾਜ਼ਿਸ਼ਾਂ ਤੋਂ ਗੁਰੇਜ਼ ਕਰੇ।



ਬਜਟ ਦੌਰਾਨ ਬਹਿਸਦੇ ਹੋਏ ਜਗਦੀਸ਼ ਸਿੰਘ ਝੀਂਡਾ ਤੇ ਅਵਤਾਰ ਸਿੰਘ ਮੱਕੜ

ਇਕ ਹੋਰ ਮਤੇ ਵਿਚ ਦਿੱਲੀ ਸਿੱਖ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਤੇ ਉਸ ਦੇ ਸਾਥੀਆਂ ਵਲੋਂ ਸਿੱਖ ਪੰਥ ਵਿਚ ਵੰਡੀਆਂ ਪਾਉਣ ਦੀ ਕੋਝੀ ਚਾਲ ਦੀ ਸਖ਼ਤ ਨਿੰਦਾ ਕਰਦਿਆਂ ਸਿੱਖ ਸੰਗਤਾਂ ਨੂੰ ਅਪੀਲ ਕੀਤੀ ਕਿ ਉਹ ਅਜਿਹੇ ਪੰਥ ਦੋਖੀਆਂ ਦੇ ਮਨਸੂਬਿਆਂ ਤੋਂ ਸੁਚੇਤ ਰਹਿਣ। ਇਜਲਾਸ ਵਿਚ ਹਰਿਆਣਾ ਸਰਕਾਰ ਨੂੰ ਪੰਜਾਬੀ ਭਾਸ਼ਾ ਨੂੰ ਦੂਜੀ ਭਾਸ਼ਾ ਵਜੋਂ ਮਾਨਤਾ ਦੇਣ ਲਈ ਵਧਾਈ ਦਿੱਤੀ ਗਈ ਤੇ ਧੰਨਵਾਦ ਕੀਤਾ ਗਿਆ ਅਤੇ ਇਹ ਵੀ ਕਿਹਾ ਗਿਆ ਕਿ ਇਸ ਫੈਸਲੇ ਨੂੰ ਅਮਲੀ ਰੂਪ ਵਿਚ ਲਾਗੂ ਕੀਤਾ ਜਾਵੇ।

ਇਜਲਾਸ ਵਿਚ ਕਈ ਸ਼ੋਕ ਮਤੇ ਵੀ ਪਾਸ ਕੀਤੇ ਗਏ। ਪ੍ਰੋਫੈਸਰ ਹਰਿੰਦਰ ਸਿੰਘ ਮਹਿਬੂਬ, ਲੰਡਨ ਵਿਚ ਲੁਟੇਰਿਆਂ ਹੱਥੋਂ ਮਾਰੇ ਗਏ ਇਕ ਨੌਜੁਆਨ ਸੁਖਵਿੰਦਰ ਸਿੰਘ, ਪਿਸ਼ਾਵਰ ਵਿਚ ਸਿੱਖਾਂ ਪਾਸੋਂ ਫਿਰੌਤੀ ਵਸੂਲਣ ਲਈ ਤਾਲਿਬਾਨ ਵਲੋਂ ਅਗਵਾ ਕਰਕੇ ਮਾਰੇ ਗਏ ਸਿੱਖ ਜਸਪਾਲ ਸਿੰਘ, ਟਕਸਾਲੀ ਅਕਾਲੀ ਅਰਜਨ ਸਿੰਘ ਬੁੱਧੀਰਾਜਾ, ਸਾਬਕਾ ਸ਼੍ਰੋਮਣੀ ਕਮੇਟੀ ਮੈਂਬਰ ਹਰੀ ਸਿੰਘ, ਫੌਜਾ ਸਿੰਘ ਦੀ ਮੌਤ 'ਤੇ ਡੂੰਘਾ ਦੁੱਖ ਪ੍ਰਗਟ ਕੀਤਾ ਗਿਆ।

ਬਜਟ ਇਜਲਾਸ ਮਗਰੋਂ ਸ਼੍ਰੋਮਣੀ ਕਮੇਟੀ ਦੇ ਮੈਂਬਰ ਸ੍ਰੀ ਮਨਜੀਤ ਸਿੰਘ ਕਲਕੱਤਾ ਨੇ ਕਿਹਾ ਕਿ ਸ਼੍ਰੋਮਣੀ ਕਮੇਟੀ ਪਾਸੋਂ ਸਿੱਖਾਂ ਦੀ ਭਲਾਈ ਦੀ ਆਸ ਨਹੀਂ ਕੀਤੀ ਜਾਣੀ ਚਾਹੀਦੀ। ਉਨ੍ਹਾਂ ਦੋਸ਼ ਲਾਇਆ ਕਿ ਜਥੇਦਾਰ ਗੁਰਚਰਨ ਸਿੰਘ ਟੌਹੜਾ ਨੇ ਬੈਂਕਾਂ ਵਿਚ ਐਫ.ਡੀਆਂ. ਕਰਵਾਈਆਂ ਸਨ ਪਰ ਜਥੇਦਾਰ ਮੱਕੜ ਨੇ ਇਹ ਤੁੜਵਾ ਕੇ ਗਲਤ ਥਾਵਾਂ 'ਤੇ ਵਰਤੀਆਂ ਹਨ।

ਹਰਿਆਣਾ ਦੀ ਸ਼੍ਰੋਮਣੀ ਕਮੇਟੀ ਮੈਂਬਰ ਬੀਬੀ ਰਵਿੰਦਰ ਕੌਰ ਨੇ ਦੋਸ਼ ਲਾਇਆ ਕਿ ਸ਼੍ਰੋਮਣੀ ਕਮੇਟੀ ਨੇ ਸੇਵਾਦਾਰਾਂ ਦੀ ਭਰਤੀ ਵਿਚ ਘਪਲੇਬਾਜ਼ੀ ਕੀਤੀ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਜਥੇਦਾਰ ਮੱਕੜ ਨੇ ਉਸਨੂੰ ਪੈਨਲ ਵਿਚ ਸ਼ਾਮਲ ਕਰਨ ਲਈ ਕਿਹਾ ਸੀ ਪਰ ਬਾਅਦ ਵਿਚ ਸ਼ਾਮਲ ਨਹੀਂ ਕੀਤਾ। ਉਨ੍ਹਾਂ ਕਿਹਾ ਕਿ ਭਰਤੀ ਦੁਬਾਰਾ ਕੀਤੀ ਜਾਵੇ ਅਤੇ ਯੋਗ ਉਮੀਦਵਾਰਾਂ ਨੂੰ ਹੀ ਭਰਤੀ ਕੀਤਾ ਜਾਵੇ। ਲੁਧਿਆਣੇ ਤੋਂ ਮੈਂਬਰ ਸ੍ਰੀ ਹਰਸੁਰਿੰਦਰ ਸਿੰਘ ਗਿੱਲ ਅਤੇ ਅੰਤ੍ਰਿੰਗ ਕਮੇਟੀ ਮੈਂਬਰ ਜਥੇਦਾਰ ਸੁਰਜੀਤ ਸਿੰਘ ਗੜ੍ਹੀ ਨੇ ਬੱਜਟ ਦੀ ਸ਼ਲਾਘਾ ਕਰਦਿਆਂ ਕਿਹਾ ਕਿ ਇਹ ਇਕ ਵਧੀਆ ਬਜਟ ਹੈ ਕਿਉਂਕਿ ਇਹ ਵਿਦਿਆ, ਧਰਮ ਪ੍ਰਚਾਰ ਅਤੇ ਵਿਰਸੇ ਦੀ ਸੰਭਾਲ 'ਤੇ ਕੇਂਦ੍ਰਿਤ ਕੀਤਾ ਗਿਆ ਹੈ। ਉਨ੍ਹਾਂ ਕਮੇਟੀ ਵਲੋਂ ਦਸ ਕਾਲਜ ਅਤੇ ਦਸ ਸਕੂਲ ਨਵੇਂ ਖੋਲ੍ਹੇ ਜਾਣ ਦਾ ਵੀ ਸਵਾਗਤ ਕੀਤਾ।

# ਸ਼੍ਰੋਮਣੀ ਕਮੇਟੀ ਦੇ ਪ੍ਰਬੰਧ 'ਤੇ ਲੱਗੇ ਕਈ ਸਵਾਲੀਆ ਨਿਸ਼ਾਨ

**ਅੰਮ੍ਰਿਤਸਰ:** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵਿਚ ਪਿਛਲੇ ਦੋ ਦਿਨਾਂ ਦੌਰਾਨ ਵਾਪਰੀਆਂ ਦੋ ਘਟਨਾਵਾਂ ਨੇ ਸ਼੍ਰੋਮਣੀ ਕਮੇਟੀ ਦੇ ਪ੍ਰਧਾਨ ਅਵਤਾਰ ਸਿੰਘ ਮੱਕੜ ਨੂੰ ਜਨਤਾ ਦੀ ਕਚਹਿਰੀ ਵਿਚ ਲਿਆ ਖੜਾ ਕੀਤਾ ਹੈ ਪਰ ਸ੍ਰੀ ਮੱਕੜ ਇਨ੍ਹਾਂ ਘਟਨਾਵਾਂ ਸੰਬੰਧੀ ਆਪਣਾ ਕੋਈ ਠੋਸ ਸਪੱਸ਼ਟੀਕਰਨ ਨਹੀਂ ਦੇ ਸਕੇ, ਜਿਸ ਕਾਰਨ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ 'ਤੇ ਕਈ ਸਵਾਲੀਆ ਨਿਸ਼ਾਨ ਲੱਗ ਗਏ ਹਨ।

ਸ਼੍ਰੋਮਣੀ ਕਮੇਟੀ ਦੇ ਮਰਹੂਮ ਪ੍ਰਧਾਨ ਜਥੇਦਾਰ ਗੁਰਚਰਨ ਸਿੰਘ ਟੌਹੜਾ ਦੇ ਕਾਰਜਕਾਲ ਦੌਰਾਨ ਵੀ ਭਾਵੇਂ ਕਈ ਕੇਸ ਵਾਪਰੇ ਪਰ ਉਨ੍ਹਾਂ ਦੀ ਪ੍ਰਬੰਧ ਉਤੇ ਪੂਰੀ ਤਰ੍ਹਾਂ ਪਕੜ ਬਣੀ ਹੋਣ ਕਾਰਨ ਕਈ ਮੁਲਾਜ਼ਮ ਨੌਕਰੀ ਤੋਂ ਕੱਢ ਦਿੱਤੇ ਗਏ। 1999 ਵਿਚ ਜਦੋਂ ਖਾਲਸਾ ਪੰਥ ਖਾਲਸੇ ਦੀ ਤੀਸਰੀ ਜਨਮ ਸ਼ਤਾਬਦੀ ਮਨਾ ਰਿਹਾ ਸੀ ਤਾਂ ਪੰਥ ਦੇ ਦੋ ਮਹਾਂਰਥੀ ਜਥੇ. ਗੁਰਚਰਨ ਸਿੰਘ ਟੌਹੜਾ ਅਤੇ ਪ੍ਰਕਾਸ਼ ਸਿੰਘ ਬਾਦਲ ਵਿਚਾਰਾਂ ਦੇ ਮੱਤਭੇਦ ਹੋਣ ਕਾਰਨ ਆਹਮੋ-ਸਾਮ੍ਹਣੇ ਹੋ ਗਏ ਅਤੇ ਬਾਦਲ ਨੇ ਜਥੇ. ਟੌਹੜਾ ਦੀ ਪ੍ਰਧਾਨਗੀ ਦਾ ਕਾਟਾ ਬੋ ਕਰਕੇ ਸ਼੍ਰੋਮਣੀ ਕਮੇਟੀ ਦੀ ਪਹਿਲੀ ਮਹਿਲਾ ਪ੍ਰਧਾਨ ਬੀਬੀ ਜਗੀਰ ਕੌਰ ਨੂੰ ਬਣਾ ਦਿਤਾ। ਬੀਬੀ ਜੀ ਦੇ ਸਮੇਂ ਭ੍ਰਿਸ਼ਟਾਚਾਰ ਦੇ ਕਈ ਕੇਸ ਸਾਹਮਣੇ ਆਏ ਅਤੇ ਹੱਥ ਤੇ ਹੱਥ ਧਰੀ ਬੈਠੇ ਸਿੱਖ ਗੁਰਦੁਆਰਾ ਜੁਡੀਸ਼ਲ ਕਮਿਸ਼ਨ ਨੂੰ ਉਸ ਵੇਲੇ ਕੰਮ ਮਿਲ ਗਿਆ ਜਦੋਂ ਵਿਰੋਧੀਆਂ ਨੇ ਬੀਬੀ ਜਾਗੀਰ ਕੌਰ ਦੇ ਖਿਲਾਫ ਕਈ ਕੇਸ ਦਾਇਰ ਕਰ ਦਿੱਤੇ। ਇਸ ਤੋਂ ਬਾਅਦ ਜਥੇ. ਜਗਦੇਵ ਸਿੰਘ ਤਲਵੰਡੀ, ਕ੍ਰਿਪਾਲ ਸਿੰਘ ਬਡੂੰਗਰ ਥੋੜੇ ਸਮੇਂ ਲਈ ਜਥੇ. ਗੁਰਚਰਨ ਸਿੰਘ ਟੌਹੜਾ ਅਤੇ ਅਲਵਿੰਦਰ ਪਾਲ ਸਿੰਘ ਪੱਖੋਕੇ ਪ੍ਰਧਾਨ ਰਹੇ। ਨਵੰਬਰ 2005 ਵਿਚ ਜਥੇ. ਅਵਤਾਰ ਸਿੰਘ ਮੱਕੜ ਨੇ ਪ੍ਰਧਾਨਗੀ ਦਾ ਅਹੁਦਾ ਸੰਭਾਲਿਆ ਜੋ ਨਿਰੰਤਰਤ ਜਾਰੀ ਹੈ। ਮੱਕੜ ਦੇ ਕਾਲ ਦੌਰਾਨ ਭ੍ਰਿਸ਼ਟਾਚਾਰ, ਹੇਰਾਫੇਰੀ, ਧੋਖਾਧੜੀ ਦੇ ਅਣਗਿਣਤ ਕੇਸ ਵਾਪਰੇ ਜਿਨ੍ਹਾਂ ਵਿਚੋਂ ਕੁਝ ਇਕ ਸਿੱਖ ਗੁਰਦੁਆਰਾ ਜੁਡੀਸ਼ਲ ਕਮਿਸ਼ਨ ਦੀਆਂ ਫਾਇਲਾਂ ਦਾ ਸ਼ਿੰਗਾਰ ਬਣੇ ਅਤੇ ਕੁਝ ਇਕ ਨੂੰ ਦਬਾ ਦਿੱਤਾ ਗਿਆ। ਰਿਸ਼ਵਤ ਲੈ ਕੇ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਅੰਦਰ ਵੀ ਆਈ ਪੀ ਮੱਥਾ ਟਕਾਉਣ ਦੀ ਪ੍ਰੰਪਰਾ ਵੀ ਮੱਕੜ ਦੇ ਕਾਲ ਦੌਰਾਨ ਹੀ ਸ਼ੁਰੂ ਹੋਈ ਜੋ ਹਾਲੇ ਵੀ ਜਾਰੀ ਹੈ, ਭਾਵੇਂ ਕਿ ਇਕ ਮੁਲਾਜ਼ਮ ਰੰਗੇ ਹੱਥੀ ਫੜੇ ਜਾਣ 'ਤੇ ਵਿਹਲਾ ਵੀ ਕਰ ਦਿੱਤਾ ਗਿਆ। ਇਕ ਵਾਰ ਮੱਕੜ ਦੀ ਜੁਲਾਈ 2006 ਵਿਚ ਕੋਈ ਅਣਪਛਾਤਾ ਵਿਅਕਤੀ ਦਸਤਾਰ ਲਾਹ ਕੇ ਲੈ ਗਿਆ, ਜਿਸ ਨੂੰ ਅੱਜ ਤੱਕ ਕਮੇਟੀ ਦਾ ਸਮੁੱਚਾ ਪ੍ਰਬੰਧ ਨਹੀਂ ਲੱਭ ਸਕਿਆ। ਸੈਕਸ ਸਕੈਂਡਲਾਂ ਦੀ ਸ਼ੁਰੂਆਤ ਵੀ ਮੱਕੜ ਦੇ ਰਾਜ ਵਿਚ ਹੀ ਸ਼ੁਰੂ ਹੋਈ ਅਤੇ ਸਭ ਤੋਂ ਪਹਿਲੇ ਸਕੈਂਡਲ ਨੂੰ ਵੀ ਮੱਕੜ ਦੇ ਸੱਜਾ ਹੱਥ ਮੰਨੇ ਜਾਂਦੇ ਰਹੇ ਮੀਤ ਸਕੱਤਰ ਦਲਜੀਤ ਸਿੰਘ ਬੇਦੀ ਨੇ ਹੀ ਅੰਜਾਮ ਦਿੱਤਾ। ਇਸ ਮਾਮਲੇ ਨੇ ਵੀ ਖਾਸਾ ਤੂਲ ਫੜਿਆ ਸੀ। ਇਸੇ ਤਰ੍ਹਾਂ ਦੂਸਰੇ ਸਕੈਂਡਲ ਨੂੰ ਡਿਪਟੀ ਜਥੇਦਾਰ ਪ੍ਰਕਰਮਾ ਲਖਵਿੰਦਰ ਸਿੰਘ ਲੱਖਾ ਤੇ ਇਕ ਆਰਜੀ ਮੁਲਾਜ਼ਮ ਨੇ ਉਸ ਵੇਲੇ ਅੰਜਾਮ ਦੇ ਦਿੱਤਾ ਜਦੋਂ ਇਕ ਬੀਬੀ ਨੂੰ ਇਹ ਫੁਸਲਾ ਕੇ ਆਪਣੇ ਕਮਰੇ ਵਿਚ ਲੈ ਗਏ, ਜਿਥੇ ਦੋਵਾਂ ਨੇ ਦਾਰੂ ਪੀ ਕੇ ਉਸ ਨਾਲ ਜਬਰ-ਜਿਨਾਹ ਕਰਨ ਦੀ ਕੋਸ਼ਿਸ਼ ਕੀਤੀ ਪਰ ਉਸ ਵਲੋਂ ਰੌਲਾ ਪਾਉਣ 'ਤੇ ਦੋਵੇਂ ਡਰ ਗਏ ਤੇ ਉਸ ਨੂੰ ਛੱਡ ਦਿੱਤਾ। ਪੀੜਤ ਨੇ ਜਦੋਂ ਇਸਦੀ ਸ਼ਿਕਾਇਤ ਕੀਤੀ ਤਾਂ ਪੜਤਾਲ ਆਰੰਭ ਹੋ ਗਈ।

ਪੜਤਾਲ ਦੌਰਾਨ ਪੜਤਾਲੀਆਂ ਕਮੇਟੀ ਜਦੋਂ ਘਟਨਾ ਸਥਾਨ 'ਤੇ ਜਾਂਚ ਕਰਨ ਲਈ ਪੁੱਜੀ ਤਾਂ ਕਮਰੇ ਵਿਚੋਂ ਸ਼ਰਾਬ ਦੀਆਂ ਖਾਲੀ ਤੇ ਭਰੀਆਂ ਬੋਤਲਾਂ ਤੇ ਹੋਰ ਇਤਰਾਜ਼ਯੋਗ ਸਮਾਨ ਮਿਲਿਆ। ਸ਼੍ਰੋਮਣੀ ਕਮੇਟੀ ਨੇ ਕਾਰਵਾਈ ਕਰਦਿਆਂ ਆਰਜੀ ਸੇਵਾਦਾਰ ਨੂੰ ਨੌਕਰੀਓਂ ਬਰਖਾਸਤ ਕਰ ਦਿਤਾ ਤੇ ਲੱਖੇ ਨੂੰ ਮੁਅੱਤਲ ਕਰ ਦਿੱਤਾ। ਇਸੇ ਤਰ੍ਹਾਂ ਕਮੇਟੀ ਮੈਂਬਰ ਬਲਦੇਵ ਸਿੰਘ ਐਮ ਏ ਨੇ ਵੀ ਇਕ ਨੇਤਰਹੀਣ ਰਾਗੀ ਦੀ ਪਤਨੀ ਨਾਲ ਬਦਫੈਲੀ ਕਰਨ ਦੀ ਕੋਸ਼ਿਸ਼ ਕੀਤੀ, ਜਿਸਦਾ ਕੇਸ ਛੇਹਰਟਾ ਥਾਣਾ ਵਿਖੇ ਦਰਜ ਹੋਇਆ ਅਤੇ ਇਹ ਕੇਸ ਹਾਲੇ ਵੀ ਅਦਾਲਤ ਵਿਚ ਵਿਚਾਰ ਅਧੀਨ ਹੈ।

ਇਸ ਸਭ ਕੁਝ ਤੋਂ ਇਲਾਵਾ ਮੱਕੜ ਸਾਹਿਬ ਨੇ 31 ਮਾਰਚ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਮਰਿਆਦਾ ਦੇ ਸਾਰੇ ਕਾਨੂੰਨ ਛਿਕੇ ਟੰਗ ਕੇ ਹਰਿਆਣੇ ਤੋਂ ਸ਼੍ਰੋਮਣੀ ਕਮੇਟੀ ਮੈਂਬਰ ਜਗਦੀਸ਼ ਸਿੰਘ ਝੀਂਡਾ ਨੂੰ ਜਨਰਲ ਇਜਲਾਸ ਵਿਚੋਂ ਇਸ ਲਈ ਧੱਕੇ ਮਾਰਕੇ ਬਾਹਰ ਕੱਢਵਾ ਦਿੱਤਾ ਕਿਉਂਕਿ ਉਹ ਕਮੇਟੀ ਦੇ ਬਜਟ ਬਾਰੇ ਰਾਏ ਪੇਸ਼ ਕਰਨਾ ਚਾਹੁੰਦਾ ਸੀ। ਮੱਕੜ ਸਾਹਿਬ ਦੇ ਕਾਰਜਕਾਲ ਦੌਰਾਨ ਹੁਣ ਤੱਕ ਦੀਆਂ ਉਕਤ ਘਟਨਾਵਾਂ ਹਨ, ਜਿਨ੍ਹਾਂ ਕਰਕੇ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ 'ਤੇ ਕਈ ਤਰ੍ਹਾਂ ਦੇ ਸਵਾਲੀਆ ਨਿਸ਼ਾਨ ਲੱਗ ਗਏ ਹਨ। ਇਸ ਨਾਲ ਸਿੱਖ ਕੌਮ ਦਾ ਸਿਰ ਕਿੰਨਾ ਕੁ ਉੱਚਾ ਹੋਇਆ ਹੋਵੇਗਾ ਇਸ ਦਾ ਫੈਸਲਾ ਜਨਤਾ ਹੀ ਕਰੇਗੀ ਕਿ ਮੱਕੜ ਸਾਹਿਬ ਦੀ ਪ੍ਰਧਾਨਗੀ ਦਾ ਕਿੱਸਾ ਇਤਿਹਾਸ ਦੇ ਪੰਨਿਆਂ 'ਤੇ ਕਾਲੇ ਅੱਖਰਾਂ ਨਾਲ ਲਿਖਣਾ ਹੈ ਜਾਂ ਫਿਰ ਸੁਨਹਿਰੀ ਅੱਖਰਾਂ ਵਿਚ ਉਕਰਨਾ ਹੈ।

# ਅਕਾਲੀ ਦਲ ਅਮਰੀਕਾ ਵਲੋਂ ਦਿੱਲੀ ਦੀ ਕਨਵੈਨਸ਼ਨ ਦੀ ਨਿਖੇਧੀ

**ਯੂਨੀਅਨ ਸਿਟੀ (ਪੰਜਾਬ ਟਾਈਮਜ਼ ਬਿਊਰੋ):** ਅਕਾਲੀ ਦਲ (ਬਾਦਲ) ਦੀ ਅਮਰੀਕਾ ਇਕਾਈ ਨੇ ਦਿੱਲੀ ਵਿਚ ਪਰਮਜੀਤ ਸਿੰਘ ਸਰਨਾ ਵਲੋਂ ਬੁਲਾਈ ਗਈ ਸਿੱਖ ਕਨਵੈਨਸ਼ਨ ਦੀ ਸਖ਼ਤ ਸ਼ਬਦਾਂ ਵਿਚ ਨਿਖੇਧੀ ਕੀਤੀ ਹੈ। ਪਾਰਟੀ ਇਕਾਈ ਦੀ ਪ੍ਰਧਾਨ ਸ. ਮਨਜੀਤ ਸਿੰਘ ਦਸੂਆ ਦੀ ਪ੍ਰਧਾਨਗੀ ਹੇਠ ਹੋਈ ਇਕ ਇਕੱਤਰਤਾ ਵਿਚ ਪਾਰਟੀ ਦੀਆਂ ਨੀਤੀਆਂ ਬਾਰੇ ਵਿਚਾਰਾਂ ਹੋਈਆਂ ਅਤੇ ਭਵਿੱਖ ਵਿਚ ਪਾਰਟੀ ਨੂੰ ਹੋਰ ਮਜ਼ਬੂਤ ਕਰਨ ਲਈ ਰੂਪ ਰੇਖਾ ਉਲੀਕਣ ਸਬੰਧੀ ਪਾਰਟੀ ਮੈਂਬਰਾਂ ਨੇ ਵਿਚਾਰ ਪੇਸ਼ ਕੀਤੇ।

ਇਸ ਮੀਟਿੰਗ ਦੌਰਾਨ ਸ. ਸਰਨਾ ਵਲੋਂ ਬੁਲਾਏ ਗਏ ਕਥਿਤ ਨਕਲੀ ਸਰਬਤ ਖਾਲਸਾ ਦੀ ਨਿਖੇਧੀ ਕੀਤੀ ਗਈ ਅਤੇ ਇਸਦੇ ਨਾਲ ਹੀ ਇਹ ਵੀ ਕਿਹਾ ਗਿਆ ਕਿ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਸਿੰਘ ਸਾਹਿਬਾਨ ਨੂੰ ਹੀ ਸਰਬਤ ਖਾਲਸਾ ਬੁਲਾਉਣ ਦਾ ਹੱਕ ਹੈ, ਕਿਸੇ ਵੀ ਖੇਤਰੀ ਸਿਆਸੀ ਪਾਰਟੀ ਦੇ ਲੀਡਰ ਨੂੰ ਅਜਿਹਾ ਕਰਨ ਦਾ ਕੋਈ ਹੱਕ ਨਹੀਂ ਹੈ। ਇਸ ਲਈ ਇਹ ਸਰਬਤ ਖਾਲਸਾ ਨਹੀਂ ਸਗੋਂ ਦਿੱਲੀ ਦੇ ਕੁਝ ਅਖੌਤੀ ਲੀਡਰਾਂ ਵਲੋਂ ਬੁਲਾਈ ਗਈ ਸਿਆਸੀ ਕਨਵੈਨਸ਼ਨ ਹੈ। ਇਕ ਹੋਰ ਮਤੇ ਵਿਚ ਅਮਰੀਕਾ ਵਿਚ ਰਹਿ ਰਹੇ ਕੁਝ ਸਿੱਖਾਂ ਨੂੰ ਪਾਸਪੋਰਟ ਸਬੰਧੀ ਮੁਸ਼ਕਲਾਂ ਦੇ ਹੱਲ ਲਈ ਪਾਰਟੀ ਇਕਾਈ ਦਾ ਇਕ ਵਫ਼ਦ ਕੌਂਸਲੇਟ ਦੇ ਦਫ਼ਤਰ ਭੇਜਣ ਅਤੇ ਮੰਗਾਂ ਦਾ ਯਾਦ-ਪੱਤਰ ਦੇਣ ਦਾ ਫੈਸਲਾ ਕੀਤਾ ਗਿਆ।

ਇਕ ਹੋਰ ਮਤੇ ਵਿਚ ਪਾਰਟੀ ਦੀ ਕੈਲੀਫੋਰਨੀਆ ਇਕਾਈ ਦੇ ਪ੍ਰਧਾਨ ਸ. ਬਲਜੀਤ ਸਿੰਘ ਮਾਨ ਨੂੰ ਹੀ ਇਥੇ ਕੋਈ ਮੀਟਿੰਗ ਬੁਲਾਉਣ ਦੇ ਅਧਿਕਾਰ ਦਿੱਤੇ ਗਏ ਅਤੇ ਇਹ ਵੀ ਕਿਹਾ ਗਿਆ ਕਿ ਪ੍ਰਧਾਨ ਦੀ ਇਜਾਜ਼ਤ ਤੋਂ ਬਿਨਾ ਮੀਟਿੰਗ ਬੁਲਾਉਣ ਵਾਲੇ ਜਾਂ ਆਪਣੀ ਮਨਮਰਜ਼ੀ ਕਰਨ ਵਾਲੇ ਮੈਂਬਰ ਵਿਰੁੱਧ ਸਖ਼ਤ ਕਾਰਵਾਈ ਕੀਤੀ ਜਾਵੇਗੀ। ਇਹ ਵੀ ਮਤਾ ਪਾਸ ਕੀਤਾ ਗਿਆ ਕਿ ਪਾਰਟੀ ਵਲੋਂ ਬਿਆਨ ਸਿਰਫ਼ ਪਾਰਟੀ ਦੇ ਪ੍ਰੈਸ ਸਕੱਤਰ ਵਲੋਂ ਹੀ ਜਾਰੀ ਕੀਤਾ ਜਾਵੇ। ਅਕਾਲੀ ਦਲ (ਬਾਦਲ) ਕਿਸੇ ਵੀ ਗੁਰਦੁਆਰਾ ਚੋਣ ਵਿਚ ਹਿੱਸਾ ਨਹੀਂ ਲਵੇਗਾ। ਜੇਕਰ ਕਿਸੇ ਮੈਂਬਰ ਨੇ ਗੁਰਦੁਆਰਾ ਚੋਣਾਂ ਦੌਰਾਨ ਕਿਸੇ ਪਾਰਟੀ ਦੀ ਹਮਾਇਤ ਜਾਂ ਵਿਰੋਧਤਾ ਕਰਨੀ ਹੈ ਤਾਂ ਉਹ ਆਪਣੇ ਤੌਰ 'ਤੇ ਕਰੇ ਇਸ ਵਿਚ ਪਾਰਟੀ ਦੇ ਨਾਮ ਦੀ ਵਰਤੋਂ ਨਾ ਕੀਤੀ ਜਾਵੇ। ਮੀਟਿੰਗ ਵਿਚ ਕੈਲੀਫੋਰਨੀਆ ਵਿਚ ਅਕਾਲੀ ਦਲ ਦੀ ਕਨਵੈਨਸ਼ਨ ਬੁਲਾਉਣ ਸਬੰਧੀ ਵੀ ਵਿਚਾਰ ਕੀਤੀ ਗਈ।

ਪਿਛਲੇ ਦਿਨੀਂ ਬੇਕਰਜ਼ਫੀਲਡ ਅਤੇ ਲਾਸ ਏਂਜਲਸ ਏਰੀਏ ਵਿਚ ਇਕ ਟੀ ਵੀ ਚੈਨਲ ਵਲੋਂ ਸ੍ਰੀ ਅਕਾਲ ਤਖ਼ਤ ਸਾਹਿਬ ਅਤੇ ਸਿੰਘ ਸਾਹਿਬਾਨ ਦੇ ਵਿਰੁੱਧ ਗਲਤ ਸ਼ਬਦਾਵਲੀ ਦੀ ਵਰਤੋਂ ਕਰਨ ਵਾਲੇ ਦਵਿੰਦਰ ਸਿੰਘ ਬੈਂਸ ਅਤੇ ਟੀ ਵੀ ਸਟੇਸ਼ਨ ਦਾ ਬਾਈਕਾਟ ਕਰਨ ਦਾ ਮਤਾ ਵੀ ਪਾਸ ਕੀਤਾ ਗਿਆ।

ਮੀਟਿੰਗ ਦੌਰਾਨ ਪੰਜਾਬ ਵਿਚ ਐਨ ਆਰ ਆਈ ਦੇ ਪ੍ਰਧਾਨ ਦੀ ਚੋਣ ਦੌਰਾਨ ਸ. ਪ੍ਰੀਤਮ ਸਿੰਘ ਨਾਰੰਗਪੁਰ ਦੀ ਪੂਰਨ ਹਮਾਇਤ ਕਰਨ ਦਾ ਵੀ ਮਤਾ ਪਾਸ ਕੀਤਾ ਗਿਆ।

ਆਪਣੇ ਪ੍ਰਧਾਨਗੀ ਭਾਸ਼ਣ ਵਿਚ ਨਿਊ ਯਾਰਕ ਤੋਂ ਉਚੇਚੇ ਇਸ ਮੀਟਿੰਗ ਵਿਚ ਸ਼ਾਮਲ ਹੋਣ ਆਏ ਮਨਜੀਤ ਸਿੰਘ ਦਸੂਹਾ ਨੇ ਕਿਹਾ ਕਿ ਸਾਨੂੰ ਆਪਣੇ ਗਿਲੇ ਸ਼ਿਕਵੇ ਭੁੱਲ ਕੇ ਪਾਰਟੀ ਅਤੇ ਪੰਥ ਦੀ ਚੜ੍ਹਦੀ ਕਲਾ ਲਈ ਇਕ ਜੁੱਟ ਹੋ ਕੇ ਕੰਮ ਕਰਨਾ ਚਾਹੀਦਾ ਹੈ। ਇਸਦੇ ਨਾਲ ਹੀ ਉਨ੍ਹਾਂ ਨੇ ਕਿਹਾ ਕਿ ਅਕਾਲੀ ਦਲ (ਬਾਦਲ) ਦੀ ਅਮਰੀਕਾ ਇਕਾਈ ਦੇ ਮੈਂਬਰਾਂ ਦਾ ਵਫ਼ਦ ਪਿਛਲੇ ਦਿਨੀਂ ਮੁੱਖ ਮੰਤਰੀ ਸ. ਪ੍ਰਕਾਸ਼ ਸਿੰਘ ਬਾਦਲ ਅਤੇ ਪਾਰਟੀ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੂੰ ਮਿਲ ਕੇ ਇਕ ਯਾਦ ਪੱਤਰ ਸੌਂਪਿਆ ਗਿਆ ਸੀ ਜਿਸ ਵਿਚ ਅਮਰੀਕਾ ਵਿਖੇ ਬੈਠੇ ਪਰਵਾਸੀਆਂ ਨੂੰ ਦਰਪੇਸ਼ ਮੁਸ਼ਕਲਾਂ ਦਾ ਜ਼ਿਕਰ ਕੀਤਾ ਗਿਆ ਸੀ। ਇਸ ਵਿਚ ਸਭ ਤੋਂ ਪਹਿਲੀ ਮੰਗ ਕਾਲੀ ਸੂਚੀ ਨੂੰ ਖ਼ਤਮ ਕਰਨ ਅਤੇ ਪਾਸਪੋਰਟ ਹਾਸਲ ਕਰਨ ਸਬੰਧੀ ਕੀਤੀ ਗਈ ਸੀ।

ਮੀਟਿੰਗ ਵਿਚ ਸ. ਮਨਜੀਤ ਸਿੰਘ ਦਸੂਹਾ ਤੋਂ ਇਲਾਵਾ ਸ. ਹਰਿੰਦਰ ਸਿੰਘ (ਹੈਰੀ) ਗਿੱਲ, ਸ. ਕੁਲਵੰਤ ਸਿੰਘ ਖਹਿਰਾ, ਸ. ਗੁਰਨਾਮ ਸਿੰਘ ਪੰਮਾ, ਸ. ਬਲਜੀਤ ਸਿੰਘ ਮਾਨ, ਸ. ਹਰਜੀਤ ਸਿੰਘ ਸੰਧੂ, ਸ. ਅਰਵਿੰਦਰ ਸਿੰਘ ਲਾਖਨ, ਸ. ਹਰਬੰਸ ਸਿੰਘ ਚਾਹਲ, ਸ. ਦਲਬੀਰ ਸਿੰਘ ਸੰਘੇੜਾ, ਸ. ਰੌਣਕ ਸਿੰਘ, ਸ. ਪਰਮਜੀਤ ਸਿੰਘ ਚੀਮਾ, ਸ. ਸਰਬਜੀਤ ਸਿੰਘ ਸਰੋਆ, ਸ. ਬਿਕਰਮਜੀਤ ਸਿੰਘ, ਸ. ਸੁਖਵਿੰਦਰ ਸਿੰਘ ਆਦਿ ਸ਼ਾਮਲ ਹੋਏ।




ਆਪਣੇ ਅਤੇ ਆਪਣੇ ਪਰਿਵਾਰ ਲਈ ਵਧੀਆ ਕੁਲਲਿਟੀ ਅਤੇ ਸਸਤੀਆਂ ਦਰਾਂ ਤੇ

# ਮੈਡੀਕਲ ਇੰਸ਼ੋਰੈਂਸ

## ਅਤੇ ਲਾਈਫ ਇੰਸ਼ੋਰੈਂਸ


ਲੈਣ ਲਈ ਇਕੋ ਭਰੋਸੇਮੰਦ ਨਾਮ ਹਮੇਸ਼ਾ ਯਾਦ ਰੱਖੋ

# ਮੇਜਰ ਸਿੰਘ ਚੌਹਾਨ

**Sacramento Office**
2377 Gold Meadow Way,
Suite 157, Gold River CA 95670

**Bakersfield Office**
PO Box 40728
Bakersfield CA 93384

**Fremont Office**
39650 Liberty St. #200
Fremont CA 94538



Cell: 916-337-1683
Off : 661-369-4865
Off : 916-983-4890
Fax : 916-984-0110
Fax : 888-327-6115

NEW YORK LIFE

Major Singh Chauhan
AGENT
CA Ins. Lic #0D36632
New York Life Insurance Company

mc101048@gmail.com

THE COMPANY YOU KEEP




# JAGDEEP SINGH

## INSURANCE AGENCY

ਅਸੀਂ ਟਰੱਕਾਂ ਦੀ ਇੰਸ਼ੋਰੈਂਸ ਪੂਰੀ
ਇਮਾਨਦਾਰੀ ਨਾਲ ਕਰਦੇ ਹਾਂ

ਇਸ ਤੋਂ ਇਲਾਵਾ ਅਸੀਂ ਆਟੋ, ਮੈਡੀਕਲ, ਘਰਾਂ ਅਤੇ ਬਿਜ਼ਨਸ
ਦੀ ਇੰਸ਼ੋਰੈਂਸ ਵੀ ਕਰਦੇ ਹਾਂ




CA Lic #0E42884

*We Can Beat Any Rates*

ਕ੍ਰਿਪਾ ਕਰਕੇ ਇਕ ਵਾਰ ਸੇਵਾ ਦਾ ਮੌਕਾ ਜ਼ਰੂਰ ਦਿਉ ਜੀ

Ph : 559.277.5580
Fax : (888) 227-6988
email: jagdeep@jsinghagency.com
www.jsinghagency.com

Fresno Location : 4491 W. Shaw Ave.
#300A Fresno CA 93722

Our New Location : GOLD RIVER
Ph : 916-220-2128
2377 Gold Meadow, Ste #157, Gold River CA 95670



# GILL






# DIGITAL VIDEO

Harry Gill 209-648-9716
Jaji 916-470-9781




ਅਸੀਂ ਵਿਆਹ ਸ਼ਾਦੀ, ਜਨਮ ਦਿਨ ਪਾਰਟੀ,
ਗਰੈਜੂਏਸ਼ਨ ਪਾਰਟੀ ਅਤੇ ਹੋਰ ਹਰ ਤਰ੍ਹਾਂ
ਦੇ ਸਮਾਗਮਾਂ ਲਈ ਵਧੀਆ ਅਤੇ
ਭਰੋਸੇਮੰਦ ਸੇਵਾਵਾਂ ਪ੍ਰਦਾਨ
ਕਰਦੇ ਹਾਂ ਇਕ
ਵਾਰ ਸੇਵਾ ਦਾ
ਮੌਕਾ ਜਰੂਰ ਦਿਓ




www.gilldigitalvideo.com
email: gillvideo@yahoo.com





# M&J ROAD SERVICE

ਮੇਜਰ ਬਰਾਂਡ ਦੇ ਹੋਲ ਸੇਲ ਕੀਮਤ ਦੇ ਟਾਇਰ ਅਲੂਮੀਨੀਅਮ ਦੇ ਰਿਮ ਅਤੇ
ਰੋਡ ਸਰਵਿਸ ਆਪਣੀਆਂ ਦੋਨੋਂ ਲੋਕੇਸ਼ਨਾਂ ਤੇ ਉਪਲਭਦ ਹਨ ।
24 ਘੰਟੇ ਸਿਕਿਊਰਿਟੀ ਗਾਰਡ ਦੀ ਨਿਗਰਾਨੀ ਹੇਠ
5 ਏਕੜ ਵਿੱਚ ਟਰੱਕ ਪਾਰਕਿੰਗ ਦੀ ਸਹੂਲਤ ਹੈ




## MAJOR BRANDED & WHOLE SALE PRICE

**TIRES • RIMS • ROAD SERVICE • SNOW CHAINS**
**SECURE TRUCK PARKING**

Freeway 5 - 11401 Harlan Rd. Lathrop CA 95330
Across from Kenworth

Freeway 99 - 3327 South Hwy 99, Stockton CA 95215
**New & Used Tires & Truck Repair Service Available**

Hardeep Singh Cell: 209-450-8981
Off : 209-456-0182

# ਬਿਜਲੀ ਸੰਕਟ ਨਾਲ ਪਛੜ ਰਿਹਾ ਪੰਜਾਬ ਦਾ ਆਰਥਕ ਤਾਣਾ-ਬਾਣਾ

**ਪ੍ਰੋ. ਦਰਬਾਰੀ ਲਾਲ**

ਪੰਜਾਬ ਰਾਜ ਬਿਜਲੀ ਬੋਰਡ ਦੀ ਤਰਸਯੋਗ ਹਾਲਤ ਪੰਜਾਬ ਦੀ ਇਕ ਪੁਰਾਣੀ ਕਹਾਵਤ 'ਕੋਹ ਨਾ ਚੱਲੀ ਬਾਬਾ ਤਿਹਾਈ' ਨੂੰ ਸਹੀ ਕਰਦੀ ਹੈ। ਗਰਮੀ ਦੇ ਮੌਸਮ ਨੇ ਅਜੇ ਆਪਣੇ ਪੈਰ ਰੱਖੇ ਹੀ ਹਨ ਕਿ ਬਿਜਲੀ ਬੋਰਡ ਦੇ ਹੱਥ-ਪੈਰ ਫੁੱਲਣ ਲੱਗ ਪਏ ਹਨ। ਬਿਜਲੀ ਦੀ ਭਾਰੀ ਕਿੱਲਤ ਤੇ ਬਿਨਾਂ ਸੂਚਿਤ ਕੀਤਿਆਂ ਲਗਾਏ ਜਾਂਦੇ ਕੱਟਾਂ ਨੇ ਲੋਕਾਂ ਦਾ ਹੁਣ ਤੋਂ ਹੀ ਜੀਣਾ ਮੁਹਾਲ ਕਰ ਦਿੱਤਾ ਹੈ। ਉਦਯੋਗਿਕ ਖੇਤਰ, ਖੇਤੀ ਖੇਤਰ, ਵਪਾਰਕ ਖੇਤਰ ਤੇ ਆਮ ਜਨਤਾ ਨੂੰ ਬਹੁਤ ਜ਼ਿਆਦਾ ਪ੍ਰੇਸ਼ਾਨੀ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਜੇ ਆਗਾਜ਼ ਹੀ ਅਜਿਹਾ ਹੈ ਤਾਂ ਅੰਜਾਮ ਕਿਹੋ ਜਿਹਾ ਹੋਵੇਗਾ? ਦੇਸ਼ ਵਿਚ ਕਦੇ ਮੋਹਰੀ ਸਥਾਨ ਹਾਸਿਲ ਕਰਨ ਵਾਲਾ ਪੰਜਾਬ ਪਿਛਲੇ 3 ਵਰ੍ਹਿਆਂ ਤੋਂ ਬਿਜਲੀ ਸੰਕਟ ਦਾ ਸ਼ਿਕਾਰ ਹੈ ਤੇ ਹਰ ਖੇਤਰ ਵਿਚ ਪਛੜਦਾ ਜਾ ਰਿਹਾ ਹੈ। ਸਰਕਾਰ ਦੇ ਨਵੇਂ ਹੁਕਮਾਂ ਮੁਤਾਬਿਕ ਉੱਦਮੀਆਂ ਨੂੰ ਆਪਣੇ ਉਦਯੋਗਿਕ ਅਦਾਰੇ ਹਫਤੇ ਵਿਚ ਤਿੰਨ ਦਿਨ ਬੰਦ ਰੱਖਣ ਲਈ ਕਿਹਾ ਗਿਆ ਹੈ।

ਜਨਰੇਟਰਾਂ ਦੀ ਵਰਤੋਂ ਕਰਨ ਨਾਲ ਬਿਜਲੀ 10 ਤੋਂ 13 ਰੁਪਏ ਪ੍ਰਤੀ ਯੂਨਿਟ 'ਚ ਪੈਂਦੀ ਹੈ। ਛੋਟੀਆਂ ਉਦਯੋਗਿਕ ਇਕਾਈਆਂ, ਜੋ ਜਨਰੇਟਰਾਂ ਦਾ ਇਸਤੇਮਾਲ ਨਹੀਂ ਕਰਦੀਆਂ, ਉਨ੍ਹਾਂ ਦਾ ਉਤਪਾਦਨ ਅਜਿਹੀ ਸਥਿਤੀ ਵਿਚ 40 ਫੀਸਦੀ ਤਕ ਘਟ ਗਿਆ ਸੀ। ਗਨੀਮਤ ਹੈ ਕਿ ਹੁਣ ਸਰਕਾਰ ਨੇ ਉਦਯੋਗਿਕ ਖੇਤਰ ਨੂੰ ਬਿਜਲੀ ਕਟੌਤੀ 'ਚ ਕੁਝ ਛੋਟ ਦੇਣ ਦਾ ਐਲਾਨ ਕਰ ਦਿੱਤਾ ਹੈ। ਸਰਕਾਰ ਨੇ 1 ਜਨਵਰੀ 2009 ਤੋਂ 10 ਫੀਸਦੀ ਬਿਜਲੀ ਟੈਰਿਫ ਵਿਚ ਵਾਧਾ ਕੀਤਾ ਸੀ ਤੇ ਬਜਟ ਦੌਰਾਨ 3 ਫੀਸਦੀ ਹੋਰ ਵਾਧਾ ਕਰਕੇ 270 ਕਰੋੜ ਰੁਪਏ ਦਾ ਵਾਧੂ ਬੋਝ ਲੋਕਾਂ 'ਤੇ ਪਾ ਦਿੱਤਾ ਹੈ। ਭਾਜਪਾ ਦੇ ਹੰਝੂ ਪੂੰਝਣ ਲਈ ਸਿਰਫ 6 ਮਹੀਨਿਆਂ ਦੇ ਬਿੱਲਾਂ ਨੂੰ ਐਡਜਸਟ ਕਰਨ ਦਾ ਫੈਸਲਾ ਲਿਆ ਗਿਆ ਹੈ ਤੇ ਬਾਕੀ ਬਿੱਲਾਂ ਵਿਚ ਕੀਤਾ ਗਿਆ ਵਾਧਾ ਜਾਰੀ ਰਹੇਗਾ।

ਬਿਜਲੀ ਬੋਰਡ 'ਤੇ 13 ਹਜ਼ਾਰ ਕਰੋੜ ਰੁਪਏ ਦਾ ਕਰਜ਼ਾ ਹੈ ਤੇ 7 ਹਜ਼ਾਰ ਕਰੋੜ ਰੁਪਏ ਦਾ ਘਾਟਾ। ਇਸ ਤਰ੍ਹਾਂ 20 ਹਜ਼ਾਰ ਕਰੋੜ ਰੁਪਏ ਦੇ ਘਾਟੇ ਨਾਲ ਬਿਜਲੀ ਬੋਰਡ ਦੀਵਾਲੀਆ ਹੋਣ ਕੰਢੇ ਪਹੁੰਚ ਗਿਆ ਹੈ, ਹੈਰਾਨੀ ਇਹ ਹੈ ਕਿ ਸਰਕਾਰ ਨੇ ਸਬਸਿਡੀ ਦਾ 1400 ਕਰੋੜ ਰੁਪਿਆ ਅਜੇ ਤਕ ਬਿਜਲੀ ਬੋਰਡ ਨੂੰ ਅਦਾ ਨਹੀਂ ਕੀਤਾ, ਜਿਸ ਦੇ ਸਿੱਟੇ ਵਜੋਂ ਬਿਜਲੀ ਬੋਰਡ ਦੀ ਮਾਲੀ ਹਾਲਤ ਇਕ ਭਿਖਾਰੀ ਵਰਗੀ ਬਣ ਚੁੱਕੀ ਹੈ। ਬੋਰਡ ਦੀ ਆਰਥਿਕ ਹਾਲਤ ਇੰਨੀ ਵਿਗੜ ਚੁੱਕੀ ਹੈ ਕਿ ਠੇਕੇਦਾਰਾਂ ਤੇ ਮਾਲ ਸਪਲਾਈ ਕਰਨ ਵਾਲਿਆਂ ਦੀਆਂ ਅਦਾਇਗੀਆਂ ਤੇ ਮੁਲਾਜ਼ਮਾਂ ਦੇ ਪ੍ਰਾਵੀਡੈਂਟ ਫੰਡ 'ਚੋਂ ਆਪਣਾ ਪੈਸਾ ਕਢਵਾਉਣ 'ਤੇ ਵੀ ਪਾਬੰਦੀ ਲਗਾ ਦਿੱਤੀ ਗਈ ਹੈ। ਮੈਡੀਕਲ ਤੇ ਟੀ.ਏ. ਬਿੱਲਾਂ ਨੂੰ ਵੀ ਠੰਡੇ ਬਸਤੇ ਵਿਚ ਪਾ ਦਿੱਤਾ ਗਿਆ ਹੈ ਕਿਉਂਕਿ ਬੋਰਡ ਨੇ ਪਹਿਲਾਂ ਹੀ ਮੁਲਾਜ਼ਮਾਂ ਦਾ 1800 ਕਰੋੜ ਰੁਪਿਆ ਖ਼ਰਚ ਕਰ ਦਿੱਤਾ ਹੈ। ਬੋਰਡ ਨੇ ਇਸ ਮਹੀਨੇ 700 ਕਰੋੜ ਰੁਪਏ ਕਰਜ਼ਾ ਅਦਾ ਕਰਨਾ ਹੈ ਪਰ ਬੋਰਡ ਤੈਅ ਹੱਦ ਨਾਲੋਂ 200 ਕਰੋੜ ਰੁਪਏ ਜ਼ਿਆਦਾ ਲੈ ਚੁੱਕਾ ਹੈ। ਬੋਰਡ ਨੂੰ ਆਪਣੇ ਮੁਲਾਜ਼ਮਾਂ, ਬਿਜਲੀ ਖਰੀਦਣ, ਈਂਧਨ 'ਤੇ ਖਰਚ ਅਤੇ ਵਿਆਜ ਦੀ ਅਦਾਇਗੀ ਕਰਨ ਲਈ ਲੱਗਭੱਗ 3 ਹਜ਼ਾਰ ਕਰੋੜ ਰੁਪਏ ਦੀ ਲੋੜ ਹੈ। ਬਿਜਲੀ ਬੋਰਡ ਦੇ ਲੱਗ ਭੱਗ 97 ਹਜ਼ਾਰ ਮੁਲਾਜ਼ਮ ਹਨ, ਜਿਨ੍ਹਾਂ 'ਚੋਂ 8 ਤੋਂ 10 ਫੀਸਦੀ ਨਾਮਾਲੂਮ ਖਾਤੇ ਵਿਚ ਹਨ। ਦੱਸਿਆ ਜਾਂਦਾ ਹੈ ਕਿ 'ਮਾਸਟਰ ਰੋਲ' 'ਚ ਦਰਜ ਕੁਝ ਮੁਲਾਜ਼ਮ ਆਪਣੇ ਕੰਮ 'ਤੇ ਨਜ਼ਰ ਹੀ ਨਹੀਂ ਆਉਂਦੇ। ਉਹ ਕੰਮ ਤਾਂ ਅਫਸਰਾਂ ਦੇ ਘਰਾਂ ਵਿਚ ਕਰਦੇ ਹਨ ਪਰ ਤਨਖਾਹ ਸਰਕਾਰ ਤੋਂ ਲੈਂਦੇ ਹਨ। ਸਰਕਾਰ ਵਲੋਂ ਕਦੇ-ਕਦੇ ਪੰਜਾਬ ਨੂੰ ਬਿਜਲੀ ਸਰਪਲੱਸ ਵਾਲਾ ਸੂਬਾ ਬਣਾਉਣ ਦਾ ਐਲਾਨ ਕਰ ਦਿੱਤਾ ਜਾਂਦਾ ਹੈ, ਜਿਵੇਂ ਕਿਸੇ ਦਾ ਜ਼ਾਇਕਾ ਬਦਲਣਾ ਹੋਵੇ। ਬਿਜਲੀ ਉਤਪਾਦਨ ਦੀਆਂ ਯੋਜਨਾਵਾਂ ਨੂੰ ਅਮਲੀ ਜਾਮਾ ਪਹਿਨਾਉਣ ਲਈ ਕੋਈ ਅਮਲੀ ਕਦਮ ਨਹੀਂ ਚੁੱਕੇ ਜਾਂਦੇ, ਜਿਸ ਕਾਰਨ ਬਿਜਲੀ ਦੀ ਕਿੱਲਤ ਹੋਣ ਕਰਕੇ ਉਦਯੋਗਿਕ ਖੇਤਰ ਤਬਾਹ ਹੋ ਰਹੇ ਹਨ ਤੇ ਉਦਯੋਗਪਤੀ ਆਪਣੇ ਉਦਯੋਗਾਂ ਨੂੰ ਬਿਜਲੀ ਸਰਪਲੱਸ ਵਾਲੇ ਸੂਬਿਆਂ ਵਿਚ ਲਿਜਾਣ ਦੀ ਸੋਚ ਰਹੇ ਹਨ। ਲੱਗਭੱਗ ਇਹੀ ਹਾਲ ਖੇਤੀ ਖੇਤਰ ਦਾ ਹੈ, ਜਿੱਥੇ ਕਿਸਾਨਾਂ ਨੂੰ ਦਿਨ ਵਿਚ ਸਿਰਫ਼ ਦੋ ਘੰਟੇ ਬਿਜਲੀ ਮਿਲਦੀ ਹੈ ਤੇ ਡੀਜ਼ਲ ਦੀ ਵਰਤੋਂ ਨਾਲ ਫਸਲ ਦੀ ਲਾਗਤ ਵਧ ਜਾਂਦੀ ਹੈ।



ਕਾਂਗਰਸ ਦੇ ਸ਼ਾਸਨਕਾਲ ਵਿਚ (2002-07) ਕੈਪਟਨ ਅਮਰਿੰਦਰ ਸਿੰਘ ਨੇ ਉਦਯੋਗਪਤੀਆਂ, ਕਿਸਾਨਾਂ, ਵਪਾਰਕ ਅਦਾਰਿਆਂ ਅਤੇ ਘਰੇਲੂ ਖਪਤਕਾਰਾਂ ਨੂੰ ਉਨ੍ਹਾਂ ਦੀ ਲੋੜ ਮੁਤਾਬਿਕ ਬਿਜਲੀ ਮੁਹੱਈਆ ਕਰਵਾਈ ਤਾਂ ਫਿਰ ਮੌਜੂਦਾ ਸਰਕਾਰ ਲੋਕਾਂ ਦੀਆਂ ਉਮੀਦਾਂ 'ਤੇ ਖਰੀ ਕਿਉਂ ਨਹੀਂ ਉਤਰੀ ? ਸਰਕਾਰ ਨੇ ਬਜਟ ਵਿਚ ਬਿਜਲੀ ਖੇਤਰ ਲਈ 3300 ਕਰੋੜ ਰੁਪਏ ਦੇ ਲੱਗਭੱਗ ਪ੍ਰਬੰਧ ਕੀਤਾ ਹੈ। ਇਸ ਰਕਮ ਨੂੰ ਉਹ ਦੂਜੇ ਸੂਬਿਆਂ ਤੋਂ ਬਿਜਲੀ ਖਰੀਦਣ ਜਾਂ ਨਵੇਂ ਪ੍ਰਾਜੈਕਟਾਂ 'ਤੇ ਖ਼ਰਚ ਕਰੇਗੀ, ਇਹ ਤਾਂ ਸਮਾਂ ਹੀ ਦੱਸੇਗਾ। ਕੇਂਦਰ ਸਰਕਾਰ ਦੇ 11ਵੇਂ ਯੋਜਨਾ ਕਮਿਸ਼ਨ ਨੇ ਪੰਜਾਬ 'ਚ ਬਿਜਲੀ ਦੀ ਵਾਧੂ ਪੈਦਾਵਾਰ ਲਈ 1675 ਮੈਗਾਵਾਟ ਦਾ ਟੀਚਾ ਮਿਥਿਆ ਹੈ। ਤਲਵੰਡੀ ਸਾਬੋ 'ਚ 600 ਮੈਗਾਵਾਟ, ਗੋਇੰਦਵਾਲ 'ਚ 600 ਮੈਗਾਵਾਟ, ਯੂ.ਬੀ.ਡੀ.ਸੀ.-3 ਵਿਚ 75 ਮੈਗਾਵਾਟ, ਰਾਜਪੁਰਾ ਤੇ ਸੀਤੋਗੁਣਾ 'ਚ ਵੀ ਬਿਜਲੀ ਦੀ ਪੈਦਾਵਾਰ ਲਈ ਪ੍ਰਾਜੈਕਟਾਂ ਨੂੰ ਅਮਲੀ ਜਾਮਾ ਪਹਿਨਾਇਆ ਜਾਵੇਗਾ। 60 ਹਜ਼ਾਰ ਕਰੋੜ ਰੁਪਏ ਦੇ ਕਰਜ਼ੇ ਹੇਠਾਂ ਦੱਬੀ ਸਰਕਾਰ ਨੇ ਬਿਜਲੀ ਉਤਪਾਦਨ ਲਈ ਪ੍ਰਾਈਵੇਟ ਕੰਪਨੀਆਂ ਨਾਲ ਗੱਲਬਾਤ ਸ਼ੁਰੂ ਕੀਤੀ ਹੈ, ਜੋ ਅਜੇ ਤਕ ਕਿਸੇ ਠੋਸ ਨਤੀਜੇ 'ਤੇ ਨਹੀਂ ਪਹੁੰਚੀ।

ਜੇ ਬਿਜਲੀ ਦਾ ਸੰਕਟ ਇਸੇ ਤਰ੍ਹਾਂ ਚਲਦਾ ਰਿਹਾ ਤਾਂ ਇਕ ਦਿਨ ਪੰਜਾਬ ਉਦਯੋਗਹੀਣ ਸੂਬਾ ਬਣ ਕੇ ਰਹਿ ਜਾਵੇਗਾ। ਕੈਪਟਨ ਅਮਰਿੰਦਰ ਸਿੰਘ ਨੇ ਬਿਜਲੀ ਬੋਰਡ ਦੇ ਪ੍ਰਬੰਧਕੀ ਢਾਂਚੇ ਨੂੰ ਚੁਸਤ-ਦਰੁਸਤ ਕਰਕੇ ਅਤੇ ਪ੍ਰਸ਼ਾਸਨ 'ਚ ਢੁੱਕਵੀਂ ਤਬਦੀਲੀ ਕਰਕੇ 2005-06 ਵਿਚ ਬੋਰਡ ਨੂੰ 175 ਕਰੋੜ ਰੁਪਏ ਦੇ ਸ਼ੁੱਧ ਲਾਭ ਦੀ ਸਥਿਤੀ ਵਿਚ ਪਹੁੰਚਾ ਦਿੱਤਾ ਸੀ, ਜਦਕਿ ਮੌਜੂਦਾ ਅਕਾਲੀ-ਭਾਜਪਾ ਸਰਕਾਰ ਦੇ ਦੌਰ ਵਿਚ ਇਸ ਨੂੰ 2007-08 ਵਿਚ 1611, 2008-09 ਵਿਚ 1292 ਅਤੇ 2009-10 ਵਿਚ 1623 ਕਰੋੜ ਰੁਪਏ ਦਾ ਘਾਟਾ ਪਿਆ ਹੈ। ਚਾਲੂ ਵਰ੍ਹੇ ਵਿਚ ਇਹ ਘਾਟਾ 2300 ਕਰੋੜ ਰੁਪਏ ਤਕ ਪਹੁੰਚ ਸਕਦਾ ਹੈ। ਪੰਜਾਬ ਰਾਜ ਬਿਜਲੀ ਬੋਰਡ ਦੀ ਤ੍ਰਾਸਦੀ ਇਹ ਹੈ ਕਿ ਸਰਕਾਰੀ ਅੰਕੜਿਆਂ ਮੁਤਾਬਿਕ ਟਰਾਂਸਮਿਸ਼ਨ ਘਾਟਾ 25.9 ਫੀਸਦੀ ਹੈ, ਜੋ ਅਸਲ ਵਿਚ ਇਸ ਨਾਲੋਂ ਜ਼ਿਆਦਾ ਹੈ। ਬਿਜਲੀ ਚੋਰੀ 8.5 ਫੀਸਦੀ, ਖੇਤੀ ਖੇਤਰ ਨੂੰ ਮੁਫ਼ਤ ਬਿਜਲੀ 23 ਫੀਸਦੀ ਦਿੱਤੀ ਜਾਂਦੀ ਹੈ, ਜਿਸ 'ਤੇ ਹੁਣ ਬਿਲ ਲਗਾਏ ਗਏ ਹਨ ਪਰ ਵਰ੍ਹੇ ਵਿਚ ਦੋ ਵਾਰ ਕਿਸਾਨਾਂ ਨੂੰ ਬਿਜਲੀ ਬਿੱਲਾਂ ਦੀ ਰਕਮ ਵਾਪਿਸ ਕਰ ਦਿੱਤੀ ਜਾਵੇਗੀ। ਇਹ ਇਕ ਦੋਹਰਾ ਦੁਚਿੱਤੀ ਵਾਲਾ ਕੰਮ ਹੈ, ਜੋ ਕਿਸਾਨਾਂ ਦਾ ਫਾਇਦਾ ਘੱਟ ਤੇ ਨੁਕਸਾਨ ਜ਼ਿਆਦਾ ਕਰੇਗਾ। ਜਦ ਫਰਾਂਸ, ਇੰਗਲੈਂਡ, ਅਮਰੀਕਾ, ਨਿਊਜ਼ੀਲੈਂਡ, ਜਰਮਨੀ, ਜਾਪਾਨ ਤੇ ਹੋਰਨਾਂ ਕਈ ਦੇਸ਼ਾਂ ਵਿਚ ਟਰਾਂਸਮਿਸ਼ਨ ਘਾਟਾ 4 ਤੋਂ 6 ਫੀਸਦੀ ਹੈ, ਬਿਜਲੀ ਚੋਰੀ ਦਾ ਕਿਤੇ ਨਾਮੋ-ਨਿਸ਼ਾਨ ਨਹੀਂ ਹੈ ਤਾਂ ਫਿਰ ਪੰਜਾਬ ਰਾਜ ਬਿਜਲੀ ਬੋਰਡ ਕੁਝ ਸਖ਼ਤ ਕਦਮ ਚੁੱਕ ਕੇ ਇਨ੍ਹਾਂ ਕਮੀਆਂ ਨੂੰ ਦੂਰ ਕਿਉਂ ਨਹੀਂ ਕਰ ਲੈਂਦਾ।

ਜੇ ਇਨ੍ਹਾਂ ਚੀਜ਼ਾਂ 'ਤੇ ਰੋਕ ਲੱਗ ਜਾਵੇ ਤਾਂ ਲੋਕਾਂ ਨੂੰ ਬਿਜਲੀ 2 ਰੁਪਏ ਪ੍ਰਤੀ ਯੂਨਿਟ ਆਸਾਨੀ ਨਾਲ ਦਿੱਤੀ ਜਾ ਸਕਦੀ ਹੈ। ਪੰਜਾਬ 'ਚ ਹੁਣ ਨਵੇਂ ਹਾਈਡਲ ਪ੍ਰਾਜੈਕਟ ਨਹੀਂ ਲੱਗ ਸਕਦੇ, ਇਸ ਲਈ ਬਿਜਲੀ ਉਤਪਾਦਨ ਵਾਸਤੇ ਥਰਮਲ ਪਲਾਂਟ ਅਤੇ ਪ੍ਰਮਾਣੂ ਬਿਜਲੀ ਪ੍ਰਾਜੈਕਟਾਂ ਨੂੰ ਲਗਾਉਣਾ ਪਵੇਗਾ। ਘੱਟੋ-ਘੱਟ 2 ਪ੍ਰਮਾਣੂ ਬਿਜਲੀ ਪ੍ਰਾਜੈਕਟਾਂ ਲਈ ਤਾਂ ਅਮਲੀ ਕਦਮ ਚੁੱਕਣਾ ਹੀ ਪਵੇਗਾ।

ਬਿਜਲੀ ਬੋਰਡ ਦੇ ਘਾਟੇ ਲਈ ਸਰਕਾਰ ਜ਼ਿੰਮੇਵਾਰ ਹੈ, ਜੋ ਬੋਰਡ ਦੀ ਮਾਲੀ ਹਾਲਤ ਨੂੰ ਸੁਧਾਰਨ ਦੀ ਬਜਾਏ ਆਪਣੇ ਵੋਟ ਬੈਂਕ ਦਾ ਜ਼ਿਆਦਾ ਧਿਆਨ ਰੱਖਦੀ ਹੈ, ਜਿਸ ਨਾਲ ਬੋਰਡ ਦੀ ਹਾਲਤ ਬਦ ਤੋਂ ਬਦਤਰ ਹੁੰਦੀ ਜਾ ਰਹੀ ਹੈ। ਜੇ ਸਰਕਾਰ 3 ਹਜ਼ਾਰ ਕਰੋੜ ਰੁਪਏ ਹਰ ਸਾਲ ਬਚਾਅ ਲੈਂਦੀ ਤਾਂ ਕੇਂਦਰ ਸਰਕਾਰ ਤੋਂ ਪ੍ਰਾਜੈਕਟ ਲਈ 5 ਹਜ਼ਾਰ ਕਰੋੜ ਰੁਪਏ ਮਿਲ ਸਕਦੇ ਸਨ ਤੇ 3 ਸਾਲਾਂ ਵਿਚ ਇਹ ਰਕਮ 15 ਹਜ਼ਾਰ ਕਰੋੜ ਰੁਪਏ ਹੋ ਜਾਣੀ ਸੀ, ਜਿਸ ਨਾਲ ਪੰਜਾਬ ਦੀ ਨੁਹਾਰ ਬਦਲ ਜਾਂਦੀ। ਸਰਕਾਰ ਨੂੰ ਬਿਜਲੀ ਉਤਪਾਦਨ ਦੇ ਮਾਮਲੇ ਵਿਚ ਸਪੱਸ਼ਟ, ਠੋਸ ਅਤੇ ਕਾਰਗਰ ਨੀਤੀ ਅਪਨਾਉਣੀ ਪਵੇਗੀ, ਨਹੀਂ ਤਾਂ ਪੰਜਾਬ ਹੋਰਨਾਂ ਸੂਬਿਆਂ ਨਾਲੋਂ ਪਛੜ ਜਾਵੇਗਾ।

## ਬਿਜਲੀ ਬੋਰਡ ਤੋੜਨ ਨੂੰ ਸਰਕਾਰ ਵਲੋਂ ਹਰੀ ਝੰਡੀ!

**ਅੰਮ੍ਰਿਤਸਰ :** ਪੰਜਾਬ ਦੀ ਮੌਜੂਦਾ ਬਾਦਲ ਸਰਕਾਰ ਨੇ ਬਿਜਲੀ ਮੁਲਾਜ਼ਮਾਂ ਦੇ ਭਵਿੱਖ ਨਾਲ ਖੇਡਦਿਆਂ ਆਖਰਕਾਰ ਬਿਜਲੀ ਬੋਰਡ ਨੂੰ ਕਾਰਪੋਰੇਸ਼ਨ 'ਚ ਤਬਦੀਲ ਕਰ ਹੀ ਦਿੱਤਾ ਹੈ। ਭਾਵੇਂ ਪੰਜਾਬ ਸਰਕਾਰ ਦੇ ਕਿਸੇ ਵੀ ਅਧਿਕਾਰਤ ਬੁਲਾਰੇ ਨੇ ਇਸ ਦੀ ਪੁਸ਼ਟੀ ਨਹੀਂ ਕੀਤੀ ਹੈ, ਪਰ ਜਾਣਕਾਰ ਹਲਕਿਆਂ ਤੋਂ ਮਿਲੀ ਸੂਚਨਾ ਮੁਤਾਬਕ ਬੀਤੇ ਕੱਲ੍ਹ ਹੋਈ ਪੰਜਾਬ ਸਰਕਾਰ ਦੀ ਮੀਟਿੰਗ ਦੌਰਾਨ ਬਿਜਲੀ ਬੋਰਡ ਨੂੰ ਤੋੜਨ ਸਬੰਧੀ ਫ਼ੈਸਲੇ 'ਤੇ ਮੋਹਰ ਲਗਾ ਦਿੱਤੀ ਹੈ।

ਬਿਜਲੀ ਬੋਰਡ ਨੂੰ ਵੱਖ-ਵੱਖ ਹਿੱਸਿਆਂ 'ਚ ਵੰਡਣ ਸਬੰਧੀ ਫ਼ੈਸਲਾ ਹੋਣ ਦੇ ਨਾਲ ਮੁਲਾਜ਼ਮਾਂ 'ਚ ਤਰਥਲੀ ਮਚਣ ਦੀ ਸੰਭਾਵਨਾ ਬਣ ਗਈ ਹੈ। ਦੱਸਣਾ ਬਣਦਾ ਹੈ ਕਿ ਕੇਂਦਰ ਸਰਕਾਰ ਨੇ ਬਿਜਲੀ ਐਕਟ-2003 ਬਣਾ ਕੇ ਵੱਖ-ਵੱਖ ਸੂਬਾ ਸਰਕਾਰਾਂ ਨੂੰ ਬਿਜਲੀ ਬੋਰਡ ਦਾ ਨਿਗਮੀਕਰਨ ਕਰਨ ਲਈ ਕਿਹਾ ਸੀ ਤੇ ਇਸ ਮਾਮਲੇ 'ਚ ਪੰਜਾਬ ਸਰਕਾਰ ਲਗਾਤਾਰ ਛੋਟ ਹਾਸਲ ਕਰਦੀ ਆ ਰਹੀ ਸੀ। ਭਾਵੇਂ ਕੈਪਟਨ ਸਰਕਾਰ ਤੇ ਮੌਜੂਦਾ ਅਕਾਲੀ-ਭਾਜਪਾ ਸਰਕਾਰ ਨੇ ਕਈ ਵਾਰ ਸਮਾਂ ਮੰਗਿਆ ਸੀ ਤੇ ਹੁਣ ਉਸ ਨੇ ਕੇਂਦਰ ਸਰਕਾਰ ਅੱਗੇ ਗੋਡੇ ਟੇਕਦਿਆਂ ਉਸ ਦੇ ਇਸ ਫ਼ੈਸਲੇ ਨੂੰ ਹਰੀ ਝੰਡੀ ਦੇ ਦਿੱਤੀ ਹੈ।

ਮਾਹਿਰਾਂ ਮੁਤਾਬਕ ਜੇਕਰ ਬਿਜਲੀ ਬੋਰਡ ਦਾ ਨਿਗਮੀਕਰਨ ਹੋ ਜਾਂਦਾ ਹੈ ਤਾਂ ਇਸ ਨਾਲ ਜਿੱਥੇ ਮੁਲਾਜ਼ਮਾਂ ਨੂੰ ਵੱਡਾ ਘਾਟਾ ਪਵੇਗਾ, ਉਥੇ ਆਮ ਜਨਤਾ 'ਤੇ ਵੀ ਵੱਡਾ ਬੋਝ ਪੈ ਜਾਵੇਗਾ। ਨਾ ਤਾਂ ਕੋਈ ਨਵੀਂ ਭਰਤੀ ਹੋਵੇਗੀ ਤੇ ਨਾ ਹੀ ਪੁਰਾਣਿਆਂ ਨੂੰ ਕੋਈ ਲਾਭ ਮਿਲੇਗਾ। ਇਹ ਵੀ ਪਤਾ ਲੱਗਿਆ ਹੈ ਕਿ ਸੂਬਾ ਸਰਕਾਰ ਨੇ ਤਾਂ ਕਈ ਜ਼ਿਲ੍ਹਾ ਮੁਖੀਆਂ ਨੂੰ ਨਿਰਦੇਸ਼ ਦਿੱਤੇ ਹਨ ਕਿ ਉਹ ਮੁਲਾਜ਼ਮ ਜਥੇਬੰਦੀਆਂ ਦੇ ਘੋਲਾਂ ਨੂੰ ਖ਼ਤਮ ਕਰਨ ਲਈ ਕਾਰਵਾਈਆਂ ਸ਼ੁਰੂ ਕਰ ਦੇਣ, ਜਦਕਿ ਅਧਿਕਾਰੀਆਂ ਨੇ ਇਸ ਗੱਲ ਤੋਂ ਸਪੱਸ਼ਟ ਇਨਕਾਰ ਕੀਤਾ ਹੈ। ਦੂਜੇ ਪਾਸੇ ਮੁਲਾਜ਼ਮ ਤੇ ਕਿਸਾਨ ਜਥੇਬੰਦੀਆਂ ਨੇ ਕਿਹਾ ਕਿ ਜੇਕਰ ਇਸ ਸਬੰਧੀ ਨੋਟੀਫਿਕੇਸ਼ਨ ਹੋ ਗਿਆ ਤਾਂ ਅਸੀਂ ਜ਼ਬਰਦਸਤ ਸੰਘਰਸ਼ ਉਲੀਕਾਂਗੇ।

# ਮੋਇਆਂ ਦੀਆਂ ਅਸਥੀਆਂ ਜਲ ਪ੍ਰਵਾਹ ਕਰਨ ਲਈ ਪਾਣੀ ਮੁੱਕਿਆ

**ਕੀਰਤਪੁਰ ਸਾਹਿਬ :** ਪੰਜ ਦਰਿਆਵਾਂ ਦੇ ਵਾਰਸ ਪੰਜਾਬੀਆਂ ਕੋਲ ਆਪਣੇ ਵਿਛੜਿਆਂ ਦੀਆਂ ਅਸਥੀਆਂ ਪ੍ਰਵਾਹ ਕਰਨ ਲਈ ਵੀ ਪਾਣੀ ਨਹੀਂ ਹੈ। ਪੰਜ-ਆਬ (ਪੰਜਾਬ) ਕੀਰਤਪੁਰ ਸਾਹਿਬ ਸਥਿਤ ਇਤਿਹਾਸਕ ਗੁਰਦੁਆਰਾ ਪਤਾਲਪੁਰੀ ਸਾਹਿਬ ਦੇ ਅਸਥਘਾਟ ਲਈ ਹੋਰ ਪਾਣੀ ਲਈ ਲੰਮੇ ਸਮੇਂ ਤੋਂ ਭਾਖੜਾ ਬਿਆਸ ਮੈਨੇਜਮੈਂਟ ਬੋਰਡ (ਬੀ.ਬੀ.ਐਮ.ਬੀ) ਅੱਗੇ ਹੱਥ ਅੱਡ ਰਿਹਾ ਹੈ। ਬੀ.ਬੀ.ਐਮ.ਬੀ. ਵਲੋਂ ਕੁਝ ਪੱਲੇ ਨਾ ਪਾਉਣ ਕਾਰਨ ਦੁਨੀਆਂ ਭਰ ਦੇ ਸਿੱਖਾਂ ਦੇ ਇਥੇ ਆ ਕੇ ਹਿਰਦੇ ਵਲੂੰਧਰੇ ਜਾ ਰਹੇ ਹਨ। ਕਿਉਂਕਿ ਇਥੇ ਪਾਣੀ ਦੀ ਅਣਹੋਂਦ ਕਾਰਨ ਪੈਦਾ ਹੋਈ ਗੰਦਗੀ ਤੇ ਪ੍ਰਦੂਸ਼ਣ ਭਰੇ ਮਾਹੌਲ ਵਿਚ ਸਿੱਖ ਸੰਗਤਾਂ ਨੂੰ ਬੇੜੀ ਦਾ ਸਹਾਰਾ ਲੈ ਕੇ ਆਪਣੇ ਮ੍ਰਿਤਕ ਜੀਆਂ ਦੀਆਂ ਅਸਥੀਆਂ ਪ੍ਰਵਾਹ ਕਰਨ ਲਈ ਮਜਬੂਰ ਹੋਣਾ ਪੈ ਰਿਹਾ ਹੈ। ਦੱਸਣਯੋਗ ਹੈ ਕਿ ਗੁਰਦੁਆਰਾ ਪਤਾਲਪੁਰੀ ਸਾਹਿਬ ਵਿਖੇ ਹੀ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਗੋਬਿੰਦ ਸਾਹਿਬ ਜੀ ਅਤੇ ਗੁਰੂ ਹਰਿ ਰਾਏ ਸਾਹਿਬ ਜੀ ਦਾ ਸਸਕਾਰ ਹੋਇਆ ਸੀ। ਦਿੱਲੀ ਵਿਖੇ ਜੋਤੀ ਜੋਤ ਸਮਾਉਣ ਤੋਂ ਬਾਅਦ ਗੁਰੂ ਹਰਿ ਕ੍ਰਿਸ਼ਨ ਸਾਹਿਬ ਜੀ ਦੀਆਂ ਅਸਥੀਆਂ ਵੀ ਇਥੇ ਹੀ ਜਲ ਪ੍ਰਵਾਹ ਕੀਤੀਆਂ ਸਨ ਅਤੇ ਬਾਬਾ ਅਣੀ ਰਾਏ (ਪੁੱਤਰ ਸ੍ਰੀ ਗੁਰੂ ਹਰਗੋਬਿੰਦ ਸਾਹਿਬ) ਦਾ ਸਸਕਾਰ ਵੀ ਇਸੇ ਸਥਾਨ 'ਤੇ ਹੀ ਕੀਤਾ ਸੀ। ਇਸ ਤੋਂ ਇਲਾਵਾ ਮਰਹੂਮ ਰਾਸ਼ਟਰਪਤੀ ਤੇ ਪੰਜਾਬ ਦੇ ਸਾਬਕਾ ਮੁੱਖ ਮੰਤਰੀ ਗਿਆਨੀ ਜ਼ੈਲ ਸਿੰਘ ਆਦਿ ਜਿਹੀਆਂ ਸ਼ਖਸੀਅਤਾਂ ਦੀਆਂ ਅਸਥੀਆਂ ਵੀ ਇਸੇ ਅਸਥਾਨ 'ਤੇ ਪ੍ਰਵਾਹ ਕੀਤੀਆਂ ਗਈਆਂ ਸਨ। ਹਾਸਲ ਕੀਤੇ ਅੰਕੜਿਆਂ ਅਨੁਸਾਰ ਰੋਜ਼ਾਨਾ ਔਸਤਨ 250 ਦੇ ਕਰੀਬ ਦੇਸ਼-ਵਿਦੇਸ਼ ਦੇ ਸਿੱਖ ਪਰਿਵਾਰ ਆਪਣੇ ਮ੍ਰਿਤਕ ਜੀਆਂ ਦੀਆਂ ਅਸਥੀਆਂ ਪ੍ਰਵਾਹ ਕਰਨ ਲਈ ਇਸ ਅਸਥਾਨ 'ਤੇ ਲਿਆਉਂਦੇ ਹਨ। ਇਸਤੋਂ ਇਲਾਵਾ ਵਿਦੇਸ਼ਾਂ ਵਿਚੋਂ ਸਿੱਖ ਪਰਿਵਾਰਾਂ ਦੇ ਮ੍ਰਿਤਕ ਜੀਆਂ ਦੀਆਂ ਅਸਥੀਆਂ ਹੁਣ ਕੋਰੀਅਰ ਆਦਿ ਰਾਹੀਂ ਵੀ ਇਸ ਅਸਥਾਨ 'ਤੇ ਪੁੱਜਦੀਆਂ ਕੀਤੀਆਂ ਜਾਂਦੀਆਂ ਹਨ। ਪਿਛਲੇ ਵਰ੍ਹੇ ਅਸਥਘਾਟ ਵਿਖੇ 83, 476 ਵਿਅਕਤੀਆਂ ਦੀਆਂ ਅਸਥੀਆਂ ਪ੍ਰਵਾਹ ਕੀਤੀਆਂ ਗਈਆਂ ਹਨ। ਇਹ ਗਿਣਤੀ ਰਜਿਸਟਰ ਵਿਚ ਦਰਜ ਅੰਕੜਿਆਂ ਅਨੁਸਾਰ ਹੈ। ਜਦਕਿ ਕੁਝ ਪਰਿਵਾਰ ਆਪਣੇ ਮ੍ਰਿਤਕ ਜੀਅ ਦਾ ਨਾਮ ਦਰਜ ਕਰਵਾਏ ਬਿਨਾਂ ਵੀ ਚਲੇ ਜਾਂਦੇ ਹਨ। ਇਸ ਕਾਰਨ ਇਹ ਗਿਣਤੀ ਸਾਲਾਨਾ 90 ਹਜ਼ਾਰ ਦੇ ਕਰੀਬ ਮੰਨੀ ਜਾਂਦੀ ਹੈ। ਪ੍ਰਬੰਧਕਾਂ ਅਨੁਸਾਰ ਇਸ ਕੁੱਲ ਗਿਣਤੀ ਵਿਚੋਂ 20-25 ਫੀਸਦ ਹਿੰਦੂ ਪਰਿਵਾਰ ਹਨ, ਜੋ ਇਸੇ ਅਸਥਾਨ 'ਤੇ ਹੀ ਆਪਣੇ ਵਿਛੜੇ ਜੀਆਂ ਦੀਆਂ ਅਸਥੀਆਂ ਪ੍ਰਵਾਹ ਕਰਦੇ ਹਨ। ਪਤਾਲਪੁਰੀ ਸਾਹਿਬ ਵਿਖੇ ਰਜਿਸਟਰਡ ਕੀਤਾ ਜਾਂਦਾ ਮੌਤ ਦਾ ਸਰਟੀਫਿਕੇਟ ਸਰਕਾਰੀ ਪ੍ਰਕ੍ਰਿਆ ਦੌਰਾਨ ਯੋਗ ਮੰਨਿਆ ਜਾਂਦਾ ਹੈ। ਮੌਕੇ 'ਤੇ ਮਿਲੀ ਜਾਣਕਾਰੀ ਅਨੁਸਾਰ ਸਤਲੁਜ ਦਰਿਆ ਦੀ ਧਾਰ ਵਿਚ ਬਣੇ ਅਸਥਘਾਟ ਲਈ ਬੀ.ਬੀ.ਐਮ.ਬੀ. ਅਨੁਸਾਰ 100 ਕਿਊਸਿਕ ਤੇ ਪੰਜਾਬ ਸਿੰਜਾਈ ਵਿਭਾਗ ਅਨੁਸਾਰ 200 ਕਿਊਸਿਕ ਪਾਣੀ ਆਨੰਦਪੁਰ ਹਾਈਡਲ ਚੈਨਲ ਰਾਹੀਂ ਨੱਕੀਆਂ ਤੋਂ ਅਸਥਘਾਟ ਲਈ ਛੱਡਿਆ ਜਾਂਦਾ ਹੈ। ਪਿਛੋਂ ਪਾਣੀ ਦੀ ਘਾਟ-ਵਾਧ ਕਾਰਨ ਅਸਥਘਾਟ ਵਿਚ ਪਾਣੀ ਦੀ ਕੀਤੀ ਜਾਂਦੀ ਸਪਲਾਈ ਵੀ ਵਧਦੀ-ਘਟਦੀ ਰਹਿੰਦੀ ਹੈ। ਪਾਣੀ ਦੀ ਘਾਟ ਕਾਰਨ ਇਥੇ ਬਣਾਇਆ ਸਰੋਵਰਨੁਮਾ ਪੱਕਾ ਹਿੱਸਾ ਅਕਸਰ ਸੁੱਕਾ ਰਹਿਣ ਕਾਰਨ ਲੋਕਾਂ ਨੂੰ ਇਸ ਉਪਰ ਅਗਲੇ ਪਾਸੇ ਬਣਾਏ ਆਰਜ਼ੀ ਪੁਲ ਉਪਰ ਦੀ ਜਾ ਕੇ ਅਸਥੀਆਂ ਪ੍ਰਵਾਹ ਕਰਨੀਆਂ ਪੈਂਦੀਆਂ ਹਨ। ਸਿਤਮ ਦੀ ਗੱਲ ਇਹ ਹੈ ਕਿ ਅੱਜ-ਕੱਲ੍ਹ ਇਸ ਆਰਜ਼ੀ ਪੁਲ ਹੇਠਾਂ ਵੀ ਪਾਣੀ ਨਹੀਂ ਹੈ। ਇਥੇ ਜੰਮਿਆਂ ਗਾਰ ਕਈ ਵਾਰ ਟਰੈਕਟਰ-ਕਰਾਹੇ ਨਾਲ ਹਟਾਉਣਾ ਪੈਂਦਾ ਹੈ। ਜਿਸ ਕਾਰਨ ਹੁਣ ਲੋਕਾਂ ਨੂੰ ਇਸ ਦੇ ਨਾਲ ਲੱਗਦੀ ਇਕ ਹੋਰ ਧਾਰ ਉਪਰ ਬਣਾਏ ਪੁਲ 'ਤੇ ਜਾ ਕੇ ਫੁੱਲ ਤਾਰਨੇ ਪੈ ਰਹੇ ਹਨ। ਉਂਜ ਇਥੇ ਵੀ ਅਕਸਰ ਪਾਣੀ ਦਾ ਵਹਾਅ ਨਾਮਾਤਰ ਹੋਣ ਕਾਰਨ ਕਈ ਪਰਿਵਾਰਾਂ ਨੂੰ ਅਸਥੀਆਂ ਜਲ ਪ੍ਰਵਾਹ ਕਰਨ ਲਈ ਇਥੇ ਲਾਈ ਇਕ ਬੇੜੀ ਦਾ ਸਹਾਰਾ ਲੈਣਾ ਪੈਂਦਾ ਹੈ। ਪਹਿਲਾਂ ਹੀ ਭਰੇ ਮਨਾਂ ਨਾਲ ਇਥੇ ਪੁੱਜਦੇ ਪਰਿਵਾਰਾਂ ਨੂੰ ਅਜਿਹਾ ਮਾਹੌਲ ਦੇਖ ਕੇ ਨਿਰਾਸ਼ਾ ਪੱਲੇ ਪੈਂਦੀ ਹੈ ਅਤੇ ਅਕਸਰ ਲੋਕ ਭਰੇ-ਪੀਤੇ ਪ੍ਰਬੰਧਕਾਂ ਨੂੰ ਕੋਸਦੇ ਹਨ ਪਰ ਅੱਗੋਂ ਇਕੋ ਜਵਾਬ ਮਿਲਦਾ ਹੈ ਕਿ ਬੀ.ਬੀ.ਐਮ.ਬੀ. ਹੋਰ ਪਾਣੀ ਦੇਣੋਂ ਇਨਕਾਰੀ ਹੈ ਅਤੇ ਇਥੇ ਪਾਣੀ ਦਾ ਪ੍ਰਬੰਧ ਕਰਨ ਲਈ ਹੋਰ ਕੋਈ ਵਸੀਲਾ ਨਹੀਂ ਹੈ। ਉਂਜ ਅਸਥਘਾਟ ਦੇ ਨੇੜੇ ਧਾਰ ਪ੍ਰਾਈਵੇਟ ਜ਼ਮੀਨ ਪੈਣ ਕਾਰਨ ਪਾਣੀ ਦੇ ਵਹਾਅ ਵਿਚ ਰੁਕਾਵਟ ਪੈ ਰਹੀ ਹੈ ਪਰ ਹੈਰਾਨੀਜਨਕ ਗੱਲ ਇਹ ਹੈ ਕਿ ਦੁਨੀਆਂ ਭਰ ਦੇ ਸਿੱਖਾਂ ਨਾਲ ਜੁੜੇ ਇਸ ਅਸਥਾਨ ਦੀ ਅਹਿਮ ਸਮੱਸਿਆ ਦਾ ਨਾ ਤਾਂ ਅੱਜ ਤੱਕ ਸਰਕਾਰ ਅਤੇ ਨਾ ਹੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ (ਐਸ.ਜੀ.ਪੀ.ਸੀ.) ਕੋਈ ਹੱਲ ਕੱਢ ਸਕੀ ਹੈ। ਪਤਾਲਪੁਰੀ ਸਾਹਿਬ ਗੁਰਦੁਆਰੇ ਦੇ ਮੈਨੇਜਰ ਬਹਾਦਰ ਸਿੰਘ ਨੇ ਦੱਸਿਆ ਕਿ ਅਸਥਘਾਟ ਵਿਖੇ ਪਾਣੀ ਦਾ ਵਹਾਅ ਨਾਮਾਤਰ ਹੋਣ ਕਾਰਨ ਅਸਥੀਆਂ ਅੱਗੇ ਵਹਾਉਣ ਲਈ ਸੇਵਾਦਾਰਾਂ ਦੀ ਡਿਊਟੀ ਲਾਈ ਜਾਂਦੀ ਹੈ। ਉਨ੍ਹਾਂ ਦੱਸਿਆ ਕਿ ਇਥੇ ਰੋਜ਼ਾਨਾਂ ਵੱਡੀ ਗਿਣਤੀ 'ਚ ਸੰਗਤ ਆਉਂਦੀ ਹੈ। ਉਨ੍ਹਾਂ ਦੱਸਿਆ ਕਿ ਅਸਥਘਾਟ ਦੇ ਇਰਦ-ਗਿਰਦ ਫੁੱਲ-ਬੂਟੇ ਲਾਉਣ ਦੀ ਯੋਜਨਾ ਵੀ ਹੈ। ਇਸ ਬਾਬਤ ਤਖਤ ਸ੍ਰੀ ਕੇਸਗੜ੍ਹ ਆਨੰਦਪੁਰ ਸਾਹਿਬ ਦੇ ਮੈਨੇਜਰ ਰਣਬੀਰ ਸਿੰਘ ਨੇ ਦੱਸਿਆ ਕਿ ਉਨ੍ਹਾਂ ਅਸਥਘਾਟ ਵਿਖੇ ਪਾਣੀ ਦੀ ਘਾਟ ਦਾ ਮੁੱਦਾ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ, ਬੀ.ਬੀ.ਐਮ.ਬੀ. ਦੇ ਚੇਅਰਮੈਨ ਅਤੇ ਹੋਰ ਸੰਬਧਤ ਅਧਿਕਾਰੀਆਂ ਕੋਲ ਉਠਾ ਕੇ ਇਸ ਲਈ ਘੱਟੋ-ਘੱਟ 600 ਕਿਊਸਿਕ ਪਾਣੀ ਛੱਡਣ ਦੀ ਮੰਗ ਕੀਤੀ ਹੈ। ਸੰਪਰਕ ਕਰਨ 'ਤੇ ਪੰਜਾਬ ਦੇ ਸਿੰਜਾਈ ਮੰਤਰੀ ਜਨਮੇਜਾ ਸਿੰਘ ਸੇਖੋਂ ਨੇ ਦੱਸਿਆ ਕਿ ਉਨ੍ਹਾਂ ਅਸਥਘਾਟ ਲਈ ਹੋਰ ਪਾਣੀ ਛੱਡਣ ਲਈ ਬੀ.ਬੀ.ਐਮ.ਬੀ. ਨੂੰ ਬਥੇਰਾ ਕਹਿ ਲਿਆ ਹੈ ਪਰ ਕੋਈ ਹੁੰਗਾਰਾ ਨਹੀਂ ਮਿਲਿਆ।

**ਪਤਾਲਪੁਰੀ ਅਸਥਘਾਟ ਦਾ ਬਦਲ ਬਣਦਾ ਜਾ ਰਿਹਾ ਹੈ ਘਾਟ ਬਾਬਾ ਖੜਕ ਸਿੰਘ :** ਇਤਿਹਾਸਕ ਧਾਰਮਿਕ ਅਸਥਾਨ, ਗੋਇੰਦਵਾਲ ਨੇੜੇ ਬਿਆਸ ਦੇ ਕੰਢੇ 'ਤੇ ਸਥਾਪਿਤ ਘਾਟ ਬਾਬਾ ਖੜਕ ਸਿੰਘ ਇਸ ਵੇਲੇ ਮ੍ਰਿਤਕਾਂ ਦੀਆਂ ਅਸਥੀਆਂ ਪ੍ਰਵਾਹ ਕਰਨ ਦਾ ਇਸ ਖੇਤਰ ਦਾ ਇਕ ਵੱਡਾ ਕੇਂਦਰ ਬਣ ਚੁੱਕਾ ਹੈ। ਹਰ ਵਰ੍ਹੇ ਔਸਤ 30-35 ਹਜ਼ਾਰ ਪਰਿਵਾਰਾਂ ਵਲੋਂ ਆਪਣੇ ਅਜ਼ੀਜ਼ ਮ੍ਰਿਤਕਾਂ ਦੀਆਂ ਇਥੇ ਅਸਥੀਆਂ ਪ੍ਰਵਾਹ ਕੀਤੀਆਂ ਜਾਂਦੀਆਂ ਹਨ।

ਭਾਵੇਂ ਸਿੱਖ ਰਹਿਤ ਮਰਿਯਾਦਾ ਅਨੁਸਾਰ ਮ੍ਰਿਤਕਾਂ ਦੀਆਂ ਅਸਥੀਆਂ ਕਿਧਰੇ ਵੀ ਵਗਦੇ ਪਾਣੀ ਵਿਚ ਪ੍ਰਵਾਹ ਕੀਤੀਆਂ ਜਾ ਸਕਦੀਆਂ ਹਨ ਅਤੇ ਵਗਦਾ ਪਾਣੀ ਨਾ ਮਿਲਣ ਦੀ ਸੂਰਤ ਵਿਚ ਇਨ੍ਹਾਂ ਅਸਥੀਆਂ ਨੂੰ ਮਿੱਟੀ ਵਿਚ ਦਬਾਇਆ ਜਾ ਸਕਦਾ ਹੈ, ਫਿਰ ਵੀ ਕੀਰਤਪੁਰ ਸਥਿਤ ਪਤਾਲਪੁਰੀ ਅਸਥਘਾਟ ਦਾ ਨਾਂ ਗੁਰੂ ਸਾਹਿਬਾਨ ਨਾਲ ਜੁੜ ਜਾਣ ਕਾਰਨ ਵਧੇਰੇ ਸਿੱਖ ਉਥੇ ਹੀ ਅਸਥੀਆਂ ਪ੍ਰਵਾਹ ਕਰਨ ਨੂੰ ਤਰਜੀਹ ਦਿੰਦੇ ਹਨ। ਇਸ ਵੇਲੇ ਉਥੇ ਪਾਣੀ ਦੀ ਘਾਟ ਹੋਣ ਕਾਰਨ ਅਸਥੀਆਂ ਨੂੰ ਪ੍ਰਵਾਹ ਕਰਨ ਵਿਚ ਮੁਸ਼ਕਲ ਪੇਸ਼ ਆ ਰਹੀ ਹੈ। ਅਜਿਹੀ ਸਥਿਤੀ ਵਿਚ ਤਰਨ ਤਾਰਨ ਜ਼ਿਲ੍ਹੇ ਵਿਚ ਗੋਇੰਦਵਾਲ ਨੇੜੇ ਬਾਬਾ ਦਰਸ਼ਨ ਸਿੰਘ ਬੀੜ ਸਾਹਿਬ ਵਾਲਿਆਂ ਦੀ ਜਥੇਬੰਦੀ ਵੱਲੋਂ ਸਥਾਪਿਤ ਕੀਤਾ ਗਿਆ ਘਾਟ ਬਾਬਾ ਖੜਕ ਸਿੰਘ ਅਸਥੀਆਂ ਪ੍ਰਵਾਹ ਕਰਨ ਲਈ ਲਾਹੇਵੰਦ ਸਾਬਤ ਹੋ ਰਿਹਾ ਹੈ।ਇਹ ਘਾਟ ਬਿਆਸ ਦਰਿਆ ਦੇ ਕੰਢੇ 'ਤੇ ਸਥਾਪਿਤ ਕੀਤਾ ਗਿਆ ਹੈ। ਇਸ ਦੇ ਪਿਛੋਕੜ ਬਾਰੇ ਭਾਵੇਂ ਕੋਈ ਇਤਿਹਾਸਕ ਦਸਤਾਵੇਜ਼ ਨਹੀਂ ਹਨ, ਪਰ ਇਸ ਬਾਰੇ ਕਿਹਾ ਜਾਂਦਾ ਹੈ ਕਿ ਇਥੇ ਪਹਿਲੇ ਗੁਰੂਆਂ ਦੇ ਫੁੱਲ ਪ੍ਰਵਾਹ ਕੀਤੇ ਗਏ ਸਨ। 31 ਮਈ 1985 ਨੂੰ ਇਸ ਥਾਂ ਤੋਂ ਬਾਬਾ ਖੜਕ ਸਿੰਘ ਦੇ ਫੁੱਲ ਪ੍ਰਵਾਹ ਕੀਤੇ ਗਏ ਸਨ। ਉਨ੍ਹਾਂ ਤੋਂ ਬਾਅਦ ਜਥੇਬੰਦੀ ਦੀ ਸੇਵਾ ਸੰਭਾਲਣ ਵਾਲੇ ਬਾਬਾ ਦਰਸ਼ਨ ਸਿੰਘ ਬੀੜ ਬਾਬਾ ਬੁੱਢਾ ਸਾਹਿਬ ਵਾਲਿਆਂ ਵੱਲੋਂ ਇਸਨੂੰ ਘਾਟ ਬਾਬਾ ਖੜਕ ਸਿੰਘ ਦਾ ਨਾਂ ਦੇ ਕੇ ਇਸ ਦਾ ਵਿਕਾਸ ਕੀਤਾ ਗਿਆ।

ਹੁਣ ਇਥੇ ਰੋਜ਼ਾਨਾ ਔਸਤ 100 ਪਰਿਵਾਰਾਂ ਵੱਲੋਂ ਮ੍ਰਿਤਕਾਂ ਦੀਆਂ ਅਸਥੀਆਂ ਪ੍ਰਵਾਹ ਕੀਤੀਆਂ ਜਾ ਰਹੀਆਂ ਹਨ। ਭਾਵੇਂ ਇਥੇ ਇਸ ਵੇਲੇ ਕੁਝ ਖਾਮੀਆਂ ਹਨ, ਫਿਰ ਵੀ ਬਾਬਾ ਦਰਸ਼ਨ ਸਿੰਘ ਵੱਲੋਂ ਇਸ ਘਾਟ ਨੂੰ ਵੱਡੇ ਪੱਧਰ 'ਤੇ ਸੁਧਾਰਨ ਦਾ ਯਤਨ ਕੀਤਾ ਗਿਆ ਹੈ। ਇਸ ਘਾਟ ਕੋਲੋਂ ਬਿਆਸ ਦਰਿਆ ਦਾ ਪਾਣੀ ਵਗਦਾ ਹੈ। ਘਾਟ 'ਤੇ ਖੜ੍ਹੇ ਹੋ ਕੇ ਲੋਕਾਂ ਵਲੋਂ ਅਸਥੀਆਂ ਨੂੰ ਜਲ ਵਿਚ ਪ੍ਰਵਾਹ ਦਿੱਤਾ ਜਾਂਦਾ ਹੈ। ਕਈ ਪਰਿਵਾਰ ਹੇਠਾਂ ਕੰਢੇ ਕੋਲ ਜਾ ਕੇ ਵੀ ਅਸਥੀਆਂ ਨੂੰ ਪ੍ਰਵਾਹ ਕਰਦੇ ਹਨ।

# ਕੀ ਫਰੀਮਾਂਟ ਗੁਰੂ ਘਰ ਦੀਆਂ ਦੁਬਾਰਾ ਚੋਣਾਂ ਹੋਣਗੀਆਂ?

**ਫਰੀਮਾਂਟ (ਪੰਜਾਬ ਟਾਈਮਜ਼ ਬਿਊਰੋ)**-ਉਤਰੀ ਅਮਰੀਕਾ ਵਿਚ ਆਪਣੀ ਨਿਵੇਕਲੀ ਥਾਂ ਰੱਖਣ ਵਾਲੇ ਗੁਰੂਘਰ ਫਰੀਮਾਂਟ ਵਿਖੇ ਕੀ ਦੁਬਾਰਾ ਚੋਣਾਂ ਹੋਣਗੀਆਂ? ਇਸ ਪ੍ਰਸ਼ਨ ਪ੍ਰਤੀ ਪੰਥਕ ਹਲਕਿਆਂ ਵਿਚ ਉਤਸੁਕਤਾ ਬਣੀ ਹੋਈ ਹੈ। ਇਸ ਦਿਲਚਸਪੀ ਦਾ ਮੁੱਖ ਕਾਰਨ ਪ੍ਰਸਿੱਧ ਪੰਥਕ ਹਸਤੀ ਭਾਈ ਗੁਰਮੀਤ ਸਿੰਘ ਖਾਲਸਾ ਵਲੋਂ ਚੋਣਾਂ ਤੋਂ ਪਹਿਲਾਂ ਦਾ 12 ਮਾਰਚ ਨੂੰ ਦਾਇਰ ਕੀਤਾ ਉਹ ਕੇਸ ਹੈ ਜਿਸ ਵਿਚ ਜੰਡੀ-ਚੇਲਾ ਧੜੇ ਵਲੋਂ ਚੋਣਾਂ ਵਿਚ ਕੀਤੀਆਂ ਬੇਨਿਯਮੀਆਂ, ਬਾਰੇ ਕੋਰਟ ਵਿਚ ਸ਼ਿਕਾਇਤ ਦਰਜ ਕੀਤੀ ਗਈ ਸੀ। ਅਜ ਉਹੀ ਕੇਸ ਦੁਬਾਰਾ ਚੋਣਾਂ ਕਰਵਾਉਣ ਦਾ ਮੁਢ ਬਨਦਾ ਨਜ਼ਰ ਆ ਰਿਹਾ ਹੈ।

ਇਥੇ ਜ਼ਿਕਰਯੋਗ ਹੈ ਕਿ ਮੌਜੂਦਾ ਪ੍ਰਬੰਧਕਾਂ ਖਿਲਾਫ ਚੋਣਾਂ ਲੜ ਰਹੇ ਉਮੀਦਵਾਰਾਂ ਅਤੇ ਉਨ੍ਹਾਂ ਦੇ ਹਮਾਇਤੀਆਂ ਦੀ ਬੜੇ ਲੰਬੇ ਸਮੇਂ ਤੋਂ ਸ਼ਿਕਾਇਤ ਸੀ ਕਿ ਮੌਜੂਦਾ ਪ੍ਰਬੰਧਕ ਚੋਣਾਂ ਜਿੱਤਣ ਲਈ ਵੋਟ ਰਜਿਸਟਰੇਸ਼ਨ ਫਰਾਡ ਕਰ ਰਹੇ ਸਨ। 14 ਮਾਰਚ ਦੀਆਂ ਚੋਣਾਂ ਜਿੱਤਣ ਦੀ ਤਿਆਰੀ ਬੇਸ਼ਕ ਜੰਡੀ-ਚੇਲਾ-ਹਰਜੋਤ ਧੜੇ ਨੇ ਫਰਵਰੀ 2009 ਵਿਚ ਕਰਨੀ ਸ਼ੁਰੂ ਕਰ ਦਿੱਤੀ ਸੀ ਜਦ ਗੁਰੂ ਦੀ ਗੋਲਕ ਵਿਚੋਂ 5000 ਡਾਲਰ ਲਗਾ ਕੇ ਆਪਣੇ ਵਿਰੋਧੀਆਂ ਨੂੰ ਭੰਡਣ ਲਈ ਪ੍ਰੋਗਰੈਸ ਰਿਪੋਰਟ ਨਾਮੀ ਇਕ ਪੈਂਫਲਿਟ ਛਾਪਿਆ ਗਿਆ ਸੀ। ਉਪਰੰਤ ਜੂਨ ਦੇ ਮਹੀਨੇ ਵੋਟਾਂ ਬਣਾਉਣ ਦਾ ਸਿਲਸਿਲਾ ਸ਼ੁਰੂ ਕਰ ਦਿੱਤਾ ਗਿਆ ਸੀ। ਵਿਰੋਧੀਆਂ ਦੀ ਸ਼ਿਕਾਇਤ ਰਹੀ ਹੈ ਕਿ ਮੌਜੂਦਾ ਪ੍ਰਬੰਧਕਾਂ ਨੇ ਵੱਡੀ ਗਿਣਤੀ ਵਿਚ ਜਾਅਲੀ ਵੋਟਾਂ ਬਣਾਈਆਂ ਹਨ। ਵਿਰੋਧੀਆਂ ਦੇ ਲੱਖ ਵਿਰੋਧਾਂ ਦੇ ਬਾਵਜੂਦ ਪ੍ਰਬੰਧਕਾਂ ਨੇ ਆਪਣੀ ਯੋਜਨਾ 'ਤੇ ਕੰਮ ਜਾਰੀ ਰਖਿਆ। ਇਸੇ ਯੋਜਨਾ ਤਹਿਤ ਲਗਭਗ 1900 ਨਵੀਆਂ ਵੋਟਾਂ ਰਜਿਸਟਰ ਹੋਈਆਂ ਜੋ ਪਿਛਲੇ ਸਾਲਾਂ ਦੇ ਮੁਕਾਬਲੇ ਚਾਰ ਗੁਣਾਂ ਵੱਧ ਹਨ। ਨਵੀਆਂ ਵੋਟਾਂ ਰਜਿਸਟਰ ਕਰਨ ਦਾ ਕੰਮ ਬੇਸ਼ਕ 16 ਜਨਵਰੀ 2010 ਨੂੰ ਬੰਦ ਹੋ ਗਿਆ ਸੀ ਪਰ ਅੰਦਰਖਾਤੇ ਵੋਟਾਂ ਬਣਨ ਦੇ ਸਮਾਚਾਰ ਫਿਰ ਵੀ ਮਿਲਦੇ ਰਹੇ।

ਸਾਬਕਾ ਪ੍ਰਧਾਨ ਹਰਜੋਤ ਸਿੰਘ ਵਲੋਂ 27 ਫਰਵਰੀ ਨੂੰ 'ਟਰੂ ਬੈਲਟ' ਕੰਪਨੀ ਤੋਂ ਵੋਟਾਂ ਅਪਡੇਟ ਦੇ ਨਾਮ 'ਤੇ 223 ਵੋਟਾਂ ਹੋਰ ਐਡ ਕਰਵਾ ਦਿੱਤੀਆਂ ਗਈਆਂ ਸਨ। ਇਥੇ ਹੀ ਬਸ ਨਹੀਂ 14 ਮਾਰਚ ਦੀਆਂ ਇਲੈਕਸ਼ਨਾਂ ਸਿਰ 'ਤੇ ਆ ਜਾਣ ਦੇ ਬਾਵਜੂਦ 12 ਮਾਰਚ ਤੱਕ ਚੋਣਾਂ ਲੜ ਰਹੇ ਵਿਰੋਧੀ ਉਮੀਦਵਾਰਾਂ ਨੂੰ ਵੋਟਰ ਸੂਚੀਆਂ ਤਕ ਨਸੀਬ ਨਾ ਹੋਈਆਂ। ਅਖੀਰ 12 ਮਾਰਚ ਨੂੰ ਭਾਈ ਗੁਰਮੀਤ ਸਿੰਘ ਖਾਲਸਾ ਨੂੰ ਇਸ ਧੱਕੇਸ਼ਾਹੀ ਖ਼ਿਲਾਫ ਅਦਾਲਤ ਦਾ ਦਰਵਾਜ਼ਾ ਖੜਕਾਉਣਾ ਪਿਆ।

ਭਾਈ ਖਾਲਸਾ ਅਤੇ ਉਨ੍ਹਾਂ ਦੇ ਹਮਾਇਤੀਆਂ ਵਲੋਂ ਕਥਿਤ ਧਾਂਦਲੀਆਂ ਨੂੰ ਸਿੱਧ ਕਰਨ ਲਈ ਸਬੂਤ ਜੁਟਾਏ ਜਾ ਰਹੇ ਹਨ। ਅਗਰ ਭਾਈ ਖਾਲਸਾ ਅਤੇ ਉਸਦੇ ਸਾਥੀ ਪ੍ਰਬੰਧਕਾਂ ਦੀਆਂ ਬੇਨਿਯਮੀਆਂ ਅਤੇ ਕਥਿਤ ਹੇਰਾ-ਫੇਰੀਆਂ ਸਾਬਿਤ ਕਰਨ ਵਿਚ ਕਾਮਯਾਬ ਹੋ ਜਾਂਦੇ ਹਨ ਤਾਂ ਫਰੀਮਾਂਟ ਗੁਰੂਘਰ ਅੰਦਰ ਦੁਬਾਰਾ ਚੋਣਾਂ ਹੋਣ ਦੀ ਸੰਭਾਵਨਾ ਤੋਂ ਇਨਕਾਰ ਨਹੀਂ ਕੀਤਾ ਜਾ ਸਕਦਾ।

ਇਹ ਜ਼ਿਕਰਯੋਗ ਹੈ ਕਿ ਬੀਬੀ ਕਾਹਲੋਂ ਅਤੇ ਉਸਦੇ ਸਾਥੀਆਂ ਵਲੋਂ ਚੋਣਾਂ ਲੜ ਰਹੇ ਵਿਰੋਧੀ ਉਮੀਦਵਾਰਾਂ ਨੂੰ ਸਮੇਂ ਸਿਰ ਵੋਟਰ ਸੂਚੀਆਂ ਵੀ ਮੁਹੱਈਆ ਨਹੀਂ ਸੀ ਕਰਵਾਈਆਂ ਗਈਆਂ। ਜੋ ਲਿਸਟਾਂ ਦਿੱਤੀਆਂ ਗਈਆਂ ਉਹ ਇਕ ਦੂਸਰੇ ਨਾਲ ਮੇਲ ਹੀ ਨਹੀਂ ਖਾਂਦੀਆਂ। ਵੋਟਰ ਸੂਚੀਆਂ ਦੀ ਮੰਗ ਨੂੰ ਲੈ ਕੇ ਬੀਬੀ ਕਾਹਲੋਂ ਸਮੇਤ ਟਰੂਬੈਲਟ ਨੂੰ ਭੇਜੀਆਂ ਵਿਰੋਧੀਆਂ ਦੀਆਂ ਈ-ਮੇਲਾਂ ਆਪਣੇ ਆਪ ਹੀ ਹਾਲਤ ਬਿਆਨ ਕਰਦੀਆਂ ਹਨ।

ਇਹ ਵੀ ਸਮਾਚਾਰ ਹਨ ਕਿ ਟਰੂਬੈਲਟ ਦੀ ਮਾੜੇ ਪ੍ਰਬੰਧ ਕਾਰਨ ਅਤੇ ਫਰੀਮਾਂਟ ਗੁਰੂਘਰ ਦੀ ਚੋਣ ਪ੍ਰਕਿਰਿਆ ਵਿਚ ਖਾਮੀਆਂ ਕਾਰਨ ਬਹੁਤ ਸਾਰੇ ਲੋਕ ਉਹ ਵੀ ਵੋਟਾਂ ਪਾ ਗਏ ਜਿਹੜੇ ਗੁਰੂਘਰ ਦੇ ਸੰਵਿਧਾਨਕ ਘੇਰੇ ਤੋਂ ਬਾਹਰ ਰਹਿੰਦੇ ਹਨ। ਭਾਈ ਖਾਲਸਾ ਅਤੇ ਉਨ੍ਹਾਂ ਦੇ ਸਾਥੀਆਂ ਵਲੋਂ ਅਜਿਹੇ ਲੋਕਾਂ ਦੀ ਵੀ ਲਿਸਟ ਬਣਾਈ ਜਾ ਰਹੀ ਹੈ।

ਆਮ ਲੋਕਾਂ ਵਿਚ ਇਹ ਵੀ ਚਰਚਾ ਹੈ ਕਿ ਮੌਜੂਦਾ ਪ੍ਰਬੰਧਕਾਂ ਦਾ ਖਾਸਾ ਕਦੇ ਬਹੁਤਾ ਇਨਸਾਫਪਸੰਦ ਨਹੀਂ ਰਿਹਾ ਹੈ। ਇਹ ਵੀ ਦੰਦ ਕਥਾ ਹੈ ਕਿ ਜਨਵਰੀ 2005 ਦੀਆਂ ਚੋਣਾਂ ਵਿਚ ਹੇਰਾਫੇਰੀ ਦਾ ਰੌਲਾ ਨਹੀਂ ਪਿਆ ਕਿਉਂਕਿ ਉਦੋਂ ਚੋਣਾਂ ਅਦਾਲਤੀ ਨਿਗਰਾਨੀ ਥੱਲੇ ਹੋਈਆਂ ਹਨ। ਜਨਵਰੀ 2006 ਦੀਆਂ ਚੋਣਾਂ ਭਾਈ ਰਾਮ ਸਿੰਘ ਸਲੇਟ ਅਤੇ ਯੂਨਾਈਟਿਡ ਸਿੱਖ ਅਲਾਇੰਸ ਦਰਮਿਆਨ ਹੋਈਆਂ ਸਨ ਪਰ ਹੇਰਾ ਫੇਰੀ ਦਾ ਫਿਰ ਵੀ ਰੌਲਾ ਨਾ ਪਿਆ ਪਰ ਮਾਰਚ 2008 ਦੀਆਂ ਚੋਣਾਂ ਵਿਚ ਜੰਡੀ-ਚੇਲਾ ਗਰੁੱਪ ਦੀ ਸ਼ਮੂਲੀਅਤ ਹੋਈ ਸਟਿਕਰ ਚੋਰੀ ਹੋਣ ਦਾ ਰੌਲਾ ਪੈ ਗਿਆ। ਇਸ ਵਾਰ ਦਾ ਰੌਲਾ ਸੰਗਤਾਂ ਸੁਣਿਆ ਹੀ ਹੈ। ਭਾਈ ਗੁਰਮੀਤ ਸਿੰਘ ਦਾ ਕਹਿਣਾ ਹੈ ਕਿ ਜਿੱਤੇ ਕੋਈ ਵੀ ਪਰ ਚੋਣਾਂ ਸਾਫ ਸੁਥਰੀਆਂ ਹੋਣੀਆਂ ਚਾਹੀਦੀਆਂ ਹਨ। ਸਾਡੀ ਲੜਾਈ ਇਨਸਾਫ ਦੀ ਹੈ। ਉਨ੍ਹਾਂ ਦਾ ਕਹਿਣਾ ਹੈ ਕਿ ਮੌਜੂਦਾ ਪ੍ਰਬੰਧਕਾਂ ਦੀ ਧੱਕੇਸ਼ਾਹੀ ਤੋਂ ਨਿਜਾਤ ਦਿਵਾਉਣ ਲਈ ਉਹ ਸੰਗਤ ਦੇ ਸਹਿਯੋਗ ਨਾਲ ਆਖਿਰ ਕਾਮਯਾਬ ਹੋ ਹੀ ਜਾਣਗੇ।

ਉਨ੍ਹਾਂ ਦਾ ਕਹਿਣਾ ਹੈ ਕਿ ਕਾਨੂੰਨੀ ਲੜਾਈ ਲੜਨੀ ਕੋਈ ਸੌਖੀ ਨਹੀਂ ਹੁੰਦੀ ਪਰ ਜੇ ਸੰਗਤ ਸਾਥ ਦੇਵੇ ਤਾਂ ਕਾਫ਼ੀ ਆਸਾਨ ਹੋ ਜਾਂਦੀ ਹੈ। ਉਨ੍ਹਾਂ ਯਾਦ ਕਰਵਾਇਆ ਕਿ ਮੌਜੂਦਾ ਪ੍ਰਬੰਧਕਾਂ ਦੇ ਉਮਰ ਭਰ ਦੇ ਕਬਜ਼ੇ ਨੂੰ ਉਹ ਤੋੜਨ ਵਿਚ ਕਾਮਯਾਬ ਰਹੇ ਹਨ। ਇਸ ਵਾਰ ਵੀ ਸੰਗਤ ਦੀ ਕ੍ਰਿਪਾ ਨਾਲ ਜਿੱਤ ਨਸੀਬ ਹੋ ਹੀ ਜਾਵੇਗੀ।

ਇਹ ਵੀ ਖਬਰ ਹੈ ਕਿ ਅਗਲੇ ਦੋ ਕੁ ਹਫਤਿਆਂ ਵਿਚ ਅਦਾਲਤੀ ਕਾਰਵਾਈ ਸ਼ੁਰੂ ਹੋਣ ਵਾਲੀ ਹੈ। ਪਰ ਇਸ ਵਾਰ ਅਦਾਲਤੀ ਕਾਰਵਾਈ ਬਹੁਤੀ ਲੰਮੇਰੀ ਹੋਣ ਦੀ ਸੰਭਾਵਨਾ ਨਹੀਂ। ਦੇਖਣ ਵਾਲੀ ਗੱਲ ਤਾਂ ਇਹ ਹੋਵੇਗੀ ਕਿ ਮੌਜੂਦਾ ਅਦਾਲਤੀ ਲੜਾਈ ਚੋਣ ਪ੍ਰਕਿਰਿਆ ਦੀਆਂ ਖਾਮੀਆਂ ਦੂਰ ਕਰ ਪਾਵੇਗੀ ਜਾਂ ਨਹੀਂ।

## ਫਰੀਮਾਂਟ ਗੁਰੂਘਰ ਦੀ ਪ੍ਰਬੰਧਕ ਕਮੇਟੀ ਦਾ ਗਠਨ

**ਫਰੀਮਾਂਟ:** ਬੀਤੀ 14 ਮਾਰਚ ਨੂੰ ਸੁਪਰੀਮ ਕੌਂਸਲ ਦੀਆਂ ਚੋਣਾਂ ਵਿਚ ਜੇਤੂ ਜੰਡੀ-ਚੇਲਾ ਧੜੇ ਵਲੋਂ ਨਵੀਂ ਕਮੇਟੀ ਦਾ ਗਠਨ ਕਰ ਲਿਆ ਗਿਆ ਹੈ। ਇਕ ਦੋ ਚਿਹਰਿਆਂ ਨੂੰ ਛੱਡ ਕੇ ਬਾਕੀ ਸਭ ਨਵੇਂ ਚਿਹਰੇ ਲਏ ਗਏ ਹਨ। ਪ੍ਰਧਾਨਗੀ ਲਈ ਗੁਣਾ ਸ. ਦਵਿੰਦਰ ਸਿੰਘ ਦਾ ਪਿਆ ਹੈ ਜਿਸ ਦਾ ਪਿਛੋਕੜ ਪੰਜਾਬ ਪੁਲਿਸ ਦਾ ਦਸਿਆ ਜਾਂਦਾ ਹੈ। ਜੰਡੀ-ਚੇਲਾ ਧੜੇ ਵਿਚ ਕਥਿਤ ਜਾਅਲੀ ਵੋਟਾਂ ਬਣਾਉਣ ਵਿਚ ਅਹਿਮ ਭੂਮਿਕਾ ਨਿਭਾਉਣ ਵਾਲੇ ਸਾਰੇ ਵਿਅਕਤੀਆਂ ਨੂੰ ਮੈਂਬਰੀਆਂ ਦੇ ਕੇ ਨਿਵਾਜਿਆ ਗਿਆ ਹੈ। ਜ਼ਿਕਰਯੋਗ ਹੈ ਕਿ ਤਿੰਨ ਕਮੇਟੀ ਮੈਂਬਰਾਂ ਤੇਜਿੰਦਰ ਸਿੰਘ ਧਾਮੀ, ਬਿਕਰ ਸਿੰਘ ਬਰਾੜ, ਗੁਰਵਿੰਦਰ ਸਿੰਘ ਦਾ ਗੁਣਾ ਤਾਂ ਵਿਸ਼ੇਸ਼ ਸੇਵਾਵਾਂ ਕਰਕੇ ਹੀ ਪਿਆ ਦਸਿਆ ਜਾਂਦਾ ਹੈ।

ਯਾਦ ਰਹੇ ਕਿ ਮਾਰਚ 14 ਨੂੰ ਹੋਈਆਂ ਚੋਣਾਂ ਨੂੰ ਭਾਈ ਗੁਰਮੀਤ ਸਿੰਘ ਖਾਲਸੇ ਵਲੋਂ ਅਦਾਲਤ ਵਿਚ ਚੁਣੌਤੀ ਦਿੱਤੀ ਜਾ ਚੁੱਕੀ ਹੈ। ਪ੍ਰਬੰਧਕ ਕਮੇਟੀ ਦਾ ਵੇਰਵਾ ਇਸ ਤਰਾਂ ਹੈ-ਸ. ਦਵਿੰਦਰ ਸਿੰਘ (ਪ੍ਰਧਾਨ), ਸ. ਪ੍ਰਿਤਪਾਲ ਸਿੰਘ (ਮੀਤ ਪ੍ਰਧਾਨ), ਸ. ਨਿਰਪਾਲ ਸਿੰਘ ਜਨਰਲ ਸਕੱਤਰ, ਗੁਰਵਿੰਦਰ ਸਿੰਘ (ਸਕੱਤਰ), ਸ. ਕੁਲਵੰਤ ਸਿੰਘ ਖਹਿਰਾ ਸਹਾਇਕ ਸਕੱਤਰ, ਸ. ਜਸਵਿੰਦਰ ਸਿੰਘ ਗਿੱਲ (ਕੈਸ਼ੀਅਰ) ਬੀਬੀ ਜਤਿੰਦਰ ਕੌਰ, ਬੀਬੀ ਗੁਰਮੀਤ ਕੌਰ ਛੀਨਾ, ਤੇਜਿੰਦਰ ਸਿੰਘ ਧਾਮੀ, ਸੁਰਜੀਤ ਸਿੰਘ ਬਰਾੜ, ਬਿਕਰ ਸਿੰਘ ਬਰਾੜ ਨੂੰ ਸਿਰਫ ਮੈਂਬਰੀ ਦੇ ਕੇ ਹੀ ਨਿਵਾਜਿਆ ਗਿਆ ਹੈ। ਇਸ ਤੋਂ ਇਲਾਵਾ ਮੀਡੀਆ ਕਮੇਟੀ ਵਿਚ ਬਲਬੀਰ ਸਿੰਘ ਐਮ.ਏ., ਸ. ਬਲਬੀਰ ਸਿੰਘ ਗਾਖਲ ਅਤੇ ਸ. ਸਤਨਾਮ ਸਿੰਘ ਖਾਲਸਾ ਨੂੰ ਸ਼ਾਮਲ ਕੀਤਾ ਗਿਆ ਹੈ।

# ਤੇ ਹੁਣ ਹੋਵੇਗਾ ਫਰੀਮਾਂਟ ਗੁਰੂਘਰ 'ਚ ਕਬੂਤਰਬਾਜ਼ਾਂ ਦਾ ਸਨਮਾਨ!!!

**ਫਰੀਮਾਂਟ:** ਫਰੀਮਾਂਟ ਗੁਰੂਘਰ ਵਿਖੇ 11 ਅਪ੍ਰੈਲ ਨੂੰ ਦਸਤਾਰ ਦਿਵਸ ਮੌਕੇ ਪੰਜ ਸਿੱਖਾਂ ਨੂੰ ਸਨਮਾਨ ਕੀਤਾ ਜਾ ਰਿਹਾ ਹੈ ਜਿਨ੍ਹਾਂ ਨੇ ਇੰਜੀਨੀਅਰਿੰਗ ਦੇ ਖੇਤਰ ਵਿਚ ਸਿੱਖੀ ਸਰੂਪ ਨੂੰ ਰੱਖ ਕੇ ਮੱਲਾਂ ਮਾਰੀਆਂ ਹਨ। ਇਨ੍ਹਾਂ ਵਿਚ ਇਕ ਸ਼ਖਸੀਅਤ ਭਾਈ ਸੁਰਿੰਦਰ ਸਿੰਘ ਹੈ ਜਿਹੜੇ ਭਾਈ ਰਾਮ ਸਿੰਘ ਵਾਲੀ ਕਮੇਟੀ ਵਿਚ ਜਨਰਲ ਸਕਤਰ ਸਮੇਤ ਕਈ ਉਚ ਅਹੁਦਿਆਂ 'ਤੇ ਰਹੇ ਹਨ। ਸੰਗਤ ਨੂੰ ਇਹ ਵੀ ਯਾਦ ਹੋਵੇਗਾ ਕਿ ਜੰਡੀ-ਚੇਲਾ ਧੜੇ ਵਲੋਂ ਭਾਈ ਰਾਮ ਸਿੰਘ ਵਾਲੀ ਕਮੇਟੀ ਤੇ ਗੁਰੂਘਰ ਨੂੰ ਇਮੀਗਰੇਸ਼ਨ ਦਾ ਅੱਡਾ ਬਣਾਉਣ, ਸੈਂਕੜੇ ਸਪਾਂਸਰਸ਼ਿਪਾਂ ਭੇਜਣ ਅਤੇ 28 ਵਿਅਕਤੀਆਂ ਦੇ ਗਰੀਨ ਕਾਰਡ ਅਪਲਾਈ ਕਰਨ ਤੋਂ ਇਲਾਵਾ ਕਬੂਤਰ ਉਡਾਉਣ ਦੇ ਦੋਸ਼ ਵੀ ਲਗਾਏ ਗਏ ਸਨ।

ਉਨ੍ਹਾਂ ਆਪਣੇ ਚੋਣ ਮੈਨੀਫੈਸਟੋ ਵਿਚ ਦਰਜ ਕੀਤਾ ਸੀ ਕਿ ਮੌਜੂਦਾ ਗ੍ਰੰਥੀ ਭਾਈ ਗੁਰਪ੍ਰੀਤ ਸਿੰਘ ਦੇ ਨਾਲ ਦੇ ਦੋ ਵਿਅਕਤੀ ਜਸਵੰਤ ਸਿੰਘ ਅਤੇ ਅਮਰਜੀਤ ਸਿੰਘ ਕਬੂਤਰ ਬਣੇ ਅਤੇ ਪੁਰਾਣੀ ਕਮੇਟੀ 'ਤੇ ਦੋਸ਼ ਸੀ ਕਿ ਕਬੂਤਰ ਉਡਾਉਣ ਵਿਚ ਉਨ੍ਹਾਂ ਦਾ ਹੱਥ ਸੀ। ਯਾਦ ਰਹੇ ਪੰਜਾਬੀ ਅਖਬਾਰੀ ਭਾਸ਼ਾ ਵਿਚ ਗਲਤ-ਮਲਤ ਢੰਗਾਂ ਰਾਹੀਂ ਦੇਸੋਂ ਬੰਦੇ ਬਾਹਰਲੇ ਦੇਸ਼ਾਂ ਵਿਚ ਲਿਆਉਣ ਨੂੰ ਕਬੂਤਰਬਾਜ਼ੀ ਕਿਹਾ ਜਾਂਦਾ ਹੈ।

ਹੈਰਾਨੀ ਵਾਲਾ ਤੱਥ ਇਹ ਹੈ ਕਿ ਮੌਜੂਦਾ ਗ੍ਰੰਥੀ ਗੁਰਪ੍ਰੀਤ ਸਿੰਘ ਅਤੇ ਉਸਦੇ ਜਥੇ ਦੀ ਸਪਾਂਸਰਸ਼ਿਪ ਦੀ ਚਾਰਾਜੋਈ ਅਤੇ ਪਹਿਲਕਦਮੀ ਵੀ ਭਾਈ ਸੁਰਿੰਦਰ ਸਿੰਘ ਵਲੋਂ ਕੀਤੀ ਗਈ ਸੀ। ਉਨ੍ਹਾਂ ਦੀ ਸਪਾਂਸਰਸ਼ਿਪ ਦੀ ਵਕਾਲਤ ਵੀ ਸੁਰਿੰਦਰ ਸਿੰਘ ਵਲੋਂ ਕੀਤੀ ਗਈ ਪਰ ਜੰਡੀ ਅਤੇ ਚੇਲਾ ਗਰੁੱਪ ਵਲੋਂ ਇਸੇ ਜਥੇ ਦੇ ਦੋ ਮੈਂਬਰਾਂ ਜਸਵੰਤ ਸਿੰਘ ਅਤੇ ਅਮਰਜੀਤ ਸਿੰਘ ਨੂੰ ਆਪਣੇ ਚੋਣ ਮੈਨੀਫੈਸਟੋ ਵਿਚ ਪੁਰਾਣੇ ਕਮੇਟੀ ਦੇ ਕਬੂਤਰ ਦਰਸਾਇਆ ਗਿਆ ਹੈ ਅਤੇ ਪੰਥ ਪ੍ਰਸਿੱਧ ਰਾਗੀ ਜਸਵੀਰ ਸਿੰਘ ਪਾਊਂਟਾ ਸਾਹਿਬ ਸਮੇਤ ਜਨਰਲ ਹੋਰ ਮੈਂਬਰਾਂ ਇੰਦਰਜੀਤ ਸਿੰਘ, ਸੋਹਨ ਸਿੰਘ, ਹਰਪ੍ਰੀਤ ਸਿੰਘ ਅਤੇ ਬਲਜੀਤ ਸਿੰਘ ਦਾ ਗਰੀਨ ਕਾਰਡ ਅਪਲਾਈ ਕੀਤੇ ਗਏ ਦਸੇ ਗਏ ਸਨ। ਇਨ੍ਹਾਂ ਸਾਰਿਆਂ ਦੀਆਂ ਸਪਾਂਸਰਸ਼ਿਪਾਂ ਉਤੇ ਉਸੇ ਸੁਰਿੰਦਰ ਸਿੰਘ ਦੇ ਦਸਤਖਤ ਹਨ ਜਿਨ੍ਹਾਂ ਨੂੰ ਦਸਤਾਰ ਦਿਵਸ ਮੌਕੇ 11 ਅਪ੍ਰੈਲ ਨੂੰ ਸਨਮਾਨਿਤ ਕੀਤਾ ਜਾ ਰਿਹਾ ਹੈ।

ਸੰਗਤ ਸਾਹਮਣੇ ਸਵਾਲ ਹੈ ਕਿ ਜੇ ਭਾਈ ਸੁਰਿੰਦਰ ਸਿੰਘ ਹੁਣਾਂ ਵਾਕਿਆ ਹੀ ਕਬੂਤਰ ਉਡਾਏ ਹਨ ਅਤੇ ਗਲਤ ਢੰਗ ਨਾਲ ਗਰੀਨ ਕਾਰਡ ਅਪਲਾਈ ਕੀਤੇ ਗਏ ਹਨ ਤਾਂ ਉਹ ਕਿਸੇ ਸਨਮਾਨ ਦੇ ਹੱਕਦਾਰ ਬਿਲਕੁਲ ਨਹੀਂ ਬਣਦੇ ਅਤੇ ਨਾ ਹੀ ਜੰਡੀ-ਚੇਲਾ ਧੜੇ ਨੂੰ ਅਜਿਹੇ ਸ਼ਖਸਾਂ ਨੂੰ ਸਨਮਾਨਿਤ ਕਰਨਾ ਚਾਹੀਦਾ ਹੈ। ਇਹ ਵੀ ਜਰੂਰੀ ਹੈ ਉਸ ਦਿਨ ਸੰਗਤ ਦੀ ਕਚਹਿਰੀ ਵਿਚ ਭਾਈ ਸੁਰਿੰਦਰ ਸਿੰਘ ਨੂੰ ਸਨਮਾਨ ਲੈਣ ਤੋਂ ਪਹਿਲਾਂ ਆਪਣੇ ਉਪਰ ਲੱਗੇ ਕਬੂਤਰਬਾਜੀ ਦੇ ਇਲਜ਼ਾਮਾਂ ਨੂੰ ਸੰਗਤ ਵਿਚ ਸਾਫ ਕਰਨਾ ਚਾਹੀਦਾ ਹੈ ਅਤੇ ਸ. ਜੰਡੀ ਅਤੇ ਸ. ਚੇਲਾ ਨੂੰ ਸੰਗਤ ਨੂੰ ਸਾਫ ਕਰਨਾ ਚਾਹੀਦਾ ਹੈ ਕਿ ਜੇ ਉਨ੍ਹਾਂ ਵਲੋਂ ਲਗਾਏ ਇਹ ਕਬੂਤਰਬਾਜ਼ੀ ਦੇ ਇਲਜ਼ਾਮ ਸੱਚੇ ਹਨ ਫੇਰ ਅਜਿਹੇ ਸ਼ਖਸ ਨੂੰ ਸਨਮਾਨਿਤ ਕਰਨ ਦੀ ਵਜ੍ਹਾ ਦੱਸਣੀ ਚਾਹੀਦੀ ਹੈ। ਜੇ ਇਲਜਾਮ ਸਿਰਫ ਚੋਣ ਜਿੱਤਣ ਲਈ ਝੂਠੀ ਤੋਹਮਤ ਸੀ ਤਾਂ ਸੰਗਤ ਨੂੰ ਗੁਮਰਾਹ ਕਰਨ ਦੇ ਉਹ ਦੋਸ਼ੀ ਹਨ। ਉਨ੍ਹਾਂ ਨੂੰ ਸੰਗਤ ਤੋਂ ਮਾਫੀ ਮੰਗਣੀ ਚਾਹੀਦੀ ਹੈ।

ਜੇ ਉਨ੍ਹਾਂ ਦੇ ਇਲਜ਼ਾਮ ਸੱਚੇ ਹਨ ਫਿਰ ਕਿਹਾ ਜਾ ਸਕਦਾ ਹੈ ਕਿ ਅੱਜਕਲ੍ਹ ਫਰੀਮਾਂਟ ਗੁਰੂਘਰ ਵਿਚ ਹੁੰਦੇ ਨੇ ਕਬੂਤਰਬਾਜ਼ਾਂ ਦੇ ਸਨਮਾਨ!!!

# ਪੈਲਾਟਾਈਨ ਗੁਰੂਘਰ ਦੀ ਚੋਣ 'ਚ ਪੰਥਕ ਸਲੇਟ ਜੇਤੂ

ਵੋਟਾਂ ਮਿਲੀਆਂ। ਇਸ ਜਿੱਤ ਨਾਲ ਸਿੱਖ ਰਿਲੀਜੀਅਸ ਸੁਸਾਇਟੀ ਦੇ 9 ਦੇ 9 ਮੈਂਬਰ ਪੰਥਕ ਸਲੇਟ ਦੇ ਹੋ ਗਏ ਹਨ। ਵੋਟਾਂ ਦੀ ਗਿਣਤੀ ਐਤਵਾਰ ਨੂੰ ਦੇਰ ਰਾਤ ਤਕ ਚਲਦੀ ਰਹੀ ਅਤੇ ਕਰੀਬ 12 ਵਜੇ ਨਤੀਜੇ ਦਾ ਐਲਾਨ ਹੋ ਸਕਿਆ। ਵੋਟਾਂ ਦੀ ਗਿਣਤੀ ਦੇ ਸ਼ੁਰੂਆਤੀ ਦੌਰ ਵਿਚ ਅਜ਼ਾਦ ਸਿੱਖ ਸੰਗਤ ਅੱਗੇ ਸੀ ਪਰ ਫਿਰ ਪੰਥਕ ਸਲੇਟ ਦੀ ਲੀਡ ਵੱਧਣ ਲਗੀ ਜੋ ਵਧਦੀ ਗਈ।

ਚੋਣ ਨਤੀਜਿਆਂ ਤੋਂ ਬਾਅਦ ਸਾਰੇ ਜੇਤੂ ਉਮੀਦਵਾਰਾਂ ਨੇ ਅਰਦਾਸ ਕੀਤੀ ਅਤੇ ਗੁਰੂਘਰ ਦੇ ਭਲੇ ਲਈ ਕੰਮ ਕਰਨ ਦਾ ਅਹਿਦ ਲਿਆ।

ਪ੍ਰਾਪਤ ਸੂਚਨਾ ਅਨੁਸਾਰ ਸੁਸਾਇਟੀ ਦੀਆਂ ਕੁਲ 2470 ਵੋਟਾਂ ਵਿਚੋਂ 1866 ਵੋਟਾਂ ਪਈਆਂ। ਜ਼ਿਕਰਯੋਗ ਹੈ ਕਿ ਸਿੱਖ ਰਿਲੀਜੀਅਸ ਸੁਸਾਇਟੀ ਦੇ ਬੋਰਡ ਮੈਂਬਰਾਂ ਦੀ ਮਿਆਦ 4 ਸਾਲ ਹੁੰਦੀ ਹੈ ਅਤੇ ਚੋਣ ਹਰ 2 ਸਾਲ ਬਾਅਦ ਹੁੰਦੀ ਹੈ। 9 ਬੋਰਡ ਮੈਂਬਰਾਂ ਵਿਚੋਂ ਪੰਜਾਂ ਦੀ ਚੋਣ ਇਕ ਵਾਰ ਅਤੇ ਚਾਰਾਂ ਦੀ ਚੋਣ ਦੂਜੀ ਵਾਰ ਹੁੰਦੀ ਹੈ। ਸੀ ਆਈ ਸੀ ਦੇ ਮੈਂਬਰਾਂ ਦੀ ਮਿਆਦ 6 ਸਾਲ ਹੈ ਅਤੇ ਹਰ ਦੋ ਸਾਲ ਬਾਅਦ ਇਕ ਮੈਂਬਰ ਦੀ ਚੋਣ ਹੁੰਦੀ ਹੈ।

ਅਜਾਦ ਸਿੱਖ ਸੰਗਤ ਸਲੇਟ ਨੂੰ 1998 ਤੋਂ 2008 ਤਕ ਗੁਰੂਘਰ ਦੇ ਪ੍ਰਬੰਧ ਉਤੇ ਕਾਬਜ਼ ਰਹੇ ਹੁੰਦਲ ਧੜੇ ਅਤੇ ਸੇਵਾਮੁਕਤ ਕੀਤੇ ਗਏ ਗ੍ਰੰਥੀ ਭਾਈ ਮਹਿੰਦਰ ਸਿੰਘ ਦੀ ਡਟਵੀਂ ਹਮਾਇਤ ਹਾਸਲ ਸੀ। ਇਨ੍ਹਾਂ ਚੋਣਾਂ ਦੌਰਾਨ ਦੋਹਾਂ ਧਿਰਾਂ ਵਿਚਾਲੇ ਬੜੀ ਤਿੱਖੀ ਅਖਬਾਰੀ ਬਿਆਨਬਾਜ਼ੀ ਵੀ ਚੱਲੀ। ਲੋਕਾਂ ਦੇ ਘਰੀਂ ਭੇਜੀਆਂ ਚਿੱਠੀਆਂ ਅਤੇ ਈ-ਮੇਲਾਂ ਰਾਹੀਂ ਇਕ ਦੂਜੇ ਉਪਰ ਤਿੱਖੇ ਹਮਲੇ ਕੀਤੇ ਗਏ। ਪੰਥਕ ਸਲੇਟ ਦੇ ਕੁਝ ਮੈਂਬਰਾਂ ਵਿਰੁਧ ਬੇਨਾਮੀ ਭੱਦੀ ਸ਼ਬਦਾਵਲੀ ਵਾਲੀਆਂ ਚਿੱਠੀਆਂ ਵੀ ਭੇਜੀਆਂ ਗਈਆਂ ਜਿਨ੍ਹਾਂ ਦਾ ਆਮ ਕਰ ਕੇ ਸੰਗਤ ਨੇ ਬੁਰਾ ਮਨਾਇਆ। ਜਿਥੇ ਆਜਾਦ ਸਿੱਖ ਸੰਗਤ ਸਲੇਟ ਨੂੰ ਆਪਣੇ ਹਮਾਇਤੀ ਹੁੰਦਲ ਧੜੇ ਵਲੋਂ ਆਪਣੇ ਸਮੇਂ ਕੀਤੇ ਗਏ ਗੁਰੂਘਰ ਦੇ ਕੰਮਾਂ ਉਤੇ ਮਾਣ ਸੀ, ਉਥੇ ਭਾਈ ਮਹਿੰਦਰ ਸਿੰਘ ਨੂੰ ਸੇਵਾਮੁਕਤ ਕੀਤੇ ਜਾਣ ਵਿਰੁਧ ਸੰਗਤ ਦੇ ਇਕ ਹਿੱਸੇ ਵਿਚ ਉਪਜੀ ਰੋਹ ਦੀ ਲਹਿਰ ਉਤੇ ਵੀ ਟੇਕ ਸੀ।

ਦੂਜੇ ਪਾਸੇ ਪੰਥਕ ਸਲੇਟ ਨੂੰ ਪਿਛਲੇ ਦੋ ਸਾਲਾਂ ਵਿਚ ਕੀਤੇ ਆਪਣੇ ਕੰਮਾਂ ਅਤੇ ਗੁਰੂਘਰ ਲਈ ਉਲੀਕੇ ਉਸਾਰੀ ਪ੍ਰਾਜੈਕਟਾਂ ਉਪਰ ਟੇਕ ਸੀ। ਜ਼ਿਕਰਯੋਗ ਹੈ ਕਿ ਪੰਥਕ ਸਲੇਟ ਦੇ ਬੋਰਡ ਵਲੋਂ ਗੁਰੂਘਰ ਦਾ ਸੁਖਆਸਣ ਕਮਰਾ ਅਤੇ ਗੁਰੂਘਰ ਉਤੇ ਗੁੰਬਦ ਲਾਉਣ ਦਾ ਨਵਾਂ ਪ੍ਰਾਜੈਕਟ ਆਰੰਭਿਆ ਗਿਆ ਹੈ। ਸੰਗਤ ਦਾ ਇਕ ਵਡਾ ਹਿੱਸਾ ਇਸ ਗੱਲ ਦੇ ਹੱਕ ਵਿਚ ਸੀ ਕਿ ਇਹ ਪ੍ਰਾਜੈਕਟ ਬਿਨਾ ਰੁਕਾਵਟ ਪੂਰਾ ਹੋਵੇ। ਹੁੰਦਲ ਧੜੇ ਉਪਰ 1998 ਵਿਚ ਬੋਰਡ ਬਣਾਉਣ ਬਾਅਦ ਪਹਿਲੇ ਪ੍ਰਬੰਧਕਾਂ ਵਲੋਂ ਬਣਾਏ ਗਏ ਉਸਾਰੀ ਪ੍ਰਾਜੈਕਟ ਨੂੰ ਰੱਦ ਕਰਕੇ ਗੁਰੂਘਰ ਦਾ ਕੋਈ 5 ਲੱਖ ਡਾਲਰ ਦਾ ਨੁਕਸਾਨ ਕਰਨ ਦਾ ਦੋਸ਼ ਲਗਦਾ ਸੀ।

ਚੋਣਾਂ ਦੌਰਾਨ ਕਾਬਜ਼ ਧੜੇ ਵਲੋਂ ਇਨ੍ਹਾਂ ਚੋਣਾਂ ਵਿਚ ਬੀਬੀਆਂ, 65 ਸਾਲ ਤੋਂ ਵੱਧ ਦੇ ਬਜ਼ੁਰਗਾਂ ਅਤੇ 30 ਸਾਲ ਤੋਂ ਘੱਟ ਉਮਰ ਦੇ ਨੌਜਵਾਨਾਂ ਲਈ ਸੀਟਾਂ ਰਾਖਵੀਆਂ ਕੀਤੇ ਜਾਣ ਕਰ ਕੇ ਇਕ ਵਾਰ ਚੋਖਾ ਵਿਵਾਦ ਵੀ ਪੈਦਾ ਹੋਇਆ। ਕਾਬਜ਼ ਪੰਥਕ ਸਲੇਟ ਦਾ ਕਹਿਣਾ ਸੀ ਕਿ ਇਹ ਰਾਖਵੇਂਕਰਨ ਸੰਵਿਧਾਨ ਵਿਚ ਦੱਸੇ ਅਨੁਸਾਰ ਹੀ ਕੀਤਾ ਗਿਆ ਹੈ ਜਦੋਂਕਿ ਵਿਰੋਧੀ ਆਜਾਦ ਸਿੱਖ ਸੰਗਤ ਸਲੇਟ ਦਾ ਕਹਿਣਾ ਸੀ ਕਿ ਅਜਿਹੇ ਰਾਖਵੇਂਕਰਨ ਲਈ ਗੁਰੂਘਰ ਦੇ ਵਿਧਾਨ ਵਿਚ ਕੋਈ ਵਿਵਸਥਾ ਨਹੀਂ ਹੈ। ਇਸ ਤੋਂ ਇਲਾਵਾ ਰਾਖਵੇਂਕਰਨ ਬਾਰੇ ਪਹਿਲਾਂ ਸੂਚਨਾ ਵੀ ਨਹੀਂ ਦਿਤੀ ਗਈ। ਇਕ ਵਾਰ ਤਾਂ ਮਾਮਲਾ ਅਦਾਲਤ ਦੀਆਂ ਬਰੂਹਾਂ ਤੇ ਵੀ ਪਹੁੰਚ ਗਿਆ ਸੀ ਪਰ ਚੋਣ ਤੋਂ ਪਹਿਲੇ ਐਤਵਾਰ ਦੋਹਾਂ ਧਿਰਾਂ ਵਿਚਾਲੇ ਗੁਰੂ ਮਹਾਰਾਜ ਦੀ ਹਜ਼ੂਰੀ ਵਿਚ ਇਹ ਸਹਿਮਤੀ ਹੋ ਗਈ ਕਿ ਬੇਸ਼ਕ ਬੈਲਟ ਪੇਪਰ ਸੰਵਿਧਾਨ ਅਨੁਸਾਰ ਹੀ ਹੈ ਪਰ ਇਨ੍ਹਾਂ ਚੋਣਾਂ ਵਿਚ ਇਸਨੂੰ ਪਹਿਲੀ ਰਵਾਇਤ ਅਨੁਸਾਰ ਬਿਨਾ ਰਾਖਵੇਂਕਰਨ ਤੋਂ ਹੀ ਰਖਿਆ ਜਾਵੇਗਾ। ਇਹ ਵੀ ਸਹਿਮਤੀ ਹੋਈ ਕਿ ਸਾਰੇ ਉਮੀਦਵਾਰ ਇਹ ਲਿਖਤੀ ਹਲਫੀਆ ਬਿਆਨ ਦੇਣਗੇ ਕਿ ਕੋਈ ਵੀ ਬੈਲਟ ਨੂੰ ਸੰਵਿਧਾਨ ਵਿਰੁਧ ਦੱਸ ਕੇ ਅਦਾਲਤ ਵਿਚ ਨਹੀਂ ਜਾਏਗਾ ਪਰੰਤੂ ਚੋਣ ਤੋਂ ਇਕ-ਦੋ ਦਿਨ ਪਹਿਲਾਂ ਤਕ ਆਜਾਦ ਸਿੱਖ ਸੰਗਤ ਸਲੇਟ ਦੇ ਉਮੀਦਵਾਰਾਂ ਨੇ ਇਹ ਹਲਫੀਆ ਬਿਆਨ ਨਹੀਂ ਦਿੱਤੇ ਸਗੋਂ ਇਸ ਸਲੇਟ ਦੇ ਇਕ ਉਮੀਦਵਾਰ ਸੁਖਵੰਤ ਸਿੰਘ ਖਨੂਜਾ ਨੇ ਇਹ ਈ-ਮੇਲ ਭੇਜ ਦਿਤੀ ਕਿ ਜੇ ਬੈਲਟ ਸੰਵਿਧਾਨ ਅਨੁਸਾਰ ਨਾ ਹੋਇਆ ਤਾਂ ਕਿਸੇ ਵੀ ਕਾਨੂੰਨੀ ਉਲਝਣ ਲਈ ਬੋਰਡ ਦਾ ਕਾਰਜਕਾਰੀ ਸਕੱਤਰ ਜਤਿੰਦਰ ਸਿੰਘ ਗਰੇਵਾਲ ਜਿੰਮੇਵਾਰ ਹੋਵੇਗਾ। ਇਸ ਈ-ਮੇਲ ਤੋਂ ਬਾਅਦ ਬੋਰਡ ਨੇ ਰਾਖਵੇਂਕਰਨ ਨਾਲ ਬਣਾਏ ਗਏ ਪਹਿਲੇ ਬੈਲਟ ਨਾਲ ਚੋਣ ਕਰਵਾਉਣ ਦਾ ਫੈਸਲਾ ਕਰ ਲਿਆ। ਸਮਝਿਆ ਜਾਂਦਾ ਹੈ ਕਿ ਭਾਈ ਖਨੂਜਾ ਦੀ ਈ-ਮੇਲ ਨੇ ਸੰਗਤ ਦੇ ਕਈ ਮੈਂਬਰਾਂ ਨੂੰ ਨਾਰਾਜ ਕੀਤਾ ਜਿਸਦਾ ਆਜਾਦ ਸਿੱਖ ਸੰਗਤ ਸਲੇਟ ਨੂੰ ਨੁਕਸਾਨ ਹੋਇਆ ਕਿਉਂਕਿ ਆਮ ਕਰ ਕੇ ਸੰਗਤ ਨਹੀਂ ਚਾਹੁੰਦੀ ਕਿ ਗੁਰੂਘਰ ਦਾ ਮਾਮਲਾ ਅਦਾਲਤਾਂ ਵਿਚ ਖਿਚਿਆ ਜਾਵੇ।

ਇਸੇ ਦੌਰਾਨ ਗੁਰੂਘਰ ਦੀ ਸੰਗਤ ਨੇ ਚੋਣਾਂ ਦਾ ਕੰਮ ਬਿਨਾ ਕਿਸੇ ਲੜਾਈ-ਝਗੜੇ ਦੇ ਅਮਨ-ਅਮਾਨ ਨਾਲ ਨਿਬੜ ਜਾਣ ਉਤੇ ਤਸੱਲੀ ਪ੍ਰਗਟਾਈ ਹੈ। ਗੁਰੂਘਰ ਦੇ ਪ੍ਰਧਾਨ ਭਾਈ ਜਸਪ੍ਰੀਤ ਸਿੰਘ ਅਟਵਾਲ ਅਤੇ ਭਾਈ ਸੰਤੋਖ ਸਿੰਘ ਸੋਖੀ ਨੇ ਪੰਥਕ ਸਲੇਟ ਨੂੰ ਜਿਤਾਉਣ ਅਤੇ ਗੁਰੂਘਰ ਦੀ ਸੇਵਾ ਬਖਸ਼ਣ ਲਈ ਸਮੂਹ ਸੰਗਤਾਂ ਦਾ ਧੰਨਵਾਦ ਕੀਤਾ ਹੈ। ਉਨ੍ਹਾਂ ਕਿਹਾ ਕਿ ਗੁਰੂ ਨੇ ਪੰਥਕ ਸਲੇਟ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਸੋਹਣੇ ਸੁਖਆਸਣ ਅਤੇ ਗੁਰੂਘਰ ਦੇ ਗੁੰਬਦ ਲਾਉਣ ਦੇ ਪ੍ਰਾਜੈਕਟ ਨੂੰ ਪੂਰਾ ਕਰਨ ਲਈ ਸੁਭਾਗਾ ਮੌਕਾ ਬਖਸ਼ਿਆ ਹੈ। ਸੁਸਾਇਟੀ ਦੇ ਕਾਰਜਕਾਰੀ ਸਕੱਤਰ ਜਤਿੰਦਰ ਸਿੰਘ ਗਰੇਵਾਲ ਨੇ ਬੋਰਡ ਦੇ ਸੇਵਾਮੁਕਤ ਹੋ ਰਹੇ ਮੈਂਬਰਾਂ ਵਲੋਂ ਉਸਾਰੀ ਸਹਿਯੋਗ ਲਈ ਸੰਗਤਾਂ ਅਤੇ ਵਾਹਿਗੁਰੂ ਦਾ ਸ਼ੁਕਰਾਨਾ ਕੀਤਾ ਹੈ।

## ਨਲਿਨੀ ਦੀ ਸਮੇਂ ਤੋਂ ਪਹਿਲਾਂ ਰਿਹਾਈ ਵਾਲੀ ਅਰਜ਼ੀ ਖ਼ਾਰਜ

**ਚੇਨਈ:** ਮਦਰਾਸ ਹਾਈ ਕੋਰਟ ਨੇ ਰਾਜੀਵ ਗਾਂਧੀ ਹੱਤਿਆ ਕਾਂਡ 'ਚ ਉਮਰ ਕੈਦ ਦੀ ਸਜ਼ਾ ਭੁਗਤ ਰਹੀ ਨਲਿਨੀ ਦੀ ਸਮੇਂ ਤੋਂ ਪਹਿਲਾਂ ਰਿਹਾਈ ਲਈ ਪਾਈ ਅਰਜ਼ੀ ਖ਼ਾਰਜ ਕਰ ਦਿੱਤੀ ਹੈ।

ਨਲਿਨੀ ਦੀ ਅਰਜ਼ੀ ਨੂੰ ਖ਼ਾਰਜ ਕਰਦਿਆਂ ਜਸਟਿਸ ਅਲਿਪ ਧਰਮ ਰਾਜ ਅਤੇ ਜਸਟਿਸ ਕੇ ਕੇ ਸ਼ਸ਼ੀਧਰਨ ਨੇ ਕਿਹਾ ਕਿ ਨਲਿਨੀ ਨੇ ਬੜੀ ਚਲਾਕੀ ਵਰਤਦਿਆਂ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੀ ਹੱਤਿਆ ਨੂੰ ਅੰਜਾਮ ਦਿੱਤਾ। ਬੈਂਚ ਨੇ ਕਿਹਾ ਕਿ ਨਲਿਨੀ ਅਧਿਕਾਰਤ ਤੌਰ 'ਤੇ ਸਮੇਂ ਤੋਂ ਪਹਿਲਾਂ ਰਿਹਾਈ ਦੀ ਮੰਗ ਨਹੀਂ ਕਰ ਸਕਦੀ, ਹਾਲਾਂਕਿ ਉਸ ਨੂੰ ਆਪਣੀ ਅਰਜ਼ੀ 'ਤੇ ਵਿਚਾਰ ਸਬੰਧੀ ਮੰਗ ਕਰਨ ਦਾ ਅਧਿਕਾਰ ਹੈ। ਜੱਜਾਂ ਦੇ ਬੈਂਚ ਨੇ ਕਿਹਾ ਕਿ ਨਲਿਨੀ ਨੇ ਅਪਰਾਧ ਬੜੀ ਚਲਾਕੀ ਨਾਲ ਕੀਤੀ ਹੈ ਤੇ ਇਸ ਦੀ ਯੋਜਨਾ ਇਸ ਤਰ੍ਹਾਂ ਤਿਆਰ ਕੀਤੀ ਗਈ ਕਿ ਇਸ ਨੂੰ ਅੰਜਾਮ ਦਿੱਤੇ ਜਾਣ 'ਚ ਕਿਸੇ ਘਾਟ ਦੀ ਸੰਭਾਵਨਾ ਨਾ ਰਹੇ। ਬੈਂਚ ਨੇ ਕਿਹਾ ਕਿ ਇਸ ਸਾਜ਼ਿਸ਼ 'ਚ ਸਾਬਕਾ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦੀ ਜਾਨ ਚਲੀ ਗਈ। ਦੱਸਣਾ ਬਣਦਾ ਹੈ ਕਿ ਸਾਲ 2008 'ਚ ਹਾਈ ਕੋਰਟ ਨੇ ਨਲਿਨੀ ਦੀ ਅਰਜ਼ੀ ਨੂੰ ਖ਼ਾਰਜ ਕਰ ਦਿੱਤਾ ਸੀ। ਪਟੀਸ਼ਨ 'ਚ ਨਲਿਨੀ ਨੇ ਇਸ ਆਧਾਰ 'ਤੇ ਰਿਹਾਈ ਦੀ ਮੰਗ ਕੀਤੀ ਸੀ।

## ਇਰਾਕ 'ਚ ਲੜੀਵਾਰ ਧਮਾਕੇ, 39 ਮੌਤਾਂ

**ਬ਼ਗਦਾਦ :** ਇਰਾਕ 'ਚ ਆਮ ਚੋਣਾਂ ਤੋਂ ਬਾਅਦ ਸਿਆਸੀ ਅਸਥਿਰਤਾ ਦੇ ਚੱਲਦਿਆਂ ਦਹਿਸ਼ਤਗਰਦੀ ਘਟਨਾਵਾਂ 'ਚ ਤੇਜ਼ੀ ਆ ਗਈ ਹੈ। ਯੁੱਧ ਤੇ ਦਹਿਸ਼ਤਵਾਦ ਦਾ ਸਾਹਮਣਾ ਕਰ ਰਹੇ ਇਸ ਮੁਲਕ 'ਚ ਪਿਛਲੇ 5 ਦਿਨਾਂ 'ਚ ਚਾਰ ਦਹਿਸ਼ਤਗਰਦੀ ਹਮਲੇ ਹੋ ਚੁੱਕੇ ਹਨ। 6 ਅਪ੍ਰੈਲ ਨੂੰ ਹੋਏ ਤਾਜ਼ਾ ਹਮਲੇ ਦੇਸ਼ ਦੀ ਰਾਜਧਾਨੀ ਬਗਦਾਦ 'ਚ ਹੋਏ, ਜਿਨ੍ਹਾਂ ਵਿਚ 39 ਵਿਅਕਤੀਆਂ ਦੀ ਮੌਤ ਹੋ ਗਈ।

*To Advertise with us*
*call: 847-359-0746*
*Fax:847-705-9388*

ਪੰਜਾਬ ਟਾਈਮਜ਼

ਸਨਿਚਰਵਾਰ, 10 ਅਪਰੈਲ, 2010

*ਜੀਵਨ ਦਾ ਇਕ ਉਦੇਸ਼ ਬਣਾ ਕੇ ਉਸ ਦੀ ਪੂਰਤੀ ਲਈ ਜੁਟ ਜਾਓ-ਕਾਰਲਾਈਲ*

# ਸਿੱਖਿਆ ਦਾ ਕਾਨੂੰਨ

ਭਾਰਤ ਦੀ ਕੇਂਦਰ ਸਰਕਾਰ ਨੇ ਹਰੇਕ ਲਈ ਸਿੱਖਿਆ ਲੈਣ ਦੇ ਅਧਿਕਾਰ ਸੰਬੰਧੀ ਕਾਨੂੰਨ ਬੀਤੀ 2 ਅਪਰੈਲ ਤੋਂ ਲਾਗੂ ਕਰ ਦਿੱਤਾ ਹੈ। ਇਸ ਕਾਨੂੰਨ ਦੇ ਲਾਗੂ ਹੋਣ ਨਾਲ ਕਾਨੂੰਨੀ ਤੌਰ 'ਤੇ 6 ਤੋਂ 14 ਸਾਲ ਦੇ ਹਰ ਬੱਚੇ ਲਈ ਸਿੱਖਿਆ ਲਾਜ਼ਮੀ ਹੋ ਗਈ ਹੈ। ਇਸ ਕਾਨੂੰਨ ਨੂੰ ਲਾਗੂ ਕਰਨ ਦੇ ਇਤਿਹਾਸਕ ਮੌਕੇ ਉਪਰ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਰਾਜ ਸਰਕਾਰਾਂ ਨੂੰ ਇਸ ਕੌਮੀ ਮੁਹਿੰਮ ਵਿਚ ਹਰ ਸੰਭਵ ਸਹਿਯੋਗ ਦੇਣ ਦੀ ਅਪੀਲ ਕੀਤੀ ਹੈ। ਨਵੇਂ ਕਾਨੂੰਨ ਨਾਲ ਦੇਸ਼ ਵਿਚ ਉਨ੍ਹਾਂ 1 ਕਰੋੜ ਬੱਚਿਆਂ ਨੂੰ ਲਾਜ਼ਮੀ ਫਾਇਦਾ ਪਹੁੰਚੇਗਾ, ਜਿਹੜੇ ਸਕੂਲ ਦਾ ਮੂੰਹ ਨਹੀਂ ਵੇਖਦੇ। ਨਵੇਂ ਕਾਨੂੰਨ ਦੇ ਸੰਦਰਭ ਵਿਚ ਇਹ ਗੱਲ ਵਿਸ਼ੇਸ਼ ਤੌਰ 'ਤੇ ਜ਼ਿਕਰਯੋਗ ਹੈ ਕਿ ਇਸ ਨੂੰ ਲਾਗੂ ਕਰਨ ਲਈ 1.71 ਲੱਖ ਕਰੋੜ ਰੁਪਏ ਦੀ ਲੋੜ ਪਵੇਗੀ, ਜਿਸ ਵਿਚੋਂ 55 ਫੀਸਦੀ ਕੇਂਦਰ ਸਰਕਾਰ ਨੇ ਦੇਣਾ ਹੈ ਜਦਕਿ 45 ਫੀਸਦੀ ਰਾਜ ਸਰਕਾਰਾਂ ਵਲੋਂ ਜੁਟਾਇਆ ਜਾਣਾ ਹੈ। ਇੰਜ ਰਾਜ ਸਰਕਾਰਾਂ ਨੂੰ ਤਕਰੀਬਨ 76,950 ਕਰੋੜ ਰੁਪਏ ਦਾ ਪ੍ਰਬੰਧ ਕਰਨਾ ਪਵੇਗਾ। ਕੇਂਦਰ ਸਰਕਾਰ ਦੀਆਂ ਨੀਤੀਆਂ ਦੇ ਆਲੋਚਕਾਂ ਦਾ ਕਹਿਣਾ ਹੈ ਕਿ ਰਾਜ ਸਰਕਾਰਾਂ ਨੂੰ ਇੰਨੀ ਵੱਡੀ ਰਕਮ ਦਾ ਪ੍ਰਬੰਧ ਕਰਨਾ ਇੰਨਾ ਆਸਾਨ ਕੰਮ ਨਹੀਂ ਹੈ। ਖਾਸ ਕਰਕੇ ਉਨ੍ਹਾਂ ਰਾਜਾਂ ਨੂੰ, ਜਿਹੜੇ ਪਹਿਲਾਂ ਹੀ ਆਰਥਿਕ ਤੌਰ 'ਤੇ ਮੰਦੇ ਵਾਲੀ ਸਥਿਤੀ ਵਿਚੋਂ ਗੁਜ਼ਰ ਚੁੱਕੇ ਹਨ। ਇਸ ਤੋਂ ਇਲਾਵਾ ਕੌਮਾਂਤਰੀ ਪੱਧਰ 'ਤੇ ਚੱਲ ਰਿਹਾ ਮੌਜੂਦਾ ਮੰਦਾ ਇਸ ਮਸਲੇ ਨੂੰ ਹੋਰ ਵੀ ਗੁੰਝਲਦਾਰ ਕਰੇਗਾ। ਉਂਜ ਕੇਂਦਰੀ ਸਿੱਖਿਆ ਮੰਤਰੀ ਸ੍ਰੀ ਕਪਿਲ ਸਿੱਬਲ ਨੇ ਇਹ ਗੱਲ ਦਾਅਵੇ ਨਾਲ ਕਹੀ ਹੈ ਕਿ ਸਿੱਖਿਆ ਵਾਸਤੇ ਫੰਡਾਂ ਦੀ ਕਮੀ ਨਹੀਂ ਹੋਣ ਦਿੱਤੀ ਜਾਵੇਗੀ। ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਵੀ ਕਿਹਾ ਹੈ ਕਿ ਲਾਜ਼ਮੀ ਸਿੱਖਿਆ ਦੇ ਕਾਨੂੰਨ ਨੂੰ ਲਾਗੂ ਕਰਨ ਲਈ ਕੇਂਦਰ ਵਲੋਂ ਆਪਣੇ ਹਿੱਸੇ ਦੇ ਫੰਡਾਂ ਦਾ ਹਰ ਹਾਲਤ ਵਿਚ ਪ੍ਰਬੰਧ ਕੀਤਾ ਜਾਵੇਗਾ। ਪ੍ਰਧਾਨ ਮੰਤਰੀ ਨੇ ਕਿਹਾ ਕਿ ਸਾਰੇ ਬੱਚਿਆਂ, ਭਾਵੇਂ ਉਹ ਲੜਕਾ ਜਾਂ ਲੜਕੀ, ਗਰੀਬ ਜਾਂ ਅਮੀਰ, ਲਈ ਸਿੱਖਿਆ ਦਾ ਪ੍ਰਬੰਧ ਕਰਾਉਣਾ ਬਹੁਤ ਜ਼ਰੂਰੀ ਹੈ। ਉਨ੍ਹਾਂ ਆਪਣੀ ਉਦਾਹਰਣ ਦਿੰਦਿਆਂ ਕਿਹਾ ਕਿ ਸਿੱਖਿਆ ਨੇ ਹੀ ਉਨ੍ਹਾਂ ਦੀ ਜ਼ਿੰਦਗੀ ਨੂੰ ਇਸ ਕਦਰ ਬਦਲ ਦਿੱਤਾ ਹੈ। ਇਸੇ ਕਾਰਨ ਉਹ ਇਕ ਸਾਧਾਰਨ ਵਿਅਕਤੀ ਤੋਂ ਪ੍ਰਧਾਨ ਮੰਤਰੀ ਦੇ ਅਹੁਦੇ ਤੱਕ ਪੁੱਜੇ ਹਨ। ਉਨ੍ਹਾਂ ਨੇ ਇਸ ਮੌਕੇ ਸਾਰੇ ਦੇਸ਼ਵਾਸੀਆਂ ਨੂੰ ਇਸ ਮੁਹਿੰਮ ਵਿਚ ਸ਼ਾਮਲ ਹੋਣ ਦੀ ਅਪੀਲ ਕੀਤੀ। ਪ੍ਰਧਾਨ ਮੰਤਰੀ ਨੇ ਕਿਹਾ ਕਿ ਮੈਂ ਇਕ ਸਾਧਾਰਨ ਘਰ ਵਿਚ ਜਨਮ ਲਿਆ ਸੀ, ਸਕੂਲ ਦੂਰ ਸੀ, ਪੈਦਲ ਜਾਣਾ ਪੈਂਦਾ ਸੀ। ਮੈਂ ਮਿੱਟੀ ਦੇ ਤੇਲ ਦੇ ਦੀਵੇ ਦੀ ਰੌਸ਼ਨੀ ਵਿਚ ਪੜ੍ਹਿਆ ਹਾਂ। ਇਸ ਲਈ ਮੈਨੂੰ ਸਿੱਖਿਆ ਦੇ ਮਹੱਤਵ ਦਾ ਸ਼ਾਇਦ ਸਭ ਤੋਂ ਵਧੇਰੇ ਪਤਾ ਹੈ।

ਉਂਜ ਕੁਝ ਖੱਬੇਪੱਖੀ ਧਿਰਾਂ ਨੇ ਭਾਵੇਂ ਕੇਂਦਰ ਵਲੋਂ ਸਿੱਖਿਆ ਦੇ ਅਧਿਕਾਰ ਸੰਬੰਧੀ ਕਾਨੂੰਨ ਨੂੰ ਲਾਗੂ ਕਰਨ ਦੀ ਸ਼ਲਾਘਾ ਕੀਤੀ ਹੈ ਪਰ ਨਾਲ ਹੀ ਕੁਝ ਖਦਸ਼ੇ ਵੀ ਪ੍ਰਗਟ ਕੀਤੇ ਹਨ। ਇਨ੍ਹਾਂ ਧਿਰਾਂ ਦਾ ਆਖਣਾ ਹੈ ਕਿ ਸਿੱਖਿਆ ਨੂੰ ਸਰਬਵਿਆਪਕ ਬਣਾਉਣ ਲਈ ਸਿਰਫ ਕਾਨੂੰਨ ਪਾਸ ਕਰਨ ਨਾਲ ਹੀ ਨਹੀਂ ਸਰੇਗਾ। ਬਹੁਤ ਸਾਰੇ ਮਸਲਿਆਂ ਉਪਰ ਪਹਿਲਾਂ ਹੀ ਕਈ ਕਾਨੂੰਨ ਬਣੇ ਹੋਏ ਹਨ ਪਰ ਇਨ੍ਹਾਂ ਨੂੰ ਲਾਗੂ ਕਰਨ ਦਾ ਹੀਆ ਕੋਈ ਸਰਕਾਰ ਨਹੀਂ ਕਰਦੀ। ਪਿਛਲੀ ਯੂ.ਪੀ.ਏ. ਸਰਕਾਰ ਨੇ ਆਪਣੇ ਘੱਟੋ-ਘੱਟ ਸਾਂਝੇ ਪ੍ਰੋਗਰਾਮ ਵਿਚ ਘਰੇਲੂ ਉਤਪਾਦਨ ਦਾ 6 ਫੀਸਦੀ ਸਿੱਖਿਆ ਉਪਰ ਖਰਚਣ ਦਾ ਫੈਸਲਾ ਕੀਤਾ ਸੀ ਪਰ ਸਰਕਾਰ ਸਿਰਫ 3 ਫੀਸਦੀ ਹੀ ਸਿੱਖਿਆ ਉਪਰ ਖਰਚ ਸਕੀ। ਇਸ ਤੋਂ ਇਲਾਵਾ ਨਵੇਂ ਕਾਨੂੰਨ ਨੂੰ ਲਾਗੂ ਕਰਨ ਲਈ ਤਕਰੀਬਨ 15 ਲੱਖ ਨਵੇਂ ਅਧਿਆਪਕ ਚਾਹੀਦੇ ਹਨ। ਸਕੂਲਾਂ ਦੀਆਂ ਨਵੀਆਂ ਬਿਲਡਿੰਗਾਂ, ਪੁਰਾਣੀਆਂ ਦਾ ਨਵੀਨੀਕਰਨ ਅਤੇ ਹੋਰ ਵਿੱਦਿਅਕ ਬੁਨਿਆਦੀ ਢਾਂਚਾ ਲੋੜੀਂਦਾ ਹੈ। ਸਿੱਖਿਆ ਮਾਹਿਰਾਂ ਅਨੁਸਾਰ ਵਿੱਦਿਅਕ ਨੀਤੀ ਨੂੰ ਸਹੀ ਢੰਗ ਨਾਲ ਲਾਗੂ ਕਰਨ ਲਈ ਵਿਦਿਆਰਥੀ ਅਤੇ ਅਧਿਆਪਕਾਂ ਵਿਚ 1.30 ਦਾ ਅਨੁਪਾਤ ਚਾਹੀਦਾ ਹੈ। ਦੇਸ਼ ਹਾਲੇ ਇਸ ਦ੍ਰਿਸ਼ਟੀ ਤੋਂ ਨੇੜੇ-ਤੇੜੇ ਵੀ ਨਹੀਂ ਹੈ। ਦੂਰ-ਦਰਾਡੇ ਦੇ ਪੇਂਡੂ ਸਕੂਲਾਂ ਵਿਚ ਸਰਕਾਰ ਨੂੰ ਇਮਾਰਤਾਂ ਤੋਂ ਇਲਾਵਾ ਬੁਨਿਆਦੀ ਢਾਂਚਾ ਤੇ ਅਧਿਆਪਕਾਂ ਦੀ ਪਹੁੰਚ ਯਕੀਨੀ ਬਣਾਉਣੀ ਬਹੁਤ ਵੱਡੀ ਸਮੱਸਿਆ ਹੈ। ਅਜਿਹਾ ਸਾਰਾ ਕੁਝ ਹਾਲੇ ਤਕ ਤਾਂ ਨਹੀਂ ਹੋ ਰਿਹਾ। ਪਿਛਲੇ ਸਮੇਂ ਵਿਚ ਨਿੱਜੀਕਰਨ ਅਤੇ ਉਦਾਰੀਕਰਨ ਦੀਆਂ ਨੀਤੀਆਂ ਲਾਗੂ ਹੋਣ ਨਾਲ ਸਿੱਖਿਆ ਦਾ ਖੇਤਰ ਵੀ ਨਿੱਜੀਕਰਨ ਦੀ ਭੇਟ ਚੜ੍ਹ ਗਿਆ। ਇਸ ਦਾ ਸਿੱਟਾ ਇਹ ਨਿਕਲਿਆ ਹੈ ਕਿ ਵੱਡੀਆਂ ਪ੍ਰਾਈਵੇਟ ਕੰਪਨੀਆਂ ਸਿੱਖਿਆ ਦੇ ਖੇਤਰ ਵਿਚ ਵੀ ਦਖਲ ਦੇਣ ਲੱਗੀਆਂ ਹਨ। ਅਜਿਹੇ ਸਕੂਲ ਦੇਸ਼ ਵਿਚ ਵਿਆਪਕ ਪੱਧਰ 'ਤੇ ਹੋਂਦ ਵਿਚ ਆ ਚੁੱਕੇ ਹਨ, ਜਿਹੜੇ ਸਿਰਫ ਅਮੀਰ ਸ੍ਰੇਣੀ ਦੇ ਬੱਚਿਆਂ ਨੂੰ ਵਿੱਦਿਆ ਮੁਹੱਈਆ ਕਰਵਾ ਰਹੇ ਹਨ। ਇਨ੍ਹਾਂ ਸਕੂਲਾਂ ਦੀ ਸਿੱਖਿਆ ਇੰਨੀ ਮਹਿੰਗੀ ਹੈ ਕਿ ਸਾਧਾਰਨ ਅਤੇ ਗਰੀਬ ਪਰਿਵਾਰਾਂ ਦੇ ਬੱਚੇ ਇਨ੍ਹਾਂ ਤਕ ਪਹੁੰਚ ਹੀ ਨਹੀਂ ਸਕਦੇ। ਦੂਜੇ ਪਾਸੇ ਪੇਂਡੂ ਸਰਕਾਰੀ ਸਕੂਲ ਸਿਰਫ ਦਲਿਤ ਬੱਚਿਆਂ ਤਕ ਸੀਮਤ ਹੋ ਕੇ ਰਹਿ ਗਏ ਹਨ। ਇੰਜ ਸਮੁੱਚੇ ਰੂਪ 'ਚ ਵਿੱਦਿਆ ਦਾ ਖੇਤਰ ਵੀ ਸਮਾਜਿਕ, ਆਰਥਿਕ ਖੇਤਰ ਵਾਂਗ ਦੋ ਧੜਿਆਂ 'ਚ ਵੰਡਿਆ ਜਾ ਚੁੱਕਿਆ ਹੈ। ਕੁਝ ਲੋਕ ਇਸ ਨੂੰ ਦੋ ਭਾਰਤ ਆਖਦੇ ਹਨ।

ਅਜਿਹੀ ਸਥਿਤੀ ਵਿਚ ਇਕ ਪਾਸੇ ਤਾਂ ਨਵੇਂ ਕਾਨੂੰਨ ਨੂੰ ਲਾਗੂ ਕਰਨ ਲਈ ਵੱਡੀ ਪੱਧਰ 'ਤੇ ਪੈਸੇ ਅਤੇ ਫੰਡਾਂ ਦੀ ਜ਼ਰੂਰਤ ਪਵੇਗੀ ਅਤੇ ਇਨ੍ਹਾਂ ਫੰਡਾਂ ਦੀ ਵਰਤੋਂ ਨੂੰ ਭ੍ਰਿਸ਼ਟਾਚਾਰ ਰਹਿਤ ਰੂਪ ਵਿਚ ਅਸਲ ਥਾਵਾਂ ਤੱਕ ਪੁੱਜਦਾ ਕਰਨ ਦੀ ਜ਼ਿੰਮੇਵਾਰੀ ਵੀ ਖੜ੍ਹੀ ਹੋਵੇਗੀ। ਦੂਜੇ ਪਾਸੇ ਅਜਿਹੇ ਫੰਡਾਂ ਦੀ ਵਰਤੋਂ ਦੇ ਮਾਮਲੇ ਵਿਚ ਸਿਆਸਤ ਅਤੇ ਅਫ਼ਸਰਸ਼ਾਹੀ ਦੀ ਵਧਵੀਂ ਦਖ਼ਲਅੰਦਾਜ਼ੀ ਨੂੰ ਵੀ ਰੋਕਣਾ ਪਵੇਗਾ। ਇਹ ਵੀ ਇਕ ਜਾਣਿਆ-ਪਹਿਚਾਣਿਆ ਸੱਚ ਹੈ ਕਿ ਅਧਿਆਪਕਾਂ ਦੀਆਂ ਬਦਲੀਆਂ ਉਨ੍ਹਾਂ ਦੀ ਸਕੂਲ ਵਿਚ ਹਾਜ਼ਰੀ ਯਕੀਨੀ ਬਣਾਉਣ ਦੇ ਮਾਮਲੇ ਵਿਚ ਵੀ ਸਿਆਸਤ ਬਹੁਤ ਜ਼ਿਆਦਾ ਦਖਲ ਦਿੰਦੀ ਹੈ। ਇਸ ਨੂੰ ਹਰ ਹਾਲਤ ਵਿਚ ਰੋਕਣਾ ਪਵੇਗਾ। ਪੰਜਾਬ ਵਿਚ ਹੀ ਅਜਿਹੇ ਸਕੂਲ ਹਨ। ਅਜਿਹਾ ਦਿਆਨਤਦਾਰ ਸੱਭਿਆਚਾਰ ਇਸ ਦੇਸ਼ ਵਿਚ ਹਾਲੇ ਕਿਧਰੇ ਨਹੀਂ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### *ਦੁਨੀਆਂ ਮੁਕਾਮੇ ਫਾਨੀ!*

ਬਣ ਕੇ ਦੇਵਤੇ ਗੱਲਾਂ ਦਾ ਵਣਜ ਕਰੀਏ, ਅਸਲ ਅੰਦਰੋਂ ਪੂਰੇ ਸ਼ੈਤਾਨ ਫਿਰੀਏ।
ਦਿਲੋਂ-ਮਨੋਂ ਵਿਸਾਰਿਆ ਰਿਜ਼ਕ ਦਾਤਾ, ਪੇਟ ਵਾਸਤੇ ਹੋਏ ਪ੍ਰੇਸ਼ਾਨ ਫਿਰੀਏ।
ਇਕ ਬੁਲਬੁਲੇ ਜਿਹੀ ਔਕਾਤ ਓਦਾਂ, ਆਪਣੇ ਆਪ ਵਿਚ ਬਣੇ ਮਹਾਨ ਫਿਰੀਏ।
ਅੰਤ ਖਾਕ ਦੇ ਵਿਚ ਹੀ ਖਾਕ ਹੋਣਾ, ਕਰਦੇ ਅਤਰ-ਫੁਲੇਲੀਂ ਇਸ਼ਨਾਨ ਫਿਰੀਏ।
ਰੁਖਸਤ ਹੋਣਾ ਭੁਲਾਇ ਕੇ ਜੱਗ ਉਤੋਂ, ਚਕਾਚੌਂਧ ਦੇ ਵਿਚ ਗਲਤਾਨ ਫਿਰੀਏ।
ਅਗਲੇ ਪਲ ਦੀ ਕਿਸੇ ਨੂੰ ਖਬਰ ਨਾਹੀਂ, ਸੌ ਸਾਲ ਲਈ ਬੰਨ੍ਹੀਂ ਸਾਮਾਨ ਫਿਰੀਏ!

# ਸਿਆਸੀ ਬਦਲਾਖੋਰੀ ਜਾਂ ਸੱਚਮੁੱਚ ਅਪਰਾਧਿਕ ਮਾਮਲੇ

**ਬੀਰ ਦਵਿੰਦਰ ਸਿੰਘ**

ਭਾਰਤ ਦੇ ਲੋਕ ਰਾਜ ਦੀ ਸੰਸਦੀ ਪ੍ਰਣਾਲੀ ਦਾ ਸੰਵਿਧਾਨ ਤਿਆਰ ਕਰਨ ਵਾਲੇ ਸੰਵਿਧਾਨ ਦੇ ਨਿਰਮਾਤਾਵਾਂ ਨੇ ਦੇਸ਼ ਦੇ ਸ਼ਾਸਨ ਦੀ ਪ੍ਰਬੰਧ ਪ੍ਰਣਾਲੀ ਨੂੰ ਤਿੰਨ ਭਾਗਾਂ: ਵਿਧਾਨਪਾਲਿਕਾ, ਕਾਰਜਪਾਲਿਕਾ ਅਤੇ ਨਿਆਂਪਾਲਿਕਾ ਵਿਚ ਵੰਡਿਆ ਹੈ। ਇਨ੍ਹਾਂ ਤਿੰਨਾਂ ਦੇ ਹੀ ਵੱਖੋ-ਵੱਖਰੇ ਕਾਰਜ ਖੇਤਰਾਂ ਅਤੇ ਅਧਿਕਾਰ ਖੇਤਰਾਂ ਦਾ ਉਲੇਖ ਵੀ ਸੰਵਿਧਾਨ ਵਿਚ ਸਾਫ ਸਾਫ ਕੀਤਾ ਗਿਆ ਹੈ। ਇਨ੍ਹਾਂ ਦੀਆਂ ਹੱਦਾਂ-ਬੰਨੇ ਅਤੇ ਸੀਮਾਵਾਂ ਦੀ ਉਤਰਦਾਇਕਤਾ ਵੀ ਨਿਰਧਾਰਤ ਹੈ। ਨਿਆਂਪਾਲਿਕਾ ਨੂੰ ਸੁਤੰਤਰ ਰੱਖਿਆ ਗਿਆ ਹੈ ਤਾਂ ਕਿ ਦੇਸ਼ ਦੀ ਨਿਆਂ-ਪ੍ਰਣਾਲੀ ਬਿਨਾ ਕਿਸੇ ਦਬਾਅ ਜਾਂ ਪ੍ਰਭਾਵ ਦੇ ਸੁਤੰਤਰ ਰੂਪ ਵਿਚ ਦੇਸ਼ ਦੇ ਨਿਆਂ-ਪ੍ਰਬੰਧ ਦਾ ਸੰਚਾਲਣ ਕਰ ਸਕੇ ਅਤੇ ਹਰ ਨਾਗਰਿਕ ਨੂੰ ਬਿਨਾ ਕਿਸੇ ਭੇਦ-ਭਾਵ, ਰੰਗ-ਰੇਖ-ਭੇਖ, ਜਾਤ-ਪਾਤ, ਖਿੱਤਾ ਜਾਂ ਰੁਤਬੇ ਦੇ ਪ੍ਰਭਾਵ ਜਾਂ ਦਬਾਅ ਤੋਂ ਮੁਕਤ ਰਹਿ ਕੇ ਨਿਆਂ ਮੁਹੱਈਆ ਕਰਵਾ ਸਕੇ।

ਕਾਰਜਪਾਲਿਕਾ ਦੀ ਉਤਰਦਾਇਕਤਾ ਵਿਧਾਨਪਾਲਿਕਾ ਨੇ ਤੈਅ ਕੀਤੀ ਹੈ ਅਤੇ ਵਿਧਾਨਪਾਲਿਕਾ ਲੋਕਾਂ ਪ੍ਰਤੀ ਜੁਆਬਦੇਹ ਹੈ ਅਤੇ ਇਸੇ ਕਾਰਨ ਇਸ ਦਾ ਗਠਨ ਲੋਕਾਂ ਦੁਆਰਾ ਵੋਟਾਂ ਰਾਹੀਂ ਕੀਤਾ ਜਾਂਦਾ ਹੈ। ਵਿਧਾਨਪਾਲਿਕਾ ਦਾ ਕੰਮ ਹੈ ਦੇਸ਼ ਦੇ ਸੁਚਾਰੂ ਨਿਆਂ-ਪ੍ਰਬੰਧ ਅਤੇ ਰਾਜ ਪ੍ਰਬੰਧ ਲਈ ਕਾਨੂੰਨ ਬਣਾਉਣੇ। ਕਾਰਜਪਾਲਿਕਾ ਦਾ ਕੰਮ ਹੈ ਵਿਧਾਨਪਾਲਿਕਾ ਵਲੋਂ ਬਣਾਏ ਕਾਨੂੰਨਾਂ ਅਨੁਸਾਰ ਦੇਸ਼ ਦੇ ਰਾਜ ਪ੍ਰਬੰਧ ਨੂੰ ਲੋਕ-ਹਿੱਤਾਂ ਵਿਚ ਸੁਚਾਰੂ ਢੰਗ ਨਾਲ ਚਲਾਉਣਾ ਅਤੇ ਨਿਆਂਪਾਲਿਕਾ ਦਾ ਕੰਮ ਹੈ ਵਿਧਾਨਪਾਲਿਕਾ ਵਲੋਂ ਬਣਾਏ ਕਾਨੂੰਨਾਂ ਦੀ ਸੰਵਿਧਾਨ ਦੀ ਰੋਸ਼ਨੀ ਵਿਚ ਤਸ਼ਰੀਹ ਕਰਨਾ ਅਤੇ ਕਾਨੂੰਨ ਦੀ ਉਲੰਘਣਾ ਕਰਨ ਵਾਲਿਆਂ ਨੂੰ ਕਾਨੂੰਨ ਅਨੁਸਾਰ ਬਣਦੀਆਂ ਸਜ਼ਾਵਾਂ ਦੇਣੀਆਂ। ਕਿਸੇ ਵੀ ਮਾਮਲੇ ਨੂੰ ਜੋ ਇਸਦੇ ਸਪੁਰਦ ਕੀਤਾ ਜਾਵੇ ਜਾਂ ਇਹ ਆਪ ਆਪਣੇ ਹੱਥਾਂ ਵਿਚ ਲੈ ਲਵੇ, ਉਸ ਦਾ ਕਾਨੂੰਨ ਜਾਂ ਸੰਵਿਧਾਨ ਦੀ ਕਸਵੱਟੀ ਅਨੁਸਾਰ ਨਿਬੇੜਾ ਕਰਨਾ ਸ਼ਾਮਲ ਹੈ ਅਤੇ ਦੇਸ਼ ਵਿਚ ਵਾਪਰਨ ਵਾਲੇ ਸਮੂਹ ਅਪਰਾਧਿਕ ਮਾਮਲਿਆਂ ਦਾ ਨਿਪਟਾਰਾ ਕਰਨਾ ਵੀ ਨਿਆਂ ਪਾਲਿਕਾ ਦੇ ਅਧਿਕਾਰ ਖੇਤਰ ਵਿਚ ਹੀ ਆਉਂਦਾ ਹੈ। ਇਸ ਲਈ ਇਨ੍ਹਾਂ ਤਿੰਨਾਂ ਦੇ ਹੀ ਖੇਤਰਾਂ ਵਿਚ ਕਿਸੇ ਇਕ ਦੂਸਰੇ ਦੀ ਦਖਲਅੰਦਾਜ਼ੀ ਜਾਂ ਹੱਦਾਂ-ਬੰਨੇ ਟੱਪ ਜਾਣ ਦੀ ਕੋਈ ਵੀ ਗੁੰਜਾਇਸ਼ ਨਹੀਂ ਰੱਖੀ ਗਈ।

ਅੱਜ-ਕੱਲ੍ਹ ਅਖਬਾਰਾਂ ਵਿਚ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਸ੍ਰੀ ਸਤਪਾਲ ਗੁਸਾਈਂ ਵਲੋਂ ਮਾਣਯੋਗ ਸਪੀਕਰ ਸ੍ਰੀ ਨਿਰਮਲ ਸਿੰਘ ਕਾਹਲੋਂ ਨੂੰ ਲਿਖੇ ਪੱਤਰ ਦਾ ਜ਼ਿਕਰ ਜ਼ੋਰਾਂ-ਸ਼ੋਰਾਂ 'ਤੇ ਹੈ। ਇਹ ਪੱਤਰ ਸਪੀਕਰ ਸਾਹਿਬ ਨੇ ਸਦਨ ਦੇ ਇਕ ਹੋਰ ਮੈਂਬਰ ਸ੍ਰੀ ਮੱਖਣ ਸਿੰਘ ਦੇ ਕਹਿਣ 'ਤੇ ਸਦਨ ਵਿਚ ਪੜ੍ਹ ਕੇ ਵੀ ਸੁਣਾਇਆ ਹੈ। ਇਸ ਚਰਚਿਤ ਪੱਤਰ ਦਾ ਵਿਸ਼ਾ-ਵਸਤੂ ਪੰਜਾਬ ਵਿਚ ਸਿਆਸੀ ਬਦਲਾਖੋਰੀ ਦੇ ਮਾਹੌਲ ਨੂੰ ਖ਼ਤਮ ਕਰਨ ਲਈ ਪੰਜਾਬ ਵਿਧਾਨ ਸਭਾ ਵਲੋਂ ਸਾਂਝੇ ਤੌਰ 'ਤੇ ਕੋਈ ਸਾਰਥਿਕ ਪਹਿਲਕਦਮੀ ਕਰਨਾ ਹੈ ਅਤੇ ਇਸ ਪਰਿਪੇਖ ਵਿਚ ਮਤਾ ਪਾਸ ਕਰਕੇ ਸਰਕਾਰ ਨੂੰ ਸਿਫਾਰਸ਼ ਕਰਨਾ ਹੈ ਤਾਂ ਕਿ ਪੰਜਾਬ ਰਾਜ ਦੀਆਂ ਅਦਾਲਤਾਂ ਵਿਚ ਸਿਆਸੀ ਨੇਤਾਵਾਂ ਵਿਰੁਧ ਚੱਲ ਰਹੇ ਸਮੂਹ ਅਪਰਾਧਿਕ ਮਾਮਲੇ, ਭਾਵੇਂ ਉਹ ਫੌਜਦਾਰੀ ਹੋਣ ਜਾਂ ਭ੍ਰਿਸ਼ਟਾਚਾਰ ਰੋਕੂ ਕਾਨੂੰਨਾਂ ਅਧੀਨ ਚਲ ਰਹੇ ਹੋਣ, ਸਭਨਾਂ ਨੂੰ ਵਾਪਸ ਲੈਣ ਲਈ ਜ਼ੋਰ ਪਾਉਣਾ ਵੀ ਸ਼ਾਮਲ ਹੈ।

ਵਰਨਣਯੋਗ ਹੈ ਕਿ ਪੰਜਾਬ ਦੇ ਦੋ ਮੁੱਖ ਸਿਆਸੀ ਘਰਾਣੇ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਦੀਆਂ ਅਲੱਗ-ਅਲੱਗ ਧਾਰਾਵਾਂ ਤਹਿਤ ਅਦਾਲਤਾਂ ਵਿਚ ਮੁਕੱਦਮੇ ਭੁਗਤ ਰਹੇ ਹਨ। ਇਨ੍ਹਾਂ ਵਿਚ ਬਾਦਲ ਪਰਿਵਾਰ ਤਾਂ ਪਿਛਲੇ ਲਗਪਗ ਸੱਤ ਵਰ੍ਹਿਆਂ ਤੋਂ ਮੁਕੱਦਮਾ ਭੁਗਤ ਰਿਹਾ ਹੈ ਅਤੇ ਪਟਿਆਲੇ ਦਾ ਸ਼ਾਹੀ ਪਰਿਵਾਰ ਪਿਛਲੇ ਤਿੰਨ ਵਰ੍ਹਿਆਂ ਤੋਂ। ਇਨ੍ਹਾਂ ਤੋਂ ਇਲਾਵਾ ਕੁਝ ਸਾਬਕਾ ਮੰਤਰੀ (ਅਕਾਲੀ ਅਤੇ ਕਾਂਗਰਸੀ) ਸਮੇਤ ਮਾਣਯੋਗ ਸਪੀਕਰ ਸਾਹਿਬ ਸ੍ਰੀ ਨਿਰਮਲ ਸਿੰਘ ਕਾਹਲੋਂ ਵੀ ਭ੍ਰਿਸ਼ਟਾਚਾਰ ਰੋਕੂ ਕਾਨੂੰਨ ਅਧੀਨ ਅਪਰਾਧਿਕ ਮਾਮਲੇ ਭੁਗਤ ਰਹੇ ਹਨ। ਕੁਝ ਦੀਆਂ ਗ੍ਰਿਫਤਾਰੀਆਂ ਉਪਰੰਤ ਜ਼ਮਾਨਤਾਂ ਹੋ ਚੁੱਕੀਆਂ ਹਨ ਅਤੇ ਕੁਝ ਨੂੰ ਗ੍ਰਿਫ਼ਤਾਰੀਆਂ 'ਤੇ ਰੋਕ ਦਾ ਲਾਹਾ ਅਦਾਲਤਾਂ ਵਲੋਂ ਮਿਲ ਚੁੱਕਿਆ ਹੈ। ਕੁਝ ਦੀ ਤਾਂ ਪੰਜਾਬ ਵਿਜੀਲੈਂਸ ਨੇ ਪੁਲਿਸ ਰਿਮਾਂਡ ਲੈ ਕੇ ਪੁੱਛ-ਗਿੱਛ ਵੀ ਕੀਤੀ ਹੈ ਤੇ ਕੁਝ ਦੇ ਚਲਾਨ ਬਿਨਾ ਰਿਮਾਂਡ ਲਿਆਂ ਹੀ ਪੇਸ਼ ਕਰ ਦਿੱਤੇ ਗਏ ਹਨ। ਲਗਪਗ ਸਾਰੀਆਂ ਹੀ ਧਿਰਾਂ ਆਪਣੇ ਵਿਰੁਧ ਲੱਗੇ ਇਲਜ਼ਾਮਾਂ ਨੂੰ ਸਿਆਸੀ ਬਦਲਾਖੋਰੀ ਤੋਂ ਪ੍ਰੇਰਿਤ ਦੱਸ ਕੇ ਥਾਣਿਆਂ ਵਿਚ ਦਰਜ ਮੁੱਢਲੀਆਂ ਰਿਪੋਰਟਾਂ (ਐਫ.ਆਈ.ਆਰ.) ਨੂੰ ਰੱਦ ਕਰਵਾਉਣ ਦੀ ਗੁਹਾਰ ਹੇਠਲੀ ਅਦਾਲਤ ਤੋਂ ਲੈ ਕੇ ਛੇਕੜਲੀ ਅਦਾਲਤ ਭਾਵ ਸੁਪਰੀਮ ਕੋਰਟ ਤੱਕ ਲਗਾ ਚੁੱਕੀਆਂ ਹਨ। ਦੱਸਣਾ ਉਚਿਤ ਹੋਵੇਗਾ ਕਿ ਸੁਪਰੀਮ ਕੋਰਟ ਨੇ, ਨਾ ਤਾਂ ਕੋਈ ਐਫ. ਆਈ. ਆਰ. ਰੱਦ ਕੀਤੀ ਹੈ ਅਤੇ ਨਾ ਹੀ ਮੁਕੱਦਮਿਆਂ ਦੀ ਕਾਰਵਾਈ 'ਤੇ ਕੋਈ ਰੋਕ ਲਗਾਈ ਹੈ।

ਮੁਕੱਦਮਿਆਂ 'ਤੇ ਕਾਰਵਾਈ ਦਾ ਅਮਲ ਵੱਖੋ-ਵੱਖ ਅਦਾਲਤਾਂ ਵਿਚ ਬੇ-ਰੋਕ ਜਾਰੀ ਹੈ, ਭਾਵੇਂ ਸਬੰਧਤ ਧਿਰਾਂ ਵਲੋਂ ਹਰ ਹੀਲੇ-ਵਸੀਲੇ ਇਨ੍ਹਾਂ ਅਮਲਾਂ ਨੂੰ ਰੋਕਣ ਲਈ ਭਾਰਤ ਦੇ ਸਭ ਤੋਂ ਮਹਿੰਗੇ ਅਤੇ ਸਮਰੱਥ ਵਕੀਲਾਂ ਰਾਹੀਂ ਹਰ ਸੰਭਵ ਕੋਸ਼ਿਸ਼ ਕੀਤੀ ਗਈ ਹੈ, ਪਰ ਇਸਦੇ ਬਾਵਜੂਦ ਉੱਚ ਅਦਾਲਤਾਂ ਨੇ ਨਿਆਂ ਦੀ ਇਸ ਪ੍ਰਕਿਰਿਆ ਵਿਚ ਰੋਕ ਲਾਉਣਾ ਉਚਿਤ ਨਹੀਂ ਸਮਝਿਆ।

ਪੰਜਾਬ ਦੀਆਂ ਦੋਵੇਂ ਹੀ ਮੁੱਖ ਸਿਆਸੀ ਧਿਰਾਂ ਨੇ ਲੋਕਾਂ ਦੀ ਕਚਹਿਰੀ ਵਿਚ ਇਕ ਦੂਸਰੇ ਨੂੰ ਭ੍ਰਿਸ਼ਟਾਚਾਰ ਵਿਚ ਲਿਪਤ ਹੋਣ ਕਾਰਨ, ਅੱਡੀਆਂ ਚੁੱਕ-ਚੁੱਕ ਕੋਸਿਆ ਹੈ। ਦੋਵਾਂ ਨੇ ਹੀ ਆਪਣੇ ਰਾਜ ਭਾਗ ਸਮੇਂ ਵਿਰੋਧੀ ਧਿਰਾਂ ਦੇ ਆਗੂਆਂ 'ਤੇ ਅਪਰਾਧਕ ਮਾਮਲੇ ਦਰਜ ਕੀਤੇ ਹਨ। ਦੋਵਾਂ ਨੇ ਹੀ ਪੰਜਾਬ ਵਿਜੀਲੈਂਸ ਨੂੰ ਮੋਹਰਾ ਬਣਾਇਆ ਹੈ ਅਤੇ ਇਸ ਹਮਾਮ ਵਿਚ ਦੋਵੇਂ ਹੀ ਨੰਗੇ ਹਨ। ਦੋਵੇਂ ਇਹ ਵੀ ਕਹਿੰਦੇ ਹਨ ਕਿ ਸਾਡੇ ਖ਼ਿਲਾਫ ਕੇਸ ਸਿਆਸੀ ਬਦਲਾਖੋਰੀ ਤੋਂ ਪ੍ਰੇਰਿਤ ਹਨ ਅਤੇ ਅਸੀਂ ਸਾਫ-ਪਾਕ ਅਤੇ ਬੇ-ਕਸੂਰ ਹਾਂ। ਕੈਪਟਨ ਅਮਰਿੰਦਰ ਸਿੰਘ ਨੂੰ ਤਾਂ ਇੱਕ ਮਾਮਲੇ ਵਿਚ ਪੰਜਾਬ ਵਿਧਾਨ ਸਭਾ ਦੀ ਬਾਕੀ ਰਹਿੰਦੀ ਮਿਆਦ ਲਈ ਮੈਂਬਰੀ ਤੋਂ ਵੀ ਖਾਰਜ ਕੀਤਾ ਗਿਆ ਹੈ ਤੇ ਇਹ ਸਜ਼ਾ ਖੁਦ ਵਿਧਾਨ ਸਭਾ ਨੇ ਹੀ ਇਕ ਪ੍ਰਸਤਾਵ ਪਾਸ ਕਰਕੇ ਦਿੱਤੀ ਹੈ।

ਇਸ ਤੋਂ ਇਲਾਵਾ ਸਦਨ ਨੇ ਉਨ੍ਹਾਂ ਖ਼ਿਲਾਫ ਕਾਨੂੰਨ ਅਨੁਸਾਰ ਬਣਦੀ ਕਾਰਵਾਈ ਕਰਨ ਦੀ ਵੀ ਪੰਜਾਬ ਵਿਜੀਲੈਂਸ ਬਿਊਰੋ ਨੂੰ ਸਿਫਾਰਸ਼ ਕੀਤੀ ਹੈ ਅਤੇ ਉਸ ਅਨੁਸਾਰ ਵਿਜੀਲੈਂਸ ਵਿਭਾਗ ਨੇ ਕਾਰਵਾਈ ਨੂੰ ਅਮਲ ਵਿਚ ਲਿਆਂਦਾ ਹੈ। ਕੈਪਟਨ ਅਮਰਿੰਦਰ ਸਿੰਘ ਨੇ ਇਸ ਸਾਰੇ ਮਾਮਲੇ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਅਤੇ ਸੁਪਰੀਮ ਕੋਰਟ ਵਿਚ ਚੁਣੌਤੀ ਵੀ ਦਿੱਤੀ ਹੈ ਤੇ ਗੁਹਾਰ ਲਗਾਈ ਹੈ ਕਿ ਇਹ ਸਾਰਾ ਮਾਮਲਾ ਸਿਆਸੀ ਬਦਲਾਖੋਰੀ ਤੋਂ ਪ੍ਰੇਰਿਤ ਹੈ ਤੇ ਇਸ ਕਾਰਨ ਉਨ੍ਹਾਂ ਵਿਰੁਧ ਐਫ.ਆਈ.ਆਰ. ਰੱਦ ਕੀਤੀ ਜਾਵੇ।

ਪਰ ਹਾਲੇ ਤੱਕ ਨਾ ਹੀ ਕਿਸੇ ਅਦਾਲਤ ਨੇ ਐਫ.ਆਈ.ਆਰ. ਰੱਦ ਕੀਤੀ ਹੈ ਤੇ ਨਾ ਹੀ ਉਨ੍ਹਾਂ ਦੀ ਮੈਂਬਰੀ ਬਹਾਲ ਕੀਤੀ ਹੈ। ਉਨ੍ਹਾਂ ਦੀ ਮੈਂਬਰੀ ਦਾ ਮਾਮਲਾ ਵੀ ਸੁਪਰੀਮ ਕੋਰਟ ਦੇ ਸੰਵਿਧਾਨਕ ਬੈਂਚ ਕੋਲ ਸੁਣਵਾਈ ਅਧੀਨ ਹੈ। ਇਹ ਠੀਕ ਹੈ ਕਿ ਜੇ ਪੰਜਾਬ ਵਿਧਾਨ ਸਭਾ ਦੀ ਹਾਕਮ ਧਿਰ ਚਾਹਵੇ ਤਾਂ ਘੱਟੋ-ਘੱਟ ਕੈਪਟਨ ਅਮਰਿੰਦਰ ਸਿੰਘ ਦੀ ਵਿਧਾਨ ਸਭਾ ਤੋਂ ਬਰਖਾਸਤਗੀ ਦਾ ਮਾਮਲਾ ਸਦਨ ਵਿਚ ਮੁੜ ਵਿਚਾਰਿਆ ਜਾ ਸਕਦਾ ਹੈ ਕਿਉਂਕਿ ਇਹ ਸਜ਼ਾ ਸਦਨ ਦੇ ਹੀ ਇੱਕ ਪ੍ਰਸਤਾਵ ਰਾਹੀਂ ਦਿੱਤੀ ਗਈ ਹੈ ਪਰ ਵੇਖਣ ਵਾਲੀ ਗੱਲ ਇਹ ਹੈ ਕਿ ਨਾ ਤਾਂ ਅਮਰਿੰਦਰ ਸਿੰਘ ਨੇ ਹੀ ਇਸ ਪਹਿਲਕਦਮੀ ਵਲ ਕੋਈ ਹੁੰਗਾਰਾ ਭਰਿਆ ਹੈ, ਨਾ ਹੀ ਹਾਕਮ ਧਿਰ ਵਲੋਂ ਕੋਈ ਕਾਬਲੇ ਇਹਤਰਾਮ ਸਿੱਟੇਬੱਧ ਪਹਿਲਕਦਮੀ ਹੀ ਸਾਹਮਣੇ ਆਈ ਹੈ।

ਅਜਿਹੇ 'ਚ ਪੰਜਾਬ ਵਿਧਾਨ ਸਭਾ ਦੇ ਡਿਪਟੀ ਸਪੀਕਰ ਦੀ ਲਿਖੀ ਚਿੱਠੀ ਦੇ ਕੀ ਅਰਥ ਰਹਿ ਜਾਂਦੇ ਹਨ? ਹੁਣ ਵੇਖਣਾ ਇਹ ਹੈ ਪੰਜਾਬ ਵਿਧਾਨ ਸਭਾ ਕੋਲ ਅਜਿਹਾ ਕਿਹੜਾ ਅਧਿਕਾਰ ਹੈ ਕਿ ਜਿਸ ਅਨੁਸਾਰ ਸਦਨ, ਅਦਾਲਤਾਂ ਵਿਚ ਚੱਲ ਰਹੀ, ਨਿਆਂ-ਪ੍ਰਕ੍ਰਿਆ ਵਿਚ ਦਖਲ ਦੇ ਸਕੇ ਜਾਂ ਕਿਸੇ ਵੀ ਮਾਮਲੇ ਨੂੰ ਜੋ ਅਦਾਲਤ ਦੇ ਜ਼ੇਰੇ-ਗੌਰ ਹੋਵੇ ਉਸਨੂੰ ਸਿਆਸੀ ਬਦਲਾਖੋਰੀ ਦਾ ਮਾਮਲਾ ਆਖ ਕੇ ਕੋਈ ਆਦੇਸ਼ ਆਤਮਕ ਹੁਕਮ ਜਾਰੀ ਕਰਕੇ ਅਦਾਲਤੀ ਪ੍ਰਕ੍ਰਿਆ ਵਿਚ ਦਖਲਅੰਦਾਜ਼ੀ ਕਰੇ ਅਤੇ ਨਿਆਂ ਪ੍ਰਣਾਲੀ ਨੂੰ ਸਦਨ ਦੇ ਕਿਸੇ ਪ੍ਰਸਤਾਵ ਰਾਹੀਂ ਅਸਰ-ਅੰਦਾਜ਼ ਕਰੇ। ਪੰਜਾਬ ਵਿਧਾਨ ਸਭਾ ਦੀ ਕਾਰਜ ਵਿਧੀ ਅਤੇ ਕਾਰਜ ਸੰਚਾਲਣ ਨਿਯਮਾਂਵਲੀ ਦੇ ਨਿਯਮ 39 ਦੇ ਉਪ ਨਿਯਮ 8, 10 ਅਤੇ 22 ਸਾਫ-ਸਾਫ਼ ਅਜਿਹਾ ਕਰਨ ਤੋਂ ਵਰਜਦੇ ਹਨ। ਅਜਿਹਾ ਕਰਨਾ ਭਾਰਤੀ ਸੰਵਿਧਾਨ ਦੇ ਮੂਲ ਸਿਧਾਂਤਾਂ ਦੀ ਘੋਰ ਉਲੰਘਣਾ ਹੀ ਨਹੀਂ ਹੋਵੇਗੀ ਸਗੋਂ ਨਿਆਂਪਾਲਿਕਾ ਦੇ ਅਧਿਕਾਰ ਖੇਤਰ ਵਿਚ ਬੇ-ਵਜ੍ਹਾ ਦਖਲਅੰਦਾਜ਼ੀ ਅਤੇ ਨਿਆਂਪਾਲਿਕਾ ਦੀ ਸੁਤੰਤਰਤਾ ਵੀ ਪ੍ਰਭਾਵਿਤ ਹੋਵੇਗੀ। ਅਜਿਹਾ ਕਰਨ ਨਾਲ ਪੰਜਾਬ ਵਿਧਾਨ ਸਭਾ ਦੇ ਗੌਰਵ ਅਤੇ ਗਰਿਮਾ 'ਤੇ ਵੀ ਆਂਚ ਆਵੇਗੀ।

ਪਹਿਲਾਂ ਤੋਂ ਹੀ ਸਿਆਸਤਦਾਨਾਂ ਦਾ ਪ੍ਰਭਾਵ ਲੋਕ-ਮਨਾਂ ਵਿਚ ਬਹੁਤਾ ਕਾਬਿਲੇ-ਕਦਰ ਨਹੀਂ ਹੈ ਤੇ ਇਸ ਕਦਮ ਨਾਲ ਹੋਰ ਵਧੇਰੇ ਸ਼ੰਕੇ ਉਪਜਣ ਲਈ ਰਾਹ ਪੱਧਰਾ ਹੋ ਜਾਵੇਗਾ ਅਤੇ ਇਕ ਬੇਲੋੜਾ ਸੰਵਿਧਾਨਕ ਸੰਕਟ ਵੀ ਖੜ੍ਹਾ ਹੋ ਸਕਦਾ ਹੈ। ਇਸ ਲਈ ਠੀਕ ਅਤੇ ਯੋਗ ਏਹੋ ਹੋਵੇਗਾ ਕਿ ਨਿਆਂ ਦਾ ਕੰਮ ਅਦਾਲਤਾਂ ਦੇ ਜ਼ਿੰਮੇ ਹੀ ਰਹਿਣ ਦਿੱਤਾ ਜਾਵੇ ਅਤੇ ਇਹ ਨਿਪਟਾਰਾ ਵੀ ਹਮੇਸ਼ਾ ਵਾਸਤੇ ਹੋ ਹੀ ਜਾਣਾ ਚਾਹੀਦਾ ਹੈ ਕਿ ਇਹ ਮਾਮਲੇ ਸਿਆਸੀ ਬਦਲਾਖੋਰੀ ਤੋਂ ਪ੍ਰੇਰਿਤ ਸਨ ਜਾਂ ਸੱਚ-ਮੁੱਚ ਹੀ ਅਪਰਾਧਿਕ ਮਾਮਲੇ ਹਨ। ਇਸ ਦਾ ਨਿਰਣਾ ਤਾਂ ਅਦਾਲਤਾਂ ਦੀ ਨਿਆਂ ਦੀ ਬਰੀਕ ਛਾਣਨੀ ਰਾਹੀਂ ਹੀ ਹੋ ਸਕੇਗਾ।

# ਭਾਰਤੀ ਨਾਗਰਿਕ ਅਫ਼ਗਾਨਿਸਤਾਨ 'ਚੋਂ ਪਰਤਣ ਲੱਗੇ

**ਕਾਬੁਲ:** ਭਾਰਤ ਨੇ ਅਫਗਾਨਿਸਤਾਨ ਵਿਚ ਮੈਡੀਕਲ ਸਹਾਇਤਾ ਦੇਣ ਅਤੇ ਪੜ੍ਹਾਉਣ ਦਾ ਪ੍ਰੋਗਰਾਮ ਫਿਲਹਾਲ ਰੋਕ ਦਿੱਤਾ ਹੈ ਕਿਉਂਕਿ ਭਾਰਤੀ ਕਾਰੋਬਾਰੀ ਅਤੇ ਹੋਰ ਲੋਕ ਦੇਸ਼ ਛੱਡ ਕੇ ਭਾਰਤ ਵਲ ਜਾਣ ਲੱਗੇ ਹਨ। ਅਤਿਵਾਦੀਆਂ ਵਲੋਂ ਭਾਰਤੀਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

ਇੱਥੇ ਰਹਿ ਰਹੇ ਭਾਰਤੀ ਲੋਕ ਮੰਨਦੇ ਹਨ ਕਿ ਉਨ੍ਹਾਂ 'ਤੇ ਅਤਿਵਾਦੀ ਹਮਲੇ ਹੋ ਰਹੇ ਹਨ। ਪਿਛਲੇ ਕੁਝ ਕੁ ਹਫਤਿਆਂ ਵਿਚ ਹੋਈਆਂ ਹਿੰਸਕ ਵਾਰਦਾਤਾਂ ਵਿਚ ਕਈ ਭਾਰਤੀਆਂ ਨੂੰ ਜਾਨ ਤੋਂ ਹੱਥ ਧੋਣੇ ਪਏ ਹਨ। ਭਾਰਤੀ ਸੇਵਾ ਸੰਸਥਾ, ਮਹਿਲਾ ਸੰਗਠਨ 'ਸੇਵਾ' ਨੇ ਦੱਸਿਆ ਕਿ ਉਸਨੇ ਆਪਣਾ ਸਾਰਾ ਸਟਾਫ ਅਫਗਾਨਿਸਤਾਨ ਵਿਚੋਂ ਵਾਪਸ ਬੁਲਾ ਲਿਆ ਹੈ। ਸੇਵਾ ਸੰਗਠਨ ਅਫਗਾਨ ਔਰਤਾਂ ਨੂੰ ਆਤਮ ਨਿਰਭਰ ਬਣਾਉਣ ਵਿਚ ਜੁਟਿਆ ਹੋਇਆ ਸੀ।

ਸੰਗਠਨ ਦੀ ਸੰਚਾਲਕ ਪ੍ਰਤਿਭਾ ਪਾਂਡਿਆ ਨੇ ਕਿਹਾ ਕਿ 26 ਫਰਵਰੀ ਦੇ ਹਮਲੇ ਪਿੱਛੋਂ ਹੁਣ ਸੇਵਾ ਨਾਲ ਸਬੰਧਤ ਕੋਈ ਵੀ ਵਿਅਕਤੀ ਅਫਗਾਨਿਸਤਾਨ ਵਿਚ ਨਹੀਂ ਹੈ। ਇਕ ਭਾਰਤੀ ਅਧਿਕਾਰੀ ਅਨੁਸਾਰ 15 ਦਸੰਬਰ ਨੂੰ ਕਾਰ ਬੰਬ ਧਮਾਕੇ 'ਚ ਅੱਠ ਵਿਅਕਤੀ ਮਾਰੇ ਗਏ ਸਨ ਅਤੇ ਇਹ ਹਮਲਾ ਭਾਰਤੀਆਂ 'ਤੇ ਕੀਤਾ ਗਿਆ ਸੀ।

ਸਾਰੇ ਜਾਣਦੇ ਹਨ ਕਿ ਹਮਲੇ 'ਚ ਆਈ.ਟੀ. ਕੰਪਨੀ ਦੇ ਮੈਨੇਜਰ ਨੂੰ ਨਿਸ਼ਾਨਾ ਬਣਾਇਆ ਗਿਆ ਸੀ। ਇਸ ਕੰਪਨੀ ਨੇ ਆਪਣੇ ਅੱਧੇ ਮੁਲਾਜ਼ਮ ਭੇਜ ਦਿੱਤੇ ਹਨ। ਕੰਪਨੀ ਦੇ ਭਾਰਤੀ ਮੈਨੇਜਰ ਨੇ ਕਿਹਾ ਕਿ ਪ੍ਰਬੰਧਕ ਮੁਲਾਜ਼ਮਾਂ ਨੂੰ ਕਿਵੇਂ ਰੋਕ ਸਕਦੇ ਹਨ? ਸੁਰੱਖਿਆ ਦੀ ਗਰੰਟੀ ਨਹੀਂ ਦਿੱਤੀ ਜਾ ਸਕਦੀ। ਅਧਿਕਾਰੀ ਨੇ ਕਿਹਾ ਕਿ ਘਰ ਅਤੇ ਦਫਤਰ ਕਿਲੇ ਦਾ ਰੂਪ ਲੈ ਚੁੱਕੇ ਹਨ, ਸਰਕਾਰ ਨੇ ਹੋਰ ਸੁਰੱਖਿਆ ਦੇਣ ਦਾ ਕੀਤਾ ਐਲਾਨ ਅਜੇ ਅਮਲ ਵਿਚ ਨਹੀਂ ਲਿਆਂਦਾ।

ਪਿਛਲੇ ਦੋ ਸਾਲਾਂ 'ਚ ਕਾਬੁਲ ਵਿਚਲੇ ਭਾਰਤੀ ਸਫਾਰਤਖਾਨੇ 'ਤੇ ਦੋ ਵਾਰ ਵੱਡੇ ਹਮਲੇ ਹੋ ਚੁੱਕੇ ਹਨ, ਜਿਨ੍ਹਾਂ ਵਿਚ ਕਰੀਬ 80 ਜਾਨਾਂ ਜਾ ਚੁੱਕੀਆਂ ਹਨ। ਪਾਕਿਸਤਾਨ ਸਰਕਾਰ ਅਤਿਵਾਦੀਆਂ ਨੂੰ ਕਿਸੇ ਤਰ੍ਹਾਂ ਵੀ ਸਹਾਇਤਾ ਨਾ ਦੇਣ ਦਾ ਐਲਾਨ ਕਰ ਚੁੱਕੀ ਹੈ ਪਰ ਅਸਲੀਅਤ ਇਸ ਤੋਂ ਉਲਟ ਹੈ।


ਕਰੀਬ ਚਾਰ ਹਜ਼ਾਰ ਭਾਰਤੀ ਨਾਗਰਿਕ ਅਫਗਾਨਿਸਤਾਨ ਦੇ ਪੁਨਰ ਨਿਰਮਾਣ ਵਿਚ ਲੱਗੇ ਹੋਏ ਹਨ। ਨਵੀਂ ਪਾਰਲੀਮੈਂਟ ਦੀ ਉਸਾਰੀ ਵੀ ਹੋ ਰਹੀ ਹੈ। ਇਸ ਤੋਂ ਇਲਾਵਾ ਭਾਰਤੀ ਡਾਕਟਰ ਵੀ ਉਥੇ ਮੈਡੀਕਲ ਸਹਾਇਤਾ ਦੇ ਰਹੇ ਹਨ ਪਰ ਹਿੰਸਕ ਕਾਰਵਾਈਆਂ ਨੇ ਸਿਹਤ ਸਹੂਲਤਾਂ ਨੂੰ ਪ੍ਰਭਾਵਿਤ ਕਰ ਦਿੱਤਾ ਹੈ। ਇਸਤੋਂ ਇਲਾਵਾ ਭਾਰਤ ਵਿਚ ਅਫਗਾਨ ਵਿਦਿਆਰਥੀਆਂ ਨੂੰ ਸਿੱਖਿਆ ਵਜ਼ੀਫੇ ਦਿੱਤੇ ਜਾਂਦੇ ਹਨ ਪਰ ਹਿੰਸਕ ਕਾਰਵਾਈਆਂ ਕਾਰਨ ਸਭ ਕੁਝ ਲੀਹੋਂ ਉਤਰ ਰਿਹਾ ਹੈ। ਭਾਰਤੀ ਨਾਗਰਿਕ ਖੁਦ ਨੂੰ ਸੁਰੱਖਿਅਤ ਨਾ ਸਮਝਦੇ ਹੋਏ ਦੇਸ਼ ਵਾਪਸ ਆ ਰਹੇ ਹਨ।

# ਜਨਤਾ ਦੇ ਸਵਾਲਾਂ ਤੋਂ ਡਰਦੇ ਨੇ ਸਾਡੇ ਦੇਸ਼ ਦੇ ਇਹ ਨੇਤਾ

**ਰਾਜਦੀਪ ਸਰਦੇਸਾਈ**

ਮੋਟੇ ਤੌਰ 'ਤੇ ਦੇਖਿਆ ਜਾਵੇ ਤਾਂ ਨਰਿੰਦਰ ਮੋਦੀ ਦੀ ਰਾਜਨੀਤੀ ਮਾਇਆਵਤੀ ਦੀ ਰਾਜਨੀਤੀ ਤੋਂ ਉਨੀ ਹੀ ਅਲੱਗ ਹੈ ਜਿੰਨਾ ਕਿ ਕੋਈ ਗੁਜਰਾਤੀ ਢੋਕਲਾ ਲੱਖਨਵੀ ਸੀਖ ਕਬਾਬ ਤੋਂ ਅਲੱਗ ਹੁੰਦਾ ਹੈ। ਦੋਵੇਂ ਨੇਤਾਵਾਂ 'ਚੋਂ ਇਕ ਹਿੰਦੂਤਵ ਦਾ ਪ੍ਰਤੀਕ ਹੈ ਅਤੇ ਦੂਜਾ ਦਲਿਤਾਂ ਦਾ ਮਸੀਹਾ। ਇਕ ਤੇਜ਼ ਰਫਤਾਰ ਚੱਲਣ ਵਾਲੇ ਰਾਜ ਦਾ ਮੁੱਖ ਮੰਤਰੀ ਹੈ ਤੇ ਦੂਜੀ ਇਕ ਅਜਿਹੇ ਰਾਜ ਦੀ ਮੁੱਖ ਮੰਤਰੀ ਹੈ ਜੋ ਹਾਲੇ ਦੂਜੇ ਰਾਜਾਂ ਨਾਲ ਕਦਮ ਮਿਲਾ ਕੇ ਚੱਲਣ ਦੀ ਕੋਸ਼ਿਸ਼ ਕਰ ਰਿਹਾ ਹੈ। ਇਕ ਨੂੰ ਇਸ ਗੱਲ ਦਾ ਮਾਣ ਹੈ ਕਿ ਉਹ ਇੱਕ ਚੀਫ ਐੱਗਜ਼ੈਕਟਿਵ ਅਫਸਰ ਕਿਸਮ ਦਾ ਰਾਜਨੀਤਕ ਆਗੂ ਹੈ ਅਤੇ ਦੂਜੇ ਨੂੰ ਆਪਣੇ ਠੋਸ ਵੋਟ ਬੈਂਕ ਉੱਪਰ ਮਾਣ ਹੈ, ਜੋ ਉਸਦੀ ਇੱਛਾ ਨਾਲ ਹੀ ਵੋਟ ਪਾਉਂਦਾ ਹੈ। ਇਕ ਘੱਟ ਗਿਣਤੀਆਂ ਦੀ ਨਜ਼ਰ ਵਿਚ ਆਪਣੀ ਦਿੱਖ ਸੁਧਾਰਨ ਦੀ ਕੋਸ਼ਿਸ਼ ਕਰ ਰਿਹਾ ਹੈ ਤੇ ਦੂਜੀ ਜਾਤੀ ਉਥਾਨ ਦੇ ਪ੍ਰਤੀਕ ਦੀ ਆਪਣੀ ਦਿੱਖ ਬਰਕਰਾਰ ਰੱਖਣ ਲਈ ਯਤਨਸ਼ੀਲ ਹੈ। ਪਰ ਮੋਦੀ ਅਤੇ ਮਾਇਆਵਤੀ ਵਿਚਕਾਰ ਇਕ ਸਮਾਨਤਾ ਜ਼ਰੂਰ ਹੈ, ਦੋਵੇਂ ਹੀ ਅਜਿਹੇ ਸੱਤਾਵਾਦੀ ਨੇਤਾ ਹਨ ਜਿਨ੍ਹਾਂ ਦੀ ਪਹਿਚਾਣ ਪੀੜਿਤ ਹੋਣ ਜਾਂ ਨਿਸ਼ਾਨਾ ਬਣਾਏ ਜਾਣ ਦੀ ਰਾਜਨੀਤੀ ਤੋਂ ਤੈਅ ਹੁੰਦੀ ਹੈ। ਪੀੜਿਤ ਰਾਜਨੇਤਾ ਦੀ ਇਹ ਦਿੱਖ ਉਨ੍ਹਾਂ ਨੂੰ ਮੀਡੀਏ ਨੇ ਦਿੱਤੀ ਹੈ ਖਾਸ ਤੌਰ 'ਤੇ ਅੰਗਰੇਜ਼ੀ ਭਾਰਤੀ ਮੀਡੀਆ, ਜਿਸ ਨੇ ਸਪੱਸ਼ਟ ਦੁਸ਼ਮਣਾਨਾ ਢੰਗ ਨਾਲ ਇਹ ਭੂਮਿਕਾ ਨਿਭਾਈ ਹੈ। ਮਾਇਆਵਤੀ ਲਈ ਮੀਡੀਆ ਮਨੂਵਾਦੀ ਹੈ। ਇਕ ਉੱਚ ਵਰਗ ਜਾਂ ਉੱਚ ਵਰਗ ਦੇ ਦਬਦਬੇ ਵਾਲਾ ਜਾਤੀ ਸਮੂਹ, ਜੋ ਕਿਸੇ ਦਲਿਤ ਮਹਿਲਾ ਦੇ ਸੱਤਾ ਵਿਚ ਹੋਣ ਨੂੰ ਪਚਾ ਨਹੀਂ ਸਕਦਾ। ਜਦਕਿ ਮੋਦੀ ਲਈ ਮੀਡੀਆ ਉਨ੍ਹਾਂ ਧਰਮ ਨਿਰਪੱਖ ਰੂੜੀਵਾਦੀਆਂ ਦਾ ਸਮੂਹ ਹੈ ਜੋ ਗੁਜਰਾਤ ਵਿਰੋਧੀ ਹਨ, ਹਿੰਦੂਤਵ ਵਿਰੋਧੀ ਹਨ ਅਤੇ ਇਸੇ ਕਰਕੇ ਰਾਸ਼ਟਰ ਵਿਰੋਧੀ ਹਨ।

ਦੋ ਹਫਤੇ ਪਹਿਲਾਂ ਜਦ ਮਾਇਆਵਤੀ ਨੋਟਾਂ ਦੀ ਮਾਲਾ ਵਾਲੇ ਵਿਵਾਦ ਵਿਚ ਫਸੀ ਹੋਈ ਸੀ, ਤਦ ਆਪਣੇ ਆਲੋਚਕਾਂ ਲਈ ਉਸਦੀ ਤੁਰੰਤ ਪ੍ਰਤੀਕ੍ਰਿਆ ਇਹੀ ਸੀ ਕਿ ਦਲਿਤ ਦੀ ਬੇਟੀ ਹੋਣ ਦੇ ਕਾਰਨ ਉੱਚ ਵਰਗ ਤੇ ਸਾਜ਼ਿਸ਼ਕਾਰਾਂ ਦੁਆਰਾ ਉਸ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ। ਜਦ ਗੁਜਰਾਤ ਦੰਗਿਆਂ ਦੇ ਸੰਬੰਧ ਵਿਚ ਵਿਸ਼ੇਸ਼ ਜਾਂਚ ਦਲ ਦੇ ਸਨਮੁੱਖ ਪੇਸ਼ ਹੋਣ ਦੀ ਤਰੀਕ ਵਿਚ ਭੁੱਲ ਹੋ ਗਈ ਤਾਂ ਗੁਜਰਾਤੀ ਮੁੱਖ ਮੰਤਰੀ ਨੇ ਆਪਣੇ ਵਿਰੋਧੀਆਂ ਉੱਤੇ ਇਹ ਦੋਸ਼ ਲਾਉਣ ਵਿਚ ਦੇਰ ਨਹੀਂ ਲਾਈ ਕਿ ਉਹ ਕਥਿਤ ਰੂਪ ਵਿਚ ਉਸ ਨੂੰ ਗੁਜਰਾਤ ਦੇ ਲੋਕਾਂ ਵਿਚ ਬਦਨਾਮ ਕਰਨ ਦੀ ਮੁਹਿੰਮ ਵਿਚ ਜੁਟੇ ਹੋਏ ਹਨ। ਦੋਵਾਂ ਹੀ ਮਾਮਲਿਆਂ ਵਿਚ ਮੁੱਖ ਮੰਤਰੀ ਨੂੰ ਇਸ ਤਰ੍ਹਾਂ ਪੇਸ਼ ਕੀਤਾ ਗਿਆ ਜਿਵੇਂ ਉਨ੍ਹਾਂ ਨੂੰ ਨਿਸ਼ਾਨਾ ਬਣਾਇਆ ਗਿਆ ਹੋਵੇ। ਜਦਕਿ ਇਸ ਤਰ੍ਹਾਂ ਕਰਨ ਵਾਲੇ ਉਸਦੇ ਵਿਰੋਧੀ ਪੱਖ ਦੇ ਰਾਜਨੇਤਾ ਉਨੇ ਨਹੀਂ ਸਨ ਜਿੰਨਾ ਕਿ ਨਵੇਂ ਦੌਰ ਦੇ ਰਾਜਨੇਤਾਵਾਂ ਦਾ ਵਿਰੋਧੀ ਮੀਡੀਆ ਸੀ।





ਚਲੋ ਥੋੜ੍ਹਾ ਇਮਾਨਦਾਰੀ ਨਾਲ ਵਿਸ਼ਲੇਸ਼ਣ ਕਰਦੇ ਹਾਂ। ਮਾਇਆਵਤੀ ਅਤੇ ਮੋਦੀ ਦੀ ਇਹੋ ਜਿਹੀਆਂ ਸ਼ਖਸੀਅਤਾਂ ਹਨ ਜਿਨ੍ਹਾਂ ਨੂੰ ਤਿੱਖੀ ਪ੍ਰਤੀਕ੍ਰਿਆ ਪ੍ਰਾਪਤ ਹੁੰਦੀ ਹੈ। ਇਕ ਅਰਥ ਵਿਚ ਮੀਡੀਆ ਖੁਦ ਨੂੰ ਭੇਦਭਾਵ ਦੇ ਇਸ ਪਰਿਪੇਖ ਤੋਂ ਅਲੱਗ ਰੱਖ ਸਕਣ ਵਿਚ ਅਸਮਰਥ ਸਿੱਧ ਹੁੰਦਾ ਹੈ। ਇਸ ਨਾਲ ਇਨ੍ਹਾਂ ਨੇਤਾਵਾਂ ਬਾਰੇ ਨਿਰਪੱਖ ਸੰਵਾਦ ਲਗਭਗ ਮੁਸ਼ਕਲ ਹੋ ਜਾਂਦਾ ਹੈ। ਉਦਾਹਰਣ ਲਈ ਮਾਇਆਵਤੀ ਦੀ ਤਥਾਕਥਿਤ ਜਾਇਦਾਦ ਦੀ ਹਰ ਆਲੋਚਨਾ ਨੂੰ ਜਾਤ ਦੇ ਚਸ਼ਮੇ ਨਾਲ ਹੀ ਕਿਉਂ ਦੇਖਿਆ ਜਾਵੇ ਜਾਂ ਗੁਜਰਾਤ ਦੰਗਿਆਂ ਦੇ ਸੰਬੰਧ ਵਿਚ ਹੋਣ ਵਾਲੀ ਕਿਸੇ ਵੀ ਗੱਲਬਾਤ ਨੂੰ ਮੋਦੀ ਖ਼ਿਲਾਫ ਹੀ ਕਿਉਂ ਮੰਨਿਆ ਜਾਵੇ? ਇਸਦੇ ਉਲਟ ਕੀ ਅਸੀਂ ਗੁਜਰਾਤ ਦੀ ਜ਼ਿਕਰਯੋਗ ਆਰਥਿਕ ਤਰੱਕੀ ਦੀ ਵਡਿਆਈ ਉਥੋਂ ਦੇ ਮੁੱਖ ਮੰਤਰੀ ਦੇ ਸਮਰਥਕ ਹੋਣ ਦੇ ਦੋਸ਼ ਤੋਂ ਬਿਨਾ ਨਹੀਂ ਕਰ ਸਕਦੇ? ਦੁਰਭਾਗ ਦੀ ਗੱਲ ਇਹ ਹੈ ਕਿ ਮੀਡੀਆ ਵਿਚ ਇਨ੍ਹਾਂ ਨੇਤਾਵਾਂ ਉਪਰ ਹੋਣ ਵਾਲੀਆਂ ਬਹਿਸਾਂ ਪੈਦਾ ਹੋ ਰਹੀ ਅਸਹਿਣਸ਼ੀਲਤਾ ਤੋਂ ਨਿਰਧਾਰਤ ਹੁੰਦੀਆਂ ਹਨ, ਜਿਸ ਨਾਲ ਕਈ ਗੰਭੀਰ ਪੇਸ਼ੇਵਰ ਚੁਣੌਤੀਆਂ ਸਾਹਮਣੇ ਆਈਆਂ ਹਨ। ਖਾਸ ਤੌਰ 'ਤੇ ਮਾਇਆਵਤੀ ਵਿਰੋਧੀ ਜਾਂ ਮੋਦੀ ਵਿਰੋਧੀ ਦੇ ਰੂਪ ਵਿਚ ਮੀਡੀਆ ਨੂੰ ਸੀਮਤ ਕਰ ਦਿੱਤੇ ਜਾਣ ਦਾ ਤਜਰਬਾ ਮੀਡੀਆ ਦੇ ਪੈਰੋਕਾਰਾਂ ਦੁਆਰਾ ਉਸ ਨੂੰ ਰੱਖਿਆਤਮਕ ਮੋਰਚੇ ਉਪਰ ਧੱਕ ਕੇ ਸਫਲ ਪ੍ਰਚਾਰਾਤਮਕ ਹਥਿਆਰ ਦੀ ਤਰ੍ਹਾਂ ਕੀਤਾ ਗਿਆ ਹੈ। ਮਾਇਆਵਤੀ ਨੇ ਤਾਂ ਮੀਡੀਆ ਦੇ ਨਾਲ ਇਕ ਸਨਮਾਨਜਨਕ ਰਿਸ਼ਤਾ ਰੱਖਣ ਤੋਂ ਤਕਰੀਬਨ ਇਨਕਾਰ ਹੀ ਕਰ ਦਿੱਤਾ ਹੈ। ਉਤਰ ਪ੍ਰਦੇਸ਼ ਦੀ ਮੁੱਖ ਮੰਤਰੀ ਪੱਤਰਕਾਰਾਂ ਨਾਲ ਘੱਟ ਹੀ ਗੱਲਬਾਤ ਕਰਨਾ ਪਸੰਦ ਕਰਦੀ ਹੈ ਅਤੇ ਜਦੋਂ ਉਹ ਕਰਦੀ ਹੈ ਤਾਂ ਪੂਰੀ ਗੱਲਬਾਤ ਇਕ ਲੰਬੀ ਚੁੱਪ ਤੱਕ ਸੀਮਤ ਹੋ ਕੇ ਰਹਿ ਜਾਂਦੀ ਹੈ। ਮੀਡੀਆ ਪ੍ਰਤੀ ਮਾਇਆ ਦਾ ਇਹ ਤ੍ਰਿਸਕਾਰ ਪੂਰਣ ਰਵੱਈਆ ਦਲਿਤ ਵੋਟਰਾਂ ਦੇ ਮਨ ਵਿਚ ਉਸਦੀ 'ਲਾਰਜਰ ਦੈਨ ਲਾਈਫ' ਦਿੱਖ ਨੂੰ ਹੋਰ ਪੁਖਤਾ ਕਰਦਾ ਹੈ। ਮੋਦੀ ਦੇ ਮਾਮਲੇ ਵਿਚ ਮੀਡੀਆ ਸਾਫ ਤੌਰ 'ਤੇ 'ਅਸੀਂ ਅਤੇ ਉਹ' ਵਿਚ ਵੰਡਿਆ ਹੈ। ਗੱਲਬਾਤ ਸਿਰਫ ਉਨ੍ਹਾਂ ਪੱਤਰਕਾਰਾਂ ਨਾਲ ਹੀ ਸੰਭਵ ਹੋ ਸਕੇਗੀ ਜੋ ਮੁੱਖ ਮੰਤਰੀ ਨਾਲ ਸਹਿਮਤ ਹਨ। ਬਾਕੀਆਂ ਦਾ ਬਾਈਕਾਟ ਕਰ ਦਿੱਤਾ ਜਾਵੇਗਾ। (ਯਾਦ ਕਰੋ ਕੁਝ ਸਾਲ ਪਹਿਲਾਂ ਕਰਨ ਥਾਪਰ ਨੂੰ ਇੰਟਰਵਿਊ ਦਿੰਦੇ ਸਮੇਂ ਮੋਦੀ ਦਾ ਵਾਕਆਊਟ ਕਰ ਜਾਣਾ)। ਇਹ ਇਕ ਇਹੋ ਜਿਹਾ ਰਵੱਈਆ ਹੈ ਜੋ ਮੁੱਖ ਮੰਤਰੀ ਦੇ ਸਮਰਥਕਾਂ ਦੁਆਰਾ ਜ਼ਮੀਨੀ ਸਤਰ ਦੇ ਨਾਲ ਹੀ ਸਾਈਬਰ ਸਪੇਸ ਵਿਚ ਵੀ ਵਰਤਿਆ ਜਾਂਦਾ ਹੈ। ਤੁਸੀਂ ਕਿਸੇ ਵੀ ਸੋਸ਼ਲ ਨੈਟਵਰਕਿੰਗ ਸਾਈਡ ਉਤੇ ਲਾਗ ਆਨ ਕਰੋ। ਗੁਜਰਾਤ ਦੇ ਮੁੱਖ ਮੰਤਰੀ ਤੋਂ ਕਰੜਾ ਸਵਾਲ ਪੁੱਛਣ ਦੀ ਜੁਰਅਤ ਕਰਨ ਵਾਲੇ ਕਿਸੇ ਵੀ ਪੱਤਰਕਾਰ 'ਤੇ ਇਕ ਦਮ ਗਾਲਾਂ ਦੀ ਜ਼ੋਰਦਾਰ ਬੁਛਾੜ ਹੋ ਜਾਵੇਗੀ। ਪਰ ਮੋਦੀ ਅਤੇ ਮਾਇਆਵਤੀ ਦੀ ਹੀ ਗੱਲ ਕਿਉਂ ਕਰੀਏ? ਸਾਡੇ ਕਈ ਸੀਨੀਅਰ ਰਾਜਨੇਤਾ ਮੀਡੀਆ ਦੀਆਂ ਪੁੱਛਾਂ ਦਾ ਸਾਹਮਣਾ ਨਹੀਂ ਕਰਨਾ ਚਾਹੁੰਦੇ। ਰਾਜਨੀਤੀ ਵਿਚ ਪੂਰਾ ਦਹਾਕਾ ਬਿਤਾਉਣ ਦੇ ਬਾਵਜੂਦ ਸੋਨੀਆ ਗਾਂਧੀ ਨੇ ਹਾਲੇ ਤੱਕ ਕੁਝ ਚੁਣਵੇਂ ਸਾਫਟ ਇੰਟਰਵਿਊ ਹੀ ਦਿੱਤੇ ਹਨ। ਜਿਨ੍ਹਾਂ ਵਿਚ ਮੁਸ਼ਕਲ ਨਾਲ ਹੀ ਕੋਈ ਕਰੜਾ ਸਵਾਲ ਪੁੱਛਿਆ ਗਿਆ ਹੋਵੇਗਾ।

ਰਾਹੁਲ ਗਾਂਧੀ ਬਹਿਸ ਵਿਚ ਸ਼ਾਮਿਲ ਹੋਣ ਦੀ ਬਜਾਏ ਉਦਾਰ, ਯੋਜਨਾਬੱਧ, ਪ੍ਰੈਸ ਕਾਨਫਰੰਸਾਂ ਦੀ ਮਾਰਫਤ ਹੀ ਸਾਹਮਣੇ ਆਉਂਦੇ ਹਨ। ਪ੍ਰਧਾਨ ਮੰਤਰੀ ਰਾਸ਼ਟਰੀ ਮੁੱਦਿਆਂ ਉਤੇ ਮੀਡੀਏ ਨਾਲ ਕਦੇ ਕਦੇ ਹੀ ਗੱਲਬਾਤ ਕਰਦੇ ਹਨ ਅਤੇ ਹੁਣ ਤਾਂ ਉਨ੍ਹਾਂ ਦੀਆਂ ਸਾਲਾਨਾ ਪ੍ਰੈਸ ਵਾਰਤਾਵਾਂ ਵੀ ਨਹੀਂ ਹੁੰਦੀਆਂ। ਇਥੋਂ ਤੱਕ ਕਿ ਲਾਲ ਕ੍ਰਿਸ਼ਨ ਅਡਵਾਨੀ ਵੀ ਹੁਣ ਖਾਮੋਸ਼ ਰਹਿਣਾ ਹੀ ਪਸੰਦ ਕਰਦੇ ਹਨ ਜਦਕਿ ਕਿਸੇ ਜ਼ਮਾਨੇ ਵਿਚ ਉਹ ਇੰਟਰਵਿਊ ਦੇਣ ਤੋਂ ਕਦੇ ਵੀ ਨਾ ਘਬਰਾਉਣ ਵਾਲੇ ਹਾਈਪ੍ਰੋਫਾਈਲ ਨੇਤਾਵਾਂ ਵਿਚੋਂ ਇਕ ਹੁੰਦੇ ਸਨ।

ਸਮੱਸਿਆ ਮੀਡੀਏ ਵਲੋਂ ਵੀ ਹਨ। ਇਕ ਸਮੇਂ ਵਿਚ ਜਿਥੇ ਮੀਡੀਆ ਸੱਤਾ ਦਾ ਆਲੋਚਕ ਹੋਣ ਦੀ ਆਪਣੀ ਦਿੱਖ ਬਰਕਰਾਰ ਰੱਖਦਾ ਸੀ ਉਥੇ ਕੁਝ ਪ੍ਰਭਾਵਸ਼ਾਲੀ ਪੱਤਰਕਾਰ ਹੁਣ ਰਾਜਘਰਾਣੇ ਦੇ ਦਰਬਾਰੀਆਂ ਦੀ ਭੂਮਿਕਾ ਨਿਭਾ ਰਹੇ ਹਨ। ਤੱਥਾਂ ਦੀ ਜਗ੍ਹਾ ਪ੍ਰਚਾਰ ਨੇ ਲੈ ਲਈ ਹੈ। ਲੋਕ ਵਿਹਾਰ ਦੀ ਮਸ਼ੀਨਰੀ ਪੱਤਰਕਾਰਤਾ ਦੇ ਅਧਾਰਭੂਤ ਸਿਧਾਂਤਾਂ ਨੂੰ ਚੁਣੌਤੀ ਦੇ ਰਹੀ ਹੈ। ਦੁਰਭਾਗ ਵਸ ਰਾਜਨੇਤਾ ਅਤੇ ਪੱਤਰਕਾਰਾਂ ਵਿਚਾਲੇ ਸਬੰਧਾਂ ਦੀ ਬਦਲਦੀ ਪ੍ਰਕ੍ਰਿਤੀ ਦਾ ਅਰਥ ਹੈ ਕਿ ਰਾਜਨੇਤਾਵਾਂ ਨੂੰ ਉਤਰਦਾਈ ਬਣਾਈ ਰੱਖਣ ਵਾਲੀ ਸੁਤੰਤਰ ਪੱਤਰਕਾਰੀ ਦੀਆਂ ਸੀਮਾਵਾਂ ਹੁਣ ਘੱਟ ਰਹੀਆਂ ਹਨ।

ਚੀਜ਼ਾਂ ਹੁਣ ਪੇਸ਼ੇਵਰ ਦ੍ਰਿੜਤਾ ਦੀ ਥਾਂ 'ਤੇ ਵਿਅਕਤੀਗਤ ਵਫਾਦਾਰੀਆਂ ਦੇ ਆਧਾਰ 'ਤੇ ਤੈਅ ਹੁੰਦੀਆਂ ਹਨ। ਨੇਤਾਵਾਂ ਤੋਂ ਬਹੁਤੇ ਸਵਾਲ ਕਰਨੇ ਜਾਂ ਠੋਸ ਰਾਇ ਬਿਆਨ ਕਰਨ ਨੂੰ ਹਾਈਪਰਐਕਟੀਵਿਜ਼ਮ ਜਾਂ ਇਸ ਤੋਂ ਵੀ ਬਦਤਰ ਪੱਖਪਾਤ ਪੂਰਣ ਹੋਣ ਦੀ ਸੰਗਿਆ ਦਿੱਤੀ ਜਾ ਰਹੀ ਹੈ। ਇਹੋ ਜਿਹੀਆਂ ਪ੍ਰਸਥਿਤੀਆਂ ਵਿਚ ਜਿਥੇ ਰਾਜਨੇਤਾ ਦਾਅਵਾ ਕਰਦੇ ਹਨ ਕਿ ਉਹ ਮੀਡੀਆ ਦੀਆਂ ਕਾਰਗੁਜ਼ਾਰੀਆਂ ਦੇ ਸ਼ਿਕਾਰ ਹਨ, ਥੋੜਾ ਅਜੀਬ ਲਗਦਾ ਹੈ। ਕੁਝ ਹਫਤੇ ਪਹਿਲਾਂ ਦੀ ਗੱਲ ਹੈ ਬ੍ਰਿਟੇਨ ਦੇ ਪ੍ਰਧਾਨ ਮੰਤਰੀ ਗੋਰਡਨ ਬ੍ਰਾਊਨ ਬੀ.ਬੀ.ਸੀ. ਉਪਰ ਸਨ ਅਤੇ ਪ੍ਰੋਗਰਾਮ ਪੇਸ਼ ਕਰਨ ਵਾਲੇ ਅਤੇ ਦਰਸ਼ਕਾਂ ਨੇ ਉਨ੍ਹਾਂ ਉਪਰ ਸਵਾਲਾਂ ਦੀ ਝੜੀ ਲਾ ਦਿੱਤੀ। ਮੈਂ ਸੋਚਦਾ ਹਾਂ ਕਿ ਇਸ ਤਰ੍ਹਾਂ ਕਦੋਂ ਹੋਵੇਗਾ ਕਿ ਭਾਰਤ ਦਾ ਕੋਈ ਸੀਨੀਅਰ ਨੇਤਾ ਇਸੇ ਤਰ੍ਹਾਂ ਜਨਤਕ ਤੌਰ 'ਤੇ ਪੁਛਗਿੱਛ ਲਈ ਰਾਜ਼ੀ ਹੋਵੇ। ਨਿਸ਼ਾਨਾ ਬਣਾਏ ਜਾਣ ਦੇ ਦਾਅਵੇ ਤੋਂ ਬਿਨਾ।

# ਪਾਕਿਸਤਾਨ ਦੀਆਂ ਅਮਰੀਕੀ ਚਿੰਤਾਵਾਂ ਦੀ ਵਧ ਰਹੀ ਘੇਰਾਬੰਦੀ

**ਸ਼ੇਖਰ ਗੁਪਤਾ**

ਵਾਸ਼ਿੰਗਟਨ ਵਿਚ ਅਮਰੀਕਾ-ਪਾਕਿਸਤਾਨ ਰਣਨੀਤਕ ਵਾਰਤਾ ਵਿਚ ਅਫਗਾਨਿਸਤਾਨ ਲੜਾਈ ਦੀ ਵਾਪਸੀ ਲਈ ਸ਼ੁਰੂਆਤ ਮੰਨੀ ਜਾ ਸਕਦੀ ਹੈ। ਅਮਰੀਕਾ ਅਲਕਾਇਦਾ ਨੂੰ ਨਿਸ਼ਤੋ-ਨਾਬੂਦ ਕਰਨ ਅਤੇ ਤਾਲਿਬਾਨ ਨਾਲ ਉਨ੍ਹਾਂ ਦੇ ਜੋੜ ਨੂੰ ਹਮੇਸ਼ਾ ਲਈ ਖਤਮ ਕਰ ਦੇਣ ਖਾਤਿਰ ਪਾਕਿ ਨਾਲ ਇਕ ਵੱਡੇ ਸੌਦੇ ਦੀ ਤਲਾਸ਼ ਵਿਚ ਹੈ। ਤਾਲਿਬਾਨ ਨੂੰ ਮੁਕੰਮਲ ਖਤਮ ਕਰਨਾ ਹੁਣ ਅਮਰੀਕੀ ਏਜੰਡੇ 'ਚ ਸ਼ਾਮਿਲ ਨਹੀਂ ਹੈ। ਜੇ ਓਬਾਮਾ ਪ੍ਰਸ਼ਾਸਨ ਸਫਲਤਾ ਦੀ ਰਿਪੋਰਟ ਦਿੰਦਾ ਹੈ ਤਾਂ ਅਮਰੀਕਾ ਜਿੱਤ ਦਾ ਦਾਅਵਾ ਕਰਦੇ ਹੋਏ ਅਫਗਾਨਿਸਤਾਨ ਤੋਂ ਆਪਣੀ ਜ਼ਿਆਦਾਤਰ ਸੈਨਾਵਾਂ ਵਾਪਿਸ ਬੁਲਾ ਸਕਦਾ ਹੈ ਤੇ ਇਕ ਕਿਸਮ ਦੀ ਜਿੱਤ ਦਾ ਦਾਅਵਾ ਕਰ ਸਕਦਾ ਹੈ। ਇਰਾਕ 'ਚ ਵੀ ਇਸੇ ਤਰ੍ਹਾਂ ਦਾ ਹੀ ਕੁਝ ਹੋਇਆ ਸੀ।

ਪਾਕਿਸਤਾਨੀ ਜਾਣਦੇ ਹਨ, ਫਿਰ ਵੀ ਪਤਾ ਨਹੀਂ ਕਿਉਂ ਉਤਾਵਲੇ ਜਿਹੇ ਦਿਸਦੇ ਹਨ। ਜਿਵੇਂ ਕਿ ਇਹ ਉਨ੍ਹਾਂ ਦਾ ਆਖਰੀ ਵੱਡਾ ਮੌਕਾ ਹੈ, ਨਹੀਂ ਤਾਂ ਬ੍ਰਾਂਡ ਪਾਕਿਸਤਾਨ ਫੈਸ਼ਨ ਤੋਂ ਬਾਹਰ ਹੋ ਜਾਵੇਗਾ। ਆਓ ਤਸਵੀਰ ਨੂੰ ਪਾਕਿਸਤਾਨ ਦੀਆਂ ਨਜ਼ਰਾਂ ਨਾਲ ਦੇਖਦੇ ਹਾਂ, ਫਿਰ ਅਸੀਂ ਸਮਝ ਸਕਾਂਗਾ ਕਿ ਪਾਕਿਸਤਾਨ ਅਮਰੀਕੀਆਂ ਲਈ ਸ਼ਿਕਾਇਤ ਕਿਉਂ ਕਰੀ ਬੈਠਾ ਹੈ। ਉਹ ਕਿਸਿੰਜਰ-ਨਿਕਸਨ ਦੇ ਸਾਈਡ ਸ਼ੋ ਦੇ ਬਾਵਜੂਦ 1965 ਅਤੇ ਇਥੋਂ ਤਕ ਕਿ 1971 ਨੂੰ ਵੀ ਸੰਧੀ ਵਾਰਤਾ ਦੁਆਰਾ ਸੁਰੱਖਿਅਤ ਦੋਸਤੀ ਦੇ ਪ੍ਰਤੀ ਅਮਰੀਕੀ ਵਿਸ਼ਵਾਸਘਾਤ ਮੰਨਦੇ ਹਨ। ਪੰਜਾਹ ਦੇ ਦਹਾਕੇ ਵਿਚ ਸਮਾਜਵਾਦ ਦੇ ਖਿਲਾਫ ਲੜਾਈ ਲਈ ਉਹ ਅਮਰੀਕੀਆਂ ਨਾਲ ਫੌਜੀ ਮੁਹਿੰਮ 'ਚ ਸ਼ਾਮਿਲ ਹੋਏ। ਉਹ ਅੱਜ ਵੀ ਇਸਨੂੰ ਲੈ ਕੇ ਪ੍ਰੇਸ਼ਾਨ ਰਹਿੰਦੇ ਹਨ ਕਿ ਅਮਰੀਕੀਆਂ ਦੁਆਰਾ ਦਿੱਤੇ ਸੈਨਾ ਸਾਧਨਾਂ ਦਾ 1965 ਵਿਚ ਭਾਰਤ ਦੇ ਖਿਲਾਫ ਇਸਤੇਮਾਲ ਕੀਤੇ ਜਾਣ 'ਤੇ ਅਮਰੀਕਾ ਨੇ ਕਰੜੀ ਪ੍ਰਤੀਕ੍ਰਿਆ ਕਿਉਂ ਕੀਤੀ ਅਤੇ ਦੰਡਸਵਰੂਪ ਪਾਕਿਸਤਾਨ ਨੂੰ ਨਵੇਂ ਸਾਧਨ ਦੇਣਾ ਬੰਦ ਕਿਉਂ ਕਰ ਦਿੱਤਾ? ਪਾਕਿਸਤਾਨੀਆਂ ਦਾ ਮੰਨਣਾ ਹੈ ਕਿ ਇਸਦਾ ਖਮਿਆਜਾ ਉਨ੍ਹਾਂ ਨੂੰ 1971 ਵਿਚ ਭੁਗਤਣਾ ਪਿਆ। 1971 ਦੇ ਬਾਅਦ ਵਾਸ਼ਿੰਗਟਨ ਨੇ ਪ੍ਰੇਸ਼ਾਨ, ਵਿਭਾਜਿਤ ਪਾਕਿਸਤਾਨ ਨੂੰ ਇਕੱਲਾ ਛੱਡ ਦਿੱਤਾ। ਇਸ ਤੋਂ ਵੀ ਬੁਰੀ ਗੱਲ ਇਹ ਹੈ ਕਿ ਇਹ ਸਭ ਉਸ ਭੁੱਟੋ ਦੀ ਅਗਵਾਈ ਵਿਚ ਹੋਇਆ, ਜਿਸਦੀ ਦਿੱਖ ਅਮਰੀਕਾ ਵਿਰੁਧ ਉਸ ਦੀ ਜਾਣੀ ਪਹਿਚਾਣੀ ਜੀਵਨ ਸ਼ੈਲੀ ਦੇ ਹੀ ਅਨੁਰੂਪ ਸੀ।

1979 ਵਿਚ ਅਫਗਾਨਿਸਤਾਨ ਤੇ ਸੋਵੀਅਤ ਚੜ੍ਹਾਈ ਦੇ ਬਾਅਦ ਅਮਰੀਕੀਆਂ ਨੂੰ ਫਿਰ ਪਾਕਿ ਦੀ ਯਾਦ ਆਈ। ਇਹ ਉਦੋਂ ਹੋਇਆ ਜਦ 1971 ਦੇ ਬਾਅਦ ਪਹਿਲੀ ਵਾਰ ਭਾਰਤ ਅਤੇ ਅਮਰੀਕਾ ਦੇ ਸੰਬੰਧਾਂ ਵਿਚ ਵੀ ਗਰਮਾਹਟ ਆਉਣੀ ਸ਼ੁਰੂ ਹੋਈ ਸੀ। ਇਸੇ ਦੌਰਾਨ ਜਿਮੀ ਕਾਰਟਰ 15 ਸਾਲਾਂ ਦੇ ਲੰਬੇ ਅੰਤਰਾਲ ਦੇ ਬਾਅਦ ਭਾਰਤ ਦੀ ਯਾਤਰਾ ਕਰਨ ਵਾਲੇ ਪਹਿਲੇ ਅਮਰੀਕੀ ਰਾਸ਼ਟਰਪਤੀ ਬਣੇ। ਇਹ ਚਰਮ ਸ਼ੀਤਯੁਧ ਦਾ ਦੌਰ ਸੀ। ਅਮਰੀਕੀ ਅਤੇ ਚੀਨੀ ਦੋਵੇਂ ਹੀ ਅਫਗਾਨਿਸਤਾਨ ਵਿਚ ਸੋਵੀਅਤਾਂ ਦੀ ਖਿਚਧੂਹ ਕਰਨ ਲਈ ਆਤੁਰ ਸਨ ਅਤੇ ਇਸੇ ਲਈ ਪਾਕਿਸਤਾਨ ਉਨ੍ਹਾਂ ਦੇ ਲਈ ਇਕ ਜ਼ਰੂਰੀ ਮਿਤਰ ਰਾਸ਼ਟਰ ਬਣ ਗਿਆ। ਜਿਸ ਜਿਆਉਲ ਹੱਕ ਨੂੰ ਹਾਲੇ ਤੱਕ ਭੁੱਟੋ ਅਤੇ ਸੰਵਿਧਾਨ ਦਾ ਹਤਿਆਰਾ ਦੱਸਿਆ ਜਾਂਦਾ ਰਿਹਾ ਸੀ, ਉਸਨੂੰ ਸੱਠ ਦੇ ਦਹਾਕੇ ਵਿਚ ਅਯੂਬ ਦੇ ਬਾਅਦ ਦੂਜਾ ਸਭ ਤੋਂ ਨਜਦੀਕੀ ਦੋਸਤ ਦਸਿਆ ਜਾਣ ਲੱਗਾ। ਫੌਜ ਅਤੇ ਸਿਵਲ ਦੋਵਾਂ ਹੀ ਤਰ੍ਹਾਂ ਦੀ ਮਦਦ ਫਿਰ ਸ਼ੁਰੂ ਹੋ ਗਈ। ਜਿਵੇਂ ਹੀ ਸੋਵੀਅਤਾਂ ਨੇ 1993 ਵਿਚ ਅਫਗਾਨਿਸਤਾਨ ਛੱਡਿਆ, ਅਮਰੀਕਾ ਨੇ ਪਾਕਿ ਨੂੰ ਲੋਕਤੰਤਰ ਦਾ ਪਾਲਣ ਕਰਨ ਦੇ ਲੈਕਚਰ ਦੇਣੇ ਸ਼ੁਰੂ ਕਰ ਦਿੱਤੇ। ਇਸੇ ਦੌਰਾਨ ਭਾਰਤ ਦੇ ਅਮਰੀਕੀ ਸੰਬੰਧ ਦੁਬਾਰਾ



ਗਰਮਾਉਣ ਲੱਗੇ। ਕਾਰਗਿਲ ਯੁੱਧ ਅਤੇ ਕਲਿੰਟਨ ਦੀ ਉਪਮਹਾਂਦੀਪ ਦੀ ਯਾਤਰਾ ਦੇ ਬਾਅਦ ਪਾਕਿਸਤਾਨ ਨੂੰ ਯਕੀਨ ਹੋ ਗਿਆ ਕਿ ਅਮਰੀਕੀ ਝੁਕਾਅ ਭਾਰਤ ਵਲ ਜ਼ਿਆਦਾ ਹੈ। ਬੁਸ਼ ਇਸ ਦਿਸ਼ਾ ਵਿਚ ਕੁਝ ਹੀ ਅੱਗੇ ਵਧੇ ਸਨ। ਇਕ ਪਾਸੇ ਜਿੱਥੇ 9/11 ਦੇ ਬਾਅਦ ਹੋਏ ਬਦਲਾਵਾਂ ਨੇ ਪਾਕਿਸਤਾਨੀ ਰਣਨੀਤੀ ਦੀ ਪ੍ਰਸੰਗਿਕਤਾ ਸਿਧ ਕਰਨ ਵਿਚ ਮੁਸ਼ੱਰਫ ਦੀ ਮਦਦ ਕੀਤੀ, ਉਥੇ ਦੂਜੇ ਪਾਸੇ ਭਾਰਤ ਹੁਣ ਤਕ ਇਕ ਰਣਨੀਤਕ ਅਤੇ ਰਾਜਨੀਤਕ ਆਰਥਿਕ ਇਕਾਈ ਦੇ ਰੂਪ ਵਿਚ ਅਲਗ ਹੋ ਚੁੱਕਿਆ ਸੀ।

ਸੰਖੇਪ ਵਿਚ ਪਾਕਿਸਤਾਨ ਦੀ ਨਜ਼ਰ ਨਾਲ ਕਹਾਣੀ ਕੁਝ ਇਵੇਂ ਹੈ; ਜਦ ਅਮਰੀਕੀਆਂ ਦਾ ਆਪਣਾ ਕੋਈ ਰਣਨੀਤਕ ਹਿੱਤ ਹੁੰਦਾ ਹੈ, ਉਦੋਂ ਉਹ ਸਾਨੂੰ ਗਲੇ ਲਾਉਣ ਲਗ ਪੈਂਦੇ ਹਨ। ਜਿਵੇਂ ਹੀ ਹਿੱਤ ਖਤਮ ਹੁੰਦਾ ਹੈ, ਉਹ ਫਿਰ ਹਿੰਦੋਸਤਾਨ ਵਲ ਮੁੜ ਜਾਂਦੇ ਹਨ, ਜਿਸ ਨਾਲ ਉਨ੍ਹਾਂ ਦਾ ਦਿਲ ਦਿਮਾਗ ਅਤੇ ਲੰਬੇ ਹਿੱਤ ਜੁੜੇ ਹੋਏ ਹਨ। ਜਦੋਂ ਉਨ੍ਹਾਂ ਨੂੰ ਸਾਡੀ ਜ਼ਰੂਰਤ ਹੁੰਦੀ ਹੈ, ਉਦੋਂ ਉਹ ਸਾਨੂੰ ਕੁਝ ਸਾਧਨ ਦੇ ਦਿੰਦੇ ਹਨ ਅਤੇ ਫਿਰ ਉਹ ਸਾਨੂੰ ਹਦਾਇਤ ਦਿੰਦੇ ਹਨ ਕਿ ਅਸੀਂ ਹਿੰਦੋਸਤਾਨ ਦੇ ਖਿਲਾਫ ਉਨ੍ਹਾਂ ਦਾ ਇਸਤੇਮਾਲ ਨਾ ਕਰੀਏ। ਅਮਰੀਕੀ ਇੰਨੇ ਭਰਮਿਤ ਨਹੀਂ ਹੋ ਸਕਦੇ ਕਿ ਉਹ ਇਹ ਸੋਚਦੇ ਹੋਣ ਕਿ ਸਾਨੂੰ ਕਮਿਊਨਿਸਟਾਂ, ਅਲਕਾਇਦਾ, ਤਾਲਿਬਾਨ ਆਦਿ ਦੇ ਖਿਲਾਫ ਉਨ੍ਹਾਂ ਦੀਆਂ ਲੜਾਈਆਂ ਲੜਨ ਦੇ ਲਈ ਉਨ੍ਹਾਂ ਦੇ ਹਥਿਆਰਾਂ ਦੀ ਜ਼ਰੂਰਤ ਹੈ। ਸਾਡੀਆਂ ਰਣਨੀਤਕ ਚਿੰਤਾਵਾਂ ਉਹ ਨਹੀਂ ਹੋ ਸਕਦੀਆਂ, ਜੋ ਉਨ੍ਹਾਂ ਦੀਆਂ ਹਨ। ਜਦੋਂ ਤਕ ਉਹ ਇਨ੍ਹਾਂ ਨੂੰ ਸਵੀਕਾਰ ਨਹੀਂ ਕਰ ਲੈਂਦੇ ਕਿ ਭਾਰਤ ਹੀ ਸਾਡੀਆਂ ਰਣਨੀਤੀਆਂ ਦਾ ਕੇਂਦਰ ਅਤੇ ਇਕਮਾਤਰ ਫੋਕਸ ਹੈ, ਉਦੋਂ ਤਕ ਉਹ ਬੇਈਮਾਨ ਦੋਸਤ ਹੀ ਸਾਬਿਤ ਹੋਣਗੇ।

ਪਾਕਿਸਤਾਨ ਦੀਆਂ ਚਿੰਤਾਵਾਂ ਇਨ੍ਹਾਂ ਗੱਲਾਂ ਨੂੰ ਲੈ ਕੇ ਹਨ ਅਤੇ ਉਹ ਉਮੀਦ ਕਰਦੇ ਹਨ ਕਿ ਹੁਣ ਇਸ ਵਿਚ ਬਦਲਾਅ ਹੋਵੇਗਾ। ਓਬਾਮਾ ਲਈ ਅਫਗਾਨਿਸਤਾਨ ਦੀ ਬਾਜੀ ਰੀਗਨ ਜਾਂ ਬੁਸ਼ ਸੀਨੀਅਰ ਦੀ ਤੁਲਨਾ ਵਿਚ ਜ਼ਿਆਦਾ ਮੱਹਤਵਪੂਰਨ ਹੈ। ਪਾਕਿਸਤਾਨ ਤੇ ਅਮਰੀਕੀ ਨਿਰਭਰਤਾ ਵੀ ਇਸ ਵਾਰ ਪੂਰੀ ਹੈ।


ਭਾਰਤ ਦੇ ਸਾਹਮਣੇ ਹੁਣ ਇਹੀ ਪ੍ਰਸ਼ਨ ਹੈ ਕਿ ਪਾਕਿਸਤਾਨ ਦੇ ਨਾਲ ਅਤੀਤ ਵਿਚ ਕੀਤੇ ਗਏ ਵਰਤਾਵਾਂ ਦੀ ਹਾਨੀ ਦੀ ਪੂਰਤੀ ਅਮਰੀਕੀ ਕਿਵੇਂ ਕਰਨਗੇ ਅਤੇ ਭਵਿੱਖ ਲਈ ਉਹ ਕਿਹੜੀ ਗਾਰੰਟੀ ਦੇ ਸਕਦੇ ਹਨ? ਇਹੀ ਵਜ੍ਹਾ ਹੈ ਕਿ ਪਾਕਿਸਤਾਨ ਇਸ ਮੌਕੇ ਨੂੰ ਪੂਰੀ ਤਰ੍ਹਾਂ ਭੁਨਾ ਲੈਣਾ ਚਾਹੁੰਦਾ ਹੈ। ਇਸ ਵਾਰਤਾ ਤੋਂ ਨਾਲ ਪਹਿਲਾਂ ਪਾਕਿਸਤਾਨੀਆਂ ਦੁਆਰਾ ਅਮਰੀਕਾ ਨੂੰ ਦਿੱਤੀ ਗਈ 56 ਪੇਜਾਂ ਦੀ ਮੰਗ ਸੂਚੀ ਦਾ ਠੀਕ ਇਹੀ ਮਤਲਬ ਹੈ। ਇਸਦਾ ਇਹ ਵੀ ਮਤਲਬ ਹੈ ਕਿ ਅਫਗਾਨ-ਪਾਕਿ ਪ੍ਰੋਜੈਕਟ ਦਾ ਸੈਨਾ ਭਾਗ ਖਤਮ ਹੁੰਦੇ ਹੀ ਬ੍ਰਾਂਡ ਪਾਕਿਸਤਾਨ ਅਤੇ ਉਸਦੀ ਰਣਨੀਤਕ ਮੁਦਰਾ ਚਲਣ ਤੋਂ ਬਾਹਰ ਹੋ ਜਾਵੇਗੀ।

ਕੀ ਭਾਰਤ ਨੂੰ ਚਿੰਤਤ ਹੋਣਾ ਚਾਹੀਦਾ? ਹਾਲੇ ਤੱਕ ਸਾਡੀਆਂ ਪ੍ਰਤੀਕ੍ਰਿਆਵਾਂ ਨਪੀਆਂ ਤੁਲੀਆਂ ਹੀ ਰਹੀਆਂ ਹਨ। ਪਾਕਿਸਤਾਨੀਆਂ ਲਈ ਇਹ ਸੁਭਾਵਿਕ ਹੀ ਹੈ ਕਿ ਉਹ ਹਰ ਉਸ ਚੀਜ ਦੀ ਮੰਗ ਕਰਨ ਜੋ ਸਾਡੇ ਕੋਲ ਹੈ-ਜਿਵੇਂ ਕਿ ਪ੍ਰਮਾਣੂ ਸੌਦਾ, ਪਰ ਪਾਕਿਸਤਾਨ ਦੀ ਸਭ ਤੋਂ ਗਹਿਰੀ ਇੱਛਾ ਇਹ ਹੈ ਕਿ ਉਪ-ਮਹਾਂਦੀਪ ਵਿਚ ਅਮਰੀਕੀ ਨੀਤੀ ਦਾ ਨਵੇਂ ਸਿਰੇ ਤੋਂ ਨਿਰਧਾਰਣ ਹੋਵੇ। ਪਾਕਿਸਤਾਨ ਤੋਂ ਅਮਰੀਕਾ ਦੀਆਂ ਵਧਦੀਆਂ ਨਜ਼ਦੀਕੀਆਂ ਜਿਸ ਵਿਚ ਪ੍ਰਮਾਣੂ ਸੌਦਾ ਵੀ ਮੁਮਕਿਨ ਹੈ, ਸੰਭਾਵਤ, ਸਾਡੇ ਲਈ ਲਾਭਦਾਇਕ ਹੀ ਹੋਵੇ, ਕਿਉਂਕਿ ਇਸ ਨਾਲ ਪਾਕਿ ਦੀ ਪ੍ਰਮਾਣੂ ਨੀਤੀ 'ਚ ਪਾਰਦਰਸ਼ਤਾ ਆਵੇਗੀ ਤੇ ਉਸਦਾ ਸੈਨਾਵਾਦੀ ਦ੍ਰਿਸ਼ਟੀਕੋਣ ਸੰਤੁਲਿਤ ਹੋਵੇਗਾ।

ਨਿਸ਼ਚਤ ਹੀ ਸਾਨੂੰ ਖੁਦ ਦੇ ਨਵੇਂ ਰਣਨੀਤਕ ਸਪੇਸ ਦਾ ਉਪਯੋਗ ਸ਼ੁਰੂ ਕਰਨਾ ਹੋਵੇਗਾ, ਖਾਸ ਤੌਰ 'ਤੇ ਅਮਰੀਕੀ ਨੀਤੀ ਦੇ ਇਸ 'ਪੁਨਰਨਿਰਧਾਰਣ' ਦੇ ਬਾਅਦ। ਇਸੇ ਤਰ੍ਹਾਂ ਭਾਰਤ ਨੂੰ ਇਸ ਵਿਸਤਾਰਿਤ ਰਣਨੀਤਕ ਸਪੇਸ ਦਾ ਉਪਯੋਗ ਅਮਰੀਕਾ ਤੇ ਅਤਿਵਾਦ ਨਾਲੋਂ ਦੁਨੀਆਂ ਨੂੰ ਜ਼ਿਆਦਾ ਸਾਵਧਾਨੀ ਪੂਰਵਕ ਦੇਖਣ ਲਈ ਕਰਨਾ ਚਾਹੀਦਾ। ਆਈ ਏ ਈ ਏ ਵਿਚ ਇਰਾਨ ਵਿਰੁਧ ਭਾਰਤ ਨੂੰ ਵੋਟ ਸਿਧਾਂਤਿਕ ਰੂਪ ਤੋਂ ਸਹੀ ਸੀ ਅਤੇ ਇਹ ਅਮਲ ਜਾਰੀ ਰਹਿਣਾ ਚਾਹੀਦਾ। ਪਰ ਇਰਾਨ ਨਾਲ ਊਰਜਾ ਸੌਦੇ ਕਰਨਾ, ਇਸਦੇ ਵਿਦਿਆਰਥੀਆਂ ਨੂੰ ਵੀਜ਼ਾ ਦੇਣਾ ਅਤੇ ਇਥੋਂ ਤੱਕ ਕਿ ਉਸਦੇ ਸਿਵਿਲ ਸੈਟੇਲਾਈਟ ਸਥਾਪਿਤ ਕਰਨ ਵਿਚ ਥੋੜਾ ਘੱਟ ਸੰਕੋਚੀ ਹੋਣਾ ਚਾਹੀਦਾ। ਵਾਸ਼ਿੰਗਟਨ ਵਿਚ ਅਫਗਾਨ-ਪਾਕਿ ਗੇਮ ਦਾ ਅੰਤ ਭਾਰਤ ਲਈ ਵੀ ਇਕ ਅਵਸਰ ਹੈ ਕਿ ਉਹ ਆਪਣੀ ਅਮਰੀਕੀ ਨੀਤੀ ਨੂੰ ਨਵੇਂ ਸਿਰੇ ਤੋਂ ਨਿਰਧਾਰਤ ਕਰੇ।

# ਗ਼ਮਾਂ ਬਾਝ ਨਾ ਸੀਨੇ ਵਿਚ ਛੇਕ ਪੈਂਦੇ!

ਲਿਖਤੁਮ



ਤਰਲੋਚਨ ਸਿੰਘ ਦੁਪਾਲਪੁਰ

ਸਰਸਰੀ ਤੌਰ 'ਤੇ ਨਜ਼ਰ ਮਾਰਦਿਆਂ ਹੈਰਾਨੀ ਹੋਈ ਕਿ ਅਖ਼ਬਾਰ ਦੇ ਮੁੱਖ ਪੰਨੇ ਉਪਰ, ਵੱਡੇ ਆਕਾਰ ਵਿਚ ਇਸ ਫੋਟੋ ਨੂੰ ਛਾਪਣ ਦਾ ਕੀ ਕਾਰਨ ਹੋਵੇਗਾ? ਅਖ਼ਬਾਰਾਂ ਵਾਲੇ ਅਕਸਰ ਮੁੱਖ ਪੰਨਿਆਂ 'ਤੇ ਕੋਈ ਖਾਸ ਅਹਿਮੀਅਤ ਵਾਲੀਆਂ ਫੋਟੋਆਂ ਹੀ ਛਾਪਿਆ ਕਰਦੇ ਹਨ ਪਰ ਇਸ ਫੋਟੋ ਵਿਚ ਤਾਂ ਅਜਿਹੀ ਕੋਈ ਖਾਸੀਅਤ ਵੀ ਦਿਖਾਈ ਨਹੀਂ ਦਿੰਦੀ ਸੀ। ਕੋਈ ਵਿਸ਼ੇਸ਼ ਵਿਅਕਤੀ ਨਹੀਂ, ਬੱਸ ਇਕ ਆਮ ਜਿਹਾ ਪੰਜਾਬੀ ਪਰਿਵਾਰ ਕਿਸੇ ਰੈਸਟੋਰੈਂਟ ਵਿਚ ਟੇਬਲ ਦੁਆਲੇ ਬੈਠਾ ਹੈ। ਟੇਬਲ 'ਤੇ ਪਏ ਨਿਕ-ਸੁਕ ਤੋਂ ਅੰਦਾਜ਼ਾ ਲੱਗ ਰਿਹਾ ਹੈ ਕਿ ਇਹ ਹੁਣੇ-ਹੁਣੇ ਕੁਝ ਖਾ ਪੀ ਕੇ ਹਟੇ ਹਨ। ਪੰਜਾਬੀ ਪਹਿਰਾਵੇ ਵਾਲੀ ਇਕ ਅਧਖੜ ਉਮਰ ਦੀ ਬੀਬੀ ਆਪਣੇ ਕਲੀਨ-ਸ਼ੇਵ ਪਤੀ ਨਾਲ ਬੈਠੀ ਹੈ ਅਤੇ ਕੋਲ ਹੀ ਦੋ ਨੌਜਵਾਨ ਮੋਨੇ ਲੜਕੇ ਸਾਹਮਣੇ ਵਲ ਦੇਖ ਰਹੇ ਹਨ। ਇਨ੍ਹਾਂ ਦੋਹਾਂ ਵਿਚੋਂ ਇਕ, ਵੀਲ੍ਹ-ਚੇਅਰ 'ਤੇ ਬੈਠਾ ਹੈ। 'ਜੈਂਟਸ' ਵਲੋਂ ਪਹਿਨੇ ਹੋਏ ਕੋਟਾਂ ਅਤੇ ਟਾਈਆਂ ਤੋਂ ਇਹ ਪਰਿਵਾਰ ਸਰਦਾ-ਪੁੱਜਦਾ ਮਾਲੂਮ ਹੁੰਦਾ ਹੈ।

ਰਲਾ-ਮਿਲਾ ਕੇ ਇਸ ਫੋਟੋ ਦੀ ਤਾਂ ਕੋਈ ਵਿਸ਼ੇਸ਼ਤਾ ਨਜ਼ਰ ਨਹੀਂ ਆਈ, ਪਰ ਇਸ ਦੇ ਥੱਲੇ ਕੈਪਸ਼ਨ ਵਿਚ ਲਿਖੇ ਹੋਏ ਇਨ੍ਹਾਂ ਸ਼ਬਦਾਂ ਕਾਰਨ 'ਇਸ ਅਭਾਗੇ ਪਰਿਵਾਰ ਦੀ ਦੁਖਦਾਈ ਦਾਸਤਾਂ ਅੰਦਰ ਪੜ੍ਹੋ।' ਅਗਲੇ ਸਫੇ ਪਲਟ ਕੇ ਪੜ੍ਹਨਾ ਸ਼ੁਰੂ ਕਰਦਾ ਹਾਂ। 'ਫੋਟੋ' 'ਚ ਦਿਖਾਈ ਦੇ ਰਿਹਾ ਇਸ ਪਰਿਵਾਰ ਦਾ ਮੁਖੀ, ਆਮ ਦੀ ਤਰ੍ਹਾਂ ਕੁਝ ਹੁਸੀਨ ਸੁਪਨੇ ਲੈ ਕੇ ਪੰਜਾਬ ਤੋਂ ਅਮਰੀਕਾ ਆ ਗਿਆ। ਦੋ ਲੜਕੇ ਅਤੇ ਪਤਨੀ ਨੂੰ ਪਿੱਛੇ ਛੱਡ ਆਇਆ। ਘਾਲ ਕਮਾਈਆਂ ਕਰਦਿਆਂ ਪੰਜਾਬ ਬੈਠੇ ਪਰਿਵਾਰ ਦੀ ਚੰਗੀ ਸੋਹਣੀ ਪਰਵਰਿਸ਼ ਕਰਦਾ ਰਿਹਾ। ਪੰਜਾਬ ਰਹਿੰਦੇ ਵੱਡੇ ਮੁੰਡੇ ਦਾ ਮੋਟਰ ਸਾਈਕਲ ਐਕਸੀਡੈਂਟ ਹੋ ਗਿਆ। ਛੋਟਾ ਭਰਾ ਉਸਨੂੰ ਚੁੱਕ ਕੇ ਹਸਪਤਾਲ ਲੈ ਗਿਆ। ਹਾਦਸੇ 'ਚ ਸਖ਼ਤ ਜ਼ਖ਼ਮੀ ਹੋਏ ਮੁੰਡੇ ਦੀ ਤਰਸਯੋਗ ਹਾਲਤ ਦੇਖ ਕੇ ਡਾਕਟਰਾਂ ਨੇ ਸਿਰ ਫੇਰ ਦਿੱਤਾ। ਛੋਟਾ ਭਰਾ ਆਪਣਾ ਦਿਮਾਗੀ ਸੰਤੁਲਿਨ ਗਵਾ ਬੈਠਾ ਤੇ ਪਾਗਲਾਂ ਵਾਂਗ ਸੜਕਾਂ 'ਤੇ ਦੌੜਨ-ਭੱਜਣ ਲੱਗ ਪਿਆ।

ਡਾਕਟਰਾਂ ਦੀਆਂ ਕੋਸ਼ਿਸ਼ਾਂ ਸਦਕਾ ਵੱਡਾ ਮੁੰਡਾ ਬਚ ਤਾਂ ਗਿਆ, ਪਰ ਉਸਦਾ ਕੋਈ ਅੰਗ-ਪੈਰ ਹਰਕਤ ਨਹੀਂ ਸੀ ਕਰਦਾ। ਉਹ ਪੱਕਾ ਹੀ ਵੀਲ੍ਹ-ਚੇਅਰ ਜੋਗਾ ਰਹਿ ਗਿਆ। ਛੋਟੇ ਦੀ ਹਾਲਤ ਠੀਕ ਹੋਈ ਹੀ ਨਹੀਂ। ਇਧਰ ਅਮਰੀਕਾ ਤੋਂ ਪਿਓ ਨੇ ਜਿਵੇਂ-ਕਿਵੇਂ ਉਨ੍ਹਾਂ ਨੂੰ ਪੰਜਾਬ ਤੋਂ ਬੁਲਾ ਲਿਆ। ਇਹ ਬਦਨਸੀਬ ਬਾਪ, ਆਪਣੇ ਪਰਿਵਾਰ ਨੂੰ ਲੈਣ ਲਈ ਏਅਰਪੋਰਟ 'ਤੇ ਵੀ ਨਾ ਜਾ ਸਕਿਆ ਕਿਉਂਕਿ 'ਗੈਂਗਰੀਨ' ਦੀ ਨਾਮੁਰਾਦ ਬੀਮਾਰੀ ਕਾਰਨ ਇਸ ਦੇ ਦੋਵੇਂ ਪੈਰ ਕੁਝ ਦਿਨ ਪਹਿਲਾਂ ਹੀ ਕੱਟੇ ਗਏ ਸਨ।

ਨਿਊ ਯਾਰਕ ਵਿਚ ਇਨ੍ਹਾਂ ਦੀ ਜੀਵਨ-ਬੇੜੀ, ਡਿੱਕ ਡੋਲੇ ਖਾਂਦਿਆਂ ਚੱਲਦੀ ਜਾ ਰਹੀ ਸੀ ਕਿ ਕਿਸੇ ਐਮਰਜੈਂਸੀ ਕਾਰਨ ਅਪਾਹਜ ਪਿਓ ਨੂੰ ਪੰਜਾਬ ਜਾਣਾ ਪੈ ਗਿਆ। ਪਿਛੋਂ ਇਕ ਦਿਨ ਛੋਟੇ ਮੁੰਡੇ ਨੂੰ 'ਦੌਰਾ' ਪੈ ਗਿਆ। ਰਸੋਈ 'ਚ ਖੜ੍ਹੇ ਖੜ੍ਹੇ ਨੇ ਆਪਣੀ ਮਾਂ ਨੂੰ ਹੀ ਕੁੱਟਣਾ-ਮਾਰਨਾ ਸ਼ੁਰੂ ਕਰ 'ਤਾ। ਬੇਕਾਬੂ ਹੋਏ ਨੇ ਫ੍ਰਾਈ-ਪੈਨ ਨਾਲ ਮਾਂ ਭੰਨ ਸੁੱਟੀ। ਚੀਕ-ਚਿਹਾੜਾ ਸੁਣ ਕੇ ਗੁਆਂਢੀਆਂ ਨੇ ਪੁਲਿਸ ਨੂੰ ਫੋਨ ਕਰ ਦਿੱਤਾ। ਬੜੀ ਮੁਸ਼ਕਲ ਨਾਲ ਅੰਦਰੋਂ 'ਲਾਕ' ਹੋਇਆ ਦਰਵਾਜ਼ਾ ਤੋੜ ਕੇ ਪੁਲਿਸਮੈਨ ਅੰਦਰ ਵੜੇ। ਲਹੂ-ਲੁਹਾਨ ਹੋਈ ਪਈ ਨਿਭਾਗੀ ਮਾਂ, ਆਪਣੇ ਪੁੱਤ ਹੱਥੋਂ ਫ੍ਰਾਈਪੈਨ ਦੀ ਮਾਰ ਸਹੀ ਜਾ ਰਹੀ ਸੀ। ਰੱਬ ਜਾਣੇ ਕਿਹੋ ਜਿਹੇ ਹਾਲਾਤ ਬਣੇ ਕਿ ਪੁਲਿਸ ਵਾਲਿਆਂ ਨੂੰ ਪਾਗਲ ਮੁੰਡੇ ਦੇ ਗੋਲੀ ਮਾਰਨੀ ਪਈ। ਫੱਟੜ ਮਾਂ ਹਸਪਤਾਲ ਵਿਚ ਬੇਹੋਸ਼ ਪਈ ਹੈ। ਦੋਹਾਂ ਪੈਰਾਂ ਤੋਂ ਅਪਾਹਜ ਪਤੀ ਪੰਜਾਬ ਤੋਂ ਆ ਰਿਹੈ। ਕਿਸੇ ਵੀ ਤਰ੍ਹਾਂ ਦੀ ਕੋਈ ਹਰਕਤ ਕਰਨ ਤੋਂ ਅਸਮਰੱਥ ਵੱਡਾ ਮੁੰਡਾ, ਵੀਲ੍ਹ ਚੇਅਰ 'ਤੇ ਬੈਠਾ ਕਿਸਮਤ ਨੂੰ ਰੋ ਰਿਹਾ ਹੈ।

ਆਪੋ-ਆਪਣਾ ਸੁਭਾਅ, ਆਪਣੀ-ਆਪਣੀ ਫ਼ਿਤਰਤ। ਇਹ ਅਣਹੋਣੀ ਪੜ੍ਹ ਕੇ ਕਈਆਂ ਨੇ ਹੰਝੂ ਵੀ ਕੇਰੇ ਹੋਣਗੇ। ਕਿਸੇ ਨੇ ਇੰਜ ਕਹਿੰਦਿਆਂ ਪੱਲਾ ਵੀ ਛੁਡਾ ਲਿਆ ਹੋਵੇਗਾ ਕਿ ਦੁਨੀਆਂ ਵਿਚ ਬਥੇਰਾ ਕੁਝ ਅਜਿਹਾ ਵਾਪਰ ਰਿਹਾ ਹੈ, ਅਸੀਂ ਕੀ ਕਰੀਏ? ਕਈਆਂ ਨੂੰ ਇਹ 'ਗੁਣ' ਵਿਰਸੇ ਵਿਚ ਹੀ ਮਿਲਿਆ ਹੁੰਦਾ ਹੈ ਕਿ :

ਖੰਜਰ ਚਲੇ ਕਿਸੀ ਪੇ<br>ਤੜਪਤੇ ਹੈਂ ਹਮ 'ਅਮੀਰ'<br>ਸਾਰੇ ਜਹਾਂ ਕਾ ਦਰਦ ਹਮਾਰੇ ਸੀਨੇ ਮੇਂ ਹੈ।

ਨਮ ਅੱਖਾਂ ਨਾਲ, ਇਹ ਸੋਚਦਿਆਂ ਕਿ ਹੁਣ ਹੋਰ ਤਾਂ ਕੁਝ ਨਹੀਂ ਹੋ ਸਕਦਾ, ਕਿਉਂ ਨਾ ਇਸ ਦੁਖਾਂਤ ਬਾਬਤ ਕੁਝ ਸਤਰਾਂ ਲਿਖੀਆਂ ਜਾਣ। ਤਾਂ ਕਿ ਸ਼ਾਇਦ ਅਮਰੀਕਨ-ਸਟਾਈਲ ਤਲਖੀਆਂ, ਚਿੰਤਾਵਾਂ ਅਤੇ ਫਿਕਰਾਂ ਨਾਲ ਵਿੰਨ੍ਹੇ ਪਏ ਕਿਸੇ ਵੀਰ-ਭੈਣ ਦੇ ਮਨ ਨੂੰ ਧਰਵਾਸ ਮਿਲ ਸਕੇ। ਹੋ ਸਕਦਾ ਹੈ ਕਿ ਇਹ ਸਤਰਾਂ ਕਿਸੇ ਨੂੰ ਸਹਿਜ, ਠਹਿਰਾਓ ਜਾਂ ਰੱਬੀ ਭਾਣੇ ਦਾ ਅਹਿਸਾਸ ਕਰਵਾ ਦੇਣ।

ਅਖ਼ਬਾਰ ਦੇ ਸੰਪਾਦਕ ਦੇ ਨਾਂ ਲਿਖੇ ਖ਼ਤ ਵਿਚ ਮੈਂ 'ਚਾਰ ਮੁਏ ਤੋ ਕਿਆ ਭਇਆ' ਦਾ ਹਵਾਲਾ ਦਿੰਦਿਆਂ ਲਿਖਿਆ ਕਿ ਸਾਡੇ ਰਹਿਬਰਾਂ ਨੇ ਸਾਨੂੰ ਰੱਬੀ ਰਜ਼ਾ ਵਿਚ ਰਹਿਣ ਦਾ ਵਲ ਸਿਖਾਇਆ। ਸੰਨ ਸੰਤਾਲੀ ਵੇਲੇ ਅਤੇ ਆਪਣੇ ਪੰਜਾਬ 'ਚ ਕਈ ਸਾਲ ਝੁੱਲਦੀ ਰਹੀ ਕਾਲੀ ਬੋਲੀ ਹਨ੍ਹੇਰੀ ਦੇ ਸਮਿਆਂ ਦੀਆਂ ਅਸਹਿ ਤੇ ਅਕਹਿ ਘਟਨਾਵਾਂ ਦੇ ਵੇਰਵਿਆਂ ਸਮੇਤ ਲਿਖਿਆ ਕਿ ਸਦਮੇ ਨਾ ਸਹਾਰਦੇ ਤਾਂ ਹੁਣ ਨੂੰ ਸਾਰਾ ਪੰਜਾਬ ਪਾਗਲ ਹੋਇਆ ਹੁੰਦਾ।

> ਦਿਲ ਦੇ ਵਲਵਲਿਆਂ ਨੂੰ ਸ਼ਬਦੀ ਰੂਪ ਦੇਣ ਤੋਂ ਫੌਰਨ ਬਾਅਦ, ਜੋ ਮੇਰੇ ਕੰਨਾਂ ਨੇ ਸੁਣਿਆ, ਉਸਨੇ ਮੈਨੂੰ ਪਾਣੀਓਂ ਪਤਲਾ ਕਰਕੇ ਰੱਖ ਦਿੱਤਾ। ਘੜੀ ਘੰਟਾ ਪਹਿਲਾਂ ਲਿਖਿਆ ਖ਼ਤ ਚੇਤੇ ਕਰਕੇ ਮੈਨੂੰ ਕੱਚੀਆਂ ਤ੍ਰੇਲੀਆਂ ਆਉਣ ਲੱਗੀਆਂ। ਨਵਾਂ ਵੇਰਵਾ ਸੁਣਦਿਆਂ ਸਾਰ ਮੇਰੇ ਵਿਚਲਾ 'ਉਪਦੇਸ਼ਕ' ਪਤਾ ਨਹੀਂ ਕਿੱਧਰ ਗਾਇਬ ਹੋ ਗਿਆ। ਇਹੋ ਜਿਹਾ ਮੈਂ ਕੀ ਸੁਣ ਲਿਆ? ਜਿਸ ਨਾਲ ਮੇਰੇ ਹੋਸ਼ ਹੀ ਉਡ ਗਏ?

ਉਪਰੋਕਤ ਦੁਖੀਏ ਪਰਿਵਾਰ ਦੀ ਤਕਦੀਰ ਦਾ ਜ਼ਿਕਰ ਕਰਦਿਆਂ ਮੈਂ 'ਭਾਣਾ ਮੰਨਣ' ਵਾਲੇ ਗੁਰਮਤਿ ਸੰਕਲਪ ਦੇ ਚੋਣਵੇਂ ਅੰਸ਼ ਲਿਖੇ। ਵਹਿਣ 'ਚ ਵਹਿੰਦਿਆਂ ਮੈਂ ਵੱਡਾ ਉਪਦੇਸ਼ਕ ਬਣ ਕੇ, ਆਪਣੇ ਪੰਜਾਬੀਆਂ 'ਤੇ ਇਹ 'ਗਿਲਾ' ਵੀ ਕਰ ਮਾਰਿਆ ਕਿ ਅਸੀਂ ਆਪਣੇ ਵਡਿਕਿਆਂ ਦੇ ਸਿਰੜੀ ਤੇ ਸਿਦਕੀ ਸੁਭਾਅ ਨੂੰ ਤਿਲਾਂਜਲੀ ਦੇ ਬੈਠੇ ਹਾਂ। ਇਸੇ ਕਰਕੇ ਅਸੀਂ ਮਾੜੀਆਂ-ਧੀੜੀਆਂ ਮੁਸੀਬਤਾਂ ਆਉਣ 'ਤੇ ਵੀ ਅਰਧ-ਪਾਗਲ ਹੋ ਉਠਦੇ ਹਾਂ। ਹੰਢੇ ਹੋਏ ਪ੍ਰਚਾਰਕਾਂ ਵਾਂਗ ਵਾਹਿਗੁਰੂ ਦਾ ਹੁਕਮ ਸਤਿ ਕਰਕੇ ਮੰਨਣ ਦੀ ਵਿਆਖਿਆ ਕਰਦਿਆਂ ਇਹ ਖ਼ਤ ਮੈਂ ਅਖ਼ਬਾਰ ਨੂੰ ਭੇਜ ਦਿੱਤਾ।

ਦਿਲ ਦੇ ਵਲਵਲਿਆਂ ਨੂੰ ਸ਼ਬਦੀ ਰੂਪ ਦੇਣ ਤੋਂ ਫੌਰਨ ਬਾਅਦ, ਜੋ ਮੇਰੇ ਕੰਨਾਂ ਨੇ ਸੁਣਿਆ, ਉਸਨੇ ਮੈਨੂੰ ਪਾਣੀਓਂ ਪਤਲਾ ਕਰਕੇ ਰੱਖ ਦਿੱਤਾ। ਘੜੀ ਘੰਟਾ ਪਹਿਲਾਂ ਲਿਖਿਆ ਖ਼ਤ ਚੇਤੇ ਕਰਕੇ ਮੈਨੂੰ ਕੱਚੀਆਂ ਤ੍ਰੇਲੀਆਂ ਆਉਣ ਲੱਗੀਆਂ। ਨਵਾਂ ਵੇਰਵਾ ਸੁਣਦਿਆਂ ਸਾਰ ਮੇਰੇ ਵਿਚਲਾ 'ਉਪਦੇਸ਼ਕ' ਪਤਾ ਨਹੀਂ ਕਿੱਧਰ ਗਾਇਬ ਹੋ ਗਿਆ। ਇਹੋ ਜਿਹਾ ਮੈਂ ਕੀ ਸੁਣ ਲਿਆ? ਜਿਸ ਨਾਲ ਮੇਰੇ ਹੋਸ਼ ਹੀ ਉਡ ਗਏ? ਲਓ ਤੁਸੀਂ ਵੀ ਪੜ੍ਹ ਲਓ:

ਜ਼ਿਲਾ ਨਵਾਂਸ਼ਹਿਰ ਦੇ ਇਕ ਪਿੰਡ ਵਿਚ ਗਰੀਬ ਪਰਿਵਾਰ ਦਾ ਵਿਹੜਾ। ਚੂਲੇ 'ਤੇ ਲੱਗੀ ਹੋਈ ਸੱਟ ਕਾਰਨ ਇਕ ਬਜ਼ੁਰਗ ਬਾਬਾ ਮੰਜੇ ਉਪਰ ਲੰਮਾ ਪਿਆ ਹੈ। ਸਰਵਣ ਪੁੱਤ ਵਾਂਗ ਉਸਦੀ ਟਹਿਲ ਸੇਵਾ ਕਰਨ ਵਾਲਾ ਬਾਬੇ ਦਾ ਚੌਦਾਂ-ਪੰਦਰਾਂ ਸਾਲਾਂ ਦਾ ਹੁੰਦੜ-ਹੇਲ ਪੋਤਰਾ ਖਹਿੜੇ ਪਿਆ ਹੋਇਆ, ''ਬਾਬਾ, ਘਰ ਦੇ ਸਾਰੇ ਅੰਮ੍ਰਿਤਸਰ ਮੱਥਾ ਟੇਕਣ ਚੱਲੇ ਐ, ਮੈਨੂੰ ਵੀ ਨਾਲ ਜਾ ਲੈਣ ਦੇਹ?'' ਪਰ ਬਾਬਾ ਅੱਗਿਓਂ ਆਪਣੀ ਖਰਾਬ ਸਿਹਤ ਦਾ ਚੇਤਾ ਕਰਾਉਂਦਿਆਂ ਉਸਨੂੰ ਨਾ ਜਾਣ ਲਈ ਆਖਦਾ ਹੈ। ਪੋਤੇ ਨੂੰ ਅੰਮ੍ਰਿਤਸਰ ਜਾਣ ਦਾ ਚਾਅ ਹੈ। ਇਸ ਲਈ ਉਸਨੇ ਬਾਬੇ ਦੇ ਗਲ ਬਾਹਾਂ ਪਾ ਕੇ ਲਾਡ ਕਰਦਿਆਂ 'ਹਾਂ' ਕਰਵਾ ਲਈ। ਫਟਾਫਟ ਕੱਪੜੇ ਪਾ ਕੇ ਉਨਾਬੀ ਪੱਗ ਬੰਨ੍ਹ ਕੇ, ਬੜੇ ਚਾਅ ਨਾਲ ਪੋਤਾ ਫਿਰ ਬਾਬੇ ਅੱਗੇ ਆ ਖੜ੍ਹਿਆ:

''ਬਾਬਾ ਮੈਨੂੰ ਲੱਗਦੈ ਤੂੰ ਮੇਰੇ ਨਾਲ ਗੁੱਸੇ ਹੋ ਗਿਆ। ਮੈਂ ਇਕ ਵਾਰ ਮੂੰਹੋਂ ਕਿਹਾ ਕਿ 'ਜਾਹ'।''

ਆਪਣੇ ਪੋਤੇ ਦੇ ਇੰਨੇ ਆਗਿਆਕਾਰੀ ਸੁਭਾਅ ਤੋਂ ਖੁਸ਼ ਹੁੰਦਿਆਂ ਮੁਸਕੜੀਏ ਹੱਸਦਾ ਉਹ ਬੋਲਿਆ, ''ਓਏ ਸਹੁਰਿਆ, ਮੈਂ ਨਾਰਾਜ਼ ਨ੍ਹੀਂ, ਤੂੰ ਜਾਹ।''

ਗੱਡੀ ਸੱਲਮੀਂ ਕੀਤੀ ਹੋਈ ਹੋਣ ਕਰਕੇ ਇਸ ਪੋਤੇ ਦੇ ਮੰਮੀ-ਡੈਡੀ, ਚਾਚਾ-ਚਾਚੀ, ਦੋ ਭੈਣਾ, ਇਕ ਭੂਆ, ਦਾਦੀ, ਨਾਨੀ, ਆਂਢ-ਗੁਆਂਢ ਦੇ ਬਹੁਤ ਸਾਰੇ ਬੰਦੇ, ਜਨਾਨੀਆਂ, ਨਿਆਣੇ ਨਿੱਕੇ ਅੰਮ੍ਰਿਤਸਰ ਸ੍ਰੀ ਦਰਬਾਰ ਦੇ ਦਰਸ਼ਨਾ-ਪਰਸਨਾ ਵਾਸਤੇ ਜਾਣ ਲਈ ਤਿਆਰ ਹੋ ਗਏ। ਇਨ੍ਹਾਂ ਸਾਰਿਆਂ ਨੇ ਸ੍ਰੀ ਹਰਿਮੰਦਰ ਸਾਹਿਬ ਪਹੁੰਚ ਕੇ ਗੁਰੂਘਰ ਦੇ ਖੁੱਲ੍ਹੇ ਦਰਦਸ਼ਨ ਦੀਦਾਰੇ ਕੀਤੇ। ਪਵਿੱਤਰ ਸਰੋਵਰ ਵਿਚ ਇਸ਼ਨਾਨ ਕੀਤਾ, ਪ੍ਰਸ਼ਾਦ ਕਰਵਾਇਆ, ਕੀਰਤਨ ਸੁਣਿਆ, ਲੰਗਰ ਛਕਿਆ, ਕੁੜੀਆਂ-ਚਿੜੀਆਂ ਨੇ ਘੰਟਾਘਰ ਪਾਸੇ ਦੀਆਂ ਦੁਕਾਨਾਂ ਤੋਂ ਉਰਾ-ਪਰਾ ਖਰੀਦਿਆ।

ਮਿੱਥੇ ਹੋਏ ਪ੍ਰੋਗਰਾਮ ਮੁਤਾਬਕ ਵਾਪਸੀ ਵੇਲੇ ਇਹ ਸਾਰੇ ਦੁਖ ਭੰਜਨੀ ਬੇਰੀ ਥੱਲੇ ਇਕੱਠੇ ਹੋਏ। ਇਕ ਦੂਜੇ ਨੂੰ ਉਡੀਕਦਿਆਂ ਇਥੇ ਅੱਧਾ ਪੌਣਾ ਘੰਟਾ ਲੱਗ ਗਿਆ। ਬੜੀ ਸ਼ਰਧਾ ਨਾਲ ਪੋਤੇ ਨੇ ਦੁੱਖ ਭੰਜਨੀ ਬੇਰੀ ਦੇ ਕੁਝ ਡਿੱਗੇ ਹੋਏ ਪੱਤੇ ਚੁੱਕੇ ਅਤੇ ਆਪਣੀ ਦਾਦੀ ਨੂੰ ਫੜਾਉਂਦਿਆਂ ਆਖਿਆ, ''ਬੀਬੀ, ਇਹ ਸਾਂਭ ਕੇ ਰੱਖ ਲੈ, ਘਰ ਜਾ ਕੇ ਅਸੀਂ ਗੁਟਕਿਆਂ ਵਾਲੀ ਅਲਮਾਰੀ 'ਚ ਰੱਖਾਂਗੇ।'' ਪਰਿਕਰਮਾ ਵਿਚ ਖਲੋ ਕੇ ਸ੍ਰੀ ਦਰਬਾਰ ਸਾਹਿਬ ਵਲ ਨਮਸਕਾਰ ਕਰਨ ਤੋਂ ਬਾਅਦ ਇਹ ਸਾਰੇ ਖੁਸ਼ੀ-ਖੁਸ਼ੀ ਵਾਪਸ ਪਿੰਡ ਨੂੰ ਚੱਲ ਪਏ।

ਬੰਗਾ-ਗੜ੍ਹਸ਼ੰਕਰ ਰੋਡ 'ਤੇ ਸਥਿਤ ਪਿੰਡ ਖਮਾਚੋਂ ਕੋਲ ਇਨ੍ਹਾਂ ਦੀ ਗੱਡੀ ਪਹੁੰਚ ਗਈ। ਇਥੋਂ ਸਿਰਫ ਅੱਧੇ ਘੰਟੇ ਦੀ ਵਾਟ ਹੀ ਰਹਿ ਗਿਆ ਸੀ, ਇਨ੍ਹਾਂ ਦਾ ਪਿੰਡ ਮਹਿੰਦਪੁਰ। ਪਰ ਕੁਦਰਤ ਨੇ ਇਥੇ ਕਹਿਰ ਵਰਤਾ ਦਿੱਤਾ। ਸਾਹਮਣਿਓਂ ਆਉਂਦੀ ਬੇਕਾਬੂ ਬੱਸ ਇਨ੍ਹਾਂ ਦੀ ਗੱਡੀ 'ਚ ਆ ਵੱਜੀ। ਹਾਦਸਾ ਇਸ ਕਦਰ ਭਿਆਨਕ ਸੀ ਕਿ ਬੇਕਿਸਮਤ ਪੋਤਾ, ਉਸਦੀ ਮੰਮੀ, ਨੌਜਵਾਨ ਭੂਆ, ਨਾਨੀ, ਨਾਨੀ ਦੀ ਭੈਣ ਅਤੇ ਪਿੰਡ ਦੀ ਹੀ ਇਕ ਹੋਰ ਵਰ੍ਹ-ਪ੍ਰਾਪਤ ਲੜਕੀ ਥਾਂ 'ਤੇ ਹੀ ਪੂਰੇ ਹੋ ਗਏ। ਦਰਜਨ ਤੋਂ ਵਧ ਯਾਤਰੀ ਗੰਭੀਰ ਫੱਟੜ ਹੋ ਗਏ।

ਦੁਰਘਟਨਾ ਸਥਾਨ ਤੋਂ ਖਿੱਲਰਿਆ ਪੁਲਰਿਆ ਸਾਮਾਨ ਇਕੱਠਾ ਕਰਕੇ ਘਰੋ-ਘਰੀ ਪਹੁੰਚਾਇਆ ਗਿਆ। ਇਕ ਪੋਤਾ, ਇਕ ਮੁਟਿਆਰ ਧੀ, ਆਪਣੀ ਨੂੰਹ ਗਵਾ ਚੁੱਕੀ ਦਾਦੀ ਨੇ ਰੋਂਦਿਆਂ ਕੁਰਲਾਉਂਦਿਆਂ ਬੈਗ ਫਰੋਲਿਆ। ਵਿਚੋਂ ਨਿਕਲੀ ਪੋਤੇ ਦੀ ਢੱਠੀ ਹੋਈ ਉਨਾਬੀ ਪੱਗ ਅਤੇ ਇਕ ਲਿਫਾਫੇ 'ਚ ਪਾਏ ਹੋਏ ਦੁਖਭੰਜਨੀ ਬੇਰੀ ਦੇ ਪੱਤੇ।

ਮੈਂ ਹੀ ਪਰੋਂ ਪੇ ਤਿਨਕੇ ਉਠਾ ਕਰ<br>ਬੜ੍ਹਾ ਉਧਰ<br>ਬਿਜਲੀ ਕੀ ਜ਼ਦ ਮੇਂ ਵਰਨਾ<br>ਮਿਰਾ ਆਸ਼ੀਆਂ ਨਾ ਥਾ।

ਨਿਊ ਯਾਰਕ ਵਾਲੇ ਦੁਖੀਏ ਪਰਿਵਾਰ ਦੀ ਦਰਦਨਾਕ ਦਾਸਤਾਂ ਪੜ੍ਹਦਿਆਂ ਮੇਰੇ ਜ਼ਿਹਨ ਵਿਚ 'ਭਾਣਾ ਮੰਨਣ' ਦੇ ਉਪਦੇਸ਼ ਤੈਰਨ ਲੱਗ ਪਏ ਸਨ ਪਰ ਦੂਸਰੇ ਪਰਿਵਾਰ ਦੀ ਬਰਬਾਦੀ ਦੀ ਹੈਰਤਅੰਗੇਜ਼ ਵਿਥਿਆ ਸੁਣ ਕੇ ਮੇਰੀਆਂ ਧਾਹਾਂ ਨਿਕਲ ਗਈਆਂ। ਇਨ੍ਹਾਂ ਦੇ ਭਿਆਨਕ ਹਾਦਸੇ ਦੀਆਂ ਅਖ਼ਬਾਰਾਂ 'ਚ ਛਪੀਆਂ ਫੋਟੋਆਂ ਦੇਖਣ ਲਈ ਵੀ ਮੇਰਾ ਹੌਸਲਾ ਨਹੀਂ ਪਿਆ ਕਿਉਂਕਿ ਇਹ ਮੇਰੀ ਅੰਮਾ ਜਾਈ ਭੈਣ ਦਾ ਬਦਨਸੀਬ ਘਰ ਸੀ, ਜਿਥੋਂ ਤਿੰਨ ਅਰਥੀਆਂ 'ਕੱਠੀਆਂ ਨਿਕਲੀਆਂ।

ਗ਼ਮਾਂ ਬਾਝ ਨਾ ਸੀਨੇ ਵਿਚ ਛੇਕ ਪੈਂਦੇ!!

---

ਮਨਦੀਪ ਖੁਰਮੀ ਹਿੰਮਤਪੁਰਾ

# ਵਲੈਤੀ ਫੁੱਫੜ ਦੀ ਓ.ਕੇ.

ਸਾਡੇ ਸਾਰਿਆਂ ਦੇ ਪੈਰ ਧਰਤੀ 'ਤੇ ਨਹੀਂ ਸੀ ਲੱਗ ਰਹੇ ਕਿਉਂਕਿ ਸਾਡੀ ਭੂਆ ਅਤੇ ਫੁੱਫੜ ਜੀ ਇੰਗਲੈਂਡ ਤੋਂ ਜੋ ਆ ਰਹੇ ਸਨ। ਮੇਰੀ ਸੁਰਤ ਸੰਭਲਣ ਤੋਂ ਤਕਰੀਬਨ 12-13 ਸਾਲਾਂ ਮਗਰੋਂ ਆ ਰਹੇ ਸਨ ਭੂਆ-ਫੁੱਫੜ। ਕਈ ਵਾਰ ਉਨ੍ਹਾਂ ਨੇ ਆਪਣੀਆਂ ਫੋਟੋਆਂ ਜ਼ਰੂਰ ਭੇਜੀਆਂ ਸਨ। ਗੋਰੇ ਨਿਛੋਹ ਭੂਆ ਫੁੱਫੜ ਦੀਆਂ ਖਿੜ-ਖਿੜ ਹੱਸਦਿਆਂ ਦੀਆਂ ਫੋਟੋਆਂ ਦੇਖ ਕੇ ਇੰਜ ਲਗਦਾ ਜਿਵੇਂ ਮੈਨੂੰ ਇਹੀ ਕਹਿ ਰਹੇ ਹੋਣ, ''ਪੁੱਤ ਦੀਪ, ਤੂੰ ਵੀ ਖੁਸ਼ ਰਿਹਾ ਕਰ, ਐਤਕੀਂ ਦੀ ਵਾਰੀ ਤੈਨੂੰ ਵੀ ਇੰਗਲੈਂਡ ਵਾਲੇ ਜਹਾਜ਼ ਚੜ੍ਹਾ ਕੇ ਲੈ ਈ ਜਾਣੈ।'' ਇਹ ਗੱਲ ਮੇਰੇ ਦਿਮਾਗ 'ਚ ਤਾਂ ਆਉਂਦੇ ਹੀ, ਮੇਰੇ ਚਾਚੇ ਤੇ ਤਾਏ ਨੂੰ ਵੀ ਸ਼ਾਇਦ ਇਹੀ ਆਸ ਬੱਝੀ ਰਹਿੰਦੀ ਕਿ ਉਨ੍ਹਾਂ ਦੇ ਸਾਹਿਬਜ਼ਾਦਿਆਂ 'ਚੋਂ ਵੀ ਭੂਆ ਕਿਸੇ ਨਾ ਕਿਸੇ ਨੂੰ ਲੈ ਹੀ ਜਾਵੇ।

ਚੱਲੋ ਛੱਡੋ ਇਹ ਗੱਲਾਂ! ਆਪਾਂ ਗੱਲ ਕਰ ਰਹੇ ਸੀ ਕਿ ਭੂਆ-ਫੁੱਫੜ ਜੀ ਆ ਰਹੇ ਹਨ। ਪਰ ਜਿਸ ਦਿਨ ਭੂਆ ਜੀ ਆਏ ਉਸ ਦਿਨ ਭੂਆ ਨੂੰ 'ਇੰਪ੍ਰੈਸ' ਕਰਨ ਲਈ ਸਾਰੇ ਚਾਚੇ-ਤਾਏ ਜਿਹੜੇ ਸਾਡੇ ਨਾਲ ਪਹਿਲਾਂ ਬੋਲਦੇ ਨਹੀਂ ਸਨ ਸਭ ਸਾਡੇ ਘਰ ਗਿਰਝਾਂ ਵਾਂਗ ਇਕੱਠੇ ਹੋ ਗਏ, ਕਿਉਂਕਿ ਭੂਆ-ਫੁੱਫੜ ਦਾ ਉਤਾਰਾ ਸਾਡੇ ਘਰ ਸੀ। ਉਹ ਇਸ ਕਰਕੇ ਕਿ ਭੂਆ ਜੀ ਦੀ ਮਾਤਾ ਭਾਵ ਸਾਡੀ ਦਾਦੀ ਦੀ ਸੇਵਾ ਸੰਭਾਲ ਅਸੀਂ ਜੋ ਕਰ ਰਹੇ ਸਾਂ। ਇਸ ਤੋਂ ਅੱਗੇ ਜੋ ਕੁਝ ਹੋਇਆ, ਜੇ ਨਾ ਪੁੱਛੋ ਤਾਂ ਹੀ ਬਿਹਤਰ ਹੈ। ਕਦੇ ਕਦੇ ਹਾਸਾ ਵੀ ਆਉਂਦੈ ਆਪਣੀ ਬੇਵਕੂਫੀ 'ਤੇ, ਕਦੇ ਕਦੇ ਆਪਣੇ ਵਲੋਂ ਕੀਤੀ ਲੋਹੜਿਆਂ ਦੀ ਖਾਤਿਰਦਾਰੀ 'ਤੇ ਗੁੱਸਾ ਵੀ ਆਉਂਦੈ।

ਜਦੋਂ ਭੂਆ ਜੀ ਆਏ ਤਾਂ ਉਨ੍ਹਾਂ ਦੱਸਿਆ ਕਿ, ''ਤੁਹਾਡੇ ਫੁੱਫੜ ਜੀ ਘੁੰਮਣ ਫਿਰਨ ਅਤੇ 'ਚਿਕਨ' ਦੇ ਬੇਹੱਦ ਸ਼ੌਕੀਨ ਹਨ। ਦੇਖਿਓ ਕਿਤੇ ਮੇਰੀ ਹੱਤਕ ਨਾ ਹੋ ਜਾਏ?'' ਫੇਰ ਕੀ ਸੀ, ਫੁੱਫੜ ਜੀ ਅੱਗੇ ਭੂਆ ਦੇ 'ਨੰਬਰ' ਬਣਾਉਣ ਲਈ ਚੁੱਲ੍ਹੇ ਉੱਪਰ ਮੁਰਗੇ ਰਿੱਝਣ ਲੱਗੇ। ਸ਼ਾਮ ਨੂੰ ਮਹਿਫਲ ਜੁੜਦੀ ਤਾਂ ਚਾਚੇ-ਤਾਏ ਜੇਬ 'ਚੋਂ ਦੁੱਕੀ ਕੱਢਣ ਦੀ ਬਜਾਏ ਮੁਰਗੇ ਉਪਰ ਹੱਲਾ ਬੋਲ ਕੇ ਆਪੋ ਆਪਣੇ ਘਰੀਂ ਜਾ ਸੌਂਦੇ। ਪੈਗ-ਪ੍ਰੈਗ ਤੋਂ ਬਾਅਦ ਖਾਲੀ ਹੋਈਆਂ ਬੋਤਲਾਂ ਤੇ ਡਮ-ਡਮ ਖਾਲੀ ਵੱਜਦੇ ਪਤੀਲੇ ਸਾਡੇ ਪੱਲੇ ਪੈ ਜਾਂਦੇ।

ਖਾਣ ਪੀਣ ਦਾ ਦੌਰ ਹਰ ਰੋਜ਼ ਚਲਦਾ। ਤੀਜੇ ਕੁ ਦਿਨ ਭੂਆ ਜੀ ਨੇ ਕਿਹਾ, ''ਬੇਟਾ ਦੀਪ, ਤੇਰੇ ਫੁੱਫੜ ਜੀ 'ਫੇਮਸ ਪਲੇਸਜ਼' (ਪ੍ਰਸਿੱਧ ਥਾਵਾਂ) 'ਤੇ ਘੁੰਮਣਾ 'ਮੰਗਦੇ' ਨੇ। ਇਸ ਕਰਕੇ ਕਿਸੇ ਗੱਡੀ ਦਾ ਬੰਦੋਬਸਤ ਕਰ ਲੈ।'' ਮੇਰੇ ਦਿਮਾਗ ਵਿਚ ਇਹ ਗੱਲ ਆ ਰਹੀ ਸੀ ਕਿ ਭੂਆ ਜਿਹੜਾ ਖੁੱਲ੍ਹਾ ਖਰਚਾ ਕਰਵਾ ਰਹੀ ਹੈ, ਜਾਂਦੀ ਹੋਈ ਜ਼ਰੂਰ ਮਾੜੀ ਮੋਟੀ ਮਦਦ ਕਰ ਕੇ ਜਾਊ। ਮੈਂ ਆਪ ਹੀ ਬੁਣਤੀਆਂ ਬੁਣੀ ਜਾ ਰਿਹਾ ਸੀ ਕਿ ਜਦੋਂ ਭੂਆ ਪੌਂਡ ਫੜਾਉਣ ਲੱਗੀ ਤਾਂ ਇਕ ਵਾਰ ਜ਼ਰੂਰ 'ਨਾਂਹ' ਕਹੂੰ ਪਰ ਦੂਜੀ ਵਾਰ ਚੁੱਪ ਚਾਪ ਫੜ ਲਾਂਗੇ। ਇਸ ਗੱਲ ਦੀ ਮੈਨੂੰ ਆਸ ਵੀ ਸੀ ਤੇ ਯਕੀਨ ਵੀ ਸੀ ਕਿਉਂਕਿ ਪਿਤਾ ਜੀ ਕਿਹਾ ਕਰਦੇ ਸਨ ਕਿ ਭੂਆ ਉਨ੍ਹਾਂ ਦਾ ਬਹੁਤ 'ਤਿਓਹ' ਕਰਦੀ ਹੁੰਦੀ ਸੀ। ਮੈਂ ਦਿਹਾੜੀ ਦੇ ਹਿਸਾਬ ਨਾਲ ਗੱਡੀ ਕਿਰਾਏ 'ਤੇ ਲੈ ਲਈ। ਗੱਡੀ ਦਾ ਖਰਚਾ ਵੀ ਮੇਰੀ ਜੇਬੋਂ ਹੋਣ ਲੱਗਾ। ਇਥੋਂ ਹੀ ਸ਼ੁਰੂ ਹੋਈ ਹਾਦਸਿਆਂ ਭਰੀ ਦਰਦਨਾਕ ਕਹਾਣੀ। ਫੁੱਫੜ, ਚਾਚਾ-ਚਾਚੀ, ਤਾਇਆ-ਤਾਈ ਸਮੇਤ ਅਸੀਂ ਦਸ ਕੁ ਜਣੇ ਮਸਾਂ ਫਸ ਕੇ ਗੱਡੀ 'ਚ ਬੈਠੇ। ਜਦੋਂ ਕੋਈ ਖਰਚਾ ਕਰਨਾ ਹੁੰਦਾ ਤਾਂ ਚਾਚਾ-ਤਾਇਆ ਜਾਣ ਕੇ ਫੁੱਫੜ ਨਾਲ ਗੱਲੀਂ ਰੁੱਝ ਜਾਂਦੇ। ਅਸੀਂ ਯਾਤਰਾ ਦਾ ਪਹਿਲਾ ਪੜਾਅ ਗੁਰਦੁਆਰਾ ਮਹਿਦੇਆਣਾ ਸਾਹਿਬ ਰੱਖਿਆ। ਰਸਤੇ ਵਿਚ ਜੂਸ ਦੀ ਦੁਕਾਨ ਦੇਖ ਕੇ ਫੁੱਫੜ ਜੀ ਨੇ ਗੱਡੀ ਰੁਕ ਲਈ ਤਾਂ ਸਭ ਦੇ ਕੰਨ ਜਿਹੇ ਖੜ੍ਹੇ ਹੋ ਗਏ। ਜੂਸ ਪੀਣ ਉਪਰੰਤ ਬਿਲ ਦੇਣ ਲਈ ਭੂਆ ਜੀ ਨੇ ਫੁਰਮਾਨ ਜਾਰੀ ਕਰਦਿਆਂ ਕਿਹਾ, ''ਬੇਟਾ ਦੀਪ, ਬਿਲ ਦੇ ਕੇ ਜਲਦੀ ਆ ਜਾਵੀਂ, ਅਸੀਂ ਗੱਡੀ ਕੋਲ ਚਲਦੇ ਆਂ।'' ਮੈਂ ਝਾਕ ਰਿਹਾ ਸੀ ਕਿ ਸ਼ਾਇਦ ਭੂਆ 'ਟੁੱਟੇ' ਪੈਸੇ ਦੇ ਰਹੀ ਹੈ ਪਰ ਐਸਾ ਕੁਝ ਵੀ ਨਾ ਵਾਪਰਿਆ। ਮੈਂ ਬੜੇ ਦੁਖੀ ਹਿਰਦੇ ਨਾਲ ਗਾਂਧੀ ਜੀ ਦੀ ਫੋਟੋ ਵਾਲੇ ਦੋ ਨੋਟ 'ਪੁੰਨ' ਕਰ ਆਇਆ। ਸਫਰ ਬੇਸੁਆਦ ਜਿਹਾ ਲੱਗ ਰਿਹਾ ਸੀ। ਸਾਰੇ ਹੱਸ ਹੱਸ ਗੱਲਾਂ ਕਰ ਰਹੇ ਸਨ ਪਰ ਮੇਰਾ ਦਿਲ ਉਚੀ ਉਚੀ ਚੰਘਿਆੜਾਂ ਮਾਰ ਕੇ ਰੋਣ ਨੂੰ ਕਰ ਰਿਹਾ ਸੀ।

ਉਸਤੋਂ ਬਾਅਦ ਫੁੱਫੜ ਜੀ ਨੇ ਪੈਂਦੀ ਸੱਟੇ ਹੀ ਚੰਡੀਗੜ੍ਹ ਜਾਣ ਦੀ ਇੱਛਾ ਜ਼ਾਹਿਰ ਕੀਤੀ। 'ਫਸੀ ਕੀ ਤਾਂ ਫਟਕਣ ਕੀ' 'ਤੇ ਅਮਲ ਕਰਦਿਆਂ ਆਪਾਂ 'ਸੱਤ ਬਚਨ' ਕਿਹਾ ਤੇ ਗੱਡੀ ਚੰਡੀਗੜ੍ਹ ਵਲ ਨੂੰ ਸਿੱਧੀ ਕਰਵਾ ਦਿੱਤੀ। ਪੈਟਰੋਲ ਪੰਪ ਤੋਂ ਤੇਲ ਪਵਾਉਣ ਲਈ ਜਿਉਂ ਹੀ ਡਰਾਈਵਰ ਨੇ ਬ੍ਰੇਕਾਂ ਮਾਰੀਆਂ ਤਾਂ ਮੇਰਾ ਦਿਲ ਵਿਚਾਰਾ ਚੰਡੀਗੜ੍ਹੋਂ ਹੀ ਹੋ ਮੁੜਨ ਲੱਗਾ। ਤੇਲ ਦਾ ਬਿੱਲ ਦੇਣ ਲਈ ਜਦ ਡਰਾਈਵਰ ਨੇ ਮੇਰਾ ਮੋਢਾ ਹਲੂਣਿਆਂ ਤਾਂ ਗੱਡੀ ਵਿਚ ਕਿਸੇ ਖੰਡਰ ਮਕਾਨ ਵਾਂਗ ਚੁੱਪ ਪਸਰ ਗਈ। ਭੂਆ ਦਾ ਪਰਸ ਦੀ ਜਿੱਪ ਫਿਰ ਨਾ ਖੁੱਲ੍ਹੀ ਤਾਂ ਸ਼ਰਮੋ-ਸ਼ਰਮੀ ਮੈਨੂੰ ਫਿਰ ਬਲੀ ਦਾ ਬੱਕਰਾ ਬਣਨਾ ਪਿਆ। ਵਾਰ ਵਾਰ ਭੂਆ ਦੀ ਹੱਤਕ ਦਾ ਖਿਆਲ ਸਤਾਉਂਦਾ। ਬਿਲ ਦੇ ਕੇ ਮੈਂ ਗੱਡੀ 'ਚ ਬੈਠੇ ਫੁੱਫੜ ਜੀ ਨੂੰ ਸੁਣਾਉਂਦਿਆ ਕਿਹਾ, ''ਫੁੱਫੜ ਜੀ ਮੈਂ ਤੇਲ ਦਾ ਬਿੱਲ ਦੇ ਦਿੱਤੈ।'' ਫੁੱਫੜ ਜੀ ਨੇ ਕੁਝ ਹੋਰ ਨਾ ਬੋਲਦਿਆਂ ਸਿਰਫ 'ਓ.ਕੇ.' ਕਿਹਾ ਤੇ ਫਿਰ ਚੁੱਪ। ਚੰਡੀਗੜ੍ਹ ਪਹੁੰਚੇ ਤਾਂ ਮਹਿੰਗੇ ਸ਼ਹਿਰ 'ਚ ਖਾਣ ਪੀਣ ਦੇ ਖਰਚਿਆਂ ਨੇ ਮੇਰੀ ਜੀਭ ਕਢਾ ਦਿੱਤੀ। ਜਿੱਥੇ ਵੀ ਬਿਲ ਦੇਣਾ ਹੁੰਦਾ ਤਾਂ ਮੈਂ ਦਿੰਦਾ ਤੇ ਫੁੱਫੜ ਦੀ 'ਓ.ਕੇ.' ਸੁਣ ਕੇ ਠੰਢਾ ਸੀਤ ਹੋ ਜਾਂਦਾ। ਦਸਾਂ ਕੁ ਦਿਨਾਂ 'ਚ ਮੇਰੇ ਕੋਲ ਜਿਹੜੇ ਚਾਰ ਧੇਲੇ ਸਨ ਉਹ ਫੁੱਫੜ ਜੀ ਦੀ 'ਓ.ਕੇ.' ਦੀ ਭੇਟ ਚੜ੍ਹ ਗਏ।

ਮੈਂ ਭੂਆ ਨੂੰ ਹੱਤਕ ਤੋਂ ਬਚਾਉਣ ਲਈ ਕਿਸੇ ਤੋਂ 30 ਕੁ ਹਜ਼ਾਰ ਰੁਪਏ ਵਿਆਜੂ ਫੜ ਲਏ। ਫੇਰ ਚਲ ਸੋ ਚਲ। ਨਿੱਤ ਘੁੰਮਣਾ ਘੁਮਾਉਣਾ ਸਾਰਿਆਂ ਦਾ ਪਰ ਬਿਲ ਦੇਣ ਦੀ ਡਿਊਟੀ ਮੇਰੀ ਕੱਲੇ ਦੀ। ਇਸ ਸਭ ਕੁਝ ਦੇ ਬਾਵਜੂਦ ਮੇਰਾ ਦਿਲ ਭੂਆ ਦੀਆਂ ਬੰਦ ਅਟੈਚੀਆਂ ਸਹਾਰੇ ਖੜ੍ਹਾ ਰਹਿੰਦਾ। ਪਤਾ ਨਹੀਂ ਕੀ ਕੀ ਹੋਵੇਗਾ ਉਨ੍ਹਾਂ ਵਿਚ? ਇੰਜ ਲਗਦਾ ਕਿ ਜਿਹੜਾ ਭੂਆ ਨੇ ਆਉਂਦਿਆਂ ਸਾਨੂੰ ਕੁਝ ਨਹੀਂ ਦਿੱਤਾ ਸ਼ਾਇਦ ਜਾਂਦੀ ਹੋਈ ਜ਼ਰੂਰ 'ਸਰਪ੍ਰਾਈਜ਼' ਦੇ ਕੇ ਜਾਊ। ਬੋਤੇ ਦੇ ਬੁੱਲ੍ਹ ਦੇ ਡਿੱਗਣ ਦੀ ਉਡੀਕ ਵਾਂਗ ਮੈਂ ਭੂਆ ਦੀਆਂ ਬੰਦ ਅਟੈਚੀਆਂ ਦੇ ਖੁੱਲ੍ਹਣ ਦੀ ਉਡੀਕ 'ਚ ਹੀ ਫੁੱਫੜ ਦੀ 'ਓ.ਕੇ.' ਸੁਣਦਾ ਰਿਹਾ ਤੇ ਮਜਬੂਰ ਜਿਹਾ ਹੋਇਆ ਖਰਚਾ ਕਰਦਾ ਰਿਹਾ।

ਹੁਣ ਭੂਆ-ਫੁੱਫੜ ਦੇ ਵਾਪਸ ਜਾਣ 'ਚ ਤਿੰਨ ਦਿਨ ਬਾਕੀ ਰਹਿ ਗਏ ਸਨ। ਭੂਆ ਮੈਨੂੰ ਉਪਦੇਸ਼ ਦੇਣ ਲੱਗੀ, ''ਬੇਟਾ ਦੀਪ, ਜ਼ਿੰਦਗੀ ਤਾਂ ਏਧਰ ਈ ਆ, ਓਧਰ ਤਾਂ ਆਦਮੀ ਮਸ਼ੀਨ ਬਣ ਜਾਂਦੈ। ਦੇਖ ਆਪਾਂ ਕਿੰਨਾ 'ਇੰਜੁਆਏ' ਕੀਤਾ, ਕਿੰਨੇ 'ਹੈਪੀ' ਰਹੇ। ਓਧਰ ਤਾਂ 'ਵੀਰ' ਕੰਮ ਤੋਂ ਈ ਵਿਹਲ ਨਹੀਂ ਮਿਲਦੀ।'' ਭੂਆ ਦੀ ਇਹ ਗੱਲ ਸੁਣ ਕੇ ਮੇਰਾ ਇਹ ਭਰਮ ਤਾਂ ਟੁੱਟ ਗਿਆ ਕਿ ਭੂਆ ਮੈਨੂੰ ਇੰਗਲੈਂਡ ਲਿਜਾਣ ਲਈ ਕੋਈ ਚਾਰਾਜੋਈ ਕਰੇਗੀ, ਕਿਉਂਕਿ ਉਹ ਤਾਂ ਮੈਨੂੰ ਇਧਰ ਹੀ 'ਰਾਜਾ' ਬਣ ਕੇ ਰਹਿਣ ਦੀਆਂ ਸਲਾਹਾਂ ਦੇ ਰਹੀ ਸੀ। ਭੂਆ ਦੇ ਦਿੱਲੀ ਏਅਰਪੋਰਟ ਵਾਸਤੇ ਜਾਣ ਲਈ ਦੋ ਘੰਟੇ ਬਾਕੀ ਸਨ। ਗੱਡੀ ਵਾਲੇ ਨਾਲ 4 ਹਜ਼ਾਰ ਰੁਪਏ 'ਚ ਗੱਲ ਹੋਈ। ਤੁਰਨ ਤੋਂ ਪਹਿਲਾਂ ਭੂਆ ਨੇ ਚਾਚੇ-ਤਾਏ ਸਮੇਤ ਸਾਨੂੰ ਸਾਰਿਆਂ ਨੂੰ ਇਕੱਠੇ ਬਿਠਾ ਕੇ ਕਿਹਾ, ''ਤੁਹਾਨੂੰ ਸਾਰਿਆਂ ਨੂੰ ਮਿਲ-ਜੁਲ ਕੇ ਰਹਿੰਦਿਆਂ ਦੇਖ ਕੇ ਬਹੁਤ ਖੁਸ਼ ਹੋਈ ਹਾਂ। ਇਸ ਤਰ੍ਹਾਂ ਹੀ ਪਿਆਰ ਮੁਹੱਬਤ ਨਾਲ ਹੀ ਰਹਿਓ।'' ਉਸ ਤੋਂ ਬਾਅਦ ਰੋਂਦੇ ਜੁਆਕ ਨੂੰ ਖਿਡੌਣਾ ਦੇ ਕੇ ਵਰਾਉਣ ਵਾਂਗ ਸਾਨੂੰ ਸਭ ਨੂੰ ਥੋਕ ਦੇ ਭਾਅ ਲਿਆਂਦੀਆਂ 'ਨੰਬਰਾਂ' ਵਾਲੀਆਂ ਘੜੀਆਂ ਵੰਡ ਦਿੱਤੀਆਂ। ਮੇਰੀ ਸੇਵਾ ਤੋਂ 'ਖੁਸ਼' ਹੋ ਕੇ ਭੂਆ ਨੇ 'ਓਧਰੋਂ' ਲਿਆਂਦੀ ਇਕ ਪੈਂਟ ਵੀ ਮੇਰੀ ਝੋਲੀ ਪਾ ਦਿੱਤੀ।

# ਪੈਸੇ ਲਈ ਕੋਈ ਵੀ ਹੱਦ ਪਾਰ ਕਰ ਸਕਦਾ ਅਮਿਤਾਭ ਬਚਨ


**ਜਤਿੰਦਰ ਪਨੂੰ**

ਕੰਨ ਪੱਕ ਗਏ ਹਨ ਕਈ ਦਿਨਾਂ ਤੋਂ ਅਮਿਤਾਭ ਬੱਚਨ ਬਾਰੇ ਇੱਕ ਜਾਂ ਦੂਜੀ ਕਿਸਮ ਦੀ ਚਰਚਾ ਸੁਣਦਿਆਂ। ਕੁਝ ਟੀਵੀ ਚੈਨਲਾਂ ਵਾਲੇ ਉਸਨੂੰ ਰਾਜਸੀ ਖਹਿਬਾਜ਼ੀ ਦਾ ਪੀੜਤ ਬਣਾ ਕੇ ਪੇਸ਼ ਕਰ ਰਹੇ ਹਨ ਤੇ ਕੁਝ ਹੋਰ ਸੋਨੀਆ ਗਾਂਧੀ ਦੀ ਨਿੱਜੀ ਕਿੜ ਦਾ ਸਤਾਇਆ ਹੋਇਆ ਆਖ ਰਹੇ ਹਨ। ਉਹ ਆਪਣੇ ਪਿਤਾ ਦੀਆਂ ਕਵਿਤਾਵਾਂ ਦੇ ਕੁਝ ਅੰਸ਼ ਇੱਕ ਖਾਸ ਢੰਗ ਨਾਲ ਪੇਸ਼ ਕਰਕੇ ਕਾਂਗਰਸ ਪਾਰਟੀ ਵਾਲਿਆਂ ਨੂੰ ਚਿੜਾਉਣ ਦੀ ਕੋਸ਼ਿਸ਼ ਵੀ ਕਰਦਾ ਹੈ ਤੇ ਆਪਣੇ ਆਪ ਨੂੰ ਮਾਸੂਮ ਅਤੇ ਦੁਖਿਆ ਹੋਇਆ ਬਣਾ ਕੇ ਵੀ ਪੇਸ਼ ਹੁੰਦਾ ਹੈ। ਕਾਂਗਰਸ ਦੇ ਬੁਲਾਰੇ ਉਹਦੇ ਵਿਰੁਧ ਕਿੰਤੂ-ਪ੍ਰੰਤੂ ਕਰੀ ਜਾਂਦੇ ਹਨ ਤੇ ਭਾਰਤੀ ਜਨਤਾ ਪਾਰਟੀ ਵਾਲਿਆਂ ਨੂੰ ਕਾਂਗਰਸ ਦੇ ਕਿੰਤੂ ਉਤੇ ਕਿੰਤੂ ਕਰਨਾ ਸੂਤਰ ਬੈਠਦਾ ਹੈ। ਇੰਜ ਜਾਪਦਾ ਹੈ, ਜਿਵੇਂ ਅਮਿਤਾਭ ਬੱਚਨ ਹੀ ਭਾਰਤੀ ਰਾਜਨੀਤੀ ਦਾ ਕੇਂਦਰ ਬਿੰਦੂ ਬਣ ਗਿਆ ਹੋਵੇ।

ਅਸੀਂ ਉਸ ਭਾਰਤ ਵਿਚ ਰਹਿੰਦੇ ਹਾਂ, ਜਿੱਥੇ ਕਣਕ ਬਾਹਰ ਖੁੱਲ੍ਹੇ ਅਸਮਾਨ ਹੇਠ ਰੁਲਦੀ ਤੇ ਨਸ਼ਟ ਹੁੰਦੀ ਹੈ, ਪਰ ਅਨਾਜ ਦੇ ਗੋਦਾਮ ਇੱਕ ਠੇਕੇਦਾਰ ਨੂੰ ਸ਼ਰਾਬ ਦੀਆਂ ਪੇਟੀਆਂ ਸਾਂਭਣ ਲਈ ਦਿੱਤੇ ਫੜੇ ਗਏ ਹਨ। ਦਿੱਲੀ ਦਾ ਇੱਕ ਮੰਗਤਾ ਹਜ਼ਾਰ ਰੁਪਏ ਰੋਜ਼ ਮੰਗ ਕੇ ਕਮਾ ਲੈਂਦਾ ਹੈ, ਪਰ ਕਾਰਗਿਲ ਦੀ ਜੰਗ ਵਿਚ ਬਾਂਹ ਕਟਵਾ ਆਏ ਫੌਜੀ ਨੂੰ ਭਾਰਤ ਸਰਕਾਰ ਇੱਕ ਹਜ਼ਾਰ ਰੁਪਏ ਮਹੀਨਾ ਦੇ ਕੇ ਸਾਰਨਾ ਚਾਹੁੰਦੀ ਹੈ। ਸਕੂਲਾਂ ਵਿਚ ਅਧਿਆਪਕ ਨਹੀਂ ਲਾਏ ਜਾਂਦੇ, ਪਰ ਬਿਨਾਂ ਅਧਿਆਪਕਾਂ ਤੋਂ ਹੀ ਭਾਰਤ ਸਰਕਾਰ ਇਸ ਦੇਸ਼ ਦੇ ਹਰ ਬੱਚੇ ਨੂੰ ਪੜ੍ਹਨ ਦਾ ਅਧਿਕਾਰ 'ਯਕੀਨੀ' ਬਣਾਉਣ ਦਾ ਐਲਾਨ ਕਰਦੀ ਹੈ। ਪ੍ਰੇਮ ਵਿਆਹ ਕਰਨ ਵਾਲੇ ਇਕ ਮੁੰਡੇ-ਕੁੜੀ ਦੇ ਕਤਲ ਦੇ ਦੋਸ਼ ਵਿਚ ਪੰਜ ਜਣਿਆਂ ਨੂੰ ਫਾਂਸੀ ਦੇ ਹੁਕਮ ਦੀ ਖ਼ਬਰ ਦੇ ਨਾਲ ਹੀ ਇਕ ਹੋਰ ਪ੍ਰੇਮ ਵਿਆਹ ਕਰਨ ਵਾਲੇ ਮੁੰਡੇ-ਕੁੜੀ ਦੇ ਕਤਲ ਦੀ ਖਬਰ ਆ ਜਾਂਦੀ ਹੈ। ਫਸਲਾਂ ਦਾ ਚੱਕਰ ਬਦਲਣ ਲਈ ਬਣਾਈਆਂ ਕਾਰਪੋਰੇਸ਼ਨਾਂ ਦੇ ਕਰੋੜਾਂ ਰੁਪਏ ਨਾਲ ਕੁਝ ਅਫਸਰ ਤੇ ਉਨ੍ਹਾਂ ਦੀ ਔਲਾਦ ਗੁਲਛਰੇ ਉਡਾਉਂਦੇ ਹਨ ਤੇ ਸਰਕਾਰ ਕੇਸ ਦਰਜ ਕਰਨ ਦੀ ਥਾਂ ਸਿਰਫ ਜਾਂਚ ਦਾ ਹੁਕਮ ਦੇਂਦੀ ਹੈ। ਜਿਉਂਦੇ ਲੋਕਾਂ ਦੀ ਜਾਨ ਹਰ ਸਮੇਂ ਖ਼ਤਰੇ ਵਿਚ ਰਹਿੰਦੀ ਹੈ, ਪਰ ਇਕ ਪਾਰਟੀ ਦੇ ਚੋਣ ਨਿਸ਼ਾਨਾਂ ਦੇ ਸੰਗਮਰਮਰ ਦੇ ਬੁੱਤ ਬਣਾ ਕੇ ਉਨ੍ਹਾਂ ਬੁੱਤਾਂ ਦੀ ਰਾਖੀ ਲਈ ਸਰਕਾਰੀ ਖਜ਼ਾਨੇ 'ਚੋਂ ਨਵੀਂ ਫੋਰਸ ਭਰਤੀ ਕੀਤੀ ਜਾਂਦੀ ਹੈ। ਇਹ ਸਭ ਮਸਲੇ ਛੋਟੇ ਮੰਨੇ ਜਾਂਦੇ ਹਨ ਤੇ ਅਮਿਤਾਭ ਬੱਚਨ ਦਾ ਮੁੱਦਾ ਹੀ ਸੌ ਮੁੱਦਿਆਂ ਦਾ ਮੁੱਦਾ ਬਣਾਇਆ ਪਿਆ ਹੈ।

ਅਮਿਤਾਭ ਬੱਚਨ ਫਿਲਮੀ ਜ਼ਿੰਦਗੀ ਦਾ ਨਾਇਕ ਹੈ, ਅਸਲ ਜ਼ਿੰਦਗੀ ਫਿਲਮਾਂ ਤੋਂ ਥੋੜ੍ਹੀ ਨਹੀਂ, ਬਹੁਤ ਵੱਖਰੀ ਹੁੰਦੀ ਹੈ। ਉਸ ਵਲੋਂ ਫਿਲਮਾਂ ਵਿਚ ਨਿਭਾਈਆਂ ਭੂਮਿਕਾਵਾਂ ਲਈ ਉਸਦੀ ਕਲਾ ਦੇ ਅਸੀਂ ਵੀ ਪ੍ਰਸੰਸਕ ਹਾਂ, ਤੇ ਇਹ ਹੋਣਾ ਵੀ ਚਾਹੀਦਾ ਹੈ, ਪਰ ਉਹ ਫਿਲਮ ਜ਼ਿੰਦਗੀ ਵਿਚ ਜਿਹੇ ਅਸੂਲਾਂ ਉਤੇ ਪਹਿਰਾ ਦੇਣ ਦੀਆਂ ਗੱਲਾਂ ਕਰਦਾ ਵੇਖਿਆ ਗਿਆ ਹੈ, ਅਸਲ ਜ਼ਿੰਦਗੀ ਵਿਚ ਉਨ੍ਹਾਂ ਉਤੇ ਟਿਕਿਆ ਦਿਖਾਈ ਨਹੀਂ ਦੇ ਸਕਿਆ। ਜਿਸ ਕਿਸੇ ਨੇ ਵੀ ਉਸ ਨੂੰ ਰਾਜਸੀ ਚੋਗਾ ਸੁੱਟਿਆ, ਉਹ ਚੁਗਣ ਤੁਰ ਪੈਂਦਾ ਰਿਹਾ, ਤੇ ਇਹ ਕੰਮ ਕਰਦਿਆਂ ਉਸਨੇ ਕਦੇ ਚੰਗਾ-ਮਾੜਾ ਪੱਖ ਵੀ ਕਿਸੇ ਪਾਰਟੀ ਦਾ ਨਹੀਂ ਗੌਲਿਆ।

ਪਿਛਲੇ ਮਹੀਨੇ ਉਸ ਨੇ ਵੱਡੇ ਵਿਵਾਦ ਵਿਚ ਆਪਣੇ-ਆਪ ਨੂੰ ਫਸਾ ਲਿਆ। ਮੁੰਬਈ ਵਿਚ ਸਮੁੰਦਰ ਉਤੇ ਨਵੇਂ ਬਣੇ ਇੱਕ ਪੁਲ ਦੇ ਉਦਘਾਟਨ ਮੌਕੇ ਓਥੋਂ ਦੇ ਕਾਂਗਰਸੀ ਮੁੱਖ ਮੰਤਰੀ ਦਾ ਅਮਿਤਾਭ ਬੱਚਨ ਦੇ ਨਾਲ ਸਟੇਜ ਉਤੇ ਬੈਠਣਾ ਉਸਦੀ ਕਾਂਗਰਸ ਪਾਰਟੀ ਨੂੰ ਜਿੰਨਾ ਚੁਭਿਆ, ਉਸਨੂੰ ਅਸੀਂ ਠੀਕ ਨਹੀਂ ਆਖ ਸਕਦੇ। ਚੁਭਣ ਦਾ ਕਾਰਨ ਕਾਂਗਰਸ ਪਾਰਟੀ ਨੇ ਅਮਿਤਾਭ ਬੱਚਨ ਵਲੋਂ ਨਰਿੰਦਰ ਮੋਦੀ ਦੇ ਕਹਿਣ ਉਤੇ ਗੁਜਰਾਤ ਦਾ ਬ੍ਰਾਂਡ ਅੰਬੈਸਡਰ ਬਣ ਜਾਣਾ ਆਖਿਆ ਹੈ। ਇਹ ਕੋਈ ਖਾਸ ਕਾਰਨ ਨਹੀਂ, ਜਿਸ ਲਈ ਏਨੀ ਕੌੜ ਛਾਂਟੀ ਜਾਵੇ। ਅਮਿਤਾਭ ਬੱਚਨ ਗੁਜਰਾਤ ਦਾ ਬ੍ਰਾਂਡ-ਅੰਬੈਸਡਰ ਹੈ, ਨਰਿੰਦਰ ਮੋਦੀ ਦਾ ਨਹੀਂ, ਤੇ ਏਨੀ ਕੁ ਗੱਲ ਲਈ ਜੇ ਉਸਦਾ ਬਾਈਕਾਟ ਕਰਨਾ ਹੈ ਤਾਂ ਫਿਰ ਕਈ ਕਾਰਖਾਨੇਦਾਰ ਹੀ ਨਹੀਂ, ਭਾਰਤ ਦਾ ਸੁਪਰੀਮ ਕੋਰਟ ਦਾ ਮੁੱਖ ਜੱਜ ਵੀ ਨਰਿੰਦਰ ਮੋਦੀ ਨਾਲ ਸਟੇਜ ਸਾਂਝੀ ਕਰ ਚੁੱਕਾ ਹੈ, ਕੀ ਉਹ ਉਹਦਾ ਵੀ ਬਾਈਕਾਟ ਕੀਤਾ ਜਾਵੇਗਾ? ਇੰਜ ਨਹੀਂ ਹੋ ਸਕਦਾ। ਕਾਂਗਰਸ ਵਾਲਿਆਂ ਨੂੰ ਇਸ ਮਾਮਲੇ ਵਿਚ ਇਕ ਹੱਦ ਤੋਂ ਅੱਗੇ ਨਹੀਂ ਵਧਣਾ ਚਾਹੀਦਾ।



ਰਹੀ ਗੱਲ ਅਮਿਤਾਭ ਬੱਚਨ ਦੀ, ਉਹ ਨਿੱਜੀ ਮੁਫਾਦ ਖਾਤਰ ਕਿਸੇ ਵੀ ਹੱਦ ਤੱਕ ਜਾ ਸਕਦਾ ਹੈ। ਰਾਜੀਵ ਗਾਂਧੀ ਨਾਲ ਜੁੜ ਕੇ ਉਸਨੇ ਹੇਮਵਤੀ ਨੰਦਨ ਬਹੁਗਣਾ ਵਿਰੁਧ ਪਾਰਲੀਮੈਂਟ ਦੀ ਚੋਣ ਲੜੀ ਸੀ, ਪਰ ਜਦੋਂ ਉਸ ਦੀ ਇਸ ਤੋਂ ਅੱਗੇ ਦੀ ਚਾਹਤ ਪੂਰੀ ਨਾ ਹੋਈ ਤਾਂ ਨਹਿਰੂ-ਗਾਂਧੀ ਪਰਵਾਰ ਤੋਂ ਪਾਸਾ ਵੱਟ ਗਿਆ ਸੀ। ਫਿਰ ਉਸਨੇ ਕੁਝ ਏਦਾਂ ਦੇ ਗਲਤ ਕਦਮ ਚੁੱਕੇ ਕਿ ਪੈਸੇ ਪੱਖੋਂ ਦਿਨ ਫਾਕੇ ਕੱਟਣ ਦੇ ਆ ਗਏ। ਉਸਨੇ ਇਸ ਮੰਦੇ ਦੌਰ ਵਿਚੋਂ ਨਿਕਲਣ ਲਈ 'ਅਮਿਤਾਭ ਬੱਚਨ ਕਾਰਪੋਰੇਸ਼ਨ ਲਿਮਟਿਡ' ਨਾਂਅ ਦੀ ਕੰਪਨੀ ਖੋਲ੍ਹੀ, ਪਰ ਉਸਦਾ ਪਹਿਲਾ ਸ਼ੋਅ ਹੀ ਹੋਰ ਘਾਟਾ ਵਧਾਉਣ ਵਾਲਾ ਬਣ ਗਿਆ। ਕੰਪਨੀ ਨੂੰ ਤਾਲਾ ਲਾਉਣਾ ਪਿਆ ਤਾਂ ਸਾਰੇ ਪਾਸਿਓਂ ਨਿਰਾਸ਼ ਹੋਏ ਪਏ ਅਮਿਤਾਭ ਦੀ ਮਦਦ ਲਈ ਉਹ ਅਮਰ ਸਿੰਘ ਨਿੱਤਰ ਪਿਆ, ਜਿਹੜਾ ਭਾਰਤੀ ਰਾਜਨੀਤੀ ਦਾ 'ਜੋਕਰ' ਵੀ ਅਖਵਾਉਂਦਾ ਹੈ ਤੇ 'ਦਲਾਲ' ਵਜੋਂ ਵੀ ਭੰਡਿਆ ਜਾਂਦਾ ਹੈ।

ਨਿਯਮਾਂ ਨਾਲੋਂ ਨਿੱਜ ਨੂੰ ਪਹਿਲ ਦੇਣ ਦੇ ਆਦੀ ਹੋ ਚੁੱਕੇ ਅਮਿਤਾਭ ਨੇ ਅਮਰ ਸਿੰਘ ਨਾਲ ਜੋਟੀ ਪਾ ਕੇ ਕਈ ਕੁਝ ਖੱਟਿਆ। ਪਤਨੀ ਜਯਾ ਬੱਚਨ ਨੂੰ ਉੱਤਰ ਪ੍ਰਦੇਸ਼ ਫਿਲਮ ਕਾਰਪੋਰੇਸ਼ਨ ਦੀ ਮੁਖੀ ਬਣਵਾ ਲਿਆ ਤੇ ਫਿਰ ਪਾਰਲੀਮੈਂਟ ਦੀ ਮੈਂਬਰ ਵੀ। ਖੁਦ ਆਪਣੇ ਆਪਨੂੰ ਸਭ ਤੋਂ ਵਧੀਆ ਅਭਿਨੇਤਾ ਵਜੋਂ ਯੂਪੀ ਸਰਕਾਰ ਦਾ ਸਭ ਤੋਂ ਵੱਡਾ ਸਨਮਾਨ ਦਿਵਾ ਲਿਆ ਤਾਂ ਕਿਸੇ ਨੂੰ ਬੁਰਾ ਨਾ ਲੱਗਾ, ਪਰ ਜਦੋਂ ਅਗਲੇ ਸਾਲ ਆਪਣੀ ਪਤਨੀ ਜਯਾ ਤੇ ਫਿਰ ਅਗਲੇਰੇ ਸਾਲ ਪੁੱਤਰ ਅਭਿਸ਼ੇਕ ਨੂੰ ਵੀ ਇਹੋ ਸਨਮਾਨ ਦਿਵਾ ਲਿਆ ਤਾਂ ਹਰ ਪਾਸੇ ਇਨਾਮ ਲੈਣ ਤੇ ਦੇਣ ਵਾਲਿਆਂ ਦੋਵਾਂ ਧਿਰਾਂ ਦੀ ਨੁਕਤਾਚੀਨੀ ਹੋਣ ਲੱਗ ਪਈ ਸੀ। ਇਹਦੇ ਬਾਵਜੂਦ ਅਮਿਤਾਭ ਬੱਚਨ ਨੇ ਮੋੜਾ ਨਾ ਕੱਟਿਆ।

ਪਿਛਲੇ ਮਹੀਨੇ ਜਦੋਂ ਅਮਰ ਸਿੰਘ ਤੇ ਮੁਲਾਇਮ ਸਿੰਘ ਵਿਚਾਲੇ ਵਿੱਥ ਵੀ ਪੈ ਗਈ ਤੇ ਉੱਤਰ ਪ੍ਰਦੇਸ਼ ਦੀ ਰਾਜਨੀਤੀ ਵੀ ਸਮਾਜਵਾਦੀ ਪਾਰਟੀ ਨੂੰ ਪਾਸੇ ਧੱਕ ਕੇ ਬਹੁਜਨ ਸਮਾਜ ਪਾਰਟੀ ਤੇ ਕਾਂਗਰਸ ਦੀਆਂ ਦੋ ਧਿਰਾਂ ਦੇ ਸੰਘਰਸ਼ ਦਾ ਅਖਾੜਾ ਬਣਨ ਤੱਕ ਸੀਮਤ ਹੁੰਦੀ ਜਾਪੀ ਤਾਂ ਅਮਿਤਾਭ ਬੱਚਨ ਤੀਜਾ ਘਰ ਲੱਭਣ ਦੌੜ ਪਿਆ। ਉਸਨੇ ਇਕੋ ਵਕਤ ਇਕ ਪਾਸੇ ਮਾਰਕਸੀ ਲੀਡਰਾਂ 'ਤੇ ਡੋਰੇ ਸੁੱਟ ਕੇ ਉਸ ਨੂੰ ਕੇਰਲਾ ਦਾ ਬ੍ਰਾਂਡ ਅੰਬੈਸਡਰ ਬਣ ਲੈਣ ਦੀ ਕੋਸ਼ਿਸ਼ ਕੀਤੀ , ਦੂਜੇ ਪਾਸੇ ਗੁਜਰਾਤ ਦੀ ਇਸੇ ਹੈਸੀਅਤ ਲਈ ਨਰਿੰਦਰ ਮੋਦੀ ਨੂੰ ਜਾ ਮਿਲਿਆ। ਦੋਵੇਂ ਪਾਸੇ ਇੱਕੋ ਵਕਤ ਸਾਂਝ ਨਹੀਂ ਸੀ ਰਹਿਣੀ, ਇਹ ਗੱਲ ਅਮਿਤਾਭ ਵੀ ਜਾਣਦਾ ਸੀ ਤੇ ਇਸੇ ਕਰ ਕੇ ਦੋਹਰੀ ਚਾਲ ਚੱਲੀ ਸੀ ਕਿ ਇੱਕ ਪਾਸਾ ਮੌਲਦੇ ਸਾਰ ਦੂਜੀ ਧਿਰ ਤੋਂ ਮੂੰਹ ਮੋੜ ਲਵਾਂਗਾ। ਉਸ ਨੂੰ ਇੰਜ ਕਰਨਾ ਹੀ ਨਾ ਪਿਆ, ਨਰਿੰਦਰ ਮੋਦੀ ਦਾ ਨਾਂਅ ਸੁਣ ਮਾਰਕਸੀ ਭਾਈਆਂ ਨੇ ਖੁਦ ਹੀ ਫਾਈਲ ਠੱਪ ਕਰ ਦਿੱਤੀ ਸੀ। ਇਹ ਗੱਲ ਮੋਦੀ ਤੋਂ ਲੈ ਕੇ ਮਾਰਕਸੀਆਂ ਤੱਕ ਕਿਸੇ ਨੇ ਨਾ ਸੋਚੀ ਕਿ 'ਯੂ ਪੀ ਮੇਂ ਦਮ ਹੈ' ਕਹਿ ਕੇ ਜਿਹੜਾ ਅਮਿਤਾਭ ਬੱਚਨ ਮੁਲਾਇਮ ਸਿੰਘ ਦੀ ਬੇੜੀ ਪਾਰ ਨਹੀਂ ਸੀ ਲਾ ਸਕਿਆ, ਇਹਨਾਂ ਨੂੰ ਕਿਹੜਾ ਭਵਸਾਗਰ ਪਾਰ ਕਰਵਾ ਦੇਵੇਗਾ।

ਅਮਿਤਾਭ ਬੱਚਨ ਨੇ ਤਾਂ ਇਹ ਸਾਰਾ ਕੁਝ ਪੈਸੇ ਲਈ ਕੀਤਾ ਸੀ। ਪੈਸੇ ਲਈ ਉਹ 'ਪੱਪੂ ਪਾਸ ਹੋ ਗਿਆ' ਦੀ ਇਸ਼ਤਿਹਾਰਬਾਜ਼ੀ ਵੀ ਕਰਦਾ ਰਿਹਾ ਹੈ ਤੇ ਇਹ ਪ੍ਰਭਾਵ ਆਪਣੀ ਕਲਾ ਆਸਰੇ ਨਹੀਂ, ਆਪਣੀ ਕਮਾਈ ਦੇ ਆਸਰੇ ਕਾਇਮ ਰੱਖਣਾ ਚਾਹੁੰਦਾ ਹੈ ਕਿ ਉਹ ਬਹੁਤ ਵੱਡਾ ਕਲਾਕਾਰ ਹੈ। ਇੱਕ ਵਾਰੀ ਟੀ.ਵੀ ਚੈਨਲਾਂ ਨੇ ਇਹ ਰਿਪੋਰਟ ਪੇਸ਼ ਕਰ ਦਿੱਤੀ ਕਿ ਸ਼ਾਹਰੁਖ ਖਾਨ ਨੇ ਸਭ ਤੋਂ ਵਧ ਇਨਕਮ ਟੈਕਸ ਦਿੱਤਾ ਹੈ, ਉਸਦੀ ਕਮਾਈ ਸਭ ਤੋਂ ਵਧ ਹੈ। ਅਗਲੇ ਦਿਨ ਹੀ ਅਮਿਤਾਭ ਬੱਚਨ ਨੇ ਪੱਤਰਕਾਰਾਂ ਮੂਹਰੇ ਫਾਈਲਾਂ ਤੇ ਟੈਕਸ ਵਾਊਚਰ ਖਿਲਾਰ ਕੇ ਕਿਹਾ ਕਿ ਉਸਦੀ ਆਪਣੀ, ਉਸ ਦੀ ਪਤਨੀ ਜਯਾ ਦੀ, ਪੁੱਤਰ ਅਭਿਸ਼ੇਕ ਤੇ ਨੂੰਹ ਐਸ਼ਵਰਿਆ ਦੀ ਕਮਾਈ ਮਿਲਾ ਕੇ ਕਿਸੇ ਵੀ ਹੋਰ ਤੋਂ ਵੱਧ ਹੈ ਤੇ ਉਨ੍ਹਾਂ ਦੇ 'ਪਰਵਾਰ' ਦਾ ਕੋਈ ਮੁਕਾਬਲਾ ਨਹੀਂ ਕਰ ਸਕਦਾ। ਓਧਰ ਇਕੱਲਾ ਸ਼ਾਹਰੁਖ, ਏਧਰ ਚਾਰ ਜਣਿਆਂ ਦੀ ਕਮਾਈ, 'ਮੁਕਾਬਲਾ' ਤਾਂ ਵਾਕਈ ਨਹੀਂ ਸੀ ਹੋ ਸਕਦਾ, ਪਰ ਏਦਾਂ ਕਰ ਕੇ ਅਮਿਤਾਭ ਨੇ ਇਹ ਸਾਬਤ ਕਰ ਦਿੱਤਾ ਕਿ ਉਸ ਲਈ ਕਲਾ ਨਾਲੋਂ ਕਮਾਈ ਦਾ ਪੱਖ ਵਧ ਅਹਿਮ ਹੈ। ਇਸਦੇ ਬਾਵਜੂਦ ਉਸਨੂੰ 'ਸਦੀ ਦਾ ਮਹਾਂਨਾਇਕ' ਕਿਹਾ ਜਾ ਰਿਹਾ ਹੈ।

ਸਦੀ ਦੇ ਇਸ 'ਮਹਾਂਨਾਇਕ' ਦਾ ਮਜ਼ਾਕ ਉਡਾਉਂਦੇ ਹੋਏ ਇਕ ਦਿਨ ਐਨ ਡੀ ਟੀ ਵੀ ਦੇ ਖਾਸ ਸਿਤਾਰੇ ਵਿਨੋਦ ਦੂਆ ਨੇ ਇੱਕ ਪੁਰਾਣੀ ਘਟਨਾ ਦੀ ਯਾਦ ਦਿਵਾਈ ਹੈ। ਉਸਨੇ ਕਿਹਾ, 'ਜਾਰਜ ਬਰਨਾਰਡ ਸ਼ਾਅ ਨੂੰ ਪੁੱਛਿਆ ਗਿਆ ਸੀ ਕਿ ਹੀਰੋ ਕੌਣ ਹੈ? ਬਰਨਾਰਡ ਨੇ ਕਿਹਾ ਸੀ ਕਿ 'ਹੀਰੋ ਨੈਪੋਲੀਅਨ ਬੋਨਾਪਾਰਟ ਨਹੀਂ, ਆਈਨਸਟਾਈਨ ਹੈ, ਕਿਉਂਕਿ ਨੈਪੋਲੀਅਨ ਬੋਨਾਪਾਰਟ ਨੇ ਆਪਣੀ ਨਿੱਜੀ ਚੌਧਰ ਚਮਕਾਉਣ ਲਈ ਜੰਗਾਂ ਲੜੀਆਂ ਸਨ, ਜਦ ਕਿ ਆਈਨਸਟਾਈਨ ਨੇ ਉਹ ਖੋਜ ਕੀਤੀ ਹੈ, ਜਿਸ ਦਾ ਸਾਰੀ ਮਨੁੱਖਤਾ ਨੂੰ ਲਾਭ ਹੋਣਾ ਹੈ।' ਕੀ ਇਹੋ ਗੱਲ ਅਮਿਤਾਭ ਬੱਚਨ ਬਾਰੇ ਨਹੀਂ ਕਹੀ ਜਾ ਸਕਦੀ?

ਬਹੁਤ ਸਾਰੇ ਕਾਰਨ ਹਨ, ਜਿਨ੍ਹਾਂ ਸਦਕਾ ਅਸੀਂ ਅਮਿਤਾਭ ਬੱਚਨ ਦੀ ਇੱਜ਼ਤ ਕਰਦੇ ਹਾਂ, ਤੇ ਕਰਦੇ ਵੀ ਰਹਾਂਗੇ, ਪਰ ਇਸਦਾ ਇਹ ਮਤਲਬ ਹਰਗਿਜ਼ ਨਹੀਂ ਕਿ ਉਸਦੇ ਕਿਰਦਾਰ ਦਾ ਦੂਜਾ ਪਾਸਾ ਭੁਲਾ ਹੀ ਦਿਤਾ ਜਾਵੇ। ਫਿਲਮਾਂ ਵਿਚ ਜ਼ਿੰਦਗੀ ਦੀਆਂ ਤਲਖ ਹਕੀਕਤਾਂ ਕਾਰਨ ਰੱਬ ਤੋਂ ਬਗਾਵਤ ਕਰਨ ਤੇ ਉਸਨੂੰ ਅਮੀਰਾਂ ਦਾ ਹਮਾਇਤੀ ਹੋਣ ਦੇ ਮਿਹਣੇ ਦੇਣ ਵਾਲਾ ਅਮਿਤਾਭ ਬੱਚਨ ਆਪ ਨੰਗੇ ਪੈਰੀਂ ਕਈ ਕਿਲੋਮੀਟਰ ਪੈਦਲ ਚੱਲ ਕੇ ਉਸ ਮੰਦਰ ਵਿਚ ਮੱਥਾ ਟੇਕਣ ਗਿਆ, ਜਿੱਥੇ ਅਮੀਰ ਲੋਕ ਕਰੋੜਾਂ ਰੁਪਏ ਚੜ੍ਹਾਉਂਦੇ ਹਨ ਤੇ ਜਦੋਂ ਉਹ ਕਰੋੜਾਂ ਵਾਲੇ ਆਉਂਦੇ ਹਨ, ਹਜ਼ਾਰਾਂ ਗਰੀਬ ਲੋਕਾਂ ਦੀ ਕਤਾਰ ਤੋੜ ਕੇ ਉਨ੍ਹਾਂ ਨੂੰ ਦਰਸ਼ਨ ਕਰਵਾਏ ਜਾਂਦੇ ਹਨ, ਜਿਵੇਂ ਬੱਚਨ ਪਰਵਾਰ ਨੂੰ ਵੀ ਕਰਵਾਏ ਗਏ ਸਨ।

ਫਿਰ ਵੀ ਇਹ ਅਮਿਤਾਭ ਦਾ 'ਨਿੱਜੀ ਮਾਮਲਾ' ਕਹਿਕੇ ਛੱਡ ਦੇਈਏ ਤਾਂ ਉਸਦੀ ਡਰਾਮੇਬਾਜ਼ੀ ਵੀ ਘੱਟ ਨਹੀਂ। ਮੁੰਬਈ ਵਿਚ ਦਹਿਸ਼ਤਗਰਦ ਹਮਲੇ ਸਮੇਂ ਉਸ ਨੇ ਇੰਟਰਨੈਟ ਉੱਤੇ ਇਹ ਟਿੱਪਣੀ ਦਰਜ ਕੀਤੀ ਕਿ ਉਹ ਸਾਰੀ ਰਾਤ ਰਿਵਾਲਵਰ ਸਿਰਹਾਣੇ ਰੱਖ ਕੇ ਸੁੱਤਾ ਸੀ। ਇਹ ਉਸਨੇ ਓਦੋਂ ਕੀਤਾ, ਜਦੋਂ ਮੁੰਬਈ ਵਿਚ ਦਹਿਸ਼ਤਗਰਦ ਹਮਲਾ ਹੋਇਆ, ਪਰ ਜਿਸ ਦਿਨ ਦਿਲੀ ਦੇ ਲਾਲ ਕਿਲ੍ਹੇ ਜਾਂ ਪਾਰਲੀਮੈਂਟ ਭਵਨ ਉੱਤੇ ਹਮਲਾ ਹੋਇਆ, ਉਸ ਦਿਨ ਅਮਿਤਾਭ ਬੱਚਨ ਨੇ ਇੰਜ ਨਹੀਂ ਸੀ ਕੀਤਾ। ਕਾਰਨ ਸ਼ਾਇਦ ਇਹ ਕਿ ਮੁੰਬਈ ਦਾ ਤਾਜ ਹੋਟਲ ਉਨ੍ਹਾਂ ਅਮੀਰਾਂ ਦਾ ਟਿਕਣ ਟਿਕਾਣਾ ਹੈ, ਜਿਹੜੇ ਇੱਕ ਲੱਖ ਰੁਪਏ ਇਕ ਰਾਤ ਦਾ ਕਿਰਾਇਆ ਭਰ ਸਕਦੇ ਹਨ। ਜੇ ਅਮਿਤਾਭ ਨੂੰ ਦਹਿਸ਼ਤਗਰਦੀ ਦਾ ਦੁੱਖ ਹੀ ਹੁੰਦਾ ਤਾਂ ਦਿੱਲੀ ਦੇ ਕਨਾਟ ਪਲੇਟ ਜਾਂ ਜਲਗਾਉਂ ਵਿਚ ਹੋਏ ਬੰਬ ਧਮਾਕਿਆਂ ਵੇਲੇ ਵੀ ਰਿਵਾਲਵਰ ਦਾ ਚੇਤਾ ਆ ਜਾਣਾ ਸੀ।

ਅਸੀਂ ਇੱਕ ਹੋਰ ਪੱਖ ਤੋਂ ਵੀ ਵੇਖਣਾ ਚਾਹਾਂਗਾ। ਮੁੰਬਈ ਦੇ ਦਹਿਸ਼ਤਗਰਦ ਹਮਲੇ ਵੇਲੇ ਅਮਿਤਾਭ ਬੱਚਨ ਨੇ ਰਿਵਾਲਵਰ ਸਿਰਹਾਣੇ ਰੱਖ ਲਿਆ, ਜਦੋਂ ਸਾਰਾ ਗੁਜਰਾਤ ਕਤਲਗਾਹ ਬਣਿਆ ਪਿਆ ਸੀ, ਓਦੋਂ ਕਿਉਂ ਨਾ ਰੱਖਿਆ? ਅਮਿਤਾਭ ਕਹੇਗਾ, 'ਮੈਂ ਗੁਜਰਾਤ ਵਿਚ ਨਹੀਂ ਸੀ, ਸਾਰੇ ਤੱਥਾਂ ਦੀ ਜਾਣਕਾਰੀ ਨਹੀਂ ਸੀ।'

ਸਵਾਲ ਅਗਲਾ ਵੀ ਹੈ। ਜਦੋਂ ਇੰਦਰਾ ਗਾਂਧੀ ਦੀ ਹੱਤਿਆ ਮਗਰੋਂ ਤਿੰਨ ਦਿਨ ਦਿੱਲੀ ਵਿਚ ਕਤਲੇਆਮ ਹੁੰਦਾ ਰਿਹਾ ਸੀ, ਉਹ ਮੌਕੇ ਦੇ ਪ੍ਰਧਾਨ ਮੰਤਰੀ ਰਾਜੀਵ ਗਾਂਧੀ ਦਾ ਬਗਲਗੀਰ ਸੀ, ਉਸ ਨੂੰ ਓਦੋਂ ਉਸ ਦੀ ਜ਼ਮੀਰ ਨੇ ਕਿਉਂ ਨਾ ਟੁੰਬਿਆ? ਸਾਫ ਹੈ ਕਿ ਅਮਿਤਾਭ ਬੱਚਨ ਦੀ ਜ਼ਮੀਰ ਉਸਦੀਆਂ ਲੋੜਾਂ ਨੂੰ ਵੇਖਕੇ ਹੀ ਕਦੇ ਕਦਾਈ ਜਾਗਦੀ ਹੈ, ਅੱਗੇ ਪਿੱਛੋਂ ਸੁੱਤੀ ਨਹੀਂ ਹੁੰਦੀ, ਘੇਸਲ ਮਾਰ ਕੇ ਪਈ ਰਹਿੰਦੀ ਹੈ। ਸੁੱਤੇ ਪਏ ਨੂੰ ਤਾਂ ਕੋਈ ਹਲੂਣ ਕੇ ਜਗਾ ਲਵੇਗਾ, ਘੇਸਲ ਮਾਰ ਕੇ ਪਏ ਨੂੰ ਕੌਣ ਜਗਾ ਸਕਦਾ ਹੈ?

ਸਦੀ ਦੇ 'ਮਹਾਂ ਨਾਇਕ' ਅਖਵਾਉਣ ਦੇ ਸ਼ੌਕੀਨ ਅਮਿਤਾਭ ਬੱਚਨ ਨੂੰ ਹਕੀਕਤਾਂ ਦੀ ਧਰਤੀ ਉਤੇ ਉੱਤਰਨਾ ਚਾਹੀਦਾ ਹੈ। ਇਸ ਮੁਲਕ ਵਿਚ ਬਹੁਤ ਸਾਰੇ ਲੋਕ ਹਨ, ਜਿਨ੍ਹਾਂ ਨੇ ਸਿਰਫ ਦੇਸ਼ ਦੀ ਹੀ ਨਹੀਂ, ਸਮੁੱਚੀ ਮਨੁੱਖਤਾ ਦੀ ਭਲਾਈ ਵਿਚ ਅਮਿਣਵਾਂ ਯੋਗਦਾਨ ਪਾਇਆ ਹੋਇਆ ਹੈ, ਪਰ ਉਨ੍ਹਾਂ ਵਿਚੋਂ ਕਿਸੇ ਨੇ ਕਦੇ ਇਹ ਨਹੀਂ ਕਿਹਾ ਕਿ ਸਾਨੂੰ 'ਮਹਾਂ ਨਾਇਕ' ਆਖੋ। ਸ਼ਹੀਦ ਭਗਤ ਸਿੰਘ ਇਸ ਦੇਸ਼ ਦੀ ਹਰ ਨੁੱਕਰ ਦੀ ਜਵਾਨੀ ਦੇ ਖ਼ੂਨ ਦੀ ਧੜਕਣ ਵਧਾਉਣ ਵਾਲੀ ਕੁਰਬਾਨੀ ਕਰ ਗਿਆ। ਚੰਦਰ ਸ਼ੇਖਰ ਅਜ਼ਾਦ ਨੇ ਦੇਸ਼ ਖ਼ਾਤਰ ਆਪਾ ਵਾਰ ਦਿੱਤਾ। ਭਾਰਤ-ਪਾਕਿ ਦਰਮਿਆਨ 1965 ਦੀ ਜੰਗ ਮੌਕੇ ਦੋਵੇਂ ਲੱਤਾਂ ਕਟਵਾ ਬੈਠਾ ਕੈਪਟਨ ਜੋਸ਼ੀ ਨਕਲੀ ਲੱਤਾਂ ਨਾਲ ਨੱਚਣਾ, ਦੌੜਨਾ, ਛਾਲਾਂ ਮਾਰਨਾ ਸਿੱਖਣ ਮਗਰੋਂ ਤਰੱਕੀ ਕਰਦਾ ਮੇਜਰ, ਕਰਨਲ, ਬਰਗੇਡੀਅਰ, ਮੇਜਰ ਜਨਰਲ ਤੇ ਫਿਰ ਲੈਫਟੀਨੈਂਟ ਜਨਰਲ ਬਣਿਆ। ਜਦੋਂ ਵਾਜਪਾਈ ਸਰਕਾਰ ਨੇ ਭਾਰਤ ਦੀਆਂ ਤਿੰਨਾਂ ਫੌਜਾਂ ਦੀ ਯੂਨੀਫਾਈਡ ਕਮਾਂਡ ਕਾਇਮ ਕੀਤੀ, ਪਹਿਲੀ ਵਾਰੀ ਕਾਇਮ ਹੋਈ ਉਸ ਯੂਨੀਫਾਈਡ ਕਮਾਂਡ ਦਾ ਪਹਿਲਾ ਕਮਾਂਡਰ ਉਹ ਦੋਵੇਂ ਲੱਤਾਂ ਤੋਂ ਸੱਖਣਾ ਲੈਫਟੀਨੈਂਟ ਜਨਰਲ ਜੋਸ਼ੀ ਬਣਿਆ। ਇਹ ਸੰਸਾਰ ਇਤਿਹਾਸ ਦੀ ਨਿਵੇਕਲੀ ਮਿਸਾਲ ਸੀ ਕਿ ਲੱਤਾਂ ਤੋਂ ਸੱਖਣਾ ਬੰਦਾ ਸੰਸਾਰ ਦੀ ਦੂਜੀ ਸਭ ਤੋਂ ਵੱਡੀ ਫ਼ੌਜ ਦਾ ਸਾਂਝਾ ਕਮਾਂਡਰ ਬਣੇ। ਇਸ ਦੇ ਬਾਵਜੂਦ ਉਹ ਨਾਇਕ ਵੀ ਨਹੀਂ ਤੇ ਚਾਕਲੇਟਾਂ ਦੀ ਮਸ਼ਹੂਰੀ ਕਰਨ ਵਾਲਾ ਅਮਿਤਾਭ ਬੱਚਨ 'ਮਹਾਂ ਨਾਇਕ' ਹੈ। ਚੰਗਾ ਹੁੰਦਾ ਜੇ ਅਮਿਤਾਭ ਬੱਚਨ ਆਪਣੀ ਭੂਮਿਕਾ ਤੱਕ ਸੀਮਤ ਰਹਿੰਦਾ, ਪਰ ਹੁਣ ਉਹ ਸਿਰਫ ਕਮਾਈ ਪੱਖੋਂ 'ਮਹਾਂ ਨਾਇਕ' ਅਖਵਾ ਸਕਦਾ ਹੈ, ਹਾਲਾਂਕਿ ਇਸ ਪੱਖੋਂ ਵੀ ਉਸਤੋਂ ਵੱਡੇ ਬਥੇਰੇ ਫਿਰਦੇ ਹਨ, ਕਿਰਦਾਰ ਪੱਖੋਂ ਇਸ ਲਕਬ ਦਾ ਹੱਕਦਾਰ ਉਹ ਹਰਗਿਜ਼ ਨਹੀਂ ਰਿਹਾ।

# ਪੰਜਾਬ ਸਰਕਾਰ ਵਲੋਂ ਪੰਚਾਇਤਾਂ 'ਤੇ ਮੁਕੰਮਲ ਕਬਜ਼ੇ ਲਈ ਮੁਹਿੰਮ

**ਚੰਡੀਗੜ੍ਹ :** ਪੰਜਾਬ ਸਰਕਰ ਲਗਭਗ ਚਾਰ ਹਜ਼ਾਰ ਉਨ੍ਹਾਂ ਸਰਪੰਚਾਂ ਨੂੰ ਮੁੜ ਤੋਂ ਸਰਪੰਚ ਬਣਾਉਣ ਦੀ ਤਿਆਰੀ ਕਰ ਰਹੀ ਹੈ, ਜਿਨ੍ਹਾਂ ਕੋਲ ਪਹਿਲਾਂ ਵੀ ਬਹੁਮਤ ਨਹੀਂ ਸੀ ਅਤੇ ਧੱਕੇ ਨਾਲ ਸਰਪੰਚ ਬਣਾਏ ਗਏ ਸਨ। ਸ਼੍ਰੋਮਣੀ ਅਕਾਲੀ ਦਲ ਬਾਦਲ ਹਰ ਹੀਲੇ ਪਿੰਡਾਂ ਵਿਚ ਅਪਣੇ ਸਰਪੰਚ ਠੋਸੀ ਰਖਣਾ ਚਾਹੁੰਦਾ ਹੈ। ਇਹ ਦੋਸ਼ ਪੰਚਾਇਤ ਐਸੋਸੀਏਸ਼ਨ ਪੰਜਾਬ ਨੇ ਬੀਤੀ 30 ਮਾਰਚ ਨੂੰ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਲਗਾਏ।

ਐਸੋਸੀਏਸ਼ਨ ਦੇ ਪ੍ਰਧਾਨ ਸੁਖਦੇਵ ਸਿੰਘ ਅਤੇ ਜਨਰਲ ਸਕੱਤਰ ਯਾਦਵਿੰਦਰ ਸਿੰਘ ਨੇ ਕਿਹਾ ਕਿ ਦੋ ਸਾਲ ਪਹਿਲਾਂ ਪੰਚਾਇਤਾਂ ਦੀਆਂ ਚੋਣਾਂ ਸਮੇਂ ਸਰਕਾਰ ਨੇ ਨੋਟੀਫਿਕੇਸ਼ਨ ਰਾਹੀਂ ਪੰਚਾਇਤ ਐਕਟ 'ਚ ਸੋਧ ਕਰ ਕੇ ਸਰਪੰਚਾਂ ਦੀ ਸਿੱਧੀ ਚੋਣ ਦੀ ਬਜਾਏ ਪੰਚਾਂ ਵਲੋਂ ਸਰਪੰਚਾਂ ਦੀ ਚੋਣ ਦਾ ਪ੍ਰਬੰਧ ਕਰ ਦਿਤਾ। ਇਹ ਵੀ ਸੋਧ ਕਰ ਦਿਤੀ ਕਿ ਚੁਣੇ ਹੋਏ ਸਰਪੰਚ ਵਿਰੁਧ ਦੋ ਸਾਲ ਬਾਅਦ ਬੇਭਰੋਸਗੀ ਦਾ ਮਤਾ ਪੇਸ਼ ਕਰ ਕੇ, ਚੋਣ ਦੁਬਾਰਾ ਹੋ ਸਕੇਗੀ। ਇਹ ਸੋਧ ਵੀ ਕਰ ਦਿਤੀ ਕਿ ਚੋਣ ਸਮੇਂ ਜਿੰਨੇ ਮੈਂਬਰ ਹਾਜ਼ਰ ਹੋਣਗੇ, ਉਨ੍ਹਾਂ ਦੀ ਬਹੁਸੰਮਤੀ ਹੀ ਸਰਪੰਚ ਦੀ ਚੋਣ ਕਰ ਸਕੇਗੀ। ਉਨ੍ਹਾਂ ਦਸਿਆ ਕਿ ਸਰਕਾਰ ਲਗਭਗ ਉਨ੍ਹਾਂ ਚਾਰ ਹਜ਼ਾਰ ਸਰਪੰਚਾਂ ਵਿਰੁਧ ਬੇਵਸਾਹੀ ਦਾ ਮਤਾ ਨਹੀਂ ਪਾਸ ਹੋਣ ਦੇਵੇਗੀ, ਜੋ ਦੋ ਸਾਲ ਪਹਿਲਾਂ ਪੰਚਾਂ ਨੂੰ ਡਰਾ ਧਮਕਾ ਕੇ ਸਰਪੰਚ ਬਣਾਏ ਗਏ ਸਨ।

ਇਸ ਤਰ੍ਹਾਂ ਜੋ ਸਰਪੰਚ ਅਕਾਲੀ ਦਲ ਬਾਦਲ ਨਾਲ ਨਹੀਂ ਚੱਲ ਰਹੇ, ਉਨ੍ਹਾਂ ਵਿਰੁਧ ਬੇਭਰੋਸਗੀ ਦਾ ਮਤਾ ਲਿਆ ਕੇ ਅਤੇ ਸਰਪੰਚਾਂ ਦੇ ਪੱਕੇ ਮੈਂਬਰਾਂ ਨੂੰ ਗ਼ੈਰ-ਹਾਜ਼ਰ ਕਰ ਕੇ ਨਿਰਪੱਖ ਸਰਪੰਚਾਂ ਨੂੰ ਅਹੁਦੇ ਤੋਂ ਹਟਾਇਆ ਜਾ ਸਕਦਾ ਹੈ। ਇਸ ਲਈ ਜੇ ਕੋਈ ਪੰਚ ਬੇਵਸਾਹੀ ਦਾ ਮਤਾ ਲਿਆਵੇਗਾ ਤਾਂ ਉਨ੍ਹਾਂ ਸਾਰੇ ਪੰਚਾਂ ਨੂੰ ਪ੍ਰਸ਼ਾਸਨ ਅਤੇ ਪੁਲਿਸ ਰਾਹੀਂ ਮਜਬੂਰ ਕਰ ਦਿਤਾ ਜਾਵੇਗਾ ਕਿ ਮਤੇ ਤੇ ਵੋਟਾਂ ਸਮੇਂ ਉਹ ਹਾਜ਼ਰ ਹੀ ਨਾ ਹੋਣ। ਕਈਆਂ ਨੂੰ ਡਰਾ ਧਮਕਾ ਕੇ ਕਈਆਂ ਨੂੰ ਪੁਲਿਸ ਵਲੋਂ ਗ੍ਰਿਫਤਾਰ ਕਰ ਕੇ ਸਰਕਾਰੀ ਸਰਪੰਚ ਦੇ ਹੱਕ ਵਿਚ ਭੁਗਤਾਨ ਲਈ ਜਾਂ ਗ਼ੈਰ-ਹਾਜ਼ਰ ਰਹਿਣ ਲਈ ਮਜਬੂਰ ਕਰ ਦਿਤਾ ਜਾਵੇਗਾ। ਉਨ੍ਹਾਂ ਦੋਸ਼ ਲਾਇਆ ਕਿ ਸਰਕਾਰ ਨੇ ਵਿਕਾਸ ਦੇ ਕਾਨੂੰਨਾਂ ਵਿਚ ਜਾਣਬੁੱਝ ਕੇ ਚੋਰ ਮੋਰੀਆਂ ਰਖੀਆਂ ਹਨ ਤਾਂ ਜੋ ਜਦੋਂ ਚਾਹੁਣ ਕਿਸੇ ਵੀ ਪੰਚਾਇਤ ਮੈਂਬਰ ਜਾਂ ਸਰਪੰਚ ਨੂੰ ਮੁਅੱਤਲ ਕਰ ਸਕਣ, ਗ੍ਰਿਫਤਾਰ ਕਰ ਸਕਣ ਅਤੇ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਚਲਣ ਲਈ ਬੇਵਸ ਕਰ ਸਕਣ। ਪਿੰਡਾਂ ਵਿਚ ਵਿਕਾਸ ਦੇ ਕੰਮਾਂ ਲਈ ਸਰਕਾਰ ਨੇ ਦਿਹਾੜੀ 123 ਰੁਪਏ ਰੱਖੀ ਹੈ ਜਦਕਿ ਪਿੰਡਾਂ ਵਿਚ ਮਜ਼ਦੂਰ ਦੀ ਦਿਹਾੜੀ 200 ਰੁਪਏ ਹੈ।

ਇਸ ਤਰ੍ਹਾਂ ਡਿਪਟੀ ਕਮਿਸ਼ਨਰ ਨੇ ਇੱਟਾਂ ਦੀ ਖ਼ਰੀਦ ਕੀਮਤ 2700 ਰੁਪਏ ਪ੍ਰਤੀ ਹਜ਼ਾਰ ਰੱਖੀ ਹੈ ਜਦਕਿ ਬਾਜ਼ਾਰ ਵਿਚ ਇਨ੍ਹਾਂ ਦਾ ਭਾਅ 3500 ਰੁਪਏ ਪ੍ਰਤੀ ਹਜ਼ਾਰ ਹੈ। ਇਸ ਤਰ੍ਹਾਂ ਮਿਸਤਰੀ ਦੀ ਦਿਹਾੜੀ 170 ਰੁਪਏ ਤੈਅ ਕੀਤੀ ਹੈ ਜਦਕਿ ਅਸਲ ਵਿਚ ਮਿਸਤਰੀ ਦੀ ਦਿਹਾੜੀ 300 ਰੁਪਏ ਹੈ। ਉਨ੍ਹਾਂ ਕਿਹਾ ਕਿ ਸਰਪੰਚਾਂ ਜਾਂ ਪੰਚਾਂ ਨੂੰ ਮਜਬੂਰ ਕੀਤਾ ਜਾਂਦਾ ਹੈ ਕਿ ਉਹ ਗਲਤ ਕੰਮ ਕਰਨ ਤੇ ਜਦੋਂ ਜੀਅ ਕਰੇ ਉਨ੍ਹਾਂ ਵਿਰੁਧ ਕੇਸ ਬਣਵਾ ਦਿਤਾ ਜਾਵੇ, ਜਿਨ੍ਹਾਂ ਨੇ ਸਰਕਾਰ ਦੀਆਂ ਹਦਾਇਤਾਂ ਦੀ ਉਲੰਘਣਾ ਕੀਤੀ ਹੋਵੇ।

ਉਨ੍ਹਾਂ ਦਸਿਆ ਕਿ ਸਰਕਾਰ ਵਲੋਂ ਤੈਅ ਕੀਤੇ ਭਾਅ ਉਪਰ ਤਾਂ ਘਟੀਆ ਇੱਟ ਹੀ ਮਿਲੇਗੀ। ਇਸ ਤਰ੍ਹਾਂ ਮਜ਼ਦੂਰ ਅਤੇ ਮਿਸਤਰੀਆਂ ਦੀਆਂ ਦਿਹਾੜੀਆਂ ਦਾ ਖ਼ਰਚਾ ਠੀਕ ਬਣਾਉਣ ਲਈ ਗਲਤ ਬਿਲ ਬਣਾਏ ਜਾਣਗੇ। ਸਰਕਾਰ ਜਦੋਂ ਚਾਹੇ ਇਨ੍ਹਾਂ ਸਰਪੰਚਾਂ ਤੇ ਪੰਚਾਂ ਵਿਰੁਧ ਕਾਰਵਾਈ ਕਰ ਸਕੇਗੀ। ਪੰਚਾਇਤ ਚੋਣ ਕਾਨੂੰਨ ਦੀਆਂ ਊਣਤਾਈਆਂ ਦਸਦਿਆਂ ਉਨ੍ਹਾਂ ਕਿਹਾ ਕਿ ਜਦ ਪ੍ਰਧਾਨ ਮੰਤਰੀ ਅਤੇ ਮੁੱਖ ਮੰਤਰੀ ਦੀ ਸੀਟ ਰਿਜ਼ਰਵ ਨਹੀਂ ਕੀਤੀ ਗਈ ਤਾਂ ਸਰਪੰਚ ਦੀ ਸੀਟ ਕਿਉਂ ਰਿਜ਼ਰਵ ਹੋਵੇ? ਜੇ ਕਿਸੇ ਪੰਚਾਇਤ ਵਿਚ ਬੀਬੀ ਲਈ ਸਰਪੰਚ ਦੀ ਸੀਟ ਰਾਖਵੀਂ ਹੈ ਤਾਂ ਬੇਸ਼ੱਕ ਸਾਰੇ ਪੰਚ ਉਸ ਵਿਰੁਧ ਵੋਟ ਪਾ ਦੇਣ, ਫਿਰ ਵੀ ਇਕੱਲੀ ਬੀਬੀ ਹੀ ਸਰਪੰਚ ਬਣ ਜਾਵੇਗੀ। ਉਸ ਵਿਰੁਧ ਬੇਵਸਾਹੀ ਦਾ ਮਤਾ ਵੀ ਕੰਮ ਨਹੀਂ ਕਰੇਗਾ ਕਿਉਂਕਿ ਬੀਬੀ ਲਈ ਰਾਖਵੀਂ ਸੀਟ 'ਤੇ ਸਰਪੰਚ ਉਹੀ ਬੀਬੀ ਬਣੇਗੀ, ਜੇ ਸਾਰੀ ਪੰਚਾਇਤ ਵਿਚ ਬੀਬੀ ਇਕੱਲੀ ਮੈਂਬਰ ਹੈ।

ਪੰਚਾਇਤ ਆਗੂਆਂ ਨੇ ਦੋਸ਼ ਲਾਇਆ ਕਿ ਸਾਡੇ ਹੱਕ, ਅਫਸਰਾਂ ਕੋਲ ਹਨ ਜੋ ਰਿਸ਼ਵਤ ਤੋਂ ਬਿਨਾਂ ਕੰਮ ਨਹੀਂ ਕਰਦੇ। ਉਨ੍ਹਾਂ ਐਲਾਨ ਕੀਤਾ ਕਿ ਸਰਕਾਰ ਦੇ ਇਨ੍ਹਾਂ ਫੈਸਲਿਆਂ ਵਿਰੁਧ ਜ਼ਿਲ੍ਹਾ ਪੱਧਰਾਂ 'ਤੇ ਧਰਨੇ ਦਿਤੇ ਜਾਣਗੇ। ਉਸ ਤੋਂ ਬਾਅਦ ਸੰਘਰਸ਼ ਦੀ ਰੂਪ ਰੇਖਾ ਤਿਆਰ ਕੀਤੀ ਜਾਵੇਗੀ।

# ਰਾਜਾ ਸਵੀਟਸ ਦੇ ਗਾਹਕਾਂ ਅਤੇ ਸਰਪ੍ਰਸਤਾਂ ਨੂੰ ਖਾਲਸਾ ਪੰਥ ਦੇ ਸਿਰਜਣਾ ਦਿਵਸ ਤੇ ਵਿਸਾਖੀ ਦੀ ਲੱਖ ਲੱਖ ਵਧਾਈ









1275 W Winton Ave
Hayward, CA 94545

Call Makhan Bains or Ravinder Singh for your next party
Or visit us: www.rajasweets.com
CALL TOLL FREE 1-866-FOR RAJA

31853 Alvrado Blvd
Union City, CA 94587


Punjabi Heritage Organization
BAKERSFIELD
Proudly Presents
6ਵਾਂ ਸਾਲਾਨਾ ਸੱਭਿਆਚਾਰਕ ਮੇਲਾ 2010
6th Annual Cultural Event
Sudesh Kumari
Gurpreet Ghugi
Rupinder Handa
Show Host by : Asha Sharma
Surjit Bhullar
Nachattar Gill
Also Featuring Jatinder Jargia
Multi Cultural Event
Sunday, May 2nd, 2010
Multi Cultural Event
1001 Truxtun Ave, Bakersfield CA 93301
Full Day Family Fun Bangra & Gidha
For more Information
Tight Security, No Video Recording Allowed
Pinder Dhillon 661-301-7870
Nindy Dosanjh 661-333-3530
Shiara S Dhindsa 661-703-6664 (Omni Video)
Babbu Gurpal 510-557-9670
DOOR OPEN AT 1:00 PM @ Rabobank Convention Center
PLEASE CALL FOR PARTICIPATION BEFORE APRIL 25th 2010
Designed & Printed by
Quik Signs www.quiksigns.us *661-703-8795 *661-900-7357
singh_tanjit@yahoo.com or manmit5020@yahoo.com

# 18000 ਡਾਲਰ ਦਾ ਇਕੱਠਾ ਹੋਮ ਬਾਇਰ ਟੈਕਸ ਕਰੈਡਿਟ ਸੀਮਤ ਸਮੇਂ ਲਈ

**ਜੱਸੀ ਗਿੱਲ**

ਕੈਲੀਫੋਰਨੀਆ ਦੇ ਮਕਾਨ ਖਰੀਦਦਾਰਾਂ ਲਈ 18,000 ਡਾਲਰ ਦਾ ਫੈਡਰਲ ਅਤੇ ਸਟੇਟ ਟੈਕਸ ਕਰੈਡਿਟ ਕੇਵਲ ਸੀਮਤ ਸਮੇਂ ਲਈ ਹੈ ਅਤੇ 30 ਜੂਨ ਤੋਂ ਬਾਅਦ 8,000 ਡਾਲਰ ਦਾ ਫੈਡਰਲ ਟੈਕਸ ਕਰੈਡਿਟ ਨਹੀਂ ਮਿਲ ਸਕੇਗਾ। 18,000 ਡਾਲਰ ਦਾ ਇਕੱਠਾ ਟੈਕਸ ਕਰੈਡਿਟ



*ਜੱਸੀ ਗਿੱਲ*

ਲੈਣ ਲਈ ਪਹਿਲੀ ਵਾਰ ਮਕਾਨ ਖਰੀਦਣ ਵਾਲੇ ਖਰੀਦਦਾਰ ਨੂੰ 1 ਮਈ 2010 ਤੋਂ ਪਹਿਲਾਂ ਪਹਿਲਾਂ ਆਪਣੀ ਮੁਖ ਰਿਹਾਇਸ਼ ਲਈ ਘਰ ਦੀ ਖਰੀਦ ਵਾਸਤੇ ਬਿਆਨਾਂ ਕਰਨਾ ਪਵੇਗਾ ਅਤੇ ਇਸਦੀ ਕਲੋਜ਼ਿੰਗ 30 ਜੂਨ 2010 ਤਕ ਕਰਨੀ ਪਵੇਗੀ। ਜਿਹੜੇ ਮਕਾਨ ਖਰੀਦਦਾਰ ਪਹਿਲੀ ਵਾਰ ਘਰ ਨਹੀਂ ਖਰੀਦ ਰਹੇ ਉਹ ਉਪਰੋਕਤ ਸਮਾਂ ਹੱਦ ਦੇ ਅੰਦਰ ਅੰਦਰ 16,500 ਡਾਲਰ ਦਾ ਕੁਲ ਟੈਕਸ ਕਰੈਡਿਟ ਲੈ ਸਕਦੇ ਹਨ ਬਸ਼ਰਤੇ ਕਿ ਫੈਡਰਲ ਕਾਨੂੰਨ ਅਧੀਨ ਉਹ ਆਪਣੇ ਮੌਜੂਦਾ ਘਰ ਵਿਚ ਲੰਬੇ ਸਮੇਂ ਤੋਂ ਰਹਿ ਰਹੇ ਹੋਣ ਅਤੇ ਕੈਲੀਫੋਰਨੀਆ ਕਾਨੂੰਨ ਅਧੀਨ ਖਰੀਦੀ ਜਾ ਰਹੀ ਜਾਇਦਾਦ ਦੇ ਉਹ ਪਹਿਲਾਂ ਕਦੇ ਮਾਲਕ ਨਾ ਰਹੇ ਹੋਣ।

ਫੈਡਰਲ ਕਾਨੂੰਨ, ਜਿਸਦੀ ਮਿਆਦ ਜਲਦੀ ਖਤਮ ਹੋਣ ਵਾਲੀ ਹੈ, ਤਹਿਤ ਪਹਿਲੀ ਵਾਰ ਘਰ ਖਰੀਦਣ ਵਾਲਾ ਖਰੀਦਦਾਰ 8000 ਡਾਲਰ ਦਾ ਟੈਕਸ ਕਰੈਡਿਟ ਲੈ ਸਕਦਾ ਹੈ ਅਤੇ ਆਪਣੇ ਮਕਾਨ ਵਿਚ ਲੰਬੇ ਸਮੇਂ ਤੋਂ ਰਹਿ ਰਿਹਾ ਵਿਅਕਤੀ 6500 ਡਾਲਰ ਦਾ ਕਰੈਡਿਟ 30 ਅਪਰੈਲ 2010 ਤਕ ਕੀਤੇ ਗਏ ਕੁਝ ਖਾਸ ਖਰੀਦ ਇਕਰਾਰਨਾਮਿਆਂ ਉਤੇ ਲੈ ਸਕਦਾ ਹੈ ਬਸ਼ਰਤੇ ਕਿ ਐਸਕਰੋ 30 ਜੂਨ 2010 ਤਕ ਕਲੋਜ਼ ਹੋ ਜਾਵੇ। ਇਸਤੋਂ ਇਲਾਵਾ ਨਵੇਂ ਬਣਾਏ ਗਏ ਕੈਲੀਫੋਰਨੀਆ ਕਾਨੂੰਨ ਅਧੀਨ ਕੋਈ ਵੀ ਖਰੀਦਦਾਰ ਪਹਿਲੀ ਵਾਰ ਘਰ ਖਰੀਦਣ ਲਈ ਜਾਂ ਪਹਿਲਾਂ ਕਦੀ ਨਾ ਇਸਤੇਮਾਲ ਕੀਤੀ ਗਈ ਜਾਇਦਾਦ ਖਰੀਦਣ ਵਾਸਤੇ ਖਰੀਦ ਕੀਮਤ ਦਾ 5% ਅਤੇ ਵੱਧ ਤੋਂ ਵੱਧ 10,000 ਡਾਲਰ ਦਾ ਕਰੈਡਿਟ ਲੈ ਸਕਦਾ ਹੈ। ਨਵਾਂ ਕੈਲੀਫੋਰਨੀਆ ਕਾਨੂੰਨ 1 ਮਈ 2010 ਤੋਂ ਪਹਿਲਾਂ ਜਾਂ ਬਾਅਦ ਵਿਚ ਕਲੋਜ਼ ਹੋਣ ਵਾਲੀਆਂ (ਦੇਖੋ Cal. Rev. & Tax Code section 17059.1(a)(4)) ਐਸਕਰੋ ਦੇ ਮਾਮਲੇ ਵਿਚ ਲਾਗੂ ਹੁੰਦਾ ਹੈ। ਕੈਲੀਫੋਰਨੀਆ ਕਾਨੂੰਨ ਆਮ ਤੌਰ ਤੇ ਪਹਿਲਾਂ ਕਦੇ ਇਸਤੇਮਾਲ ਨਾ ਕੀਤੀਆਂ ਗਈਆਂ ਪ੍ਰਾਪਰਟੀਆਂ ਉਪਰ ਐਸਕਰੋ ਕਲੋਜ਼ ਹੋਣ ਤੋਂ ਪਹਿਲਾਂ ਤਕ ਆਪਣੇ ਕਰੈਡਿਟ ਰਾਖਵੇਂ ਰਖਣ ਦੀ ਇਜ਼ਜਤ ਦਿੰਦਾ ਹੈ ਪਰੰਤੂ ਜੋ ਖਰੀਦਦਾਰ ਫੈਡਰਲ ਅਤੇ ਸਟੇਟ ਟੈਕਸ ਕਰੈਡਿਟ ਇਕੱਠੇ ਕਰਨਾ ਲੋਚਦੇ ਹਨ, ਉਹ ਅਜਿਹੇ ਰਾਖਵੇਂਕਰਣ ਲਈ ਸਮਾਂ ਹੱਦ ਦੀਆਂ ਲੋੜਾਂ ਪੂਰੀ ਨਹੀਂ ਕਰ ਸਕਣਗੇ। (ਦੇਖੋ Cal. Rev. & Tax Code section 17059.1(c)(1)(A)) ਹੋਰ ਸ਼ਰਤਾਂ ਅਤੇ ਬੰਦਿਸ਼ਾਂ ਦੋਹਾਂ ਤਰ੍ਹਾਂ ਦੇ ਹੀ ਟੈਕਸ ਕਰੈਡਿਟਾਂ ਉਪਰ ਲਾਗੂ ਹੁੰਦੀਆਂ ਹਨ।

ਹੋਰ ਜਾਣਕਾਰੀ ਹਾਸਲ ਕਰਨ ਲਈ ਕੈਲੀਫੋਰਨੀਆ ਰਿਐਲਟਰ ਐਸੋਸੀਏਸ਼ਨ ਵਲੋਂ ਬਣਾਇਆ ਗਿਆ ਹੋਮ ਬਾਇਰ ਟੈਕਸ ਕਰੈਡਿਟ ਵਾਚਿਆ ਜਾ ਸਕਦਾ ਹੈ ਜਿਸ ਵਿਚ ਸਟੇਟ ਅਤੇ ਫੈਡਰਲ ਟੈਕਸ ਕਾਨੂੰਨ ਦਾ ਸਾਰੰਸ਼ ਨਾਲੋ-ਨਾਲ ਦਿਤਾ ਗਿਆ ਹੈ। ਇਸ ਖਾਤਰ ਸੰਸਥਾ ਦੀ ਵੈਬ ਸਾਈਟ http://qa.car.org ਦੇਖੀ ਜਾ ਸਕਦੀ ਹੈ।

ਸ੍ਰੀ ਜੱਸੀ ਗਿੱਲ ਨਾਲ ਫੋਨ: 510-304-9292 ਉਤੇ ਸੰਪਰਕ ਕੀਤਾ ਜਾ ਸਕਦਾ ਹੈ।

*www.punjabtimesusa.com*






*Visit us on the web:**www.punjabtimesusa.com***

***To Advertise with us call: 847-359-0746***




# ਰੈਸਟੋਰੈਂਟ, ਰਿਟੇਲ ਸਟੋਰ, ਸੈਲੂਨ ਅਤੇ ਹੋਰ ਬਿਜ਼ਨਸਾਂ ਲਈ

## ਬਿਹਤਰੀਨ ਕੈਸ਼ ਰਜਿਸਟਰ

ਸਾਡਾ ਸਿਸਟਮ ਜਰਮਨੀ ਵਿੱਚ ਬਣਿਆ ਹੋਇਆ ਕਿਊਰੀਅਨ ਕੰਪਨੀ ਦਾ ਹੈ

QUORION POS SYSTEM: Q TOUCH 2, CONCERTO. www.quorion.de

For Convenience Store, Billiar Clube, Pizza Parlors Fine Dinning, Fast Food

- Touch Screen
- with linux
- No Windows
- No Fans
- No Hard Drive to Crash
- No Freezing
- No Heating up
- No Moving Parts
- No Headaches
- User Friendly




Think of Speed and Quality
Think of Made in Germany

www.posmb.us




And with our DVRUNLIMITED COMPANY we offer DVR systems and integration of DVR to POS. Also we have just added POSMB PAYMENT SOLUTIONS for your CREDIT CARD, and DEBIT processing.

Free Training and 12 months of Free Technical Support for every Complete POS System.

ਕਾਲ ਕਰੋ: 916-216-4200 Arvinder Sandhu (Tony)

Designed by: QUIK SIGNS 661-703-8795, 661-900-7357



# APNACOM™

CONNECT GLOBALLY

Bangladesh Nepal Pakistan Sri Lanka Australia New Zealand Italy England Kuwait Canada USA UAE

## CALL INDIA

Talk 111 hrs. for only $100 USD (LANDLINE & CELL) BEST DEAL



100 ਡਾਲਰ 'ਚ 111 ਘੰਟੇ
6660 ਮਿਨਟ (LANDLINE & CELL)

Talk 1 minute Pay 1 minute

*RESTRICTIONS APPLY

ਨਵੇਂ ਸਾਲ ਦਾ ਧਮਾਕਾ
5 ਘੰਟੇ ਮੁਫ਼ਤ
ਆਪਣੇ ਦੋਸਤਾਂ, ਸਨੇਹੀਆਂ ਤੇ ਰਿਸ਼ਤੇਦਾਰਾਂ ਨੂੰ ਰੈਫ਼ਰ ਕਰੋ ਅਤੇ ਆਪ ਪਾਓ 5 ਘੰਟੇ ਦਾ ਸਮਾਂ ਮੁਫ਼ਤ।

- ਇਸ ਕਾਰਡ ਦੀ ਕੋਈ ਐਕਸਪਾਇਰੀ ਡੇਟ ਨਹੀਂ।
- ਕੋਈ ਵਾਧੂ Hidden Charges ਅਤੇ Tax ਨਹੀਂ।
- ਗੱਲਬਾਤ ਬਹੁਤ ਸਾਫ਼ ਸਾਫ਼ ਕੀਤੀ ਅਤੇ ਸੁਣਾਈ ਦਿੰਦੀ ਹੈ।
- ਸੈੱਲ ਫੋਨ ਜਾਂ ਲੈਂਡਲਾਈਨ ਤੋਂ ਕਾਲ ਕਰੋ।
- ਅਸੀਂ ਤੁਹਾਡੀ ਭਾਸ਼ਾ 'ਚ ਗੱਲ ਕਰ ਸਕਦੇ ਹਾਂ।
- ਪੂਰੇ ਅਮਰੀਕਾ 'ਚ ਹਰ ਏਰੀਆ ਕੋਡ ਤੋਂ ਐਕਸੈਸ ਦੀ ਸੇਵਾ ਉਪਲਬੱਧ ਹੈ।

Pinless dialing

No Expiration!
No Hidden Charges!
No Connection Fees!
No Monthly fee!

ਹੁਣ ਅਮਰੀਕਾ, ਕੈਨੇਡਾ ਗੱਲਾਂ ਕਰੋ ਸਿਰਫ਼
1/2 ਸੈਂਟ ਪਰ ਮਿਨਟ ਦੇ ਹਿਸਾਬ ਨਾਲ

Special promotional Rate to Call USA, Canada at 1/2 Cent/per minute

We Accept all major Credit Card

1010 Service provided by 1010Talk

Looking for Distributers, Dealers & Agents

Call now : 718 926 6177, 646 443 7979, Fax: 718 441 4114

112-22 Suite # 3F 3rd Floor, 101 Ave. S.Richmond Hill, NewYork-11419
ਗੁਰੂਘਰ ਦੇ ਬਿਲਕੁਲ ਨਾਲ
Email: apnacomdial@gmail.com

Open 7 Days



# Build Your Dream!!!

## Hire a Design Build Team!!! Experienced!!! Licensed!!! Bonded!!!

## Licensed in 3 States, California , Nevada and Arizona

Ace Engineering, Akal Construction and Akal Development is a team which expertise in designing and constructing projects. Following services are provided in house.

ਏਸ ਇੰਜੀਨੀਅਰਿੰਗ, ਅਕਾਲ ਕੰਸਟਰਕਸ਼ਨ ਅਤੇ ਅਕਾਲ ਡਿਵੈਲਪਮੈਂਟ ਪ੍ਰਾਜੈਕਟ ਡਿਜ਼ਾਈਨ ਕਰਨ ਅਤੇ ਉਨ੍ਹਾਂ ਨੂੰ ਨੇਪਰੇ ਚਾੜ੍ਹਨ ਵਾਲੀ ਅਨੁਭਵੀ ਟੀਮ ਹੈ। ਅਸੀਂ ਹੇਠ ਲਿਖੀਆਂ ਸੇਵਾਵਾਂ ਮੁਹੱਈਆ ਕਰਦੇ ਹਾਂ:


Akal Development Inc.
ACE-Akal Office, Las Vegas, NV

### Ace Engineering

Architectural Plans – Site Plan, Floor Plan, Elevations, Details
Land Use Permits- Design Reviews, Use Permits, Zone Changes
Structural Engineering – Roof/Floor Designs, Foundation Designs, Steel, Wood, Masonry, Tilt up Buildings, Retaining Walls
Civil Engineering – Drainage Study, Grading Plans, Utility Plans, Dry Utility Coordination

### Some of the projects finished

Holiday Inn Express and Suites, Frazier Park, CA
Holiday Inn Express and Suites, Fresno , CA
Fairfield Inn and Suites, Kingsberg , CA
Fairfield Inn and Suites, Redding , CA
Hampton Inn and Suites, Reno , NV
Comfort Inn and Suites, Las Vegas , NV
Comfort Inn and Suites, Reno , NV
Holiday Inn Express & Suites, Carson City , NV
Tamba Indian Cusine, Las Vegas Strip, NV
AM/PM Arco Gas Station, Las Vegas , NV
Retail Center , Office Buildings , Parking Structures, Las Vegas , NV

### Akal Development

Project Management – Manage projects through design and construction, plan, schedule and finish projects on time and with in budget.
Experienced in working with Banks construction loan voucher control system.
Managed and Constructed Hotels, Gas Stations, Office Buildings , Restaurants, Custom Homes, Office Warehouse, Retail Centers


Akal Development Inc.
AM/PM Gas Station and Car Wash, Las Vegas, NV

### Contact information

**Jaspal Singh Sidhu, P.E.**
5195 S. Durango Drive, Las Vegas, NV 89113
P (702) 396-5113, 5114
C (702) 429-7355
Jaspal@aceengineering.us
Jaspal@akalconstrucion.us
Web Sites: Aceengineering.us & Akalcosntruction.us

# ਇਕ ਸੰਗੀਤ ਭਰੀ ਸ਼ਾਮ ਪੰਜਾਬ ਟਾਈਮਜ਼ ਦੇ ਨਾਂ

**ਸ਼ਿਕਾਗੋ (ਪੰਜਾਬ ਟਾਈਮਜ਼ ਬਿਊਰੋ):** ਇਥੋਂ ਦੀ ਇਕ ਸਬਰਬ ਸ਼ਾਮਬਰਗ ਦਾ ਸ਼ਾਨਦਾਰ ਬੈਂਕੁਇਟ ਹਾਲ ਇੰਡੀਆ ਹਾਊਸ। 27 ਮਾਰਚ ਦੀ ਸ਼ਾਮ। ਮੌਕਾ ਪੰਜਾਬ ਟਾਈਮਜ਼ ਦੀ 10ਵੀਂ ਵਰ੍ਹੇਗੰਢ ਦਾ ਜਸ਼ਨ। ਮਿਡਵੈਸਟ ਦੀਆਂ ਸਟੇਟਾਂ ਇਲੀਨਾਏ, ਵਿਸਕਾਨਸਿਨ, ਇੰਡੀਆਨਾ, ਮਿਸ਼ੀਗਨ, ਆਇਓਵਾ, ਓਹਾਇਓ ਤੋਂ ਇਲਾਵਾ ਵਰਜ਼ੀਨੀਆ, ਨਿਊ ਯਾਰਕ ਅਤੇ ਕੈਲੀਫੋਰਨੀਆ ਦੀਆਂ ਵੱਖ ਵੱਖ ਸੱਭਿਆਚਾਰਕ ਅਤੇ ਧਾਰਮਿਕ ਸੰਸਥਾਵਾਂ ਦੇ ਨੁਮਾਇੰਦਿਆਂ, ਪੰਜਾਬ ਟਾਈਮਜ਼ ਦੇ ਪਾਠਕਾਂ ਅਤੇ ਪ੍ਰਸ਼ੰਸਕਾਂ ਦਾ ਭਰਵਾਂ ਇਕੱਠ। ਸਰੋਤਿਆਂ ਵਿਚ ਕੈਨੇਡਾ ਅਤੇ ਪੰਜਾਬ ਤੋਂ ਆਏ ਹੋਏ ਕੁਝ ਮਹਿਮਾਨ ਵੀ ਸ਼ਾਮਲ। ਕੈਲੀਫੋਰਨੀਆ ਤੋਂ ਆਏ ਲੋਕ ਗਾਇਕਾਂ ਬੱਬੂ ਗੁਰਪਾਲ, ਰਾਜੇਸ਼ ਰਾਜੂ ਅਤੇ ਸੁਖਵੀਰ ਸੁੱਖ ਤੋਂ ਇਲਾਵਾ ਸਥਾਨਕ ਗਾਇਕਾਂ ਨਿੰਮਾ ਡੱਲੇਵਾਲ, ਸਤਿੰਦਰਪਾਲ ਰਾਜ ਅਤੇ ਪੂਜਾ ਧਾਲੀਵਾਲ ਨੇ ਸਾਫ ਸੁਥਰੀ ਅਤੇ ਸੁਰ 'ਚ ਬੱਝੀ ਗਾਇਕੀ ਦਾ ਕੁਝ ਅਜਿਹਾ ਪਿੜ ਬੱਧਾ



*ਨਿਰਮਲ ਨਿੰਮਾ*

ਕਿ ਸਰੋਤਿਆਂ ਦੇ ਮੂੰਹ ਵਿਚੋਂ ਆਪ ਮੁਹਾਰੇ ਇਹ ਸ਼ਬਦ ਨਿਕਲਣ ਲਗੇ-ਗੀਤ-ਸੰਗੀਤ ਦਾ ਅਜਿਹਾ ਪ੍ਰੋਗਰਾਮ ਚਿਰਾਂ ਬਾਅਦ ਮਾਨਣ ਦਾ ਮੌਕਾ ਬਣਿਆ ਹੈ। ਵਾਰਿਸ ਦੀ ਹੀਰ ਨਾਲ ਸ਼ੂਰੂ ਹੋਏ ਪ੍ਰੋਗਰਾਮ ਦੌਰਾਨ ਮਿਰਜ਼ਾ ਵੀ ਗਾਇਆ ਗਿਆ ਅਤੇ ਛੱਲਾ ਵੀ। ਸੋਨੇ 'ਤੇ ਸੁਹਾਗਾ ਰਿਹਾ-ਬੱਬੂ, ਰਾਜੂ ਅਤੇ ਸੁੱਖ ਵਲੋਂ ਰਲ ਕੇ ਗਾਈ ਗਈ ਬਿਲਕੁਲ ਨਵੇਂ ਅੰਦਾਜ਼ ਦੀ ਕਲੀ।

ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ-ਸਿਨਸਿਨੈਟੀ ਦੀ ਨੁਮਾਇੰਦਗੀ ਕਰਨ ਆਏ ਸੁਰਜੀਤ ਸਿੰਘ ਮਾਵੀ ਅਤੇ ਹਰਿੰਦਰ ਸਿੰਘ



*ਸਤਿੰਦਰਪਾਲ ਸਿੰਘ ਰਾਜ*

ਵਾਲੀਆ ਆਖ ਰਹੇ ਸਨ, 'ਬਈ ਇਹ ਤੇ ਪੰਜਾਬ ਵਿਚ ਹੁੰਦੇ ਯੂਥ ਫੈਸਟੀਵਲਾਂ ਵਾਲਾ ਨਜ਼ਾਰਾ ਬੱਝ ਗਿਆ'। ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ-ਮਿਸ਼ੀਗਨ ਦੀ ਨੁਮਾਇੰਦਗੀ ਕਰਨ ਲਈ ਡਿਟਰਾਇਟ ਤੋਂ ਚੱਲ ਕੇ ਆਏ ਕਰਨ ਗਿੱਲ ਦਾ ਕਹਿਣਾ ਸੀ, ਬਈ ਰੰਗ ਬੱਝ ਗਿਆ, ਸਵਾਦ ਆ ਗਿਆ। ਮਿਲਵਾਕੀ ਤੋਂ ਆਇਆ ਕੁਲਵਿੰਦਰ ਧਾਲੀਵਾਲ ਆਖ ਰਿਹਾ ਸੀ, ਇਹ ਗਾਇਕ ਭਲਾ ਪੰਜਾਬ ਤੋਂ ਸ਼ੋਅ ਕਰਨ ਆਉਂਦੇ ਗਾਇਕਾਂ ਨਾਲੋਂ ਕਿਹੜੀ ਗੱਲੋਂ ਘੱਟ ਹਨ, ਜੇ 'ਘਰ ਦਾ ਜੋਗੀ ਜੋਗੜਾ, ਬਾਹਰ ਦਾ ਜੋਗੀ ਸਿੱਧ' ਵਾਲੀ ਗੱਲ ਨਾ ਹੋਵੇ ਤਾਂ ਇਹ ਉਨ੍ਹਾਂ ਵਿਚੋਂ ਬਹੁਤਿਆਂ ਨਾਲੋਂ ਚਾਰ ਨਹੀਂ ਸਗੋਂ ਅੱਠ ਰੱਤੀਆਂ ਵੱਧ ਹੀ ਹਨ, ਫਰਕ ਸਿਰਫ ਇਨਾ ਹੈ ਕਿ ਉਹ ਪੈਸੇ ਬਹੁਤੇ ਲੈਂਦੇ ਹਨ ਅਤੇ ਇਹ ਘੱਟ ਵਿਚ ਸਾਰ ਲੈਂਦੇ ਹਨ। ਸਪਰਿੰਗਫੀਲਡ, ਓਹਾਇਓ ਤੋਂ ਆਏ ਸ. ਅਵਤਾਰ ਸਿੰਘ ਉਮਦਾ ਗਾਇਕੀ ਤੋਂ ਐਡੇ ਪ੍ਰਭਾਵਿਤ ਹੋਏ ਕਿ ਉਹ ਗਾਇਕਾਂ ਅਤੇ ਸਾਜ਼ੀਆਂ ਤੋਂ ਨੋਟ ਵਾਰ ਵਾਰ ਸੁੱਟੀ ਜਾ ਰਹੇ ਸਨ।

ਪ੍ਰੋਗਰਾਮ ਦੇ ਆਰੰਭ ਵਿਚ ਕੈਲੀਫੋਰਨੀਆ ਤੋਂ ਆਏ ਅਤੇ ਪੰਜਾਬ ਟਾਈਮਜ਼ ਨਾਲ ਲੰਮੇ ਸਮੇਂ ਤੋਂ ਜੁੜੇ ਸ. ਐਸ.ਪੀ. ਸਿੰਘ ਨੇ ਪੰਜਾਬ ਟਾਈਮਜ਼ ਦੇ 10 ਸਾਲਾਂ ਦੇ ਸਫਰ ਦੀ ਗੱਲ ਕਰਦਿਆਂ ਆਖਿਆ ਕਿ ਅਖਬਾਰੀ ਕਾਰੋਬਾਰ ਆਮ ਕਾਰੋਬਾਰਾਂ ਵਰਗਾ ਕਾਰੋਬਾਰ ਨਹੀਂ ਹੈ। ਇਕ ਕਾਰੋਬਾਰ ਹੁੰਦਿਆਂ ਵੀ ਅਖਬਾਰ ਨੇ ਇਸ ਤੋਂ



***ਪੰਜਾਬ ਟਾਈਮਜ਼ ਦੇ ਸਲਾਹਕਾਰ ਬੋਰਡ ਦੇ ਮੈਂਬਰ (ਖੱਬਿਓਂ ਸੱਜੇ) ਜੈ ਦੇਵ ਸਿੰਘ ਭੱਠਲ, ਸਰਵਣ ਸਿੰਘ ਟਿਵਾਣਾ, ਗਾਇਕ ਨਿੰਮਾ, ਰਾਜਿੰਦਰ ਸਿੰਘ ਬੈਂਸ, ਸ਼ਮਸ਼ੇਰ ਸਿੰਘ ਬੋਪਾਰਾਏ, ਹਰਦਿਆਲ ਸਿੰਘ ਦਿਓਲ, ਸੰਨੀ ਧੂੜ, ਸਵਰਨਜੀਤ ਸਿੰਘ ਢਿੱਲੋਂ, ਮਨਜੀਤ ਸਿੰਘ ਗਿੱਲ, ਬਲਵਿੰਦਰ ਸਿੰਘ ਸੰਧੂ, ਪ੍ਰੋ. ਜੋਗਿੰਦਰ ਸਿੰਘ ਰਮਦੇਵ, ਅਮੋਲਕ ਸਿੰਘ ਗਾਖਲ ਅਤੇ ਜਗਦੀਸ਼ਰ ਸਿੰਘ ਕਲੇਰ।***

ਉਪਰ ਉਠ ਕੇ ਸਮਾਜ ਨੂੰ ਉਸਾਰੂ ਸੇਧ ਦੇਣੀ ਹੁੰਦੀ ਹੈ। ਮੈਨੂੰ ਇਹ ਕਹਿਣ ਵਿਚ ਜਰਾ ਵੀ ਸੰਕੋਚ ਨਹੀਂ ਕਿ ਪੰਜਾਬ ਟਾਈਮਜ਼ ਨੇ ਇਹ ਜ਼ਿੰਮੇਵਾਰੀ ਨਿਭਾਈ ਹੈ। ਖਰੀ ਗੱਲ ਕਹਿੰਦਿਆਂ ਕਾਰੋਬਾਰੀ ਪੱਖ ਤੋਂ ਨੁਕਸਾਨ ਵੀ ਹੁੰਦਾ ਹੈ ਪਰ ਪੰਜਾਬ ਟਾਈਮਜ਼ ਨੇ ਬੇਬਾਕੀ ਨਾਲ ਬੇਲਾਗ ਪੱਤਰਕਾਰੀ



***ਸ੍ਰੀ ਸੰਨੀ ਧੂੜ, ਐਸ ਪੀ ਸਿੰਘ, ਸੁਰਿੰਦਰ ਸਿੰਘ ਗਰਚਾ, ਗੁਰਮਖ ਸਿੰਘ ਭੁੱਲਰ, ਬੀਬੀ ਜਸਵਿੰਦਰ ਕੌਰ***

ਕਰਦਿਆਂ ਇਸ ਨੁਕਸਾਨ ਦੀ ਕਦੇ ਪਰਵਾਹ ਨਹੀਂ ਕੀਤੀ। ਮੈਂ ਸਮਝਦਾ ਹਾਂ ਕਿ ਇਸੇ ਕਰਕੇ ਪਾਠਕ ਇਸ ਅਖਬਾਰ ਦੀ ਕਦਰ ਕਰਦੇ ਹਨ। ਸ. ਐਸ.ਪੀ. ਸਿੰਘ ਨੇ ਪੰਜਾਬ ਟਾਈਮਜ਼ ਦੀ 10ਵੀਂ ਵਰ੍ਹੇਗੰਢ ਵਿਚ ਸ਼ਾਮਲ ਹੋਏ ਪਾਠਕਾਂ ਤੇ ਪ੍ਰਸ਼ੰਸਕਾਂ ਨੂੰ ਸੱਦਾ ਦਿੱਤਾ ਕਿ ਇਸ ਅਖਬਾਰ ਦੀ ਮਾਲੀ ਪੱਖੋਂ ਭਰਵੀ ਮਦਦ ਕੀਤੀ ਜਾਵੇ ਤਾਂ ਜੋ ਇਹ ਆਪਣੇ ਰਾਹ 'ਤੇ ਸਾਬਤ ਕਦਮੀਂ ਚਲਦਾ ਰਹੇ।

ਗੁਰਦੁਆਰਾ ਸਿੰਘ ਸਭਾ ਮਿਸ਼ੀਗਨ, ਕੈਂਟਨ ਦੇ ਸਾਬਕਾ ਪ੍ਰਧਾਨ ਭਾਈ ਸੁਰਿੰਦਰ ਸਿੰਘ ਗਰਚਾ ਨੇ ਆਪਣੇ ਸੰਖੇਪ ਜਿਹੇ ਸੰਬੋਧਨ ਵਿਚ ਪੰਜਾਬ ਟਾਈਮਜ਼ ਵਲੋਂ ਧੜੇਬੰਦੀ ਅਤੇ ਰਾਜਨੀਤਕ ਵਿਚਾਰਧਾਰਾਵਾਂ ਤੋਂ ਨਿਰਲੇਪ ਰਹਿ ਕੇ ਕੀਤੀ ਜਾ ਰਹੀ ਪੱਤਰਕਾਰੀ ਦੀ ਭਰਵੀਂ ਸ਼ਲਾਘਾ ਕਰਦਿਆਂ ਆਖਿਆ ਕਿ ਸਾਨੂੰ ਮਾਣ ਹੈ ਕਿ ਅਸੀਂ ਇਸ ਅਖਬਾਰ ਨਾਲ ਜੁੜੇ ਹੋਏ ਹਾਂ। ਇਸ ਵਿਚ ਜਿਥੇ ਵਿਸ਼ਲੇਸ਼ਣਾਤਮਕ ਰਿਪੋਰਟਾਂ ਪੜ੍ਹਨ ਨੂੰ ਮਿਲਦੀਆਂ ਹਨ ਉਥੇ ਚੰਗੀ ਕਿਸਮ ਦਾ ਸਾਹਿਤ ਵੀ ਪੜ੍ਹਨ ਨੂੰ ਮਿਲਦਾ ਹੈ। ਤਰਲੋਚਨ ਸਿੰਘ ਦੁਪਾਲਪੁਰ ਦਾ ਕਾਲਮ ਲਿਖਤੁਮ, ਅਸ਼ੋਕ ਭੌਰੇ ਦਾ ਗੱਲੀਂ-ਬਾਤੀਂ, ਬਲਜੀਤ ਬਾਸੀ ਦਾ ਏਨੀ ਕੁ ਬਾਤ, ਮੇਜਰ ਕੁਲਾਰ ਦਾ ਮੂੰਹ ਆਈ ਬਾਤ, ਜਸਵੰਤ ਸਿੰਘ ਸ਼ਾਦ ਦਾ ਤਿਰਛੀ ਨਜ਼ਰ, ਸਵਰਨ ਟਹਿਣੇ ਦੀਆਂ ਪੰਜਾਬੀ ਗੀਤ-ਸੰਗੀਤ ਬਾਰੇ ਰਿਪੋਰਟਾਂ ਅਤੇ ਪ੍ਰੋ ਕੁਲਵੰਤ



*ਸੁਖਵੀਰ ਸੁੱਖ*

ਸਿੰਘ ਰੋਮਾਣਾ ਦੀ ਸ਼ੈਰੀ ਦੀ ਡਾਇਰੀ ਪਾਠਕਾਂ ਲਈ ਵਿਸ਼ੇਸ਼ ਖਿਚ ਰਖਦੇ ਹਨ।

ਪੰਜਾਬ ਟਾਈਮਜ਼ ਦੀ ਐਡਵਾਇਜ਼ਰੀ ਕਮੇਟੀ ਦੇ ਮੈਂਬਰ ਅਤੇ ਪੰਜਾਬੀ ਕਲਚਰਲ ਸੁਸਾਇਟੀ ਮਿਸ਼ੀਗਨ ਦੇ ਚੇਅਰਮੈਨ ਤੇ ਮਿਸ਼ੀਗਨ ਡੈਮੋਕਰੈਟ ਪਾਰਟੀ ਦੇ ਆਗੂ ਸ੍ਰੀ ਸੰਨੀ ਧੂੜ ਨੇ ਪੰਜਾਬ ਟਾਈਮਜ਼ ਬਾਰੇ ਕਿਹਾ ਕਿ ਇਸ ਸਮੇਂ ਅਮਰੀਕਾ ਵਿਚ ਡੇਢ ਦਰਜਨ ਤੋਂ ਵੱਧ ਹਫਤਾਵਾਰੀ ਅਖਬਾਰ ਛਪਦੇ ਹਨ ਪਰ ਪੰਜਾਬ ਟਾਈਮਜ਼ ਦਾ ਕੱਦ-ਕਾਠ ਉਨ੍ਹਾਂ ਸਭ ਤੋਂ ਅਲੱਗ ਹੈ।

ਇਸ ਤੋਂ ਪਹਿਲਾਂ ਮੰਚ ਸੰਚਾਲਕ ਸ. ਗੁਰਮੁਖ ਸਿੰਘ ਭੁੱਲਰ ਨੇ ਪੰਜਾਬ ਟਾਈਮਜ਼ ਦੇ ਸਫਰ ਦੀ ਗੱਲ ਕਰਦਿਆਂ ਕਿਹਾ ਕਿ ਇਸ ਵੇਲੇ ਪੰਜਾਬ ਟਾਈਮਜ਼ ਸ਼ਿਕਾਗੋ ਅਤੇ ਸੈਨ ਫਰਾਂਸਿਸਕੋ ਦੋ ਥਾਵਾਂ ਤੋਂ ਨਾਲੋ ਨਾਲ ਛਪਦਾ ਹੈ ਅਤੇ ਅਮਰੀਕਾ



*ਮੋਹਨ ਸਿੰਘ ਢੋਲੀ*

ਦੀਆਂ ਕਰੀਬ 38 ਸਟੇਟਾਂ ਵਿਚ ਪਹੁੰਚਦਾ ਹੈ। ਵੈਬਸਾਈਟ ਰਾਹੀਂ ਇਸ ਦੇ ਪਾਠਕ ਦੁਨੀਆਂ ਭਰ ਵਿਚ ਹਨ। ਇਸ ਦੇ ਸਥਾਈ ਕਾਲਮ ਕੈਨੇਡਾ, ਇੰਗਲੈਂਡ ਅਤੇ ਅਸਟਰੇਲੀਆ ਵਿਚ ਛਪਦੇ ਪੰਜਾਬੀ ਅਖਬਾਰਾਂ ਵਲੋਂ ਉਧਾਰੇ ਲੈ ਕੇ ਛਾਪੇ ਜਾਂਦੇ ਹਨ। ਪਿਛਲੇ ਕੁਝ ਸਮੇਂ ਵਿਚ ਪੰਜਾਬ ਟਾਈਮਜ਼ ਨੇ ਈਸਟ ਕੋਸਟ ਵਾਲੇ ਪਾਸੇ ਨਿਊ ਯਾਰਕ, ਨਿਊ ਜਰਸੀ ਇਲਾਕੇ ਵਿਚ ਵੀ ਪੈਰ ਪਸਾਰੇ ਹਨ ਅਤੇ ਜਲਦ ਹੀ ਉਸ ਇਲਾਕੇ ਲਈ ਇਕ ਵੱਖਰਾ ਐਡੀਸ਼ਨ ਆਰੰਭ ਕੀਤਾ ਜਾਏਗਾ।

ਮੁੱਖ ਮਹਿਮਾਨ ਅਤੇ ਪ੍ਰਸਿਧ ਕਬੱਡੀ ਪ੍ਰੋਮੋਟਰ ਸ੍ਰੀ ਅਮੋਲਕ ਸਿੰਘ ਗਾਖਲ ਨੇ ਭਰੋਸਾ ਦਿੱਤਾ ਕਿ ਉਹ ਇਸ ਗੱਲ ਨੂੰ ਯਕੀਨੀ ਬਣਾਉਣਗੇ ਕਿ ਪੰਜਾਬ ਟਾਈਮਜ਼ ਨੂੰ ਕਿਸੇ ਵੀ ਵਕਤ ਮਾਲੀ ਤੌਰ 'ਤੇ ਕੋਈ ਤੰਗੀ ਪੇਸ਼ ਨਾ ਆਵੇ।

ਪੰਜਾਬ ਟਾਈਮਜ਼ ਦੇ ਸੰਪਾਦਕ ਸ੍ਰੀ ਅਮੋਲਕ ਸਿੰਘ ਜੰਮੂ ਨੇ ਆਏ ਮਹਿਮਾਨਾਂ ਦਾ ਧੰਨਵਾਦ ਕਰਦਿਆਂ ਆਖਿਆ ਕਿ ਪੰਜਾਬ ਟਾਈਮਜ਼ ਅੱਜ ਜਿਸ ਵੀ ਮੁਕਾਮ 'ਤੇ ਹੈ ਉਹ ਇਸ ਦੇ ਪਾਠਕਾਂ ਅਤੇ ਪ੍ਰਸ਼ੰਸਕਾਂ ਦੀ ਹੱਲਾਸ਼ੇਰੀ ਕਰਕੇ ਹੀ ਹੈ। ਉਨ੍ਹਾਂ ਇਹ ਵੀ ਕਿਹਾ ਕਿ ਪੰਜਾਬ ਟਾਈਮਜ਼ ਇਕ ਸੰਸਥਾ ਬਣ ਚੁੱਕਾ ਹੈ ਅਤੇ ਕਿਸੇ ਸ਼ਖਸੀਅਤ ਦਾ ਮੁਥਾਜ ਨਹੀਂ ਰਿਹਾ। ਇਹ ਕਾਫਲਾ ਤੁਹਾਡੇ ਸਭ ਦੇ ਸਹਿਯੋਗ ਨਾਲ ਚੱਲਦਾ ਹੀ ਰਹੇਗਾ। ਉਨ੍ਹਾਂ ਸ੍ਰੀ ਬਲਕਾਰ ਸਿੰਘ ਢਿੱਲੋਂ ਦਾ ਵੀ ਵਿਸ਼ੇਸ਼ ਧੰਨਵਾਦ ਕੀਤਾ ਜਿਨ੍ਹਾਂ ਦੇ ਸਹਿਯੋਗ ਨਾਲ ਇਹ ਪਰਚਾ ਸ਼ੁਰੂ ਕੀਤਾ ਗਿਆ ਸੀ।

ਬੱਬੂ ਗੁਰਪਾਲ ਨੇ ਗਾਇਕੀ ਦੇ ਪਿੜ ਦਾ ਆਰੰਭ ਪੰਜਾਬ ਦੀ ਸਦਾਬਹਾਰ ਲੋਕ ਗਾਥਾ ਹੀਰ ਨਾਲ ਕੀਤਾ। ਫਿਰ ਉਸ ਨੇ ਆਪਣੀ ਐਲਬਮ ਦਾ ਲੋਕਪ੍ਰਿਅ ਗੀਤ 'ਯਾਦਾਂ ਦੇਸ਼ ਪੰਜਾਬ ਦੀਆਂ' ਗਾ ਕੇ ਸਰੋਤਿਆਂ ਨੂੰ ਪੰਜਾਬ ਵਿਚ ਬਿਤਾਏ ਜੀਵਨ ਦੀ ਯਾਦ ਤਾਜ਼ਾ ਕਰਵਾ ਦਿੱਤੀ। ਪੰਜਾਬੀ ਬੋਲੀ ਨੂੰ ਸਮਰਪਿਤ ਮੱਖਣ ਲੁਹਾਰ ਦਾ ਲਿਖਿਆ ਇਕ ਸੋਜ਼ ਭਰਿਆ ਗੀਤ 'ਮੈਂ ਬੋਲੀ ਪੰਜਾਬ ਦੀ ਮੈਂ ਸਭ ਦੀ ਹੀਰੋ, ਵੇ ਮੈਨੂੰ ਨੰਗਿਆਂ ਨਾ ਕਰੋ ਮੇਰੇ ਲੇਖਕ ਵੀਰੋ' ਗਾ ਕੇ ਬੱਬੂ ਨੇ ਸਰੋਤਿਆਂ ਦੇ ਕਾਲਜੇ ਧੂਹ ਪਾਈ। ਜਦੋਂ ਉਸ ਛੱਲਾ ਛੋਹਿਆ ਤਾਂ ਵਡੇਰੀ ਉਮਰ ਦੇ ਸਰੋਤੇ ਤਾਂ ਇਸ ਦੀ ਸੁਰ ਵਿਚ ਝੂਮਣ ਲੱਗੇ ਹੀ, ਪੰਜ ਕੁ ਸਾਲ ਦੀ ਇਕ ਬੱਚੀ ਸਿਮਰਨ ਧਾਲੀਵਾਲ ਵੀ ਆਪਣੇ ਥਿਰਕਦੇ ਕਦਮਾਂ ਨੂੰ ਰੋਕ ਨਾ ਸਕੀ ਅਤੇ ਛੋਟੇ ਛੋਟੇ ਕਦਮਾਂ ਨਾਲ ਨੱਚਣ ਲੱਗੀ।

ਰਾਜੇਸ਼ ਰਾਜੂ ਨੇ 'ਮਾਂਵਾਂ ਵਰਗੀਆਂ ਛਾਵਾਂ' ਗਾ ਕੇ ਮਾਂਵਾਂ ਪ੍ਰਤੀ ਆਪਣੀ ਅਕੀਦਤ ਦੇ ਫੁੱਲ ਭੇਟ ਕੀਤੇ ਅਤੇ ਫਿਰ 'ਰੱਬ ਜਾਣਦਾ ਨੀ ਸਾਡਾ ਰੱਬ ਜਾਣਦਾ', 'ਹੋਰ ਨਹੀਂ ਹੁਣ ਹੋਰ ਨਹੀਂ' ਆਦਿ ਗੀਤ ਗਾ ਕੇ ਸਰੋਤਿਆਂ ਦੀ ਵਾਹ ਵਾਹ ਖੱਟੀ।



*ਰਾਜੇਸ਼ ਰਾਜੂ*

ਸੁੱਖਵੀਰ ਸੁੱਖ ਨੇ ਆਪਣੇ ਰਵਾਇਤੀ ਅੰਦਾਜ਼ ਵਿਚ ਜਿਥੇ ਸ਼ੇਅਰੋ ਸ਼ਾਇਰੀ ਕਰਕੇ ਸਰੋਤਿਆਂ ਦਾ ਧਿਆਨ ਖਿੱਚਿਆ ਉਥੇ ਆਪਣੀ ਬੁਲੰਦ ਆਵਾਜ਼ ਵਿਚ 'ਦਿਲ ਦਾ ਹੋਵੇ ਚੰਗਾ ਬੰਦਾ ਯਾਰ ਬਣਾ ਲਈਏ' 'ਕਾਹਨੂੰ ਬਾਲਦੈਂ ਬਨੇਰੇ ਉਤੇ ਮੋਮਬੱਤੀਆਂ' ਅਤੇ ਹੋਰ ਕਈ ਗੀਤ ਗਾ ਕੇ ਆਪਣੀ ਨਿੱਗਰ ਗਾਇਕੀ ਦਾ ਸਿੱਕਾ ਜਮਾਇਆ। ਇਨ੍ਹਾਂ ਤਿੰਨਾਂ ਗਾਇਕਾਂ ਨੇ ਸੋਨੇ 'ਤੇ ਸੁਹਾਗਾ ਫੇਰਿਆ, ਇਕ ਨਵੇਂ ਅੰਦਾਜ਼ ਵਿਚ ਕਲੀ ਗਾ ਕੇ।

ਮਿਲਵਾਕੀ ਤੋਂ ਆਈ ਪੂਜਾ ਧਾਲੀਵਾਲ ਨੇ ਲੋਕ ਗਾਇਕੀ ਦੇ ਇਸ ਦੌਰ ਵਿਚ ਮਿਰਜ਼ਾ ਗਾ ਕੇ ਸਰੋਤਿਆਂ ਦੀ ਵਾਹ ਵਾਹ ਖੱਟੀ। ਸਤਿੰਦਰਪਾਲ ਰਾਜ ਨੇ ਵੀ ਇਕ ਗੀਤ ਗਾ ਕੇ ਆਪਣੀ ਸੋਜ਼



*ਬੱਬੂ ਗੁਰਪਾਲ*

ਭਰੀ ਆਵਾਜ਼ ਤੋਂ ਸਰੋਤਿਆਂ ਨੂੰ ਜਾਣੂ ਕਰਵਾਇਆ। ਇਸ ਤੋਂ ਪਹਿਲਾਂ ਨਿੰਮਾ ਡੱਲੇਵਾਲ ਨੇ ਦੋ ਗੀਤ ਗਾ ਕੇ ਪ੍ਰੋਗਰਾਮ ਦਾ ਆਗਾਜ਼ ਕੀਤਾ।

ਡੈਮੋਕਰੈਟ ਪਾਰਟੀ ਦੀ ਤਰਫੋਂ ਇਲੀਨਾਏ ਦੇ ਸਟੇਟ ਕੰਪਟਰੋਲਰ ਦੀ ਚੋਣ ਲੜ ਰਹੇ ਡੇਵਿਡ ਮਿਲਰ ਵੀ ਇਸ ਪ੍ਰੋਗਰਾਮ ਵਿਚ ਹਾਜਰੀ ਲਵਾਉਣ ਲਈ ਪਹੁੰਚੇ। ਉਨ੍ਹਾਂ ਆਪਣੇ ਸੰਖੇਪ ਜਿਹੇ ਭਾਸ਼ਣ ਵਿਚ ਪੰਜਾਬੀ ਭਾਈਚਾਰੇ ਦੇ ਮਿਹਨਤੀ ਸੁਭਾਅ ਦੀ ਤਾਰੀਫ ਕਰਦਿਆਂ ਭਰੋਸਾ ਦਿੱਤਾ ਕਿ ਉਹ ਚੁਣੇ ਜਾਣ 'ਤੇ ਸਟੇਟ ਦੇ ਪ੍ਰਸ਼ਾਸਨ ਨੂੰ ਹੋਰ ਵੀ ਕਾਰਗਰ ਬਣਾਉਣ ਲਈ ਕੰਮ ਕਰਨਗੇ।

ਇਸ ਮੌਕੇ ਜਿਥੇ ਪੰਜਾਬ ਟਾਈਮਜ਼ ਦੇ ਸਮਰਥਕਾਂ ਦਾ ਮਾਣ-ਸਨਮਾਨ ਕੀਤਾ ਗਿਆ ਉਥੇ



*ਪੂਜਾ ਧਾਲੀਵਾਲ*

ਸ. ਕੁਲਦੀਪ ਸਿੰਘ ਦਾ ਸਨਮਾਨ ਸ਼ਿਕਾਗੋ ਵਿਚ ਹੁੰਦੀ ਮੈਰਾਥਨ ਦੌੜ ਵਿਚ ਸਿੱਖ ਭਾਈਚਾਰੇ ਦੀ ਨੁਮਾਇੰਦਗੀ ਕਰਨ ਲਈ ਕੀਤਾ ਗਿਆ। ਬੱਬੂ, ਰਾਜੂ, ਸੁੱਖ, ਨਰਿੰਦਰ ਬੱਗਾ, ਢੋਲੀ ਮੋਹਣ ਸਿੰਘ ਅਤੇ ਪੂਜਾ ਧਾਲੀਵਾਲ ਦਾ ਮਾਣ-ਸਨਮਾਨ ਸੰਗੀਤ ਪ੍ਰਤੀ ਉਨ੍ਹਾਂ ਦੀਆਂ ਸੇਵਾਵਾਂ ਲਈ ਕੀਤਾ ਗਿਆ। ਮਾਣ-ਸਨਮਾਨ ਕਰਨ ਦੇ ਕਾਰਜ ਵਿਚ ਮੁੱਖ ਮਹਿਮਾਨ ਸ੍ਰੀ ਅਮੋਲਕ ਸਿੰਘ ਗਾਖਲ, ਸ੍ਰੀ ਸੰਨੀ ਧੂੜ ਅਤੇ ਪੰਜਾਬ ਟਾਈਮਜ਼ ਦੇ ਵੱਡੇ ਮੱਦਾਹ ਤੇ ਐਡਵਾਇਜ਼ਰੀ ਕਮੇਟੀ ਦੇ ਮੈਂਬਰ ਸ੍ਰੀ ਸਵਰਨਜੀਤ ਸਿੰਘ ਢਿੱਲੋਂ ਨੇ ਹੱਥ ਵਟਾਇਆ। ਮੰਚ ਸੰਚਾਲਨ ਵਿਚ ਗੁਰਮੁਖ ਸਿੰਘ ਭੁੱਲਰ ਦਾ ਹੱਥ ਡਾ. ਹਰਜਿੰਦਰ ਸਿੰਘ ਖਹਿਰਾ ਨੇ ਵਟਾਇਆ।

ਇਸ ਸੰਗੀਤਕ ਸ਼ਾਮ ਨੂੰ ਸੰਗੀਤ ਦਿੱਤਾ ਨਰਿੰਦਰ ਬੱਗਾ ਨੇ ਜਦੋਂਕਿ ਉਸ ਦਾ ਸਾਥ ਨਿਭਾਇਆ ਅੰਮ੍ਰਿਤਪਾਲ, ਸੋਨੂ ਸਿੰਘ, ਨਰਿੰਦਰ ਦੇਵਗਨ ਅਤੇ ਅਜੇ ਨੇ। ਡਿਟਰਾਇਟ ਤੋਂ ਇਸ ਪ੍ਰੋਗਰਾਮ ਲਈ ਉਚੇਚੇ ਚੱਲ ਕੇ ਆਏ ਮੋਹਨ

***ਤਸਵੀਰਾਂ ਤੇ ਵੀਡੀਓ***
***ਸਿਆਨ ਵੀਡੀਓ***
***ਫੋਨ:734-261-0936***

ਸਿੰਘ ਨੇ ਢੋਲ ਅਤੇ ਚਿਮਟੇ ਦੇ ਜੌਹਰ ਵਿਖਾ ਕੇ ਦਰਸ਼ਕਾਂ ਦੀ ਭਰਵੀਂ ਵਾਹ ਵਾਹ ਖੱਟੀ।

ਪੰਜਾਬ ਟਾਈਮਜ਼ ਦੀ 10ਵੀਂ ਵਰ੍ਹੇਗੰਢ ਦੇ ਜਸ਼ਨਾਂ ਦੀ ਰੌਣਕ ਵਧਾਉਣ ਲਈ ਮਰਹੂਮ ਸ਼ਾਇਰ ਸ਼ਿਵ ਕੁਮਾਰ ਬਟਾਲਵੀ ਦੀ ਬੇਟੀ ਪੂਜਾ ਅਤੇ ਉਸਦਾ ਪਤੀ ਜੈ ਦੇਵ, ਕੈਨਸਸ ਸਿਟੀ ਤੋਂ ਕਰਨਲ ਸੁਖਵਿੰਦਰ ਸਿੰਘ ਨਿੱਜਰ, ਕੈਨੇਡਾ ਤੋਂ ਬੀਬੀ ਜਸਵਿੰਦਰ ਕੌਰ ਗਿੱਲ, ਬਲਵੰਤ ਕੌਰ ਅਤੇ ਸੁਖਨਿੰਦਰ ਸਿੰਘ ਥਿੰਦ, ਪਰਮਜੀਤ ਕੌਰ, ਸਿਨਸਿਨੈਟੀ ਓਹਾਇਓ ਤੋਂ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ, ਸਿਨਸਿਨੈਟੀ ਦੀ ਤਰਫੋਂ ਸੁਰਜੀਤ ਸਿੰਘ ਮਾਵੀ, ਪੁਸ਼ਪਿੰਦਰ ਭੱਟੀ, ਜਸਵਿੰਦਰ ਸਿੰਘ ਜੱਸੀ, ਬਹਾਦੁਰ ਸਿੰਘ, ਅਮਰਜੀਤ ਸਿੰਘ ਤੱਖਰ, ਪਰਮਿੰਦਰ ਸਿੰਘ ਤੱਖਰ, ਗੁਰਮਿੰਦਰ ਸਿੰਘ ਸੰਧੂ, ਅਵਤਾਰ ਸਿੰਘ ਸਪਰਿੰਗਫੀਲਡ, ਹਰਵਿੰਦਰ ਸਿੰਘ ਵਾਲੀਆ, ਭੁਪਿੰਦਰ ਭਿੰਦਾ ਅਤੇ ਸਾਥੀ ਉਚੇਚੇ ਪਹੁੰਚੇ ਹੋਏ ਸਨ।



ਸੰਪਾਦਕ ਅਮੋਲਕ ਸਿੰਘ ਜੰਮੂ ਡਾ. ਖਹਿਰਾ ਅਤੇ ਬਲਕਾਰ ਸਿੰਘ ਢਿਲੋਂ ਨਾਲ

ਰਿਚਮੰਡ ਵਰਜ਼ੀਨੀਆ ਤੋਂ ਪਿੰਡ ਬੂਰਮਾਜਰੇ ਵਾਲੇ ਗੁਰਮੇਲ ਸਿੰਘ ਕੰਗ ਨਾ ਸਿਰਫ ਆਪਣੇ ਪਰਿਵਾਰ ਸਮੇਤ ਹੀ ਇਸ ਪ੍ਰੋਗਰਾਮ ਵਿਚ ਸ਼ਰੀਕ ਹੋਣ ਲਈ ਪਹੁੰਚੇ ਸਗੋਂ ਰਿਚਮੰਡ ਤੋਂ ਪੰਜਾਬ ਟਾਈਮਜ਼ ਦੇ ਬਹੁਤ ਸਾਰੇ ਪਾਠਕਾਂ ਅਤੇ ਪ੍ਰਸ਼ੰਸਕਾਂ ਦੀਆਂ ਸ਼ੁਭ ਕਾਮਨਾਵਾਂ ਅਤੇ ਮਾਲੀ ਸਹਾਇਤਾ ਵੀ ਲੈ ਕੇ ਆਏ।

ਗਰੈਂਡ ਰੈਪਿਡਜ਼, ਮਿਸ਼ੀਗਨ ਤੋਂ ਸ੍ਰੀ ਸੰਨੀ ਧੂੜ ਪੰਜਾਬੀ ਕਲਚਰਲ ਸੁਸਾਇਟੀ ਮਿਸ਼ੀਗਨ ਦੇ ਹੋਰ ਅਹੁਦੇਦਾਰਾਂ ਅਵਤਿੰਦਰ ਚਾਵਲਾ, ਕੁਲਵੰਤ ਸਿੰਘ, ਜਰਨੈਲ ਸਿੰਘ, ਇੰਦਰਜੀਤ ਸਿੰਘ, ਡਿਟਰਾਇਟ ਤੋਂ ਸ੍ਰੀ ਕਰਨ ਗਿੱਲ ਪੰਜਾਬ ਸਪੋਰਟਸ ਐਂਡ ਕਲਚਰਲ ਐਸੋਸੀਏਸ਼ਨ-ਮਿਸ਼ੀਗਨ ਦੇ ਅਹੁਦੇਦਾਰਾਂ ਕਰਮਵੀਰ ਸਿੰਘ, ਅਰਜੁਨ ਗਿੱਲ, ਅਮਰਜੀਤ ਗਿੱਲ, ਜਸਵਿੰਦਰ ਧਾਲੀਵਾਲ, ਸੁਖਰਾਜ ਜਾਮਾਰਾਏ, ਰਾਜ ਨਿੱਜਰ, ਰਵਿੰਦਰ ਥਿੰਦ, ਲੈਨਸਿੰਗ, ਮਿਸ਼ੀਗਨ ਤੋਂ ਮਨਜੀਤ ਸਿੰਘ ਲੈਨਸਿੰਗ ਅਤੇ ਲਾਡੀ ਮੁਲਤਾਨੀ ਗੁਰੂ ਨਾਨਕ ਸਿੱਖ ਸੈਂਟਰ ਦੇ ਪ੍ਰਧਾਨ ਕੁਲਦੀਪ ਸਿੰਘ, ਬਖਸ਼ੀਸ਼ ਸਿੰਘ, ਬਲਬੀਰ ਸਿੰਘ ਹਬੀਬਵਾਲ ਅਤੇ ਹੋਰ ਸਾਥੀਆਂ ਨੂੰ ਲੈ ਕੇ ਪਹੁੰਚੇ ਹੋਏ ਸਨ। ਡਿਟਰਾਇਟ ਤੋਂ ਹੀ ਸਿੰਘ ਸਭਾ ਮਿਸ਼ੀਗਨ ਦੇ ਸਾਬਕਾ ਪ੍ਰਧਾਨ ਸ. ਸੁਰਿੰਦਰ ਸਿੰਘ ਗਰਚਾ ਆਪਣੇ ਸਾਥੀਆਂ ਪਲਵਿੰਦਰ ਸਿੰਘ ਦੁਲਤ ਅਤੇ ਰਸ਼ਮਿੰਦਰ ਸਿੰਘ ਗਿੱਲ ਅਤੇ ਵਰਲਡਵਾਈਡ ਟਰੈਵਲ ਦੇ ਮਾਲਕ ਸ. ਹਰਪ੍ਰੀਤ ਸਿੰਘ ਆਪਣੇ ਪਰਿਵਾਰ ਸਮੇਤ ਪ੍ਰੋਗਰਾਮ ਦਾ ਆਨੰਦ ਮਾਨਣ ਲਈ ਪਹੁੰਚੇ।

ਕੈਲਮਜ਼ੂ ਮਿਸ਼ੀਗਨ ਤੋਂ ਗੁਰਦੁਆਰਾ ਕੈਲਮਜ਼ੂ ਦੇ ਪ੍ਰਧਾਨ ਸ. ਗਿਆਨ ਸਿੰਘ, ਜਥੇਦਾਰ ਗੁਰਦੇਵ ਸਿੰਘ ਅਤੇ ਸੰਤੋਖ ਸਿੰਘ ਡੈਲਸ, ਸਾਗੀਨਾਅ (ਮਿਸ਼ੀਗਨ) ਤੋਂ ਸਰਬਜੀਤ ਸਿੰਘ ਵਿਰਕ, ਮਨਜੀਤ ਸਿੰਘ ਨੰਨਣ, ਰੂਪ ਸਿੰਘ ਢਿਲੋਂ, ਲਖਬੀਰ ਸਿੰਘ ਚਾਹਲ, ਸੋਨੀ ਢਿਲੋਂ ਅਤੇ ਕਬੱਡੀ ਖਿਡਾਰੀ ਤੀਰਥ ਸਿੰਘ ਤਸ਼ਰੀਫ ਲਿਆਏ।

ਪੰਜਾਬੀ ਕਲਚਰਲ ਸੁਸਾਇਟੀ ਮਿਸ਼ੀਗਨ ਵਲੋਂ ਰਾਜਬੀਰ ਸਿੰਘ ਬੋਪਾਰਾਏ, ਕੁਲਵਿੰਦਰ ਸਿੰਘ ਗਿੱਲ, ਰਣਬੀਰ ਸਿੰਘ ਲਾਲੀ, ਸਿਕੰਦਰ ਸਿੰਘ ਔਜਲਾ, ਅਵਤਾਰ ਸਿੰਘ ਤੇ ਦਲਬਾਰਾ ਸਿੰਘ ਮਾਂਗਟ ਅਤੇ ਸਿੱਖ ਕਲਚਰਲ ਸੁਸਾਇਟੀ ਬੈਟਲਕਰੀਕ-ਕੈਲਮਜ਼ੂ ਵਲੋਂ ਪ੍ਰਧਾਨ ਜਰਨੈਲ ਸਿੰਘ, ਹਰਪਾਲ ਸਿੰਘ ਟਾਂਡਾ (ਪ੍ਰਧਾਨ, ਅਕਾਲੀ ਦਲ ਬਾਦਲ-ਮਿਸ਼ੀਗਨ ਇਕਾਈ) ਅਤੇ ਨਰਿੰਦਰ ਸਿੰਘ ਮੁੰਦਰ (ਸਕੱਤਰ ਜਨਰਲ, ਅਕਾਲੀ ਦਲ ਬਾਦਲ-ਮਿਡਵੈਸਟ) ਆਪਣੇ ਹੋਰ ਸਾਥੀਆਂ ਸਮੇਤ ਪਹੁੰਚੇ।

ਪੰਜਾਬੀ ਅਮੈਰਿਕਨ ਯੂਥ ਕਲੱਬ ਆਫ ਇੰਡੀਆਨਾ ਵਲੋਂ ਸਰਵਣ ਟਿਵਾਣਾ, ਰਾਜਿੰਦਰ ਬੈਂਸ, ਮਨਦੀਪ ਭੂਰਾ, ਗੁਰਿੰਦਰ ਗਿੱਲ, ਜਸਪਾਲ ਜੱਸੀ, ਪਾਲੀ ਗਰੇਵਾਲ, ਧਰਮਿੰਦਰ ਖੱਟੜਾ, ਯਾਦਵਿੰਦਰ ਖੱਟੜਾ, ਕੁਲਦੀਪ ਸਿੰਘ ਲੰਗ, ਰਣਜੀਤ ਸਿੰਘ (ਤੰਦੂਰ ਰੈਸਟੋਰੈਂਟ), ਮੇਜਰ ਸਿੰਘ ਢਿੱਲੋਂ, ਮੱਖਣ ਸਿੰਘ ਗਿੱਲ, ਲਖਬੀਰ ਸਿੰਘ ਚੀਮਾ, ਸਿਕੰਦਰ ਸਿੰਘ ਬਿੱਟੂ, ਤੇਜਾ ਸਿੰਘ ਨਾਰੰਗ, ਨਿਧਾਨ ਸਿੰਘ ਅਤੇ ਕਰਾਊਨ ਪੁਆਇੰਟ ਤੋਂ ਹੀ ਸ. ਹਰਜੀਤ ਸਿੰਘ ਸਾਹੀ, ਸ਼ਮਸ਼ੇਰ ਸਿੰਘ ਬੋਪਾਰਾਏ, ਜਸਵੀਰ ਸਿੰਘ ਪਾਲੀਆ ਆਪਣੇ ਸਾਥੀਆਂ ਨਾਲ ਰੌਣਕ ਵਧਾ ਰਹੇ ਸਨ।

ਪੰਜਾਬ ਟਾਈਮਜ਼ ਦੇ ਐਡਵਾਈਜ਼ਰੀ ਬੋਰਡ ਦੇ ਮੈਂਬਰ ਦਰਸ਼ਨ ਸਿੰਘ ਦਰੜ ਆਪਣੇ ਸਾਥੀਆਂ ਰੇਸ਼ਮ ਸਿੰਘ ਖਾਲਸਾ, ਮਨਜੀਤ ਸਿੰਘ ਬਿੱਟੂ, ਹਰਦੇਵ ਸਿੰਘ ਬੱਬੂ, ਗੁਰਵੀਰ ਸਿੰਘ ਬਸਿਆਲਾ ਅਤੇ ਪ੍ਰਿਤਪਾਲ ਸਿੰਘ ਘੋਤੜਾ ਸਮੇਤ ਉਚੇਚਾ ਇੰਡੀਅਨਐਪੋਲਿਸ ਤੋਂ ਪਹੁੰਚੇ ਸਨ।





ਸਿੱਖ ਕਲਚਰਲ ਸੁਸਾਇਟੀ ਮਿਸ਼ਵਾਕਾ, ਇੰਡੀਆਨਾ ਦੇ ਪ੍ਰਧਾਨ ਕਿਰਨਜੀਤ ਸਿੰਘ ਬਾਵਾ, ਓਂਕਾਰ ਸਿੰਘ, ਗੁਰਮੇਲ ਸਿੰਘ, ਮੁਖਤਿਆਰ ਸਿੰਘ, ਅਵਤਾਰ ਸਿੰਘ, ਭਿੰਦਰ ਸਿੰਘ, ਭਜਨ ਸਿੰਘ, ਗੁਰਚਰਨ ਸਿੰਘ, ਬਿੱਕੀ ਸਿੰਘ, ਪੀ ਸੀ ਐਸ ਸਾਊਥਬੈਂਡ ਦੇ ਪ੍ਰਧਾਨ ਪਾਲ ਖਲੀਲ, ਗੁਰਮੀਤ ਸਿੰਘ, ਅਵਤਾਰ ਸਿੰਘ ਲੱਖਾ, ਬਲਵਿੰਦਰ ਸਿੰਘ ਨਿੱਕ, ਹਰਜਿੰਦਰ ਸਿੰਘ ਜਿੰਦਰ, ਅੰਮ੍ਰਿਤਪਾਲ ਸੰਘਾ, ਕਰਨਲ ਨਿਰਮਲ ਸਿੰਘ ਸਿੰਘਾ, ਹਰਿੰਦਰ ਸਿੰਘ ਕੰਗ, ਸੰਤੋਖ ਸਿੰਘ ਤੂਰ, ਬਲਵਿੰਦਰ ਸਿੰਘ, ਰਵੀ (ਆਰ ਕੇ ਕਾਰਪੈਟ), ਸੰਤੋਖ ਸਿੰਘ, ਸ. ਸਵਰਨ ਸਿੰਘ ਸੇਖੋਂ, ਮਨਜੀਤ ਸਿੰਘ ਧਨੋਆ, ਜਸਵੀਰ ਸਿੰਘ ਧਾਲੀਵਾਲ, ਨਿਰਭੈਅ ਸਿੰਘ ਧਨੋਆ ਅਤੇ ਹਰਮਿੰਦਰ ਸਿੰਘ ਸੋਹੀ, ਲਾਇਨਜ਼ ਕਲੱਬ ਦੇ ਗਿਆਨ ਸਿੰਘ ਸੀਹਰਾ ਅਤੇ ਨਰਿੰਦਰ ਸਿੰਘ ਸਰਾਂ ਵੀ ਹਾਜਰ ਸਨ।

ਕੁਲਜੀਤ ਸਿੰਘ ਰੂਬੀ, ਕੁਲਵੀਰ ਸਿੰਘ, ਰਾਜਵੀਰ ਭੁੱਲਰ, ਰਾਣਾ ਵਿਰਕ, ਬੌਬੀ ਸਿੰਘ ਵੀ ਆਏ ਹੋਏ ਸਨ।

ਬਿਜਨਸਮੈਨ ਨਿੱਕ ਗਾਖਲ ਆਪਣੇ ਸਾਥੀਆਂ ਸਮੇਤ, ਪੰਜਾਬੀ ਕਲਚਰਲ ਸੁਸਾਇਟੀ ਸ਼ਿਕਾਗੋ ਦੇ ਮੌਜੂਦਾ ਪ੍ਰਧਾਨ ਰਾਜਿੰਦਰ ਸਿੰਘ ਮਾਗੋ, ਸਾਬਕਾ ਪ੍ਰਧਾਨ ਮਨਜੀਤ ਗਿੱਲ, ਸੰਨੀ ਕੁਲਾਰ, ਓਂਕਾਰ ਸਿੰਘ ਸੰਘਾ, ਬਲਵਿੰਦਰ ਸਿੰਘ ਗਿਰਨ, ਬਲਜੀਤ ਸਿੰਘ ਸਿੱਧੂ, ਸਰਬਜੀਤ ਸਿੰਘ ਸਿੱਧੂ, ਸ਼ੇਰੇ ਪੰਜਾਬ ਸਪੋਰਟਸ ਐਂਡ ਕਲਚਰਲ ਕਲੱਬ ਸ਼ਿਕਾਗੋ ਦੇ ਚੇਅਰਮੈਨ ਗੁਰਬਚਨ ਸਿੰਘ ਪੱਪੂ, ਸਾਬਕਾ ਪ੍ਰਧਾਨ ਪਰਮਿੰਦਰ ਵਾਲੀਆ, ਜਿੰਦੀ ਖੰਗੂੜਾ ਅਤੇ ਮੌਜੂਦਾ ਪ੍ਰਧਾਨ ਅਮਰਦੇਵ ਸਿੰਘ ਬਦੇਸ਼ਾ ਬਾਕੀ ਅਹੁਦੇਦਾਰਾਂ ਅਤੇ ਕਲੱਬ ਦੇ ਸਮਰਥਕਾਂ; ਵਾਕੀਗਨ ਤੋਂ ਪਿੰਡ ਗਿੱਲ ਦੇ ਅੰਮ੍ਰਿਤਪਾਲ ਸਿੰਘ ਗਿੱਲ, ਗੁਰਦੇਵ ਸਿੰਘ ਗਿੱਲ, ਨਾਜਰ ਸਿੰਘ ਗਿੱਲ ਅਤੇ ਜਸਵਿੰਦਰ ਸਿੰਘ ਗਿੱਲ ਨਾਲ ਪ੍ਰੋਗਰਾਮ ਦੀ ਰੌਣਕ ਵਧਾਉਣ ਲਈ ਹਾਜ਼ਰ ਸਨ।

ਪੰਜਾਬੀ ਹੈਰੀਟੇਜ ਆਰਗੇਨਾਈਜੇਸ਼ਨ ਦੀ ਤਰਫੋਂ ਪ੍ਰਧਾਨ ਲਖਬੀਰ ਸਿੰਘ ਸੰਧੂ, ਸਾਬਕਾ ਪ੍ਰਧਾਨ ਕਿਰਪਾਲ ਸਿੰਘ ਰੰਧਾਵਾ ਤੇ ਜੈ ਰਾਮ ਸਿੰਘ ਕਾਹਲੋਂ, ਬਲਵਿੰਦਰ ਸਿੰਘ ਸੰਧੂ, ਜਸਵਿੰਦਰ ਸਿੰਘ ਸੰਧੂ, ਜਿੰਮੀ, ਹੈਰੀ ਰਾਣਾ, ਕਮਲਜੀਤ, ਮਿੱਕੀ ਕਾਹਲੋਂ, ਸੋਨੀ ਜੱਜ, ਜਗਦੀਸ਼ ਸਿੰਘ ਸੰਧੂ ਅਤੇ ਸਤਨਾਮ ਸਿੰਘ ਔਲਖ ਹੋਰ ਸਾਥੀਆਂ ਨਾਲ ਪਹੁੰਚੇ ਹੋਏ ਸਨ।


ਪੰਜਾਬ ਟਾਈਮਜ਼ ਦੇ ਸੰਪਾਦਕ ਅਮੋਲਕ ਸਿੰਘ ਜੰਮੂ ਗੁਰਮੇਲ ਸਿੰਘ ਕੰਗ ਅਤੇ ਉਨ੍ਹਾਂ ਦੇ ਪਰਿਵਾਰ ਨਾਲ

ਸਤਿੰਦਰ ਸਿੰਘ ਸੁਸਾਣਾ, ਜੁਗਰਾਜ ਸਿੰਘ ਖਹਿਰਾ, ਜਸਕਰਨ ਸਿੰਘ ਧਾਲੀਵਾਲ, ਅਵਤਾਰ ਸਿੰਘ ਔਲਖ, ਅਮਰੀਕ ਸਿੰਘ, ਰਾਜਨ ਸਿੰਗਲਾ, ਮਨਪ੍ਰੀਤ ਸਿੰਘ ਰੀਹਲ, ਚੜ੍ਹਤ ਸਿੰਘ ਮਾਹਲ,



ਸੋਨੂੰ ਖਹਿਰਾ ਵੀ ਪਹੁੰਚੇ ਹੋਏ ਸਨ।

ਹੋਰ ਮੁਅਜਜ਼ ਮਹਿਮਾਨਾਂ ਵਿਚ ਡਾ. ਹਰਬੰਸ ਕੌਰ ਦਿਓਲ, ਮਿਡਲਟਨ ਵਿਸਕਾਨਸਿਨ ਤੋਂ ਗੁਰਿੰਦਰਜੀਤ ਸਿੰਘ ਗਰੇਵਾਲ, ਪੰਜਾਬ ਸਪੋਰਟਸ ਕਲੱਬ ਸ਼ਿਕਾਗੋ ਦੇ ਚੇਅਰਮੈਨ ਦਵਿੰਦਰ ਸਿੰਘ ਰੰਗੀ, ਪ੍ਰਧਾਨ ਹੈਪੀ ਹੀਰ, ਅਜਮੇਰ ਸਿੰਘ ਪੰਨੂ, ਖਜ਼ਾਨਚੀ ਸੰਤੋਖ ਸਿੰਘ ਡੀ ਸੀ (ਪੀਟਰਸਨ ਆਟੋ) ਅਤੇ ਜੱਸੀ ਸਹੋਤਾ, ਪੰਜਾਬੀ ਅਮੈਰਿਕਨ ਆਰਗੇਨਾਈਜੇਸ਼ਨ ਦੇ ਚੇਅਰਮੈਨ ਜਸਬੀਰ ਸਿੰਘ ਸੂਗਾ, ਪ੍ਰਧਾਨ ਜਗਮੀਤ ਸਿੰਘ ਅਤੇ ਡਾਇਰੈਕਟਰ ਗੁਲਜਾਰ ਸਿੰਘ ਮੁਲਤਾਨੀ ਆਪਣੇ ਸਾਥੀਆਂ ਲਖਵੰਤ ਸਿੰਘ ਕੋਮਲ, ਹਰਵਿੰਦਰ ਸਿੰਘ ਬਿੱਲਾ ਅਤੇ ਹੋਰਨਾਂ ਨਾਲ ਪਹੁੰਚੇ ਹੋਏ ਸਨ।

ਸਿੱਖ ਰਿਲੀਜੀਅਸ ਸੁਸਾਇਟੀ ਸ਼ਿਕਾਗੋ ਦੇ ਸਾਬਕਾ ਪ੍ਰਧਾਨ ਕੁਲਵੰਤ ਸਿੰਘ ਹੁੰਦਲ, ਰਘਵਿੰਦਰ ਸਿੰਘ ਮਾਹਲ, ਬੀਬੀ ਜਸਬੀਰ ਕੌਰ, ਮੌਜੂਦਾ ਬੋਰਡ ਮੈਂਬਰ ਡਾ. ਹਰਗੁਰਮੁਖਪਾਲ ਸਿੰਘ, ਸਤਵੰਤ ਸਿੰਘ ਅਟੱਲ, ਸੰਤੋਖ ਸਿੰਘ ਸੋਖੀ, ਹਰਕੀਰਤ ਸਿੰਘ ਸੰਧੂ, ਜਤਿੰਦਰ ਸਿੰਘ ਗਰੇਵਾਲ, ਬੀਬੀ ਸੁਰਿੰਦਰ ਕੌਰ ਸੰਘਾ, ਨਰਿੰਦਰਪਾਲ ਸਿੰਘ ਮਾਰਵਾਹ ਅਤੇ ਸਾਬਕਾ ਬੋਰਡ ਮੈਂਬਰ ਬਲਕਾਰ ਸਿੰਘ ਢਿਲੋਂ, ਸ਼ਿਵਚਰਨ ਸਿੰਘ ਘੁੰਮਣ, ਮੇਜਰ ਗੁਰਚਰਨ ਸਿੰਘ ਝੱਜ, ਸੀ ਆਈ ਸੀ ਮੈਂਬਰ ਹਰਵਿੰਦਰਪਾਲ ਸਿੰਘ ਲੈਲ ਅਤੇ ਹਰਜਿੰਦਰ ਸਿੰਘ ਸੰਧੂ, ਸਿੱਖ ਰਿਲੀਜੀਅਸ ਸੁਸਾਇਟੀ ਦੀਆਂ ਚੋਣਾਂ ਲੜ ਰਹੇ ਉਮੀਦਵਾਰ ਮਹਾਂਵੀਰ ਸਿੰਘ ਬਰਾੜ, ਬੀਬੀ ਸੁਖਦੇਵ ਕੌਰ ਘੁੰਮਣ, ਨਰਿੰਦਰ ਸਿੰਘ, ਕੁਲਦੀਪ ਸਿੰਘ ਝੱਟੂ, ਪੰਥਕ ਸਲੇਟ ਦੇ ਹਮਾਇਤੀ ਮੱਖਣ ਸਿੰਘ ਕਲੇਰ, ਜੈਦੇਵ ਸਿੰਘ ਭੱਠਲ, ਬਲਬੀਰ ਸਿੰਘ, ਭਰਪੂਰ ਸਿੰਘ ਅਤੇ ਆਜ਼ਾਦ ਸਿੱਖ ਸੰਗਤ

ਏਸ਼ੀਅਨ ਅਮੈਰਿਕਨ ਸੀਨੀਅਰ ਐਸੋਸੀਏਸ਼ਨ (ਆਸਾ) ਦੇ ਪ੍ਰਧਾਨ ਪ੍ਰੋ. ਜੋਗਿੰਦਰ ਸਿੰਘ ਰਮਦੇਵ ਆਪਣੇ ਪਰਿਵਾਰ ਅਤੇ ਸਾਥੀਆਂ ਅਮੋਲਕ ਸਿੰਘ ਗਿੱਧਾ, ਨਰਿੰਦਰ ਸੂਦ, ਸੇਵਾ ਸਿੰਘ ਵਿਰਦੀ ਅਤੇ ਕੋਆਰਡੀਨੇਟਰ ਠਾਕਰ ਸਿੰਘ ਬਸਾਤੀ ਤੋਂ ਇਲਾਵਾ ਮਿਲਵਾਕੀ ਤੋਂ ਬੇਅੰਤ ਸਿੰਘ ਬੋਪਾਰਾਏ, ਸਿੱਖ ਰਿਲੀਜੀਅਸ ਸੁਸਾਇਟੀ ਵਿਸਕਾਨਸਿਨ ਦੇ ਸਾਬਕਾ ਪ੍ਰਧਾਨ ਸ. ਜਗਦੀਸ਼ਰ ਸਿੰਘ ਕਲੇਰ ਅਤੇ ਗੁਰਦੇਵ ਸਿੰਘ, ਗੁਰੂ ਲਾਧੋ ਰੇ ਸੇਵਾ ਸੁਸਾਇਟੀ ਮਿਲਵਾਕੀ ਦੇ ਪ੍ਰਧਾਨ ਪ੍ਰਮਿੰਦਰ ਸਿੰਘ ਗੋਲਡੀ, ਸਤਪਾਲ ਸਿੰਘ ਬੈਂਸਾ, ਚਮਨ ਸਿੰਘ ਬਾਵਾ, ਜਰਨੈਲ ਸਿੰਘ ਮਿਆਣੀ, ਹਰਜਿੰਦਰ ਜਿੰਦੀ, ਸੁਖਵਿੰਦਰ ਸਿੰਘ, ਮਾਸਟਰ ਸੁਰਿੰਦਰ ਸਿੰਘ ਅਤੇ ਅਕਾਲੀ ਦਲ (ਬ) ਰਾਜਪੁਰਾ ਇਕਾਈ ਦੇ ਮੀਤ ਪ੍ਰਧਾਨ ਇੰਦਰ ਸਿੰਘ ਵੀ ਮੁਅਜ਼ਿਜ਼ ਮਹਿਮਾਨਾਂ ਵਿਚ ਸ਼ਾਮਲ ਸਨ।

ਰੇਡੀਓ 'ਰੌਣਕ ਮੇਲਾ' ਦੀ ਹੋਸਟ ਪੰਮੀ ਗਿੱਲ ਅਤੇ ਰੇਡੀਓ 'ਦੇਸੀ ਜੰਕਸ਼ਨ' ਦੇ ਹੋਸਟ ਚਰਨਦੀਪ ਤੋਂ ਇਲਾਵਾ 'ਦਾ ਟ੍ਰਿਬਿਊਨ' ਚੰਡੀਗੜ੍ਹ ਦੇ ਸਾਬਕਾ ਚੀਫ ਸਬ ਐਡੀਟਰ ਅਮਰਦੀਪ ਸਿੰਘ ਭੱਠਲ ਉਚੇਚਾ ਯੂਬਾ ਸਿਟੀ ਤੋਂ ਪਰਿਵਾਰ ਸਮੇਤ ਤਸ਼ਰੀਫ ਲਿਆਏ।

ਹਿਊਸਟਨ ਤੋਂ ਗੁਰਦੁਆਰਾ ਬਰੀਨ ਦੇ ਪ੍ਰਧਾਨ ਸ. ਹੀਰਾ ਲਾਲ ਸਿੰਘ ਚਮਦਲ ਅਤੇ ਸਿੱਖ ਸੈਂਟਰ ਹਿਊਸਟਨ ਦੇ ਪ੍ਰਧਾਨ ਪ੍ਰੋ. ਸੰਪੂਰਨ ਸਿੰਘ ਭਾਵੇਂ ਆਪ ਨਹੀਂ ਪਹੁੰਚ ਸਕੇ ਪਰ ਉਨ੍ਹਾਂ ਆਪਣੇ ਸੁਨੇਹੇ 'ਚ ਪੰਜਾਬ ਟਾਈਮਜ਼ ਲਈ ਸ਼ੁਭ ਕਾਮਨਾਵਾਂ ਭੇਜੀਆਂ। ਫਲੋਰੀਡਾ ਤੋਂ ਡਾ. ਜਸਵਿੰਦਰ ਸਿੰਘ ਖਹਿਰਾ ਅਤੇ ਨਿਊ ਯਾਰਕ ਤੋਂ ਸ਼ਹੀਦ ਊਧਮ ਸਿੰਘ ਕਲੱਬ ਦੇ ਚੇਅਰਮੈਨ ਸ. ਜਸਵੰਤ ਸਿੰਘ ਜੱਸਾ ਨੇ ਵੀ ਪੰਜਾਬ ਟਾਈਮਜ਼ ਨੂੰ ਸ਼ੁਭਕਾਮਨਾਵਾਂ ਭੇਜੀਆਂ।


ਸ਼ਿਵ ਕੁਮਾਰ ਬਟਾਲਵੀ ਦੀ ਧੀ ਪੂਜਾ ਆਪਣੀਆਂ ਬੱਚੀਆਂ ਅਤੇ ਪਤੀ ਜੈਦੇਵ ਨਾਲ





ੴ ਸਤਿਗੁਰ ਪ੍ਰਸਾਦਿ॥

# ਗੁਰਦੁਆਰਾ ਸਾਹਿਬ ਵੈਸਟ ਸੈਕਰਾਮੈਂਟੋ

# ਲੰਗਰ ਹਾਲ ਦਾ ਉਦਘਾਟਨ

## 18 ਅਪਰੈਲ, 2010






ਗੁਰੂ ਪਿਆਰੀ ਸਾਧ ਸੰਗਤ ਜੀਓ,

ਗੁਰਦੁਆਰਾ ਵੈਸਟ ਸੈਕਰਾਮੈਂਟੋ ਦੇ ਪ੍ਰਬੰਧਕਾਂ ਵਲੋਂ ਸਨਿਮਰ ਬੇਨਤੀ ਹੈ ਕਿ ਗੁਰੂ ਮਹਾਰਾਜ ਦੀ ਅਪਾਰ ਕਿਰਪਾ ਨਾਲ ਨਵੇਂ ਉਸਾਰੇ ਗਏ ਵੱਡੇ ਲੰਗਰ ਹਾਲ ਸਮੂਹ ਦੀ ਬਿਲਡਿੰਗ ਗੁਰੂ ਅਰਪਿਤ ਕੀਤੀ ਜਾ ਰਹੀ ਹੈ। ਇਸ ਦਾ ਉਦਘਾਟਨੀ ਸਮਾਗਮ 18 ਅਪਰੈਲ, 2010 ਦਿਨ ਐਤਵਾਰ ਸਵੇਰੇ 9.30 ਵਜੇ ਹੋਵੇਗਾ। ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਭਾਈ ਗੁਰਬਚਨ ਸਿੰਘ ਜੀ ਆਪਣੇ ਕਰ ਕਮਲਾਂ ਨਾਲ ਇਸ ਇਮਾਰਤ ਦਾ ਉਦਘਾਟਨ ਕਰਨਗੇ।

## ਪ੍ਰੋਗਰਾਮ

### 4 ਅਪਰੈਲ

ਦਿਨ ਐਤਵਾਰ ਤੋਂ ਸ਼ਾਮ ਦੇ ਦੀਵਾਨ 6 ਵਜੇ ਤੋਂ ਸਜਿਆ ਕਰਨਗੇ ਜਿਸ ਵਿਚ ਪ੍ਰਸਿੱਧ ਕਥਾਵਾਚਕ ਭਾਈ ਪਿੰਦਰਪਾਲ ਸਿੰਘ ਜੀ ਕਥਾ ਵਿਆਖਿਆ ਰਾਹੀਂ ਸੰਗਤਾਂ ਨੂੰ ਨਿਹਾਲ ਕਰਨਗੇ। ਭਾਈ ਹਰਪ੍ਰੀਤ ਸਿੰਘ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ, ਬੀਬੀ ਬਲਜੀਤ ਕੌਰ ਤਲਵਾੜੇ ਵਾਲੇ ਅਤੇ ਸਥਾਨਕ ਜਥੇ ਰੋਜ਼ਾਨਾ ਇਲਾਹੀ ਬਾਣੀ ਦੇ ਕੀਰਤਨ ਨਾਲ ਸੰਗਤਾਂ ਨੂੰ ਨਿਹਾਲ ਕਰਨਗੇ।

ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਦਾ ਅਰੰਭ 16 ਅਪਰੈਲ ਨੂੰ ਹੋਵੇਗਾ ਅਤੇ ਭੋਗ 18 ਅਪਰੈਲ ਨੂੰ ਪਵੇਗਾ।

### 17 ਅਪਰੈਲ

ਦਿਨ ਸਨਿਚਰਵਾਰ ਅੰਮ੍ਰਿਤ ਸੰਚਾਰ ਸਵੇਰੇ 6 ਵਜੇ ਹੋਵੇਗਾ। ਅੰਮ੍ਰਿਤਪਾਨ ਕਰਨ ਦੇ ਚਾਹਵਾਨ ਪ੍ਰਾਣੀ ਗੁਰਦੁਆਰਾ ਸਾਹਿਬ ਦੇ ਗ੍ਰੰਥੀ ਭਾਈ ਸੁਰਜੀਤ ਸਿੰਘ ਪਾਸ ਨਾਂ ਲਿਖਾ ਸਕਦੇ ਹਨ।

### 18 ਅਪਰੈਲ

ਦਿਨ ਐਤਵਾਰ ਨੂੰ ਸ੍ਰੀ ਅਖੰਡ ਪਾਠ ਦੇ ਭੋਗ ਪਾਏ ਜਾਣਗੇ ਅਤੇ ਨਿਸ਼ਾਨ ਸਾਹਿਬ ਦੀ ਸੇਵਾ ਹੋਵੇਗੀ। ਇਸ ਤੋਂ ਬਾਅਦ 10 ਵਜੇ ਸ੍ਰੀ ਅਕਾਲ ਤਖਤ ਸਾਹਿਬ ਦੇ ਜਥੇਦਾਰ ਭਾਈ ਗੁਰਬਚਨ ਸਿੰਘ ਜੀ ਨਵੀਂ ਇਮਾਰਤ ਦੇ ਉਦਘਾਟਨ ਦੀ ਰਸਮ ਅਦਾ ਕਰਨਗੇ। ਸਮਾਗਮ ਵਿਚ ਸਥਾਨਕ ਅਮਰੀਕਨ ਤੇ ਸਿੱਖ ਆਗੂ ਵੀ ਸ਼ਾਮਲ ਹੋਣਗੇ।

ਬਾਅਦ ਦੁਪਹਿਰ 3 ਵਜੇ ਤੱਕ ਪੰਥ ਪ੍ਰਸਿਧ ਰਾਗੀ ਜਥਿਆਂ ਵਲੋਂ ਕੀਰਤਨ ਅਤੇ ਗੁਰ ਸ਼ਬਦ ਵਿਆਖਿਆ ਹੋਵੇਗੀ। ਆਪ ਸਮੂਹ ਸੰਗਤ ਦੇ ਚਰਨਾਂ ਵਿਚ ਬੇਨਤੀ ਹੈ ਕਿ ਇਸ ਕਾਰਜ ਵਿਚ ਸ਼ਾਮਲ ਹੋ ਕੇ ਕਿਰਤਾਰਥ ਕਰੋ ਜੀ।

**ਬੇਨਤੀਕਰਤਾ: ਪ੍ਰਬੰਧਕ ਕਮੇਟੀ ਅਤੇ ਸਮੂਹ ਸਿੱਖ ਸੰਗਤ**

**Sikh Temple West Sacramento**

**2301 Evergreen Ave. West Sacramento CA 95961**

ਫੋਨ (ਗੁਰੂ ਘਰ): 916-371-5415 ਜਾਂ 916-919-6196 ਜਾਂ 916-417-8860

website: www.sikhtemple.org

# ਗੁਰਦੁਆਰਾ ਵੈਸਟ ਸੈਕਰਾਮੈਂਟੋ ਦੇ ਨਵੇਂ ਲੰਗਰ ਹਾਲ ਦਾ ਉਦਘਾਟਨ 18 ਨੂੰ

**ਸੈਕਰਾਮੈਂਟੋ (ਪੰਜਾਬ ਟਾਈਮਜ਼ ਬਿਊਰੋ):** ਗੁਰਦੁਆਰਾ ਵੈਸਟ ਸੈਕਰਾਮੈਂਟੋ ਦੇ ਨਵੇਂ ਬਣਾਏ ਗਏ ਲੰਗਰ ਹਾਲ ਦਾ ਰਸਮੀ ਉਦਘਾਟਨ ਇਸ ਸਬੰਧੀ ਕੀਤੇ ਜਾ ਰਹੇ ਇਕ ਵਿਸ਼ੇਸ਼ ਗੁਰਮਤਿ ਸਮਾਗਮ ਦੌਰਾਨ ਸ੍ਰੀ ਅਕਾਲ ਤਖ਼ਤ ਦੇ ਜਥੇਦਾਰ ਗਿਆਨੀ ਗੁਰਬਚਨ ਸਿੰਘ 18 ਅਪਰੈਲ ਨੂੰ ਕਰਨਗੇ।

ਇਹ ਜਾਣਕਾਰੀ ਦਿੰਦਿਆਂ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਲੋਕ ਸੰਪਰਕ ਇੰਚਾਰਜ ਸ. ਦਰਸ਼ਨ ਸਿੰਘ ਮੁੰਡੀ ਨੇ ਦੱਸਿਆ ਕਿ ਇਨ੍ਹਾਂ ਗੁਰਮਤਿ ਸਮਾਗਮਾਂ ਦਾ ਅਰੰਭ 16 ਅਪਰੈਲ ਸ਼ੁੱਕਰਵਾਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਅਖੰਡ ਪਾਠ ਦੇ ਅਰੰਭ ਨਾਲ ਹੋਵੇਗਾ। ਐਤਵਾਰ 18 ਅਪਰੈਲ ਨੂੰ ਭੋਗ ਉਪਰੰਤ ਵਿਸ਼ੇਸ਼ ਕੀਰਤਨ ਦਰਬਾਰ ਹੋਵੇਗਾ ਜਿਸ ਵਿਚ ਪੰਥ ਪ੍ਰਸਿਧ ਰਾਗੀ ਭਾਈ ਹਰਪ੍ਰੀਤ ਸਿੰਘ ਹਜੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ, ਬੀਬੀ ਬਲਜੀਤ ਕੌਰ ਤਲਵਾੜੇ ਵਾਲੇ ਅਤੇ ਸਥਾਨਕ ਜਥੇ ਇਲਾਹੀ ਬਾਣੀ ਦੇ ਕੀਰਤਨ ਨਾਲ ਸੰਗਤਾਂ ਨੂੰ ਰੋਜ਼ਾਨਾ ਨਿਹਾਲ ਕਰਨਗੇ। ਕਥਾਵਾਚਕ ਭਾਈ ਪਿੰਦਰਪਾਲ ਸਿੰਘ ਸੰਗਤਾਂ ਨੂੰ ਗੁਰਮਤਿ ਵਿਆਖਿਆ ਰਾਹੀ ਗੁਰਮਤਿ ਚਾਨਣ ਵੰਡਣਗੇ। ਸਥਾਨਕ ਅਮਰੀਕੀ ਆਗੂ ਵੀ ਇਸ ਸਮਾਗਮ ਵਿਚ ਹਾਜ਼ਰੀਆਂ ਭਰਨਗੇ।

ਗੁਰੂ ਘਰ ਦੇ ਇਤਿਹਾਸ ਉਤੇ ਚਾਨਣਾ ਪਾਉਂਦਿਆਂ ਸ. ਮੁੰਡੀ ਨੇ ਦੱਸਿਆ ਕਿ ਗੁਰੂ ਘਰ ਸਿੱਖ ਟੈਂਪਲ ਸੈਕਰਾਮੈਂਟੋ ਅਕਤੂਬਰ 1981 ਵਿਚ ਹੋਂਦ ਵਿਚ ਆਇਆ। ਸ਼ੁਰੂ ਵਿਚ ਦੀਵਾਨ ਕਿਰਾਏ 'ਤੇ ਕੋਈ ਜਗ੍ਹਾ ਲੈ ਕੇ ਜਾਂ ਫਿਰ ਲੋਕਾਂ ਦੇ ਘਰੀਂ ਸਜਾਏ ਜਾਂਦੇ ਅਤੇ 1983 ਵਿਚ 175,000 ਡਾਲਰ ਦੇ ਮੁੱਲ ਵਿਚ ਵੈਸਟ ਸੈਕਰਾਮੈਂਟ ਦੇ ਐਵਰਗਰੀਨ ਐਵਨਿਊ ਉਪਰ ਇਕ ਚਰਚ ਦੀ ਬਿਲਡਿੰਗ ਖਰੀਦ ਲਈ ਗਈ ਜਿਸ ਨੂੰ ਸੰਗਤ ਦੀਆਂ ਲੋੜਾਂ ਅਨੁਸਾਰ ਢਾਲ ਲਿਆ ਗਿਆ। ਸੰਗਤ ਦੀ ਲੋੜ ਵਧੀ ਤਾਂ 1991 ਵਿਚ 239,000 ਡਾਲਰ ਖਰਚ ਕੇ ਨਾਲ ਲਗਦੀ ਦੋ ਏਕੜ ਜ਼ਮੀਨ ਹੋਰ ਖਰੀਦ ਲਈ ਗਈ ਅਤੇ ਗੁਰੂ ਘਰ ਦੀ ਇਕ ਨਵੀਂ ਇਮਾਰਤ 27 ਜੁਲਾਈ 1997 ਨੂੰ ਸੰਗਤ ਲਈ ਤਿਆਰ ਹੋ ਗਈ।



ਇਸ ਉਪਰ ਕੋਈ 15 ਲੱਖ ਡਾਲਰ ਦਾ ਖਰਚਾ ਆਇਆ। ਸੰਗਤ ਦੀਆਂ ਲੋੜਾਂ ਹੋਰ ਵਧੀਆਂ ਤਾਂ ਜੂਨ 2003 ਵਿਚ 559,554 ਡਾਲਰ ਵਿਚ ਨਾਲ ਲਗਦੀ ਇਕ ਹੋਰ ਇਮਾਰਤ ਖਰੀਦੀ ਗਈ ਜਿਥੇ ਨਵਾਂ ਲੰਗਰ ਹਾਲ ਅਤੇ ਹੋਰ ਜ਼ਰੂਰਤਾਂ ਲਈ ਕਮਰੇ ਬਣਾਏ ਗਏ ਹਨ। ਨਵੀਂ ਇਮਾਰਤ 'ਤੇ ਤੀਹ ਲੱਖ ਡਾਲਰ ਦਾ ਖਰਚਾ ਹੋਵੇਗਾ।

ਵੈਸਟ ਸੈਕਰਾਮੈਂਟੋ ਸਿਟੀ ਕੌਂਸਲ ਨੇ ਵਿਸਾਖੀ ਅਤੇ ਲੰਗਰ ਹਾਲ ਦੇ ਉਦਘਾਟਨੀ ਸਮਾਗਮ ਲਈ ਇਕ ਵਿਸ਼ੇਸ਼ ਮਤਾ ਪਾਸ ਕਰਕੇ ਸਿੱਖ ਸੰਗਤ ਨੂੰ ਵਧਾਈ ਸੰਦੇਸ਼ ਭੇਜਿਆ ਹੈ।

ਸ. ਮੁੰਡੀ ਨੇ ਇਹ ਵੀ ਦੱਸਿਆ ਨਵੀਂ ਪੀੜ੍ਹੀ ਨੂੰ ਗੁਰਮਤਿ ਕੀਰਤਨ ਅਤੇ ਸਿੱਖ ਕਲਚਰ ਨਾਲ ਜੋੜਨ ਲਈ ਸਾਧ ਸੰਗਤ ਦੇ ਨਿਸ਼ਕਾਮ ਸੇਵਕਾਂ ਦੀ ਮਦਦ ਨਾਲ ਇਕ ਗੁਰਮਤਿ ਸਕੂਲ ਵੀ ਚਲਾਇਆ ਜਾ ਰਿਹਾ ਹੈ ਜਿਸ ਵਿਚ ਇਸ ਸਮੇਂ ਕੋਈ 300 ਬੱਚੇ ਸਿੱਖਿਆ ਹਾਸਲ ਕਰ ਰਹੇ ਹਨ। ਹਰ ਸਾਲ ਮਈ-ਜੂਨ ਵਿਚ ਗੁਰਮਤਿ ਸਕੂਲ ਦੇ ਬੱਚਿਆਂ ਦੀ ਮਦਦ ਨਾਲ ਪੰਜਾਬੀ ਸਭਿਆਚਾਰਕ ਮੇਲਾ ਕਰਵਾਇਆ ਜਾਂਦਾ ਹੈ। ਉਨ੍ਹਾਂ ਕਿਹਾ ਕਿ ਗੁਰੂ ਘਰ ਦਾ ਹਿਸਾਬ-ਕਿਤਾਬ ਬਹੁਤ ਹੀ ਪਾਰਦਰਸ਼ੀ ਤਰੀਕੇ ਨਾਲ ਰੱਖਿਆ ਜਾਂਦਾ ਹੈ ਅਤੇ ਇਸ ਸਬੰਧੀ ਰਿਪੋਰਟ ਹਰ ਦੋ ਮਹੀਨਿਆਂ ਬਾਅਦ ਸੰਗਤ ਨੂੰ ਭੇਜੀ ਜਾਂਦੀ ਹੈ।

ਗੁਰੂ ਘਰ ਦਾ ਪ੍ਰਬੰਧ ਇਕ ਪ੍ਰਬੰਧਕ ਕਮੇਟੀ ਚਲਾਉਂਦੀ ਹੈ ਜਿਸ ਦੇ ਚੇਅਰਮੈਨ ਸ. ਮਲਕੀਤ ਸਿੰਘ ਗਰਚਾ ਹਨ। ਹੋਰ ਅਹੁਦੇਦਾਰਾਂ ਵਿਚ ਡਾ. ਨਰਿੰਦਰ ਸਿੰਘ ਧਾਲੀਵਾਲ, ਗੁਰਮੇਜ ਸਿੰਘ ਵਿਰਕ ਤੇ ਸੁਖਦਰਸ਼ਨ ਸਿੰਘ ਚਾਹਲ ਵਾਈਸ ਚੇਅਰਮੈਨ; ਬਲਬੀਰ ਸਿੰਘ ਢਿੱਲੋਂ ਪ੍ਰਧਾਨ; ਡਾ. ਕੁਲਦੀਪ ਸਿੰਘ ਸੰਧੂ, ਗੁਰਦੀਪ ਸਿੰਘ ਰੀਹਲ ਤੇ ਦਲਜੀਤ ਸਿੰਘ ਸੈਣੀ ਮੀਤ ਪ੍ਰਧਾਨ; ਮਹਿੰਦਰ ਸਿੰਘ ਸੰਧੂ ਜਨਰਲ ਸਕੱਤਰ ਤੇ ਫਰਜੀਤ ਸਿੰਘ ਨਾਗਰਾ ਵਧੀਕ ਜਨਰਲ ਸਕੱਤਰ; ਬਲਦੇਵ ਸਿੰਘ ਸਕੱਤਰ; ਪ੍ਰਭਜੋਤ ਸਿੰਘ ਸੇਠੀ ਤੇ ਮਹਿੰਦਰ ਸਿੰਘ ਦਿਆਲ ਸਹਾਇਕ ਸਕੱਤਰ; ਬਲਵੰਤ ਸਿੰਘ ਨਨੂਆ ਖਜ਼ਾਨਚੀ; ਗੁਰਬਚਨ ਸਿੰਘ ਮਾਲਪੁਰ ਸੀਨੀਅਰ ਖਜ਼ਾਨਚੀ ਤੇ ਸੁਨੀਲ ਸਿੰਘ ਮਾਲਪੁਰ, ਮਹਿੰਦਰ ਸਿੰਘ ਟਾਂਡਾ, ਦਿਲਜੀਤ ਸਿੰਘ ਬਰਾੜ, ਰਣਜੀਤ ਸਿੰਘ ਬੋਲਾ ਅਤੇ ਰਤਨ ਸਿੰਘ ਕਲੋਟੀਆ ਮੀਤ ਖਜ਼ਾਨਚੀ; ਅਮਰਜੀਤ ਸਿੰਘ ਢਿੱਲੋਂ ਆਡੀਟਰ; ਇਕਬਾਲ ਸਿੰਘ ਬਡਵਾਲ ਸਹਾਇਕ ਆਡੀਟਰ; ਦਰਸ਼ਨ ਸਿੰਘ ਮੁੰਡੀ ਲੋਕ ਸੰਪਰਕ ਇੰਚਾਰਜ; ਲਖਬੀਰ ਸਿੰਘ ਲਾਇਬਰੇਰੀਅਨ; ਹਰਦੀਪ ਸਿੰਘ ਮੰਗਾ ਸਹਾਇਕ ਲਾਇਬਰੇਰੀਅਨ; ਗੁਰਚਰਨ ਸਿੰਘ ਹੰਸਰਾ ਵਿੱਤ ਸਲਾਹਕਾਰ; ਜਸਬੀਰ ਸਿੰਘ ਰੰਧਾਵਾ ਸਹਾਇਕ ਵਿੱਤ ਸਲਾਹਕਾਰ ਅਤੇ ਸੁਰਜੀਤ ਸਿੰਘ ਢਿੱਲੋਂ ਡਾਇਰੈਕਟਰ ਪਲਾਨਿੰਗ ਤੇ ਵਿਕਾਸ ਸ਼ਾਮਲ ਹਨ।


START THE NEW YEAR WITH A NEW CAREER
Graduate in less than 1 month and start earning 2K-3K/month!
Why pay thousands of $$$ for classes with NO Jobs available?
•Certified Nursing Assistant (CNA)
•Home Health Aide (HHA)
•Restorative Nursing Assistant (RNA)
•Blood Borne Pathogen
•CEU's
CPR AED BLS/First Aid Training
ONLY $99 to start
NOW ENROLLING
CALL US NOW to make an appointment!
IN-DEMAND WE OFFER:
• Full-Time & Part-Time program
• Tutoring Available
• No High School Diploma or GED required
• Job Placement Assistance
• Bilingual Classes
• Morning, Evening & Weekend Classes
ST. JUDE NURSING SCHOOL
8741 Van Nuys Bl. Suite 201 Panorama City, CA 91402
www.stjudenursingschool.com
818-892-6141 • 818-334-8943 • 818-647-1649



Ahluwalia Law Professional Corporation
ਕਾਨੂੰਨੀ ਮਸਲਾ ਜਾਂ ਸਵਾਲ?
ਅਟਾਰਨੀ ਮਦਨ ਆਹਲੂਵਾਲੀਆ ਨੂੰ ਕਾਲ ਕਰੋ
1-866 290 9191
www.ahluwalia-law.com
Now, listen to Attorney Ahluwalia LIVE!!!
On radio KLOK 1170AM
OR on @ www.attorneyonradio.com
Every Saturday from 9am - 10am.
303 Twin Dolpin Drive, #600
Redwood City, CA 94065
1-866 290 9191
Attorney Madan Ahluwalia
Bankruptcy - Civil Litigation
Divorce - Immigration
Loan Modification - Personal Injury



G.M. Lawrence Insurance Brokerage ਅਤੇ Valley Truck Services
ਟਰੱਕ ਇੰਸ਼ੋਰੈਂਸ ਸੇਵਾਵਾਂ
• 28 Years of Experience in Truck Insurance Industry
• Appointed by 24 Top Rated US Insurance Companies
• All type of Trucking Coverage for Trucks, Container and Cargo
• Flexible Down Payment and Monthly Payment Options
• Quick Certificates & Excellent Services Guaranted!
ਸਾਡੀਆਂ ਟਰੱਕਿੰਗ ਸੇਵਾਵਾਂ
• California DMV Services
» New License Plates & Renewals
• Interstate & Intrastate Permits
» DOT #, MC #, CA #
» IFTA, UCR, MCP
» NM, KY, NY, OR Permits
» Highway Use Tax(2290)
• Truck Financing
• Corporation Setup
• Document Typing
ਸਾਨੂੰ ਅੱਜ ਹੀ ਕਾਲ ਕਰੋ
ਟਰੱਕ ਇੰਸ਼ੋਰੈਂਸ ਵਾਸਤੇ
Daljit Singh Khehra,
License No: 0522491
Tel: 209-474-2771
Fax: 209-474-0215
Daljit@gmlawernceins.com
ਟਰੱਕਿੰਗ ਸੇਵਾਵਾਂ ਵਾਸਤੇ
Rajwinder Khehra and Daljit Kaur
Tel: 209-390-8800
Fax: 209-594-1380
Raj@valleytruckservices.com
www.valleytruckservices.com
ਟਰੱਕ ਇੰਸ਼ੋਰੈਂਸ ਵਿਚ ਸਾਡਾ 28 ਸਾਲ ਦਾ ਤਜਰਬਾ
ਟਰੱਕਿੰਗ ਬਿਜ਼ਨੈਸ ਨਾਲ ਸਬੰਧਿਤ ਹਰ ਤਰਾਂ ਦੀਆਂ ਸੇਵਾਵਾ ਇਕੋ ਜਗਾ ਤੇ
2403 Gilberte Street, Tracy, CA 95304
ਟਰੱਕਿੰਗ ਬਿਜ਼ਨੈਸ ਨਾਲ ਸਬੰਧਿਤ ਹਰ ਤਰਾਂ ਦੀਆਂ ਸੇਵਾਵਾਂ ਇਕੋ ਜਗਾ ਤੇ

# ਫਰਿਜ਼ਨੋ ਦੇ ਗਦਰੀ ਬਾਬਿਆਂ ਦੇ ਮੇਲੇ ਨੇ ਪਾਈਆਂ ਧੁੰਮਾਂ

**ਫਰਿਜ਼ਨੋ:** ਇੰਡੋ ਅਮੈਰਿਕਨ ਹੈਰੀਟੇਜ ਫੋਰਮ ਫਰਿਜ਼ਨੋ ਵਲੋਂ ਦਸਵਾਂ 'ਮੇਲਾ ਗਦਰੀ ਬਾਬਿਆਂ ਦਾ' ਲਾਮਿਸਾਲ ਸਫਲਤਾ ਨਾਲ ਸੰਪਨ ਹੋਇਆ। ਇਸ ਵਿਚ ਸੈਂਟਰਲ ਵੈਲੀ ਅਤੇ ਕੈਲੀਫੋਰਨੀਆ ਭਰ ਵਿਚੋਂ ਡੇਢ ਹਜ਼ਾਰ ਤੋਂ ਵੱਧ ਲੋਕਾਂ ਨੇ ਸ਼ਾਮਲ ਹੋ ਕੇ ਗਦਰੀ ਬਾਬਿਆਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਇਸ ਵਿਚ ਦੇਸ਼ ਭਗਤ ਯਾਦਗਾਰ ਹਾਲ ਕਮੇਟੀ ਜਲੰਧਰ ਦੇ ਪ੍ਰਧਾਨ ਸ. ਦਰਬਾਰਾ ਸਿੰਘ ਢਿਲੋਂ ਐਡਵੋਕੇਟ ਮੁਖ ਮਹਿਮਾਨ ਵਜੋਂ ਹਾਜ਼ਰ ਹੋਏ। ਫੋਰਮ ਵਲੋਂ ਇਸ ਸਾਲ ਮਨਾਇਆ ਗਿਆ ਇਹ ਦਸਵਾਂ ਮੇਲਾ ਸ. ਢਿਲੋਂ ਦੇ ਸ਼ਾਮਲ ਹੋਣ ਨਾਲ ਯਾਦਗਾਰੀ ਹੋ ਨਿਬੜਿਆ ਕਿਉਂਕਿ ਪਰਦੇਸਾਂ ਵਿਚ ਲਗਦੇ ਇਹ ਮੇਲੇ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਲੋਂ ਪਾਈ ਮਹਾਨ ਪਿਰਤ ਦੀ ਲੀਹ 'ਤੇ ਹੋ ਰਹੇ ਹਨ।

ਇਸ ਵਾਰ ਇਹ ਮੇਲਾ ਬਾਬਾ ਭਾਗ ਸਿੰਘ ਕੈਨੇਡੀਅਨ ਬਾਬਾ ਸੁਰ ਅਲੀ ਪਠਾਣ, ਬਾਬਾ ਭਗਤ ਸਿੰਘ ਬਿਲਗਾ, ਬਾਬਾ ਕਰਤਾਰ ਸਿੰਘ ਦੁੱਕੀ (ਲਡਾਲਾ), ਨਾਮਧਾਰੀ ਸ਼ਹੀਦ ਬਾਬਾ ਹੀਰਾ ਸਿੰਘ ਤੇ ਭਾਈ ਬਾਲ ਮੁਕੰਦ ਨੂੰ ਸਮਰਪਤ ਸੀ। ਬਾਬਾ ਦੁੱਕੀ ਦੇ ਪੋਤਰੇ ਤੇ ਉਘੇ ਬਿਜਨੈਸਮੈਨ ਸ. ਜਗਦੀਸ਼ ਸਿੰਘ ਖੰਗੂੜਾ ਤੇ ਪਿੰਡ ਲਤਾਲਾ ਦੇ ਹੋਰ ਪਰਿਵਾਰਾਂ ਨੇ ਮਿਲਕੇ ਸਾਰਾ ਦਿਨ ਚਾਹ ਪਾਣੀ ਅਤੇ ਲੰਗਰ ਦੀ ਸੇਵਾ ਨਿਭਾਈ। ਸ. ਖੰਗੂੜਾ ਨੇ ਫੋਰਮ ਦੀ ਅਥਾਹ ਮਾਇਕ ਸਹਾਇਤਾ ਵੀ ਕੀਤੀ। ਬਾਬਾ ਭਾਗ ਸਿੰਘ ਕੈਨੇਡੀਅਨ ਦੀ ਪੁੱਤਰੀ ਮਹਿੰਦਰ ਕੌਰ ਢੇਸੀ ਦੇ ਪਰਿਵਾਰ ਦੇ ਕਈ ਮੈਂਬਰ ਮੇਲੇ ਵਿਚ ਉਚੇਚੇ ਤੌਰ 'ਤੇ ਸ਼ਾਮਲ ਹੋਏ।

ਪੁਰਾਣੇ ਰੀਜੈਂਸੀ ਹਾਲ ਵਿਚ ਹੋਏ ਮੇਲੇ ਦੇ ਪ੍ਰਧਾਨਗੀ ਮੰਡਲ ਵਿਚ ਫੋਰਮ ਦੇ ਪ੍ਰਧਾਨ ਗੁਰਦੀਪ ਸਿੰਘ ਘੋਲੀਆ, ਸ. ਦਰਬਾਰਾ ਸਿੰਘ ਢਿਲੋਂ, ਪ੍ਰਸਿੱਧ ਆਜਾਦੀ ਘੁਲਾਟੀਏ ਸ. ਨਰੰਜਣ ਸਿੰਘ ਸੁਜੋਂ ਅਤੇ ਪ੍ਰੋ. ਵੇਦ ਵਟੁੱਕ ਸ਼ਾਮਲ ਸਨ। ਹਾਲ ਦੀ ਲਾਬੀ ਵਿਚ ਮਹਿੰਦਰ ਢਾਅ ਦੀ ਦੇਖ ਰੇਖ ਹੇਠ ਗਦਰੀ ਬਾਬਿਆਂ ਤੇ ਆਜ਼ਾਦੀ ਘੁਲਾਟੀਆਂ ਦੀਆਂ ਕੋਈ 250 ਫੋਟੋਆਂ ਦੀ ਪ੍ਰਦਰਸ਼ਨੀ ਸਾਰਾ ਦਿਨ ਹਾਜ਼ਰੀਨ ਦੀ ਖਿੱਚ ਦਾ ਕੇਂਦਰ ਬਣੀ ਰਹੀ। ਇਥੇ ਹੀ ਲੰਗਰ ਸਾਰਾ ਦਿਨ ਅਟੁੱਟ ਵਰਤਦਾ ਰਿਹਾ। ਇਸ ਦਫਾ ਲੰਗਰ ਦੀ ਸੇਵਾ ਗਦਰੀ ਬਾਬਾ ਕਰਤਾਰ ਸਿੰਘ ਦੁੱਕੀ ਦੇ ਇਥੇ ਰਹਿੰਦੇ ਲਤਾਲਾ ਨਗਰ ਨਿਵਾਸੀਆਂ ਨੇ ਸ਼ਰਧਾ ਨਾਲ ਨਿਭਾਈ। ਚਾਹ ਤੇ ਪਕੌੜਿਆਂ ਦੀ ਸੇਵਾ ਨਿਊ ਇੰਡੀਆ ਸਵੀਟਸ ਐਂਡ ਸਪਾਈਸਿਜ਼ ਦੇ ਮਾਲਕ ਜਸਵਿੰਦਰ ਸਿੰਘ ਦੇ ਹਿੱਸੇ ਆਈ। ਲੰਗਰ ਦੀ ਸੇਵਾ ਵਿਚ ਸੰਸਥਾ ਦੇ ਮੋਢੀ ਪ੍ਰਧਾਨ ਸ. ਗੁਰਬਖਸ਼ ਸਿੰਘ ਦੇ ਸਪੁੱਤਰਾਂ ਨਵਦੀਪ ਸਿੰਘ ਤੇ ਬਲਦੇਵ ਸਿੰਘ ਦਾ ਵੱਡਾ ਯੋਗਦਾਨ ਸੀ। ਮਹਾਰਾਜ ਕੌਲ ਵਲੋਂ ਸਥਾਪਤ ਇੰਡੀਅਨ ਰਿਲੀਫ ਐਂਡ ਐਜੂਕੇਸ਼ਨ ਫੰਡ ਕਨਕਰਡ ਵਲੋਂ ਸ. ਅਮਰੀਕ ਸਿੰਘ ਰਾਹੀਂ ਦੁਰਲਭ ਪੁਸਤਕਾਂ ਮੁਫਤ ਵੰਡੀਆਂ ਗਈਆਂ। ਫਾਰਮਰਜ਼ ਇੰਸ਼ੋਰੈਂਸ ਵਲੋਂ ਪਿਨ ਤੇ ਕੈਲੰਡਰ ਤਕਸੀਮ ਕੀਤੇ ਗਏ।

ਪ੍ਰੋਗਰਾਮ ਦਾ ਅਰੰਭ ਕਰਦੇ ਹੋਏ ਸੰਸਥਾ ਦੇ ਸਕੱਤਰ ਜਨਰਲ ਸੁਰਿੰਦਰ ਸਿੰਘ ਮੰਢਾਲੀ ਨੇ ਕੌਮੀ ਸ਼ਹੀਦਾਂ ਤੇ ਫੋਰਮ ਦੇ ਸਦੀਵੀ ਵਿਛੋੜਾ ਦੇ ਗਏ ਕਾਰਕੁਨਾਂ ਦੀ ਯਾਦ ਵਿਚ ਇਕ ਮਿੰਟ ਦਾ ਮੋਨ ਧਾਰਨ ਕਰਨ ਦੀ ਬੇਨਤੀ ਉਤੇ ਹਾਜ਼ਰੀਨ ਨੇ ਅਕੀਦਤ ਦੇ ਫੁਲ ਭੇਂਟ ਕੀਤੇ। ਸ੍ਰੀ ਮੰਢਾਲੀ ਨੇ ਕੈਲੀਫੋਰਨੀਆ ਦੇ ਕੋਨੇ ਕੋਨੇ ਤੋਂ ਆਏ ਸਮੂਹ ਸੱਜਣਾਂ ਦਾ ਧੰਨਵਾਦ ਕੀਤਾ ਅਤੇ ਫੋਰਮ ਦੇ ਦਸ ਸਾਲਾ ਇਤਿਹਾਸ ਦੀ ਸੰਖਿਪਤ ਜਾਣਕਾਰੀ ਪੇਸ਼ ਕੀਤੀ।


ਯਮਲੇ ਜੱਟ ਦੇ ਇਥੇ ਰਹਿੰਦੇ ਸ਼ਾਗਿਰਦ ਰਾਜ ਬਰਾੜ ਨੇ ਤੂੰਬੀ ਨਾਲ ਇਕ ਗੀਤ ਪੇਸ਼ ਕੀਤਾ ਅਤੇ ਇਸਤੋਂ ਬਾਅਦ ਗੁਰਦੀਪ ਸਿੰਘ ਗਗੜਾ, ਕਰਤਾਰ ਸਿੰਘ ਕੋਕਰੀ ਨੇ ਆਪਣੀ ਦੇਸ਼ ਭਗਤੀ ਦੀਆਂ ਕਵਿਤਾਵਾਂ ਦਾ ਉਚਾਰਨ ਕੀਤਾ।

ਸੰਸਥਾ ਦੇ ਸੀਨੀਅਰ ਮੈਂਬਰ ਤੇ ਖਜ਼ਾਨਚੀ ਜਸਵੰਤ ਸਿੰਘ ਮਾਨ ਨੇ ਦੇਸ਼ ਭਗਤ ਭਾਈ ਕਰਤਾਰ ਸਿੰਘ ਦੁੱਕੀ ਦੇ ਸੰਘਰਸ਼ਮਈ ਜੀਵਨ ਬਾਰੇ ਵਿਸਤ੍ਰਿਤ ਜਾਣਕਾਰੀ ਸਰੋਤਿਆਂ ਨੂੰ ਪੇਸ਼ ਕੀਤੀ। ਪ੍ਰਸਿੱਧ ਗਾਇਕ ਸੁਖਦੇਵ ਸਾਹਿਲ ਨੇ ਦੇਸ਼ ਭਗਤੀ ਦੇ ਦੋ ਗੀਤਾਂ ਦਾ ਗਾਇਨ ਕੀਤਾ ਜਿਨ੍ਹਾਂ ਵਿਚੋਂ ਇਕ ਦੇ ਬੋਲ ਸਨ, 'ਦੇਸ਼ ਦੀ ਖਾਤਰ ਜੋ ਵਾਰ ਗਏ ਪਿਆਰੀਆਂ ਪਿਆਰੀਆਂ ਜਾਨਾਂ ਨੂੰ।'

ਫੋਰਮ ਦੇ ਮੋਢੀ ਮੈਂਬਰ ਗੁਰਦੀਪ ਸਿੰਘ ਅਣਖੀ ਨੇ ਆਪਣੇ ਭਾਸ਼ਨ ਵਿਚ ਕਿਹਾ ਕਿ ਉਹ ਸ਼ਾਮਲ ਸਮੂਹ ਹਾਜ਼ਰੀਨ ਦੇ ਰਿਣੀ ਹਨ ਜਿਨ੍ਹਾਂ ਇਸ ਸਮਾਗਮ 'ਚ ਸ਼ਾਮਲ ਹੋ ਕੇ ਸ਼ਹੀਦਾਂ ਨੂੰ ਸ਼ਰਧਾ ਦੇ ਫੁੱਲ ਭੇਟ ਕੀਤੇ। ਉਨ੍ਹਾਂ ਦੁੱਖ ਪ੍ਰਗਟ ਕੀਤਾ ਕਿ ਦੇਸ਼ ਭਗਤਾਂ ਨੇ ਦੇਸ਼ ਦੀ ਆਜ਼ਾਦੀ ਲਈ ਤਨ ਮਨ ਧਨ ਵਾਰਿਆ ਪਰ ਉਨ੍ਹਾਂ ਦੇ ਸਿਰਜੇ ਦੇਸ਼ ਖਾਤਰ ਆਦਰਸਾਂ ਦੀ ਪੂਰਤੀ ਨਹੀਂ ਹੋਈ। ਸ. ਅਣਖੀ ਨੇ ਚਲੰਤ ਮਸਲਿਆਂ ਬਾਰੇ ਬੋਲਦਿਆਂ ਪਰਵਾਸੀਆਂ ਦੀਆਂ ਵੀਜ਼ਾ ਦਿੱਕਤਾਂ, ਕਾਲੀ ਸੂਚੀ ਤੇ ਪ੍ਰਵਾਸੀਆਂ ਦੇ ਘਰ ਚੋਰੀਆਂ ਡਾਕਿਆਂ ਅਤੇ ਸੈਨ ਫਰਾਂਸਿਸਕੋ ਵਿਖੇ ਗਦਰ ਪਾਰਟੀ ਦੇ ਦਫਤਰ ਦੀ ਬਿਲਡਿੰਗ ਦੀ ਖਸਤਾ ਹਾਲਤ 'ਤੇ ਚਿੰਤਾ ਦਾ ਪ੍ਰਗਟਾਵਾ ਕੀਤਾ।











ਸ. ਮਹਿੰਦਰ ਸਿੰਘ ਗਰੇਵਾਲ ਨੇ ਸੰਖੇਪ ਸ਼ਬਦਾਂ ਵਿਚ ਪ੍ਰਬੰਧਕਾਂ ਨੂੰ ਇਹ ਸਮਾਗਮ ਕਰਾਉਣ ਲਈ ਤਹਿ ਦਿਲੋਂ ਮੁਬਾਰਕਬਾਦ ਦਿੱਤੀ ਅਤੇ ਦੇਸ਼ ਭਗਤੀ ਦੀਆਂ ਕਵਿਤਾਵਾਂ ਦੇ ਕੁਝ ਟੋਟਕੇ ਪੇਸ਼ ਕੀਤੇ।

ਸਮਾਗਮ ਵਿਚ ਸ਼ਰਨਜੀਤ ਕੌਰ ਧਾਲੀਵਾਲ ਨੇ ਕਵਿਤਾ 'ਕੁਝ ਘੜੀਆਂ ਅਜਿਹੀਆਂ ਵੀ ਹੁੰਦੀਆਂ ਹਨ ਜੋ ਤਾਰੀਖ ਘੜਦੀਆਂ ਹਨ', ਹਰਿੰਦਰ ਕੌਰ ਮੰਡਾਲੀ ਨੇ 'ਸਤਲੁਜ ਦਾ ਕੰਢਾ' ਅਤੇ ਅਮਨਦੀਪ ਕੌਰ ਤੇ ਸੁਰਿੰਦਰ ਕੌਰ ਨੇ ਆਪਣੀਆਂ ਕਵਿਤਾਵਾਂ ਦਾ ਉਚਾਰਨ ਕੀਤਾ।




ਸਿਟੀ ਪਲਾਨਿੰਗ ਬੋਰਡ ਦੇ ਮੈਂਬਰ ਰਾਮਾਕਾਂਡ ਡਾਬਰ ਨੇ ਮਰਦਮਸ਼ੁਮਾਰੀ ਬਾਰੇ ਜਾਣਕਾਰੀ ਹਾਜ਼ਰੀਨ ਅਗੇ ਪੇਸ਼ ਕੀਤੀ। ਜੀ.ਐਚ.ਜੀ. ਸੰਗੀਤ ਅਤੇ ਡਾਂਸ ਅਕੈਡਮੀ ਦੇ ਯੁਵਕਾਂ ਨੇ ਭੰਗੜੇ ਦੀ ਪੇਸ਼ਕਾਰੀ ਕੀਤੀ। ਇਸ ਪੇਸ਼ਕਸ਼ ਲਈ ਮੁੱਖ ਨਿਰਦੇਸ਼ਕ ਪਰਮਜੀਤ ਸਿੰਘ ਧਾਲੀਵਾਲ ਵਧਾਈ ਦੇ ਪਾਤਰ ਹਨ। ਕਲਾਕਾਰਾਂ ਨੂੰ ਯਾਦਗਾਰੀ ਨਿਸ਼ਾਨੀਆਂ ਨਾਲ ਸਨਮਾਨਿਤ ਕੀਤਾ ਗਿਆ।

ਮੁੱਖ ਮਹਿਮਾਨ ਸ. ਦਰਬਾਰਾ ਸਿੰਘ ਢਿਲੋਂ ਐਡਵੋਕੇਟ ਪ੍ਰਧਾਨ ਦੇਸ਼ ਭਗਤ ਯਾਦਗਾਰ ਹਾਲ ਕਮੇਟੀ ਜਲੰਧਰ ਨੇ ਆਪਣੇ ਕੁੰਜੀਵਤ ਭਾਸ਼ਨ ਵਿਚ ਫੋਰਮ ਦੇ ਪ੍ਰਬੰਧਕੀ ਬੋਰਡ ਦਾ ਧੰਨਵਾਦ ਕੀਤਾ ਜਿਨ੍ਹਾਂ ਦੇ ਵਿਸ਼ੇਸ਼ ਸੱਦੇ ਤੇ ਇਥੇ ਆ ਕੇ ਗਦਰ ਪਾਰਟੀ ਦੀ ਜਨਮ ਭੋਇੰ 'ਤੇ ਆ ਕੇ ਗਦਰੀਆਂ ਦੀ ਯਾਦ ਨੂੰ ਨਤਮਸਤਕ ਕਰਨ ਦਾ ਅਵਸਰ ਮਿਲਿਆ। ਉਨ੍ਹਾਂ ਕਿਹਾ ਕਿ ਉਨ੍ਹਾਂ ਨੂੰ ਖੁਸ਼ੀ ਹੈ ਕਿ ਇਥੇ ਪੰਜਾਬੀ ਪਰਵਾਸੀ ਦੇਸ਼ ਭਗਤਾਂ ਸੰਬੰਧੀ ਉਨ੍ਹਾਂ ਦੀ ਯਾਦ ਵਿਚ ਮੇਲੇ ਲਾਉਂਦੇ ਹਨ। ਉਨ੍ਹਾਂ ਦੇਸ਼ ਭਗਤ ਯਾਦਗਾਰ ਹਾਲ ਬਾਰੇ ਇਤਿਹਾਸਕ ਜਾਣਕਾਰੀ ਦਿਤੀ ਅਤੇ ਕੀਤੇ ਜਾ ਰਹੇ ਕਾਰਜਾਂ ਬਾਰੇ ਦੱਸਿਆ। ਉਨ੍ਹਾਂ ਇਥੇ ਵਸਦੇ ਪਰਵਾਸੀਆਂ ਨੂੰ 1913 ਦੀ ਗਦਰ ਪਾਰਟੀ, 1914 ਦੇ ਕਾਮਾਗਾਟਾਮਾਰੂ ਕਾਂਡ ਅਤੇ ਬੱਬਰ ਅਕਾਲੀਆਂ ਦੀਆਂ ਸ਼ਤਾਬਦੀਆਂ 'ਤੇ ਹਾਜ਼ਰੀ ਲਵਾਉਣ ਦਾ ਵਿਸ਼ੇਸ਼ ਸਦਾ ਦਿੱਤਾ। ਫੋਰਮ ਵਲੋਂ ਮੁੱਖ ਮਹਿਮਾਨ ਨੂੰ ਸ਼ਾਲ ਤੇ ਯਾਦਗਾਰੀ ਪਲੇਕ ਨਾਲ ਸਨਮਾਨਿਤ ਕੀਤਾ ਗਿਆ।

ਸਮੂਹ ਪ੍ਰਬੰਧਕੀ ਬੋਰਡ ਅਤੇ ਇਥੇ ਪ੍ਰਸਿੱਧ ਵਿਦਵਾਨਾਂ ਦੀ ਹਾਜ਼ਰੀ ਵਿਚ ਗਦਰੀ ਬਾਬੇ ਬਚਨ ਸਿੰਘ ਘੋਲੀਆਂ ਦੀ ਜੀਵਨੀ ਦੀ ਪੁਸਤਕ ਰਚਿਤ ਅਮਰਜੀਤ ਸਿੰਘ ਬੱਬਰੀ ਰਿਲੀਜ਼ ਕੀਤੀ ਗਈ। ਬਾਬਾ ਬਚਨ ਸਿੰਘ ਘੋਲੀਆਂ ਦੇ ਇਥੇ ਰਹਿੰਦੇ ਸਪੁੱਤਰ ਕਰਨਲ ਹਰਦੇਵ ਸਿੰਘ ਦੀਆਂ ਕੋਸ਼ਿਸ਼ ਨਾਲ ਇਸ ਪੁਸਤਕ ਦੀ ਰਚਨਾ ਹੋਈ।

ਸਮਾਗਮ ਦੀ ਸਭ ਤੋਂ ਚੋਟੀ ਦੀ ਪੇਸ਼ਕਸ਼ ਕੂਲ ਪੰਜਾਬੀ ਵਿਰਸਾ ਗਰੁੱਪ ਦੇ ਕਲਾਕਾਰਾਂ ਪਰਮਜੀਤ ਸਿੰਘ ਤੇ ਬੀਬੀ ਰੇਨੂੰ ਸਿੰਘ ਵਲੋਂ ਦੋ ਗੀਤਾਂ ਦੀ ਪੇਸ਼ਕਾਰੀ ਸੀ। ਰੇਨੂੰ ਸਿੰਘ ਨੇ ਜੈਮਲ ਪੱਡੇ ਦਾ ਗੀਤ 'ਸਿਦਕ ਸਾਡੇ ਨੇ ਕਦੇ ਮਰਨਾ ਨੀ, ਸੱਚ ਦੇ ਸੰਗਰਾਮ ਨੇ ਹਰਨਾ ਨਹੀਂ, ਗਾ ਕੇ ਜੁਲਮ ਦੇ ਟਾਕਰੇ ਆਜ਼ਾਦੀ ਸੰਗਰਾਮੀਆਂ ਦਾ ਦ੍ਰਿੜ ਵਿਸ਼ਵਾਸ ਪੇਸ਼ ਕੀਤਾ। ਪਰਮਜੀਤ ਸਿੰਘ ਦੇ ਗਾਏ ਸੰਤ ਰਾਮ ਉਦਾਸੀ ਦੇ ਪ੍ਰਸਿੱਧ ਗੀਤ 'ਮਘਦਾ ਰਹੀਂ ਵੇ ਸੂਰਜਾ ਕੰਮੀਆਂ ਦੇ ਵਿਹੜੇ' ਨੇ ਹਾਜ਼ਰੀਨ ਦੀਆਂ ਅੱਖਾਂ ਨਮ ਕਰ ਦਿੱਤੀਆਂ। ਇਸ ਜੋੜੀ ਵਲੋਂ ਪਹਿਲੇ ਸਮਾਗਮਾਂ ਵਿਚ ਗਾਇਆ ਗੀਤ ''ਛੱਟਾ ਚਾਨਣ ਦਾ ਕਰ ਜਾਣਾ'' ਹਾਲੇ ਤਕ ਯਾਦ ਹੈ। ਸਮਾਗਮ ਦੇ ਦਰਮਿਆਨ ਫੋਰਮ ਵਲੋਂ ਯਾਦਗਾਰੀ ਸੋਵੀਨੀਅਰ ਰਿਲੀਜ਼ ਕੀਤਾ ਗਿਆ ਅਤੇ ਪ੍ਰਬੰਧਕਾਂ ਨੇ ਇਸ ਦੇ ਲੇਖਕਾਂ ਗੁਰਬਚਨ ਸਿੰਘ ਭੁਲਰ, ਪ੍ਰੋ. ਕੁਲਵੰਤ ਸਿੰਘ ਰੋਮਾਣਾ, ਪ੍ਰਸਿੱਧ ਪੱਤਰਕਾਰ ਜਤਿੰਦਰ ਪੰਨੂ, ਡਾ. ਗੁਰਮੇਲ ਸਿੰਘ ਸਿੱਧੂ ਤੇ ਸਵਰਨ ਸਿੰਘ ਸਨੇਹੀ ਐਮ.ਏ. ਦਾ ਤਹਿ ਦਿਲੋਂ ਧੰਨਵਾਦ ਕੀਤਾ।

ਸਥਾਪਤ ਲੋਕ ਗਾਇਕ ਅਵਤਾਰ ਸਿੰਘ ਗਰੇਵਾਲ ਅਤੇ ਬਿੰਦਰ ਢੇਸੀ (ਦੋਹਤਾ ਬਾਬਾ ਭਾਗ ਸਿੰਘ ਕੈਨੇਡੀਅਨ) ਨੇ ਉੱਚੀ ਮਧੁਰ ਸਵਰ ਵਿਚ ਇਕ ਗੀਤ ਗਾਇਆ ''ਕੌਮਾਂ ਬਣਦੀਆਂ ਨਾਲ ਕੁਰਬਾਨੀਆਂ ਦੇ'' ਜਿਸਦੀ ਭਰਪੂਰ ਪ੍ਰਸ਼ੰਸਾ ਹੋਈ।

ਫਰਿਜ਼ਨੋ ਪੁਲਿਸ ਚੀਫ ਜੈਰੀ ਡਾਇਰ ਵਲੋਂ ਮਿ. ਮਾਰਗਨ ਨੇ ਹੋ ਰਹੀਆਂ ਚੋਰੀਆਂ ਆਦਿ ਸੰਬੰਧੀ ਕੁਝ ਸੁਝਾਓ ਪੇਸ਼ ਕੀਤੇ। ਕੈਲੀਫੋਰਨੀਆ ਦੇ ਸੈਨੇਟਰ ਡੀਨ ਫਲੋਰਡ ਦੀ ਨੁਮਾਇੰਦਾ ਸੂਜ਼ਨ ਵੁਡ ਨੇ ਸੈਨੇਟਰ ਵਲੋਂ ਵਧਾਈ ਪੇਸ਼ ਕੀਤੀ।

ਵੱਖ-ਵੱਖ ਖੇਤਰਾਂ ਵਿਚ ਵਿਸ਼ੇਸ਼ ਯੋਗਦਾਨ ਲਈ ਮੋਗਾ ਵੀਡੀਓ ਐਂਡ ਫੋਟੋਗ੍ਰਾਫਰ ਦੀਆਂ ਨਿਸ਼ਕਾਮ ਸੇਵਾਵਾਂ ਲਈ ਅਜੀਤ ਸਿੰਘ ਗਿੱਲ ਦੇ ਬੱਚਿਆਂ ਅਤੇ ਫੋਰਮ ਦੇ ਮੋਢੀ ਮੈਂਬਰ ਮਰਹੂਮ ਕੇਹਰ ਸਿੰਘ ਕਾਲੀਰਾਏ ਦੇ ਪੋਤਰੇ ਜੱਸੀ ਕਾਲੀਰਾਏ ਨੂੰ ਯਾਦਗਾਰੀ ਨਿਸ਼ਾਨੀਆਂ ਨਾਲ ਸਨਮਾਨਿਤ ਕੀਤਾ। ਇਸ ਤੋਂ ਬਿਨਾ ਦੇਸ਼ ਭਗਤ ਪਰਿਵਾਰਾਂ ਨਾਲ ਸੰਬੰਧਤ ਰਿਸ਼ਤੇਦਾਰਾਂ ਨੂੰ ਵੀ ਨਿਸ਼ਾਨੀਆਂ ਨਾਲ ਸਨਮਾਨਤ ਕੀਤਾ ਜਿਨ੍ਹਾਂ ਵਿਚ ਬਾਬਾ ਕਰਤਾਰ ਸਿੰਘ ਦੁੱਕੀ ਦੇ ਪੋਤਰੇ ਜਗਦੀਸ਼ ਸਿੰਘ ਖੰਗੂੜਾ, ਬਾਬਾ ਬਚਨ ਸਿੰਘ ਘੋਲੀਏ ਦੇ ਸਪੁੱਤਰ ਜਗਮੇਲ ਸਿੰਘ ਆਈ.ਐਨ.ਏ. ਦੀ ਵਿਧਵਾ ਹਰਪਾਲ ਕੌਰ, ਆਜ਼ਾਦੀ ਘੁਲਾਟੀਏ ਪ੍ਰੇਮ ਸਿੰਘ ਪ੍ਰੇਮ ਤੇ ਤੇਜਾ ਸਿੰਘ ਸਫਰੀ ਦੇ ਪੋਤਰੇ ਤੇ ਪੋਤਰੀ ਦਲਜੀਤ ਸਿੰਘ ਗਰੇਵਾਲ ਤੇ ਬੀਬੀ ਅਮਰਜੀਤ ਕੌਰ ਸ਼ਾਮਲ ਹਨ। ਪ੍ਰਸਿੱਧ ਗਾਇਕ ਮਿਕੀ ਸਰਾਂ ਨੇ ਸੁਰੀਲੀ ਆਵਾਜ਼ ਵਿਚ ਇਕ ਗੀਤ 'ਇਹ ਧਰਤ ਸ਼ਹੀਦਾਂ ਦੀ' ਗਾ ਕੇ ਸਰੋਤਿਆਂ ਤੋਂ ਭਰਪੂਰ ਪ੍ਰਸੰਸ਼ਾ ਖੱਟੀ। ਅੰਤ ਵਿਚ ਫੋਰਮ ਦੇ ਸਕੱਤਰ ਸੁਰਿੰਦਰ ਸਿੰਘ ਮੰਢਾਲੀ ਨੇ ਸਮੂਹ ਹਾਜਰੀਨ ਦਾ ਧੰਨਵਾਦ ਕੀਤਾ।





ਦੁਨੀਆਂ ਦੇ ਰੰਗ

# ਬਾਰਬੀ ਡੌਲ ਦੀ ਕਹਾਣੀ

ਇੱਕਵੀਂ ਸਦੀ ਦਾ ਪਹਿਲਾ ਦਹਾਕਾ ਖੱਟੀਆਂ-ਮਿੱਠੀਆਂ ਯਾਦਾਂ, ਸੰਦਲੀ ਤੇ ਭੂਰੀਆਂ ਪੈੜਾਂ ਛੱਡ ਕੇ ਤੁਰਦਾ ਬਣਿਆ। ਇਸ ਦਹਾਕੇ ਦੇ ਨੌਵੇਂ ਸਾਲ ਦੇ ਅੱਖਾਂ ਮੀਟਣ ਪਿਛੋਂ ਭਾਵੇਂ ਸੀਤ ਲਹਿਰ ਵੀ ਠਿੱਥ 'ਚ ਵੱਟਣ ਲੱਗ ਪਈ ਹੈ ਪਰ ਪਿਘਲ ਗਏ ਸਾਲ ਦਾ ਅਜੇ ਲੇਖਾ-ਜੋਖਾ ਹੋ ਰਿਹਾ ਹੈ। ਬੀਤੇ ਸਾਲ ਦੇ ਦੂਜੇ ਮਹੀਨੇ ਦੁਨੀਆਂ ਦੀਆਂ ਦੋ ਮਹਾਨ ਸ਼ਖ਼ਸੀਅਤਾਂ ਦੀ ਦੋ ਸੌ ਸਾਲਾ ਜਨਮ

**ਹਰਜਿੰਦਰ ਦੁਸਾਂਝ, ਯੂਬਾ ਸਿਟੀ***

ਸ਼ਤਾਬਦੀ ਲੰਘ ਕੇ ਗਈ ਹੈ। ਇਹ ਦੋਵੇਂ ਸ਼ਖ਼ਸੀਅਤਾਂ-ਇਬਰਾਹੀਮ ਲਿੰਕਨ ਤੇ ਚਾਰਲਸ ਡਾਰਵਿਨ, ਕਿਸੇ ਜਾਣ-ਪਛਾਣ ਦੀਆਂ ਮੁਥਾਜ ਨਹੀਂ। ਦੋਵਾਂ ਦੇ ਕੀਤੇ ਕੰਮਾਂ ਨੇ ਦੁਨੀਆਂ ਨੂੰ ਕਿਵੇਂ ਪ੍ਰਭਾਵਿਤ ਕੀਤਾ ਹੈ, ਇਹ ਵੀ ਸ਼ਾਇਦ ਦੱਸਣ ਦੀ ਲੋੜ ਨਹੀਂ। ਅਤੀਤ ਦੀ ਬੁੱਕਲ 'ਚ ਜਾ ਛੁਪਿਆ ਸਾਲ ਚਕਾਚੌਂਧ ਰੌਸ਼ਨੀਆਂ 'ਚ ਅਗਾਜ਼ ਹੋਇਆ ਸੀ ਤਾਂ ਡਾਰਵਿਨ ਅਤੇ ਲਿੰਕਨ ਦੇ ਦੋ ਸੌ ਸਾਲਾ ਜਨਮ ਦਿਨ ਮਨਾਉਣ ਦੀਆਂ ਗੱਲਾਂ ਵੀ ਬੜੀਆਂ ਚਕਾਚੌਂਧ ਵਾਲੀਆਂ ਸਨ। ਇਥੋਂ ਤੱਕ ਕਿ ਰਾਸ਼ਟਰਪਤੀ ਬਰਾਕ ਓਬਾਮਾ ਨੇ ਪੂਰਾ ਸਾਲ ਪੂਰੇ ਦੇਸ਼ 'ਚ ਦੋਵਾਂ ਦੀਆਂ ਜਨਮ ਸ਼ਤਾਬਦੀਆਂ ਮਨਾਉਣ ਦਾ ਐਲਾਨ ਕੀਤਾ ਸੀ ਪਰ ਇਨ੍ਹਾਂ ਦੋਵਾਂ ਦੀਆਂ ਜਨਮ ਸ਼ਤਾਬਦੀਆਂ ਤੋਂ ਅਗਲੇ ਮਹੀਨੇ ਇਕ ਕਾਲਪਨਿਕ ਪਲਾਸਟਿਕ ਦੀ ਗੁੱਡੀ ਬਾਰਬੀ ਦਾ ਪੰਜਾਹਵਾਂ ਜਨਮ ਦਿਨ ਆ ਗਿਆ। ਲਿੰਕਨ ਅਤੇ ਡਾਰਵਿਨ ਦੇ ਦੋ ਸੌ ਸਾਲਾ ਜਨਮ ਦਿਨ ਦੇ ਉਲੀਕੇ ਪ੍ਰੋਗਰਾਮ ਬਾਰਬੀ ਦੇ ਪੰਜਾਹਵੇਂ ਸਾਲ ਦੇ ਜਸ਼ਨਾਂ ਦੇ ਰੌਲੇ ਵਿਚ ਹੀ ਰੁੱਲ ਗਏ। ਉਕਤ ਮਹਾਨ ਦਾਰਸ਼ਨਿਕਾਂ ਦੇ ਜਨਮ ਦਿਹਾੜੇ ਮਹਿਜ ਇੱਕ ਸਰਕਾਰੀ ਸਮਾਗਮ ਬਣ ਕੇ ਹੀ ਰਹਿ ਗਏ।

ਕਈ ਵਰ੍ਹੇ ਪਹਿਲਾਂ ਪੰਜਾਬੀ ਪੱਤਰਕਾਰੀ ਦੇ ਗੁਰੂ ਸੁਰਜਨ ਜ਼ੀਰਵੀ ਹੁਰਾਂ ਨੇ ਪੰਜਾਬੀ ਵਾਰਤਕ ਦੀ ਝੋਲੀ, ''ਇਹ ਹੈ ਬਾਰਬੀ ਸੰਸਾਰ'' ਨਾਂ ਦੀ ਕਿਤਾਬ ਪਾਈ ਸੀ। ਜ਼ੀਰਵੀ ਦੀ ਉਕਤ ਕਿਤਾਬ ਵੀ ਡਾਰਵਿਨ ਤੇ ਲਿੰਕਨ ਦੇ ਜਨਮ ਦਿਨਾਂ ਵਾਂਗ ਕੁਝ ਸੰਜੀਦਾ ਤੇ ਸੋਚਵਾਨ ਸੱਜਣਾਂ ਦੇ ਦਾਇਰੇ ਵਿਚ ਹੀ ਸਿਮਟ ਕੇ ਰਹਿ ਗਈ। ਜਦੋਂ ਜ਼ੀਰਵੀ ਹੁਰਾਂ ਨੇ ਬਾਰਬੀ ਅਤੇ ਅਮਰੀਕੀ ਸਮਾਜ ਬਾਰੇ ਕਿਤਾਬ ਲਿਖੀ ਸੀ ਤਾਂ ਬਹੁਤ ਘੱਟ ਲੋਕਾਂ ਨੇ ਸੋਚਿਆ ਹੋਵੇਗਾ ਕਿ ਇਕ ਕਾਲਪਨਿਕ ਗੁੱਡੀ ਨੇ ਕਿੱਥੋਂ ਤਕ ਅਮਰੀਕੀ ਸਮਾਜ ਦੀ ਸੋਚ ਖੁੰਢੀ ਕੀਤੀ ਹੋਈ ਹੈ ਪਰ ਕਈ ਸਾਲ ਪਹਿਲਾਂ ਜ਼ੀਰਵੀ ਨੇ ਜਿਸ ਤਰ੍ਹਾਂ ਇਸ ਨੂੰ ਦੇਖਿਆ-ਪਾਖਿਆ ਤੇ ਸਮਝਿਆ ਸੀ, ਬਿਮਾਰੀ ਉਸ ਤੋਂ ਵੀ ਕਿਤੇ ਗੁੰਝਲਦਾਰ ਤੇ ਗੰਭੀਰ ਹੈ। ਪੂਰਾ ਦੇਸ਼ ਆਰਥਿਕ ਮੰਦਵਾੜੇ 'ਚੋਂ ਗੁਜ਼ਰ ਰਿਹਾ ਸੀ/ਹੈ, ਲੋਕਾਂ ਦੇ ਘਰ ਖੁੱਸ ਰਹੇ ਹਨ, ਇਸਦੇ ਬਾਵਜੂਦ ਹਰ ਤਬਕੇ ਦੇ ਲੋਕਾਂ ਦਾ ਵੱਡਾ ਹਿੱਸਾ ਬਾਰਬੀ ਦੇ ਮਾਡਲ ਤੇ ਉਸ ਨਾਲ ਜੁੜਿਆ ਹੋਰ ਸਾਮਾਨ ਖਰੀਦ ਰਿਹਾ ਸੀ, ਇੱਥੋਂ ਤਕ ਕਿ ਬਹੁਤ ਸਾਰੇ ਲੋਕ ਘਰ ਦਾ ਸਾਮਾਨ ਵੇਚ ਕੇ ਅਤੇ ਆਪਣੇ ਬੱਚਿਆਂ ਦਾ ਗਲਾ ਘੁੱਟ ਕੇ ਰਬੜ ਦੀ ਗੁੱਡੀ ਪਿਛੇ ਦੌੜੇ ਫਿਰਦੇ ਹਨ। ਇਸਨੂੰ ਪਾਗਲਪਨ ਹੀ ਕਿਹਾ ਜਾ ਸਕਦਾ ਹੈ। ਹੈਰਾਨੀ ਦੀ ਗੱਲ ਹੈ ਕਿ ਆਪਣੇ ਆਪ ਨੂੰ ਬੜੇ ਅਗਾਂਹਵਧੂ ਸਮਝਦੇ ਕਈ ਪੰਜਾਬੀ ਟੱਬਰ ਵੀ ਬਾਰਬੀ ਦੇ ਰੋਗ ਤੋਂ ਪੀੜਤ ਹਨ।

ਲਿੰਕਨ ਅਤੇ ਡਾਰਵਿਨ ਦੀਆਂ ਸ਼ਖ਼ਸੀਅਤਾਂ ਦੇ ਵਿਕਾਸ ਪਿਛੇ ਬੜੀ ਸਾਧਨਾ ਤੇ ਘਾਲਣਾ ਹੋਵੇਗੀ ਪਰ ਬਨਾਵਟੀ ਗੁੱਡੀ ਬਾਰਬੀ ਦੀ ਪੈਦਾਇਸ਼ ਪਿਛੇ ਵੀ ਦਿਲਚਸਪ ਕਹਾਣੀ ਹੈ। ਪਿਛਲੀ ਸਦੀ ਦੇ ਪੰਜਵੇਂ ਦਹਾਕੇ ਦੇ ਅੱਧ 'ਚ ਅਮਰੀਕਾ ਦੇ ਇਕ ਵਪਾਰੀ ਰੂਥ ਹੈਂਡਲਰ ਦੇ ਘਰ ਇਕ ਧੀ ਨੇ ਜਨਮ ਲਿਆ ਜਿਸ ਦਾ ਨਾਂ ਰੱਖਿਆ ਗਿਆ 'ਬਾਰਬਰਾ' ਤੇ ਪਿਆਰ ਦਾ ਨਾਂ 'ਬਾਰਬੀ'। ਜਦੋਂ ਅਸਲੀ ਬਾਰਬੀ ਗੁੱਡੀਆਂ-ਪਟੋਲਿਆਂ ਨਾਲ ਖੇਡਣ ਦੀ ਉਮਰ ਦੀ ਹੋਈ ਤਾਂ ਮਾਂ ਨੇ ਬਾਜ਼ਾਰ 'ਚੋਂ ਗੁੱਡੀਆਂ ਪਟੋਲੇ ਲਿਆਉਣੇ ਸ਼ੁਰੂ ਕੀਤੇ। ਇਕ ਦੁਪਹਿਰ ਰੂਥ ਦਫਤਰੋਂ ਘਰ ਖਾਣਾ ਖਾਣ ਆਇਆ ਤਾਂ ਨੰਨੀ ਮੁੰਨੀ ਬਾਰਬਰਾ ਇਕ ਗੁੱਡੀ ਨਾਲ ਖੇਡ ਰਹੀ ਸੀ, ਇਹ ਕਿਸੇ ਵਿਦੇਸ਼ੀ ਕੰਪਨੀ ਨੇ ਬਣਾਈ ਸੀ ਤੇ ਦੇਖਣ-ਪਾਖਣ ਨੂੰ ਬੜੀ ਭੱਦੀ ਲੱਗ ਰਹੀ ਸੀ। ਵਪਾਰੀ ਦਿਮਾਗ ਰੂਥ ਨੂੰ ਫੁਰਨਾ ਫੁਰਿਆ ਕਿ ਕਿਉਂ ਨਾ ਮੰਡੀ 'ਚ ਇਕ ਅਮਰੀਕਾ ਦੀ ਬਣੀ ਤੇਜ਼-ਤਰਾਰ ਗੁੱਡੀ ਛੱਡੀ ਜਾਵੇ।

ਗੱਲ 1955 ਦੀ ਹੈ, ਜਦੋਂ ਰੂਥ ਕਿਸੇ ਕੰਮ ਜਰਮਨੀ ਗਿਆ ਉੱਥੇ ਉਸ ਨੇ ਬਾਜ਼ਾਰ 'ਚ ਲਿੱਲੀ ਨਾਂ ਦੀ ਖਿਡੌਣਾ ਗੁੱਡੀ ਦੇਖੀ। ਉਸਨੇ ਦੋ ਖਰੀਦ ਲਈਆਂ ਇਕ ਆਪਣੀ ਧੀ ਲਈ ਤੇ ਦੂਜੀ ਆਪਣੀ ਵਪਾਰਕ ਸੂਝ ਲਈ। ਉਸ ਨੇ ਇਕ ਗੁੱਡੀ ਆਪਣੇ ਵਪਾਰਕ ਸਾਥੀ ਰੋਅਨ ਜੈਕ ਨੂੰ ਦਿੱਤੀ। ਉਦੋਂ ਰੂਥ 'ਮੈਟਲ ਇੰਕ' ਨਾਂ ਦੀ ਕੰਪਨੀ ਚਲਾ ਰਿਹਾ ਸੀ ਤੇ ਜੈਕ ਇਥੇ ਹੀ ਕੰਮ ਕਰਦਾ ਸੀ। ਜੈਕ ਨੇ ਉਕਤ ਲਿੱਲੀ ਦਾ ਨਮੂਨਾ ਦੇਖ ਕੇ ਗੁੱਡੀ ਦਾ ਇੱਕ ਅਜਿਹਾ ਮਾਡਲ ਤਿਆਰ ਕੀਤਾ ਜਿਹੜਾ ਬੱਚਿਆਂ ਤੋਂ ਬਿਨਾ ਵੱਡਿਆਂ ਨੂੰ ਵੀ ਖਿੱਚ ਪਾਉਂਦਾ ਹੋਵੇ। ਇਸ ਤਰ੍ਹਾਂ ਜੈਕ ਵਲੋਂ ਤਿਆਰ ਕੀਤੇ ਡਿਜ਼ਾਈਨ ਉਤੇ ਮੈਟਲ ਇੰਕ ਕੰਪਨੀ ਨੇ 1959 ਦੌਰਾਨ ਬਾਰਬੀ ਨੂੰ ਪਲਾਸਟਿਕ ਦੇ ਸਾਂਚਿਆਂ 'ਚ ਢਾਲਿਆ ਤੇ ਏਸੇ ਸਾਲ ਜਨਵਰੀ ਦੇ ਨੌਵੇਂ ਦਿਨ ਇਸ ਨੂੰ ਅਮਰੀਕਾ ਦੇ ਖਿਡੌਣਿਆਂ ਦੇ ਕੌਮਾਂਤਰੀ ਮੇਲੇ 'ਚ ਪੇਸ਼ ਕੀਤਾ। ਇਸਨੂੰ ਰੂਥ ਨੇ ਆਪਣੀ ਅਸਲੀ ਧੀ ਬਾਰਬਰਾ ਦੇ ਨਾਂ ਉਤੇ ਬਾਰਬੀ ਦਾ ਨਾਂ ਦਿੱਤਾ। ਜ਼ੈਬਰੇ ਦੀਆਂ ਧਾਰੀਆਂ ਵਰਗੇ ਸਵਿਮਿੰਗ ਸੂਟ 'ਚ ਇਕ ਮਾਸੂਮ ਚਿਹਰੇ ਵਾਲੀ ਅੱਲ੍ਹੜ ਉਮਰ ਦੀ ਦਿਸਦੀ ਖਿਡੌਣਾ ਗੁੱਡੀ ਦੇ ਅੰਗਾਂ ਨੂੰ ਇਸ ਤਰ੍ਹਾਂ ਉਭਾਰ ਕੇ ਪੇਸ਼ ਕੀਤਾ ਗਿਆ ਕਿ ਇਹ ਖਿਡੌਣੇ ਨਾਲੋਂ ਵਧ ਇਕ ਕਾਮ ਉਕਸਾਊ ਗੁੱਡੀ ਲਗਦੀ ਸੀ। ਇਸ ਤਰ੍ਹਾਂ ਰੂਥ ਨੇ ਬੱਚਿਆਂ ਦੀ



ਗੁੱਡੀ ਦੇ ਨਾਂ ਉੱਤੇ ਇਕ ਤੀਰ ਨਾਲ ਕਈ ਸ਼ਿਕਾਰ ਫੁੰਡ ਲਏ। ਲਿੱਲੀ ਨੂੰ ਦੇਖ ਕੇ ਬਣਾਈ ਬਾਰਬੀ ਲਈ ਵਿਹੜਾ ਉਦੋਂ ਹੋਰ ਮੋਕਲਾ ਹੋ ਗਿਆ ਜਦੋਂ ਸਾਲ ਕੁ ਬਾਅਦ ਲਿੱਲੀ ਦੀ ਕੰਪਨੀ ਨੇ ਉਤਪਾਦਨ ਬੰਦ ਕਰ ਦਿੱਤਾ।

1971 'ਚ ਬਾਰਬੀ ਦਾ ਟੀ.ਵੀ. ਉਤੇ ਪ੍ਰਚਾਰ ਸ਼ੁਰੂ ਕੀਤਾ ਗਿਆ ਜਿਸ 'ਚ ਬਾਰਬੀ ਦੇ ਅੰਗਾਂ ਨੂੰ ਬੜਾ ਉਭਾਰ ਕੇ ਕਈ ਪੋਜ਼ਾਂ 'ਚ ਪੇਸ਼ ਕੀਤਾ ਗਿਆ। ਕੈਮਰੇ ਦੇ ਟ੍ਰਿੱਕਾਂ ਨਾਲ ਪੇਸ਼ ਕੀਤੀ ਬਾਰਬੀ ਦੀ ਹਰ ਪਾਸੇ ਲਾਲਾ-ਲਾਲਾ ਹੋ ਗਈ। ਹੁਣ ਮੁਟਿਆਰ ਹੋ ਰਹੀ ਹਰ ਕੁੜੀ ਆਪਣੇ ਆਪ ਨੂੰ ਬਾਰਬੀ ਸਮਝਣ ਲੱਗੀ। ਬਾਰਬੀ ਵਰਗੀ ਦਿੱਖ ਬਣਾਉਣ ਦੇ ਚੱਕਰ 'ਚ ਜਵਾਨੀ ਦੀ ਦਹਿਲੀਜ਼ ਟੱਪਦੀਆਂ ਕਈ ਮਾਸੂਮ ਧੀਆਂ ਫਾਕੇ ਕੱਟਦੀਆਂ ਅਤੇ ਭਾਰ ਘਟਾ ਕੇ ਬਾਰਬੀ ਵਰਗੇ ਅੰਗ ਬਣਾਉਣ ਲਈ ਦਵਾਈਆਂ ਖਾਂਦੀਆਂ ਕਈ ਹੋਰ ਰੋਗ ਸਹੇੜ ਬੈਠੀਆਂ ਤੇ ਕਈ ਜਾਨ ਵੀ ਗੁਆ ਬੈਠੀਆਂ। ਪਰ ਬਾਰਬੀ ਦਾ ਨਾਪ ਉਸੇ ਤਰ੍ਹਾਂ ਰਿਹਾ। ਜਦੋਂ ਮਾਲਕਾਂ ਨੂੰ ਲੱਗਿਆ ਕਿ ਗੋਰੀ ਦਿੱਖ ਦੀ ਬਾਰਬੀ ਗੈਰ ਗੋਰੀਆਂ ਨਸਲਾਂ 'ਚ ਪ੍ਰਚਲਿਤ ਨਹੀਂ ਹੋ ਰਹੀ ਤਾਂ ਚੀਨੀ, ਜਪਾਨੀ, ਅਫਰੀਕਨ ਤੇ ਮੈਕਸੀਕਨ ਦਿੱਖ ਨਾਲ ਵੱਖੋ-ਵੱਖਰੇ ਨਾਵਾਂ 'ਚ ਬਾਰਬੀ ਦੀਆਂ ਸਹੇਲੀਆਂ ਬਣਾ ਕੇ ਬਾਰਬੀ ਵਰਗੀਆਂ ਹੋਰ ਗੁੱਡੀਆਂ ਬਾਜ਼ਾਰ 'ਚ ਭੇਜੀਆਂ ਗਈਆਂ। ਫਿਰ ਬਾਰਬੀ ਦਾ ਬੁਆਏ ਫਰੈਂਡ ਕਿਨ ਅਤੇ ਉਸ ਦੇ ਦੋਸਤ ਬਣਾ ਕੇ ਕਈ ਗੁੱਡੇ ਮਾਰਕੀਟ 'ਚ ਉਤਾਰੇ ਗਏ ਤਾਂ ਕਿ ਬਾਰਬੀ ਮੁੰਡਿਆਂ 'ਚ ਵੀ ਪ੍ਰਚਲਿਤ ਹੋ ਜਾਵੇ। ਇਸਦੇ ਬਾਵਜੂਦ ਜਦੋਂ ਬਾਰਬੀ ਦਾ ਜਾਦੂ ਘੱਟਣ ਲੱਗਾ ਤਾਂ ਉਸਨੂੰ ਆਏ ਸਾਲ ਵਡੇਰੀ ਉਮਰ ਦੀ ਬਣਾ ਕੇ ਵੱਖੋ-ਵੱਖਰੇ ਕੰਮਕਾਜਾਂ 'ਚ ਲੱਗੀ ਦਿਖਾਇਆ ਗਿਆ। ਰਾਸ਼ਟਰਪਤੀ, ਡਾਕਟਰ, ਪਾਇਲਟ ਤੇ ਫਾਇਰ ਫਾਈਟਰ ਵਰਗੇ ਸੌ ਤੋਂ ਵਧ ਮਾਡਲਾਂ 'ਚ ਬਾਰਬੀ ਪੇਸ਼ ਹੋ ਚੁੱਕੀ ਹੈ। ਇੱਥੋਂ ਤੱਕ ਕੇ ਕੰਪਨੀ ਨੇ ਬਾਰਬੀ ਦੇ ਕੁੱਤੇ, ਬਿੱਲੇ ਤੇ ਘੋੜਿਆਂ ਦੇ ਨਾਂ 'ਤੇ ਮਾਰਕੀਟ 'ਚ ਖਿਡੌਣੇ ਪੇਸ਼ ਕਰਕੇ ਬੇਹਿਸਾਬ ਕਮਾਈ ਕੀਤੀ। ਮੁਸਲਿਮ ਦੇਸ਼ਾਂ 'ਚ ਆਪਣੀ ਦਿੱਖ ਕਰਕੇ ਬਾਰਬੀ ਆਪਣੇ ਮਾਲਕਾਂ ਨੂੰ ਏਨੀ ਕਮਾਈ ਨਹੀਂ ਕਰਕੇ ਦੇ ਸਕੀ, ਸੋ ਹੁਣ ਉਥੇ ਇਸ ਨੂੰ ਇਸਲਾਮੀ ਸ਼ਰੀਅਤ ਪਹਿਰਾਵੇ 'ਚ ਪੇਸ਼ ਕੀਤਾ ਗਿਆ ਹੈ।

ਪਿਛੇ ਜਿਹੇ ਬਾਜ਼ਾਰੀ ਨਜ਼ਰੀਏ ਨਾਲ ਇਸ ਕਾਲਪਨਿਕ ਬਾਰਬੀ ਦਾ ਉਸਦੇ ਬੁਆਏ ਫਰੈਂਡ ਕਿਨ ਨਾਲੋਂ ਤੋੜ ਵਿਛੋੜਾ ਕਰ ਦਿੱਤਾ ਗਿਆ। ਜੇਕਰ ਕੁਝ ਨਹੀਂ ਕੀਤਾ ਗਿਆ ਤਾਂ ਇਹ ਕਿ ਅਸਲੀ ਬਾਰਬੀ ਜਿਸ ਦੇ ਨਾਂ ਉਤੇ ਇਸ ਦਾ ਨਾਂ ਰੱਖਿਆ ਗਿਆ, ਆਪਣੇ ਨਾਂ ਵਾਲੀ ਪਲਾਸਟਿਕ ਦੀ ਗੁੱਡੀ ਕਰਕੇ ਕਰੋੜਾਂ ਦੀ ਮਾਲਕ ਹੈ, ਦਾ ਨਾ ਤਾਂ ਵਿਆਹ ਕੀਤਾ ਗਿਆ ਤੇ ਨਾ ਹੀ ਬੱਚੇ ਪੈਦਾ ਕੀਤੇ ਗਏ। ਵੈਸੇ ਪਲਾਸਟਿਕ ਦੀ ਬਾਰਬੀ ਨੂੰ ਇਕ ਜੀਵਤ ਮੁਟਿਆਰ ਵਾਂਗ ਪੇਸ਼ ਕੀਤਾ ਗਿਆ।

ਮਾਡਲਿੰਗ ਦੀ ਦੁਨੀਆਂ 'ਚ ਰਬੜ ਦੀ ਇਹ ਮਾਡਲ ਕਈ ਕਹਿੰਦੀਆਂ ਕਹਾਉਂਦੀਆਂ ਮਾਡਲ ਮੁਟਿਆਰਾਂ ਨੂੰ ਕਮਾਈ ਦੇ ਮਾਮਲੇ 'ਚ ਕਿੱਧਰੇ ਪਿੱਛੇ ਛੱਡ ਚੁੱਕੀ ਹੈ। ਮਾਲਕ ਸਮਝਦੇ ਹਨ ਕਿ ਜੇਕਰ ਰਬੜ ਦੀ ਗੁੱਡੀ ਨੂੰ ਵਿਆਹੁਤਾ ਦਿਖਾ ਦਿੱਤਾ ਜਾਵੇ ਤਾਂ ਸੋਨੇ ਦੇ ਅੰਡੇ ਦਿੰਦੀ ਮੁਰਗੀ ਦਾ ਕਿਧਰੇ ਕਤਲ ਨਾ ਹੋ ਜਾਵੇ।

ਕਈ ਚੰਗੀਆਂ ਕੰਪਨੀਆਂ ਲਈ ਮਾਡਲਿੰਗ ਕਰਦੀਆਂ ਨਾਮੀ ਮਾਡਲਾਂ ਦਾ ਕਹਿਣਾ ਹੈ ਕਿ ਇੱਕ ਰਬੜ ਦੀ ਮਾਡਲ ਕਮਾਈ 'ਚ ਉਨ੍ਹਾਂ ਨੂੰ ਪਿੱਛੇ ਛੱਡ ਗਈ ਹੈ। ਦੂਜੇ ਪਾਸੇ ਅਮਰੀਕਾ ਸਮੇਤ ਕਈ ਦੇਸ਼ਾਂ ਦੀਆਂ ਸਿਹਤ ਸੰਸਥਾਵਾਂ ਤੇ ਡਾਕਟਰ ਵਾਰ-ਵਾਰ ਕਹਿ ਰਹੇ ਹਨ ਕਿ ਇਸ ਧਰਤੀ ਉਤੇ ਬਾਰਬੀ ਦੀ ਦਿੱਖ ਵਰਗੀ ਕੋਈ ਕੁੜੀ ਹੋ ਹੀ ਨਹੀਂ ਸਕਦੀ। ਇਹ ਸੰਭਵ ਹੀ ਨਹੀਂ, ਹਾਂ ਸ਼ਾਇਦ ਕੋਈ ਕੁਦਰਤੀ ਲੱਖਾਂ 'ਚੋਂ ਇੱਕ ਹੋਵੇ। ਉਹ ਮੁਟਿਆਰਾਂ ਨੂੰ ਇਹੋ ਸਲਾਹ ਦੇ ਰਹੇ ਹਨ ਕਿ ਬਾਰਬੀ ਬਣਨ ਦੇ ਚੱਕਰ 'ਚ ਐਵੇਂ ਆਪਣੇ ਸਰੀਰ ਲਈ ਰੋਗ ਨਾ ਸਹੇੜਨ। ਖੈਰ, ਸਮਝਿਆ ਜਾ ਰਿਹਾ ਸੀ ਕਿ ਹੁਣ ਬਾਰਬੀ ਦਾ ਜਾਦੂ ਮੱਠਾ ਪੈ ਰਿਹਾ ਹੈ ਤਾਂ ਹੀ ਬਾਰਬੀ ਦਾ ਪੰਜਾਹਵਾਂ ਜਨਮ ਦਿਨ ਮਨਾਉਣ ਦਾ ਡਰਾਮਾ ਕੀਤਾ ਗਿਆ ਹੈ। ਇਸ ਡਰਾਮੇ ਨੇ ਖੂਬ ਰਾਸ ਰਚਾਈ। ਜਦੋਂ ਲਿੰਕਨ ਤੇ ਡਾਰਵਿਨ ਦੇ ਦੋ ਸੌ ਸਾਲਾ ਪ੍ਰੋਗਰਾਮ ਸ਼ੁਰੂ ਹੋਏ ਤਾਂ ਅਮਰੀਕਾ ਦੇ ਹਰ ਗਲੀ ਮੁਹੱਲੇ 'ਚ ਬਾਰਬੀ ਦੇ ਜਨਮ ਦਿਹਾੜੇ ਦੀ ਹਨ੍ਹੇਰੀ ਆ ਗਈ ਤੇ ਇਸ ਹਨੇਰੀ ਨੇ ਡਾਰਵਿਨ ਤੇ ਲਿੰਕਨ ਦੇ ਜਨਮ ਦਿਨਾਂ ਦੀਆਂ ਮੋਮਬੱਤੀਆਂ ਗੁੱਲ ਕਰ ਦਿੱਤੀਆਂ। ਇਹ ਸਭ ਕੁਝ ਦੇਖ ਕੇ ਅਮਰੀਕਾ ਦੇ ਕੌਮੀ ਪੱਧਰ ਦੇ ਰੋਜ਼ਾਨਾ ਅਖ਼ਬਾਰ ਯੂ.ਐਸ.ਏ. ਟੂਡੇ ਨੇ ਇਕ ਲੰਬਾ ਚੌੜਾ ਤੇ ਅਸਰਦਾਰ ਐਡੀਟੋਰੀਅਲ ਲਿਖਿਆ ਪਰ ਸਾਡੇ ਜ਼ੀਰਵੀ ਸਾਹਿਬ ਤਾਂ ਚਿਰੋਕਣਾ ਪਹਿਲਾਂ ਹੀ ਦੱਸ ਚੁੱਕੇ ਸਨ ਕਿ 'ਇਹ ਹੈ ਬਾਰਬੀ ਸੰਸਾਰ'।

ਬੀਤੇ ਦਿਨੀਂ ਅਮਰੀਕਨ ਯੂਨੀਵਰਸਿਟੀਆਂ ਦੀਆਂ ਫੀਸਾਂ 'ਚ ਲੋਹੜੇ ਦਾ ਵਾਧਾ ਹੋਇਆ। ਹਰ ਯੂਨੀਵਰਸਿਟੀ 'ਚ ਪਾੜ੍ਹੇ ਮੁਜ਼ਾਹਰੇ ਕਰ ਰਹੇ ਹਨ। ਕਈ ਯੂਨੀਵਰਸਿਟੀਆਂ 'ਚ ਪੁਲਿਸ ਤੇ ਪਾੜ੍ਹਿਆਂ 'ਚ ਝੜੱਪਾਂ ਵੀ ਹੋਈਆਂ। ਇਸ ਬਾਰੇ ਕਾਂਗਰਸ ਖਾਮੋਸ਼ ਹੈ ਤੇ ਲੋਕ ਸੁੰਨ ਹਨ। ਅਮਰੀਕਨ ਫੌਜ ਦੇ ਸੈਂਕੜੇ ਅਫ਼ਸਰ ਸੇਵਾ ਮੁਕਤ ਹੋ ਕੇ ਆਪਣੇ ਫੌਜ ਵਿਚਲੇ ਸਾਥੀਆਂ ਦੀ ਮਦਦ ਨਾਲ ਫੌਜ ਦੇ ਸਲਾਹਕਾਰ ਬਣ ਕੇ ਹਜ਼ਾਰ-ਹਜ਼ਾਰ ਡਾਲਰ ਘੰਟੇ ਦੀ ਤਨਖਾਹ ਲੈ ਰਹੇ ਹਨ। ਕਈ ਸੇਵਾ ਮੁਕਤ ਹੋ ਕੇ ਫੌਜ ਨੂੰ ਸਪਲਾਈ ਕਰਨ ਵਾਲੀਆਂ ਕੰਪਨੀਆਂ 'ਚ ਕੰਮ ਕਰਨ ਲੱਗ ਪਏ। ਤੇ ਜਿਹੜਾ ਪੈਨ ਵਾਲਮਾਰਟ ਸਟੋਰ 50 ਸੈਂਟ ਦਾ ਵੇਚ ਰਿਹਾ ਉਹੀ ਪੈਨ ਉਹ ਪੰਜ ਡਾਲਰ ਦਾ ਸਪਲਾਈ ਕਰ ਰਹੇ ਹਨ। ਜਦੋਂ ਕੁਝ ਅਖ਼ਬਾਰਾਂ ਨੇ ਇਹ ਕਿੱਸੇ ਛਾਪੇ ਤਾਂ ਮਸਲਾ ਹਿੰਦੋਸਤਾਨ ਦੇ ਸਿਆਸਤਦਾਨਾਂ ਵਾਂਗ ਇਨਕੁਆਰੀਆਂ ਤੇ ਕਮਿਸ਼ਨਾਂ ਦੇ ਚੱਕਰ 'ਚ ਪੈ ਗਿਆ। ਮੀਡੀਏ 'ਚ ਆਏ ਉਬਾਲ ਕਰਕੇ ਸਾਧਾਰਣ ਜਨਤਾ ਚਾਰ ਕੁ ਦਿਨ ਗੱਲਾਂ ਕਰਕੇ ਜ਼ਿੰਦਗੀ 'ਚ ਮਸ਼ਰੂਫ ਹੋ ਗਈ ਤੇ ਉਹ ਬਰਫਬਾਰੀ ਤੋਂ ਬਾਅਦ ਨਿਕਲੀ ਧੁੱਪ ਵਾਲੇ ਦਿਨ ਮੱਛੀਆਂ ਫੜਨ, ਨਵੇਂ ਲਿਆਂਦੇ ਕੁੱਤੇ ਵਲੋਂ ਖਾਣਾ ਨਾ ਖਾਣ, ਬਿੱਲੇ ਦੇ ਦੰਦ ਖਰਾਬ ਹੋਣ ਅਤੇ ਮਾਰਕੀਟ 'ਚ ਆਏ ਬਾਰਬੀ ਦੇ ਨਵੇਂ ਮਾਡਲ ਦੀਆਂ ਗੱਲਾਂ ਕਰਨ ਲੱਗੇ, ਕਿਉਂਕਿ ''ਇਹ ਹੈ ਬਾਰਬੀ ਸੰਸਾਰ।''

*ਫੋਨ:530-301-1753

## ਲਾਸ ਵੇਗਸ ਦੇ ਮੇਲੇ ਨੂੰ ਭਰਵਾਂ ਹੁੰਗਾਰਾ

**ਲਾਸ ਵੇਗਸ, ਨੇਵਾਡਾ:** ਸਥਾਨਕ ਗੁਰਦੁਆਰਾ ਬਾਬਾ ਦੀਪ ਸਿੰਘ ਅਤੇ ਭਾਰਤੀ ਭਾਈਚਾਰੇ ਵਲੋਂ ਕਲਾਰਕ ਕਾਊਂਟੀ ਗੌਰਮਿੰਟ ਸੈਂਟਰ ਵਿਚ ਵਿਸਾਖੀ ਨੂੰ ਸਮਰਪਿਤ ਕਰਵਾਏ ਗਏ ਪਹਿਲੇ ਖੁੱਲ੍ਹੇ ਮੇਲੇ ਵਿਚ ਕੈਲੀਫੋਰਨੀਆ ਤੋਂ ਆਏ ਲੋਕ ਗਾਇਕਾਂ ਸੁਖਬੀਰ ਸੁੱਖ, ਰਾਜੇਸ਼ ਰਾਜੂ, ਬੱਬੂ ਗੁਰਪਾਲ ਅਤੇ ਇਸ਼ਮੀਤ ਨਰੂਲਾ ਨੇ ਸਾਫ ਸੁਥਰੀ ਪੰਜਾਬੀ ਗਾਇਕੀ ਨਾਲ ਸਰੋਤਿਆਂ ਦਾ ਭਰਪੂਰ ਮਨੋਰੰਜਨ ਕੀਤਾ। ਇਸ ਪ੍ਰੋਗਰਾਮ ਨੂੰ ਮੰਚ ਸੰਚਾਲਕਾ ਆਸ਼ਾ ਸ਼ਰਮਾ ਨੇ ਆਪਣੀ ਢੁਕਵੀਂ ਸ਼ੇਅਰੋ ਸ਼ਾਇਰੀ ਅਤੇ ਕਾਵਿਕ ਟੋਟਕਿਆਂ ਨਾਲ ਹੋਰ ਵੀ ਖੂਬਸੂਰਤ ਬਣਾ ਦਿੱਤਾ।

ਯੂਨੀਵਰਸਿਟੀ ਆਫ ਕੈਲੀਫੋਰਨੀਆ ਰਿਵਰਸਾਈਡ, ਯੂਨੀਵਰਸਿਟੀ ਆਫ ਬਰਕਲੇ, ਯੂ ਬੀ ਸੀ ਗਰਲਜ਼ ਭੰਗੜਾ (ਕੈਨੇਡਾ) ਆਦਿ ਭੰਗੜੇ ਅਤੇ ਗਿੱਧੇ ਦੀਆਂ ਟੀਮਾਂ ਨੇ ਲੋਕ ਨਾਚ ਭੰਗੜੇ ਤੇ ਗਿੱਧੇ ਦੇ ਚੰਗੇ ਜੌਹਰ ਵਿਖਾਏ। ਸਥਾਨਕ ਲੜਕੀਆਂ ਦੇ ਲਾਸ ਵੇਗਸ ਪੰਜਾਬੀ ਗਿੱਧਾ ਗਰੁਪ ਅਤੇ ਛੋਟੇ ਬੱਚਿਆਂ ਦੀ ਗਿੱਧਾ ਟੀਮ ਵੀ ਕਿਸੇ ਨਾਲੋਂ ਘੱਟ ਨਹੀਂ ਸੀ।

ਇੰਡੀਆ ਪੈਲੇਸ, ਗੇਲਾਰਡ ਇੰਡੀਆ, ਇੰਡੀਆ ਗਰਿਲ, ਮਾਊਂਟ ਐਵਰੈਸਟ ਇੰਡੀਆ ਕੁਜੀਨ, ਤਾਜ਼ਾ ਇੰਡੀਆ ਕੁਜੀਨ, ਨਮਸਤੇ ਇੰਡੀਆ, ਮਾਊਂਟ ਐਵਰੈਸਟ ਰੈਸਟੋਰੈਂਟ ਅਤੇ ਪੋਰਟ ਆਫ ਸਬਜ਼ ਨੇ ਮੇਲੇ ਦੇ ਸ਼ੌਕੀਨਾਂ ਨੂੰ ਭਾਂਤ ਸੁਭਾਂਤੇ ਖਾਣਿਆਂ ਨਾਲ ਖੁਸ਼ ਕੀਤਾ। ਬੱਚਿਆਂ ਲਈ ਫੇਸ ਪੇਂਟਿੰਗ ਅਤੇ ਹੋਰ ਕਈ ਤਰ੍ਹਾਂ ਦੀਆਂ ਛੋਟੀਆਂ ਮੋਟੀਆਂ ਖੇਡਾਂ ਮੌਜੂਦ ਸਨ।

ਸਥਾਨਕ ਸਿਆਸਤਦਾਨ ਅਤੇ ਜੱਜ ਆਪਣੀਆਂ ਵੋਟਾਂ ਪੱਕੀਆਂ ਕਰਨ ਲਈ ਲੋਕਾਂ ਨਾਲ ਮੇਲ ਜੋਲ ਵਧਾ ਰਹੇ ਸਨ। ਮਹਿੰਦੀ ਵਾਲੇ ਸਟਾਲ ਉਤੇ ਵੀ ਮਹਿੰਦੀ ਲਵਾਉਣ ਦੀਆਂ ਸ਼ੌਕੀਨ ਕੁੜੀਆਂ ਦੀ ਚੰਗੀ ਭੀੜ ਸੀ। ਲੋਕਾਂ ਦੀ ਸਿਹਤ ਸੰਭਾਲ ਲਈ ਇਕ ਮੈਡੀਕਲ ਕੈਂਪ ਵੀ ਲਾਇਆ ਗਿਆ ਜਿਥੇ ਮੁਫਤ ਵੈਕਸੀਨੇਸ਼ਨ ਦਿੱਤੀ ਗਈ। ਕਰੀਬ 15 ਸੌ ਲੋਕਾਂ ਨੇ ਇਸ ਮੇਲੇ ਦਾ ਅਨੰਦ ਮਾਣਿਆ।

## ਇਰਾਕ 'ਚ ਲੜੀਵਾਰ ਧਮਾਕੇ, 39 ਮੌਤਾਂ

**ਬਗਦਾਦ :** ਇਰਾਕ 'ਚ ਆਮ ਚੋਣਾਂ ਤੋਂ ਬਾਅਦ ਸਿਆਸੀ ਅਸਥਿਰਤਾ ਦੇ ਚੱਲਦਿਆਂ ਦਹਿਸ਼ਤਗਰਦੀ ਘਟਨਾਵਾਂ 'ਚ ਤੇਜ਼ੀ ਆ ਗਈ ਹੈ। ਯੁੱਧ ਤੇ ਦਹਿਸ਼ਤਵਾਦ ਦਾ ਸਾਹਮਣਾ ਕਰ ਰਹੇ ਇਸ ਮੁਲਕ 'ਚ ਪਿਛਲੇ 5 ਦਿਨਾਂ 'ਚ ਚਾਰ ਦਹਿਸ਼ਤਗਰਦੀ ਹਮਲੇ ਹੋ ਚੁੱਕੇ ਹਨ। 6 ਅਪ੍ਰੈਲ ਨੂੰ ਹੋਏ ਤਾਜ਼ਾ ਹਮਲੇ ਦੇਸ਼ ਦੀ ਰਾਜਧਾਨੀ ਬਗਦਾਦ 'ਚ ਹੋਏ, ਜਿਨ੍ਹਾਂ ਵਿਚ 39 ਵਿਅਕਤੀਆਂ ਦੀ ਮੌਤ ਹੋ ਗਈ।

ਲੜੀਵਾਰ ਹੋਏ 7 ਧਮਾਕਿਆਂ ਵਿਚੋਂ ਰਿਹਾਇਸ਼ੀ ਇਮਾਰਤਾਂ 'ਚ ਹੋਏ 5 ਧਮਾਕਿਆਂ ਵਿਚ 130 ਤੋਂ ਵਧ ਵਿਅਕਤੀ ਜ਼ਖ਼ਮੀ ਹੋਏ ਹਨ, ਜਿਨ੍ਹਾਂ ਵਿਚੋਂ ਕਈਆਂ ਦੀ ਹਾਲਤ ਬੇਹੱਦ ਗੰਭੀਰ ਹੈ।

## ਸੈਕਰਾਮੈਂਟੋ ਵਿਸਾਖੀ ਮੇਲੇ ਲਈ ਤਿਆਰੀਆਂ ਜ਼ੋਰਾਂ 'ਤੇ

**ਸੈਕਰਾਮੈਂਟੋ:** ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ ਵਲੋਂ ਆਉਂਦੀ 17 ਅਪਰੈਲ ਨੂੰ ਕਰਵਾਏ ਜਾ ਰਹੇ 21ਵੇਂ ਵਿਸਾਖੀ ਮੇਲੇ ਦੀਆਂ ਤਿਆਰੀਆਂ ਜ਼ੋਰਾਂ ਸ਼ੋਰਾਂ ਨਾਲ ਚੱਲ ਰਹੀਆਂ ਹਨ। ਐਸ ਈ ਐਸ ਹਾਲ ਐਲਕ ਗਰੂਵ ਵਿਚ ਸ਼ਾਮੀ 4 ਵਜੇ ਤੋਂ ਸ਼ੁਰੂ ਹੋਣ ਵਾਲੇ ਇਸ ਮੇਲੇ ਦੀਆਂ ਤਿਆਰੀਆਂ ਸਬੰਧੀ ਸੁਸਾਇਟੀ ਦੀ ਇਕ ਮੀਟਿੰਗ ਲੰਘੇ ਐਤਵਾਰ ਇਥੇ ਸਰਪੰਚ ਜਰਨੈਲ ਸਿੰਘ ਦੀ ਪ੍ਰਧਾਨਗੀ ਹੇਠ ਹੋਈ।

ਸੁਸਾਇਟੀ ਵਲੋਂ ਜਾਰੀ ਇਕ ਬਿਆਨ ਅਨੁਸਾਰ ਇਸ ਮੇਲੇ ਵਿਚ ਕੈਲੀਫੋਰਨੀਆ ਦੇ ਉਘੇ ਗਾਇਕ ਮਿਆਰੀ ਗੀਤਾਂ ਦੀ ਛਹਿਬਰ ਲਾਉਣਗੇ। 5 ਸਾਲ ਦੀ ਉਮਰ ਦੇ ਬੱਚਿਆਂ ਤੋਂ ਲੈ ਕੇ ਯੂਨੀਵਰਸਿਟੀ ਪੱਧਰ ਤੱਕ ਦੀਆਂ ਭੰਗੜਾ ਤੇ ਗਿੱਧਾ ਟੀਮਾਂ ਪੰਜਾਬ ਦੇ ਲੋਕ ਨਾਚਾਂ ਦੀਆਂ ਵੰਨਗੀਆਂ ਪੇਸ਼ ਕਰਨਗੀਆਂ। ਇਸ ਮੌਕੇ ਭਾਈਚਾਰੇ ਲਈ ਉਸਾਰੂ ਕੰਮ ਕਰਨ ਵਾਲੇ ਸੱਜਣਾਂ ਦਾ ਮਾਣ ਸਨਮਾਨ ਕਰਨ ਦੀ ਰਵਾਇਤ ਨੂੰ ਜਾਰੀ ਰੱਖਦਿਆਂ ਸ੍ਰੀ ਗੁਰਬਿੰਦਰ ਸਿੰਘ, ਸ੍ਰੀਮਤੀ ਪੁਸ਼ਵਿੰਦਰ ਕੌਰ, ਸ੍ਰੀ ਜਗਮੀਤ ਸਿੰਘ ਬਿੰਦ, ਸ੍ਰੀ ਹਰਜਿੰਦਰ ਸਿੰਘ ਪੰਧੇਰ ਅਤੇ ਡਾ. ਜਸਬੀਰ ਸਿੰਘ ਕੰਗ ਦਾ ਮਾਣ ਸਨਮਾਨ ਕੀਤਾ ਜਾਏਗਾ। ਸੈਕਰਾਮੈਂਟੋ ਕਾਊਂਟੀ ਦੇ ਸੁਪਰਵਾਈਜ਼ਰ ਸ੍ਰੀ ਰੋਜਰ ਕਰੈਗ ਅਤੇ ਯੂਬਾ ਸਿਟੀ ਦੇ ਮੇਅਰ ਸ. ਕਸ਼ਮੀਰ ਸਿੰਘ ਗਿੱਲ ਮੁੱਖ ਮਹਿਮਾਨ ਹੋਣਗੇ।

ਸੁਸਾਇਟੀ ਦੇ ਬੁਲਾਰੇ ਸ੍ਰੀ ਰਛਪਾਲ ਸਿੰਘ ਫਰਵਾਲਾ ਨੇ ਦੱਸਿਆ ਕਿ ਭਾਰਤੀ ਭਾਈਚਾਰੇ ਵਲੋਂ ਅਮਰੀਕਨ ਕਾਂਗਰਸ ਲਈ ਉਮੀਦਵਾਰ ਸ੍ਰੀ ਅਮੀ ਬੇਰਾ ਵੀ ਉਚੇਚੇ ਤੌਰ 'ਤੇ ਇਸ ਮੀਟਿੰਗ ਵਿਚ ਸ਼ਾਮਲ ਹੋਏ ਜਿਥੇ ਮੈਂਬਰਾਂ ਨੇ ਸ੍ਰੀ ਬੇਰਾ ਨੂੰ ਭਰਪੂਰ ਹਮਾਇਤ ਦਾ ਭਰੋਸਾ ਦਿੱਤਾ।

ਮੀਟਿੰਗ ਵਿਚ ਪਰਮਿੰਦਰ ਸਿੰਘ ਵਿਰਕ, ਜਰਨੈਲ ਸਿੰਘ ਸਰਪੰਚ, ਅਮਰੀਕ ਸਿੰਘ ਪਰਹਾਰ, ਰਛਪਾਲ ਸਿੰਘ ਫਰਵਾਲਾ, ਕਮਲ ਗਿੱਲ, ਸੁਖਚੈਨ ਸਿੰਘ ਸੁੱਖ, ਕਮਲ ਬੰਗਾ, ਅਜੈਬ ਸਿੰਘ ਕਾਹਲੋਂ, ਪਵਿੱਤਰ ਨਾਹਲ, ਸੁਰਿੰਦਰ ਸਿੰਘ ਬਿੰਦਰਾ, ਜਸਵੰਤ ਸਿੰਘ ਸ਼ਾਦ, ਪਰਮਜੀਤ ਸਿੰਘ ਢਿੱਲੋਂ, ਪੰਮੀ ਮਾਨ, ਤੀਰਥ ਸਹੋਤਾ, ਗੁਰਦੇਵ ਗਿੱਲ, ਅਰਜਿੰਦਰ ਸਿੰਘ ਕੁਕੀ, ਵਰਿੰਦਰ ਸੰਘੇੜਾ, ਜੋਸਨ ਸਿੰਘ ਤੇ ਮਾਧੋ ਸਿੰਘ ਚਾਹਲ ਹਾਜ਼ਰ ਸਨ।



ਪੰਜਾਬੀ ਕਲਚਰਲ ਸੁਸਾਇਟੀ ਸੈਕਰਾਮੈਂਟੋ ਦੇ ਮੈਂਬਰ ਮੀਟਿੰਗ ਤੋਂ ਬਾਅਦ

# ਪਾਕਿਸਤਾਨ ਵਿਚ ਤਿੰਨ ਵੱਡੇ ਅਤਿਵਾਦੀ ਹਮਲਿਆਂ 'ਚ 44 ਮੌਤਾਂ

**ਪਿਸ਼ਾਵਰ:** ਜੰਗੀ ਵਰਦੀਆਂ ਪਹਿਨੀ ਅਤਿਵਾਦੀਆਂ ਨੇ ਇਸ ਪਾਕਿਸਤਾਨੀ ਸ਼ਹਿਰ ਵਿਚ ਛਾਉਣੀ ਅੰਦਰ ਸਥਿਤ ਅਮਰੀਕੀ ਕੌਂਸਲਖਾਨੇ ਉਤੇ ਦਿਨ ਦੀਵੀਂ ਧਾਵਾ ਬੋਲਿਆ, ਜਿਸ ਵਿਚ ਘੱਟੋ-ਘੱਟ ਇਕ ਵਿਅਕਤੀ ਹਲਾਕ ਅਤੇ ਕਈ ਹੋਰ ਗੰਭੀਰ ਰੂਪ ਵਿਚ ਜ਼ਖਮੀ ਹੋ ਗਏ,ਜਦਕਿ ਲੋਅਰ ਦੀਰ ਜ਼ਿਲ੍ਹੇ ਵਿਚ ਇਕ ਸਿਆਸੀ ਰੈਲੀ ਲਾਗੇ ਹੋਏ ਆਤਮਘਾਤੀ ਬੰਬ ਹਮਲੇ ਵਿਚ 43 ਲੋਕ ਮਾਰੇ ਗਏ।

ਹਥਿਆਰਾਂ ਨਾਲ ਲੈਸ ਅਤਿਵਾਦੀ ਦੋ ਕਾਰਾਂ ਵਿਚ ਚੜ੍ਹ ਕੇ ਆਏ ਅਤੇ ਅਮਰੀਕੀ ਕੌਂਸਲਖਾਨੇ ਲਾਗੇ ਦੋ ਸੁਰੱਖਿਆ ਚੌਕੀਆਂ ਉਤੇ ਫਾਇਰਿੰਗ ਕੀਤੀ। ਇਸਤੋਂ ਪਹਿਲਾਂ ਉਨ੍ਹਾਂ ਤਿੰਨ ਧਮਾਕੇ ਕੀਤੇ, ਜੋ ਹਮਲੇ ਸਮੇਂ ਆਪਣੇ ਬਚਾਓ ਲਈ ਕੀਤੇ ਜਾਪਦੇ ਸਨ। ਟੀ.ਵੀ. ਚੈਨਲਾਂ ਦੀਆਂ ਰਿਪੋਰਟਾਂ ਮੁਤਾਬਕ ਧਮਾਕਿਆਂ ਵਿਚ ਕੌਂਸਲਖਾਨੇ ਦੀ ਚਾਰਦੀਵਾਰੀ ਨੁਕਸਾਨੀ ਗਈ। ਰਿਪੋਰਟਾਂ ਮੁਤਾਬਕ ਹਮਲੇ ਵਿਚ ਇਕ ਵਿਅਕਤੀ ਦੀ ਮੌਤ ਹੋ ਗਈ ਅਤੇ ਕਈ ਹੋਰ ਜ਼ਖਮੀ ਹੋ ਗਏ। ਜ਼ਖਮੀਆਂ ਨੂੰ ਸਰਕਾਰੀ ਲੇਡੀ ਰੀਡਿੰਗ ਹਸਪਤਾਲ ਵਿਚ ਦਾਖਲ ਕਰਾਇਆ ਗਿਆ। ਕੌਂਸਲਖਾਨੇ ਦੇ ਲਾਗੇ ਕਈ ਇਮਾਰਤਾਂ ਦਾ ਵੀ ਨੁਕਸਾਨ ਹੋ ਗਿਆ। ਹਮਲਾਵਰਾਂ ਨੇ ਫਰੰਟੀਅਰ ਕੋਰ ਦੀਆਂ ਵਰਦੀਆਂ ਪਹਿਨੀਆਂ ਹੋਈਆਂ ਸਨ ਅਤੇ ਉਨ੍ਹਾਂ ਸ਼ਮਾ ਚੌਕ ਵਿਚ ਇਕ ਬਖ਼ਤਰ ਬੰਦ ਕਾਰ 'ਤੇ ਹਮਲਾ ਕੀਤਾ। ਅਮਰੀਕੀ ਕੌਂਸਲਖਾਨਾ ਪਿਸ਼ਾਵਰ ਦੇ ਕਈ ਮਹੱਤਵਪੂਰਨ ਚੌਕਾਂ ਲਾਗੇ ਸਥਿਤ ਹੈ। ਕੌਂਸਲਖਾਨੇ ਦੇ ਨੇੜੇ ਕਈ ਮਹੱਤਵਪੂਰਨ ਫੌਜੀ ਟਿਕਾਣੇ ਵੀ ਹਨ।

ਵੀਹ ਮਿੰਟਾਂ ਦੇ ਅੰਦਰ-ਅੰਦਰ ਕੌਂਸਲਖਾਨੇ ਦੇ ਆਲੇ-ਦੁਆਲੇ ਤਿੰਨ ਧਮਾਕੇ ਹੋਏ। ਪਹਿਲਾ ਧਮਾਕਾ ਦਿਨ 1.19 ਵਜੇ, ਦੂਜਾ ਧਮਾਕਾ 1.31 ਅਤੇ ਤੀਜਾ ਧਮਾਕਾ 1.33 ਵਜੇ ਹੋਇਆ। ਜੀਓ ਨਿਊਜ਼ ਚੈਨਲ ਨੇ ਦੂਜੇ ਅਤੇ ਤੀਜੇ ਧਮਾਕੇ ਦੀਆਂ ਤਸਵੀਰਾਂ ਖਿੱਚੀਆਂ ਹਨ। ਦੂਜੇ ਧਮਾਕੇ ਦੀ ਫੁਟੇਜ ਤੋਂ ਪਤਾ ਚਲਦਾ ਹੈ ਕਿ ਇਹ ਉਸ ਇਲਾਕੇ ਵਿਚ ਹੋਇਆ ਜਿੱਥੇ ਕਈ ਕਾਰਾਂ ਖੜ੍ਹੀਆਂ ਸਨ। ਇਸਤੋਂ ਬਾਅਦ ਗੋਲੀਆਂ ਚੱਲਣ ਦੀਆਂ ਆਵਾਜ਼ਾਂ ਸੁਣਾਈ ਦਿੱਤੀਆਂ। ਕੁਝ ਮਿੰਟਾਂ ਬਾਅਦ ਤੀਜਾ ਧਮਾਕਾ ਹੋਇਆ ਜਿਸ ਤੋਂ ਬਾਅਦ ਧੂੰਏਂ ਦਾ ਬੱਦਲ ਛਾ ਗਿਆ। ਲੋਕ ਘਰਾਂ ਅਤੇ ਦਫਤਰਾਂ ਵਿਚੋਂ ਬਾਹਰ ਨੂੰ ਦੌੜੇ। ਛੇਤੀ ਹੀ ਪਿਸ਼ਾਵਰ ਦੇ ਅੰਬਰ 'ਤੇ ਸੂਹੀਆ ਹਵਾਈ ਜਹਾਜ਼ ਮੰਡਰਾਉਣ ਲੱਗ ਪਏ। ਇਨ੍ਹਾਂ ਧਮਾਕਿਆਂ ਤੋਂ ਕੁਝ ਘੰਟੇ ਪਹਿਲਾਂ ਲੋਅਰ ਦੀਰ ਜ਼ਿਲ੍ਹੇ ਦੇ ਤਿਮਰਗਾਰਾ ਇਲਾਕੇ ਵਿਚ ਇਕ ਫਿਦਾਇਨ ਹਮਲਾ ਹੋਇਆ, ਜਿਸ ਵਿਚ 43 ਵਿਅਕਤੀ ਮਾਰੇ ਗਏ ਅਤੇ 100 ਹੋਰ ਜ਼ਖਮੀ ਹੋ ਗਏ। ਇਹ ਹਮਲਾ ਉਥੇ ਹੋਇਆ ਜਿੱਥੇ ਆਵਾਮੀ ਨੈਸ਼ਨਲ ਪਾਰਟੀ ਵਲੋਂ ਇਕ ਜਲਸਾ ਕੀਤਾ ਜਾ ਰਿਹਾ ਸੀ। ਪਾਰਟੀ ਨੇ ਉੱਤਰ-ਪੱਛਮੀ ਸਰਹੱਦੀ ਸੂਬੇ ਦਾ ਨਾਂ ਬਦਲ ਕੇ ਖ਼ੈਬਰ ਪਖਤੂਨਵਾਲਾ ਰੱਖਣ ਦੇ ਸੰਘੀ ਸਰਕਾਰ ਦੇ ਫੈਸਲੇ ਦੀ ਖੁਸ਼ੀ ਵਿਚ ਇਹ ਜਲਸਾ ਰੱਖਿਆ ਸੀ। ਮਰਨ ਵਾਲਿਆਂ ਵਿਚ ਏ.ਐਨ.ਪੀ. ਦਾ ਆਗੂ ਸੁਲਤਾਨ ਜ਼ੇਬ ਸ਼ਾਮਲ ਸੀ। ਕਈ ਚਸ਼ਮਦੀਦ ਗਵਾਹਾਂ ਨੇ ਦੱਸਿਆ ਕਿ ਉਨ੍ਹਾਂ ਧਮਾਕੇ ਤੋਂ ਪਹਿਲਾਂ ਪੁਲੀਸ ਨੂੰ ਫਿਦਾਇਨ ਹਮਲਾਵਰ ਉਤੇ ਗੋਲੀ ਚਲਾਉਂਦੇ ਦੇਖਿਆ ਸੀ।

**ਮਾਸਕੋ ਅੱਤਵਾਦੀ ਹਮਲਾ, ਚੇਚੇਨ ਬਾਗੀ ਅਜੇ ਢਿੱਲੇ ਨਹੀਂ ਪਏ-ਮਾਸਕੋ:** ਉਧਰ ਚੇਚਨ ਵਿਦਰੋਹੀਆਂ ਨੇ ਲਗਭਗ 6 ਸਾਲ ਬਾਅਦ ਮਾਸਕੋ 'ਚ ਅੱਤਵਾਦੀ ਘਟਨਾ ਨੂੰ ਅੰਜ਼ਾਮ ਦੇ ਕੇ ਇਹ ਸਿੱਧ ਕਰਨ ਦੀ ਕੋਸ਼ਿਸ਼ ਕੀਤੀ ਹੈ ਕਿ ਉਨ੍ਹਾਂ ਦੇ ਤੇਵਰ ਅਜੇ ਢਿੱਲੇ ਨਹੀਂ ਪਏ ਜਾਂ ਉਨ੍ਹਾਂ ਦਾ ਗੁੱਸਾ ਅਜੇ ਸ਼ਾਂਤ ਨਹੀਂ ਹੋਇਆ। ਮਾਸਕੋ ਦੀ ਮੈਟਰੋ ਨੂੰ ਦੁਨੀਆ ਦੀ ਸਭ ਤੋਂ ਵੱਡੀ ਮੈਟਰੋ



ਰੇਲ ਕਿਹਾ ਜਾਂਦਾ ਹੈ, ਜਿਸ ਰਾਹੀਂ ਰੋਜ਼ਾਨਾ ਲੱਖਾਂ ਮੁਸਾਫਰ ਸਫਰ ਕਰਦੇ ਹਨ।

ਚੇਚਨੀਆ ਅਤੇ ਰੂਸ ਦਾ ਸੰਘਰਸ਼ ਲਗਭਗ 300 ਸਾਲ ਪੁਰਾਣਾ ਹੈ। 1864 'ਚ ਰੂਸ ਦੇ ਉਸ ਵੇਲੇ ਦੇ ਜ਼ਾਰ ਨੇ ਚੇਚਨੀਆ 'ਤੇ ਕਬਜ਼ਾ ਕਰਨ 'ਚ ਸਫਲਤਾ ਹਾਸਲ ਕੀਤੀ ਸੀ। ਉਦੋਂ ਤੋਂ ਹੀ ਦੋਵਾਂ ਦਰਮਿਆਨ ਸੰਘਰਸ਼ ਦੀਆਂ ਗੱਲਾਂ ਸਾਹਮਣੇ ਆਉਂਦੀਆਂ ਰਹਿੰਦੀਆਂ ਹਨ। ਚੇਚਨੀਆ ਵਾਸੀ ਮੂਲ ਰੂਪ ਨਾਲ ਉੱਤਰੀ ਕਾਕੇਸ਼ਸ ਦੇ ਨਿਵਾਸੀ ਹਨ। ਉਹ ਕਾਕੇਸ਼ਸ ਬੋਲੀ ਬੋਲਦੇ ਹਨ, ਜਿਹੜੀ ਸਲਾਵਿਕ, ਤੁਰਕੀ ਅਤੇ ਫਾਰਸੀ ਭਾਸ਼ਾ ਤੋਂ ਬਿਲਕੁੱਲ ਵੱਖਰੀ ਹੈ। ਉੱਤਰੀ ਕਾਕੇਸ਼ਸ 'ਚ ਚੇਚਨੀਆਂ ਦੇ ਲੋਕ ਹਜ਼ਾਰਾਂ ਸਾਲਾਂ ਤੋਂ ਰਹਿੰਦੇ ਆਏ ਹਨ। 17ਵੀਂ ਸਦੀ ਤੋਂ ਲੈ ਕੇ 19ਵੀਂ ਸਦੀ ਦੇ ਦਰਮਿਆਨ ਚੇਚਨੀਆਂ ਦੇ ਕਬੀਲਾਈ ਲੋਕ ਇਸਲਾਮ ਧਰਮ ਦੇ ਸੁੰਨੀ ਭਾਈਚਾਰੇ 'ਚ ਤਬਦੀਲ ਹੁੰਦੇ ਗਏ, ਪਰ ਇਸ ਦੇ ਨਾਲ ਹੀ ਉਹ ਆਪਣੀ ਸੂਫੀ ਪ੍ਰੰਪਰਾ ਅਤੇ ਆਪਣੇ ਦੇਸ਼ ਨੂੰ ਬਦੇਸ਼ੀ ਤਾਕਤਾਂ ਤੋਂ ਅਜ਼ਾਦ ਕਰਾਉਣ 'ਚ ਵੀ ਲੱਗੇ ਰਹੇ।

ਰੂਸ ਦੇ ਸ਼ਾਸਨ ਤੋਂ ਪਹਿਲਾਂ ਇਸ ਖੇਤਰ 'ਤੇ ਈਰਾਨੀਆਂ ਅਤੇ ਦੂਸਰੇ ਲੋਕਾਂ ਦਾ ਕਬਜ਼ਾ ਰਿਹਾ। ਚੇਚਨੀਆਂ ਦਾ ਕੁਲ ਖੇਤਫਲ ਲਗਭਗ 6 ਹਜ਼ਾਰ ਵਰਗ ਕਿਲੋਮੀਟਰ ਹੈ। ਇਸ ਦੀਆਂ ਸੀਮਾਵਾਂ ਇੰਗੁਸ਼ ਗਣਤੰਤਰ, ਜਾਰਜੀਆ, ਦੇਗਸਤਾਨ ਅਤੇ ਉਸਨੇਤਿਨ ਗਣਤੰਤਰ ਨਾਲ ਮਿਲਦੀਆਂ ਹਨ। ਇਹਨਾਂ ਦੀ ਆਬਾਦੀ 12 ਲੱਖ 67 ਹਜ਼ਾਰ ਹੈ।

23 ਤੋਂ 26 ਅਕਤੂਬਰ 2002 ਮਾਸਕੋ ਦੇ ਇਕ ਥੀਏਟਰ 'ਡੁਬਰੋਵਕਾ' ਨੂੰ ਅੱਤਵਾਦੀਆਂ ਨੇ ਆਪਣੇ ਕਬਜ਼ੇ 'ਚ ਲੈ ਲਿਆ ਸੀ। 40-50 ਦੀ ਗਿਣਤੀ 'ਚ ਹਥਿਆਰਾਂ ਨਾਲ ਲੈਸ ਚੇਚਨ ਅੱਤਵਾਦੀਆਂ ਨੇ ਲਗਭਗ 850 ਲੋਕਾਂ ਨੂੰ ਬੰਧਕ ਬਣਾ ਲਿਆ। ਅੱਤਵਾਦੀਆਂ ਨਾਲ ਕਾਰਵਾਈ ਵਿਚ 129 ਬੰਧਕਾਂ ਸਮੇਤ ਕੁੱਲ 170 ਲੋਕ ਮਾਰੇ ਗਏ।

5 ਦਸੰਬਰ 2003-ਅੱਤਵਾਦੀਆਂ ਨੇ ਸਟੈਵਰੋਪੋਲ ਕਰਾਈ 'ਚ ਆਤਮਘਾਤੀ ਹਮਲਾ ਕੀਤਾ। ਇਸ 'ਚ 46 ਲੋਕਾਂ ਦੀ ਮੌਤ ਹੋਈ ਅਤੇ 170 ਤੋਂ ਜ਼ਿਆਦਾ ਜ਼ਖਮੀ ਹੋ ਗਏ।

9 ਦਸੰਬਰ 2003-ਮਾਸਕੋ ਦੇ ਇਤਿਹਾਸਕ ਲਾਲ ਚੌਕ ਵਿਚ ਅੱਤਵਾਦੀਆਂ ਦੇ ਆਤਮਘਾਤੀ ਹਮਲੇ'ਚ 6 ਲੋਕ ਮਾਰੇ ਗਏ ਤੇ 44 ਜ਼ਖਮੀ ਹੋ ਗਏ।

6 ਫਰਵਰੀ 2004-ਮਾਸਕੋ ਮੈਟਰੋ 'ਚ ਆਤਮਘਾਤੀ ਹਮਲੇ 'ਚ 41 ਲੋਕਾਂ ਦੀ ਮੌਤ ਹੋਈ, ਜਦਕਿ ਲਗਭਗ 120 ਲੋਕ ਜ਼ਖਮੀ ਹੋ ਗਏ। ਏਵਟੋਜ਼ਾਵੋਤਸਕਿਆ ਸਬ-ਵੇ-ਸਟੇਸ਼ਨ ਨੂੰ ਨਿਸ਼ਾਨਾ ਬਣਾਇਆ ਗਿਆ।

24 ਅਗਸਤ 2004-ਅੱਤਵਾਦੀਆਂ ਨੇ ਰੂਸੀ ਅਸਮਾਨ 'ਤੇ ਕਹਿਰ ਵਰਸਾਇਆ ਅਤੇ ਦੋ ਸਥਾਨਕ ਜਹਾਜ਼ਾਂ ਨੂੰ ਨਿਸ਼ਾਨਾ ਬਣਾਇਆ, ਇਨ੍ਹਾਂ ਦੋਵਾਂ ਜਹਾਜ਼ਾਂ ਨੇ ਮਾਸਕੋ ਦੇ ਡੋਮੋਕਰੇਟਿਕ ਕੌਮਾਂਤਰੀ ਹਵਾਈ ਅੱਡੇ ਤੋਂ ਉਡਾਣ ਭਰਨੀ ਸੀ। ਵੋਲਵਾ-ਟੇਵੀਵਾ ਐਕਸਪ੍ਰੈੱਸ ਫਲਾਈਟ 1303 ਨਾਂਅ ਦੇ ਜਹਾਜ਼ 'ਚ ਸਵਾਰ ਸਾਰੇ 34 ਮੁਸਾਫਰ ਅਤੇ 9 ਅਮਲਾ ਮੈਂਬਰ ਦੀ ਇਸ ਹਾਦਸੇ 'ਚ ਮੌਤ ਹੋ ਗਈ। ਸਾਈਬੇਰੀਆ ਏਅਰ ਲਾਈਨਜ਼ ਫਲਾਈ 1047 ਦੇ ਜਹਾਜ਼ 'ਚ ਸਵਾਰ ਸਾਰੇ ਮੁਸਾਫਰ ਅਤੇ 8 ਅਮਲਾ ਮੈਂਬਰ ਵੀ ਜਹਾਜ਼ ਦੁਰਘਟਨਾ 'ਚ ਮਾਰੇ ਗਏ।

1 ਸਤੰਬਰ 2004-ਬੇਸਲੇਨ ਦੇ ਇਕ ਸਕੂਲ 'ਤੇ ਅੱਤਵਾਦੀਆਂ ਨੇ ਤਿੰਨ ਦਿਨ ਕਬਜ਼ਾ ਕਰੀ ਰੱਖਿਆ। ਸਕੂਲ ਨੰਬਰ ਵਨ 'ਚ ਅੱਤਵਾਦੀਆਂ ਨੇ 385 ਲੋਕਾਂ ਨੂੰ ਮੌਤ ਦੇ ਘਾਟ ਉਤਾਰ ਦਿੱਤਾ, ਜਦਕਿ 783 ਜ਼ਖਮੀ ਹੋਏ।

15 ਮਈ 2009-ਚੇਚਨੀਆ ਦੀ ਰਾਜਧਾਨੀ ਗਰੋਜ਼ਨੀ 'ਚ ਹੋਏ ਇੱਕ ਆਤਮਘਾਤੀ ਹਮਲੇ 'ਚ ਦੋ ਪੁਲਸ ਕਰਮਚਾਰੀਆ ਸਮੇਤ ਤਿੰਨ ਲੋਕ ਮਾਰੇ ਗਏ ਅਤੇ 5 ਜ਼ਖਮੀ ਹੋ ਗਏ।

5 ਜੂਨ 2009 ਨੂੰ ਰੂਸ ਦੇ ਦਾਗਿਸਤਾਨ ਦੇ ਅੰਦਰੂਨੀ ਮਾਮਲਿਆਂ ਦੇ ਮੰਤਰੀ ਦੇ ਵਿਆਹ ਸਮਾਗਮ 'ਚ ਗੋਲੀ ਮਾਰ ਕੇ ਹੱਤਿਆ ਕਰ ਦਿੱਤੀ ਗਈ। ਇਸ ਵਿਚ 4 ਲੋਕ ਜ਼ਖਮੀ ਹੋ ਗਏ।

22 ਜੂਨ 2009 ਆਤਮਘਾਤੀ ਹਮਲੇ 'ਚ ਇੰਗੁਸ਼ ਦੇ ਪ੍ਰਧਾਨ ਨੂੰ ਨਿਸ਼ਾਨਾ ਬਣਾ ਕੇ ਕੀਤੇ ਹਮਲੇ 'ਚ 4 ਲੋਕਾਂ ਦੀ ਮੌਤ ਹੋ ਗਈ, ਜਦਕਿ 5 ਜ਼ਖਮੀ ਹੋ ਗਏ। 17 ਅਗਸਤ 2009 ਰੂਸ ਦੇ ਦੱਖਣੀ ਨਾਜਰਨ 'ਚ ਪੁਲਸ ਸਟੇਸ਼ਨ 'ਚ ਹੋਏ ਜ਼ਬਰਦਸਤ ਧਮਾਕਿਆਂ 'ਚ 25 ਲੋਕਾਂ ਦੀ ਮੌਤ ਹੋਈ ਤੇ 164 ਲੋਕ ਜ਼ਖਮੀ ਹੋ ਗਏ। 27 ਨਵੰਬਰ 2009-ਬੋਲੋਗੋਏ 'ਚ ਮਾਸਕੋ ਤੋਂ ਸੇਂਟ ਪੀਟਰਬਰਗ ਜਾ ਰਹੀ ਇਕ ਤੇਜ਼ ਰਫਤਾਰ ਰੇਲ ਗੱਡੀ ਦੇ ਟਰੈਕ 'ਤੇ ਧਮਾਕੇ 'ਚ 26 ਮੁਸਾਫਰ ਮਾਰੇ ਗਏ। ਜ਼ਖਮੀਆਂ ਦੀ ਗਿਣਤੀ 90 ਤੋਂ ਜ਼ਿਆਦਾ ਸੀ। 29 ਮਾਰਚ 2010 ਮਾਸਕੋ ਮੈਟਰੋ 'ਚ ਦੋ ਧਮਾਕਿਆਂ ਨਾਲ 39 ਵਿਅਕਤੀਆਂ ਦੀ ਮੌਤ।

**ਦੂਤਘਰਾਂ ਨੂੰ ਨਿਸ਼ਾਨਾ ਬਣਾ ਕੇ ਕੀਤੇ ਆਤਮਘਾਤੀ ਧਮਾਕੇ ; 50 ਮਰੇ-ਬਗਦਾਦ** ਵਿਚ ਜਰਮਨੀ, ਈਰਾਨ ਅਤੇ ਮਿਸਰ ਦੇ ਸਫਾਰਤਖਾਨਿਆਂ ਨੂੰ ਨਿਸ਼ਾਨਾ ਬਣਾ ਕੇ ਕੀਤੇ ਗਏ 3 ਆਤਮਘਾਤੀ ਕਾਰ ਬੰਬ ਧਮਾਕਿਆਂ ਵਿਚ 50 ਵਿਅਕਤੀਆਂ ਦੀ ਮੌਤ ਹੋ ਗਈ ਅਤੇ 200 ਤੋਂ ਵੱਧ ਜ਼ਖਮੀ ਹੋ ਗਏ। ਅਧਿਕਾਰੀਆਂ ਅਨੁਸਾਰ ਧਮਾਕਿਆਂ ਤੋਂ ਬਾਅਦ ਸ਼ਹਿਰ ਦੇ ਵਿਚਕਾਰਲੇ ਹਿੱਸੇ ਵਿਚ ਹਫੜਾ-ਦਫੜੀ ਮਚ ਗਈ। ਇਹ ਧਮਾਕੇ ਥੋੜ੍ਹੀ ਥੋੜ੍ਹੀ ਦੇਰ ਬਾਅਦ ਹੋਏ।

## ਛਤਵਾਲ ਨੂੰ ਪਦਮ ਭੂਸ਼ਣ ਵਿਰੁਧ ਅਰਜ਼ੀ ਖ਼ਾਰਜ

**ਨਵੀਂ ਦਿੱਲੀ:** ਦਿੱਲੀ ਹਾਈ ਕੋਰਟ ਨੇ ਲੰਘੀ 5 ਅਪ੍ਰੈਲ ਨੂੰ ਹੋਟਲ ਵਪਾਰੀ ਸੰਤ ਸਿੰਘ ਛਤਵਾਲ ਨੂੰ ਪਦਮ ਭੂਸ਼ਣ ਪੁਰਸਕਾਰ ਦਿੱਤੇ ਜਾਣ ਵਾਲੇ ਕੇਂਦਰ ਸਰਕਾਰ ਦੇ ਫੈਸਲੇ ਨੂੰ ਚੁਣੌਤੀ ਦੇਣ ਵਾਲੀ ਅਰਜ਼ੀ ਨੂੰ ਖਾਰਜ ਕਰ ਦਿੱਤਾ ਹੈ। ਦੱਸਣਾ ਬਣਦਾ ਹੈ ਕਿ ਵਧੀਕ ਸੋਲਿਸਟਰ ਜਨਰਲ ਪੀ ਪੀ ਮਲਹੋਤਰਾ ਦੁਆਰਾ ਅਦਾਲਤ 'ਚ ਅਸਲ ਦਸਤਾਵੇਜ਼ ਪੇਸ਼ ਕੀਤੇ ਜਾਣ ਤੋਂ ਬਾਅਦ ਕਾਰਜਕਾਰੀ ਚੀਫ਼ ਜਸਟਿਸ ਮਦਨ ਬੀ ਲੋਕੁਰ ਦੀ ਪ੍ਰਧਾਨਗੀ ਵਾਲੇ ਬੈਂਚ ਨੇ ਦੇਖਿਆ ਕਿ ਚਟਵਾਲ ਨੂੰ ਦਿੱਤੇ ਗਏ ਪਦਮ ਭੂਸ਼ਣ ਪੁਰਸਕਾਰ 'ਚ ਕੋਈ ਬੇਨਿਯਮੀਆਂ ਨਹੀਂ ਵਰਤੀਆਂ ਗਈਆਂ। ਹਾਈ ਕੋਰਟ ਨੇ 25 ਮਾਰਚ ਨੂੰ ਅਰਜ਼ੀਕਰਤਾ ਐਸ ਕੇ ਸ਼ਾਹ ਨੂੰ ਕਿਹਾ ਸੀ ਕਿ ਉਹ ਚੋਣ ਕਮੇਟੀ ਵਲੋਂ ਛਤਵਾਲ ਨੂੰ ਇਹ ਪੁਰਸਕਾਰ ਦਿੱਤੇ ਜਾਣ 'ਚ ਵਰਤੀਆਂ ਕਈਆਂ ਬੇਨਿਯਮੀਆਂ ਸਬੰਧੀ ਸਬੂਤ ਪੇਸ਼ ਹਨ।



ਸਰਕਾਰ ਵਲੋਂ ਵਧੀਕ ਸੋਲਿਸਟਰ ਜਨਰਲ ਪੀ ਪੀ ਮਲਹੋਤਰਾ ਨੇ ਕਿਹਾ ਕਿ ਸੁਪਰੀਮ ਕੋਰਟ ਦੇ ਨਿਰਦੇਸ਼ ਦੀ ਪਾਲਣਾ ਕਰਦਿਆਂ ਇਕ ਉਚ ਪੱਧਰੀ ਕਮੇਟੀ ਬਣਾਈ ਗਈ ਸੀ, ਜਿਸ ਨੇ ਪੁਰਸਕਾਰ ਲਈ ਨਾਂਵਾਂ ਦੀ ਆਖ਼ਰੀ ਰੂਪ 'ਚ ਚੋਣ ਕਰਨ ਤੋਂ ਪਹਿਲਾਂ ਸਾਰੇ ਵਿਅਕਤੀਆਂ ਦੀ ਹਰ ਪਹਿਲੂ ਨਾਲ ਸਮੀਖਿਆ ਕੀਤੀ ਸੀ। ਸ੍ਰੀ ਮਲਹੋਤਰਾ ਨੇ ਕਿਹਾ, 'ਤੁਸੀਂ ਇਸ ਤਰ੍ਹਾਂ ਦੇ ਬੇਬੁਨਿਆਦ ਦੋਸ਼ ਨਹੀਂ ਲਗਾ ਸਕਦੇ। ਉਨ੍ਹਾਂ ਇਹ ਵੀ ਕਿਹਾ ਕਿ ਇਸ ਸਬੰਧ 'ਚ ਰਿਪੋਰਟ ਹੈ ਜਿਸ 'ਚ ਸਾਰੇ ਪਹਿਲੂਆਂ 'ਤੇ ਗ਼ੌਰ ਕੀਤੀ ਗਈ ਹੈ। ਇਸ ਤੋਂ ਪਹਿਲਾਂ ਅਰਜ਼ੀਕਰਤਾ ਸ਼ਾਹ ਨੇ ਦੋਸ਼ ਲਾਇਆ ਕਿ ਛਤਵਾਲ ਆਰਥਿਕ ਅਪਰਾਧ ਦੇ ਬਹੁਤ ਸਾਰੇ ਮਾਮਲਿਆਂ 'ਚ ਸ਼ਾਮਲ ਪਾਏ ਗਏ ਹਨ।

## ਮਤਰੇਏ ਹੋ ਕੇ ਰਹਿ ਗਏ ਨੇ ਬਾਰਡਰ ਦੇ ਲੋਕ

**ਭੀਖੀ ਪਿੰਡ:** ਪਾਕਿਸਤਾਨ ਨਾਲ ਲਗਦੀ ਹੱਦ ਦੀ ਹਾਲਤ ਦੁਨੀਆਂ ਦੇ ਹੋਰ ਦੇਸ਼ਾਂ ਦੀਆਂ ਹੱਦਾਂ ਦੀ ਤੁਲਨਾ ਤੋਂ ਜ਼ਿਆਦਾ ਪ੍ਰਤੀਕੂਲ ਹੈ। ਦਹਾਕਿਆਂ ਤੱਕ ਪੰਜਾਬ ਵਿਚ ਚੱਲੇ ਅੱਤਵਾਦ ਨੇ ਰਾਜ ਵਿਚ ਕਈ ਮੁਸ਼ਕਿਲਾਂ ਜਿਵੇਂ ਪ੍ਰਵਾਸੀ ਮੁਸ਼ਕਿਲ, ਤਰੱਕੀ, ਅਪਰਾਧ ਆਦਿ ਨੂੰ ਵਧਾ ਦਿੱਤਾ। 553 ਕਿਲੋਮੀਟਰ ਲੰਬੀ ਪੰਜਾਬ ਦੀ ਪਾਕਿਸਤਾਨ ਦੇ ਨਾਲ ਲਗਦੀ ਸੀਮਾ ਖੇਤਰ ਦੇ ਲੋਕਾਂ ਨੂੰ ਸਮਾਜਿਕ-ਆਰਥਿਕ ਮੁਸ਼ਕਿਲਾਂ ਦੇ ਨਾਲ-ਨਾਲ ਮਨੋਵਿਗਿਆਨਕ ਦਬਾਅ ਵੀ ਝੱਲਣਾ ਪੈ ਰਿਹਾ ਹੈ।

ਦੇਸ਼ ਦੇ ਹੋਰ ਹਿੱਸਿਆਂ ਦੀ ਤਰ੍ਹਾਂ ਹੀ ਸੀਮਾਵਰਤੀ ਖੇਤਰ ਵਿਚ ਵੀ ਸਿਖਿਅਤ ਅਤੇ ਅਸਿਖਿਅਤ ਕੁਸ਼ਲ ਤੇ ਅਕੁਸ਼ਲ ਬੇਰੁਜ਼ਗਾਰਾਂ ਦੀ ਫੌਜ ਵਿਚ ਚੰਗਾ ਵਾਧਾ ਹੋਇਆ ਹੈ। ਇਲਾਕੇ ਵਿਚ ਰੋਜ਼ਗਾਰ ਸਿਰਜਣ ਦੇ ਪ੍ਰੋਗਰਾਮ ਵਧੀਆ ਨਤੀਜੇ ਨਹੀਂ ਦੇ ਸਕੇ। ਸੀਮਾ ਖੇਤਰ ਦੀ ਹਾਲਤ ਰਾਜ ਦੇ ਪਿਛੜੇ ਇਲਾਕਿਆਂ ਤੋਂ ਵੀ ਜ਼ਿਆਦਾ ਖਰਾਬ ਹੈ।

## ਕੈਨੇਡਾ ਸੰਸਦ 'ਚ ਭਾਰਤੀਆਂ ਨੂੰ ਵਧ ਸੀਟਾਂ

**ਟੋਰਾਂਟੋ :** ਕੈਨੇਡਾ ਵਿਚ ਭਾਰਤਵੰਸ਼ੀਆਂ ਦੀ ਬਹੁਲਤਾ ਵਾਲੇ ਪ੍ਰਾਂਤਾਂ ਵਿਚ ਸੰਸਦੀ ਸੀਟਾਂ ਵਧਾਉਣ ਦੇ ਲਈ ਬਿਲ ਲਿਆਇਆ ਗਿਆ ਹੈ ਜਿਸ ਵਿਚ ਇਸ ਸਮੁਦਾਏ ਨੂੰ ਸਿੱਧਾ ਫਾਇਦਾ ਮਿਲਣ ਦੀ ਉਮੀਦ ਹੈ। ਸੰਸਦ ਵਿਚ ਸੀਟਾਂ ਦੀ ਗਿਣਤੀ 308 ਤੋਂ ਵਧਾ ਕੇ 338 ਕੀਤੀ ਜਾ ਰਹੀ ਹੈ। ਫਿਲਹਾਲ ਇਥੇ ਨੌ ਭਾਰਤਵੰਸ਼ੀ ਸਾਂਸਦ ਹਨ। ਸਰਕਾਰ ਨੇ ਓਂਟੇਰੀਓ ਵਿਚ 18, ਬ੍ਰਿਟਿਸ਼ ਕੋਲੰਬੀਆ ਵਿਚ 7 ਅਤੇ ਅਲਬਰਟਾ ਵਿਚ 5 ਨਵੀਆਂ ਸੀਟਾਂ ਦੇ ਗਠਨ ਦੇ ਲਈ ਇਹ ਬਿਲ ਸੰਸਦ ਵਿਚ ਪੇਸ਼ ਕੀਤਾ ਹੈ। ਜੇਕਰ ਬਿੱਲ ਨੂੰ ਮੰਜ਼ੂਰੀ ਮਿਲ ਗਈ ਤਾਂ ਨਵੀਆਂ ਸੀਟਾਂ 2014 ਤੋਂ ਹੋਂਦ ਵਿਚ ਆ ਜਾਣਗੀਆਂ। ਦਰਅਸਲ ਭਾਰਤਵੰਸ਼ੀਆਂ ਦੇ ਨਾਲ ਹੀ ਅਪ੍ਰਵਾਸੀਆਂ ਦੀ ਵਧਦੀ ਆਬਾਦੀ ਦੇ ਚਲਦੇ ਸਰਕਾਰ ਤੇ ਸੀਟਾਂ ਦੀ ਗਿਣਤੀ ਵਧਾਉਣ ਦਾ ਦਬਾਅ ਸੀ। ਆਂਕੜਿਆਂ ਦੇ ਮੁਤਾਬਿਕ ਅਗਲੇ ਦੋ ਦਹਾਕਿਆਂ ਵਿਚ ਕਨੇਡਾ ਵਿਚ ਭਾਰਤੀ, ਚੀਨੀ ਅਤੇ ਮੁਸਲਿਮ ਬਹੁਸੰਖਿਅਕ ਦੀ ਸ਼੍ਰੇਣੀ ਵਿਚ ਪਹੁੰਚ ਜਾਣਗੇ। ਫਿਲਹਾਲ ਭਾਰਤੀ ਮੂਲ ਦੀ ਆਬਾਦੀ ਦਸ ਲੱਖ, ਚੀਨੀਆਂ ਦੀ ਤਰੇਹਟ ਲੱਖ ਅਤੇ ਮੁਸਲਿਮਾਂ ਦੀ ਦਸ ਲੱਖ ਹੈ। ਆਂਕੜਿਆਂ ਦੇ ਅਨੁਸਾਰ ਅਗਲੇ ਦਸ ਸਾਲਾਂ ਵਿਚ ਜਿੱਥੇ ਭਾਰਤੀ ਅਤੇ ਚੀਨੀਆਂ ਦੀ ਗਿਣਤੀ ਦੋਗੁਣੀ ਹੋ ਜਾਵੇਗੀ ਉਥੇ ਮੁਸਲਿਮ ਤਿੰਨ ਗੁਣਾ ਵੱਧ ਜਾਣਗੇ।

# ਮਹਿਲਾ ਰਾਖਵਾਂਕਰਨ ਬਿਲ ਬਾਰੇ ਮੀਟਿੰਗ ਬੇਸਿੱਟਾ ਰਹੀ

**ਨਵੀਂ ਦਿੱਲੀ :** ਮਹਿਲਾ ਰਾਖਵਾਂਕਰਨ ਬਿਲ ਨੂੰ ਲੋਕ ਸਭਾ 'ਚ ਪਾਸ ਕਰਵਾਉਣ ਸਬੰਧੀ ਕੇਂਦਰ ਸਰਕਾਰ ਦੀਆਂ ਕੋਸ਼ਿਸ਼ਾਂ ਨੂੰ 5 ਅਪ੍ਰੈਲ ਵਾਲੇ ਦਿਨ ਉਸ ਸਮੇਂ ਬੂਰ ਨਾ ਪਿਆ ਜਦੋਂ ਬਿਲ ਦੇ ਮੌਜੂਦਾ ਰੂਪ ਦਾ ਵਿਰੋਧ ਕਰ ਰਹੇ ਤਿੰਨੋਂ ਯਾਦਵ ਇਸ ਸਬੰਧੀ ਆਪਣੇ ਪਹਿਲਾਂ ਵਾਲੇ ਸਟੈਂਡ 'ਤੇ ਅੜੇ ਰਹੇ, ਜਦਕਿ ਯੂਪੀਏ-2 ਦੀ ਅਹਿਮ ਭਾਈਵਾਲ ਪਾਰਟੀ ਤ੍ਰਿਣਮੂਲ ਕਾਂਗਰਸ ਦੀ ਮੁਖੀ ਮਮਤਾ ਬੈਨਰਜੀ ਵੀ ਸਰਕਾਰ ਨੂੰ ਅੱਖਾਂ ਵਿਖਾ ਗਈ।

ਦੱਸਣਾ ਬਣਦਾ ਹੈ ਕਿ ਮਹਿਲਾ ਰਾਖਵਾਂਕਰਨ ਬਿਲ ਨੂੰ ਰਾਜ ਸਭਾ 'ਚ ਪਾਸ ਕਰਵਾਉਣ ਵਾਲੀ ਕੇਂਦਰ ਸਰਕਾਰ ਇਸ ਬਿਲ ਨੂੰ ਲੋਕ ਸਭਾ ਵਿਚ ਇਸੇ ਸੈਸ਼ਨ ਦੌਰਾਨ ਪਾਸ ਕਰਵਾਉਣਾ ਚਾਹੁੰਦੀ ਹੈ। 15 ਅਪ੍ਰੈਲ ਨੂੰ ਸ਼ੁਰੂ ਹੋਣ ਵਾਲੇ ਲੋਕ ਸਭਾ ਦੇ ਬਜਟ ਸੈਸ਼ਨ ਦੇ ਦੂਜੇ ਗੇੜ 'ਚ ਇਸ ਬਿਲ ਨੂੰ ਪਾਸ ਕਰਵਾਉਣ ਲਈ ਕੇਂਦਰ ਸਰਕਾਰ ਨੇ ਸਰਬ ਪਾਰਟੀ ਮੀਟਿੰਗ ਸੱਦੀ ਸੀ। ਕੇਂਦਰੀ ਵਿੱਤ ਮੰਤਰੀ ਪ੍ਰਣਬ ਮੁਖਰਜੀ ਦੀ ਅਗਵਾਈ ਹੇਠ ਹੋਈ ਇਸ ਮੀਟਿੰਗ 'ਚ ਜਿੱਥੇ ਕਾਂਗਰਸ ਵਲੋਂ ਗ੍ਰਹਿ ਮੰਤਰੀ ਪੀ ਚਿਦੰਬਰਮ, ਰੱਖਿਆ ਮੰਤਰੀ ਏ ਕੇ ਐਂਟਨੀ, ਸੰਸਦੀ ਮਾਮਲਿਆਂ ਬਾਰੇ ਮੰਤਰੀ ਪਵਨ ਕੁਮਾਰ ਬਾਂਸਲ, ਕਾਨੂੰਨ ਮੰਤਰੀ ਵੀਰੱਪਾ ਮੋਇਲੀ ਤੇ ਪ੍ਰਿਥਵੀ ਰਾਜ ਚੌਹਾਨ ਸ਼ਾਮਲ ਹੋਏ, ਉਥੇ ਰਾਸ਼ਟਰਵਾਦੀ ਕਾਂਗਰਸ ਪਾਰਟੀ ਵਲੋਂ ਸ਼ਰਦ ਪਵਾਰ ਤੇ ਤ੍ਰਿਣਮੂਲ ਕਾਂਗਰਸ ਵਲੋਂ ਮਮਤਾ ਬੈਨਰਜੀ ਨੇ ਹਾਜ਼ਰੀ ਲਵਾਈ। ਸਰਬ ਪਾਰਟੀ ਮੀਟਿੰਗ 'ਚ ਵਿਰੋਧੀ ਧਿਰ ਵਲੋਂ ਸੁਸ਼ਮਾ ਸਵਰਾਜ (ਭਾਜਪਾ), ਬਾਸੁਦੇਵ ਅਚਾਰੀਆ (ਸੀ ਪੀ ਆਈ-ਐਮ), ਗੁਰੂਦਾਸ ਦਾਸ ਗੁਪਤਾ (ਸੀ ਪੀ ਆਈ), ਫਾਰੂਕ ਅਬਦੁੱਲਾ (ਨੈਸ਼ਨਲ ਕਾਨਫਰੰਸ) ਤੇ ਦਾਰਾ ਸਿੰਘ ਚੌਹਾਨ (ਬਸਪਾ) ਆਦਿ ਸ਼ਾਮਲ ਹੋਏ। ਇਸ ਮੀਟਿੰਗ 'ਚ ਹਾਜ਼ਰ ਸਮਾਜਵਾਦੀ ਪਾਰਟੀ ਦੇ ਮੁਖੀ ਮੁਲਾਇਮ ਸਿੰਘ ਯਾਦਵ, ਰਾਸ਼ਟਰੀ ਜਨਤਾ ਦਲ ਦੇ ਮੁਖੀ ਲਾਲੂ ਪ੍ਰਸਾਦ ਯਾਦਵ ਤੇ ਜਨਤਾ ਦਲ (ਯੂ) ਦੇ ਮੁਖੀ ਸ਼ਰਦ ਯਾਦਵ ਨੇ ਬਿਲ ਦੇ ਮੌਜੂਦਾ ਰੂਪ ਦਾ ਡਟਵਾਂ ਵਿਰੋਧ ਕੀਤਾ। ਯਾਦਵਾਂ ਦੇ ਵਿਰੋਧ ਦਾ ਅੰਦਾਜ਼ਾ ਇਸ ਗੱਲ ਤੋਂ ਲੱਗਦਾ ਹੈ ਕਿ ਕੇਂਦਰ ਸਰਕਾਰ ਨੇ ਮੀਟਿੰਗ ਤੋਂ ਬਾਅਦ ਕੁਝ ਸਤਰਾਂ ਦਾ ਪ੍ਰੈਸ ਨੋਟ ਜਾਰੀ ਕਰਦਿਆਂ ਕਿਹਾ ਕਿ ਬਿਲ ਪਾਸ ਕਰਵਾਉਣ ਲਈ ਅਸੀਂ ਹੋਰ ਵਿਚਾਰ-ਵਟਾਂਦਰਾ ਕਰਨ ਲਈ ਤਿਆਰ ਹਾਂ। ਮੀਟਿੰਗ ਤੋਂ ਬਾਅਦ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਲਾਲੂ ਪ੍ਰਸਾਦ ਨੇ ਕਿਹਾ ਕਿ ਜੇਕਰ ਬਿਲ ਨੂੰ ਮੁਸਲਿਮ, ਪਛੜੀਆਂ ਸ਼੍ਰੇਣੀਆਂ ਤੇ ਦਲਿਤ ਔਰਤਾਂ ਬਾਰੇ ਰਾਖਵੇਂਕਰਨ ਤੋਂ ਬਿਨਾਂ ਸੰਸਦ 'ਚ ਲਿਆਂਦਾ ਗਿਆ ਤਾਂ ਅਸੀਂ ਇਸ ਨੂੰ ਪਾਸ ਨਹੀਂ ਹੋਣ ਦਿਆਂਗੇ। ਉਨ੍ਹਾਂ ਚਿਤਾਵਨੀ ਭਰੇ ਲਹਿਜੇ 'ਚ ਕਿਹਾ ਕਿ ਮੀਟਿੰਗ ਦੌਰਾਨ ਅਸੀਂ ਆਪਣਾ ਪੱਖ ਰੱਖ ਦਿੱਤਾ ਹੈ ਤੇ ਹੁਣ ਅਗਲੀ ਜ਼ਿੰਮੇਵਾਰੀ ਸਰਕਾਰ ਦੀ ਹੈ। ਸੂਤਰਾਂ ਮੁਤਾਬਕ ਮੀਟਿੰਗ ਵਿਚ ਤ੍ਰਿਣਮੂਲ ਕਾਂਗਰਸ ਦੀ ਮੁਖੀ ਮਮਤਾ ਬੈਨਰਜੀ ਨੇ ਵੀ ਤਿੰਨੋਂ ਯਾਦਵਾਂ ਦੀ ਗੱਲ ਨਾਲ ਸਹਿਮਤੀ ਪ੍ਰਗਟਾਉਂਦਿਆਂ ਕਿਹਾ ਕਿ ਬਿੱਲ ਪਾਸ ਕਰਨ ਵੇਲੇ ਮੁਸਲਿਮ ਭਾਈਚਾਰੇ ਦੀ ਅਣਦੇਖੀ ਨਾ ਕੀਤੀ ਜਾਵੇ।

ਬਿੱਲ ਪਾਸ ਕਰਵਾਉਣ ਪ੍ਰਤੀ ਮੀਟਿੰਗ ਵਿਚ ਸਭ ਤੋਂ ਵਧ ਗੰਭੀਰ ਸੀ ਪੀ ਆਈ (ਐਮ) ਤੇ ਸੀ ਪੀ ਆਈ ਦੇ ਆਗੂ ਹੀ ਨਜ਼ਰ ਆਏ। ਮੀਟਿੰਗ ਉਪਰੰਤ ਸੀਪੀਆਈ (ਐਮ) ਆਗੂ ਬਾਸੁਦੇਵ ਅਚਾਰੀਆ ਨੇ ਕਿਹਾ ਕਿ ਸਰਕਾਰ ਕੋਟੇ ਵਿਚ ਕੋਟੇ ਨੂੰ ਲੈ ਕੇ ਪ੍ਰਸਤਾਵ ਲਿਆਵੇ, ਕਿਉਂਕਿ ਸੰਵਿਧਾਨਕ ਢਾਂਚੇ 'ਚ ਇਸ ਤਰ੍ਹਾਂ ਦੀ ਕੋਈ ਤਜਵੀਜ਼ ਨਹੀਂ ਹੈ। ਉਨ੍ਹਾਂ ਕਿਹਾ ਕਿ ਪਹਿਲੀ ਗੱਲ ਤਾਂ ਸਰਕਾਰ ਬਿੱਲ ਨੂੰ ਮੌਜੂਦਾ ਰੂਪ 'ਚ ਪਾਸ ਕਰਵਾਏ ਤੇ ਜੇਕਰ ਕੋਈ ਸਮੱਸਿਆ ਆਉਂਦੀ ਹੈ ਤਾਂ ਉਸ ਦਾ ਹੱਲ ਕਰੇ। ਉਨ੍ਹਾਂ ਕਿਹਾ ਕਿ ਜੇ ਸਰਕਾਰ ਨਵੀਂ ਤਜਵੀਜ਼ ਲਿਆਉਂਦੀ ਹੈ ਤਾਂ ਅਸੀਂ ਜ਼ਰੂਰ ਵਿਚਾਰ ਕਰਾਂਗੇ।

## ਲਿਵ-ਇਨ ਰਿਲੇਸ਼ਨ ਤੋੜਨ 'ਤੇ ਮੁਆਵਜਾ ਦਿਓ

**ਨਵੀਂ ਦਿੱਲੀ :** ਸੁਪਰੀਮ ਕੋਰਟ ਨੇ ਲਿਵ-ਇਨ ਰਿਲੇਸ਼ਨ ਤੋੜ ਕੇ ਮੁਆਵਜਾ ਦੇਣ ਤੋਂ ਇਨਕਾਰ ਕਰ ਰਹੇ ਆਦਮੀ ਦੀ ਯਾਚਿਕਾ ਤੇ ਵਿਚਾਰ ਕਰਨ ਤੋਂ ਮਨਾ ਕਰ ਦਿੱਤਾ। ਜਸਟਿਸ ਮਾਰਕਡੇਂਯ ਕਾਟਜੂ ਅਤੇ ਇਕ ਪਟਨਾਇਕ ਦੀ ਬੈਂਚ ਨੇ ਕਿਹਾ, 'ਚਾਹੇ ਤੁਸੀਂ ਉਸ ਨਾਲ ਵਿਆਹ ਨਾ ਕੀਤਾ ਹੋਵੇ, ਤੁਸੀਂ ਰਿਸ਼ਤਾ ਤੋੜਨ ਤੋਂ ਬਾਅਦ ਮੁਆਵਜਾ ਦੇਣ ਦੀ ਆਪਣੀ ਜ਼ਿੰਮੇਦਾਰੀ ਤੋਂ ਬਚ ਨਹੀਂ ਸਕਦੇ।' ਜਸਟਿਸ ਕਾਟਜੂ ਨੇ ਯਾਚਿਕਾਕਰਤਾ ਦੇ ਵਕੀਲ ਨੂੰ ਦੱਸਿਆ ਕਿ ਅਮਰੀਕਾ ਵਿਚ ਇਹਨੂੰ ਪੈਲਿਮਨੀ ਕਿਹਾ ਜਾਂਦਾ ਹੈ ਕਿਉਂਕਿ ਦੋ ਲੋਕ ਪਾਲ (ਦੋਸਤ) ਦੀ ਤਰ੍ਹਾਂ ਰਹਿੰਦੇ ਹਨ ਅਤੇ ਸੁਪਰੀਮ ਕੋਰਟ ਕਹਿ ਚੁੱਕਿਆ ਹੈ ਕਿ ਦੋ ਵਿਅਸਕ ਆਦਮੀ ਜੇਕਰ ਆਪਣੀ ਮਰਜੀ ਨਾਲ ਬਿਨਾ ਵਿਆਹ ਕੀਤੇ ਲਿਵ-ਇਨ ਰਿਲੇਸ਼ਨਸ਼ਿਪ ਦੇ ਤਹਿਤ ਰਹਿਣਾ ਮੰਜੂਰ ਕਰਦੇ ਹਨ ਤਾਂ ਇਹ ਅਪਰਾਧ ਨਹੀਂ ਹੈ। ਜਸਟਿਸ ਕਾਟਜੂ ਇਸਨੂੰ ਫੈਸਲੇ ਵਿਚ ਲਿਖਣ ਵਾਲੇ ਸੀ, ਪਰ ਜਸਟਿਸ ਪਟਨਾਇਕ ਨੇ ਉਨ੍ਹਾਂ ਨੂੰ ਇਹ ਕਹਿ ਕੇ ਰੋਕ ਦਿੱਤਾ ਕਿ ਇਦਾਂ ਕਰਨ ਨਾਲ ਮੀਡੀਆ ਕਹੇਗਾ ਕਿ ਸੁਪਰੀਮ ਕੋਰਟ ਨੇ ਲਿਵ ਇਨ ਰਿਲੇਸ਼ਨਸ਼ਿਪ ਨੂੰ ਅਪਰੂਵ ਕਰ ਦਿੱਤਾ। ਕੋਰਟ ਯਾਚਿਕਾਕਰਤਾ ਦੀ ਇਹ ਦਲੀਲ ਮੰਨਣ ਨੂੰ ਤਿਆਰ ਨਹੀਂ ਸੀ ਕਿ ਕਿਉਂਕਿ ਉਹ ਕਾਨੂੰਨੀ ਤੌਰ ਤੇ ਵਿਆਹਤਾ ਨਹੀਂ ਹੈ ਇਸ ਲਈ ਕੋਈ ਰਾਸ਼ੀ ਪਾਉਣ ਦੀ ਵੀ ਹਕਦਾਰ ਨਹੀਂ ਹੈ।

# ਸਿੱਖਿਆ ਅਧਿਕਾਰ ਦੇ ਬਾਰੇ ਕਾਨੂੰਨ ਭਾਰਤ 'ਚ ਲਾਗੂ



**ਨਵੀਂ ਦਿੱਲੀ :** 6 ਤੋਂ 14 ਸਾਲ ਤੱਕ ਦੇ ਬੱਚਿਆਂ ਨੂੰ ਲਾਜ਼ਮੀ ਸਿੱਖਿਆ ਦਿਵਾਉਣ ਵਾਲਾ ਇਤਿਹਾਸਕ ਕਾਨੂੰਨ 2 ਅਪ੍ਰੈਲ ਤੋਂ ਪੂਰੇ ਦੇਸ਼ 'ਚ ਲਾਗੂ ਹੋ ਗਿਆ। ਕਾਨੂੰਨ ਨੂੰ ਲਾਗੂ ਕਰਨ ਮੌਕੇ ਕੌਮ ਨੂੰ ਸੰਬੋਧਨ ਕਰਦਿਆਂ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੇ ਕਿਹਾ ਕਿ ਉਹ ਅੱਜ ਜੋ ਕੁਝ ਵੀ ਹਨ, ਸਿੱਖਿਆ ਦੀ ਬਦੌਲਤ ਹੀ ਹਨ। ਉਨ੍ਹਾਂ ਦੇਸ਼ ਵਾਸੀਆਂ ਨੂੰ ਸਿੱਖਿਆ ਕਾਨੂੰਨ ਨੂੰ ਸਫਲ ਬਣਾਉਣ 'ਚ ਸਹਿਯੋਗ ਕਰਨ ਦੀ ਅਪੀਲ ਵੀ ਕੀਤੀ।

ਕੌਮ ਦੇ ਨਾਂ ਸੰਬੋਧਨ ਕਰਦਿਆਂ ਡਾ. ਸਿੰਘ ਨੇ ਕਿਹਾ "ਮੇਰਾ ਜਨਮ ਇਕ ਆਮ ਪਰਿਵਾਰ 'ਚ ਹੋਇਆ ਸੀ ਤੇ ਮੈਨੂੰ ਸਕੂਲ ਜਾਣ ਲਈ ਪੈਦਲ ਲੰਮੀ ਦੂਰੀ ਤੈਅ ਕਰਨੀ ਪੈਂਦੀ ਸੀ। ਮੈਂ ਕੈਰੋਸੀਨ ਦੇ ਲੈਂਪ ਦੀ ਘੱਟ ਰੋਸ਼ਨੀ 'ਚ ਪੜ੍ਹਿਆ ਹਾਂ।" ਡਾ. ਸਿੰਘ ਨੇ ਕਿਹਾ ਕਿ ਇਹ ਮੇਰਾ ਸਿੱਖਿਆ ਪ੍ਰਤੀ ਜਨੂੰਨ ਹੀ ਸੀ, ਜਿਸ ਨੇ ਮੈਨੂੰ ਇਥੋਂ ਤੱਕ ਪਹੁੰਚਾਇਆ। ਡਾ. ਸਿੰਘ ਨੇ ਕਿਹਾ ਕਿ ਮੈਨੂੰ ਮੁਢਲੀ ਸਿੱਖਿਆ ਹਾਸਲ ਕਰਨ 'ਚ ਵੱਡੀਆਂ ਮੁਸ਼ਕਿਲਾਂ ਦਾ ਸਾਹਮਣਾ ਕਰਨਾ ਪਿਆ ਹੈ ਅਤੇ ਮੈਂ ਚਾਹੁੰਦਾ ਹਾਂ ਕਿ ਭਾਰਤ ਦੇ ਕਿਸੇ ਵੀ ਬੱਚੇ ਨੂੰ ਅਜਿਹੀਆਂ ਮੁਸ਼ਕਿਲਾਂ ਦਾ ਸਾਹਮਣਾ ਨਾ ਕਰਨਾ ਪਵੇ।

ਪ੍ਰਧਾਨ ਮੰਤਰੀ ਨੇ ਕਿਹਾ , "ਮੈਂ ਚਾਹੁੰਦਾ ਹਾਂ ਕਿ ਹਰ ਭਾਰਤੀ ਬੱਚਾ ਲੜਕਾ-ਲੜਕੀ ਸਿੱਖਿਆ ਦੀ ਰੋਸ਼ਨੀ ਤੋਂ ਰੋਸ਼ਨ ਹੋਵੇ ਤੇ ਹਰ ਭਾਰਤੀ ਬੱਚਾ ਭਵਿੱਖ ਦਾ ਸੁਪਨਾ ਵੇਖੇ ਅਤੇ ਉਸ ਨੂੰ ਪੂਰਾ ਕਰਨ ਲਈ ਕੰਮ ਕਰੇ।" ਆਪਣੇ ਸੰਬੋਧਨ ਵਿਚ ਡਾ. ਸਿੰਘ ਨੇ ਕਿਹਾ ਕਿ ਸਰਕਾਰ ਇਹ ਯਕੀਨੀ ਬਣਾਉਣ ਲਈ ਵਚਨਬੱਧ ਹੈ ਕਿ ਬਿਨਾਂ ਕਿਸੇ ਵਿਤਕਰੇ ਤੋਂ ਸਾਰਿਆਂ ਬੱਚਿਆਂ ਨੂੰ ਸਿੱਖਿਆ ਉਪਲਬਧ ਹੋਵੇ। ਡਾ. ਸਿੰਘ ਨੇ ਕਿਹਾ ਕਿ ਨੌਜਵਾਨ ਸਾਡੇ ਦੇਸ਼ ਦਾ ਭਵਿੱਖ ਹਨ ਅਤੇ ਉਨ੍ਹਾਂ ਦੀ ਯੋਗਤਾ 'ਤੇ ਹੀ ਖੁਸ਼ਹਾਲ ਤੇ ਮਜ਼ਬੂਤ ਭਾਰਤ ਨਿਰਭਰ ਹੈ। ਡਾ. ਸਿੰਘ ਨੇ ਇਸ ਮੌਕੇ ਮਹਾਤਮਾ ਗਾਂਧੀ ਦੇ ਸਿਆਸੀ ਗੁਰੂ ਗੋਪਾਲ ਕ੍ਰਿਸ਼ਨ ਗੋਖਲੇ ਵਲੋਂ 100 ਸਾਲ ਪਹਿਲਾਂ ਦਿੱਤੇ ਉਸ ਬਿਆਨ ਦਾ ਜ਼ਿਕਰ ਵੀ ਕੀਤਾ, ਜਿਸ ਵਿਚ ਉਨ੍ਹਾਂ ਅੰਗਰੇਜ਼ੀ ਸਰਕਾਰ ਤੋਂ ਭਾਰਤੀਆਂ ਨੂੰ ਸਿੱਖਿਆ ਦਾ ਅਧਿਕਾਰ ਦੇਣ ਦੀ ਮੰਗ ਕੀਤੀ ਸੀ। ਡਾ. ਸਿੰਘ ਨੇ ਕਿਹਾ ਕਿ ਸ੍ਰੀ ਗੋਖਲੇ ਨੇ ਤਾਂ 100 ਸਾਲ ਪਹਿਲਾਂ ਹੀ ਇਹ ਮੰਗ ਰੱਖ ਦਿੱਤੀ ਸੀ ਪਰ ਅਸੀਂ ਇਸ ਨੂੰ ਲਾਗੂ ਕਰਵਾਉਣ 'ਚ ਬਹੁਤ ਪਿੱਛੇ ਰਹਿ ਗਏ ਹਾਂ। ਡਾ. ਸਿੰਘ ਨੇ ਇਸ ਮੌਕੇ ਅਪੀਲ ਕੀਤੀ ਕਿ ਕੇਂਦਰ ਤੇ ਸੂਬਾ ਸਰਕਾਰਾਂ ਇਸ ਕਾਨੂੰਨ ਨੂੰ ਹੇਠਲੇ ਪੱਧਰ ਤੱਕ ਲਾਗੂ ਕਰਵਾਉਣ ਲਈ ਮਿਲਜੁਲ ਕੇ ਕੰਮ ਕਰਨ। ਦੋਵੇਂ ਧਿਰਾਂ ਇਸ ਕੌਮੀ ਟੀਚੇ ਨੂੰ ਹਾਸਲ ਕਰਨ ਲਈ ਜ਼ਿਲ੍ਹਾ ਤੇ ਪਿੰਡ ਪੱਧਰ 'ਤੇ ਇਕਾਈਆਂ ਸਥਾਪਤ ਕਰਕੇ ਇਸ ਮਾਮਲੇ 'ਚ ਉਨ੍ਹਾਂ ਦੀ ਸ਼ਮੂਲੀਅਤ ਯਕੀਨੀ ਬਣਾਉਣ। ਆਪਣੇ ਸੰਬੋਧਨ ਵਿਚ ਡਾ. ਸਿੰਘ ਨੇ ਸਿੱਖਿਆ ਦਾ ਅਧਿਕਾਰ ਕਾਨੂੰਨ ਨੂੰ ਲਾਗੂ ਕਰਨ ਲਈ ਅਧਿਆਪਕਾਂ ਦੇ ਮਹੱਤਵ 'ਤੇ ਵੀ ਜ਼ੋਰ ਦਿੱਤਾ। ਉਨ੍ਹਾਂ ਕਿਹਾ ਜਦੋਂ ਤੱਕ ਸਾਡੇ ਕੋਲ ਵਧੀਆ ਤੇ ਤਜ਼ਰਬੇਕਾਰ ਅਧਿਆਪਕ ਨਹੀਂ ਹੋਣਗੇ, ਉਦੋਂ ਤੱਕ ਸਾਨੂੰ ਇਸ ਤਰ੍ਹਾਂ ਦੇ ਕਾਨੂੰਨਾਂ ਦਾ ਆਸ ਮੁਤਾਬਕ ਲਾਭ ਮਿਲਣਾ ਮੁਸ਼ਕਿਲ ਹੈ।

ਇਸੇ ਦੌਰਾਨ ਮਨੁੱਖੀ ਵਸੀਲਿਆਂ ਬਾਰੇ ਕੇਂਦਰੀ ਮੰਤਰੀ ਕਪਿਲ ਸਿੱਬਲ ਨੇ ਕਿਹਾ ਕਿ ਇਹ ਕਾਨੂੰਨ ਲਾਗੂ ਹੋਣ ਤੋਂ ਬਾਅਦ ਸਾਰਿਆਂ ਨਿੱਜੀ ਤੇ ਘੱਟ ਗਿਣਤੀ ਸਕੂਲਾਂ ਨੂੰ ਪਛੜੇ ਵਰਗਾਂ ਦੇ ਬੱਚਿਆਂ ਲਈ ਸੀਟਾਂ ਰਾਖਵੀਆਂ ਰੱਖਣੀਆਂ ਹੋਣਗੀਆਂ। ਉਨ੍ਹਾਂ ਕਿਹਾ ਕਿ ਜੇਕਰ ਕੋਈ ਸਕੂਲ ਜਾਂ ਸੰਸਥਾ ਇਸ ਕਾਨੂੰਨ ਦਾ ਉਲੰਘਣ ਕਰਦੀ ਹੈ ਤਾਂ ਉਸ ਨੂੰ ਗੰਭੀਰ ਸਜ਼ਾ ਦਿੱਤੀ ਜਾਵੇ।

ਸ੍ਰੀ ਸਿੱਬਲ ਨੇ ਇੱਕ ਨਿੱਜੀ ਟੀ ਵੀ ਚੈਨਲ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਕਾਨੂੰਨ ਵਿਚ ਪਹਿਲੀ ਜਮਾਤ ਤੋਂ ਅੱਠਵੀਂ ਜਮਾਤ ਤੱਕ ਦੇ ਗ਼ਰੀਬ ਬੱਚਿਆਂ ਲਈ ਸਾਰਿਆਂ ਸਕੂਲਾਂ 'ਚ 25 ਫ਼ੀਸਦੀ ਸੀਟਾਂ ਰਾਖਵੀਆਂ ਰੱਖਣ ਬਾਰੇ ਫ਼ੈਸਲਾ ਲਿਆ ਗਿਆ ਹੈ। ਪਰ ਇਹ ਫ਼ੈਸਲਾ 2011 ਤੋਂ ਲਾਗੂ ਹੋਵੇਗਾ। ਉਨ੍ਹਾਂ ਇਹ ਵੀ ਜ਼ਿਕਰ ਕੀਤਾ ਕਿ ਅੱਠਵੀਂ ਜਮਾਤ ਤੱਕ ਰਾਖਵਾਂਕਰਨ ਵਧਾਉਣ ਲਈ ਅਜੇ 8 ਸਾਲ ਦਾ ਹੋਰ ਸਮਾਂ ਲੱਗ ਸਕਦਾ ਹੈ। ਸ੍ਰੀ ਸਿੱਬਲ ਨੇ ਕਿਹਾ ਕਿ ਹੁਣ ਕਾਨੂੰਨ ਲਾਗੂ ਹੋ ਚੁੱਕਿਆ ਹੈ ਅਤੇ ਮੈਨੂੰ ਆਸ ਹੈ ਕਿ ਸਮੂਹ ਸੰਸਥਾਵਾਂ ਇਸ ਕਾਨੂੰਨ ਮੁਤਾਬਕ ਕੰਮ ਕਰਨਗੀਆਂ।

**ਇਸ ਕਾਨੂੰਨ ਦੀ ਖਾਸੀਅਤ :**

1. ਇਸ ਕਾਨੂੰਨ ਦੀ ਸਭ ਤੋਂ ਵੱਡੀ ਖਾਸੀਅਤ ਇਹ ਹੈ ਕਿ ਹੁਣ ਸਰਕਾਰ ਲਈ ਉਨ੍ਹਾਂ ਬੱਚਿਆਂ ਨੂੰ ਸਿੱਖਿਅਤ ਕਰਨਾ ਜ਼ਰੂਰੀ ਹੋ ਜਾਵੇਗਾ, ਜੋ 6-14 ਉਮਰ ਵਰਗ ਵਿਚ ਆਉਂਦੇ ਹਨ।

2. ਇਹ ਕਾਨੂੰਨ ਸਕੂਲਾਂ ਵਿਚ ਅਧਿਆਪਕਾਂ ਤੇ ਵਿਦਿਆਰਥੀਆਂ ਦੇ ਅਨੁਪਾਤ ਨੂੰ ਸੁਧਾਰਨ ਦੀ ਗੱਲ ਵੀ ਕਰਦਾ ਹੈ। ਇਸ ਕਾਨੂੰਨ ਵਿਚ ਸ਼ਾਮਲ ਹੈ ਕਿ ਇਕ ਅਧਿਆਪਕ 'ਤੇ 40 ਤੋਂ ਵੱਧ ਵਿਦਿਆਰਥੀਆਂ ਦਾ ਬੋਝ ਨਹੀਂ ਹੋਵੇਗਾ।

3. 14 ਲੱਖ ਨਵੇਂ ਅਧਿਆਪਕਾਂ ਦੀ ਭਰਤੀ, ਜਿਨ੍ਹਾਂ ਨੂੰ ਇਕ ਅਕਤੂਬਰ ਤੱਕ ਪੂਰੀ ਸਿਖਲਾਈ ਦੇਣਾ ਜ਼ਰੂਰੀ ਹੈ।

4. ਸਕੂਲ ਵਿਚ ਦਾਖ਼ਲੇ ਲਈ ਜਨਮ ਸਰਟੀਫਿਕੇਟ ਜਾਂ ਤਬਾਦਲੇ ਦੇ ਸਰਟੀਫਿਕੇਟ ਲੋੜੀਂਦੇ ਦਸਤਾਵੇਜ਼ ਹੋਣਗੇ।

5. ਇਸ ਉਮਰ ਪੱਧਰ ਦੌਰਾਨ ਕਦੋਂ ਵੀ ਸਕੂਲ ਵਿਚ ਦਾਖ਼ਲਾ ਲਿਆ ਜਾ ਸਕੇਗਾ।

6. ਨਿੱਜੀ ਸਕੂਲਾਂ ਨੂੰ 25 ਫੀਸਦੀ ਸੀਟਾਂ ਬੱਚਿਆਂ ਵਾਸਤੇ ਰੱਖਣੀਆਂ ਪੈਣਗੀਆਂ।

7. ਇਸ ਕਾਨੂੰਨ ਅਨੁਸਾਰ ਰਾਜ ਸਰਕਾਰਾਂ ਲਈ ਬੱਚਿਆਂ ਦੀ ਜ਼ਰੂਰਤ ਅਨੁਸਾਰ ਪੁਸਤਕਾਲਾ, ਜਮਾਤ ਦਾ ਕਮਰਾ, ਖੇਡ ਮੈਦਾਨ ਤੇ ਹੋਰ ਚੀਜ਼ਾ ਮੁਹੱਈਆ ਕਰਵਾਉਣੀਆਂ ਜ਼ਰੂਰੀ ਹਨ।

**ਇਸ ਕਾਨੂੰਨ ਦੀਆਂ ਖ਼ਾਮੀਆਂ :**

1. ਇਸ ਕਾਨੂੰਨ ਦੀ ਸਭ ਤੋਂ ਵੱਡੀ ਖ਼ਾਮੀ ਇਹ ਹੈ ਕਿ ਇਸ ਵਿਚ 0-6 ਅਤੇ 14-18 ਉਮਰ ਵਰਗ ਦੇ ਬੱਚਿਆਂ ਦੀ ਗੱਲ ਨਹੀਂ ਕੀਤੀ ਗਈ ਜਦੋਂਕਿ ਭਾਰਤੀ ਸੰਵਿਧਾਨ ਦੀ ਧਾਰਾ 45 ਵਿਚ ਸਾਫ ਸ਼ਬਦਾਂ ਵਿਚ ਕਿਹਾ ਗਿਆ ਹੈ ਕਿ ਸੰਵਿਧਾਨ ਦੇ ਲਾਗੂ ਹੋਣ ਦੇ 10 ਸਾਲ ਦੇ ਅੰਦਰ ਸਰਕਾਰ 0-14 ਵਰਗ ਦੇ ਬੱਚਿਆਂ ਨੂੰ ਮੁਫਤ ਸਿੱਖਿਆ ਦੇਵੇਗੀ।

2. ਅੰਤਰਰਾਸ਼ਟਰੀ ਬਾਲ ਅਧਿਕਾਰ ਸਮਝੌਤੇ ਅਨੁਸਾਰ 18 ਸਾਲ ਤੱਕ ਦੀ ਉਮਰ ਵਾਲਿਆਂ ਨੂੰ ਬੱਚਿਆਂ ਵਿਚ ਗਿਣਿਆ ਗਿਆ ਹੈ, ਜਿਸ ਨੂੰ ਭਾਰਤ ਸਮੇਤ 142 ਦੇਸ਼ਾਂ ਨੇ ਮੰਨ ਵੀ ਲਿਆ ਹੈ। ਇਸ ਤਰ੍ਹਾਂ 14-18 ਉਮਰ ਵਰਗ ਦੇ ਬੱਚਿਆਂ ਦੀ ਸਿੱਖਿਆ ਦੀ ਗੱਲ ਇਸ ਕਾਨੂੰਨ ਵਿਚ ਨਹੀਂ ਕੀਤੀ ਗਈ।

3. ਇਸ ਕਾਨੂੰਨ ਨੂੰ ਕੇਂਦਰ ਦੀਆਂ ਅਹਿਮ ਪ੍ਰਾਪਤੀਆਂ ਵਿਚੋਂ ਇਕ ਦੱਸਿਆ ਜਾ ਰਿਹਾ ਹੈ ਜਦੋਂਕਿ ਸੰਵਿਧਾਨ ਵਿਚ ਇਹ ਸਭ ਕੁਝ ਪਹਿਲਾਂ ਤੋਂ ਹੀ ਸ਼ਾਮਲ ਹੈ ਅਤੇ 2002 ਵਿਚ ਹੋਈ ਸੋਧ 86ਵੀਂ ਸੋਧ ਵਿਚ ਸਿੱਖਿਆ ਦੀ ਗੱਲ ਕੀਤੀ ਗਈ ਸੀ।

## ਰਾਸ਼ਟਰਪਤੀ ਦੀ ਗਿਣਤੀ ਨਾਲ ਮਰਦਮਸ਼ੁਮਾਰੀ-2011 ਸ਼ੁਰੂ



**ਨਵੀਂ ਦਿੱਲੀ :** ਮਨੁੱਖੀ ਇਤਿਹਾਸ 'ਚ ਹੁਣ ਤੱਕ ਦੀ ਸਭ ਤੋਂ ਵੱਡੀ ਕਵਾਇਦ ਤਹਿਤ ਦੇਸ਼ ਦੀ 'ਪਹਿਲੀ ਨਾਗਰਿਕ' ਰਾਸ਼ਟਰਪਤੀ ਪ੍ਰਤਿਭਾ ਪਾਟਿਲ ਦੀ ਗਣਨਾ ਨਾਲ ਬੀਤੇ ਦਿਨੀਂ ਉਸ ਅਹਿਮ ਮਰਦਮਸ਼ੁਮਾਰੀ-2011 ਦੀ ਸ਼ੁਰੂਆਤ ਹੋ ਗਈ, ਜਿਸ ਤਹਿਤ ਕਰੀਬ 120 ਕਰੋੜ ਆਬਾਦੀ ਦੀ ਪਛਾਣ ਤੇ ਗਿਣਤੀ ਕਰਦਿਆਂ ਉਸਦਾ ਰਿਕਾਰਡ ਬਣਾ ਕੇ ਪਛਾਣ ਪੱਤਰ ਜਾਰੀ ਕੀਤੇ ਜਾਣਗੇ। ਇਸ ਮੁਹਿੰਮ ਦੀ ਸ਼ੁਰੂਆਤ ਮੌਕੇ ਰਾਸ਼ਟਰਪਤੀ ਪ੍ਰਤਿਭਾ ਪਾਟਿਲ ਨੇ ਦੇਸ਼ ਵਾਸੀਆਂ ਨੂੰ ਅਪੀਲ ਕੀਤੀ ਕਿ ਉਹ ਮਰਦਮਸ਼ੁਮਾਰੀ-2011 ਤੇ ਕੌਮੀ ਜਨਸੰਖਿਆ ਰਜਿਸਟਰ (ਐਨ ਪੀ ਆਰ) ਦੀ ਤਿਆਰੀ 'ਚ ਭਰਵਾਂ ਸਹਿਯੋਗ ਦੇਣ, ਕਿਉਂਕਿ ਇਹ ਦੇਸ਼ ਤੇ ਉਨ੍ਹਾਂ ਦੋਹਾਂ ਲਈ ਬੇਹੱਦ ਮਹੱਤਵਪੂਰਨ ਹੈ। ਇਸ ਮੌਕੇ ਰਾਸ਼ਟਰਪਤੀ ਦਾ ਜਨਗਣਨਾ 'ਚ ਨਾਂ ਦਰਜ ਕਰਨ ਵਾਲੇ ਅਧਿਕਾਰੀਆਂ ਤੋਂ ਇਲਾਵਾ ਕੇਂਦਰੀ ਗ੍ਰਹਿ ਮੰਤਰੀ ਪੀ ਚਿਦੰਬਰਮ, ਭਾਰਤ ਦੇ ਰਜਿਸਟਰਾਰ ਸ੍ਰੀ ਚੰਦਰਮੌਲੀ ਤੇ ਜਨਗਣਨਾ ਕਮਿਸ਼ਨਰ ਐਸ ਕੇ ਚਕਰਵਰਤੀ ਮੌਜੂਦ ਸਨ। ਦੱਸਣਾ ਬਣਦਾ ਹੈ ਕਿ ਇਸ 15ਵੀਂ ਕੌਮੀ ਮਰਦਮਸ਼ੁਮਾਰੀ ਨੂੰ ਸਿਰੇ ਚਾੜ੍ਹਨ ਲਈ 25 ਲੱਖ ਤੋਂ ਵਧ ਅਧਿਕਾਰੀ ਤੇ ਮੁਲਾਜ਼ਮ ਲਗਾਏ ਗਏ ਹਨ। ਮਰਦਮਸ਼ੁਮਾਰੀ-2011 'ਚ ਤਹਿ ਦਿਲੋਂ ਸ਼ਮੂਲੀਅਤ ਦੀ ਅਪੀਲ ਕਰਦਿਆਂ ਕੇਂਦਰੀ ਗ੍ਰਹਿ ਮੰਤਰੀ ਪੀ ਚਿਦੰਬਰਮ ਨੇ ਕਿਹਾ ਕਿ ਮਰਦਮਸ਼ੁਮਾਰੀ ਦੋ ਗੇੜਾਂ 'ਚ ਹੋਵੇਗੀ ਤੇ ਪਹਿਲੀ ਵਾਰ ਕੌਮੀ ਜਨਸੰਖਿਆ ਰਜਿਸਟਰਾਰ ਤਿਆਰ ਕੀਤਾ ਜਾਵੇਗਾ, ਜਿਸ ਤਹਿਤ ਨਾਗਰਿਕਾਂ ਦੀ ਇਕ ਵਿਆਪਕ ਪਹਿਚਾਣ ਵਾਲਾ ਡਾਟਾਬੇਸ ਵੀ ਤਿਆਰ ਕੀਤਾ ਜਾਵੇਗਾ। ਇਹ ਮੁਹਿੰਮ 1 ਅਪ੍ਰੈਲ ਤੋਂ ਸ਼ੁਰੂ ਹੋ ਕੇ 1 ਜੂਨ ਨੂੰ ਖ਼ਤਮ ਹੋ ਜਾਵੇਗੀ।

## ਨਵੇਂ ਫੌਜੀ ਮੁਖੀ ਵੀ ਕੇ ਸਿੰਘ ਨੇ ਕਾਰਜਭਾਰ ਸੰਭਾਲਿਆ



**ਨਵੀਂ ਦਿੱਲੀ :** ਜਨਰਲ ਵੀ ਕੇ ਸਿੰਘ ਨੇ ਬੀਤੀ 1 ਅਪ੍ਰੈਲ ਨੂੰ ਫੌਜ ਮੁਖੀ ਦੇ ਤੌਰ 'ਤੇ ਕਾਰਜਭਾਰ ਸੰਭਾਲਦਿਆਂ ਹੀ ਐਲਾਨ ਕੀਤਾ ਕਿ ਫੌਜ ਦੇ ਅੰਦਰੂਨੀ ਤਾਣੇ-ਬਾਣੇ 'ਚ ਸੁਧਾਰ ਅਤੇ ਇਸ ਦੀਆਂ ਕਦਰਾਂ-ਕੀਮਤਾਂ ਉਨ੍ਹਾਂ ਦੇ ਮੁੱਖ ਏਜੰਡੇ 'ਚ ਹੋਣਗੇ। ਆਪਣੇ ਇਰਾਦੇ ਜ਼ਾਹਰ ਕਰਦਿਆਂ 59 ਸਾਲਾ ਸ੍ਰੀ ਸਿੰਘ ਨੇ ਸਪੱਸ਼ਟ ਕੀਤਾ ਕਿ ਜਦੋਂ ਤੱਕ ਦੇਸ਼ ਦਾ ਅੰਦਰੂਨੀ ਢਾਂਚਾ ਚੰਗਾ ਨਹੀਂ ਹੋਵੇਗਾ, ਉਦੋਂ ਤੱਕ ਉਹ ਬਾਹਰੀ ਖ਼ਤਰਿਆਂ ਨਾਲ ਨਜਿੱਠਣ ਦੇ ਸਮਰੱਥ ਨਹੀਂ ਹੋਣਗੇ। ਦੇਸ਼ ਦੇ 26ਵੇਂ ਫੌਜ ਮੁਖੀ ਸ੍ਰੀ ਸਿੰਘ ਇਕ ਸਿੱਖਿਅਤ ਕਮਾਂਡੋ ਹਨ, ਜੋ ਉਸ ਸਮੇਂ ਸੁਰਖੀਆਂ 'ਚ ਆਏ ਸਨ, ਜਦੋਂ ਉਸ ਸਮੇਂ ਕੋਲਕਾਤਾ ਵਿਖੇ ਪੂਰਬੀ ਸੈਨਾ ਕਮਾਂਡਰ ਹੁੰਦਿਆਂ ਸਾਬਕਾ ਫੌਜ ਮੁਖੀ ਦੀਪਕ ਕਪੂਰ ਦੇ ਸੈਕਟਰੀ ਲੈਫ਼. ਜਨਰਲ ਅਵਧੇਸ਼ ਪ੍ਰਕਾਸ਼ ਨੂੰ ਬਰਖਾਸਤ ਕਰਨ ਦੀ ਸਿਫ਼ਾਰਸ਼ ਕੀਤੀ ਸੀ। ਨਵੇਂ ਫੌਜ ਮੁਖੀ ਨੇ ਕਿਹਾ ਕਿ ਫੌਜ ਪੂਰੀ ਤਰ੍ਹਾਂ ਤਿਆਰ ਹੈ। ਜਦੋਂ ਵੀ ਕੋਈ ਖ਼ਤਰਾ ਹੋਵੇਗਾ ਤਾਂ ਡਟ ਕੇ ਜਵਾਬ ਦਿਆਂਗੇ। ਜਨਰਲ ਕਪੂਰ ਤੋਂ ਕਾਰਜਭਾਰ ਸੰਭਾਲਣ ਵਾਲੇ ਸ੍ਰੀ ਸਿੰਘ 11 ਲੱਖ ਤੋਂ ਵੱਧ ਦੀ ਗਿਣਤੀ ਵਾਲੀ ਫੌਜ ਦਾ ਦੋ ਸਾਲ ਤੋਂ ਵੱਧ ਸੰਚਾਲਨ ਕਰਨਗੇ। ਭਾਰਤੀ ਫੌਜ ਦਾ ਮੁਖੀ ਬਣਨ 'ਤੇ ਫਖ਼ਰ ਮਹਿਸੂਸ ਕਰਦਿਆਂ ਸ੍ਰੀ ਸਿੰਘ ਨੇ ਕਿਹਾ ਕਿ ਬਾਹਰੀ ਖ਼ਤਰਿਆਂ ਨਾਲ ਲੜਨ 'ਚ ਸਮਰੱਥ ਹੋਣ ਲਈ ਸਾਨੂੰ ਅੰਦਰੂਨੀ ਢਾਂਚਾ ਮਜ਼ਬੂਤ ਤੇ ਠੀਕ ਕਰਨਾ ਪਵੇਗਾ।

## ਪੁਣੇ 'ਚ ਐਮ ਬੀ ਏ ਔਰਤ ਨਾਲ ਸਮੂਹਿਕ ਬਲਾਤਕਾਰ

**ਪੁਣੇ :** ਨਾਗਪੁਰ ਤੋਂ ਇੰਟਰਵਿਊ ਦੇਣ ਲਈ ਪੁਣੇ ਆਈ ਇਕ ਵਿਆਹੁਤਾ ਐਮ ਬੀ ਏ ਔਰਤ ਨਾਲ ਟੈਕਸੀ ਵਿਚ ਸਮੂਹਿਕ ਬਲਾਤਕਾਰ ਕਰਨ ਦੀ ਖ਼ਬਰ ਸਾਹਮਣੇ ਆਈ ਹੈ। ਪੁਲਿਸ ਨੇ ਇਸ ਮਾਮਲੇ ਵਿਚ ਦੋ ਵਿਅਕਤੀਆਂ ਨੂੰ ਗ੍ਰਿਫ਼ਤਾਰ ਕਰ ਲਿਆ ਹੈ। ਰਿਪੋਰਟ ਮੁਤਾਬਕ ਇੰਟਰਵਿਊ ਦੇਣ ਲਈ ਆਈ ਇਸ ਔਰਤ ਨੇ ਇਕ ਸਾਂਝੀ ਟੈਕਸੀ ਵਿਚ ਲਿਫਟ ਲਈ, ਜਿਸ ਵਿਚ ਪਹਿਲਾਂ ਹੀ ਤਿੰਨ ਵਿਅਕਤੀ ਸਵਾਰ ਸਨ। ਪੁਲਿਸ ਨੇ ਤਿੰਨਾਂ ਵਿਚੋਂ ਦੋ ਵਿਅਕਤੀਆਂ ਨੂੰ ਹਿਰਾਸਤ ਵਿਚ ਲੈ ਲਿਆ ਤੇ ਅਗਲੇਰੀ ਕਾਰਵਾਈ ਲਈ ਮੈਡੀਕਲ ਰਿਪੋਰਟ ਦਾ ਇੰਤਜ਼ਾਰ ਕੀਤਾ ਜਾ ਰਿਹਾ ਹੈ। ਇਹ ਔਰਤ ਪੁਣੇ 'ਚ ਆਪਣੇ ਰਿਸ਼ਤੇਦਾਰਾਂ ਦੇ ਘਰ ਠਹਿਰੀ ਹੋਈ ਸੀ।


# ਮਰਦਾਨਾ ਕਮਜ਼ੋਰੀ ਦਾ ਹੱਲ ਆਯੁਰਵੈਦ ਦੇ ਸੰਗ

ਮਰਦਾਨਾ ਤਾਕਤ ਲਈ ਸਿਹਤ ਰੀਫੰਗ ਕੋਰਸ ਅਤੇ ਸ਼ਹਿਨਸ਼ਾਹੀ ਤਿੱਲਾ (ਸੁਪਰ ਪਾਵਰ)

ਇਕ ਹਫਤਾ ਦਵਾਈ ਖਾਣ ਤੋਂ ਬਾਅਦ ਤੁਸੀਂ ਗ੍ਰਹਿਸਥ ਜੀਵਨ ਦਾ ਭਰਪੂਰ ਅਨੰਦ ਉਠਾ ਸਕਦੇ ਹੋ। ਕਮਜ਼ੋਰੀ ਕਿਸੇ ਵੀ ਤਰ੍ਹਾਂ ਦੀ ਹੋਵੇ-ਗਲਤ ਕੰਮਾਂ ਦੇ ਕਾਰਨ, ਨਸ਼ੇ ਦੇ ਕਾਰਨ, ਸ਼ੂਗਰ ਦੇ ਕਾਰਨ ਜਾਂ ਵਧਦੀ ਉਮਰ ਦੇ ਕਾਰਨ।

| | | |
|---|---|---|
| ਚਿਹਰੇ ਦੀ ਸੁੰਦਰਤਾ | ਮੋਟਾਪਾ ਘਟਾਓ | ਸਿਹਤ ਬਣਾਓ |
| ਵਾਲਾਂ ਦਾ ਝੜਨਾ | ਸ਼ੂਗਰ ਕੰਟਰੋਲ | ਇਸਤਰੀ ਰੋਗ |

ਪੰਜਾਬ ਦੀ ਸਭ ਤੋਂ ਮਸ਼ਹੂਰ ਫਾਰਮੇਸੀ ਜਿੱਥੇ ਮਰਦਾਂ ਅਤੇ ਔਰਤਾਂ ਦਾ ਪਿਛਲੇ 50 ਸਾਲਾਂ ਤੋਂ ਤਸੱਲੀਬਖ਼ਸ਼ ਇਲਾਜ ਕੀਤਾ ਜਾਂਦਾ ਹੈ।

ਨਸਾਂ ਦੀ ਕਮਜ਼ੋਰੀ ਦੂਰ ਕਰਨ ਲਈ ਖਾਸ ਤੌਰ 'ਤੇ ਸ਼ਹਿਨਸ਼ਾਹੀ (ਸੁਪਰ ਪਾਵਰ) ਤੇਲ ਤਿਆਰ ਕੀਤਾ ਗਿਆ ਹੈ ਜਿਸ ਦੀ ਵਰਤੋਂ ਨਾਲ ਮਰਦਾਨਾ ਕਮਜ਼ੋਰੀ ਠੀਕ ਹੋ ਜਾਂਦੀ ਹੈ।

ਬੁਢਾਪੇ ਵਿਚ ਜਵਾਨੀ ਵਰਗੀ ਤਾਕਤ ਦੁਬਾਰਾ ਹਾਸਿਲ ਕਰੋ।

ਪੂਰਾ ਕੋਰਸ ਕਰਨ ਤੋਂ ਬਾਅਦ ਦੁਬਾਰਾ ਦਵਾਈ ਖਾਣ ਦੀ ਲੋੜ ਨਹੀਂ ਪੈਂਦੀ।



ਡਾ. ਨੰਦ ਕਿਸ਼ੋਰ ਓਬਰਾਏ
ਆਯੁਰਵੈਦਿਕ ਰਤਨ
ਰਜਿ. ਨੰ. 59/AY/PB.

ਅੱਜਕਲ੍ਹ ਦੇ ਨੌਜਵਾਨ ਭੈੜੀਆਂ ਆਦਤਾਂ ਵਿਚ ਫਸ ਕੇ ਬੁਰੀ ਤਰ੍ਹਾਂ ਦੇ ਖਤਰਨਾਕ ਅਤੇ ਗੁਪਤ ਰੋਗਾਂ ਦਾ ਸ਼ਿਕਾਰ ਹੋ ਜਾਂਦੇ ਹਨ। ਔਰਤ ਦੇ ਕਾਬਿਲ ਨਾ ਰਹਿਣਾ, ਹਰ ਤਰ੍ਹਾਂ ਦੀ ਕਮਜ਼ੋਰੀ, ਮਸਾਨੇ ਦੀ ਗਰਮੀ, ਪਿਸ਼ਾਬ ਦਾ ਜ਼ਿਆਦਾ ਆਉਣਾ, ਖੂਨ ਨਾ ਬਣਨਾ, ਖਾਂਦਿਆਂ ਪੀਂਦਿਆਂ ਸੁੱਕਦੇ ਜਾਣਾ ਆਦਿ ਤਮਾਮ ਤਕਲੀਫਾਂ ਤੋਂ ਹਮੇਸ਼ਾ ਲਈ ਛੁਟਕਾਰਾ ਪਾਉਣ ਲਈ ਸਾਡੀ 50 ਸਾਲਾਂ ਤੋਂ ਅਜਮਾਈ ਹੋਈ ਦਵਾਈ ਅਤੇ ਸੁਪਰ ਪਾਵਰ ਤੇਲ ਦੇ ਕੋਰਸ ਦੀ ਵਰਤੋਂ ਕਰੋ। ਇਸ ਦੇ ਕੁਝ ਦਿਨ ਵਰਤਣ ਨਾਲ ਸੁਪਨਦੋਸ਼ ਬੰਦ ਹੋ ਜਾਂਦਾ ਹੈ। ਮਰਦਾਨਾ ਕਮਜ਼ੋਰੀ ਦੂਰ ਹੋ ਜਾਂਦੀ ਹੈ। ਇਸ ਦਵਾਈ ਦੀ ਵਰਤੋਂ ਨਾਲ ਗਏ ਗੁਜ਼ਰੇ ਨੌਜਵਾਨਾਂ ਨੂੰ ਫਿਰ ਤੋਂ ਜਵਾਨੀ ਦੀ ਝਲਕ ਦਿਖਾਈ ਦੇਣ ਲੱਗ ਪੈਂਦੀ ਹੈ।

# Surajvanshi Pharmacy (R)

MANUFACTURE & EXPORTER OF HERBAL PRODUCTS
25, New Model Town, Jalandhar (Punjab) INDIA.
Contact : Dr. Shweat Oberoi E-mail : shweat077@yahoo.com
Mobile : 98155-33933 Fax : 0091-181-5062627


## ਗਡਕਰੀ ਨੇ ਪ੍ਰਧਾਨ ਮੰਤਰੀ ਤੋਂ 14 ਸਵਾਲਾਂ ਦੇ ਜਵਾਬ ਮੰਗੇ

**ਨਵੀਂ ਦਿੱਲੀ :** ਭਾਜਪਾ ਦੇ ਕੌਮੀ ਪ੍ਰਧਾਨ ਨਿਤਿਨ ਗਡਕਰੀ ਨੇ ਪ੍ਰਧਾਨ ਮੰਤਰੀ ਡਾ. ਮਨਮੋਹਨ ਸਿੰਘ ਨੂੰ ਮਹਿੰਗਾਈ ਦੇ ਮੁੱਦੇ 'ਤੇ ਘੇਰਦਿਆਂ ਇਕ ਸਵਾਲਨਾਮਾ ਭੇਜਿਆ ਹੈ। ਖੁਰਾਕੀ ਵਸਤਾਂ ਦੀ ਕਮੀ ਨੂੰ ਲੈ ਕੇ ਕੇਂਦਰੀ ਮੰਤਰੀਆਂ ਵਲੋਂ ਕੀਤੀ ਜਾ ਰਹੀ ਕਾਲਪਨਿਕ ਬਿਆਨਬਾਜ਼ੀ 'ਤੇ ਸਵਾਲੀਆ ਨਿਸ਼ਾਨ ਲਗਾਉਂਦਿਆਂ ਸ੍ਰੀ ਗਡਕਰੀ ਨੇ ਕਿਹਾ ਕਿ ਇਹ ਸਭ ਕੁਝ ਮਹਿੰਗਾਈ ਕੰਟਰੋਲ ਕਰਨ ਲਈ ਕੀਤਾ ਜਾ ਰਿਹੈ ਜਾਂ ਹਫੜਾ-ਦਫੜੀ ਮਚਾਉਣ ਲਈ। ਸ੍ਰੀ ਗਡਕਰੀ ਨੇ ਮਹਿੰਗਾਈ, ਗਰੀਬੀ ਅਤੇ ਅਨਾਜ ਅਰਾਜਕਤਾ ਸਬੰਧੀ ਡਾ. ਸਿੰਘ ਤੋਂ 14 ਸਵਾਲਾਂ ਦੇ ਜਵਾਬ ਮੰਗੇ ਹਨ। ਸ੍ਰੀ ਗਡਕਰੀ ਨੇ ਪ੍ਰਧਾਨ ਮੰਤਰੀ ਨੂੰ ਸਵਾਲ ਕੀਤਾ ਕਿ ਭਾਰਤ ਦੀ ਮੁਦਰਾ ਸਫੀਤੀ ਵਿਸ਼ਵ 'ਚ ਸਭ ਤੋਂ ਵੱਧ ਕਿਉਂ ਹੈ? ਵਿਸ਼ਵ ਪੱਧਰ 'ਤੇ ਜਦੋਂ ਇਹ ਔਸਤਨ ਇਕ ਤੋਂ ਦੋ ਪ੍ਰਤੀਸ਼ਤ ਹੈ ਤਾਂ ਭਾਰਤ 'ਚ 11 ਪ੍ਰਤੀਸ਼ਤ ਕਿਉਂ ਹੈ? ਉਨ੍ਹਾਂ ਡਾ. ਸਿੰਘ ਨੂੰ ਸਵਾਲ ਕੀਤਾ ਕਿ ਭਾਰਤ 'ਚ ਵਿਸ਼ਵ ਔਸਤ ਦੇ ਮੁਕਾਬਲੇ ਚੀਨੀ ਦੀ ਕੀਮਤ ਦੁੱਗਣੀ ਅਤੇ ਕਣਕ ਤੇ ਹੋਰ ਖੁਰਾਕੀ ਵਸਤਾਂ ਦੀ ਕੀਮਤ 80 ਪ੍ਰਤੀਸ਼ਤ ਵਧ ਕਿਉਂ ਹੈ? ਭਾਜਪਾ ਪ੍ਰਧਾਨ ਨੇ ਪੁੱਛਿਆ ਕਿ ਅਜਿਹਾ ਕਿਉਂ ਹੋਇਆ ਕਿ ਪਹਿਲਾਂ 48 ਲੱਖ ਟਨ ਚੀਨੀ 12.50 ਰੁਪਏ ਪ੍ਰਤੀ ਕਿੱਲੋ ਦੇ ਹਿਸਾਬ ਨਾਲ ਨਿਰਯਾਤ ਕੀਤੀ ਗਈ ਅਤੇ ਬਾਅਦ 'ਚ ਚੀਨੀ ਦਾ 22 ਰੁਪਏ ਤੋਂ 32 ਰੁਪਏ ਕਿੱਲੋ ਦੇ ਹਿਸਾਬ ਨਾਲ ਆਯਾਤ ਕੀਤਾ ਗਿਆ। ਸ੍ਰੀ ਗਡਕਰੀ ਨੇ ਪ੍ਰਧਾਨ ਮੰਤਰੀ ਨੂੰ ਕਿਹਾ ਕਿ ਇਕ ਪਾਸੇ ਤੁਹਾਡੇ ਵਲੋਂ ਦਾਅਵਾ ਕੀਤਾ ਜਾ ਰਿਹਾ ਹੈ ਕਿ ਗ਼ਰੀਬੀ ਘਟੀ ਹੈ ਪਰ ਦੂਜੇ ਪਾਸੇ ਯੋਜਨਾ ਕਮਿਸ਼ਨ ਨੇ ਦੱਸਿਆ ਸੀ ਕਿ 2005 'ਚ ਗ਼ਰੀਬੀ ਰੇਖਾ ਤੋਂ ਹੇਠਾਂ ਰਹਿਣ ਵਾਲੀ ਜਨਸੰਖਿਆ 31 ਕਰੋੜ ਹੈ ਤੇ ਦਸੰਬਰ 2009 'ਚ ਤੇਂਦੁਲਕਰ ਸਮਿਤੀ ਨੇ ਕਿਹਾ ਕਿ ਇਹ ਜਨਸੰਖਿਆ 42 ਕਰੋੜ ਹੈ। ਸ੍ਰੀ ਗਡਕਰੀ ਨੇ ਇਹ ਵੀ ਪੁੱਛਿਆ ਕਿ ਇਕ ਪਾਸੇ ਸਰਕਾਰੀ ਗੁਦਾਮ ਅਨਾਜ ਨਾਲ ਜ਼ਰੂਰਤ ਤੋਂ ਵੱਧ ਭਰੇ ਪਏ ਹਨ ਤੇ ਦੂਜੇ ਪਾਸੇ ਉਨ੍ਹਾਂ ਦੀਆਂ ਕੀਮਤਾਂ ਅਸਮਾਨ ਨੂੰ ਛੂਹ ਰਹੀਆਂ ਹਨ। ਕੀ ਇਹ ਸੱਚ ਨਹੀਂ ਕਿ ਸਰਕਾਰ ਦੁਆਰਾ ਨਿਯੁਕਤ ਸਕਸੈਨਾ ਸਮਿਤੀ ਨੇ ਕਿਹਾ ਹੈ ਕਿ 51% ਗ਼ਰੀਬਾਂ ਨੂੰ ਬੀ ਪੀ ਐਲ ਰਾਸ਼ਨ ਕਾਰਡ ਨਹੀਂ ਦਿੱਤੇ ਗਏ। ਸ੍ਰੀ ਗਡਕਰੀ ਨੇ ਇਹ ਵੀ ਪੁੱਛਿਆ ਕਿ ਕਿਸਾਨਾਂ ਨੂੰ ਪੂਰਾ ਮੁੱਲ ਨਹੀਂ ਮਿਲਦਾ, ਜਦਕਿ ਆਮ ਆਦਮੀ ਨੂੰ ਵੱਧ ਭੁਗਤਾਨ ਕਿਉਂ ਕਰਨਾ ਪੈਂਦਾ ਹੈ?

## ਆਇਸ਼ਾ ਦੇ ਸਰਟੀਫਿਕੇਟ ਨੇ ਸ਼ੋਇਬ ਨੂੰ ਵਖ਼ਤ ਪਾਇਆ

**ਹੈਦਰਾਬਾਦ:** ਪਾਕਿ ਕ੍ਰਿਕਟ ਖਿਡਾਰੀ ਸ਼ੋਇਬ ਮਲਿਕ ਤੇ ਭਾਰਤੀ ਟੈਨਿਸ ਖਿਡਾਰਨ ਸਾਨੀਆ ਮਿਰਜ਼ਾ ਦੇ ਵਿਆਹ ਨੂੰ ਲੈ ਕੇ ਸ਼ੁਰੂ ਹੋਏ



ਡਰਾਮੇ ਨੇ ਬੀਤੀ 5 ਅਪ੍ਰੈਲ ਨੂੰ ਉਸ ਸਮੇਂ ਨਵਾਂ ਮੋੜ ਲੈ ਲਿਆ ਜਦੋਂ ਭਾਰਤੀ ਪੁਲਿਸ ਨੇ ਪਾਕਿ ਖਿਡਾਰੀ ਦਾ ਪਾਸਪੋਰਟ ਜ਼ਬਤ ਕਰਕੇ ਲੰਮੀ ਪੁੱਛਗਿੱਛ ਕੀਤੀ। ਦੂਜੇ ਪਾਸੇ ਪਹਿਲੀ ਵਾਰ ਮੀਡੀਆ ਦੇ ਰੂਬਰੂ ਹੁੰਦਿਆਂ ਇਸ ਪੁੱਛਗਿੱਛ ਬਾਰੇ ਸ਼ੋਇਬ ਨੇ ਕਿਹਾ ਕਿ ਉਹ ਬਿਲਕੁੱਲ ਨਿਰਦੋਸ਼ ਹੈ ਅਤੇ ਜਦੋਂ ਤੱਕ ਸੱਚ ਸਾਹਮਣੇ ਨਹੀਂ ਆ ਜਾਂਦਾ, ਉਹ ਭਾਰਤ ਨਹੀਂ ਛੱਡੇਗਾ।

ਦੱਸਣਾ ਬਣਦਾ ਹੈ ਕਿ ਸ਼ੋਇਬ ਦੀ ਸਾਬਕਾ ਕਥਿਤ ਪਤਨੀ ਆਇਸ਼ਾ ਸਿੱਦੀਕੀ ਦੇ ਪਿਤਾ ਵਲੋਂ ਦਿੱਤੀ ਸ਼ਿਕਾਇਤ 'ਤੇ ਬੀਤੀ 5 ਅਪ੍ਰੈਲ ਨੂੰ ਹੈਦਰਾਬਾਦ ਪੁਲਿਸ ਨੇ ਸ਼ੋਇਬ ਤੋਂ ਕਰੀਬ ਡੇਢ ਘੰਟਾ ਪੁੱਛਗਿੱਛ ਕੀਤੀ ਅਤੇ ਉਸ ਦਾ ਪਾਸਪੋਰਟ ਜ਼ਬਤ ਕਰ ਲਿਆ। ਸੂਤਰਾਂ ਮੁਤਾਬਕ ਪੁੱਛਗਿੱਛ ਦੌਰਾਨ ਸ਼ੋਇਬ ਨੇ ਮੰਨਿਆ ਕਿ ਆਇਸ਼ਾ ਨਾਲ ਉਸ ਦਾ ਵਿਆਹ ਅਣਜਾਣਪੁਣੇ 'ਚ ਹੋਇਆ ਸੀ, ਕਿਉਂਕਿ ਆਇਸ਼ਾ ਨੇ ਉਸ ਨੂੰ ਆਪਣੀ ਬਜਾਏ ਕਿਸੇ ਹੋਰ ਦੀ ਤਸਵੀਰ ਭੇਜ ਦਿੱਤੀ ਸੀ। ਪੁੱਛਗਿੱਛ ਦੌਰਾਨ ਸ਼ੋਇਬ ਨੇ ਇਹ ਵੀ ਕਿਹਾ ਕਿ ਆਇਸ਼ਾ ਦੇ ਪਰਿਵਾਰ ਵਲੋਂ ਉਨ੍ਹਾਂ ਨਾਲ ਧੋਖਾ ਕੀਤਾ ਗਿਆ ਹੈ ਅਤੇ ਇਹ ਵਿਆਹ ਗ਼ੈਰ ਕਾਨੂੰਨੀ ਸੀ।

ਸ਼ੋਇਬ ਨੇ ਕਿਹਾ ਕਿ ਉਹ ਅਜੇ ਤੱਕ ਉਸ ਲੜਕੀ ਨੂੰ ਨਹੀਂ ਮਿਲਿਆ, ਜਿਸ ਦੀਆਂ ਤਸਵੀਰਾਂ ਉਸ ਨੂੰ ਭੇਜੀਆਂ ਗਈਆਂ। ਸ਼ੋਇਬ ਤੋਂ ਪੁੱਛਗਿੱਛ ਕਰਨ ਵਾਲੇ ਹੈਦਰਾਬਾਦ ਪੁਲਿਸ ਦੇ ਕਮਿਸ਼ਨਰ ਏ ਕੇ ਖਾਨ ਨੇ ਦੱਸਿਆ ਕਿ ਇਸ ਸਬੰਧ 'ਚ ਸ਼ੋਇਬ ਖ਼ਿਲਾਫ਼ ਰਿਪੋਰਟ ਦਰਜ ਕਰ ਲਈ ਗਈ ਹੈ ਅਤੇ ਸਬੂਤ ਇਕੱਠੇ ਕਰਨ ਤੋਂ ਬਾਅਦ ਉਸ ਵਿਰੁਧ ਹਰ ਸੰਭਵ ਕਾਰਵਾਈ ਕੀਤੀ ਜਾਵੇਗੀ। ਦੂਜੇ ਪਾਸੇ ਆਇਸ਼ਾ ਦੇ ਪਾਕਿਸਤਾਨੀ ਵਕੀਲ ਨੇ ਕਿਹਾ ਕਿ ਉਨ੍ਹਾਂ ਕੋਲ ਸ਼ੋਇਬ ਤੇ ਆਇਸ਼ਾ ਦਾ ਵਿਆਹ ਸਿੱਧ ਕਰਨ ਲਈ ਕਈ ਪੁਖ਼ਤਾ ਸਬੂਤ ਉਪਲਬਧ ਹਨ। ਇਸ ਪ੍ਰੈਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਐਡਵੋਕੇਟ ਫਾਰੂਕ ਹਸਨ ਨੇ ਕਿਹਾ ਕਿ ਅਸੀਂ 15 ਤਰੀਕ ਨੂੰ ਹੋਣ ਵਾਲੇ ਵਿਆਹ ਖਿਲਾਫ ਹਰ ਸੰਭਵ ਕਾਰਵਾਈ ਕਰਾਂਗੇ। ਜਦਕਿ ਪਾਕਿਸਤਾਨ ਸਰਕਾਰ ਨੇ ਸ਼ੋਇਬ ਦਾ ਪੱਖ ਲੈਂਦਿਆਂ ਕਿਹਾ ਕਿ ਉਹ ਸ਼ੋਇਬ ਦੀ ਹਰ ਸੰਭਵ ਮਦਦ ਕਰਨਗੇ। ਪਾਕਿ ਵਿਦੇਸ਼ ਮੰਤਰਾਲੇ ਦੇ ਬੁਲਾਰੇ ਅਬਦੁਲ ਬਾਸਿਤ ਨੇ ਕਿਹਾ ਕਿ ਇਸ ਮਾਮਲੇ 'ਚ ਨਵੀਂ ਦਿੱਲੀ ਸਥਿਤ ਪਾਕਿਸਤਾਨੀ ਹਾਈ ਕਮਿਸ਼ਨ ਦੇ ਅਧਿਕਾਰੀ ਭਾਰਤੀ ਅਧਿਕਾਰੀਆਂ ਨਾਲ ਸੰਪਰਕ 'ਚ ਹਨ। ਉਨ੍ਹਾਂ ਕਿਹਾ ਕਿ ਸ਼ੋਇਬ ਨੂੰ ਕਿਸੇ ਵੀ ਮਦਦ ਦੀ ਲੋੜ ਹੋਵੇਗੀ ਤਾਂ ਅਸੀਂ ਜ਼ਰੂਰ ਉਪਲਬਧ ਕਰਾਵਾਂਗੇ।


ਯਾਦ ਰਹੇ ਪਾਕਿਸਤਾਨੀ ਕ੍ਰਿਕਟਰ ਸ਼ੋਇਬ ਮਲਿਕ ਦੋ ਦਿਨ ਪਹਿਲਾਂ ਚੁੱਪ-ਚੁਪੀਤੇ ਹੈਦਰਾਬਾਦ ਆਉਣ ਤੋਂ ਬਾਅਦ 4 ਅਪ੍ਰੈਲ ਨੂੰ ਪਹਿਲੀ ਵਾਰ ਮੀਡੀਆ ਦੇ ਰੂ-ਬ-ਰੂ ਹੋਏ ਸਨ।

# ਸਾਨੀਆ-ਸ਼ੋਇਬ ਰਿਸ਼ਤਾ ਬਣਿਆ ਭਾਰਤ/ਪਾਕਿ ਮਸਲਾ

**-ਪੰਜਾਬ ਟਾਈਮਜ਼ ਬਿਊਰੋ**

**ਹੈਦਰਾਬਾਦ:** ਉਨ੍ਹਾਂ ਕਿਹਾ ਕਿ ਨਿਕਾਹ ਦੀਆਂ ਤਿਆਰੀਆਂ ਮੁਕੰਮਲ ਹੋ ਚੁੱਕੀਆਂ ਹਨ। ਇਸ ਦੇ ਨਾਲ ਹੀ ਆਇਸ਼ਾ ਸਿਦੀਕੀ ਨਾਲ ਜੁੜੇ ਵਿਵਾਦ 'ਤੇ ਉਨ੍ਹਾਂ ਮੀਡੀਆ ਨੂੰ ਇਕ ਲਿਖਤੀ ਬਿਆਨ ਦਿੱਤਾ ਸੀ ਅਤੇ ਇਸ ਨਾਲ ਸਬੰਧਤ ਕਿਸੇ ਸਵਾਲ ਦਾ ਜਵਾਬ ਦੇਣ ਤੋਂ ਇਨਕਾਰ ਕਰ ਦਿੱਤਾ ਸੀ। ਉਨ੍ਹਾਂ ਕਿਹਾ ਸੀ ਕਿ ਇਹ ਕਾਨੂੰਨੀ ਮਾਮਲਾ ਹੈ ਅਤੇ ਇਸ ਬਾਰੇ ਕੋਈ ਵੀ ਜਵਾਬ ਉਨ੍ਹਾਂ ਦਾ ਵਕੀਲ ਦੇਵੇਗਾ। ਇਸ ਤੋਂ ਪਹਿਲਾਂ ਖ਼ਬਰ ਆਈ ਸੀ ਕਿ ਜਾਰੀ ਵਿਵਾਦ ਦੇ ਮੱਦੇਨਜ਼ਰ ਉਨ੍ਹਾਂ ਦਾ ਨਿਕਾਹ ਤੈਅ ਮਿਤੀ ਤੋਂ ਪਹਿਲਾਂ ਹੋ ਸਕਦਾ ਹੈ। ਸਾਨੀਆ ਦੇ ਰਿਸ਼ਤੇਦਾਰਾਂ ਅਤੇ ਉਨ੍ਹਾਂ ਦੇ ਨਜ਼ਦੀਕੀਆਂ ਦਾ ਹਾਲਾਂਕਿ ਦੇਰ ਤੱਕ ਆਉਣਾ-ਜਾਣਾ ਲੱਗਿਆ ਰਿਹਾ। ਕੁਝ ਚੈਨਲਾਂ ਨੇ ਤਾਂ ਸਾਨੀਆ ਅਤੇ ਸ਼ੋਇਬ ਨੂੰ ਡਾਂਸ ਕਰਦਿਆਂ ਵੀ ਵਿਖਾਇਆ ਸੀ। ਜ਼ਿਕਰਯੋਗ ਹੈ ਕਿ ਆਇਸ਼ਾ ਸਿਦੀਕੀ ਦੇ ਪਰਿਵਾਰ ਦੀ ਕਾਨੂੰਨੀ ਨੋਟਿਸ ਭੇਜਣ ਸਬੰਧੀ ਧਮਕੀਆਂ ਦੌਰਾਨ ਹੀ ਸ਼ੁੱਕਰਵਾਰ ਰਾਤ ਸ਼ੋਇਬ ਹੈਦਰਾਬਾਦ ਪਹੁੰਚੇ ਸਨ।





ਇਸੇ ਦੌਰਾਨ ਆਇਸ਼ਾ ਦੇ ਪਰਿਵਾਰ ਨੇ ਤਲਾਕ ਲਈ ਕਾਨੂੰਨੀ ਕਾਰਵਾਈ ਆਰੰਭ ਕਰ ਦਿੱਤੀ ਹੈ। ਦੂਜੇ ਪਾਸੇ ਸਾਨੀਆ ਅਤੇ ਸ਼ੋਇਬ ਦੇ ਨਿਕਾਹ ਨੂੰ ਲੈ ਕੇ ਖ਼ਬਰਾਂ ਦਾ ਬਾਜ਼ਾਰ ਗਰਮ ਹੈ। ਮੀਡੀਆ ਵਿਚ ਆਈਆਂ ਖ਼ਬਰਾਂ ਦੌਰਾਨ ਸ਼ੋਇਬ ਦੇ ਜੀਜੇ ਇਮਰਾਨ ਦਾ ਬਿਆਨ ਆਇਆ ਹੈ ਕਿ ਦੋਵਾਂ ਦਾ ਨਿਕਾਹ 15 ਅਪ੍ਰੈਲ ਨੂੰ ਹੈਦਰਾਬਾਦ ਵਿਚ ਹੋਵੇਗਾ ਅਤੇ ਲਾਹੌਰ ਵਿਚ ਰਿਸੈਪਸ਼ਨ ਹੋਵੇਗੀ। ਇਸੇ ਦੌਰਾਨ ਸਾਨੀਆ ਦੇ ਪਰਿਵਾਰ ਨੇ ਪੁਲਿਸ ਸੁਰੱਖਿਆ ਵਧਾਏ ਜਾਣ ਦੀ ਵੀ ਮੰਗ ਕੀਤੀ ਹੈ। ਆਇਸ਼ਾ ਸਿਦੀਕੀ ਦੇ ਪਿਤਾ ਮੁਹੰਮਦ ਸਿਦੀਕੀ ਦੀ ਸ਼ਿਕਾਇਤ 'ਤੇ ਸ਼ੋਇਬ ਮਲਿਕ ਖਿਲਾਫ਼ ਧੋਖਾਧੜੀ ਦਾ ਮਾਮਲਾ ਦਰਜ ਕਰ ਲਿਆ ਹੈ। ਯਾਦ ਰਹੇ ਪਾਕਿ ਕ੍ਰਿਕਟ ਖਿਡਾਰੀ ਸ਼ੋਇਬ ਮਲਿਕ ਤੇ ਭਾਰਤੀ ਟੈਨਿਸ ਖਿਡਾਰਨ ਸਾਨੀਆ ਮਿਰਜ਼ਾ ਦੇ ਵਿਆਹ ਸਬੰਧੀ ਮਾਮਲੇ ਵਿਚ ਉਸ ਵੇਲੇ ਨਵਾਂ ਮੋੜ ਆ ਗਿਆ ਸੀ , ਜਦੋਂ ਸ਼ੋਇਬ ਦੀ ਕਥਿਤ ਸਾਬਕਾ ਪਤਨੀ ਆਇਸ਼ਾ ਸਿਦੀਕੀ ਨੇ ਦਾਅਵਾ ਕੀਤਾ ਕਿ ਕਈ ਸਾਲ ਪਹਿਲਾਂ ਉਸਦਾ ਵਿਆਹ ਉਨ੍ਹਾਂ ਨਾਲ ਹੋਇਆ ਸੀ। ਇਸ ਸਬੰਧੀ ਆਇਸ਼ਾ ਨੇ ਕਈ ਪਾਕਿ ਟੀਵੀ ਚੈਨਲਾਂ ਨੂੰ ਸਰਟੀਫਿਕੇਟ ਵੀ ਭੇਜਿਆ, ਜਿਸ ਵਿਚ ਸ਼ੋਇਬ ਮਲਿਕ ਤੇ ਉਨ੍ਹਾਂ ਦੇ ਖ਼ੁਦ ਦੇ ਹਸਤਾਖ਼ਰ ਹਨ। ਇਸ ਸਰਟੀਫਿਕੇਟ ਵਿਚ ਆਇਸ਼ਾ ਦਾ ਨਾਂ ਮਹਾਂ ਸਿਦੀਕੀ ਲਿਖਿਆ ਗਿਆ ਹੈ। ਆਇਸ਼ਾ ਨੇ ਹੈਦਰਾਬਾਦ 'ਚ ਦੁਨੀਆ ਚੈਨਲ ਨਾਲ ਗੱਲਬਾਤ ਕਰਦਿਆਂ ਕਿਹਾ ਕਿ ਸ਼ੋਇਬ ਨੂੰ ਉਸ ਦੇ ਵਜ਼ਨ 'ਤੇ ਇਤਰਾਜ਼ ਸੀ ਤੇ ਇਸ ਸ਼ਿਕਾਇਤ ਨੂੰ ਦੂਰ ਕਰਨ ਲਈ ਉਸ ਨੇ ਵਜ਼ਨ ਘਟਾਉਣ ਲਈ ਅਪਰੇਸ਼ਨ ਵੀ ਕਰਵਾਇਆ ਸੀ। ਜਦੋਂ ਕਿ ਦੂਜੇ ਪਾਸੇ ਸ਼ੋਇਬ ਦੇ ਪਰਿਵਾਰ ਵਾਲਿਆਂ ਨੇ ਇਸ ਸਰਟੀਫਿਕੇਟ ਨੂੰ ਝੂਠ ਦਾ ਪੁਲੰਦਾ ਦੱਸਦਿਆਂ ਕਿਹਾ ਕਿ ਇਹ ਸ਼ੋਇਬ ਨੂੰ ਬਦਨਾਮ ਕਰਨ ਦੀ ਸਾਜ਼ਿਸ਼ ਹੈ। ਨਿੱਜੀ ਟੀਵੀ ਚੈਨਲ ਨਾਲ ਗੱਲਬਾਤ ਕਰਦਿਆਂ ਆਇਸ਼ਾ ਨੇ ਕਿਹਾ ਕਿ ਇਹ ਸਰਟੀਫਿਕੇਟ ਖ਼ੁਦ ਸ਼ੋਇਬ ਵਲੋਂ ਉਸ ਨੂੰ ਭੇਜਿਆ ਗਿਆ ਸੀ, ਜਿਸ ਵਿਚ ਕਈ ਗਵਾਹਾਂ ਦੇ ਦਸਤਖ਼ਤ ਵੀ ਹਨ। ਇਸ ਸਰਟੀਫਿਕੇਟ ਵਿਚ ਮੇਹਰ ਦੀ ਰਾਸ਼ੀ 500 ਪਾਕਿਸਤਾਨੀ ਰੁਪਏ ਰੱਖੀ ਗਈ ਸੀ। ਆਇਸ਼ਾ ਨੇ ਕਿਹਾ ਕਿ ਉਹ ਸ਼ੋਇਬ ਤੇ ਸੋਨੀਆ ਦੇ ਵਿਆਹ ਤੋਂ ਬਿਲਕੁਲ ਨਰਾਜ਼ ਨਹੀਂ ਹੈ, ਪਰ ਫ਼ਿਰ ਵੀ ਸੱਚਾਈ ਸਭ ਦੇ ਸਾਹਮਣੇ ਆਉਣੀ ਚਾਹੀਦੀ ਹੈ।

**ਸਾਨੀਆ ਕਹੇ ਮੈਂ ਭਾਰਤ ਲਈ ਖੇਡਾਂਗੀ, ਪਾਕਿ ਕਹੇ ਹੁਣ ਸਾਨੀਆ ਸਾਡੀ :** ਭਾਰਤੀ ਟੈਨਿਸ ਖਿਡਾਰਨ ਸਾਨੀਆ ਮਿਰਜ਼ਾ ਤੇ ਪਾਕਿਸਤਾਨੀ ਕ੍ਰਿਕਟਰ ਸ਼ੋਇਬ ਮਲਿਕ ਦੇ ਨਿਕਾਹ ਤੋਂ ਮਗਰੋਂ ਸਾਨੀਆ ਦੇ ਪਾਕਿਸਤਾਨ ਵਲੋਂ ਖੇਡਣ ਨੂੰ ਆਲ ਇੰਡੀਆ ਟੈਨਿਸ ਐਸੋਸੀਏਸ਼ਨ ਨੇ ਅਫਵਾਹ ਦਸਦਿਆਂ ਹੋਇਆਂ ਇਸ ਦਾ ਖੰਡਨ ਕੀਤਾ ਹੈ।


ਐਸੋਸੀਏਸ਼ਨ ਦੇ ਸਕੱਤਰ ਜਨਰਲ ਅਨਿਲ ਖੰਨਾ ਨੇ ਜਾਰੀ ਇਕ ਬਿਆਨ ਵਿਚ ਕਿਹਾ ਕਿ ਸਾਨੀਆ ਮਿਰਜ਼ਾ ਨੇ ਮੌਜੂਦ ਵਰ੍ਹੇ ਨਵੀਂ ਦਿੱਲੀ ਵਿਖੇ ਹੋਣ ਵਾਲੀਆਂ ਰਾਸ਼ਟਰਮੰਡਲ ਖੇਡਾਂ, ਚੀਨ ਦੇ ਗੁਆਂਗਜ਼ੋਊ ਵਿਖੇ ਹੋਣ ਵਾਲੀਆਂ ਏਸ਼ੀਆਈ ਖੇਡਾਂ, ਅਗਲੇ ਵਰ੍ਹੇ ਖੇਡੇ ਜਾਣ ਵਾਲੇ ਫੈਡਰੇਸ਼ਨ ਕੱਪ ਅਤੇ 2012 ਦੀਆਂ ਲੰਡਨ ਓਲੰਪਿਕ ਖੇਡਾਂ ਵਿਚ ਭਾਰਤ ਵਲੋਂ ਹਿੱਸਾ ਲੈਣ ਦੀ ਪੁਸ਼ਟੀ ਕੀਤੀ ਹੈ। ਉੱਧਰ ਸਾਨੀਆ ਨੇ ਵੀ ਇਹ ਕਿਹਾ ਹੈ ਕਿ ਉਹ ਮਲਿਕ ਨਾਲ ਨਿਕਾਹ ਪਿਛੋਂ ਵੀ ਕੌਮਾਂਤਰੀ ਪੱਧਰ 'ਤੇ ਭਾਰਤ ਲਈ ਖੇਡਦੀ ਰਹੇਗੀ। ਦੂਜੇ ਪਾਸੇ ਪਾਕਿਸਤਾਨ ਟੈਨਿਸ ਫੈਡਰੇਸ਼ਨ ਦੇ ਮੁਖੀ ਦਿਲਾਵਰ ਅੱਬਾਸ ਨੇ ਇਹ ਕਿਹਾ ਹੈ ਕਿ ਉਹ ਚਾਹੁੰਦੇ ਹਨ ਕਿ ਸਾਨੀਆ, ਸ਼ੋਇਬ ਮਲਿਕ ਨਾਲ ਨਿਕਾਹ ਪਿੱਛੋਂ ਪਾਕਿਸਤਾਨ ਲਈ ਖੇਡੇ। ਅੱਬਾਸ ਨੇ ਇਕ ਇੰਟਰਵਿਊ ਦੌਰਾਨ ਇਹ ਵੀ ਕਿਹਾ ਕਿ ਏਸ਼ੀਆਈ ਔਰਤਾਂ ਆਮ ਤੌਰ 'ਤੇ ਆਪਣੇ ਪਤੀਆਂ ਦੇ ਹੀ ਨਕਸ਼ੇ ਕਦਮਾਂ 'ਤੇ ਚਲਦੀਆਂ ਹਨ, ਇਸ ਲਈ ਉਨ੍ਹਾਂ ਨੂੰ ਉਮੀਦ ਹੈ ਕਿ ਸ਼ੋਇਬ ਤੋਂ ਪ੍ਰੇਰਨਾ ਲੈ ਕੇ ਸਾਨੀਆ ਵੀ ਪਾਕਿਸਤਾਨ ਲਈ ਖੇਡੇਗੀ।



ਉਨ੍ਹਾਂ ਇਹ ਸੁਝਾਅ ਵੀ ਦਿੱਤਾ ਕਿ ਸਾਨੀਆ ਅਤੇ ਪਾਕਿ ਟੈਨਿਸ ਖਿਡਾਰੀ ਐਸਾਮ-ਉੱਲ-ਹੱਕ ਕੁਰੈਸ਼ੀ ਦੀ ਜੋੜੀ ਮਿਕਸਡ ਡਬਲਜ਼ ਵਰਗ ਵਿਚ ਪਾਕਿਸਤਾਨ ਦੀ ਪ੍ਰਤੀਨਿਧਤਾ ਕਰੇ। ਸ੍ਰੀ ਅੱਬਾਸ ਮੁਤਾਬਿਕ ਜੇਕਰ ਨਿਕਾਹ ਮਗਰੋਂ ਵੀ ਸਾਨੀਆ ਭਾਰਤ ਲਈ ਹੀ ਖੇਡਣ ਦਾ ਫ਼ੈਸਲਾ ਕਰਦੀ ਹੈ, ਤਾਂ ਵੀ ਉਹ ਆਪਣੇ ਪਤੀ ਦੇ ਮੁਲਕ 'ਚ ਟੈਨਿਸ ਦੀ ਖੇਡ ਨੂੰ ਔਰਤਾਂ 'ਚ ਹਰਮਨ ਪਿਆਰੀ ਬਣਾਉਣ ਲਈ ਕੋਸ਼ਿਸ਼ ਤਾਂ ਕਰ ਹੀ ਸਕਦੀ ਹੈ।

ਇਸ ਦਰਮਿਆਨ ਪਾਕਿਸਤਾਨ ਦੇ ਕਈ ਕ੍ਰਿਕਟਰਾਂ ਨੇ ਸਾਨੀਆ ਮਿਰਜ਼ਾ ਤੇ ਸ਼ੋਇਬ ਮਲਿਕ ਨੂੰ ਵਧਾਈ ਦਿੰਦਿਆਂ ਹੋਇਆਂ ਉਨ੍ਹਾਂ ਦੀ ਚੰਗੀ ਵਿਆਹੁਤਾ ਜ਼ਿੰਦਗੀ ਦੀ ਕਾਮਨਾ ਕੀਤੀ ਹੈ। ਸਾਬਕਾ ਕਪਤਾਨ ਇਮਰਾਨ ਖ਼ਾਨ, ਇੰਜ਼ਮਾਮ-ਉੱਲ-ਹੱਕ, ਸ਼ਾਹਿਦ ਅਫਰੀਦੀ, ਅਬਦੁਲ ਰੱਜ਼ਾਕ, ਮਿਸਬਾਹ -ਉੱਲ-ਹੱਕ ਤੇ ਕਾਮਰਾਨ ਅਕਮਲ ਨੇ ਵੀ ਦੋਵਾਂ ਨੂੰ ਵਧਾਈਆਂ ਦਿੱਤੀਆਂ ਹਨ।

**ਸਾਨੀਆ ਘੱਟ ਕੱਪੜੇ ਪਾਉਣ ਕਾਰਨ ਪ੍ਰਸਿੱਧ ਹੋਈ-ਠਾਕਰੇ :** ਸ਼ਿਵ ਸੈਨਾ ਦੇ ਮੁਖੀ ਬਾਲ ਠਾਕਰੇ ਨੇ ਟੈਨਿਸ ਖਿਡਾਰਨ ਸਾਨੀਆ ਮਿਰਜ਼ਾ ਦੇ ਪਾਕਿਸਤਾਨੀ ਕ੍ਰਿਕਟ ਖਿਡਾਰੀ ਸ਼ੋਏਬ ਮਲਿਕ ਨਾਲ ਵਿਆਹ ਕਰਵਾਉਣ ਦੇ ਫ਼ੈਸਲੇ ਦੀ ਨੁਕਤਾਚੀਨੀ ਕਰਦੇ ਹੋਏ ਕਿਹਾ ਕਿ ਜੇ ਸਾਨੀਆ ਦਾ ਦਿਲ ਭਾਰਤੀ ਹੁੰਦਾ ਤਾਂ ਇਹ ਕਿਸੇ ਪਾਕਿਸਤਾਨੀ ਲਈ ਨਾ ਧੜਕਦਾ। ਪਾਰਟੀ ਦੇ ਅਖਬਾਰ 'ਸਾਮਨਾ' ਵਿਚ ਛਪੇ ਸੰਪਾਦਕੀ ਵਿਚ ਠਾਕਰੇ ਨੇ ਕਿਹਾ ਕਿ ਹੁਣ ਸਾਨੀਆ ਭਾਰਤੀ ਨਹੀਂ



ਰਹੇਗੀ। ਜੇ ਉਸ ਦੀ ਭਾਰਤ ਲਈ ਖੇਡਣ ਦੀ ਇੱਛਾ ਸੀ ਤਾਂ ਉਸਨੂੰ ਭਾਰਤੀ ਜੀਵਨ ਸਾਥੀ ਚੁਣਨਾ ਚਾਹੀਦਾ ਸੀ। ਠਾਕਰੇ ਨੇ ਦੋਸ਼ ਲਾਇਆ ਕਿ ਸਾਨੀਆ ਟੈਨਿਸ ਦੀ ਖੇਡ ਵਿਚ ਹਾਸਲ ਕੀਤੀਆਂ ਜਿੱਤਾਂ ਦੇ ਮੁਕਾਬਲੇ ਆਪਣੇ ਸਰੀਰ ਉਪਰ ਘੱਟ ਕਪੜਿਆਂ ਅਤੇ ਪ੍ਰੇਮ ਦੇ ਕਿੱਸਿਆਂ ਕਾਰਨ ਜ਼ਿਆਦਾ ਪ੍ਰਸਿੱਧ ਹੋਈ। ਉਨ੍ਹਾਂ ਦਾਅਵਾ ਕੀਤਾ ਕਿ ਲੋਕਾਂ ਦਾ ਧਿਆਨ ਸਾਨੀਆ ਦੇ ਖੇਡਣ ਤੋਂ ਜ਼ਿਆਦਾ ਉਸ ਦੇ ਲੱਛਣਾਂ 'ਤੇ ਜ਼ਿਆਦਾ ਰਿਹਾ।

ਉਨ੍ਹਾਂ ਇਹ ਵੀ ਦੋਸ਼ ਲਾਇਆ ਕਿ ਸ਼ੋਏਬ ਲਈ ਭਾਰਤ ਖੇਡ ਦੇ ਖੇਤਰ ਵਿਚ ਹੀ ਨਹੀਂ ਸਗੋਂ ਜੰਗ ਦੇ ਖੇਤਰ ਵਿਚ ਵੀ ਦੁਸ਼ਮਣ ਹੈ। ਅਸੀਂ ਸੁਣਿਆ ਹੈ ਕਿ ਸ਼ੋਏਬ ਦੇ ਭਾਰਤ ਵਿਚ ਕਈ ਕੁੜੀਆਂ ਨਾਲ ਸੰਬੰਧ ਹਨ ਅਤੇ ਉਸ ਨੇ ਕਈਆਂ ਨਾਲ ਵਿਆਹ ਦਾ ਵਾਅਦਾ ਵੀ ਕੀਤਾ। ਠਾਕਰੇ ਨੇ ਸਾਨੀਆ ਦੇ ਪਰਵਾਰਕ ਮੈਂਬਰਾਂ ਨੂੰ ਤੁਰੰਤ ਪਾਕਿਸਤਾਨੀ ਵੀਜ਼ਾ ਮਿਲ ਜਾਣ 'ਤੇ ਵੀ ਹੈਰਾਨੀ ਪ੍ਰਗਟਾਈ। ਉਨ੍ਹਾਂ ਕਿਹਾ ਕਿ ਪਾਕਿਸਤਾਨੀ ਵੀਜ਼ਾ ਮਿਲਣਾ ਬਹੁਤ ਔਖਾ ਹੈ। ਇੱਥੋਂ ਤਕ ਕਿ ਪ੍ਰਸਿੱਧ ਗਾਇਕਾ ਲਤਾ ਮੰਗੇਸ਼ਕਰ ਲਈ ਵੀ ਇਹ ਵੀਜ਼ਾ ਲੈਣਾ ਕਾਫੀ ਮੁਸ਼ਕਲ ਹੈ।

ਯਾਦ ਰਹੇ ਫ਼ਿਲਮ ਸਟਾਰ ਸਿਆਲੀ ਭਗਤ ਨੇ ਕੁਝ ਦਿਨ ਪਹਿਲਾਂ ਬਿਆਨ ਦਿੱਤਾ ਸੀ ਕਿ ਸ਼ੋਇਬ ਨਾਲ ਵਿਆਹ ਕਰਵਾਉਣ ਲਈ ਉਹ ਆਪਣਾ ਧਰਮ ਬਦਲਣ ਲਈ ਤਿਆਰ ਹੈ। ਹੁਣ ਉਸ ਨੇ ਕਿਹਾ ਹੈ ਕਿ ਸ਼ੋਇਬ ਨਾਲ ਮੇਰੇ ਕਦੇ ਵੀ ਕੋਈ ਸੰਬੰਧ ਨਹੀਂ ਰਹੇ। ਉਹ ਦੋਵੇਂ ਕਦੇ ਵੀ ਇਕੱਲੇ ਨਹੀਂ ਮਿਲੇ।

## ਸਾਨੀਆ ਦੀ ਭੂਮਿਕਾ ਨਿਭਾਵੇਗੀ ਸੋਨਮ ਕਪੂਰ

**ਮੁੰਬਈ :** ਟੈਨਿਸ ਦੀ ਸਨਸਨੀ ਮੰਨੀ ਜਾਣ ਵਾਲੀ ਸਾਨੀਆ ਮਿਰਜ਼ਾ ਅਤੇ ਪਾਕਿਸਤਾਨੀ ਕ੍ਰਿਕੇਟਰ ਸ਼ੋਇਬ ਮਲਿਕ ਦੇ ਰਿਸ਼ਤੇ ਨੂੰ ਲੈ ਕੇ ਮੀਡੀਆ 'ਚ ਖ਼ਬਰਾਂ ਦਾ ਬਜ਼ਾਰ ਗਰਮ ਹੈ। ਇਸੇ



ਤਹਿਤ ਫ਼ਿਲਮ ਇੰਡਸਟਰੀ ਵੀ ਇਸ ਨੂੰ ਕੈਸ਼ ਕਰਨ ਦਾ ਮੌਕਾ ਨਹੀਂ ਛਡਣਾ ਚਾਹੁੰਦਾ। ਖ਼ਬਰ ਹੈ ਕਿ ਸਾਨੀਆ ਮਿਰਜ਼ਾ 'ਤੇ ਫ਼ਿਲਮ ਸ਼ੁਰੂ ਹੋਣ ਵਾਲੀ ਹੈ ਜਿਸ 'ਚ ਸਾਨੀਆ ਦਾ ਕਿਰਦਾਰ ਸੋਨਮ ਕਪੂਰ ਨਿਭਾਵੇਗੀ। ਇਹ ਫ਼ਿਲਮ ਮਸ਼ਹੂਰ ਨਿਰਮਾਤਾ ਅਨੀਸ ਬਜ਼ਮੀ ਬਣਾ ਰਹੇ ਹਨ। ਸੂਤਰਾਂ ਮੁਤਾਬਕ ਇਸ ਫ਼ਿਲਮ 'ਚ ਟੈਨਿਸ ਸਨਸਨੀ ਦੇ ਉਤਾਰ ਚੜਾਅ ਭਰੇ ਜੀਵਨ ਨੂੰ ਹਾਸੇ ਮਜ਼ਾਕ ਦੇ ਤਰੀਕੇ ਨਾਲ ਵਿਖਾਇਆ ਜਾਵੇਗਾ। 'ਥੈਂਕ ਯੂ' ਨਾਂ ਦੀ ਇਸ ਫ਼ਿਲਮ ਦੀ ਸ਼ੂਟਿੰਗ ਕੈਨੇਡਾ ਵਿਚ ਕੀਤੀ ਜਾਵੇਗੀ। ਇਸ ਫ਼ਿਲਮ 'ਚ ਹੀਰੋਇਨ ਨੂੰ ਇਕ ਮੁੰਡੇ ਨਾਲ ਪਿਆਰ ਹੋ ਜਾਂਦਾ ਹੈ ਜਿਸ 'ਚ ਉਸ ਨੂੰ ਧੋਖਾ ਮਿਲਦਾ ਹੈ। ਇਸ ਤੋਂ ਬਾਅਦ ਉਹ ਅਪਣੀ ਗਲਤੀ ਤੋਂ ਸਿਖਦੀ ਹੋਈ ਕਿਸੇ ਹੋਰ ਨਾਲ ਵਿਆਹ ਕਰਵਾ ਲੈਂਦੀ ਹੈ। ਜ਼ਿਕਰਯੋਗ ਹੈ ਕਿ ਸਾਨੀਆ ਮਿਰਜ਼ਾ ਦੀ ਕਹਾਣੀ ਵੀ ਕੁਝ ਅਜਿਹੀ ਹੀ ਹੈ। ਨਿਰਮਾਤਾ ਇਸ ਗਲ ਤੋਂ ਇਨਕਾਰ ਕਰਦੇ ਹਨ ਕਿ ਇਹ ਫ਼ਿਲਮ ਸਾਨੀਆ ਮਿਰਜ਼ਾ ਦੇ ਜੀਵਨ ਤੋਂ ਪ੍ਰੇਰਤ ਹੋ ਕੇ ਬਣੀ ਹੈ।

# ਇਰਾਨ ਨਾਲ ਵਪਾਰਕ ਸਮਝੌਤਿਆਂ ਵਿਰੁਧ ਭਾਰਤ ਨੂੰ ਅਮਰੀਕੀ ਧਮਕੀ

**ਵਾਸ਼ਿੰਗਟਨ:** ਈਰਾਨ ਨਾਲ ਵਪਾਰਕ ਸਮਝੌਤਿਆਂ 'ਚ ਸ਼ਾਮਲ ਦੇਸ਼ਾਂ ਨੂੰ ਸਖ਼ਤ ਸੰਕੇਤ ਅਤੇ ਸਿੱਟੇ ਭੁਗਤਣ ਦੀ ਧਮਕੀ ਦਿੰਦਿਆਂ ਅਮਰੀਕਾ ਨੇ ਭਾਰਤ ਅਤੇ ਦੂਜੀਆਂ ਉੱਭਰਦੀਆਂ ਤਾਕਤਾਂ ਨੂੰ ਪ੍ਰਮਾਣੂ ਮੁੱਦੇ 'ਤੇ ਤਹਿਰਾਨ ਵਿਰੁਧ ਪਾਬੰਦੀਆਂ ਲਾਉਣ ਵਾਸਤੇ ਸਮੁੱਚੇ ਕੌਮਾਂਤਰੀ ਭਾਈਚਾਰੇ ਨੂੰ ਮਨਾਉਣ ਲਈ ਅਹਿਮ ਭੂਮਿਕਾ ਨਿਭਾਉਣ ਲਈ ਕਿਹਾ ਹੈ।

ਪੱਤਰਕਾਰਾਂ ਵਲੋਂ ਕਰੋੜਾਂ ਡਾਲਰ ਦੇ ਗੈਸ ਪਾਈਪਲਾਈਨ ਪ੍ਰਾਜੈਕਟ 'ਚ ਭਾਰਤ ਵਲੋਂ ਈਰਾਨ ਨਾਲ ਗੱਲਬਾਤ ਸ਼ੁਰੂ ਕਰਨ ਬਾਰੇ ਪੁੱਛੇ ਜਾਣ 'ਤੇ ਜਨਤਕ ਮਾਮਲਿਆਂ ਬਾਰੇ ਸਹਾਇਕ ਬਦੇਸ਼ ਮੰਤਰੀ ਪੀ ਜੇ ਕਰਾਊਲੇ ਨੇ ਕਿਹਾ ਕਿ ਸਾਨੂੰ ਆਸ ਹੈ ਕਿ ਸਾਰੇ ਦੇਸ਼ ਅਤੇ ਖ਼ਾਸ ਤੌਰ 'ਤੇ ਉੱਭਰਦੀਆਂ ਤਾਕਤਾਂ ਇਸ ਮਾਮਲੇ 'ਚ ਬੇਹੱਦ ਅਹਿਮ ਭੂਮਿਕਾ ਨਿਭਾਉਣਗੀਆਂ।

ਜ਼ਿਕਰਯੋਗ ਹੈ ਕਿ ਕੱਲ੍ਹ ਦੱਖਣੀ ਅਤੇ ਕੇਂਦਰੀ ਏਸ਼ੀਆ ਬਾਰੇ ਸਹਾਇਕ ਬਦੇਸ਼ ਮੰਤਰੀ ਰਾਬਰਟ ਬਲੈਕ ਨੇ ਵੀ ਈਰਾਨ ਨਾਲ ਲੈਣ-ਦੇਣ ਕਰਨ ਵਾਲੇ ਸਾਰੇ ਦੇਸ਼ਾਂ ਨੂੰ ਧਮਕੀ ਦਿੱਤੀ ਸੀ। ਇਥੇ ਇਹ ਵੀ ਵਰਨਣਯੋਗ ਹੈ ਕਿ ਪਾਕਿਸਤਾਨ ਅਤੇ ਈਰਾਨ ਵਲੋਂ ਦੋ ਹਫ਼ਤੇ ਪਹਿਲਾਂ ਗੈਸ ਪਾਈਪਲਾਈਨ ਪ੍ਰਾਜੈਕਟ ਬਾਰੇ ਸਮਝੌਤੇ 'ਤੇ ਦਸਤਖਤ ਕੀਤੇ ਗਏ ਸਨ। ਅੱਜ ਕਰਾਊਲੇ ਨੇ ਕਿਹਾ ਕਿ ਅਮਰੀਕਾ ਨੇ ਇਸ ਸੰਬੰਧ 'ਚ ਭਾਰਤ ਅਤੇ ਪਾਕਿਸਤਾਨ ਨਾਲ ਵਿਆਪਕ ਗੱਲਬਾਤ ਕੀਤੀ ਹੈ ਅਤੇ ਆਪਸੀ ਗੱਲਬਾਤ ਦਾ ਮਕਸਦ ਖੇਤਰ ਦੇ ਹਰ ਦੇਸ਼ ਦੀਆਂ ਊਰਜੀ ਲੋੜਾਂ ਨੂੰ ਸਮਝਣਾ ਅਤੇ ਉਨ੍ਹਾਂ ਨੂੰ ਪੂਰਾ ਕਰਨ 'ਚ ਸਹਾਇਤਾ ਕਰਨਾ ਸ਼ਾਮਲ ਹੈ।

ਉਨ੍ਹਾਂ ਕਿਹਾ ਕਿ ਅਸੀਂ ਨਾ ਸਿਰਫ਼ ਦੱਖਣੀ ਏਸ਼ੀਆ, ਸਗੋਂ ਸੰਸਾਰ ਦੇ ਬਹੁਤ ਸਾਰੇ ਦੇਸ਼ਾਂ ਨੂੰ ਸਖ਼ਤ ਸੰਕੇਤ ਦਿੱਤਾ ਹੈ, ਜਿਹੜੇ ਈਰਾਨ ਨਾਲ ਕਿਸੇ ਤਰ੍ਹਾਂ ਦਾ ਲੈਣ-ਦੇਣ ਕਰਦੇ ਹਨ ਜਾਂ ਜਿਨ੍ਹਾਂ ਦੇ ਈਰਾਨ ਨਾਲ ਆਰਥਿਕ ਸੰਬੰਧ ਹਨ, ਇਸ ਗੱਲ ਨੂੰ ਸਮਝ ਲੈਣ ਕਿ ਅੰਤ ਇਸ ਸਭ ਦੇ ਗ਼ਲਤ ਨਤੀਜੇ ਨਿਕਲਣਗੇ। ਉਨ੍ਹਾਂ ਕਿਹਾ ਕਿ ਸਮੁੱਚੇ ਸੰਸਾਰ ਨੂੰ ਤਹਿਰਾਨ ਦੇ ਪ੍ਰਮਾਣੂ ਮੁੱਦੇ 'ਤੇ ਆਪਣੇ ਰਸੂਖ ਦੀ ਵਰਤੋਂ ਕਰਨੀ ਚਾਹੀਦੀ ਹੈ।

ਸਮੁੱਚੇ ਸੰਸਾਰ ਨੂੰ ਇਸ ਮੁੱਦੇ 'ਤੇ ਇਕਮੁੱਠ ਹੋਣ ਲਈ ਜ਼ੋਰ ਦਿੰਦਿਆਂ ਉਨ੍ਹਾਂ ਕਿਹਾ ਕਿ ਈਰਾਨ 'ਤੇ ਪਹਿਲਾਂ ਤੋਂ ਲੱਗੀਆਂ ਪਾਬੰਦੀਆਂ ਨੂੰ ਪੂਰੀ ਤਰ੍ਹਾਂ ਅਮਲ 'ਚ ਲਿਆਂਦਾ ਜਾਵੇ। ਉਨ੍ਹਾਂ ਕਿਹਾ ਕਿ ਈਰਾਨ ਵਿਰੁਧ ਹੋਰ ਪਾਬੰਦੀਆਂ ਲਾਏ ਜਾਣ ਦੇ ਮੁੱਦੇ 'ਤੇ ਅਮਰੀਕਾ ਦੀ ਬਰਤਾਨੀਆ, ਰੂਸ, ਫ਼ਰਾਂਸ, ਚੀਨ ਅਤੇ ਜਰਮਨੀ ਨਾਲ ਗੱਲਬਾਤ ਚੱਲ ਰਹੀ ਹੈ।

ਉਨ੍ਹਾਂ ਕਿਹਾ ਕਿ ਅਮਰੀਕਾ ਨੇ ਆਪਣੇ ਸਰੋਕਾਰ ਉਨ੍ਹਾਂ ਦੇਸ਼ਾਂ ਸਾਹਮਣੇ ਰੱਖੇ ਹਨ, ਜਿਨ੍ਹਾਂ ਦੇ ਈਰਾਨ ਨਾਲ ਆਰਥਿਕ ਸੰਬੰਧ ਹਨ ਅਤੇ ਉਨ੍ਹਾਂ ਨੂੰ ਦੱਸਿਆ ਹੈ ਕਿ ਈਰਾਨ ਨਾਲ ਆਰਥਿਕ ਸੰਬੰਧਾਂ ਨੂੰ ਅੱਗੇ ਵਧਾਉਣ ਲਈ ਇਹ ਸਹੀ ਸਮਾਂ ਨਹੀਂ। ਇਸ ਦੇ ਨਾਲ ਹੀ ਉਨ੍ਹਾਂ ਕਿਹਾ ਕਿ ਅਮਰੀਕਾ ਪਾਕਿਸਤਾਨ, ਅਫ਼ਗਾਨਿਸਤਾਨ ਸਮੇਤ ਦੂਜੇ ਦੇਸ਼ਾਂ ਦੀਆਂ ਊਰਜਾ ਲੋੜਾਂ ਨੂੰ ਸਮਝਦਾ ਹੈ ਅਤੇ ਉਨ੍ਹਾਂ ਨੂੰ ਪੂਰਾ ਕਰਨ ਲਈ ਪੂਰੀ ਸਹਾਇਤਾ ਕਰੇਗਾ।

**ਪਾਬੰਦੀਆਂ ਸਾਨੂੰ ਤੋੜ ਨਹੀਂ ਸਕਦੀਆਂ-ਅਹਿਮਦੀਨੇਜਾਦ:** ਤਹਿਰਾਨ-ਈਰਾਨ ਨੇ ਰਾਸ਼ਟਰਪਤੀ ਮਹਿਮੋਦ ਅਹਿਮਦੀਨੇਜਾਦ ਨੇ ਕਿਹਾ ਹੈ ਕਿ ਨਵੀਆਂ ਪਾਬੰਦੀਆਂ ਦੀਆਂ ਗੱਲਾਂ ਸਮੇਤ ਸੰਸਾਰ ਦਬਾਅ ਨਾਲ ਈਰਾਨ ਦੀ ਆਪਣੇ ਪ੍ਰਮਾਣੂ ਪ੍ਰੋਗਰਾਮ ਨੂੰ ਅੱਗੇ ਵਧਾਉਣ ਦੀ ਪ੍ਰਤੀਬੱਧਤਾ ਹੋਰ ਮਜ਼ਬੂਤ ਹੋਈ ਹੈ। ਈਰਾਨ ਦੇ ਪ੍ਰਮਾਣੂ ਪ੍ਰੋਗਰਾਮ ਦੇ ਮੁਖੀ ਅਲੀ ਅਕਬਰ ਸਲੇਹੀ ਨੇ ਕਿਹਾ ਹੈ ਕਿ ਉਨ੍ਹਾਂ ਦੇਸ਼ 'ਚ ਦੋ ਨਵੇਂ ਯੂਰੇਨੀਅਮ ਪਲਾਂਟ ਬਣਾਉਣ ਦੀ ਯੋਜਨਾ ਰਾਸ਼ਟਰਪਤੀ ਅਹਿਮਦੀਨੇਜਾਦ ਨੂੰ ਭੇਜੀ ਹੈ। ਉਨ੍ਹਾਂ ਕਿਹਾ ਕਿ ਸੰਸਾਰ ਤਾਕਤਾਂ ਆਪਣੇ ਗਲ ਵੱਢ ਸਕਦੀਆਂ ਹਨ ਅਤੇ ਮਤੇ ਪਾਸ ਕਰ ਸਕਦੀਆਂ ਹਨ, ਪਰ ਉਨ੍ਹਾਂ ਨੂੰ ਇਹ ਨਹੀਂ ਸੋਚਣਾ ਚਾਹੀਦਾ ਕਿ ਉਹ ਈਰਾਨ ਰਾਸ਼ਟਰ ਦੇ ਨਿਰਮਾਣ 'ਚ ਕਿਸੇ ਤਰ੍ਹਾਂ ਦੀ ਰੁਕਾਵਟ ਨਹੀਂ ਪਾ ਸਕਦੇ।

ਸਰਕਾਰੀ ਟੈਲੀਵਿਜ਼ਨ 'ਤੇ ਪ੍ਰਸਾਰਤ ਆਪਣੇ ਭਾਸ਼ਣ 'ਚ ਅਹਿਮਦੀਨੇਜਾਦ ਨੇ ਕਿਹਾ ਕਿ ਸੰਸਾਰ ਈਰਾਨ ਪ੍ਰਤੀ ਜਿੰਨਾ ਦੁਸ਼ਮਣੀ ਵਾਲਾ ਰਵੱਈਆ ਅਖਤਿਆਰ ਕਰੇਗਾ, ਈਰਾਨ ਓਨੀ ਹੀ ਜ਼ਿਆਦਾ ਪ੍ਰਤੀਬੱਧਤਾ ਨਾਲ ਇੱਕ ਦੇਸ ਵਜੋਂ ਅੱਗੇ ਵਧੇਗਾ। ਉਨ੍ਹਾਂ ਕਿਹਾ ਕਿ ਵਿਸ਼ਵ ਤਾਕਤਾਂ ਵਲੋਂ ਪ੍ਰਮਾਣੂ ਈਂਧਨ ਦੀ ਸਪਲਾਈ ਨਾ ਕੀਤੇ ਜਾਣ 'ਤੇ ਈਰਾਨ ਦੇ ਵਿਗਿਆਨੀਆਂ ਨੇ ਤਹਿਰਾਨ ਰਿਸਰਚ ਰਿਐਕਟਰ ਲਈ ਆਪਣਾ ਪ੍ਰਮਾਣੂ ਈਂਧਨ ਬਣਾਉਣਾ ਸ਼ੁਰੂ ਕਰ ਦਿੱਤਾ। ਉਨ੍ਹਾਂ ਕਿਹਾ ਕਿ ਐੱਨ.ਪੀ.ਟੀ (ਪ੍ਰਮਾਣੂ ਅਪ੍ਰਸਾਰ ਸੰਧੀ) ਚਾਰਟਰ ਮੁਤਾਬਕ ਸੰਸਾਰ ਤਾਕਤਾਂ ਨੇ ਤਹਿਰਾਨ ਰਿਐਕਟਰ ਲਈ ਈਂਧਨ ਦੇਣਾ ਸੀ, ਪਰ ਉਨ੍ਹਾਂ ਅਜਿਹਾ ਨਹੀਂ ਕੀਤਾ ਅਤੇ ਜਦੋਂ ਅਸੀਂ ਕਿਹਾ ਕਿ ਅਸੀਂ ਆਪ ਈਂਧਨ ਤਿਆਰ ਕਰਾਂਗੇ, ਤਾਂ ਉਨ੍ਹਾਂ ਸਾਡਾ ਮਖੌਲ ਉਡਾਇਆ, ਪਰ ਇਸ ਨੂੰ ਸਾਡੇ ਮਾਹਰਾਂ ਨੇ ਸੰਭਵ ਕਰਕੇ ਦਿਖਾ ਦਿੱਤਾ।

# ਵਿਦੇਸ਼ਾਂ 'ਚ ਪੰਜਾਬੀਆਂ ਦੇ ਕਤਲਾਂ ਦਾ ਸਿਲਸਿਲਾ ਜਾਰੀ

**ਖੋਸਾ ਦਲ ਸਿੰਘ:** ਇਥੋਂ ਥੋੜ੍ਹੀ ਦੂਰ ਸਥਿਤ ਪਿੰਡ ਭੰਬਾ ਲੰਡਾ ਦੇ ਨੌਜਵਾਨ ਸੰਦੀਪ ਸਿੰਘ ਉਰਫ ਸੋਨਾ ਪੁੱਤਰ ਜਸਕਰਨ ਸਿੰਘ ਦਾ ਮਨੀਲਾ 'ਚ ਗੋਲੀਆਂ ਮਾਰ ਕੇ ਕਤਲ ਕਰ ਦੇਣ ਦੀ ਖ਼ਬਰ ਮਿਲੀ ਹੈ। ਮ੍ਰਿਤਕ ਲੜਕੇ ਦੇ ਮਾਂ-ਬਾਪ ਨੇ ਰੋਂਦੇ-ਕੁਰਲਾਉਂਦੇ ਹੋਏ ਦੱਸਿਆ ਕਿ ਸਾਡਾ ਪੁੱਤਰ ਤਿੰਨ ਸਾਲ ਪਹਿਲਾਂ ਰੋਜ਼ੀ-ਰੋਟੀ ਲਈ ਮਨੀਲਾ ਗਿਆ ਸੀ, ਜਿਥੇ ਉਸਦਾ ਵਿਆਹ 2 ਸਾਲ ਪਹਿਲਾਂ ਪੰਜਾਬੀ ਮੁਟਿਆਰ ਨਾਲ ਹੋ ਗਿਆ ਸੀ ਅਤੇ ਉਹ ਆਪਣੀ ਵਧੀਆ ਜ਼ਿੰਦਗੀ ਬਤੀਤ ਕਰ ਰਹੇ ਸਨ। ਉਥੇ ਉਸਦਾ ਆਪਣਾ ਫਾਇਨਾਂਸ ਦਾ ਕੰਮ ਸੀ। 31 ਮਾਰਚ ਨੂੰ ਜਦ ਸੰਦੀਪ ਸਵੇਰੇ ਘਰੋਂ ਫਾਇਨਾਂਸ ਦੀ ਉਗਰਾਹੀ ਕਰਨ ਲਈ ਗਿਆ ਤਾਂ ਰਸਤੇ 'ਚ ਪਹਿਲਾਂ ਤੋਂ ਹੀ ਤਾਕ ਵਿਚ ਬੈਠੇ ਹਮਲਾਵਰਾਂ ਨੇ ਉਸ 'ਤੇ ਪਿਸਤੌਲ ਨਾਲ ਹਮਲਾ ਕਰ ਦਿੱਤਾ। ਜਿਸਦਾ ਮੁਕਾਬਲਾ ਕਰਦੇ ਹੋਏ ਸੰਦੀਪ ਨੇ ਹਮਲਾਵਰ ਕੋਲੋਂ ਉਸਦਾ ਰਿਵਾਲਵਰ ਖੋਹ ਕੇ ਉਸ 'ਤੇ ਵੀ ਹਮਲਾ ਕੀਤਾ। ਜਿਸ ਨਾਲ ਹਮਲਾਵਰ ਵੀ ਜ਼ਖਮੀ ਹੋ ਗਿਆ। ਇਸ ਹੱਥੋਪਾਈ ਵਿਚ ਸੰਦੀਪ ਦੀ ਛਾਤੀ ਵਿਚ ਗੋਲੀ ਲੱਗ ਗਈ। ਜਿਸ ਨਾਲ ਉਹ ਗੰਭੀਰ ਜ਼ਖ਼ਮੀ ਹੋ ਗਿਆ ਅਤੇ ਉਸਨੂੰ ਤੁਰੰਤ ਇਲਾਜ ਲਈ ਹਸਪਤਾਲ ਪਹੁੰਚਾਇਆ ਗਿਆ ਅਤੇ ਦੋ ਦਿਨ ਬਾਅਦ ਇਲਾਜ ਦੌਰਾਨ ਸੰਦੀਪ ਜ਼ਿੰਦਗੀ ਅਤੇ ਮੌਤ ਦੀ ਲੜਾਈ ਲੜਦਿਆਂ ਮੌਤ ਹੱਥੋਂ ਹਾਰ ਗਿਆ। ਮ੍ਰਿਤਕ ਆਪਣੇ ਪਿੱਛੇ ਪਤਨੀ, ਮਾਂ ਬਾਪ ਅਤੇ ਇਕ ਭਰਾ ਨੂੰ ਰੋਂਦੇ ਕੁਰਲਾਉਂਦੇ ਹੋਏ ਛੱਡ ਗਿਆ। ਸੰਦੀਪ ਦੀ ਮੌਤ ਦੀ ਖ਼ਬਰ ਸੁਣਦਿਆਂ ਹੀ ਸਾਰੇ ਇਲਾਕੇ ਵਿਚ ਸੋਗ ਦੀ ਲਹਿਰ ਦੌੜ ਗਈ।

ਇਸੇ ਤਰ੍ਹਾਂ ਬਾਘਾ ਪੁਰਾਣਾ ਨਜ਼ਦੀਕ ਦੇ ਮਸ਼ਹੂਰ ਪਿੰਡ ਰੋਡੇ ਦਾ ਰੋਟੀ ਰੋਜ਼ੀ ਕਮਾਉਣ ਲਈ ਮਨੀਲਾ ਗਿਆ ਨੌਜਵਾਨ ਹਰਪ੍ਰੀਤ ਸਿੰਘ ਉਰਫ ਪ੍ਰੀਤ ਦੀ ਲੁਟੇਰਿਆਂ ਨੇ ਗੋਲੀਆਂ ਮਾਰ ਕੇ ਮਾਰ ਦਿੱਤਾ। ਪ੍ਰਾਪਤ ਜਾਣਕਾਰੀ ਅਨੁਸਾਰ ਹਰਪ੍ਰੀਤ ਸਿੰਘ ਉਰਫ ਪ੍ਰੀਤ ਪੁੱਤਰ ਹਰਜਿੰਦਰ ਸਿੰਘ ਵਾਸੀ ਰੋਡੇ ਕਰੀਬ ਸਾਢੇ 6 ਸਾਲ ਪਹਿਲਾਂ ਫਿਲਪਾਈਨ (ਮਨੀਲਾ) ਵਿਖੇ ਰੁਜ਼ਗਾਰ ਦੀ ਭਾਲ ਵਿਚ ਗਿਆ ਅਤੇ ਫਿਲਪਾਈਨ ਦੇ ਸ਼ਹਿਰ ਨਾਗਾ ਵਿਚ ਫਾਇਨਾਂਸ ਦਾ ਕਾਰੋਬਾਰ ਆਰੰਭ ਕਿਆ। 30 ਮਾਰਚ ਨੂੰ ਆਪਣਾ ਦਫਤਰ ਬੰਦ ਕਰਕੇ ਹਰਪ੍ਰੀਤ ਸਿੰਘ ਉਰਫ ਪ੍ਰੀਤ ਸ਼ਾਮ ਦੇ ਕਰੀਬ 5.30 ਵਜੇ ਆਪਣਾ ਦੰਦ ਦਿਖਾਉਣ ਲਈ ਡਾਕਟਰ ਕੋਲ ਜਾਣ ਵਾਸਤੇ ਆਪਣੀ ਗੱਡੀ ਵਿਚ ਬੈਠਣ ਹੀ ਲੱਗਾ ਸੀ ਕਿ ਲੁਟੇਰਾ ਗਰੋਹ ਨੇ ਗੋਲੀਆਂ ਦਾ ਨਿਸ਼ਾਨਾ ਬਣਾ ਕੇ ਹਰਪ੍ਰੀਤ ਸਿੰਘ ਨੂੰ ਹਲਾਕ ਕਰ ਦਿੱਤਾ। ਇਸ ਸਬੰਧੀ ਕੁਲਵੰਤ ਸਿੰਘ ਉਰਫ ਬਿੱਟੂ ਵਾਸੀ ਰੋਡੇ ਨੇ ਪੱਤਰਕਾਰਾਂ ਨੂੰ ਜਾਣਕਾਰੀ ਦਿੰਦਿਆਂ ਦੱਸਿਆ ਕਿ ਹਰਪ੍ਰੀਤ ਸਿੰਘ ਆਪਣੇ ਪਿੱਛੇ ਆਪਣੀ ਵਿਧਵਾ ਪਤਨੀ ਕਰਮਜੀਤ ਕੌਰ, ਦੋ ਬੇਟੇ ਸੁਖਪ੍ਰੀਤ ਸਿੰਘ ਅਤੇ ਗੁਰਮਨ ਸਿੰਘ ਨੂੰ ਛੱਡ ਗਿਆ ਹੈ। ਹਰਪ੍ਰੀਤ ਸਿੰਘ ਦੀ ਉਮਰ ਕਰੀਬ 28-30 ਸਾਲ ਦੀ ਸੀ।

**ਵੈਨਕੂਵਰ ਵਿਚ ਸਿੱਖ ਨੌਜਵਾਨ ਦਾ ਕਤਲ :** ਇਸ ਸ਼ਹਿਰ ਦੇ ਇਲਾਕੇ ਕਲੋਵਰਡੇਲ ਵਿਚ ਐਤਵਾਰ ਰਾਤੀਂ ਜਨਮ ਦਿਨ ਦੀ ਇਕ ਪਾਰਟੀ ਵਿਚ ਹੋਈ ਲੜਾਈ ਦੌਰਾਨ ਇਕ ਸਿੱਖ ਨੌਜਵਾਨ ਦਾ ਛੁਰਾ ਮਾਰ ਕੇ ਕਤਲ ਕਰ ਦਿੱਤਾ ਗਿਆ। ਮ੍ਰਿਤਕ ਦੀ ਪਛਾਣ ਪੰਜਾਬ ਵਿਚ ਜਨਮੇ 21 ਸਾਲ ਬੂਟਾ ਸਿੰਘ ਸੰਘਾ ਵਜੋਂ ਹੋਈ ਹੈ। ਇਹ ਘਟਨਾ ਉਦੋਂ ਵਾਪਰੀ ਜਦੋਂ ਦੋ ਗੁਆਂਢੀ ਘਰਾਂ ਵਿਚ ਹੋ ਰਹੀਆਂ ਵੱਖੋ-ਵੱਖ ਪਾਰਟੀਆਂ ਦੌਰਾਨ ਹੋਈ ਲੜਾਈ ਹਿੰਸਕ ਰੂਪ ਧਾਰ ਗਈ। ਇਸ ਸਬੰਧ ਵਿਚ ਮੁਜਰਮਾਨਾ ਪਿਛੋਕੜ ਵਾਲੇ 32 ਸਾਲਾ ਐਡਰੀਅਨ ਸਕਾਰਾਂ ਨੂੰ ਗ੍ਰਿਫਤਾਰ ਕੀਤਾ ਗਿਆ ਹੈ। ਕਾਤਲ ਤੇ ਮਕਤੂਲ ਦੋਵੇਂ ਹੀ ਗੁਆਂਢੀ ਘਰਾਂ ਵਿਚ ਮਹਿਮਾਨਾਂ ਵਜੋਂ ਪਾਰਟੀਆਂ 'ਚ ਸ਼ਿਰਕਤ ਕਰਨ ਆਏ ਹੋਏ ਸਨ। ਪੁਲੀਸ ਨੇ ਦਸਿਆ ਕਿ ਲੜਾਈ ਅਚਾਨਕ ਹਿੰਸਕ ਹੋ ਗਈ ਅਤੇ ਸੰਘਾ ਨੂੰ ਚਾਕੂ ਮਾਰ ਦਿੱਤਾ ਗਿਆ। ਉਸਨੂੰ ਤੁਰੰਤ ਹਸਪਤਾਲ ਪਹੁੰਚਾਇਆ ਗਿਆ ਪਰ ਉਹ ਜ਼ਖ਼ਮਾਂ ਦੀ ਤਾਬ ਨਾ ਝੱਲ ਸਕਿਆ ਤੇ ਦਮ ਤੋੜ ਗਿਆ। ਪੁਲੀਸ ਮੁਤਾਬਕ ਲੜਾਈ ਸਬੰਧੀ ਕਈ ਲੋਕਾਂ ਨੇ ਪੁਲੀਸ ਨੂੰ ਇਤਲਾਹ ਦਿੱਤੀ ਸੀ ਪਰ ਪੁਲੀਸ ਦੇ ਪੁੱਜਣ ਤੋਂ ਪਹਿਲਾਂ ਹੀ ਇਹ ਭਾਣਾ ਵਰਤ ਗਿਆ।

ਪੁਲੀਸ ਅਨੁਸਾਰ ਇਹ ਘਟਨਾ ਗੁਆਂਢੀਆਂ ਦੀ ਆਪਸੀ ਖਹਿਬਾਜ਼ੀ ਕਾਰਨ ਵਾਪਰੀ ਹੈ ਅਤੇ ਇਸਦਾ ਗਰੋਹਾਂ, ਨਸ਼ਿਆਂ ਜਾਂ ਜਥੇਬੰਦ ਜੁਰਮ ਨਾਲ ਕੋਈ ਤੁਅੱਲਕ ਨਹੀਂ ਹੈ। ਗੌਰਤਲਬ ਹੈ ਕਿ ਇੱਕੋ ਨਸ਼ਾ ਗਰੋਹਾਂ ਦੀ ਆਪਸੀ ਦੁਸ਼ਮਣੀ ਕਾਰਨ ਬੀਤੇ ਸਾਲਾਂ ਦੌਰਾਨ 120 ਤੋਂ ਵੱਧ ਪੰਜਾਬੀ ਨੌਜਵਾਨਾਂ ਦੀਆਂ ਜਾਨਾਂ ਜਾ ਚੁੱਕੀਆਂ ਹਨ। ਪੁਲੀਸ ਵਲੋਂ ਇਸ ਸਬੰਧੀ ਵਿਸ਼ੇਸ਼ ਵਿੰਗ ਕਾਇਮ ਕੀਤੇ ਜਾਣ ਦੇ ਬਾਵਜੂਦ ਇਨ੍ਹਾਂ ਵਿਚੋਂ ਬਹੁਤੇ ਕੇਸ ਹਾਲੇ ਵੀ ਅਣਸੁਲਝੇ ਹਨ। ਕੈਨੇਡਾ 'ਚ ਵੈਨਕੂਵਰ ਅਤੇ ਇਸਦੇ ਲਾਗਲੇ ਸ਼ਹਿਰਾਂ ਸਰੀ, ਡੈਲਟਾ, ਰਿਚਮੰਡ ਅਤੇ ਐਬਟਸਫੋਰਡ ਵਿਚ ਪੰਜਾਬੀਆਂ ਦੀ ਸੰਘਣੀ ਵਸੋਂ ਹੈ, ਜਿੱਥੇ ਨਸ਼ਿਆਂ ਦਾ ਵਪਾਰ ਅਤੇ ਖਾਸਕਰ ਭੰਗ ਦੀ ਖੇਤੀ ਵੱਡੇ ਪੱਧਰ ਉਤੇ ਹੁੰਦੀ ਹੈ।

# ਮੰਡੀਆਂ 'ਚ ਫ਼ਸਲ ਆਉਂਦਿਆਂ ਹੀ ਮਹਿੰਗਾਈ ਘਟੇਗੀ

**ਸ਼ਿਲਾਂਗ:** ਵਧ ਰਹੀ ਮਹਿੰਗਾਈ ਲਈ ਸਪਲਾਈ ਸਬੰਧੀ ਦਿੱਕਤਾਂ ਨੂੰ ਜ਼ਿੰਮੇਵਾਰ ਠਹਿਰਾਉਂਦਿਆਂ ਕੇਂਦਰੀ ਵਿੱਤ ਮੰਤਰੀ ਪ੍ਰਣਬ ਮੁਖਰਜੀ ਨੇ ਕਿਹਾ ਕਿ ਹਾੜ੍ਹੀ ਦੀ ਫ਼ਸਲ ਮੰਡੀਆਂ ਵਿਚ ਆਉਣ ਤੋਂ ਬਾਅਦ ਹੀ ਖੁਰਾਕੀ ਵਸਤਾਂ ਦੀਆਂ ਕੀਮਤਾਂ ਘਟਣੀਆਂ ਸ਼ੁਰੂ ਹੋ ਜਾਣਗੀਆਂ। ਆਪਣੇ ਸ਼ਿਲਾਂਗ ਦੌਰੇ ਦੌਰਾਨ ਸ੍ਰੀ ਮੁਖਰਜੀ ਨੇ ਕਿਹਾ ਕੁਝ ਜਿਣਸਾਂ ਦੇ ਉਪਲਬਧ ਨਾ ਹੋਣ ਕਾਰਨ ਮਹਿੰਗਾਈ ਵਧੀ ਹੈ ਤੇ ਇਸ ਲਈ ਸਪਲਾਈ ਮੁੱਖ ਤੌਰ 'ਤੇ ਜ਼ਿੰਮੇਵਾਰ ਹੈ। ਸ੍ਰੀ ਮੁਖਰਜੀ ਨੇ ਕਿਹਾ ਕਿ ਦੇਸ਼ ਨੂੰ 1.8 ਕਰੋੜ ਟਨ ਦਾਲਾਂ ਦੀ ਜ਼ਰੂਰਤ ਹੈ ਜਦਕਿ ਪੈਦਾਵਾਰ ਸਿਰਫ 1.4 ਕਰੋੜ ਟਨ ਹੀ ਹੈ। ਉਨ੍ਹਾਂ ਕਿਹਾ ਕਿ ਮੰਗ ਤੇ ਸਪਲਾਈ ਦੇ ਇਸ ਅੰਤਰ ਨੂੰ ਪੂਰਨ ਲਈ ਸਾਨੂੰ ਦਾਲਾਂ ਦਾ ਆਯਾਤ ਕਰਨਾ ਪੈ ਰਿਹਾ ਹੈ। ਸ੍ਰੀ ਮੁਖਰਜੀ ਨੇ ਕਿਹਾ ਕਿ ਬਹੁਤ ਘੱਟ ਦੇਸ਼ਾਂ 'ਚ ਦਾਲਾਂ ਦੀ ਪੈਦਾਵਾਰ ਹੁੰਦੀ ਹੈ ਤੇ ਇਸੇ ਕਾਰਨ ਦਾਲਾਂ ਦੀਆਂ ਕੀਮਤਾਂ ਵਧ ਹਨ। ਉਨ੍ਹਾਂ ਕਿਹਾ ਕਿ ਸਾਡੇ ਦੇਸ਼ ਵਿਚ ਕਰੀਬ 90 ਲੱਖ ਟਨ ਖੰਡ ਦੀ ਘਾਟ ਹੈ, ਜਦਕਿ ਦੇਸ਼ ਨੂੰ ਕਰੀਬ 20 ਲੱਖ ਟਨ ਖੁਰਾਕੀ ਤੇਲ ਦਾ ਆਯਾਤ ਕਰਨਾ ਪੈਂਦਾ ਹੈ। ਚੌਲਾਂ 'ਤੇ ਕਸਟਮ ਡਿਊਟੀ ਘਟਾਉਣ ਦਾ ਹਵਾਲਾ ਦਿੰਦਿਆਂ ਸ੍ਰੀ ਮੁਖਰਜੀ ਨੇ ਕਿਹਾ ਕਿ ਅਸੀਂ ਮਹਿੰਗਾਈ ਨੂੰ ਰੋਕਣ ਲਈ ਹਰ ਸੰਭਵ ਕਦਮ ਚੁੱਕ ਰਹੇ ਹਾਂ। ਮਹਿੰਗਾਈ ਰੋਕਣ ਲਈ ਸਰਕਾਰੀ ਯਤਨਾਂ ਬਾਰੇ ਗੱਲ ਕਰਦਿਆਂ ਸ੍ਰੀ ਮੁਖਰਜੀ ਨੇ ਕਿਹਾ ਕਿ ਅਸੀਂ ਕੈਸ਼ ਰਿਜ਼ਰਵ ਅਨੁਪਾਤ ਵਿਚ ਵਾਧਾ ਕੀਤਾ ਹੈ, ਪਰ ਇਸੇ ਦੌਰਾਨ ਉਨ੍ਹਾਂ ਤੇਲ ਕੀਮਤਾਂ ਵਾਪਸ ਲੈਣ ਦੀ ਸੰਭਾਵਨਾ ਨੂੰ ਮੁੱਢੋਂ ਖਾਰਜ ਕਰ ਦਿੱਤਾ।

ਕੇਂਦਰੀ ਵਿੱਤ ਮੰਤਰੀ ਨੇ ਪੂਰਬੀ-ਉਤਰੀ ਖੇਤਰ ਦੇ ਵਿਕਾਸ ਵਿਚ ਵਿਦਰੋਹੀ ਗਤੀਵਿਧੀਆਂ ਨੂੰ ਵੱਡੀ ਰੁਕਾਵਟ ਦੱਸਦਿਆਂ ਕਿਹਾ ਕਿ ਇੱਥੇ ਨਿੱਜੀ ਤੇ ਵਿਦੇਸ਼ੀ ਨਿਵੇਸ਼ ਵਧਾਉਣ ਲਈ ਵੱਡੇ ਯਤਨ ਕਰਨ ਦੀ ਲੋੜ ਹੈ। ਸ੍ਰੀ ਮੁਖਰਜੀ ਨੇ ਕਿਹਾ ਕਿ ਦਹਿਸ਼ਤਵਾਦ ਤੇ ਵਿਰੋਧ ਇੱਕ ਸਮੱਸਿਆ ਹੈ, ਜਿਸ ਤੋਂ ਛੁਟਕਾਰਾ ਦਿਵਾਉਣਾ ਸਾਡੇ ਲਈ ਸਭ ਤੋਂ ਅਹਿਮ ਹੈ।

ਉਨ੍ਹਾਂ ਕਿਹਾ ਕਿ ਇਨ੍ਹਾਂ ਸਮੱਸਿਆਵਾਂ ਕਾਰਨ ਇਸ ਖੇਤਰ ਦੇ ਵਿਕਾਸ 'ਚ ਰੁਕਾਵਟ ਆ ਰਹੀ ਹੈ। ਇਸ ਦੇ ਨਾਲ ਹੀ ਮੇਘਾਲਿਆ ਵਿਚ ਮੁੱਖ ਮੰਤਰੀ ਡੀਡੀ ਲਪਾਂਗ ਨੂੰ ਹਟਾਉਣ ਦੀ ਮੰਗ ਕਰ ਰਹੇ ਬਾਗੀਆਂ ਨੂੰ ਝਟਕਾ ਦਿੰਦਿਆਂ ਉਨ੍ਹਾਂ ਲੀਡਰਸ਼ਿਪ ਵਿਚ ਕਿਸੇ ਵੀ ਤਰ੍ਹਾਂ ਦਾ ਬਦਲਾਅ ਕਰਨ ਤੋਂ ਸਪਸ਼ਟ ਇਨਕਾਰ ਕਰ ਦਿੱਤਾ। ਇਸ ਮੌਕੇ ਪੱਤਰਕਾਰਾਂ ਵਲੋਂ ਜਦੋਂ ਉਨ੍ਹਾਂ ਤੋਂ ਸੂਬਾਈ ਯੂਨਿਟ ਵਿਚ ਬਗਾਵਤ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਕਿਹਾ ਕਿ ਕਾਂਗਰਸ ਹਾਈ ਕਮਾਂਡ ਹਰ ਸਮੱਸਿਆ ਨਾਲ ਨਜਿੱਠਣ ਲਈ ਸਮਰਥ ਹੈ।

## ਪਾਰਟੀ ਬਣਾਉਣ ਦੇ ਮੁਸ਼ੱਰਫ ਦੇ ਯਤਨਾਂ ਨੂੰ ਝਟਕਾ



**ਇਸਲਾਮਾਬਾਦ :** ਪਾਕਿਸਤਾਨ ਦੇ ਸਾਬਕਾ ਰਾਸ਼ਟਰਪਤੀ ਪਰਵੇਜ਼ ਮੁਸ਼ੱਰਫ ਦੇ ਸਿਆਸੀ ਪਾਰਟੀ ਬਣਾਉਣ ਦੇ ਯਤਨਾਂ ਨੂੰ ਉਸ ਵੇਲੇ ਝਟਕਾ ਲੱਗਾ, ਜਦੋਂ ਉਨ੍ਹਾਂ ਦੇ ਕਈ ਸਹਿਯੋਗੀਆਂ ਨੇ 12 ਅਪ੍ਰੈਲ ਨੂੰ ਆਬੂਧਾਬੀ 'ਚ ਹੋਣ ਵਾਲੀ ਮੀਟਿੰਗ 'ਚ ਸ਼ਾਮਲ ਹੋਣ ਤੋਂ ਨਾਂਹ ਕਰ ਦਿੱਤੀ। ਇਕ ਸਾਲ ਪਹਿਲਾਂ ਪਾਕਿਸਤਾਨ ਛੱਡਣ ਵੇਲੇ ਤੋਂ ਲੰਡਨ 'ਚ ਰਹਿ ਰਹੇ ਪ੍ਰਵੇਜ਼ ਮੁਸ਼ੱਰਫ ਦੀ ਯੋਜਨਾ ਦੇਸ਼ ਵਾਪਸ ਆ ਕੇ ਆਲ ਪਾਕਿਸਤਾਨ ਮੁਸਲਿਮ ਲੀਗ ਨਾਮੀ ਪਾਰਟੀ ਬਣਾਉਣ ਦੀ ਹੈ। ਰੋਜ਼ਾਨਾ 'ਡੇਲੀ' ਨੇ ਸੂਤਰਾਂ ਦੇ ਹਵਾਲੇ ਨਾਲ ਕਿਹਾ ਕਿ ਮੁਸ਼ੱਰਫ ਦੇ ਰਾਜ ਦੌਰਾਨ ਮੰਤਰੀ ਰਹੇ ਪਾਰਟੀ ਦੇ ਕਈ ਆਗੂਆਂ ਨੇ ਪਾਰਟੀ ਦੇ ਗਠਨ 'ਤੇ ਵਿਚਾਰ ਲਈ ਆਬੂਧਾਬੀ 'ਚ ਹੋ ਰਹੀ ਮੀਟਿੰਗ 'ਚ ਸ਼ਾਮਲ ਹੋਣ ਦਾ ਉਨ੍ਹਾਂ ਦਾ ਸੱਦਾ ਅਪ੍ਰਵਾਨ ਕਰ ਦਿੱਤਾ ਹੈ। ਮੁਸ਼ੱਰਫ ਦਾ ਸੱਦਾ ਅਪ੍ਰਵਾਨ ਕਰ ਦੇਣ ਵਾਲਿਆਂ 'ਚ ਅਮੀਰ ਮੁਕਾਮ, ਸੁਮੇਰਾ ਮਲਿਕ, ਮੁਹੰਮਦ ਅਲੀ ਦੁਰਾਨੀ, ਸਈਅਦ ਫੈਜ਼ਲ ਸਲੇਹ ਹਯਾਤ ਅਤੇ ਮਾਰਵੀ ਮੇਮਨ ਵਰਗੇ ਆਗੂ ਸ਼ਾਮਲ ਹਨ। ਇਨ੍ਹਾਂ 'ਚੋਂ ਜ਼ਿਆਦਾਤਰ ਆਗੂ ਮੁਸ਼ੱਰਫ ਰਾਜ ਦੌਰਾਨ ਮੰਤਰੀ ਜਾਂ ਹੋਰ ਅਹਿਮ ਅਹੁਦਿਆਂ 'ਤੇ ਰਹੇ। ਇਸੇ ਦੌਰਾਨ ਪਾਰਟੀ ਦੇ ਕੁਝ ਸੀਨੀਅਰ ਨੇਤਾ ਨਿਧਾਰ ਮੁਹੰਮਦ ਖ਼ਾਨ, ਨਿਧਾਰ ਮੇਮਨ, ਸ਼ੇਰ ਅਫ਼ਗਾਨ ਖ਼ਾਨ ਨਿਆਜ਼ੀ, ਕਸ਼ਮਾਲਾ ਤਾਰਿਕ, ਸਿੰਧ ਦੇ ਸਾਬਕਾ ਮੁੱਖ ਮੰਤਰੀ ਅਰਬਾਬ ਗੁਲਾਮ ਰਹੀਮ ਮੁਸ਼ੱਰਫ ਨਾਲ ਸਲਾਹ-ਮਸ਼ਵਰੇ ਲਈ ਡੁਬਈ ਰਵਾਨਾ ਹੋ ਗਏ ਹਨ। ਪ੍ਰਾਪਤ ਰਿਪੋਰਟਾਂ ਅਨੁਸਾਰ ਸਾਬਕਾ ਬਦੇਸ਼ ਮੰਤਰੀ ਸ਼ਾਹ ਮਹਿਮੂਦ ਕੁਰੈਸ਼ੀ ਅਤੇ ਹਾਮਿਦ ਨਾਸਿਰ ਚੱਠਾ ਵੀ 12 ਅਪ੍ਰੈਲ ਨੂੰ ਹੋਣ ਵਾਲੀ ਮੀਟਿੰਗ 'ਚ ਸ਼ਾਮਲ ਹੋਣਗੇ।

**SUPER TRAVEL**
**847-676-9090**
*E-mail: supertravel2003@yahoo.com*
*Lowest Fares With Excellent Service*
*AMERICAN AIR,*
*JET AIRWAYS*
*DELTA, AIR INDIA,*
*For Emergency Call anytime at*
India $545
*EARLY BIRD SALE!!!!*



**Homeopathic Systems for Health Treatment**
**When you are tired of all treatments for any disease at any age**
**Try homeopathic, systems of treatment**
ਅਰਥਰਾਈਟਸ, ਦਮਾ, ਸ਼ੂਗਰ, ਬਲਡ ਪ੍ਰੈਸ਼ਰ, ਪੱਥਰੀ, ਖਾਰਿਸ਼, ਮੁਹਾਂਸੇ, ਵਜਨ ਦਾ ਘਟਣਾ ਜਾਂ ਵਧਣਾ, ਜਨਾਨਾ ਤੇ ਮਰਦਾਨਾ ਕਮਜ਼ੋਰੀ ਦਾ ਪੱਕਾ ਇਲਾਜ
You can get all Homeopathic, Ayurvedic, Biochemic medicines at economical prices.
www.homeomedicine.net
Consultant /Practitioner
**GURDIP SINGH SANDHU**
DHMS, Hons, BAMS, MDEH, 30 Years experience
Working as per ACT.SB-577 State of CA.
CALL: TOLL FREE: 877-OK-HOMEO
(877-654-6636)OFFICE: 408-729-6691
E-mail: Homeomedicine@yahoo.com
ਹੋਰ ਇਲਾਜਾਂ ਤੋਂ ਥਕ ਗਏ ਹੋ ਤਾਂ ਹੋਮੀਓਪੈਥੀ ਅਜਮਾਓ



**ਕੈਲੀਫੋਰਨੀਆ ਵਿਚ ਰਹਿੰਦੇ ਟਰੱਕਰ ਭਰਾਵਾਂ ਲਈ ਖੁਸ਼ਖਬਰੀ**
ਟਰੱਕਾਂ ਨਾਲ ਸਬੰਧਤ ਹਰ ਤਰ੍ਹਾਂ ਦਾ ਪੇਪਰ ਵਰਕ ਅਤੇ ਇੰਸ਼ੋਰੈਂਸ ਇਕ ਹੀ ਦਫਤਰ ਵਿਖੇ
ਗਲੋਬਲ ਮਲਟੀਸਰਵਿਸ ਲੈਥਰੋਪ ਵਾਲਿਆਂ ਵਲੋਂ ਤੁਹਾਡੀ ਸਹੂਲਤ ਨੂੰ ਧਿਆਨ ਵਿਚ ਰੱਖਦਿਆਂ ਇੰਸ਼ੋਰੈਂਸ ਸੇਵਾਵਾਂ ਸ਼ੁਰੂ
ਮਿੱਟੀ ਵਾਲੇ ਅਤੇ ਲੋਕਲ ਟਰੱਕਾਂ ਲਈ ਖਾਸ ਰਿਆਇਤ
ਪਿਛਲੇ ਪੰਜ ਸਾਲ ਤੋਂ ਤੁਹਾਡੀ ਸੇਵਾ ਨੂੰ ਸਮਰਪਿਤ
**Global Multi Services**
ਹੇਠ ਲਿਖੀਆਂ ਸੇਵਾਵਾਂ ਉਪਲਬਧ ਹਨ:
*License Plates
*IFTA *Fuel tax Return
*DOT, ICC-MC Registration Services
*New Mexico & Kentucky Permit
*Corporation and LLC Formation,
*Highway Use Tax (2290)
*UCR Permit, Oregon Permits, CA #,
*MCP, New York Permits etc.



*Rajinder Singh*
Insurance Lic No. 0G73739
**RAM Commercial Insurance**
High Five Plaza #204
19625 Harlan Rd Lathrop CA 95330
Exactly on I-5 and Luise Exit Opposite to Dennis Restaurant
Financing Available For Buying Trucks



**Cell:(510) 557-6988, Ph:209-982-9996**

# ਦਰੜ ਭਰਾਵਾਂ ਦਾ ਇਬਰਾਹੀਮਪੁਰ ਦਾ ਖੇਡ ਮੇਲਾ

## ਖੇਡ ਜਗਤ

***ਮੈਂ ਪੰਜਾਬ ਟਾਈਮਜ਼ ਦੇ ਖਾਸ ਕਰ ਕੈਲੀਫੋਰਨੀਆ ਵੱਸਦੇ ਪਾਠਕਾਂ ਦਾ ਸ਼ੁਗਰਗੁਜਾਰ ਹਾਂ ਜੋ ਖਿਡਾਰੀਆਂ ਅਤੇ ਪਹਿਲਵਾਨਾਂ ਬਾਰੇ ਲਿਖੇ ਮੇਰੇ ਲੇਖ ਪੜ੍ਹ ਕੇ ਮੈਨੂੰ ਫੋਨ ਕਰਦੇ ਤੇ ਹੌਂਸਲਾ ਦਿੰਦੇ ਹਨ। ਪਾਠਕਾਂ ਦੀ ਇਸ ਦਾਦ ਦਾ ਮੈਂ ਹਮੇਸ਼ਾ ਰਿਣੀ ਰਹਾਂਗਾ। ਭਾਰਤ ਗਿਆ ਹੋਣ ਕਰਕੇ ਜ਼ਿੰਦਗੀ ਦੇ ਹੋਰ ਰੁਝੇਵਿਆਂ ਕਾਰਨ ਕੁਝ ਦੇਰ ਮੈਂ ਕੁਝ ਲਿਖ ਨਹੀਂ ਸਕਿਆ। ਭਾਰਤ ਦੌਰੇ ਦੌਰਾਨ ਡੇਢ ਕੂ ਮਹੀਨੇ 'ਚ ਮੈਂ ਪੰਜਾਬ ਦੇ ਵੱਖ-ਵੱਖ ਪਿੰਡਾਂ 'ਚ ਘੁੰਮਿਆ ਅਤੇ ਇਲਾਕੇ ਦੇ ਖੇਡ ਮੇਲੇ ਵੇਖੇ। ਇਨ੍ਹਾਂ ਖੇਡ ਮੇਲਿਆਂ ਬਾਰੇ ਤੁਹਾਡੇ ਨਾਲ ਵੀ ਸਾਂਝ ਪਾਉਣ ਦੀ ਕੋਸ਼ਿਸ਼ ਕਰ ਰਿਹਾ ਹਾਂ। -ਇਕਬਾਲ ਜੱਬੋਵਾਲੀਆ***

ਹਰ ਸਾਲ ਦੀ ਤਰ੍ਹਾਂ ਇਸ ਸਾਲ ਵੀ ਖੇਡਾਂ ਦੇ ਸ਼ੌਕੀਨ ਇੰਡੀਆਨਾ ਵਾਲੇ ਦਰਸ਼ਨ ਸਿੰਘ ਦਰੜ ਨੇ ਆਪਣੇ ਵੱਡੇ ਵੀਰ ਮਰਹੂਮ ਹਰਭਜਨ ਸਿੰਘ ਦੀ ਯਾਦ ਵਿਚ ਕਬੱਡੀ ਕੱਪ 2010 ਆਪਣੇ ਪਿੰਡ ਇਬਰਾਹੀਮਪੁਰ (ਨੇੜੇ ਗੜ੍ਹਸ਼ੰਕਰ) ਕਰਵਾ ਕੇ ਆਪਣੇ ਪਿੰਡ ਨੂੰ ਚਾਰ ਚੰਨ ਲਾਏ। ਇਹ ਚੌਥਾ ਖੇਡ ਮੇਲਾ ਵੇਖਣ ਦਾ ਮੈਨੂੰ ਵੀ ਸੁਭਾਗ ਪ੍ਰਾਪਤ ਹੋਇਆ। ਮੈਂ ਦੋ ਸਾਲ ਪਹਿਲਾਂ ਵੀ ਇਹੀ ਖੇਡ ਮੇਲਾ (ਦੂਜਾ ਯਾਦਗਾਰੀ ਕਬੱਡੀ ਕੱਪ-2008) ਖਾਲਸਾ ਕਾਲਜ ਗੜ੍ਹਸ਼ੰਕਰ ਦੀ ਗਰਾਊਂਡ ਵਿਚ ਵੇਖ ਚੁੱਕਾ ਹਾਂ। ਖੇਡਾਂ ਨੂੰ ਪ੍ਰਫੁੱਲਤ ਕਰਨ ਲਈ ਇਸ ਪਰਿਵਾਰ ਦਾ ਇਹ ਸ਼ਲਾਘਾਯੋਗ ਕਦਮ ਹੈ। ਪਰਮਾਤਮਾ 'ਚ ਵਿਸ਼ਵਾਸ ਰੱਖਣ ਵਾਲਾ ਇਹ ਪਰਿਵਾਰ ਖੇਡਾਂ ਦੇ ਨਾਲ ਨਾਲ ਧਾਰਮਿਕ ਕੰਮਾਂ ਵਿਚ ਵੀ ਵੱਧ ਚੜ੍ਹ ਕੇ ਹਿੱਸਾ ਪਾਉਂਦਾ ਹੈ ਅਤੇ ਰੂਹਾਨੀ ਤਾਕਤ ਦੇਣ ਦੇ ਨਾਲ ਨਾਲ ਨੌਜਵਾਨਾਂ ਨੂੰ

**ਇਕਬਾਲ ਜੱਬੋਵਾਲੀਆ**

ਬੁਰੀਆਂ ਆਦਤਾਂ ਤੋਂ ਹਟਾ ਕੇ ਖੇਡਾਂ ਵਲ ਪ੍ਰੇਰਤ ਕਰਦਾ ਹੈ। ਜਨਵਰੀ ਮਹੀਨੇ ਵਿਚ ਹੀ ਇਸ ਪਰਿਵਾਰ ਨੇ ਆਪਣੇ ਪਿੰਡ ਇਬਰਾਹੀਮਪੁਰ ਵਿਖੇ ਗੁਰਮਤਿ ਸਮਾਗਮ ਕਰਵਾਇਆ ਜਿਸ ਵਿਚ ਸਿੱਖ ਕੌਮ ਦੇ ਪ੍ਰਸਿੱਧ ਵਿਦਵਾਨਾਂ ਤੇ ਕਥਾਵਾਚਕਾਂ ਨੇ ਸੰਗਤ ਨਾਲ ਗੁਰਮਤਿ ਵਿਚਾਰਾਂ ਦੀ ਸਾਂਝ ਪਾਈ।

ਇਸ ਸਾਲ ਦਾ ਚੌਥਾ ਯਾਦਗਾਰੀ ਹਰਭਜਨ ਸਿੰਘ ਕਬੱਡੀ ਮੇਲਾ 20 ਜਨਵਰੀ ਨੂੰ ਕਰਵਾਇਆ ਗਿਆ। ਅੰਤਰਰਾਸ਼ਟਰੀ ਖੇਡ ਲੇਖਕ ਪ੍ਰਿੰ. ਸਰਬਣ ਸਿੰਘ ਤੇ ਕਮੈਂਟੇਟਰ ਪ੍ਰੋ. ਮੱਖਣ ਸਿੰਘ ਤੋਂ ਮੈਨੂੰ ਇਸ ਟੂਰਨਾਮੈਂਟ ਬਾਰੇ ਇਕ ਦਿਨ ਪਹਿਲਾਂ ਹੀ ਪਤਾ ਚੱਲਿਆ ਸੀ। ਮੈਂ ਗੁਰਮੁੱਖ-ਪਹਿਲਵਾਨ ਨੂੰ ਪਟਿਆਲੇ ਮਿਲਣ ਦਾ ਪ੍ਰੋਗਰਾਮ ਕੈਂਸਲ ਕਰਕੇ ਇਸ ਖੇਡ ਮੇਲੇ ਦਾ ਅਨੰਦ ਮਾਨਣਾ ਚਾਹਿਆ। ਪਿੰਡ ਪਹੁੰਚਿਆ ਤਾਂ ਗਰਾਊਂਡ ਵਲ ਜਾਣ ਲਈ ਕਲੀ ਦੇ ਨਿਸ਼ਾਨ ਲੱਗੇ ਹੋਏ ਸਨ। ਕਬੱਡੀ ਦੇ ਸ਼ੌਕੀਨ ਟਰਾਲੀਆਂ, ਦਰਖਤਾਂ ਤੇ ਕੋਠਿਆਂ 'ਤੇ ਬੈਠੇ ਖੇਡ ਮੇਲੇ ਦਾ ਅਨੰਦ ਮਾਣ ਰਹੇ ਸਨ। ਦੋਵੇਂ ਭਰਾ ਦਰਸ਼ਨ ਸਿੰਘ ਦਰੜ ਤੇ ਰੇਸ਼ਮ ਸਿੰਘ ਬੜੇ ਤਪਾਕ ਨਾਲ ਮਿਲੇ। ਸਟੇਜ 'ਤੇ ਖੜ੍ਹੇ ਬਲਵੀਰ ਸਿੰਘ ਬੈਂਸ (ਪੰਜਾਬ ਕਬੱਡੀ ਸੰਸਥਾ ਦੇ ਜਨਰਲ ਸਕੱਤਰ ਤੇ ਉਲੰਪੀਅਨ ਜਰਨੈਲ ਸਿੰਘ ਪਨਾਮਾ ਕਮੇਟੀ ਦੇ ਮੈਂਬਰ) ਨੇ ਵੇਖਦੇ ਹੀ ਮਾਈਕ ਤੋਂ ਮੈਨੂੰ ਜੀ ਆਇਆ ਕਿਹਾ ਤੇ ਅਮੈਰਿਕਾ 'ਚ ਛਪਦੇ ਮੇਰੇ ਖੇਡ ਲੇਖਾਂ ਬਾਰੇ ਦਰਸ਼ਕਾਂ ਨੂੰ ਜਾਣੂ ਕਰਾਇਆ।

ਅਗਲਾ ਮੈਚ ਸ਼ੁਰੂ ਹੋਣ ਤੋਂ ਪਹਿਲਾਂ ਪ੍ਰਿੰ. ਸਰਵਣ ਸਿੰਘ, ਮੇਜਰ ਸਿੰਘ ਮੌਜੀ, ਪ੍ਰੋ. ਮੱਖਣ ਸਿੰਘ ਤੇ ਹੋਰ ਪਤਵੰਤੇ ਸੱਜਣ ਗਰਾਊਂਡ ਵਿਚ ਖਿਡਾਰੀਆਂ ਨੂੰ ਆਸ਼ੀਰਵਾਦ ਦੇ ਰਹੇ ਸਨ। ਪ੍ਰੋ. ਮੱਖਣ ਸਿੰਘ ਦੀ ਕੁਮੈਂਟਰੀ ਲੱਗੀ ਗੂੰਜਾਂ ਪਾਉਣ, ਲਉ ਜੀ ਆ ਗਿਆ ਗੱਭਰੂ ....ਲਾਇਆ 'ਹੰਦਿਆਂ' ਨੂੰ ਹੱਥ ...ਟੇਕਿਆ ਮੱਥਾ...ਮਾਰੀ ਥਾਪੀ...ਹੁਣ ਨੀ ਰੁਕਦਾ ਕਿਸੇ ਤੋਂ...ਲਾਇਆ ਹੱਥ...ਔਹ ਗਿਆ.....ਔਹ ਗਿਆ। ਇਸ ਤਰ੍ਹਾਂ ਖਿਡਾਰੀਆਂ ਦੇ ਜੁੱਸਿਆਂ ਨੂੰ ਹੱਲਾਸ਼ੇਰੀ ਦਿੰਦਾ ਮੱਖਣ ਸਿੰਘ ਕਮੈਂਟਰੀ ਦੀਆਂ ਛਹਿਬਰਾਂ ਲਾ ਰਿਹਾ ਸੀ। ਵਿਚੋਂ ਵਿਚ ਗੁਰਮੁੱਖ ਪਹਿਲਵਾਨ ਤੇ ਬੱਧੂ ਪਹਿਲਵਾਨ ਦੀ ਪਹਿਲਵਾਨੀ ਦੀਆਂ ਗੱਲਾਂ ਕਰੀ ਜਾ ਰਿਹਾ ਸੀ। ਦਰਸ਼ਕ ਮੰਤਰ-ਮੁਗਧ ਹੋਏ ਖੇਡ ਮੇਲੇ ਦਾ ਪੂਰਾ ਲੁਤਫ ਲੈ ਰਹੇ ਸਨ।

ਥੋੜੀ ਦੇਰ ਬਾਅਦ ਕਬੱਡੀ ਦਾ ਰੁਸਤਮ ਤੇ ਪੁਲਿਸ ਅਫ਼ਸਰ ਬਲਵਿੰਦਰ ਫਿੱਡੂ ਆਪਣੇ ਗੰਨਮੈਨਾਂ ਨਾਲ ਸਟੇਜ 'ਤੇ ਆ ਬਿਰਾਜਿਆ। ਕੈਨੇਡਾ ਤੋਂ ਉਲੰਪੀਅਨ ਜਰਨੈਲ ਸਿੰਘ ਪਨਾਮਾ ਦਾ ਬੇਟਾ ਹਰਸ਼ਮੋਹਣ ਅਤੇ ਪੋਤਾ ਵੀ ਸਟੇਜ 'ਤੇ ਆ ਪਹੁੰਚੇ। ਉਹੀ ਪੋਤਾ (ਹਰਸ਼ਮੋਹਣ ਦਾ ਬੇਟਾ) ਜਿਸ ਵਾਸਤੇ ਜਰਨੈਲ ਸਿੰਘ ਦਵਾਈ ਲੈਣ ਗਿਆ ਸੀ। ਜਰਨੈਲ ਸਿੰਘ ਦੀ ਜ਼ਿੰਦਗੀ ਦਾ ਉਹ ਆਖਰੀ ਦਿਨ ਸੀ।

ਮਾਈਕ ਤੋਂ ਬਲਵੀਰ ਸਿੰਘ ਬੈਂਸ ਨੇ ਐਮ.ਐਲ.ਏ. ਲਵ ਕੁਮਾਰ ਗੋਲਡੀ ਦੇ ਆਉਣ ਦੀ ਜਾਣਕਾਰੀ ਦਿੱਤੀ ਜਿਸ ਨੂੰ ਪੂਰੇ ਕਾਫ਼ਲੇ ਨਾਲ ਹਾਰ ਪਾ ਕੇ ਢੋਲ ਢਮੱਕੇ ਨਾਲ ਗਰਾਊਂਡ ਵਿਚ ਲਿਆਂਦਾ ਗਿਆ। ਘੜੇ ਵਿਚ ਪਾਈਆਂ ਪਰਚੀਆਂ ਰਾਹੀਂ ਔਰਤਾਂ ਵਾਸਤੇ ਸਿਲਾਈ ਮਸ਼ੀਨਾਂ, ਜੂਸਰ ਅਤੇ ਮਰਦਾਂ ਵਾਸਤੇ ਸਾਈਕਲਾਂ ਦੀਆਂ ਪਰਚੀਆਂ ਕੱਢੀਆਂ ਜਾ ਰਹੀਆਂ ਸਨ। ਪਰਚੀਆਂ ਕੱਢਣ ਦਾ ਕਾਰਜ ਕਦੇ ਵਿਧਾਇਕ ਗੋਲਡੀ ਕਰਦੇ ਤੇ ਕਦੇ ਬਲਵਿੰਦਰ ਫਿੱਡੂ।

ਉਧਰ ਕਬੱਡੀ ਦੀ ਧੂੰਆਂਧਾਰ ਕਮੈਂਟਰੀ ਚਲ ਰਹੀ ਸੀ। ਪ੍ਰੋ. ਮੱਖਣ ਸਿੰਘ ਅਤੇ ਪ੍ਰਿੰ. ਸਰਵਣ ਸਿੰਘ ਵਾਰੋ ਵਾਰੀ ਕਮੈਂਟਰੀ ਦੀਆਂ ਰੇਡਾਂ ਪਾ ਰਹੇ ਸਨ। ਪ੍ਰਿੰ. ਸਰਵਣ ਸਿੰਘ ਦੀ ਆਵਾਜ਼ ਗੂੰਜੀ, ''ਆਸਾ ਸਿੰਘ ਮਸਤਾਨਾ ਗਏ ਨਹੀਂ ਸਾਡੇ ਵਿਚਕਾਰ ਨੇ ਔਹ ਵੇਖੋ ਗਰਾਊਂਡ ਵਿਚ ਖੜੇ ਨੇ। ਇਨ੍ਹਾਂ ਨੂੰ ਵੇਖਦਿਆਂ ਹੀ ਮਸਤਾਨਾ ਜੀ ਦੀ ਯਾਦ ਆ ਜਾਂਦੀ ਐ।'' ਉਹ ਮੇਜਰ ਸਿੰਘ ਮੌਜੀ ਦਾ ਚਿਹਰਾ-ਮੋਹਰਾ ਮਸਤਾਨੇ ਨਾਲ ਮਿਲਦਾ ਹੋਣ ਕਰਕੇ ਆਖ ਰਹੇ ਸਨ। ਫਿਰ ਬੋਲੇ, ''...ਲਉ ਜੀ, ਆਹ ਚੱਲਿਆ ਪੀਲੇ ਕਛਿਹਰੇ ਵਾਲਾ...ਟੇਕਿਆ ਮੱਥਾ ਧਰਤੀ ਮਾਂ ਨੂੰ...ਮਾਰੀ ਥਾਪੀ...ਔਹ ਗਿਆ ਲਾਇਆ ਹੱਥ ਲਾਲ ਕਛਹਿਰੇ ਵਾਲੇ ਨੂੰ...ਲਾਲ ਕਛਿਹਰੇ ਵਾਲੇ ਨੇ ਪਾ ਲਿਆ ਜੱਫਾ...ਕਹਿੰਦਾ ਮੈਂ ਜਾਣ ਨੀ ਦੇਣਾ...ਪੀਲੇ ਵਾਲਾ ਕਹਿੰਦਾ ਮੈਂ ਲੈ ਕੇ ਜਾਣਾ...ਮੈਨੂੰ ਰੋਕ ਕੇ ਦਿਖਾ...ਲਾਲ ਵਾਲੇ ਨੇ ਮਾਰੀ ਕੈਂਚੀ...ਸਿਟ ਲਿਆ ਪੀਲੇ ਨੂੰ...ਨੰਬਰ ਲਾਲ ਕਛਿਹਰੇ ਵਾਲੇ ਦਾ...ਵੱਜ ਗਈ ਵਿਸਲ...ਫਰਕਦੇ ਸਰੀਰ ਤੋਂ ਮਿੱਟੀ ਝਾੜਦਾ ਤੁਰ ਪਿਆ ਗੱਭਰੂ...।'' ਇਨੇ ਚਿਰ ਨੂੰ ਚਾਹ ਪਾਣੀ ਪੀ ਕੇ ਪ੍ਰੋ. ਮੱਖਣ ਸਿੰਘ ਤਰੋ ਤਾਜ਼ਾ ਹੋ ਗਏ ਤੇ ਫੜ ਲਿਆ ਮਾਈਕ, ''...ਮਾਰੀ ਥਾਪੀ... ਮੋਹਰਿਉਂ ਮਾਰੀ ਧੌਲ...ਜੁਆਨ ਡਿੱਗਦਾ ਡਿੱਗਦਾ ਬਚ ਗਿਆ... ਫਾਊਲ ਮਾਰਨ 'ਤੇ ਨੰਬਰ ਦੂਜੇ ਪਾਸੇ...ਮਾਰੀ ਰੈਫਰੀ ਨੇ ਵਿਸਲ...ਰੈਫਰੀ ਦਾ ਅਟੱਲ ਫੈਸਲਾ...।'' ਕੁਮੈਂਟਰੀ 'ਚ ਮੱਖਣ ਸਿੰਘ ਦਾ ਸਾਥ ਕਦੇ ਕਦੇ ਮਨਜੀਤ ਸਿੰਘ ਕੰਗ ਵੀ ਦੇ ਰਿਹਾ ਸੀ।

ਖੇਡ ਮੇਲਾ ਪੂਰੇ ਜੋਬਨ 'ਤੇ ਚਲ ਰਿਹਾ ਸੀ। ਖੇਡ ਮੈਦਾਨ 'ਚ ਕੋਈ ਸੰਗਲ ਤੋੜ ਰਿਹਾ ਸੀ। ਕੋਈ ਧੌਣ ਨਾਲ ਬੰਨ ਕੇ ਭਾਰ ਚੁੱਕ ਰਿਹਾ ਸੀ। ਤੇ ਕੋਈ ਦੰਦਾਂ ਨਾਲ ਸਾਈਕਲ ਚੁੱਕ ਰਿਹਾ ਸੀ। ਨਵਾਂ ਸ਼ਹਿਰ ਦਾ ਮਾਲੀਆ ਸਟੂਡੀਓ ਕਰੇਨ ਵਾਲੇ ਕੈਮਰੇ ਨਾਲ ਮੂਵੀ ਬਣਾ ਰਿਹਾ ਸੀ ਤੇ ਧੜਾ ਧੜ ਫੋਟੋਆਂ ਖਿੱਚ ਰਿਹਾ ਸੀ।

ਦਰਸ਼ਕਾਂ ਦਾ ਧਿਆਨ ਉਦੋਂ ਇਕ ਦਮ ਖਿੱਚਿਆ ਗਿਆ ਜਦੋਂ ਗਾਇਕ ਕਮਲ ਹੀਰ ਦੇ ਆਉਣ ਦੀ ਸੂਚਨਾ ਦਿੱਤੀ ਗਈ। ਹੱਸਦੇ ਟੱਪਦੇ ਕਮਲ ਹੀਰ ਨੂੰ ਹਾਰ ਪਾ ਕੇ ਢੋਲ ਵਜਾ ਕੇ ਗਰਾਊਂਡ ਵਿਚ ਦਰਸ਼ਕਾਂ ਦੇ ਰੂਬਰੂ ਕੀਤਾ। ਕਮਲ ਹੀਰ ਤੋਂ ਪਹਿਲਾਂ ਗੀਤਕਾਰ ਜਸਵੀਰ ਗੁਣਾਚੌਰੀਏ ਨੂੰ ਪੂਰੇ ਮਾਣ ਤਾਣ ਨਾਲ ਦਰਸ਼ਨ ਦਰੜ ਤੇ ਕਮੇਟੀ ਮੈਂਬਰਾਂ ਨੇ ਖੇਡ ਮੈਦਾਨ ਵਿਚ ਲਿਆਂਦਾ ਪਰ ਧਿਆਨ ਸਭ ਦਾ ਕਮਲ ਹੀਰ ਵਲ ਸੀ। ਬਲਵਿੰਦਰ ਫਿੱਡੂ, ਕਮਲ ਹੀਰ ਤੇ ਜਸਵੀਰ ਗੁਣਾਚੋਰੀਏ ਨੂੰ ਕਮੇਟੀ ਵਲੋਂ ਗੋਲਡ ਮੈਡਲਾਂ ਨਾਲ ਸਨਮਾਨਤ ਕੀਤਾ ਗਿਆ।

ਅਖੀਰਲੇ ਮੈਚ ਤੋਂ ਪਹਿਲਾਂ ਪੰਜਾਬ ਤੇ ਹਰਿਆਣਾ ਦੀਆਂ ਕੁੜੀਆਂ ਦਾ ਕਾਂਟੇਦਾਰ ਕਬੱਡੀ ਮੈਚ ਹੋਇਆ, ਜਿਸ 'ਚ ਹਰਿਆਣਾ ਜੇਤੂ ਰਿਹਾ। ਇਸ ਮੈਚ ਦੀ ਕਮੈਂਟਰੀ ਮਨਜੀਤ ਸਿੰਘ ਕੰਗ ਨੇ ਕੀਤੀ। ਕਬੱਡੀ ਮੈਚਾਂ ਦੇ ਰੈਫਰੀ ਸਨ-ਜਸਵੰਤ ਸਿੰਘ ਜੱਸੀ ਜੱਬੋਵਾਲ, ਸੁੱਚਾ ਸਿੰਘ ਤੇ ਸਾਥੀ।



***ਇਬਰਾਹੀਮਪੁਰ ਦੇ ਖੇਡ ਮੇਲੇ ਵਿਚ ਲੇਖਕ ਇਕਬਾਲ ਜੱਬੋਵਾਲ ਦਾ ਸਨਮਾਨ ਕਰਦੇ ਹੋਏ ਸੁਰਿੰਦਰ ਸਿੰਘ ਸੋਢੀ ਤੇ ਮੇਜਰ ਸਿੰਘ ਮੌਜੀ। ਤਸਵੀਰ ਵਿਚ (ਖੱਬਿਓਂ) ਦਰਸ਼ਨ ਸਿੰਘ ਦਰੜ ਤੇ ਪ੍ਰਿੰ. ਸਰਵਣ ਸਿੰਘ ਵੀ ਨਜ਼ਰ ਆ ਰਹੇ ਹਨ।***

ਏਨੇ ਨੂੰ ਆਨੰਦਪੁਰ ਸਾਹਿਬ ਤੋਂ ਐਮ.ਪੀ. ਕਾਂਗਰਸੀ ਨੌਜਵਾਨ ਅਤੇ ਬੇਅੰਤ ਸਿੰਘ ਦਾ ਪੋਤਾ ਰਵਨੀਤ ਸਿੰਘ ਬਿੱਟੂ ਆਪਣੇ ਗੰਨਮੈਨਾਂ ਅਤੇ ਹੋਰ ਸਾਥੀਆਂ ਨਾਲ ਖੇਡ ਮੇਲੇ 'ਚ ਆ ਪਹੁੰਚਿਆ।

ਨੌਜਵਾਨਾਂ ਦਾ ਅਖੀਰਲਾ ਕਬੱਡੀ ਮੈਚ ਮੁੱਕਦੇ ਹੀ ਨਾਲ ਦੀ ਸਟੇਜ 'ਤੇ ਕਮਲ ਹੀਰ ਦੇ ਸਾਜੀਆਂ ਨੇ ਰੌਣਕਾਂ ਲਾ ਦਿੱਤੀਆਂ। ਭੰਗੜੇ ਤੋਂ ਢੋਲ ਢਮੱਕੇ ਵਿਚ ਹੀ ਰਵਨੀਤ ਸਿੰਘ ਬਿੱਟੂ ਨੇ ਇਨਾਮਾਂ ਦੀ ਵੰਡ ਕੀਤੀ। ਜਾ ਚੜ੍ਹਿਆ ਸਟੇਜ 'ਤੇ ਕਮਲ ਹੀਰ ਤੇ ਮਾਰੀ ਵਾਜ ਜਸਵੀਰ ਗੁਣਾਚੋਰੀਏ ਨੂੰ। ਕਾਲਾ ਕੋਟ, ਕਾਲੀ ਪੱਗ ਤੇ ਸੋਹਣੇ ਖਤ ਵਾਲਾ ਸ਼ੌਕੀਨ ਗੱਭਰੂ ਜਸਵੀਰ ਜਾ ਹਾਜ਼ਰ ਹੋਇਆ। ਕਮਲ ਹੀਰ ਨੇ ਜਸਵੀਰ ਦਾ ਹੱਥ ਫੜ ਕੇ ਜਸਵੀਰ ਦਾ ਹੀ ਲਿਖਿਆ ਗੀਤ ਗਾਉਣਾ ਸ਼ੁਰੂ ਕਰ ਦਿੱਤਾ, ''ਨਸ਼ਾ ਕੈਸਾ ਲੱਗਿਆ ਨਸ਼ੇੜੀ ਦਿਲ ਨੂੰ, ਲੱਭੇ ਕੋਈ ਘਰ ਦੀ ਸ਼ਰਾਬ ਵਰਗੀ''। ਨੱਚਣ ਵਾਲਿਆਂ ਨੇ ਸਟੇਜ 'ਤੇ ਭੱੜਥੂ ਪਾ ਦਿੱਤਾ। ਇਸ ਗੀਤ ਦੀ ਵਾਰ ਵਾਰ ਮੰਗ ਕੀਤੀ ਗਈ। ਬੋਲ ਸੁਣ ਕੇ ਹੀ ਭੰਗੜਾ ਫਿਰ ਸ਼ੁਰੂ। ਭੰਗੜੇ ਦੀ ਤਾਲ ਸੁਣਦੇ ਹੀ ਸਟੇਜ ਮੋਹਰਿਉਂ ਗੰਨਮੈਨਾਂ 'ਚੋਂ ਉੱਠ ਕੇ ਬਲਵਿੰਦਰ ਫਿੱਡੂ ਜਾ ਚੜ੍ਹਿਆ ਸਟੇਜ 'ਤੇ। ਲੱਗਾ ਕਮਲ ਹੀਰ, ਜਸਵੀਰ ਤੇ ਦਰਸ਼ਨ ਦਰੜ ਹੁਣਾਂ ਨਾਲ ਭੰਗੜਾ ਪਾਉਣ। ਭੰਗੜਾ ਪੂਰੇ ਜ਼ੋਰਾਂ 'ਤੇ ਹੋ ਗਿਆ। ਭੰਗੜੇ ਦਾ ਰੰਗ ਵੇਖ ਕੇ ਸਟੇਜ 'ਤੇ ਪਰ੍ਹੇ ਖੜ੍ਹੇ ਪ੍ਰਿੰ. ਸਰਬਣ ਸਿੰਘ ਤੇ ਪ੍ਰੋ. ਮੱਖਣ ਸਿੰਘ ਹੁਣਾਂ ਦੇ ਪੱਬ ਵੀ ਸਟੇਜ ਵਲ ਨੂੰ ਹੋ ਤੁਰੇ।

ਅਗਲਾ ਗੀਤ ''ਜਿੰਦੇ ਨੀ ਜਿੰਦੇ ਤੇਰੇ ਵਾਅਦੇ ਦੁੱਖ-ਦਿੰਦੇ ਤੇਰੇ''। ''ਕੌਡੀ ਕੌਡੀ ਖੇਡ ਮੁੰਡਿਆ'' ਵਰਗੇ ਗੀਤਾਂ ਤੇ ਫਿੱਡੂ ਨੇ ਖੁਲ੍ਹ ਕੇ ਭੰਗੜਾ ਪਾਇਆ। ਜ਼ਿਆਦਾ ਧੁੰਦ, ਠੰਡ ਤੇ ਹਨ੍ਹੇਰਾ ਹੋਣ ਕਰਕੇ ਐਮ.ਐਲ.ਏ., ਐਮ.ਪੀ., ਫਿੱਡੂ ਤੇ ਹੋਰ ਪਤਵੰਤੇ ਸੱਜਣ ਹੌਲੀ ਹੌਲੀ ਆਪੋ ਆਪਣੇ ਟਿਕਾਣਿਆਂ ਨੂੰ ਤੁਰ ਪਏ।

ਦਰਸ਼ਨ ਦਰੜ ਦੇ ਪਿਆਰ ਭਰੇ ਨਿੱਘੇ ਬੋਲਾਂ ਨਾਲ ਪ੍ਰਿੰ. ਸਰਵਣ ਸਿੰਘ, ਪ੍ਰੋ. ਮੱਖਣ ਸਿੰਘ ਤੇ ਮੈਂ ਉਹਨਾਂ ਦੇ ਘਰ ਚਾਹ ਪੀ ਕੇ ਜਾਣਾ ਸੀ। ਬੈਠਕ ਵਿਚ ਜਾ ਕੇ ਬੈਠੇ ਤਾਂ ਉਥੇ ਪਹਿਲਾਂ ਹੀ ਦਰਸ਼ਨ ਹੁਣਾਂ ਦੇ ਪਰਿਵਾਰਕ ਦੋਸਤ ਤੇ ਰਿਸ਼ਤੇਦਾਰ ਬੈਠੇ ਸਨ। ਕਮਲ ਹੀਰ ਤੇ ਜਸਵੀਰ ਗੁਣਾਚੌਰੀਆ ਵੀ ਬੈਠਕ ਵਿਚ ਆ ਲੰਘੇ। ਮਗਰੇ ਹੀ ਸਾਰੇ ਪਿੰਡ ਦੇ ਜੁਆਕ ਆ ਧਮਕੇ। ਦਰਸ਼ਨ ਨੇ ਬੜੇ ਪਿਆਰ ਨਾਲ ਬੱਚਿਆਂ ਤੋਂ ਕਮਲ ਹੀਰ ਦਾ ਪਿੱਛਾ ਛੁਡਾਇਆ। ਅਸੀਂ ਸਾਰਿਆਂ 'ਕੱਠਿਆਂ ਨੇ ਚਾਹ ਪੀਤੀ, ਗੱਪ-ਸ਼ੱਪ ਮਾਰੀ ਤੇ ਦਰਸ਼ਨ ਤੋਂ ਆਗਿਆ ਲੈ ਕੇ ਬੈਠਕ 'ਚੋਂ ਬਾਹਰ ਆ ਗਏ। ਪ੍ਰਿੰਸੀਪਲ ਸਾਹਿਬ ਤੇ ਪ੍ਰੋ. ਮੱਖਣ ਸਿੰਘ ਆਪਣੀ ਕਾਰ 'ਚ ਬੈਠ ਗਏ। ਮਗਰਲੀ ਗੱਡੀ 'ਚ ਮੈਂ ਤੇ ਮੇਰਾ ਭਾਣਜਾ ਅਮ੍ਰਿਤਪਾਲ ਆ ਬੈਠੇ। ਗੱਡੀ ਭਾਣਜਾ ਹੀ ਚਲਾਉਂਦਾ ਸੀ। ਇੰਡੀਆ ਜਾ ਕੇ ਮੈਂ ਕਦੇ ਗੱਡੀ ਨਹੀਂ ਚਲਾਉਂਦਾ ਕਿਉਂਕਿ ਖਰਾਬ ਸੜਕਾਂ ਤੇ ਪੁੱਠੇ ਹੱਥ ਡਰਾਈਵਿੰਗ ਕਰਕੇ ਖ਼ਤਰਾ ਮੁੱਲ ਲੈਣ ਨੂੰ ਦਿਲ ਨਹੀਂ ਕਰਦਾ। ਜਿਆਦਾ ਧੁੰਦ ਹੋਣ ਕਰਕੇ ਗੱਡੀਆਂ ਹੌਲੀ ਹੌਲੀ ਤੋਰ ਲਈਆਂ।

ਅਸੀਂ ਗੜ੍ਹਸ਼ੰਕਰ ਤੋਂ ਅਰਦਾਸਾਂ ਕਰਦੇ ਹੌਲੀ ਹੌਲੀ ਪਿੰਡ ਨੂੰ ਤੁਰ ਪਏ। ਹੇ ਮਾਲਕਾ, ਕ੍ਰਿਪਾ ਕਰੀਂ ਠੀਕ ਠਾਕ ਪਹੁੰਚ ਜਾਈਏ ਪਿੰਡ। ਰਸਤੇ 'ਚ ਟਰੱਕਾਂ ਵਾਲੇ ਹਾਈ ਬੀਮ ਚਲਾਈ ਹੌਲੀ ਹੌਲੀ ਜਾ ਰਹੇ ਸਨ। ਹਵੇਲੀ ਜਾ ਕੇ ਗੱਡੀ ਲਾਈ ਤੇ ਸੁੱਖ ਦਾ ਸਾਹ ਲਿਆ। ਠੰਡ, ਧੁੰਦ ਤੇ ਹਨ੍ਹੇਰ ਘੁੱਪ ਕਾਰਨ ਘਰਦੇ ਪਹਿਲੋਂ ਹੀ ਫਿਕਰਮੰਦ ਹੋਏ ਬੈਠੇ ਸਨ।

ਅਮਰੀਕਾ ਦੇ ਖੇਡ ਮੇਲਿਆਂ ਵਿਚ ਵੀ ਦਰਸ਼ਨ ਦਰੜ ਵਲੋਂ ਬਣਦਾ ਸਰਦਾ ਯੋਗਦਾਨ ਪਾਇਆ ਜਾਂਦਾ ਹੈ। ਇਸ ਤੋਂ ਇਲਾਵਾ ਵਾਰਿਸ ਭਰਾਵਾਂ ਦਾ ਪੰਜਾਬੀ ਵਿਰਸਾ ਵੀ ਦਰਸ਼ਨ ਸਿੰਘ ਦਰੜ ਨੇ ਸ਼ੁਰੂ ਕੀਤਾ ਸੀ ਜਿਸਨੂੰ ਪੰਜਾਬੀਆਂ ਵਲੋਂ ਭਰਵਾਂ ਹੁੰਗਾਰਾ ਮਿਲਿਆ।

# ਡਰਗ ਸਕੈਂਡਲ 'ਚ ਹਰਜੀਤ ਮਾਨ ਨੂੰ 23 ਸਾਲ ਦੀ ਕੈਦ

**ਬੇਕਰਜ਼ਫੀਲਡ:** ਕੈਨੇਡੀਅਨ ਸਿਟੀਜ਼ਨ ਅਤੇ ਬੇਕਰਜ਼ਫੀਲਡ ਵਾਸੀ ਹਰਜੀਤ ਸਿੰਘ ਮਾਨ (51) ਨੂੰ ਦੋ ਸਾਲ ਪਹਿਲਾਂ ਇਥੇ ਫੜ੍ਹੇ ਗਏ ਮਿਲੀਅਨ ਡਾਲਰ ਦੇ ਡਰਗ ਸਕੈਂਡਲ ਵਿਚ ਸਾਢੇ ਤੇਈ ਸਾਲ ਦੀ ਕੈਦ ਦੀ ਸਜ਼ਾ ਸੁਣਾਈ ਗਈ ਹੈ।

ਫੈਡਰਲ ਅਟਾਰਨੀ ਬੈਂਜਾਮਿਨ ਵੈਗਨਰ ਅਤੇ ਡਰਗ ਇਨਫੋਰਸਮੈਂਟ ਦੇ ਸਪੈਸ਼ਲ ਏਜੰਟ ਇੰਚਾਰਜ ਐਂਥਨੀ ਵਿਲੀਅਮਸ ਨੇ ਪੱਤਰਕਾਰਾਂ ਨੂੰ ਇਹ ਜਾਣਕਾਰੀ ਦਿੰਦਿਆਂ ਦੱਸਿਆ ਕਿ ਇਹ ਡਰਗ ਸਕੈਂਡਲ ਡਰਗ ਵਿਰੋਧੀ ਫੈਡਰਲ ਏਜੰਸੀਆਂ ਅਤੇ ਬੇਕਰਜ਼ਫੀਲਡ ਪੁਲਿਸ ਵਿਭਾਗ ਤੋਂ ਇਲਾਵਾ ਟੋਰਾਂਟੋ ਪੁਲਿਸ, ਇਲੀਨਾਏ ਸਟੇਟ ਪੁਲਿਸ, ਜੈਸਪਰ ਕਾਊਂਟੀ (ਇੰਡੀਆਨਾ) ਸ਼ੈਰਿਫ ਡਿਪਾਰਟਮੈਂਟ, ਮਰਸਡ ਪੁਲਿਸ ਅਤੇ ਲਿਵਿੰਗਸਟਨ ਪੁਲਿਸ ਵਿਭਾਗ ਦੀ ਸਾਂਝੀ ਪੜਤਾਲ ਦੇ ਨਤੀਜੇ ਵਜੋਂ ਫੜਿਆ ਗਿਆ ਸੀ।

ਜ਼ਿਕਰਯੋਗ ਹੈ ਕਿ ਹਰਜੀਤ ਮਾਨ ਅਤੇ ਉਸ ਦੇ ਸਾਥੀਆਂ 40 ਸਾਲਾ ਸੁਖਰਾਜ ਧਾਲੀਵਾਲ ਤੇ 34 ਸਾਲਾ ਜਸਦੇਵ ਸਿੰਘ ਨੇ ਇਕ ਅੰਡਰ ਕਵਰ ਏਜੰਟ ਨਾਲ 70 ਕਿਲੋ ਕੋਕੀਨ ਖਰੀਦਣ ਦਾ ਸੌਦਾ ਕੀਤਾ ਅਤੇ ਇਸ ਲਈ ਕਰੀਬ 10 ਲੱਖ ਡਾਲਰ ਲੈ ਕੇ ਬੇਕਰਜ਼ਫੀਲਡ ਦੇ ਇਕ ਰੈਸਟੋਰੈਂਟ ਵਿਚ ਪਹੁੰਚੇ ਜਿਥੇ ਜਾਂਚ ਏਜੰਸੀਆਂ ਨੇ ਆਪਣੇ ਵਿਛਾਏ ਜਾਲ ਵਿਚ ਫਸਾ ਕੇ ਉਨ੍ਹਾਂ ਨੂੰ ਗ੍ਰਿਫਤਾਰ ਕਰ ਲਿਆ। ਇਸ ਸੌਦੇ ਦੌਰਾਨ ਹਰਜੀਤ ਮਾਨ ਨੇ ਦਾਅਵਾ ਕੀਤਾ ਸੀ ਕਿ ਉਹ ਇਸ ਧੰਦੇ ਵਿਚ ਸਭ ਤੋਂ ਵੱਡਾ ਸਰਗਨਾ ਹੈ ਅਤੇ ਉਸ ਨੇ ਸੰਨ 2003 ਤੋਂ 2008 ਦਰਮਿਆਨ ਬੇਕਰਜ਼ਫੀਲਡ ਤੋਂ ਟੋਰਾਂਟੋ ਵਿਚਾਲੇ 36 ਹਜ਼ਾਰ ਕਿਲੋਗ੍ਰਾਮ ਕੋਕੀਨ ਢੋਈ ਹੈ। ਉਸ ਨੇ ਉਦੋਂ ਅੰਡਰ ਕਵਰ ਏਜੰਟ ਨੂੰ ਮੈਥਾਫੈਂਟਾਮਾਈਨ ਨਾਂ ਦਾ ਨਸ਼ੀਲਾ ਰਸਾਇਣ ਬਣਾਉਣ ਲਈ ਵਰਤਿਆ ਜਾਂਦਾ ਇਕ ਹੋਰ ਰਸਾਇਣ ਐਫੀਡਰਾਈਨ 50 ਕਿਲੋ ਦੀਆਂ ਬਾਲਟੀਆਂ ਵਿਚ 33 ਹਜ਼ਾਰ ਡਾਲਰ ਪ੍ਰਤੀ ਬਾਲਟੀ ਦੇ ਹਿਸਾਬ ਵੇਚਣ ਦੀ ਪੇਸ਼ਕਸ਼ ਵੀ ਕੀਤੀ। ਉਸ ਨੇ ਇਹ ਨਸ਼ਾ ਇੰਡੀਆ ਤੋਂ ਮੰਗਵਾਉਣਾ ਸੀ।

ਜ਼ਿਕਰਯੋਗ ਹੈ ਕਿ 25 ਜੂਨ 2009 ਨੂੰ ਜਿਊਰੀ ਨੇ ਘੱਟੋ ਘੱਟ 202 ਕਿਲੋਗ੍ਰਾਮ ਕੋਕੀਨ ਵੇਚਣ ਅਤੇ 70 ਕਿਲੋਗ੍ਰਾਮ ਕੋਕੀਨ ਕੋਈ 843,000 ਡਾਲਰ ਨਕਦ ਖਰਚ ਕੇ ਖਰੀਦਣ ਦੀ ਸਾਜ਼ਿਸ਼ ਰਚਣ ਦਾ ਦੋਸ਼ੀ ਕਰਾਰ ਦਿੱਤਾ। ਸੁਣਵਾਈ ਤੋਂ ਬਾਅਦ ਸੀਨੀਅਰ ਯੂ ਐਸ ਡਿਸਟ੍ਰਿਕ ਜੱਜ ਓਲੀਵਰ ਵੈਗਨਰ ਨੇ ਫੈਸਲਾ ਦਿੱਤਾ ਕਿ ਮਾਨ ਨਸ਼ੀਲੇ ਪਦਾਰਥਾਂ ਦਾ ਧੰਦਾ ਕਰਨ ਵਾਲੇ ਇਕ ਕੌਮਾਂਤਰੀ ਗਿਰੋਹ ਦਾ ਸਰਗਨਾ ਹੈ ਜੋ ਕਿ ਮੈਕਸੀਕੋ ਤੋਂ ਅਮਰੀਕਾ ਨੂੰ ਕੋਕੀਨ ਸਮਗਲ ਕਰਦਾ ਹੈ ਅਤੇ ਫਿਰ ਇਸ ਨੂੰ ਸੈਮੀ ਟਰੈਕਟਰ ਟਰੇਲਰਾਂ ਰਾਹੀਂ ਕੈਨੇਡਾ, ਡਿਟਰਾਇਟ, ਮਿਸ਼ੀਗਨ ਅਤੇ ਬਫਲੋ, ਨਿਊ ਯਾਰਕ ਨੂੰ ਢੋਂਅਦਾ ਹੈ। ਉਸ ਦੇ ਇਕ ਸਾਥੀ ਧਾਲੀਵਾਲ ਨੂੰ ਵੀ ਦੋਸ਼ੀ ਪਾਇਆ ਗਿਆ ਅਤੇ ਉਸ ਨੂੰ ਦੋ ਹਫਤੇ ਪਹਿਲਾਂ ਦਸ ਸਾਲ ਦੀ ਸਜ਼ਾ ਸੁਣਾਈ ਗਈ। ਲਿਵਿੰਗਸਟਨ ਵਾਸੀ 29 ਸਾਲਾ ਗੁਰਮੀਤ ਬੀਸਲਾ ਜੋ ਕਿ ਮਾਨ ਲਈ ਡਰਗ ਢੋਂਅਦਾ ਸੀ, ਨੂੰ 10 ਕਿਲੋ ਕੋਕੀਨ ਖਰੀਦਣ ਲਈ 169,910 ਡਾਲਰ ਨਕਦ ਲੈਜਾਣ ਦਾ ਦੋਸ਼ੀ ਪਾਇਆ ਗਿਆ। ਇਹ ਨਕਦੀ ਇਲੀਨਾਏ ਸਟੇਟ ਟਰੂਪਰਾਂ ਨੇ ਇਲੀਨਾਏ ਵਿਚ ਸ਼ੈਲਡਨ ਨਜ਼ਦੀਕ ਉਸ ਦੇ ਟਰੇਲਰ ਵਿਚੋਂ ਬਰਾਮਦ ਕੀਤੀ ਸੀ। ਉਸ ਨੂੰ ਵੀ ਟਰਾਇਲ ਦੌਰਾਨ ਦੋਸ਼ੀ ਪਾਇਆ ਗਿਆ ਹੈ ਅਤੇ ਸਜ਼ਾ ਆਉਂਦੀ 26 ਅਪਰੈਲ ਨੂੰ ਸੁਣਾਈ ਜਾਣੀ ਹੈ। ਉਸ ਨੇ ਇਸ ਮਾਮਲੇ ਦੀ ਸੁਣਵਾਈ ਸ਼ੁਰੂ ਹੋਣ ਤੋਂ ਪਹਿਲਾਂ ਹੀ ਡਰਗ ਢੋਅਣ ਦੇ ਆਪਣੇ ਜ਼ੁਰਮ ਦਾ ਇਕਬਾਲ ਕਰ ਲਿਆ ਸੀ।

ਹਰਜੀਤ ਮਾਨ ਪੰਜਾਬ ਵਿਚ ਲੁਧਿਆਣਾ ਨਜ਼ਦੀਕ ਪਿੰਡ ਗੁਰੇ ਤੋਂ ਹੈ ਅਤੇ ਸੁਖਰਾਜ ਧਾਲੀਵਾਲ ਨੇੜਲੇ ਪਿੰਡ ਚਿਮਨਾ ਤੋਂ। ਦੋਹਾਂ ਵਲੋਂ ਪਿੰਡ ਵਿਚ ਕੀਤੇ ਗਏ ਲੋਕ ਭਲਾਈ ਦੇ ਕੰਮਾਂ ਕਰਕੇ ਉਨ੍ਹਾਂ ਨੂੰ ਅੱਜ ਦੇ ਜ਼ਮਾਨੇ ਦੇ ਰੌਬਿਨ ਹੁਡ ਕਰਕੇ ਜਾਣਿਆ ਜਾਂਦਾ ਹੈ।

# ਮੌਨ ਦੀ...ਬਾਬਾ...ਦਾਰਾ

## ਸੰਪਾਦਕ ਦੀ ਡਾਕ

ਸੰਪਾਦਕ ਜੀ,

ਪੰਜਾਬ ਟਾਈਮਜ਼ ਦੇ 27 ਮਾਰਚ ਦੇ ਅੰਕ ਵਿਚ ਛਪੀ ਕਹਾਣੀ 'ਮੌਨ ਦੀ...ਬਾਬਾ...ਦਾਰਾ' ਬਹੁਤ ਵਧੀਆ ਕਹਾਣੀ ਹੈ ਅਤੇ ਸੁਖਜੀਤ ਨੇ ਇਸ ਕਹਾਣੀ ਵਿਚ ਇਨਸਾਨ ਦੇ ਕਪਾਟ ਖੋਲ੍ਹਣ ਦੀ ਕੋਸ਼ਿਸ਼ ਕੀਤੀ ਹੈ। ਮੈਂ ਇਸ ਕਹਾਣੀ ਨੂੰ ਇਕ ਵਾਰ ਨਹੀਂ ਕਈ ਵਾਰ ਪੜ੍ਹਿਆ ਹੈ ਪਰ ਜੋ ਸੱਚਾਈ ਸੁਖਜੀਤ ਨੇ ਇਸ ਕਹਾਣੀ ਵਿਚ ਬਿਆਨ ਕੀਤੀ ਹੈ, ਉਹ ਬੇਮਿਸਾਲ ਹੈ।

ਕਹਾਣੀ ਵਿਚ ਜੋ ਪਿਤਰੀ ਰਿਣ ਦੀ ਗੱਲ ਕੀਤੀ ਗਈ ਹੈ ਕਿ ਮਾਂ ਪਿਓ ਦੇ ਕਰਜ਼ੇ ਬੱਚਿਆਂ ਨੂੰ ਲਾਹੁਣੇ ਪੈਂਦੇ ਹਨ ਤੇ ਮਾਪਿਆਂ ਦੇ ਕੀਤੇ ਗੁਨਾਹਾਂ ਦਾ ਫਲ ਬੱਚਿਆਂ ਨੂੰ ਭੁਗਤਣਾ ਪੈਂਦਾ ਹੈ, ਇਹ ਇਕ ਅਟੱਲ ਸੱਚਾਈ ਹੈ। ਅੱਜ ਹਰ ਕੋਈ ਬੱਚਿਆਂ ਨੂੰ ਕੋਸ ਰਿਹਾ ਹੈ ਕਿ ਬੱਚੇ ਗਲਤ ਹੋ ਰਹੇ ਹਨ, ਬੱਚਿਆਂ ਨੂੰ ਕੋਸ ਕੇ ਆਪਣੀਆਂ ਲਿਖਤਾਂ ਨੂੰ ਦਰਦਮਈ ਬਣਾਇਆ ਜਾ ਰਿਹਾ ਹੈ ਪਰ ਇਸ ਸਭ ਕਾਸੇ ਲਈ ਜ਼ਿੰਮੇਵਾਰ ਕੌਣ ਹੈ? ਇਸ ਬਾਰੇ ਸਮਾਜ ਵੀ ਚੁੱਪ ਹੈ ਤੇ ਲਿਖਾਰੀ ਵੀ ਚੁੱਪ ਹਨ।

ਸੁਖਜੀਤ ਨੇ ਦੂਜੀ ਥਾਂ ਲੋਕਾਂ ਦੇ ਮੂੰਹ 'ਤੇ ਚਪੇੜ ਇਹ ਕਹਿ ਕੇ ਮਾਰੀ ਹੈ ਕਿ ਕਈ ਲੋਕ 50-55 ਸਾਲ ਦੀ ਉਮਰ ਤੱਕ ਦੁਨੀਆਂ ਦਾ ਹਰ ਕੁਕਰਮ ਤੇ ਗੁਨਾਹ ਕਰ ਲੈਂਦੇ ਹਨ ਤੇ ਫਿਰ ਕਿਸੇ ਅਖੌਤੀ ਸਾਧ ਦੇ ਮਗਰ ਲੱਗ ਅੰਮ੍ਰਿਤ ਛੱਕ ਕੇ ਅਖੌਤੀ ਧਾਰਮਿਕ ਬਣ ਆਪਣੇ ਪਰਿਵਾਰ ਤੇ ਹੋਰਨਾਂ ਨੂੰ ਮੁਕਤੀ ਦਾ ਰਾਹ ਦੱਸਦੇ ਹਨ। ਪਾਪ ਤਾਂ ਇਹ ਲੋਕ ਕਰਦੇ ਹਨ ਪਰ ਇਸ ਦੀ ਸਜ਼ਾ ਇਨ੍ਹਾਂ ਦੇ ਬੱਚਿਆਂ ਨੂੰ ਭੁਗਤਣੀ ਪੈ ਜਾਂਦੀ ਹੈ। ਜੇ ਸੱਚ ਜਾਣੀਏ ਤਾਂ ਇਨ੍ਹਾਂ ਅਖੌਤੀ ਧਾਰਮਿਕ ਵਿਅਕਤੀਆਂ ਨੂੰ ਆਪਣੇ ਹੀ ਪਾਪਾਂ ਦੀ ਫਸਲ ਵੱਢਣੀ ਪੈ ਜਾਂਦੀ ਹੈ।

ਪੰਜਾਬ ਟਾਈਮਜ਼ ਇਸ ਗੱਲੋਂ ਵਧਾਈ ਦਾ ਪਾਤਰ ਹੈ ਜਿਸ ਨੇ ਅਜਿਹੀ ਮਿਆਰੀ ਕਹਾਣੀ ਆਪਣੇ ਪਾਠਕਾਂ ਨੂੰ ਪੜ੍ਹਨ ਲਈ ਦਿੱਤੀ ਹੈ।

***-ਬੀਬੀ ਸੁਰਜੀਤ ਕੌਰ, ਹਜ਼ੂਰੀ ਰਾਗੀ, ਸ੍ਰੀ ਗੁਰੂ ਰਵਿਦਾਸ ਟੈਂਪਲ, ਪਿਟਸਬਰਗ***

# ਪੰਜਾਬ ਸਟਾਈਲ ਕਬੱਡੀ ਨੂੰ ਕੌਮਾਂਤਰੀ ਖੇਡ ਬਣਾਉਣ ਦੇ ਯਤਨ

**ਪ੍ਰਿੰ. ਸਰਵਣ ਸਿੰਘ**

1995 ਦੀ ਗੱਲ ਹੈ। ਸੈਨ ਫਰਾਂਸਿਸਕੋ ਦੇ ਨੇੜੇ ਹੇਵਰਡ ਯੂਨੀਵਰਸਿਟੀ ਦੇ ਸਟੇਡੀਅਮ ਵਿਚ ਕੈਲੀਫੋਰਨੀਆ ਕਬੱਡੀ ਕੱਪ ਖੇਡਿਆ ਜਾ ਰਿਹਾ ਸੀ। ਗਾਇਕ ਜਗਤ ਸਿੰਘ ਜੱਗਾ ਉਦੋਂ ਜਿਉਂਦਾ ਸੀ। ਮੈਂ ਤੇ ਦਾਰਾ ਸਿੰਘ ਕੁਮੈਂਟਰੀ ਕਰ ਰਹੇ ਸੀ ਤੇ ਜੱਗਾ ਮੇਰੇ ਕੋਲ ਆ ਕੇ ਕਹਿਣ ਲੱਗਾ ਕਿ ਉਸਨੇ ਕਬੱਡੀ 'ਤੇ ਇਕ ਗੀਤ ਲਿਖਿਆ ਹੈ। ਗੀਤ ਦਾ ਮੁਖੜਾ ਸੀ, 'ਹਟ ਕਬੱਡੀ ਯਾਰਾਂ ਦੀ, ਇਹ ਖੇਡ ਵੱਡੇ ਸਰਦਾਰਾਂ ਦੀ...।' ਹੁਣ ਤਕ ਦਰਜਨਾਂ ਹੀ ਕਬੱਡੀ ਦੇ ਗੀਤ ਰਿਕਾਰਡ ਹੋ ਚੁੱਕੇ ਹਨ। ਆਉਂਦੇ ਸਮੇਂ ਵਿਚ ਕਬੱਡੀ 'ਤੇ ਦੋ ਫਿਲਮਾਂ ਵੀ ਬਣ ਰਹੀਆਂ ਹਨ। ਇਹੋ ਕਬੱਡੀ ਦੀ ਮਕਬੂਲੀਅਤ ਦਾ ਸਬੂਤ ਹੈ।



**ਕਬੱਡੀ ਦੇ ਰੂਪ:** ਕਬੱਡੀ ਦੇ ਕਈ ਰੂਪ ਤੇ ਨਾਂ ਪ੍ਰਚਲਿਤ ਰਹੇ ਹਨ। ਕਦੇ ਇਸਨੂੰ ਖੇਡ ਚੜ੍ਹਨਾ ਕਿਹਾ ਜਾਂਦਾ ਸੀ। ਕਦੇ ਸੌਂਚੀ ਕੱਚੀ ਤੇ ਕਦੇ ਸੌਂਚੀ ਪੱਕੀ। ਛੇ ਹੰਧੀ, ਸ਼ਮਲਿਆਂ ਵਾਲੀ, ਪੀਰ ਕੌਡੀ, ਪੜ ਕੌਡੀ, ਬੱਧੀ, ਬੈਠਵੀਂ, ਬੁਰਜੀਆਂ ਵਾਲੀ, ਘੋੜ ਕਬੱਡੀ, ਦੋਧੇ, ਚੀਰਵੀਂ ਤੇ ਚਾਟਾਂ ਵਾਲੀ ਇਸ ਦੇ ਨਾਂ ਰਹੇ ਹਨ। ਇਸਨੂੰ ਅੰਬਰਸਰੀ, ਫਿਰੋਜ਼ਪੁਰੀ, ਲਾਹੌਰੀ, ਮੁਲਤਾਨੀ, ਲਾਇਲਪੁਰੀ, ਬਹਾਵਲਪੁਰੀ ਤੇ ਅੰਬਾਵਲੀ ਵੀ ਆਖਿਆ ਜਾਂਦਾ ਰਿਹਾ। ਮਾਝੇ 'ਚ ਢੇਰੀ ਵਾਲੀ ਕਬੱਡੀ ਅਜੇ ਵੀ ਖੇਡੀ ਜਾਂਦੀ ਹੈ। ਕਿਤੇ ਕੌਡੀ-ਕੌਡੀ ਬੋਲੀ ਜਾਂਦੀ, ਕਿਤੇ ਗੂੰਗੀ ਰਹਿੰਦੀ। ਸਮੇਂ ਨਾਲ ਕਬੱਡੀ ਦੇ ਇਹ ਸਾਰੇ ਰੂਪ ਦਾਇਰੇ ਵਾਲੀ ਕਬੱਡੀ ਵਿਚ ਢਲ ਗਏ ਹਨ। ਜ਼ੋਰ ਅਜ਼ਮਾਈ ਕਰਦਿਆਂ ਇਹ ਧਾਵੀ ਨੂੰ ਜਾਫੀ ਰਾਹੀਂ ਪਕੜ ਕੇ ਰੱਖਣ ਵਾਲੀ ਖੇਡ ਹੈ। ਇਸ ਵਿਚ ਕਿਸੇ ਖੇਡ ਸਾਮਾਨ ਦੀ ਲੋੜ ਨਹੀਂ ਪੈਂਦੀ। 'ਕੱਲੇ ਜਾਂਘੀਏ, ਲੰਗੋਟੇ ਤੇ ਕੱਛੇ ਪਾ ਕੇ ਹੀ ਇਹ ਖੇਡ ਸਦੀਆਂ ਤੋਂ ਖੇਡੀ ਜਾ ਰਹੀ ਹੈ। ਕਬੱਡੀ ਦੇ ਹੁਣ ਤਿੰਨ ਮੁੱਖ ਰੂਪ ਹਨ। ਇਕ ਹੈ ਚਕੋਨੇ ਡੱਬੇ ਵਾਲੀ ਨੈਸ਼ਨਲ ਸਟਾਈਲ, ਦੂਜੀ ਦਾਇਰੇ ਵਾਲੀ ਪੰਜਾਬ ਸਟਾਈਲ ਤੇ ਤੀਜੀ ਰੇਤੇ 'ਤੇ ਖੇਡੀ ਜਾਣ ਵਾਲੀ ਬੀਚ ਕਬੱਡੀ। ਇਨ੍ਹਾਂ ਵਿਚੋਂ ਕਬੱਡੀ ਨੈਸ਼ਨਲ ਸਟਾਈਲ ਭਾਰਤ ਦੇ ਸਕੂਲਾਂ, ਕਾਲਜਾਂ, ਯੂਨੀਵਰਸਿਟੀਆਂ, ਸੂਬਿਆਂ, ਮਹਿਕਮਿਆਂ, ਨੈਸ਼ਨਲ ਪੱਧਰ ਤੇ ਏਸ਼ਿਆਈ ਖੇਡਾਂ ਵਿਚ ਖੇਡੀ ਜਾ ਰਹੀ ਹੈ। ਸੰਭਵ ਹੈ ਕਦੇ ਓਲੰਪਿਕ ਖੇਡਾਂ ਵਿਚ ਵੀ ਜਾ ਅੱਪੜੇ। ਡੱਬੇ ਵਾਲੀ ਕਬੱਡੀ ਨੂੰ ਨੈਸ਼ਨਲ ਸਟਾਈਲ ਦਾ ਨਾਂ ਦੇ ਕੇ ਕੌਮੀ ਪੱਧਰ 'ਤੇ ਮਾਨਤਾ ਦੇ ਦਿੱਤੀ ਗਈ। ਇਸਨੂੰ ਦੱਖਣੀ ਭਾਰਤ ਵਿਚ ਚੇਡੂ ਗੁਡੂ ਕਿਹਾ ਜਾਂਦਾ ਹੈ ਤੇ ਉਧਰ ਦੇ ਖਿਡਾਰੀ ਚੇਡੂ ਗੁਡੂ, ਚੇਡੂ ਗੁਡੂ ਕਹਿੰਦਿਆਂ ਕਬੱਡੀ ਪਾਉਂਦੇ ਹਨ। ਬੰਗਾਲ 'ਚ ਡੋ ਡੋ ਕਿਹਾ ਜਾਂਦਾ ਹੈ ਤੇ ਮਹਾਰਾਸ਼ਟਰ ਵਿਚ ਹੂ ਟੂ ਟੂ। ਕਿਤੇ ਸੂ ਸੂ ਬੋਲਿਆ ਜਾਂਦਾ ਹੈ ਤੇ ਕਿਤੇ ਸਰ ਸਰ। ਉੱਤਰ ਪ੍ਰਦੇਸ਼ ਦੇ ਲੋਕ ਕਬੱਡੀ ਪਾਉਂਦਿਆਂ ਕਹਿੰਦੇ ਹਨ, 'ਰਾਮ ਲਖਸ਼ਮਣ ਜਾਨਕੀ ਜੈ ਬੋਲੇ ਹਨੂੰਮਾਨ ਕੀ।' ਕਬੱਡੀ ਨੈਸ਼ਨਲ ਸਟਾਈਲ ਵੀ ਤਿੰਨ ਤਰ੍ਹਾਂ ਦੀ ਹੈ- ਸੰਜੀਵਨੀ, ਜੈਮਨੀ ਤੇ ਅਮਰ।

**ਦਾਇਰੇ ਵਾਲੀ ਕਬੱਡੀ**: ਦਾਇਰੇ ਵਾਲੀ ਕਬੱਡੀ ਨੂੰ ਕਬੱਡੀ ਪੰਜਾਬ ਸਟਾਈਲ ਵੀ ਕਿਹਾ ਜਾਂਦੈ। ਇਸਨੂੰ ਖੇਡਣ ਲਈ ਪਝੱਤਰ ਫੁੱਟ ਦਾ ਦਾਇਰਾ ਲਾਇਆ ਜਾਂਦੈ। ਇਥੇ 'ਕੱਲੇ ਨੂੰ 'ਕੱਲਾ ਫੜਦਾ ਹੈ ਤੇ ਕਿਸੇ ਨੂੰ ਵੀ ਮੈਦਾਨ 'ਚੋਂ ਬਾਹਰ ਨਹੀਂ ਭੇਜਿਆ ਜਾਂਦਾ। ਇਹ ਪੰਜਾਬੀਆਂ ਦੀ ਸਭ ਤੋਂ ਵਧ ਮਨਭਾਉਂਦੀ ਖੇਡ ਹੈ। ਇਸ ਖੇਡ ਨੇ ਪੰਜਾਬ ਦੇ ਗੱਭਰੂਆਂ ਨੂੰ ਤਕੜੇ ਵੀ ਬਣਾਈ ਰੱਖਿਆ ਹੈ, ਹਿੰਮਤੀ ਵੀ ਤੇ ਜੀਵਨ ਦੀਆਂ ਰਗੜਾਂ ਸਹਿਣ ਜੋਗੇ ਵੀ। ਇਹਦੇ ਵਿਚ ਦੌੜ, ਦਮ ਤੇ ਤਾਕਤ ਦੀ ਪਰਖ ਹੁੰਦੀ ਹੈ। ਚੁਸਤੀ, ਫੁਰਤੀ, ਪਕੜ ਤੇ ਪੈਂਤੜੇ ਦਾ ਪਤਾ ਲੱਗਦਾ ਹੈ। ਇਹਦੇ ਵਿਚ ਅਥਲੈਟਿਕਸ ਦੇ ਅੰਸ਼ ਵੀ ਹਨ ਅਤੇ ਕੁਸ਼ਤੀ ਤੇ ਕਰਾਟੇ ਵਰਗੀ ਜ਼ੋਰ ਅਜ਼ਮਾਈ ਵੀ ਹੈ। ਪੰਜਾਬ ਸਟਾਈਲ ਕਬੱਡੀ ਵਿਚ ਰੇਡ ਦਾ ਸਮਾਂ ਨਿਸ਼ਚਿਤ ਹੋ ਜਾਣ ਕਾਰਨ ਕਬੱਡੀ ਬੋਲਣਾ ਬੰਦ ਹੋ ਗਿਆ ਹੈ। ਇਹ ਚੜ੍ਹਦੇ ਪੰਜਾਬ ਤੋਂ ਬਿਨਾ ਲਹਿੰਦੇ ਪੰਜਾਬ ਤੇ ਭਾਰਤ ਦੇ ਕੁਝ ਉੱਤਰੀ ਭਾਗਾਂ ਵਿਚ ਖੇਡੀ ਜਾਂਦੀ ਹੈ। ਪੰਜਾਬੀ ਜਿਹੜੇ ਵੀ ਮੁਲਕ ਵਿਚ ਗਏ ਹਨ ਉਥੇ ਕਬੱਡੀ ਵੀ ਪਹੁੰਚ ਗਈ ਹੈ। ਅਕਤੂਬਰ ਤੋਂ ਅਪਰੈਲ ਤਕ ਪੰਜਾਬ ਅਤੇ ਮਈ ਤੋਂ ਸਤੰਬਰ ਤਕ ਪੱਛਮੀ ਮੁਲਕਾਂ ਵਿਚ ਕਬੱਡੀ ਸੀਜ਼ਨ ਚਲਦਾ ਹੈ।

ਪੱਛਮੀ ਮੁਲਕਾਂ 'ਚ ਜੇਤੂ ਟੀਮਾਂ ਨੂੰ ਗਿਆਰਾਂ ਹਜ਼ਾਰ ਡਾਲਰ ਤੇ ਪੰਜ ਹਜ਼ਾਰ ਪੌਂਡ ਤਕ ਦੇ ਇਨਾਮ ਰੱਖੇ ਜਾਣੇ ਸ਼ੁਰੂ ਹੋ ਗਏ ਹਨ। ਪੰਜਾਬ ਵਿਚ ਕਬੱਡੀ ਦੇ ਪੰਜ ਛੇ ਸੌ ਛੋਟੇ ਵੱਡੇ ਟੂਰਨਾਮੈਂਟ ਹੁੰਦੇ ਹਨ। ਸੌ ਕੁ ਵੱਡੇ ਕਬੱਡੀ ਕੱਪ ਕਰਾਏ ਜਾਣ ਲੱਗੇ ਹਨ ਜਿਨ੍ਹਾਂ ਲਈ ਲੱਖ ਰੁਪਏ ਦਾ ਪਹਿਲਾ ਇਨਾਮ ਤੇ ਪਝੱਤਰ ਹਜ਼ਾਰ ਦਾ ਦੂਜਾ ਇਨਾਮ ਹੈ। ਹਕੀਮਪੁਰ ਦੇ ਪੁਰੇਵਾਲ ਖੇਡ ਮੇਲੇ ਦਾ ਸਮੁੱਚਾ ਬਜਟ ਪੰਜਾਹ ਲੱਖ ਰੁਪਏ ਤੋਂ ਟੱਪ ਗਿਆ ਹੈ। ਕੁਲ ਦੁਨੀਆ 'ਚ ਹਰ ਸਾਲ ਸੌ ਕਰੋੜ ਰੁਪਏ ਦੀ ਕਬੱਡੀ ਖੇਡੀ ਜਾਂਦੀ ਹੈ। ਪੰਜਾਬ ਸਰਕਾਰ ਹੁਣ ਵਿਸ਼ਵ ਕੱਪ ਕਰਵਾ ਕੇ ਪਹਿਲਾ ਇਨਾਮ ਇਕ ਕਰੋੜ ਰੁਪਏ ਦੇ ਰਹੀ ਹੈ।

ਖੇਡ ਮੇਲਿਆਂ 'ਚ ਵਧੇਰੇ ਕੱਠ ਕਰਨ ਲਈ ਕਬੱਡੀ ਨਾਲ ਗਾਇਕਾਂ ਦਾ 'ਖਾੜਾ ਲਾਇਆ ਜਾਣ ਲੱਗਾ ਹੈ। ਮੁਫ਼ਤ ਦੀਆਂ ਟਿਕਟਾਂ ਦੇ ਕੇ ਮੋਟਰ ਸਾਈਕਲਾਂ ਦੇ ਡਰਾਅ ਕੱਢੇ ਜਾਂਦੇ ਹਨ ਤਾਂ ਜੋ ਵਧ ਤੋਂ ਵਧ ਭੀੜਾਂ ਖਿੱਚੀਆਂ ਜਾ ਸਕਣ। ਖਿਡਾਰੀਆਂ, ਕੁਮੈਂਟੇਟਰਾਂ ਤੇ ਮੀਡੀਆ ਦੇ ਬੰਦਿਆਂ ਨੂੰ ਕਾਰਾਂ, ਮੋਟਰ ਸਾਈਕਲਾਂ ਤੇ ਮੁੰਦਰੀਆਂ ਨਾਲ ਖਰੀਦਿਆ ਜਾਂਦਾ ਹੈ ਪਰ ਕਿਹਾ ਇਸ ਨੂੰ ਮਾਣ ਸਨਮਾਨ ਜਾਂਦੈ। ਕਬੱਡੀ 'ਚ ਬੱਲੇ ਬੱਲੇ ਬਹੁਤ ਹੈ। ਇਸ ਬੱਲੇ ਬੱਲੇ ਕਾਰਨ ਹੀ ਕਈ ਪਰਵਾਸੀ ਆਪੋ-ਆਪਣੇ ਪਿੰਡਾਂ ਤੇ ਇਲਾਕਿਆਂ ਵਿਚ ਕਬੱਡੀ ਕੱਪ ਕਰਵਾਈ ਜਾ ਰਹੇ ਹਨ।

ਕਬੱਡੀ ਰਾਹੀਂ ਕਈ ਅਸਲੀ ਤੇ ਕਈ ਨਕਲੀ ਖਿਡਾਰੀ ਵੀਜ਼ੇ ਲੈ ਕੇ ਵਿਦੇਸ਼ਾਂ 'ਚ ਪੱਕੇ ਵਸਨੀਕ ਬਣ ਬੈਠੇ ਹਨ। ਇਹਦੇ 'ਚੋਂ ਟਰੈਵਲ ਏਜੰਟ ਚੰਗੀਆਂ ਚੁੰਗਾਂ ਕੱਢਦੇ ਹਨ। ਪੰਜਾਬ ਦੇ ਕਬੱਡੀ ਖਿਡਾਰੀਆਂ ਨੂੰ ਸਭ ਤੋਂ ਵੱਡੀ ਖੁਸ਼ੀ ਓਦੋਂ ਹੁੰਦੀ ਹੈ ਜਦੋਂ ਉਨ੍ਹਾਂ ਨੂੰ ਵਿਦੇਸ਼ ਜਾਣ ਲਈ ਵੀਜ਼ੇ ਮਿਲ ਜਾਣ। ਉਹ ਵੀਜ਼ਾ ਹਾਸਲ ਕਰਨ ਨੂੰ ਵੀ ਕਬੱਡੀ ਦਾ ਗੋਲਡ ਮੈਡਲ ਸਮਝਦੇ ਹਨ। ਬਹੁਤੇ ਖਿਡਾਰੀ ਸਿਰਫ ਇਸ ਲਈ ਕਬੱਡੀ ਖੇਡਦੇ ਹਨ ਕਿ ਕਿਸੇ ਦਿਨ ਉਹ ਵਿਦੇਸ਼ ਦਾ ਵੀਜ਼ਾ ਲੈ ਸਕਣਗੇ। ਵੀਜ਼ਾ ਲੈਣਾ ਉਨ੍ਹਾਂ ਦਾ ਸਭ ਤੋਂ ਸਖ਼ਤ ਮੈਚ ਹੁੰਦੈ। ਕਬੱਡੀ ਦੇ ਸਟਾਰ ਖਿਡਾਰੀ ਹਰਜੀਤ ਬਰਾੜ ਨੂੰ ਵੀਜ਼ਾ ਨਹੀਂ ਸੀ ਮਿਲਿਆ। ਅੰਬੈਸੀਆਂ 'ਚੋਂ ਵਾਰ-ਵਾਰ ਇਨਕਾਰ ਹੁੰਦਾ ਰਿਹਾ। ਆਖਰ, ਉਸਨੂੰ ਮਹਿੰਦਰ ਸਿੰਘ ਬਣ ਕੇ ਵੀਜ਼ਾ ਲੈਣਾ ਪਿਆ। ਮਹਿੰਦਰ ਸਿੰਘ ਦੇ ਨਾਂ ਉਤੇ ਉਹ ਵਿਦੇਸ਼ਾਂ 'ਚ ਜਾਂਦਾ ਰਿਹਾ ਪਰ ਖੇਡਿਆ ਉਹ ਹਮੇਸ਼ਾ ਹਰਜੀਤ ਦੇ ਨਾਂ ਨਾਲ ਹੀ। ਮਈ 2009 ਵਿਚ ਨਿਊ ਯਾਰਕ ਦਾ ਕਬੱਡੀ ਟੂਰਨਾਮੈਂਟ ਖੇਡਣ ਆਏ ਉਨ੍ਹੀਆਂ 'ਚੋਂ ਦੋ ਖਿਡਾਰੀ ਕਬੂਤਰ ਉਡਾਰੀ ਮਾਰ ਗਏ ਹਨ ਜੋ ਅਜੇ ਤਕ ਨਹੀਂ ਲੱਭੇ। ਵਿਦੇਸ਼ਾਂ ਵਿਚ ਸੱਠ ਕੁ ਕਬੱਡੀ ਕਲੱਬ ਰਜਿਸਟਰਡ ਹਨ। ਇਕ ਕਲੱਬ ਪੰਜ ਖਿਡਾਰੀ ਵੀ ਸੱਦੇ ਤਾਂ ਤਿੰਨ ਸੌ ਖਿਡਾਰੀ ਹਰ ਸਾਲ ਸੱਦੇ ਜਾ ਸਕਦੇ ਹਨ। ਦੋ ਕੁ ਸੌ ਸੱਦੇ ਵੀ ਜਾਂਦੇ ਹਨ।

ਕਬੱਡੀ ਖੇਡ ਦੀ ਥਾਂ ਮਨੋਰੰਜਨ ਦੀ ਪੱਧਰ 'ਤੇ ਹੀ ਵਿਚਰ ਰਹੀ ਹੈ। ਕਬੱਡੀ ਨਾਲ ਪੰਜਾਬੀ ਹਾਲੇ ਵੀ ਮਨੋਰੰਜਨ ਹੀ ਕਰ ਰਹੇ ਹਨ ਜਿਵੇਂ ਇਹ ਸਰਕਸ ਹੋਵੇ। ਕੁਝ ਕਬੱਡੀ ਕਲੱਬਾਂ ਤੇ ਫੈਡਰੇਸ਼ਨਾਂ ਦਾ ਰੋਲ ਕੰਪਨੀਆਂ ਵਾਲਾ ਹੈ। ਉਹ ਇਸ ਨੂੰ ਆਲ੍ਹਾ ਦਰਜੇ ਦੀ ਅਨੁਸਾਸ਼ਨ ਬੱਧ ਖੇਡ ਬਣਾ ਕੇ ਕੌਮਾਂਤਰੀ ਪੱਧਰ 'ਤੇ ਲਿਜਾਣੋ ਅਵੇਸਲੇ ਹਨ। ਕਬੱਡੀ ਵਿਚ ਡਾਲਰ ਤੇ ਪੌਂਡ ਆ ਜਾਣ ਨਾਲ ਪੰਜਾਬ ਦੇ ਨੱਬੇ ਫੀਸਦੀ ਨੌਜੁਆਨ ਕਿਸੇ ਹੋਰ ਖੇਡ ਵਲ ਜਾਣ ਦੀ ਥਾਂ ਕਬੱਡੀ ਵਲ ਹੀ ਉਮਡ ਪਏ ਹਨ। ਇਸ ਦਾ ਹੋਰਨਾਂ ਖੇਡਾਂ ਨੂੰ ਨੁਕਸਾਨ ਪਹੁੰਚ ਰਿਹੈ। ਕਦੇ ਪੰਜਾਬੀਆਂ ਦੀ ਹਾਕੀ, ਅਥਲੈਟਿਕ, ਵਾਲੀਬਾਲ, ਬਾਸਕਟਬਾਲ, ਫੁਟਬਾਲ, ਕੁਸ਼ਤੀ ਤੇ ਹੋਰਨਾਂ ਖੇਡਾਂ ਦੀ ਕੌਮੀ ਪੱਧਰ 'ਤੇ ਝੰਡੀ ਹੁੰਦੀ ਸੀ। ਜੋ ਹੁਣ ਨਹੀਂ ਰਹੀ। ਦਾਇਰੇ ਵਾਲੀ ਕਬੱਡੀ ਦਾ ਦਾਇਰਾ ਸਿਰਫ਼ ਪੰਜਾਬੀਆਂ ਤੱਕ ਹੀ ਸੀਮਤ ਹੈ। ਹਾਲੇ ਇਸ ਦਾ ਕੋਈ ਖਿਡਾਰੀ ਕੌਮੀ, ਏਸ਼ਿਆਈ, ਕਾਮਨਵੈਲਥ ਜਾਂ ਓਲੰਪਿਕ ਖੇਡਾਂ ਵਿਚ ਨਹੀਂ ਜਾ ਸਕਦਾ। ਕ੍ਰਿਕਟ ਨੂੰ ਛੱਡ ਕੇ ਇਸ ਖੇਡ ਵਿਚ ਪੈਸਾ ਹੋਰਨਾਂ ਖੇਡਾਂ ਨਾਲੋਂ ਵਧ ਹੈ ਪਰ ਕਿਸੇ ਮਹਿਕਮੇ ਦੀਆਂ ਨੌਕਰੀਆਂ ਨਹੀਂ ਜੋ ਸਾਰੀ ਉਮਰ ਦੀਆਂ ਰੋਟੀਆਂ ਬਣ ਸਕਣ। ਬਲਵਿੰਦਰ ਫਿੱਡੂ ਜੇ ਐਸ.ਪੀ. ਬਣਿਐਂ ਤਾਂ ਉਹ ਕਬੱਡੀ ਨੈਸ਼ਨਲ ਸਟਾਈਲ ਕਰਕੇ ਬਣਿਆ ਨਾ ਕਿ ਪੰਜਾਬ ਸਟਾਈਲ ਕਰਕੇ।

ਦਾਇਰੇ ਵਾਲੀ ਕਬੱਡੀ ਨੂੰ ਮਿਆਰੀ ਕੌਮਾਂਤਰੀ ਖੇਡ ਬਣਾਉਣ ਲਈ ਅਮਲੀ ਰੂਪ ਵਿਚ ਵਿਸ਼ਵ ਕਬੱਡੀ ਫੈਡਰੇਸ਼ਨ ਬਣਾਈ ਜਾਣੀ ਚਾਹੀਦੀ ਹੈ ਜਿਸ ਨਾਲ ਵੱਖ-ਵੱਖ ਮੁਲਕਾਂ ਦੀਆਂ ਕਬੱਡੀ ਫੈਡਰੇਸ਼ਨਾਂ ਸੰਬੰਧਤ ਹੋਣ। ਮੁਲਕਾਂ ਦੀਆਂ ਕਬੱਡੀ ਫੈਡਰੇਸ਼ਨਾਂ ਨਾਲ ਸੂਬਿਆਂ ਤੇ ਜ਼ਿਲਿਆਂ ਦੀਆਂ ਕਬੱਡੀ ਐਸੋਸੀਏਸ਼ਨਾਂ ਜੁੜੀਆਂ ਹੋਣ। ਵਿਸ਼ਵ ਕਬੱਡੀ ਫੈਡਰੇਸ਼ਨ ਖੇਡ ਦੇ ਇਕਸਾਰ ਨਿਯਮ ਤੈਅ ਕਰੇ ਤੇ ਕਿਤਾਬਚਾ ਛਾਪੇ। ਵਾਡਾ ਰਾਹੀਂ ਕਬੱਡੀ ਖਿਡਾਰੀਆਂ ਦੇ ਡੋਪ ਟੈਸਟ ਹੋਣ ਜਿਸ ਨਾਲ ਦੋਸ਼ੀ ਪਾਏ ਗਏ ਖਿਡਾਰੀਆਂ ਨੂੰ ਸਜ਼ਾਵਾਂ ਮਿਲਣ। ਉੱਚ ਪਾਏ ਦੇ ਕਬੱਡੀ ਮੈਚਾਂ ਲਈ ਸਿਖਲਾਈ ਪ੍ਰਾਪਤ ਅੰਪਾਇਰ ਨਿਯੁਕਤ ਕੀਤੇ ਜਾਣ। ਅੰਪਾਇਰਾਂ ਦੀ ਬਾਕਾਇਦਾ ਗਰੇਡਿੰਗ ਕੀਤੀ ਜਾਵੇ। ਫਾਊਲ ਖੇਡਣ ਵਾਲੇ ਖਿਡਾਰੀਆਂ ਲਈ ਕਾਰਡਾਂ ਰਾਹੀਂ ਸਜ਼ਾਵਾਂ ਨਿਸ਼ਚਿਤ ਹੋਣ। ਦਾਇਰੇ ਵਾਲੀ ਕਬੱਡੀ ਵਿਚ ਕੁਝ ਫਾਊਲ ਵੱਡੀ ਪੱਧਰ ਉਤੇ ਹੁੰਦੇ ਹਨ।

# ਕਬੱਡੀ:ਪਰਵਾਸੀਆਂ ਤੋਂ ਪਰਦੇਸੀਆਂ ਤੱਕ ਦਾ ਸਫਰ

**ਗੁਰਦਰਸ਼ਨ ਸਿੰਘ ਲੁੱਧੜ**

ਕਬੱਡੀ ਅੱਜ ਆਪਣੇ ਮੂਲ ਸਥਾਨ (ਪੰਜਾਬ) ਤੋਂ ਇਲਾਵਾ ਬਾਹਰਲੇ ਦੇਸ਼ਾਂ ਅਤੇ ਹੋਰਨਾਂ ਮਹਾਂਦੀਪਾਂ ਵਿਚ ਵੀ ਖੇਡੀ ਜਾਣ ਲੱਗੀ ਹੈ। ਦੇਸ਼-ਵਿਦੇਸ਼ ਵਿਚ ਕਬੱਡੀ ਅਕੈਡਮੀਆਂ ਅਤੇ ਕਬੱਡੀ ਫੈਡਰੇਸ਼ਨਾਂ ਦੀ ਸਥਾਪਨਾ ਹੋ ਚੁੱਕੀ ਹੈ। ਕਬੱਡੀ ਨੂੰ ਸਕੂਲਾਂ/ਕਾਲਜਾਂ ਵਿਚ ਮਾਨਤਾ ਦੇਣ ਤੋਂ ਲੈ ਕੇ ਏਸ਼ਿਆਈ, ਰਾਸ਼ਟਰਮੰਡਲ ਅਤੇ ਓਲੰਪਿਕ ਖੇਡਾਂ ਵਿਚ ਸ਼ਾਮਲ ਕਰਨ ਦੀ ਗੱਲ ਕੀਤੀ ਜਾਂਦੀ ਹੈ। ਪਿਛਲੇ ਸਾਲ ਤੋਂ ਪੰਜਾਬ ਸਰਕਾਰ ਨੇ ਇਸ ਨੂੰ ਮਾਨਤਾ ਦੇਣ ਦਾ ਐਲਾਨ ਕਰ ਦਿੱਤਾ ਹੈ ਜਿਸ ਤਹਿਤ ਸਰਕਾਰੀ ਤੌਰ 'ਤੇ ਸਕੂਲਾਂ ਵਿਚ ਪੰਜਾਬ ਸਟਾਈਲ ਕਬੱਡੀ ਦੇ ਮੁਕਾਬਲੇ ਕਰਵਾਉਣ ਸਬੰਧੀ ਹੁਕਮ ਪਹੁੰਚ ਚੁੱਕੇ ਹਨ ਪਰ ਇਸ ਖੇਡ ਬਾਰੇ ਅਜੇ ਕੋਈ ਅਜਿਹੀ ਹਦਾਇਤ ਨਹੀਂ ਕਿ ਇਸ ਦੇ ਗਰਾਊਂਡ ਦਾ ਆਕਾਰ ਕੀ ਹੋਵੇ, ਇਸਦੀ ਟੀਮ ਦੇ ਖਿਡਾਰੀ ਕਿੰਨੇ ਹੋਣ, ਮੈਚ ਦਾ ਸਮਾਂ ਕਿੰਨਾ ਹੋਵੇ, ਖੇਡ ਦੀ ਕਿਹੜੀ-ਕਿਹੜੀ ਖਾਮੀ ਨੂੰ ਫਾਊਲ ਗਿਣਿਆ ਜਾਵੇ? ਕਬੱਡੀ ਦੇ ਨਿਯਮ ਦਾ ਜ਼ਿਕਰ ਕੀਤੇ ਬਗੈਰ ਅਜੇ ਸਿਰਫ ਮੁਕਾਬਲੇ ਕਰਵਾਉਣ ਦੇ ਪੱਤਰ ਹੀ ਜਾਰੀ ਹੋਏ ਹਨ। ਇਥੇ ਹੀ ਬੱਸ ਨਹੀਂ ਕਬੱਡੀ ਮੁਕਾਬਲਿਆਂ ਦੇ ਸੂਬਾਈ ਅਤੇ ਪਰਵਾਸੀ ਪ੍ਰਬੰਧਕਾਂ ਨੇ ਇਕੱਠੇ ਬੈਠ ਕੇ ਨਿਯਮਾਂ ਵਿਚ ਇਕਸਾਰਤਾ ਲਿਆਉਣ ਦੀ ਲੋੜ ਨਹੀਂ ਸਮਝੀ। ਕਬੱਡੀ ਖੇਡ ਮੈਦਾਨ ਦਾ ਦਾਇਰਾ ਕਿਸੇ ਮੇਲੇ 'ਚ 60 ਫੁੱਟ, ਕਿਸੇ 'ਚ 65 ਅਤੇ ਕਿਧਰੇ 70 ਫੁੱਟ ਅਤੇ ਕਿਸੇ ਖੇਡ ਮੇਲੇ 'ਤੇ ਇਸ ਦਾਇਰੇ ਦਾ ਆਕਾਰ 75 ਫੁੱਟ ਹੁੰਦਾ ਹੈ। ਇਸ ਤਰ੍ਹਾਂ ਹੀ ਵੱਖ-ਵੱਖ ਖੇਡ ਮੇਲਿਆਂ 'ਤੇ ਟੀਮ ਦੇ ਖਿਡਾਰੀਆਂ ਦੀ ਗਿਣਤੀ ਵੱਖੋ-ਵੱਖਰੀ, ਖਿਡਾਰੀ ਆਊਟ ਹੋਣ ਦੇ ਨਿਯਮ ਵੱਖੋ-ਵੱਖਰੇ (ਕਿਸੇ ਥਾਂ ਫਸਟ ਆਊਟ, ਕਿਸੇ ਥਾਂ ਲਿੰਕ ਆਊਟ), ਕਿਸੇ ਥਾਂ ਰੇਡ ਪਾਉਣ ਦਾ ਸਮਾਂ 30 ਸਕਿੰਟ ਅਤੇ ਕਿਸੇ ਥਾਂ ਘੱਟ ਜਾਂ ਵੱਧ। ਇਸੇ ਤਰ੍ਹਾਂ ਹੀ ਕਬੱਡੀ ਦੇ ਪੂਰੇ ਮੈਚ ਦਾ ਸਮਾਂ ਵੱਖ-ਵੱਖ ਥਾਵਾਂ 'ਤੇ ਵੱਖੋ-ਵੱਖਰਾ ਹੁੰਦਾ ਹੈ। ਕਬੱਡੀ ਦੇ ਨਿਯਮਾਂ ਵਿਚ ਇਕਸਾਰਤਾ ਦੀ ਘਾਟ ਇਸ ਖੇਡ ਨੂੰ ਆਧੁਨਿਕ ਖੇਡ ਜਗਤ ਦੀ ਰਫਤਾਰ ਨਾਲ ਨਹੀਂ ਮਿਲ ਸਕੀ। ਮਾਂ ਖੇਡ ਕਬੱਡੀ ਨੇ ਤਰੱਕੀ ਤਾਂ ਕੀਤੀ ਹੈ ਪਰ ਜੇਕਰ ਇਸ ਖੇਡ 'ਤੇ ਆ ਰਹੇ ਲਾਗਤ ਖਰਚੇ ਦਾ ਕੁੱਲ ਲੇਖਾ-ਜੋਖਾ ਕਰੀਏ ਤਾਂ ਇਸ ਦਾ ਸਥਾਨ ਇਸ ਉਪਰ ਆਈ ਲਾਗਤ ਦੇ ਬਰਾਬਰ ਨਹੀਂ ਪਹੁੰਚ ਸਕਿਆ। ਪੰਜਾਬ ਅਤੇ ਹਰਿਆਣਾ ਦੀ ਪੰਜਾਬੀ ਬੈਲਟ ਵਿਚ ਹਰ ਸਾਲ ਕਬੱਡੀ ਦੇ ਤਕਰੀਬਨ 4000 ਪੇਂਡੂ ਖੇਡ ਮੇਲੇ ਹੁੰਦੇ ਹਨ ਅਤੇ ਕਬੱਡੀ ਕੱਪਾਂ ਦੀ ਗਿਣਤੀ ਵੀ 200 ਦੇ ਕਰੀਬ ਜਾ ਢੁੱਕਦੀ ਹੈ। ਇਸ ਵਾਰ ਪੰਜਾਬ ਸਰਕਾਰ ਦੀ ਮਦਦ ਨਾਲ ਵਿਸ਼ਵ ਕਬੱਡੀ ਕੱਪ ਹੋ ਰਿਹਾ ਹੈ। ਸਾਰੇ ਖੇਡ ਮੇਲਿਆਂ, ਕਬੱਡੀ ਕੱਪਾਂ ਅਤੇ ਵਿਸ਼ਵ ਕਬੱਡੀ ਕੱਪ ਦੇ ਖਰਚਿਆਂ ਦਾ ਜੋੜ ਕਰੀਏ ਤਾਂ ਇਹ ਬਜਟ ਕਰੋੜਾਂ ਤੋਂ ਅੱਗੇ ਅਰਬਾਂ ਰੁਪਏ ਨੂੰ ਜਾ ਢੁੱਕਦਾ ਅਜਿਹਾ ਖਰਚਾ ਕਰਕੇ ਵੀ ਅਸੀਂ ਅਜੇ ਤਕ ਦੁਨੀਆਂ ਦੇ ਕਿਸੇ ਵਿਸ਼ੇਸ਼ ਖੇਡ ਨਕਸ਼ੇ 'ਤੇ ਪੰਜਾਬ ਸਟਾਈਲ ਕਬੱਡੀ ਦਾ ਨਾਂ ਦਰਜ ਕਰਵਾਉਣ ਤੋਂ ਅਸਫਲ ਤੁਰੇ ਆ ਰਹੇ ਹਾਂ। ਅਜੇ ਤਕ ਸਕੂਲਾਂ/ਕਾਲਜਾਂ ਵਿਚ ਕਬੱਡੀ ਜੇਤੂ ਸਰਟੀਫਿਕੇਟਾਂ ਦੀ ਦਰਜਾਬੰਦੀ ਨਹੀਂ ਹੋਣ ਲੱਗੀ। ਭਾਰਤੀ ਓਲੰਪਿਕ ਐਸੋਸੀਏਸ਼ਨ ਵਲੋਂ ਕਬੱਡੀ ਦੀ ਖੇਡ ਨੂੰ ਆਪਣੇ ਏਜੰਡੇ 'ਚ ਸ਼ਾਮਲ ਕਰਨ ਦਾ ਜ਼ਿਕਰ ਵੀ ਸੁਣਨ ਨੂੰ ਨਹੀਂ ਮਿਲਿਆ, ਜਦੋਂਕਿ ਕੁਝ ਖੇਡਾਂ ਕਬੱਡੀ ਤੋਂ ਕਿਤੇ ਘੱਟ ਖਰਚੇ ਨਾਲ ਵਿਸ਼ਵ ਪ੍ਰਸਿੱਧੀ ਹਾਸਲ ਕਰ ਚੁੱਕੀਆਂ ਹਨ।

ਕਬੱਡੀ ਖੇਡ ਮੁਕਾਬਲਿਆਂ ਦੇ ਪ੍ਰਬੰਧਕਾਂ ਵਿਚ ਇਹ ਵੱਡੀ ਘਾਟ ਹੈ ਕਿ ਕਬੱਡੀ ਦੀ ਖੇਡ ਉਪਰ ਖਰਚਾ ਯੋਜਨਾਬੱਧ ਢੰਗ ਨਾਲ ਨਹੀਂ ਹੋ ਰਿਹਾ। ਇਹ ਖਰਚਾ ਕਬੱਡੀ ਖੇਡ ਨੂੰ ਪ੍ਰਫੁੱਲਤ ਕਰਨ ਲਈ ਘੱਟ ਅਤੇ ਆਪਣੇ ਵਿਖਾਵੇ ਲਈ ਜ਼ਿਆਦਾ ਹੋ ਰਿਹਾ ਹੈ। ਕੋਈ ਛਾਪ ਨਾ ਛੱਡਣ ਵਾਲੇ ਕਬੱਡੀ ਮੇਲਿਆਂ ਦੀ ਬਹੁਤਾਤ ਨੇ ਕਬੱਡੀ ਪ੍ਰੇਮੀਆਂ ਦੀਆਂ ਜੇਬਾਂ ਵਿਚੋਂ ਜਿਥੇ ਲੋੜੋਂ ਵਧ ਪੈਸਾ ਕੱਢਿਆ ਹੈ, ਉਥੇ ਕਬੱਡੀ ਖਿਡਾਰੀਆਂ ਲਈ ਲੋੜੀਂਦਾ ਆਰਾਮ ਖੋਹ ਲਿਆ ਹੈ। ਖੇਡ ਦੇ ਰੋਜ਼ਾਨਾ ਪ੍ਰਗਤੀਸ਼ੀਲ ਅਭਿਆਸ ਦਾ ਸਮਾਂ ਨਿੱਤ ਦਿਹਾੜੇ ਦੇ ਖੇਡ ਮੇਲਿਆਂ ਨੇ ਲੈ ਲਿਆ ਹੈ। ਰੋਜ਼ਾਨਾ ਸਖ਼ਤ ਮੁਕਾਬਲਿਆਂ ਵਾਲੇ ਅੱਧੀ-ਅੱਧੀ ਦਰਜਨ ਮੈਚ, ਨਾਮਵਰ ਖਿਡਾਰੀਆਂ ਵਲੋਂ ਆਏ ਮਿੰਟ ਰੇਡ 'ਤੇ ਰੇਡ, ਸਟਾਪਰ ਵਲੋਂ ਜੱਫੇ 'ਤੇ ਜੱਫਾ ਲਾਉਣ ਲਈ ਮਣਾਂ-ਮੂੰਹੀਂ ਜ਼ੋਰ। ਕੀ ਮਨੁੱਖ ਦੀ ਸਰੀਰਕ ਕਿਰਿਆ ਦੀ ਕੋਈ ਹੱਦ ਨਹੀਂ ਹੁੰਦੀ? ਕਬੱਡੀ ਖਿਡਾਰੀਆਂ ਦੀ ਸਰੀਰਕ ਕਿਰਿਆ ਦੀ ਹੱਦ ਨੂੰ ਨਾ ਸਮਝਣ ਵਾਲੇ ਖੇਡ ਮੁਕਾਬਲਿਆਂ ਦੇ ਪ੍ਰਬੰਧਕ ਮਾਂ ਖੇਡ ਦਾ ਮਿਆਰ ਡਿੱਗਣ ਦੇ ਜ਼ਿੰਮੇਵਾਰ ਹਨ। ਬਹੁਤ ਪ੍ਰਬੰਧਕ ਆਪਣੇ ਪਿੰਡ/ਸ਼ਹਿਰ ਵਿਖੇ ਦੂਜੇ ਖੇਡ ਮੇਲਿਆਂ ਤੋਂ ਸਮੇਂ ਦੀ ਵਿੱਥ ਰੱਖੇ ਬਗੈਰ ਖੇਡ ਮੇਲੇ ਦਾ ਦਿਨ ਤੈਅ ਕਰ ਲੈਂਦੇ ਹਨ। ਖੇਡ ਮੇਲਾ ਕਮੇਟੀਆਂ ਮੈਚਾਂ ਦੀ ਫਿਕਸਿੰਗ ਰੋਕਣ ਲਈ ਪਿੰਡਾਂ ਵਿਚ ਖਿਡਾਰੀਆਂ ਨੂੰ ਧਰਮ ਸਥਾਨਾਂ ਵਿਚ ਲਿਜਾ ਕੇ ਕਸਮਾਂ ਪਵਾਉਣ ਲੱਗ ਪਈਆਂ ਹਨ ਅਤੇ ਕਈ ਥਾਈਂ ਖੇਡ ਮੈਦਾਨ ਦੇ ਦਾਇਰੇ ਲਾਗੇ ਹੀ ਗੁਰਬਾਣੀ ਨਾਲ ਸਬੰਧਤ ਗੁਟਕੇ ਦਾ ਸਰੂਪ ਰੱਖਿਆ ਹੁੰਦਾ ਹੈ ਜਿਥੇ ਖਿਡਾਰੀਆਂ ਨੂੰ ਮੈਚ ਖੇਡਣ ਤੋਂ ਪਹਿਲਾਂ ਕਸਮ ਖਾਣ ਲਈ ਪੇਸ਼ ਕੀਤਾ ਜਾਂਦਾ ਹੈ।

ਇਸ ਸਭ ਦੇ ਬਾਵਜੂਦ ਫਿਰ ਵੀ ਕਬੱਡੀ ਦਾ ਦਾਇਰਾ ਵਿਦੇਸ਼ਾਂ 'ਚ ਪੁੱਜਿਆ ਹੈ। ਪਿਛਲੇ ਸਾਲ ਅਮਰੀਕੀ ਕਾਲੇ ਅਤੇ ਬਰਤਾਨਵੀ ਗੋਰੇ ਖਿਡਾਰੀਆਂ ਨੇ ਇਸ ਖੇਡ ਵਿਚ ਆਪਣੀ ਰੁਚੀ ਬਣਾਉਣੀ ਸ਼ੁਰੂ ਕੀਤੀ ਜਿਵੇਂ ਕਿ ਟੋਰਾਂਟੋ ਕਬੱਡੀ ਕੱਪ-2006 ਦੌਰਾਨ ਕੈਨੇਡਾ ਦੀ ਪੀਲ ਪੁਲਿਸ ਨੇ ਆਪਣੀ ਵਧੀਆ ਖੇਡ ਦਾ ਪ੍ਰਦਰਸ਼ਨ ਕੀਤਾ ਸੀ। ਅਮਰੀਕੀ ਮੂਲ ਦਾ ਖਿਡਾਰੀ ਡੈਨੀਅਲ ਇਗਾਲੀ ਜੋ ਓਲੰਪਿਕ ਖੇਡਾਂ ਦਾ ਗੋਲਡ ਮੈਡਲਿਸਟ ਸੀ, ਨੇ ਚੰਗਾ ਨਾਮਣਾ ਖੱਟਿਆ। ਇਸੇ ਤਰ੍ਹਾਂ ਹੀ ਕਬੱਡੀ ਦੇ ਉਸ ਕੱਪ ਦੌਰਾਨ ਸਿਆਟਲ ਦੇ ਖਿਡਾਰੀ ਮਾਇਕ, ਕੈਲੀਫੋਰਨੀਆ ਦੇ ਲੈਰੀ, ਡਾਂਟੇ ਅਤੇ ਸੁਮਾਰ ਦੀ ਕਾਰਗੁਜ਼ਾਰੀ ਕਾਫੀ ਚੰਗੀ ਰਹੀ। ਅਮਰੀਕੀ ਮੂਲ ਦਾ ਬੈਸਟ ਸਟਾਪਰ ਮੀਕਾ ਕਾਫੀ ਮਕਬੂਲ ਹੋ ਚੁੱਕਾ ਹੈ। ਪਰ ਇਸਦੇ ਬਾਵਜੂਦ ਕਬੱਡੀ ਮੈਨੇਜਮੈਂਟਾਂ 'ਤੇ ਭਾਰੂ ਹੋਏ ਪਰਵਾਸੀ ਪੰਜਾਬੀ ਕਬੱਡੀ ਪ੍ਰਮੋਟਰਾਂ ਅਤੇ ਖਿਡਾਰੀਆਂ ਨੇ ਆਪਣੀ ਅਜ਼ਾਰੇਦਾਰੀ ਕਾਇਮ ਰੱਖਦਿਆਂ ਪਰਵਾਸੀ ਮੂਲ ਦੇ ਸਥਾਪਤ ਅਤੇ ਉੱਭਰਦੇ ਕਬੱਡੀ ਖਿਡਾਰੀਆਂ ਨੂੰ ਨਾਲ ਲੈ ਕੇ ਚੱਲਣ ਦੀ ਕੋਸ਼ਿਸ਼ ਨਹੀਂ ਕੀਤੀ ਜਿਸ ਕਾਰਨ ਕਬੱਡੀ ਅਜੇ ਤੱਕ ਬਹੁ-ਕੌਮੀ ਖੇਡ ਨਹੀਂ ਬਣ ਸਕੀ। ਆਵਾਸ ਅਤੇ ਪਰਵਾਸ ਵਿਚ ਮਾਂ ਖੇਡ ਕਬੱਡੀ ਨੂੰ ਦਿਲੋਂ ਪਿਆਰ ਕਰਨ ਵਾਲੀਆਂ ਪ੍ਰਮੋਟਰ ਸੰਸਥਾਵਾਂ ਦੀ ਗਿਣਤੀ ਤਾਂ ਉਂਗਲਾਂ 'ਤੇ ਗਿਣੀ ਜਾਣ ਵਾਲੀ ਹੈ ਪਰ ਕਬੱਡੀ ਤੋਂ ਵਪਾਰਕ ਲਾਹਾ ਲੈਣ ਵਾਲੀਆਂ ਪ੍ਰਮੋਟਰ ਸੰਸਥਾਵਾਂ ਵੱਡੀ ਗਿਣਤੀ ਵਿਚ ਹਨ। ਦੇਸ਼-ਵਿਦੇਸ਼ ਦੀਆਂ ਸਾਰੀਆਂ ਕਬੱਡੀ ਸੰਸਥਾਵਾਂ ਨੂੰ ਕਬੱਡੀ ਦੇ ਅਸਲੀ ਹਿੱਤਾਂ ਖਾਤਿਰ ਆਪਣੇ ਕੁੰਡੇ ਹੇਠ ਰੱਖਣ ਵਾਲੀ ਫੈਡਰੇਸ਼ਨ ਇੰਟਰਨੈਸ਼ਨਲ ਆਫ ਕਬੱਡੀ ਅਜੇ ਤੱਕ ਹੋਂਦ ਵਿਚ ਨਹੀਂ ਆਈ। ਓਲੰਪਿਕ ਅਤੇ ਕਾਮਨਵੈਲਥ ਖੇਡਾਂ ਵਿਚ ਸ਼ਾਮਲ ਕਰਵਾਉਣ ਦੀ ਗੱਲ ਫਿਲਹਾਲ ਮਹਿਜ ਸੁਪਨਾ ਹੀ ਹੈ। ਪੰਜਾਬ ਸਰਕਾਰ ਵਲੋਂ ਭਾਵੇਂ ਵਿਸ਼ਵ ਕਬੱਡੀ ਕੱਪ ਕਰਵਾਇਆ ਜਾ ਰਿਹਾ ਹੈ ਪਰ ਦੇਸ਼ਾਂ ਤੋਂ ਆਉਣ ਵਾਲੇ ਤਕਰੀਬਨ ਸਾਰੇ ਖਿਡਾਰੀਆਂ ਦਾ ਦੂਰੋਂ-ਨੇੜਿਓਂ ਸਬੰਧ ਚੜਦੇ-ਲਹਿੰਦੇ ਪੰਜਾਬ ਨਾਲ ਹੋਣ ਕਰਕੇ ਇਸਨੂੰ 'ਵਿਸ਼ਵ ਪੰਜਾਬੀ ਕਬੱਡੀ ਕੱਪ' ਦਾ ਨਾਂ ਦਿੱਤਾ ਜਾਣਾ ਹੀ ਵਾਜਬ ਹੈ।



# ਸਾਂਝ ਦੀਆਂ ਜੜ੍ਹਾਂ

ਡਾ. ਗੁਰਨਾਮ ਕੌਰ

ਸਾਂਝ ਦੀਆਂ ਜੜ੍ਹਾਂ ਡੂੰਘੀਆਂ ਵੀ ਹੁੰਦੀਆਂ ਹਨ ਅਤੇ ਪੱਕੀਆਂ ਵੀ, ਜੇ ਇਕ ਵਾਰ ਪੈ ਜਾਣ ਤਾਂ। ਸਾਡੇ ਬਜ਼ੁਰਗ ਗੱਲਾਂ ਸੁਣਾਉਂਦੇ ਹੁੰਦੇ ਸੀ ਕਿ ਸੰਨ ਸੰਤਾਲੀ ਤੋਂ ਪਹਿਲਾਂ ਸਾਡੇ ਪਿੰਡ ਵੀ ਸਾਂਝੇ ਭਾਈਚਾਰੇ ਵਿਚ ਤੇਲੀ, ਗੁੱਜਰ, ਭਰਾਈ ਅਤੇ ਮਰਾਸੀ ਆਦਿ ਮੁਸਲਮਾਨਾਂ ਦੀਆਂ ਵੱਖੋ-ਵੱਖ ਜਾਤਾਂ ਦੇ ਲੋਕ ਰਹਿੰਦੇ ਸੀ। ਪਿੰਡ ਦੇ ਲੋਕਾਂ ਨੇ ਪੂਰੀ ਕੋਸ਼ਿਸ਼ ਕੀਤੀ ਸੀ ਕਿ ਉਨ੍ਹਾਂ ਨੂੰ ਸਹੀ ਸਲਾਮਤ ਪਿੰਡੋਂ ਤੋਰਿਆ ਜਾਵੇ। ਉਨ੍ਹਾਂ ਦੀ ਹਰ ਤਰ੍ਹਾਂ ਦੀ ਮਦਦ ਅਤੇ ਰਾਖੀ ਕਰਨ ਦੀ ਕੋਸ਼ਿਸ਼ ਕੀਤੀ। ਮੇਰੇ ਬੇਜੀ ਦੱਸਦੇ ਹੁੰਦੇ ਸੀ ਕਿ ਸਾਡੇ ਬਾਹਰਲੇ ਘਰ ਦੇ ਨਾਲ ਹੀ ਮਾਮ ਤੇਲੀ ਦਾ ਘਰ ਸੀ ਅਤੇ ਉਰੇ-ਪਰੇ ਮਰਾਸੀਆਂ ਅਤੇ ਗੁੱਜਰਾਂ ਦੇ ਘਰ ਸਨ। ਇਸ ਦੇ ਨਾਲ ਹੀ ਝਿਊਰਾਂ ਦਾ ਘਰ ਸੀ ਜਿਸਨੂੰ ਪੱਕੀ ਪੌੜਗਾਲ ਲੱਗੀ ਸੀ ਜੋ ਕਾਫੀ ਓਹਲੇ ਵਾਲੀ ਸੀ। ਛੱਤ ‘ਤੇ ਵੀ ਓਹਲਾ ਸੀ। ਇਨ੍ਹਾਂ ਤੇਲੀਆਂ ਭਰਾਈਆਂ ਦੀਆਂ ਕੁੜੀਆਂ-ਬੁੜ੍ਹੀਆਂ ਇਕੱਠੀਆਂ ਹੋ ਕੇ ਝਿਊਰਾਂ ਦੀ ਛੱਤ ਅਤੇ ਪੌੜੀਆਂ ਵਿਚ ਲੁੱਕੀਆਂ ਬੈਠੀਆਂ ਸਨ। ਮੇਰੇ ਬੇਜੀ ਉਨ੍ਹਾਂ ਲਈ ਰੋਟੀ ਲੈ ਕੇ ਗਏ। ਪੌੜੀਆਂ ਕੋਲ ਉਨ੍ਹਾਂ ਦੇ ਪੈਰਾਂ ਦਾ ਖੜਾਕ ਸੁਣ ਕੇ ਇਸ ਤਰ੍ਹਾਂ ਡਰ ਗਈਆਂ ਜਿਵੇਂ ਬਿਜਲੀ ਡਿਗੀ ਹੋਵੇ। ਜਦੋਂ ਮੇਰੀ ਮਾਂ ਨੇ ਦੱਸਿਆ ਕਿ ਉਹ ਕੌਣ ਹੈ ਅਤੇ ਉਨ੍ਹਾਂ ਲਈ ਰੋਟੀ ਲੈ ਕੇ ਆਂਦੀ ਹੈ ਤਾਂ ਉਨ੍ਹਾਂ ਦੀ ਜਾਨ ਵਿਚ ਜਾਨ ਆਈ।



ਡਾ. ਗੁਰਨਾਮ ਕੌਰ

ਸਾਡੇ ਪਿੰਡ ਦਾ ਜਗੀਰਾ ਮਜ਼ਬੀ ਆਪਣੇ ਆਪ ਨੂੰ ਬਦਮਾਸ਼ ਕਹਾਉਂਦਾ ਸੀ। ਉਸਨੇ ਹੀ ਇਕ ਬਜ਼ੁਰਗ ਔਰਤ ਨੂੰ ਵੱਢ ਦਿੱਤਾ ਸੀ। ਉਸਤੋਂ ਜਗੀਰੇ ਨੇ ਇਹ ਕਹਿ ਕੇ ਦਰਵਾਜਾ ਖੁਲਵਾਇਆ ਕਿ ‘‘ਅੰਮਾ ਤੇਰੇ ਲਈ ਰੋਟੀ ਲਿਆਇਆ ਹਾਂ।’’ ਉਸ ਗਰੀਬ ਅਤੇ ਮਜ਼ਲੂਮ ਔਰਤ ਨੇ ਬੂਹਾ ਖੋਲ੍ਹ ਕੇ ਦੋਵੇਂ ਹੱਥ ਰੋਟੀ ਫੜਨ ਲਈ ਅੱਗੇ ਕੀਤੇ ਤਾਂ ਉਸ ਨੇ ਤਲਵਾਰ ਨਾਲ ਵਾਰ ਕਰ ਦਿੱਤਾ। ਮੈਂ ਇਥੇ ਤਲਵਾਰ ਇਸ ਲਈ ਕਿਹਾ ਹੈ ਕਿ ਨਾ ਤਾਂ ਉਹ ਸਿੱਖ ਸਜਿਆ ਹੋਇਆ ਸੀ ਅਤੇ ਨਾ ਹੀ ਸਿੱਖ ਦੀ ਕਿਰਪਾਨ ਕਿਸੇ ਮਜ਼ਲੂਮ ਉੱਤੇ ਉੱਠ ਸਕਦੀ ਹੈ। ਜੇ ਉੱਠਦੀ ਹੈ ਤਾਂ ਅਜਿਹਾ ਬੰਦਾ ਭਾਵੇਂ ਸਿੱਖੀ ਸਰੂਪ ਵਿਚ ਹੀ ਕਿਉਂ ਨਾ ਹੋਵੇ, ਉਹ ਹੋਰ ਕੁਝ ਵੀ ਹੋ ਸਕਦਾ ਹੈ ਪਰ ਗੁਰੂ ਦਾ ਸਿੰਘ ਨਹੀਂ ਹੋ ਸਕਦਾ। ਇਸੇ ਲਈ ਗੁਰੂ ਦੀ ਬਖਸ਼ੀ ਦਾਤ, ਤਲਵਾਰ ਨਾ ਹੋ ਕੇ ਕ੍ਰਿਪਾਨ ਕਹਾਉਂਦੀ ਹੈ। ਇਨੇ ਵਰ੍ਹੇ ਗੁਜ਼ਰ ਜਾਣ ‘ਤੇ ਵੀ ਲੋਕ ਇਸ ਘਟਨਾ ਦਾ ਜ਼ਿਕਰ ਗਿਲਾਨੀ ਅਤੇ ਦੁੱਖ ਨਾਲ ਕਰਦੇ ਹੁੰਦੇ ਸੀ। ਮੈਂ ਇਹ ਘਟਨਾ ਨਿੱਕੀ ਹੁੰਦੀ ਨੇ ਸੁਣੀ ਸੀ। ਜਦੋਂ ਵੀ ਜਗੀਰੇ ਨੂੰ ਤੁਰਿਆ ਫਿਰਦਾ ਦੇਖਣਾ ਤਾਂ ਅੱਖਾਂ ਸਾਹਮਣੇ ਹਮੇਸ਼ਾ ਉਹ ਤਸਵੀਰ ਬਣ ਜਾਣੀ ਕਿ ਕਿਵੇਂ ਉਸ ਔਰਤ ਨੇ ਆਪਣੇ ਦੋਵੇਂ ਹੱਥ ਰੋਟੀ ਲਈ ਅੱਡੇ ਹੋਣਗੇ ਅਤੇ ਕਿਵੇਂ ਰੋਟੀ ਦੀ ਥਾਂ ਤਲਵਾਰ ਦਾ ਵਾਰ ਮਿਲਿਆ ਹੋਵੇਗਾ।

ਫੱਤੂ ਗੁੱਜਰ ਦੇ ਦੋ ਮੁੰਡੇ ਸੀ ਅਤੇ ਇੱਕ ਧੀ। ਪਾਕਿਸਤਾਨ ਬਣਨ ਵੇਲੇ ਉਸਦਾ ਵੱਡਾ ਮੁੰਡਾ ਯੂਸਫ ਅਤੇ ਧੀ ਜੰਨੀ ਵਿਆਹੇ ਹੋਏ ਸੀ। ਛੋਟਾ ਮੁੰਡਾ ਹਾਲੇ ਨਿਆਣੀ ਉਮਰ ਦਾ ਸੀ। ਯੂਸਫ ਕੈਂਪਾਂ ਰਾਹੀਂ ਪਾਕਿਸਤਾਨ ਪਹੁੰਚ ਗਿਆ ਪਰ ਛੋਟਾ ਬਾਰਡਰ ਤੋਂ ਹੀ ਭੱਜ ਆਇਆ। ‘‘ਆਪਣਾ ਪਿੰਡ’’ ਛੱਡ ਕੇ ਜਾਣ ਨੂੰ ਜੀਅ ਨਹੀਂ ਕੀਤਾ। ਇਸੇ ਤਰ੍ਹਾਂ ਜੰਨੀ ਵੀ ਲੁਕਦੀ-ਛਿਪਦੀ ਵਾਪਸ ਆ ਗਈ। ਛੋਟਾ ਅੰਮ੍ਰਿਤ ਛੱਕ ਕੇ ਪਿੰਡ ਹੀ ਕਿਧਰੇ ਲੁੱਕ ਛਿਪ ਗਿਆ। ਇਕ ਵਾਰੀ ਵਿਚ ਬਾਬਾ ਰਣ ਸਿੰਘ ਸਿੰਧੀਆ ਗੁਰੂ ਗੋਬਿੰਦ ਸਿੰਘ ਬਾਰੇ ਗੱਲਾਂ ਕਰਦਿਆਂ ਗਿਣਾ ਰਿਹਾ ਸੀ ਕਿ ਸਾਡੇ ਗੁਰੂ ਨੇ ਕੀ ਕੀ ਕੀਤਾ। ਫੱਤੂ ਗੁੱਜਰ ਉਸਨੂੰ ਬੜੇ ਗੁੱਸੇ ਨਾਲ ਬੋਲਿਆ ਕਿ ਗੁਰੂ ਗੋਬਿੰਦ ਸਿੰਘ ਨੂੰ ਤੁਸੀਂ ਆਪਣੇ ਨਾਂ ਲਗਵਾਇਆ ਹੋਇਆ? ਉਹ ਸਭ ਦਾ ਗੁਰੂ ਸੀ, ਸਾਡਾ ਵੀ ਗੁਰੂ ਸੀ। ਤੁਹਾਡਾ ਇਕੱਲਿਆਂ ਦਾ ਨਹੀਂ ਸੀ। ਇਸੇ ਨੂੰ ਪ੍ਰੋ. ਪੂਰਨ ਸਿੰਘ ਨੇ ‘ਪੰਜਾਬ ਸਾਰਾ ਜੀਂਦਾ ਗੁਰੂ ਦੇ ਨਾਮ’ ਕਿਹਾ ਹੈ।

ਯੂਸਫ ਦੀ ਵਹੁਟੀ ਟੋਲੇ ਨਾਲ ਜਾਂਦਿਆਂ ਪਿੰਡ ਤੋਂ ਪੰਦਰਾਂ-ਵੀਹ ਮੀਲ ਦੂਰ ਕੰਧੋਲੇ ਪਿੰਡ ਕੋਲ ਹੋਰ ਲੋਕਾਂ ਨਾਲ ਹੀ ਵੱਢੀ ਗਈ। ਉਸਦੇ ਕੁੱਛੜ ਛੋਟੀ ਜਿਹੀ ਧੀ ਸੀ ਜੋ ਬੱਚ ਗਈ। ਕਹਿੰਦੇ ਹਨ ਕਿ ਉਹ ਆਪਣੀ ਮਰੀ ਪਈ ਮਾਂ ਦਾ ਦੁੰਧ ਚੁੰਘ ਰਹੀ ਸੀ ਜਦੋਂ ਉਸਨੂੰ ਕੰਧੋਲਿਆਂ ਦਾ ਮਜ਼ਬੀ ਸਿੱਖਾਂ ਦਾ ਜੋੜਾ ਚੁੱਕ ਕੇ ਆਪਣੇ ਘਰ ਲੈ ਗਿਆ ਅਤੇ ਆਪਣੀ ਧੀ ਬਣਾ ਕੇ ਪਾਲਣ ਲੱਗ ਪਿਆ। ਯੂਸਫ ਨੇ ਹੋਰ ਵਿਆਹ ਕਰ ਲਿਆ ਪਰ ਦੂਜੀ ਵਹੁਟੀ ਰਾਣੀ ਦੇ ਕੋਈ ਬੱਚਾ ਨਾ ਹੋਇਆ। ਕਿਸੇ ਨੇ ਯੂਸਫ ਨੂੰ ਦੱਸ ਦਿੱਤਾ ਕਿ ਕੰਧੋਲੇ ਪਲ ਰਹੀ ਕੁੜੀ ਤੇਰੀ ਧੀ ਹੈ। ਉਹ ਪੁਲਿਸ ਦੀ ਮਦਦ ਨਾਲ ਆਪਣੀ 7-8 ਸਾਲ ਦੀ ਕੁੜੀ ਨੂੰ ਲੈ ਆਇਆ। ਉਹ ਮਜ਼ਬੀ ਸਿੱਖ ਵੀ ਪਿੱਛੇ ਪਿੱਛੇ ਪਹੁੰਚ ਗਏ ਰੋਂਦੇ ਰੋਂਦੇ ਕਿ ਕੁੜੀ ਸਾਨੂੰ ਵਾਪਸ ਦੇ ਦਿਉ। ਅਸੀਂ ਸਕੂਲ ਪੜ੍ਹਦੇ ਬੱਚੇ ਵੀ ਉਨ੍ਹਾਂ ਨੂੰ ਅਤੇ ਕੁੜੀ ਨੂੰ ਦੇਖਣ ਗਏ। ਪਹਿਲਾਂ ਪਤਾ ਨਹੀਂ ਉਸਦਾ ਕੀ ਨਾਂ ਰੱਖਿਆ ਸੀ ਪਰ ਫਿਰ ਉਸਦਾ ਨਾਂ ਸਲਾਮਤੇ ਪੈ ਗਿਆ ਅਤੇ ਸਕੂਲ ਦਾਖਲ ਕਰਾ ਦਿੱਤੀ। ਮੇਰੇ ਮਨ ਵਿਚ ਉਸ ਚੁੱਪ ਅਤੇ ਸੋਹਣੀ ਜਿਹੀ ਕੁੜੀ ਲਈ ਇਕ ਅਜੀਬ ਕਿਸਮ ਦੀ ਹਮਦਰਦੀ ਹੁੰਦੀ ਸੀ। ਅੱਜ ਉਹ ਪਰਿਵਾਰ ਵਾਲੀ ਹੋ ਕੇ ਆਪਣੇ ਪਿੰਡ ਵਿਚ ਹੀ ਪਰਿਵਾਰ ਸਮੇਤ ਰਹਿ ਰਹੀ ਹੈ।

ਦੂਸਰੀ ਘਟਨਾ ਜੋ ਮੇਰੀ ਸੋਝੀ ਵਿਚ ਵਾਪਰੀ ਤਕਰੀਬਨ ਸੰਨ 54-55 ਦੀ ਹੈ। ਗੁਰਦੁਆਰੇ ਦਾ ਗ੍ਰੰਥੀ ਸਿੰਘ ਕਿਸੇ ਹੋਰ ਪਿੰਡੋਂ ਆ ਕੇ ਸਾਡੇ ਪਿੰਡ ਗ੍ਰੰਥੀ ਲੱਗਿਆ ਸੀ ਜਿਸਦੀਆਂ ਦੋ ਧੀਆਂ ਸਨ। ਛੋਟੀ ਆਪਣੀ ਮਾਂ ਵਰਗੀ ਪੱਕੇ ਰੰਗ ਦੀ ਸੀ ਪਰ ਵੱਡੀ ਅੰਬਰੋ ਗੋਰੀ ਚਿੱਟੀ ਕੁੜੀ ਸੀ। ਇਕ ਦਿਨ ਪੁਲਿਸ ਦੀ ਜੀਪ ਆਈ ਤਾਂ ਉਸ ਧਾਹਾਂ ਮਾਰਦੀ ਕੁੜੀ ਨੂੰ ਲੈ ਗਏ। ਉਸਦੇ ਮਾਂ-ਬਾਪ ਵੀ ਉੱਚੀ ਉੱਚੀ ਧਾਹਾਂ ਮਾਰ ਰਹੇ ਸਨ। ਉਸ ਦਿਨ ਪਤਾ ਲੱਗਿਆ ਕਿ ਉਹ ਕੁੜੀ ਮੁਸਲਮਾਨਾਂ ਦੀ ਸੀ ਜੋ ਰੌਲਿਆਂ ਵੇਲੇ ਇੱਥੇ ਰਹਿ ਗਈ ਸੀ। ਹੁਣ ਉਸਨੂੰ ਪਾਕਿਸਤਾਨ ਲੈ ਜਾਇਆ ਜਾਣਾ ਸੀ। ਮੈਨੂੰ ਇਕ ਗੱਲ ਦੀ ਸਮਝ ਨਹੀਂ ਸੀ ਲੱਗ ਰਹੀ ਕਿ ਜੇ ਪਤਾ ਹੀ ਨਹੀਂ ਉਸਦੇ ਮਾਂ-ਬਾਪ ਕੌਣ ਹਨ ਅਤੇ ਕਿੱਥੇ ਹਨ ਫਿਰ ਇਸਨੂੰ ਕਿਉਂ ਪਾਕਿਸਤਾਨ ਲੈ ਕੇ ਜਾ ਰਹੇ ਨੇ? ਜਦਕਿ ਉਹ ਜਾਣਾ ਵੀ ਨਹੀਂ ਚਾਹੁੰਦੀ। ਸ਼ਾਇਦ ਇਸੇ ਤਰ੍ਹਾਂ ਹੋਰ ਵੀ ਬਹੁਤ ਸਾਰੀਆਂ ਕੁੜੀਆਂ ਨਾਲ ਵਾਪਰਿਆ ਹੋਵੇਗਾ। ਹਿੰਦੂ-ਸਿੱਖ ਕੁੜੀਆਂ ਵੀ ਇਸੇ ਤਰ੍ਹਾਂ ਰਹਿ ਗਈਆਂ ਹੋਣਗੀਆਂ ਅਤੇ ਫਿਰ ਬਿਨਾ ਕਿਸੇ ਟਿਕਾਣੇ ਦੇ ਪੁਲਿਸ ਜਾਂ ਮਿਲਟਰੀ ਲਿਆਈ ਹੋਵੇਗੀ। ਸਾਡੇ ਪਿੰਡ ਦੀ ਮੀਰੋ ਮਰਾਸਣ ਨੂੰ ਰੌਲਿਆਂ ਵੇਲੇ ਮੇਰੇ ਬੇਜੀ ਨੇ ਸਾਡੇ ਤੂੜ੍ਹੀ ਵਾਲੇ ਕੋਠੇ ਵਿਚ ਲੁਕਾ ਦਿੱਤਾ ਸੀ। ਉਹ ਦਾਈ ਦਾ ਕੰਮ ਕਰਦੀ ਸੀ ਅਤੇ ਨਾਲ ਹੀ ਕਹਿੰਦੇ ਹਨ, ਸਿੰਗੀਆਂ ਲਾ ਕੇ ਲੋਕਾਂ ਦਾ ਇਲਾਜ ਕਰਦੀ ਹੁੰਦੀ ਸੀ। ਸਾਡੇ ਪਿਛਲੇ ਪਾਸੇ ਦੇ ਘਰ ਵਿਚ ਕਿਸੇ ਦੀ ਨੂੰਹ ਦੇ ਬੱਚਾ ਹੋਣ ਵਾਲਾ ਸੀ ਤਾਂ ਉਹ ਬਜ਼ੁਰਗ ਆ ਕੇ ਮੇਰੀ ਮਾਂ ਅੱਗੇ ਹੱਥ ਜੋੜਨ ਲੱਗਿਆ ਕਿ ਮੀਰੋ ਨੂੰ ਮੇਰੀ ਨੂੰਹ ਦੀ ਖਾਤਰ ਸਾਡੇ ਘਰ ਭੇਜ ਦਿਉ। ਬੇਜੀ ਕੋਠੇ ਦੀ ਛੱਤ ਉਤੋਂ ਦੀ ਉਸਨੂੰ ਭੇਜਣ ਇਸ ਸ਼ਰਤ ’ਤੇ ਮੰਨੇ ਕਿ ਉਹ (ਬਜ਼ੁਰਗ) ਮੀਰੋ ਦਾ ਕੋਈ ਨੁਕਸਾਨ ਕੀਤੇ ਬਿਨਾ ਉਵੇਂ ਹੀ ਉਸਨੂੰ ਘਰ ਤੱਕ ਛੱਡ ਕੇ ਜਾਣਗੇ ਅਤੇ ਨਾਲ ਉਨ੍ਹਾਂ ਨੇ ਮੇਰੇ ਛੋਟੇ ਵੀਰ ਨੂੰ ਭੇਜਿਆ। ਰੌਲੇ ਮੁੱਕਣ ਤੇ ਉਹ ਆਪਣੇ ਘਰ ਵਿਚ ਰਹਿਣ ਲੱਗ ਪਈ ਅਤੇ ਕਾਫੀ ਦੇਰ ਤੱਕ ਆਪਣੇ ਮੁੰਡਿਆਂ ਨੂੰ ਪਾਕਿਸਤਾਨ ਮਨੀ-ਆਰਡਰ ਕਰਾ ਕੇ ਪੈਸੇ ਭੇਜਦੀ ਰਹੀ। ਜਦੋਂ ਪੈਸੇ ਭੇਜਣ ਦਾ ਸਿਸਟਮ ਸਰਕਾਰ ਨੇ ਬੰਦ ਕਰ ਦਿੱਤਾ ਉਦੋਂ ਜਾਣ ਦਾ ਮਨ ਬਣਾਇਆ। ਫਿਰ ਵੀ ਮੇਰੀ ਮਾਂ ਨੂੰ ਉਹ ਕਹਿੰਦੀ ਹੁੰਦੀ ਸੀ, ‘‘ਸਰਦਾਰਨੀ ਮੈਂ ਤੇਰੇ ਛੋਟੇ ਮੁੰਡੇ ਨਿਰਮਲ ਸਿੰਘ ਦੇ ਵਿਆਹ ਦੀ ਢੋਲਕੀ ਵਜਾਉਣ ਤੋਂ ਬਾਅਦ ਜਾਵਾਂਗੀ।’’ ਜੂਨ 1953 ਵਿਚ ਵੀਰ ਦਾ ਵਿਆਹ ਹੋਇਆ। ਉਸ ਤੋਂ ਬਾਅਦ ਉਹ ਗਈ ਅਤੇ ਮੇਰੇ ਬਾਪੂ ਜੀ ਆਪ ਉਸਨੂੰ ਜਲੰਧਰ ਕੈਂਪ ਵਿਚ ਛੱਡ ਕੇ ਆਏ। ਬੜੀ ਦੇਰ ਤੱਕ ਸਾਡੇ ਘਰ ਪੋਸਟ-ਕਾਰਡ ’ਤੇ ਲਿਖੇ ਉਸਦੇ ਮੁੰਡਿਆਂ ਦੇ ਸ਼ੁਕਰੀਏ ਦੇ ਖ਼ਤ ਆਉਂਦੇ ਰਹੇ।

ਸਾਡੇ ਪਿੰਡ ਦੀ ਲਾਗਲੇ ਪਿੰਡ ਕਟਾਲੇ ਦੇ ਮੁਸਲਮਾਨਾਂ ਨਾਲ ਬਹੁਤ ਵਰਤੋਂ-ਵਿਹਾਰ ਸੀ। ਵਿਆਹ-ਸ਼ਾਦੀਆਂ ’ਤੇ, ਖੁਸ਼ੀ ਗਮੀ ਵਿਚ ਬਹੁਤ ਆਉਣ-ਜਾਣ ਸੀ। ਭਾਵੇਂ ਉਦੋਂ ਮੁਸਲਮਾਨਾਂ ਦੇ ਘਰ ਦਾ ਪੱਕਿਆ ਖਾਣਾ ਨਹੀਂ ਸੀ ਖਾਧਾ ਜਾਂਦਾ ਪਰ ਵਿਆਹਾਂ ’ਤੇ ਕਟਾਲੇ ਤੋਂ ਸੁੱਕਾ ਸੀਧਾ ਭੇਜਦੇ ਹੁੰਦੇ ਸੀ। ਸਿਆਣੇ ਬਜ਼ੁਰਗ ਦਸਦੇ ਹੁੰਦੇ ਸੀ ਕਿ ਇਹ ਰਿਸ਼ਤਾ ਤਕਰੀਬਨ ਸਿੱਖਾਂ ਦੇ ਮਲੇਰ ਕੋਟਲੇ



ਨਾਲ ਰਿਸ਼ਤੇ ਵਾਂਗ ਸੀ। ਕਹਿੰਦੇ ਹਨ ਕਿ ਸਾਡਾ ਪਿੰਡ ਬੰਨ੍ਹਣ ਵਾਲਾ ਬਜ਼ੁਰਗ ਅਤੇ ਮਾਛੀਵਾੜੇ ਕੋਲ ਪ੍ਰਔਤ ਵਧਾਉਣ ਵਾਲਾ ਬਜ਼ੁਰਗ ਸਕੇ ਭਰਾ ਸਨ ਜਿਨ੍ਹਾਂ ਦਾ ਪਿੱਛਾ ਘੜਾਮ ਦਾ ਸੀ। ਦੋਹਾਂ ਭਰਾਵਾਂ ਦੇ ਪਿੱਛੇ ਮੁਗਲ ਫੌਜ ਦੀ ਟੁਕੜੀ ਲੱਗੀ। ਪ੍ਰਔਤ ਵਾਲੇ ਨੂੰ ਉਨ੍ਹਾਂ ਨੇ ਫੜ ਲਿਆ ਅਤੇ ਜ਼ਬਰੀ ਮੁਸਲਮਾਨ ਬਣਾ ਦਿੱਤਾ। ਸਾਡੇ ਪਿੰਡ ਦਾ ਮੋਢੀ ਬਜ਼ੁਰਗ ਭੱਜ ਆਇਆ। ਉਸਨੂੰ ਕਟਾਲੇ ਦੇ ਮੁਸਲਮਾਨਾਂ ਨੇ ਮਿੱਟੀ ਦੇ ਬਣੇ ਵੱਡੇ ਭੜੋਲੇ ਵਿਚ ਲੁਕਾ ਲਿਆ ਤਾਂ ਕਿ ਉਸਦਾ ਧਰਮ ਅਤੇ ਜਾਨ ਦੋਵੇਂ ਬਚ ਜਾਣ। ਉਸਨੇ ਫਿਰ ਘੁੰਗਰਾਲੀ ਪਿੰਡ ਵਸਾਇਆ। ਘੁੰਗਰਾਲੀ ਦੇ ਜੱਟ ਅਤੇ ਪ੍ਰਔਤ ਦੇ ਮੁਸਲਮਾਨ ਉਟਾਲ ਗੋਤ ਦੇ ਸੀ ਅਤੇ ਇਨ੍ਹਾਂ ਦੀ ਆਪਸ ਵਿਚ ਵਰਤੋਂ ਸੀ। ਕਟਾਲੇ ਨਾਲ ਘੁੰਗਰਾਲੀ ਦੀ ਸਾਂਝ ਦਾ ਕਾਰਨ ਇਹ ਘਟਨਾ ਸੀ। ਪਰ ਜਿਵੇਂ ਕਹਿੰਦੇ ਹਨ ਕਿ ਜੇ ਭਰਾਵਾਂ ਵਿਚ ਕੋਈ ਗਲਤਫਹਿਮੀ ਪਾ ਦੇਵੇ ਤਾਂ ਉਹ ਆਪਸ ਵਿਚ ਸਭ ਤੋਂ ਵੱਡੇ ਦੁਸ਼ਮਣ ਬਣ ਜਾਂਦੇ ਹਨ। ਇਸੇ ਤਰ੍ਹਾਂ ਹੱਲਿਆਂ ਵੇਲੇ ਕਿਸੇ ਨੇ ਦੂਸਰੇ ਪਿੰਡੋਂ ਆ ਕੇ ਅਫ਼ਵਾਹ ਫੈਲਾ ਦਿੱਤੀ ਕਿ ਕਟਾਲੇ ਦੇ ਮੁਸਲਮਾਨ ਘੁੰਗਰਾਲੀ ’ਤੇ ਹਮਲਾ ਕਰਨ ਆ ਰਹੇ ਹਨ। ਇਸ ’ਤੇ ਸਾਡੇ ਪਿੰਡ ਦਾ ਇਕ ਬਜ਼ੁਰਗ ਜੋ ਸ਼ਾਇਦ ਫੌਜੀ ਵੀ ਸੀ ਅਤੇ ਜਿਸ ਕੋਲ ਲਾਇਸੰਸੀ ਰਫਲ ਸੀ, ਲੋਕਾਂ ਨੂੰ ਡਾਂਗਾਂ, ਤਲਵਾਰਾਂ ਅਤੇ ਬਰਛਿਆਂ ਨਾਲ ਲੈਸ ਕਰਕੇ ਕਟਾਲੇ ’ਤੇ ਹਮਲਾ ਕਰਨ ਲੈ ਤੁਰਿਆ। ਕਹਿੰਦੇ ਹਨ ਕਿ ਕਟਾਲੇ ਵਿਚ ਚਾਰ-ਪੰਜ ਰਿਟਾਇਰਡ ਫੌਜੀ ਮੁਸਲਮਾਨ ਸਨ ਜਿਨ੍ਹਾਂ ਕੋਲ ਰਫ਼ਲਾਂ ਸਨ। ਘੁੰਗਰਾਲੀ ਜਨਾਨੀਆਂ ਨੇ ਛੱਤਾਂ ’ਤੇ ਇੱਟਾਂ ਰੋੜੇ ਜਮ੍ਹਾਂ ਕਰ ਲਏ। ਫੌਜੀ ਬੰਦਿਆਂ ਨੇ ਜਾਂਦਿਆਂ ‘ਤੇ ਗੋਲੀਆਂ ਚਲਾਉਣੀਆਂ ਸ਼ੁਰੂ ਕਰ ਦਿੱਤੀਆਂ। ਪੈਂਦੀ-ਸੱਟੇ ਉਹ ਬਜ਼ੁਰਗ ਅਗਵਾਈ ਕਰ ਰਿਹਾ ਸੀ। ਗੋਲੀ ਲੱਗਣ ’ਤੇ ਮਾਰਿਆ ਗਿਆ ਅਤੇ ਲੋਕ ਉਸਦੀ ਲਾਸ਼ ਲੈ ਕੇ ਵਾਪਸ ਆ ਗਏ। ਇਸਤੋਂ ਪਹਿਲਾਂ ਹੀ ਮਾਵਾਂ ਦੇ ਸਾਹ ਝੂਠੀਆਂ ਖਬਰਾਂ ਨਾਲ, ਕਿ ਕੌਣ ਕੌਣ ਮਾਰਿਆ ਗਿਆ, ਸੂਤੇ ਪਏ ਸਨ।

ਕੱਤਕ ਦੇ ਮਹੀਨੇ ਹਿੰਦੂ-ਸਿੱਖ ਔਰਤਾਂ ਇਕੱਠੀਆਂ ਹੋ ਕੇ ਤੜਕੇ ਨੂੰ ਦਮੋਦਰ (ਚੌ-ਮੁਖੀਏ ਦੀਵੇ ਬਾਲ ਕੇ) ਗੁਰਦੁਆਰੇ ਦੀ ਢਾਬ ਵਿਚ ਉਤਾਰਨ ਅਤੇ ਇਸ਼ਨਾਨ ਕਰਨ ਜਾਂਦੀਆਂ ਹੁੰਦੀਆਂ ਸਨ। ਇਹ ਭਾਈਚਾਰਕ ਸਾਂਝਾਂ ਉਦੋਂ ਰਾਜਨੀਤੀ ਤੋਂ ਬਹੁਤ ਦੂਰ ਹੁੰਦੀਆਂ ਸਨ। ਹੁਣ ਤਾਂ ਭਾਈਚਾਰਕ ਸਾਂਝ ਨੂੰ ਵੀ ਰਾਜਨੀਤੀ ਦੇ ਝਰੋਖਿਆਂ ਵਿਚੋਂ ਹੀ ਦੇਖਿਆ ਜਾਂਦਾ ਹੈ। ਪਿੰਡਾਂ ਦਾ ਭਾਈਚਾਰਾ ਵੀ ਰਾਜਨੀਤਕ ਧੜਿਆਂ ਅਤੇ ਪਾਰਟੀਆਂ ਵਿਚ ਵੰਡਿਆ ਗਿਆ ਹੈ। ਲੋਕ ਇਹ ਸੋਚ ਕੇ ਵਰਤਦੇ ਹਨ ਕਿ ਕੌਣ ਅਕਾਲੀ ਹੈ ਅਤੇ ਕੌਣ ਕਾਂਗਰਸੀ। ਸਾਡੇ ਪਿੰਡ ਵਿਹੜੇ ਦੇ ਲੋਕਾਂ ਨੂੰ ਆਮ ਪਿੰਡਾਂ ਵਾਂਗ ਜੱਟਾਂ ਨਾਲ ਕਦੇ ਕੋਈ ਸਮੱਸਿਆ ਆਉਂਦੀ ਨਹੀਂ ਸੁਣੀ। ਸਭ ਦਾ ਇੱਕ ਦੂਜੇ ਨਾਲ ਪਿਆਰ-ਸਤਿਕਾਰ ਵਾਲਾ ਰਿਸ਼ਤਾ ਹੈ। ਪਿੰਡ ਵਿਚ ਦੋ

## ਰੰਗ-ਬੇਰੰਗ

ਬਰਾਦਰੀਆਂ ਮਾਧੋ-ਬ੍ਰਾਹਮਣਾਂ ਦੀਆਂ ਹਨ ਜਿਨ੍ਹਾਂ ਨੂੰ ਪੂਰਬੀਏ ਅਤੇ ਦੁਆਬੀਏ ਕਹਿੰਦੇ ਹਨ। ਪੂਰਬੀਏ ਆਮ ਤੌਰ ’ਤੇ ਪੱਗ ਬੰਨ੍ਹਦੇ ਹੁੰਦੇ ਸੀ ਅਤੇ ਉਨ੍ਹਾਂ ਦੀਆਂ ਰਿਸ਼ਤੇਦਾਰੀਆਂ ਪਟਿਆਲੇ ਦੇ ਮਾਧੋ-ਬ੍ਰਾਹਮਣਾਂ ਨਾਲ ਸਨ। ਦੁਆਬੀਏ ਬੋਲੀ ਵੀ ਦੁਆਬੀ ਬੋਲਦੇ ਹਨ ਅਤੇ ਉਨ੍ਹਾਂ ਦੀਆਂ ਰਿਸ਼ਤੇਦਾਰੀਆਂ ਦੁਆਬੇ ਵਿਚ ਬੰਗੇ ਅਤੇ ਬੋੜੇ ਪੈਂਦੀਆਂ ਹਨ। ਪੂਰਬੀਏ ਜ਼ਿਆਦਾਤਰ ਰੱਖੜੀਆਂ ਬਣਾਉਣ, ਗੋਟੇ ਦੇ ਹਾਰ ਬਣਾਉਣ ਅਤੇ ਕੰਡਿਆਂ ਵਗੈਰਾ ਦੀਆਂ ਲੜੀਆਂ ਗੁੰਦਣ ਦਾ ਅਤੇ ਮਨਿਆਰੀ ਦਾ ਸਾਮਾਨ ਵੇਚਣ ਦਾ ਕੰਮ ਕਰਦੇ ਹੁੰਦੇ ਸੀ। ਦੁਆਬੀਏ ਮਨਿਆਰੀ ਦਾ ਸਾਮਾਨ, ਚੂੜੀਆਂ ਵਗੈਰਾ ਵੇਚਣ ਜਾਂ ਹੱਥ ਦੇਖਣ ਅਤੇ ਪੱਤਰੀਆਂ ਵਾਚਣ ਦਾ ਕੰਮ ਕਰਦੇ ਹੁੰਦੇ ਸਨ। ਅੱਜ-ਕੱਲ੍ਹ ਦੇ ਮੁੰਡੇ ਨੌਕਰੀਆਂ ਕਰਦੇ ਹਨ, ਕਾਰਖਾਨਿਆਂ ਵਿਚ ਕੰਮ ਕਰਦੇ ਹਨ। ਰੱਖੜੀਆਂ ਵਾਲੇ ਦਿਨ ਇਨ੍ਹਾਂ ਦੀਆਂ ਇਸਤਰੀਆਂ ਘਰ-ਘਰ ਰੱਖੜੀਆਂ ਸਿਉਂਦੀਆਂ ਹੁੰਦੀਆਂ ਸਨ। ਸਾਨੂੰ ਸਭ ਤੋਂ ਵਧ ਸ਼ੰਕਰੀ ਭੂਆ ਦੀਆਂ ਰੱਖੜੀਆਂ ਦੀ ਉਡੀਕ ਹੁੰਦੀ ਸੀ ਕਿਉਂਕਿ ਉਸਦੀਆਂ ਰੱਖੜੀਆਂ ਬਹੁਤ ਹੀ ਸੋਹਣੀਆਂ ਬਣੀਆਂ ਹੁੰਦੀਆਂ ਸਨ। ਘੁੰਗਰਾਲੀ ਉਹ ਆਪਣੇ ਪੇਕੇ ਪਿੰਡ ਰਹਿ ਰਹੀ ਸੀ। ਇਸ ਲਈ ਸਾਰੇ ਉਸਨੂੰ ਭੂਆ ਕਹਿੰਦੇ ਸੀ। ਤੀਆਂ ਦੇ ਸ਼ੁਰੂ ਹੋਣ ਤੋਂ ਇਕ ਦਿਨ ਪਹਿਲਾਂ ਹੀ ਮਾਵਾਂ ਇਨ੍ਹਾਂ ਘਰਾਂ ਵਿਚ ਕਿਸੇ ਨੂੰ ਸੁਨੇਹਾ ਭੇਜ ਕੇ ਆਪਣੀਆਂ ਧੀਆਂ-ਨੂੰਹਾਂ ਦੇ ਚੂੜੀਆਂ ਚੜ੍ਹਾਉਣ ਲਈ ਸੱਦ ਲੈਂਦੀਆਂ ਹੁੰਦੀਆਂ ਸਨ, ਜੋ ਘਰ ਆ ਕੇ ਚੂੜੀਆਂ ਚੜ੍ਹਾ ਜਾਂਦੇ ਸਨ। ਕੰਨ ਵਿੰਨ੍ਹਣ ਦਾ ਕੰਮ ਵੀ ਇਹ ਮਾਧੋ-ਬ੍ਰਾਹਮਣ ਹੀ ਕਰਦੇ ਸਨ। ਛੋਟੀਆਂ ਕੁੜੀਆਂ ਆਪਣੀਆਂ ਸਹੇਲੀਆਂ ਨਾਲ ਕਈ ਵਾਰੀ ਘਰਦਿਆਂ ਨੂੰ ਬਿਨਾ ਦੱਸੇ ਹੀ ਪੱਲੇ ਵਿਚ ਗੁੜ ਦੀ ਰੋੜੀ ਪਾ ਕੇ ਕੰਨ ਵਿੰਨ੍ਹਾਉਣ ਲਈ ਤੁਰ ਪੈਂਦੀਆਂ ਸਨ ਭਾਵੇਂ ਮੁੜ ਕੇ ਘਰੋਂ ਝਿੜਕਾਂ ਹੀ ਪੈਣ। ਟਿਕਾਇਆ ਰਾਮ ਜੋ ਪਾਕਿਸਤਾਨੋਂ ਆ ਕੇ ਘੁੰਗਰਾਲੀ ਵਸਿਆ ਸੀ, ਜਨਮ-ਅਸ਼ਟਮੀ ’ਤੇ ਜਲੂਸ ਵੇਲੇ ਭਜਨ ਗਾਉਂਦਾ ਠਾਕਰਾਂ ਦੀ ਪਾਲਕੀ ਦੀ ਅਗਵਾਈ ਕਰਦਾ ਹੁੰਦਾ ਸੀ। ਜਲੂਸ ਵਿਚ ਸਭ ਜਾਤਾਂ ਦੇ ਛੋਟੇ-ਵੱਡੇ ਹਰ ਉਮਰ ਦੇ ਲੋਕ ਉਸ ਨਾਲ ਸ਼ਾਮਲ ਹੁੰਦੇ ਸੀ। ਹੁਣ ਇਹ ਭਾਈਚਾਰਕ ਸਾਂਝਾਂ ਰਾਜਨੀਤੀ ਦੀ ਭੇਟ ਚੜ੍ਹ ਗਈਆਂ ਹਨ। ਹਿੰਦੂ, ਸਿੱਖ ਮੁਸਲਮਾਨਾਂ ਵਿਚ ਏਕਤਾ ਤਾਂ ਇਕ ਪਾਸੇ ਰਹੀ ਹੁਣ ਤਾਂ ਸਿੱਖਾਂ ਵਿਚ ਹੀ ਪਤਾ ਨਹੀਂ ਕਿੰਨੇ ਗਰੁਪ ਅਤੇ ਪਾਰਟੀਆਂ ਬਣ ਗਈਆਂ ਹਨ! ਕਿੰਨੇ ਫਿਰਕੇ ਹਨ! ਹੁਣ ਤਾਂ ਗੁਰਦੁਆਰੇ ਵੀ ਆਹਲੂਵਾਲੀਆ, ਰਾਮਗੜ੍ਹੀਆ ਅਤੇ ਰਵਿਦਾਸੀਆ ਆਦਿ ਜਾਤਾਂ ਦੇ ਨਾਂ ’ਤੇ ਉਸਰ ਗਏ ਹਨ। ਪਹਿਲੇ ਸਮਿਆਂ ਵਿਚ ਜਾਤੀ-ਵੰਡ ਸਖਤ ਹੋਣ ਦੇ ਬਾਵਜੂਦ, ਅੱਜ ਕੱਲ੍ਹ ਜਾਤ-ਪਾਤ ਦੇ ਬੰਧਨ ਢਿੱਲੇ ਪੈ ਜਾਣ ਦੇ ਬਾਵਜੂਦ ਵੀ ਲੋਕਾਂ ਵਿਚ ਨਫਰਤ ਦਾ ਬੋਲਬਾਲਾ ਹੈ। ਸਭ ਤੋਂ ਵਧ ਨਫ਼ਰਤ ਧਾਰਮਿਕ ਭਾਈਚਾਰਿਆਂ ਵਿਚ ਹੈ ਜਦਕਿ ਮਜ਼ਹਬ ਮਨੁੱਖ ਨੂੰ ਮਨੁੱਖ ਨਾਲ ਪਿਆਰ ਕਰਨਾ ਸਿਖਾਉਂਦਾ ਹੈ ਨਫਰਤ ਨਹੀਂ। ਜਿਵੇਂ ਮਹਾਨ ਕਵੀ ਇਕਬਾਲ ਨੇ ਵੀ ਕਿਹਾ ਸੀ, ‘‘ਮਜ਼ਹਬ ਨਹੀਂ ਸਿਖਾਤਾ ਆਪਸ ਮੇਂ ਵੈਰ ਰਖਨਾ।’’ ਇਸਦਾ ਸ਼ਾਇਦ ਪਹਿਲਾ ਅਤੇ ਸਭ ਤੋਂ ਵੱਡਾ ਕਾਰਨ ਹੈ ਰਾਜਨੀਤੀ, ਉਹ ਵੀ ਵੋਟਾਂ ਦੀ ਰਾਜਨੀਤੀ। ਇਸਨੇ ਲੋਕਾਂ ਦੀ ਜ਼ਿੰਦਗੀ ਨੂੰ ਬੁਰੀ ਤਰ੍ਹਾਂ ਪ੍ਰਭਾਵਤ ਕੀਤਾ ਹੈ। ਦੂਸਰਾ ਕਾਰਨ ਹੈ-ਹਰ ਧਰਮ ਵਿਚ ਰੰਗ-ਬਰੰਗੇ ਸੰਤ-ਬਾਬੇ। ਜਿੰਨੇ ਪੰਜਾਬ ਵਿਚ ਸੰਤ ਬਾਬੇ ਵਧ ਗਏ ਹਨ, ਉਨੇ ਹੀ ਲੋਕ ਪਾਟੋਧਾੜ ਹੋ ਗਏ ਹਨ। ਅਸਲ ਵਿਚ ਇਹ ਸੰਤ ਵੀ ਮਨੁੱਖ ਨੂੰ ਸਹਿਜ ਮਾਰਗ ’ਤੇ ਤੋਰਨ ਦੀ ਥਾਂ, ਰਾਜਨੀਤੀ ਹੀ ਕਰਦੇ ਹਨ। ਬਾਬਾਗਿਰੀ ਇਕ ਬਿਜਨਸ ਬਣ ਗਿਆ ਹੈ।

ਮੈਂ ਇਥੇ ਇਕ ਹੋਰ ਗੱਲ ਸਾਂਝੀ ਕਰਨੀ ਚਾਹੁੰਦੀ ਹਾਂ ਕਿ ਸਾਡੇ ਪਿੰਡ ਸਾਲਾਨਾ ਧਾਰਮਿਕ ਦੀਵਾਨ ਸਜਦੇ ਹਨ। ਹਿੰਦੂ ਤਿਉਹਾਰ ਵੀ ਬੜੀ ਸ਼ਰਧਾ ਨਾਲ ਮਨਾਏ ਜਾਂਦੇ ਹਨ ਪਰ ਮੈਂ ਆਪਣੀ ਸੋਝੀ ਵਿਚ ਕਿਸੇ ਸੰਤ ਬਾਬੇ ਦਾ ਦੀਵਾਨ ਲੱਗਿਆ ਨਹੀਂ ਸੁਣਿਆ। ਸ਼ਾਇਦ ਇਹੀ ਕਾਰਨ ਹੈ ਕਿ ਮੇਰਾ ਪਿੰਡ ਹਮੇਸ਼ਾ ਸਦਭਾਵਨਾ ਵਿਚ ਵਿਚਰਦਾ ਰਿਹਾ ਹੈ। ਇਸ ਸਾਂਝੇ ਮਾਹੌਲ ਕਾਰਨ ਹੀ ਸਾਡੀਆਂ ਮਾਵਾਂ ਸਾਨੂੰ ਸਿੱਖ ਇਤਿਹਾਸ ਦੇ ਨਾਲ ਨਾਲ ਮਹਾਂਭਾਰਤ ਅਤੇ ਰਮਾਇਣ ਦੀਆਂ ਕਹਾਣੀਆਂ ਵੀ ਸੁਣਾਉਂਦੀਆਂ ਰਹੀਆਂ ਹਨ। ਉਨ੍ਹਾਂ ਨੇ ਸਿੱਖ ਇਤਿਹਾਸ ਅਤੇ ਰਮਾਇਣ, ਮਹਾਂਭਾਰਤ ਦੀਆਂ ਕਹਾਣੀਆਂ ਕਿਤੋਂ ਪੜ੍ਹੀਆਂ ਨਹੀਂ ਸਨ ਸਗੋਂ ਮਾਹੌਲ ਵਿਚੋਂ ਸੁਣ ਸੁਣ ਕੇ ਹੀ ਗ੍ਰਹਿਣ ਕੀਤੀਆਂ ਸਨ ਅਤੇ ਉਨ੍ਹਾਂ ਕੋਲ ਇਨ੍ਹਾਂ ਦਾ ਅਮੁਕ ਖਜ਼ਾਨਾ ਸੀ।

# ਸਰਬੱਤ ਖਾਲਸਾ ਕਿਵੇਂ ਸਾਰਥਕ ਬਣੇ

ਦਿੱਲੀ ਵਿਚ ਹੋਣ ਵਾਲਾ ਸਿੱਖ ਵਿਦਵਾਨਾਂ ਦਾ ਇਕੱਠ ਅਤੇ ਵਿਚਾਰ-ਵਟਾਂਦਰਾ ਤਦ ਹੀ ਗੁਰੂ ਨਾਨਕ ਸਾਹਿਬ ਦੀ ਵਿਚਾਰਧਾਰਾ ਨੂੰ ਪ੍ਰਚਾਰਨ ਵਾਲਾ ਤਾਂ ਹੀ ਸਹੀ ਸੇਧ ਵਿਚ ਸਿੱਧ ਹੋ ਸਕਦਾ ਹੈ ਜੇ ਸਿੱਖੀ ਰਵਾਇਤਾਂ ਅਤੇ ਪੂਰਨਿਆਂ ਉਤੇ ਕੀਤਾ ਜਾਵੇ। ਅਜੋਕੇ ਸਮੇਂ ਦੇ ਭਖਦੇ ਮਸਲੇ ਹਨ: ਸਿੱਖ ਨੌਜਵਾਨਾਂ ਨੂੰ ਗੁਰਮਤਿ ਨਾਲ ਜੋੜਨਾ, ਸਿੱਖ ਰਹਿਤ ਮਰਿਆਦਾ ਨੂੰ ਸੰਸਾਰ ਦੇ ਹਰੇਕ ਗੁਰੂ ਘਰ ਵਿਚ ਲਾਗੂ ਕਰਨਾ ਅਤੇ ਦਸਮ ਗ੍ਰੰਥ ਬਾਰੇ ਕੋਈ ਦੋ ਟੁੱਕ ਨਿਰਣਾ ਲੈਣਾ, ਸੰਤ ਸਮਾਜ ਨਾਂ ਦਾ ਵੱਖਰਾ ਸਮਾਜ ਹੈ ਕੀ? ਇਹ ਕਿਥੋਂ ਕਿਵੇਂ ਪੰਥ ਨਾਲ ਜੁੜਿਆ? ਇਸ ਦੀ ਲੋੜ ਕਿਸ ਨੂੰ ਹੈ? ਜੇ ਲੋੜ ਨਹੀਂ ਤਾਂ ਨਿਰਣਾ ਕੀ ਲੈਣਾ ਹੈ? ਸਿੱਖੀ ਦੇ ਪ੍ਰਚਾਰ ਲਈ ਪੜ੍ਹੇ ਲਿਖੇ ਪ੍ਰਚਾਰਕ ਤਿਆਰ ਕਰਨੇ ਅਤੇ ਉਨ੍ਹਾਂ ਲਈ ਮਿਆਰੀ ਗੁਰਮਤਿ ਵਿਦਿਆਲੇ ਖੋਲ੍ਹਣਾ, ਅਖੌਤੀ ਸਾਧਾਂ ਦੇ ਡੇਰੇ ਬੰਦ ਕਰਾਉਣਾ, ਸਿੱਖ ਧਰਮ ਦੇ ਪ੍ਰਚਾਰ ਲਈ ਇਕ ਨਿੱਗਰ ਸੰਸਥਾ ਦਾ ਗਠਨ, ਸੰਸਾਰ ਭਰ ਵਿਚ ਫੈਲੇ ਸਿੱਖਾਂ ਦੇ ਮਸਲੇ ਵਿਸ਼ਵ ਪੱਧਰੀ ਸੰਸਥਾਵਾਂ ਯੂ ਐਨ ਓ ਅਤੇ ਯੂਨੈਸਕੋ ਵਿਚ ਉਠਾਉਣੇ।

ਇਸ ਗਰਜ ਲਈ ਹੋਰਨਾਂ ਧਰਮਾਂ ਵਾਂਗ ਇਕ ਵਿਸ਼ਵ ਪੱਧਰੀ ਸੁਪਰੀਮ ਵਿਸ਼ਵ ਸਿੱਖ ਕੌਂਸਲ ਹੋਂਦ ਵਿਚ ਲਿਆਉਣੀ ਲਾਜ਼ਮੀ ਹੈ। ਇਸ ਸੰਸਥਾ ਦਾ ਆਪਣਾ ਦਫਤਰ, ਆਪਣਾ ਵਿਧਾਨ, ਕਾਰਜਕਾਰੀ ਅਧਿਕਾਰੀ ਅਤੇ ਆਪਣੇ ਵਿਤੀ ਸਾਧਨ ਹੋਣੇ ਚਾਹੀਦੇ ਹਨ। ਇਸ ਸੰਸਥਾ ਦੇ ਕੀਤੇ ਫੈਸਲੇ ਸਰਬੱਤ ਖਾਲਸਾ ਦੇ ਫੈਸਲਿਆਂ ਦੇ ਤੁਲ ਮੰਨੇ ਜਾਣੇ ਚਾਹੀਦੇ ਹਨ ਅਤੇ ਸੰਸਾਰ ਭਰ ਵਿਚ ਫੈਲੇ ਸਿੱਖ ਇਨ੍ਹਾਂ ਫੈਸਲਿਆਂ ਨੂੰ ਮਾਨਤਾ ਦੇ ਕੇ ਲਾਗੂ ਵੀ ਕਰਨ। ਇਸ ਸੰਸਥਾ ਨਾਲ ਜੁੜਿਆ ਹਰੇਕ ਮੈਂਬਰ ਅੰਮ੍ਰਿਤਧਾਰੀ, ਪੰਜ ਕਕਾਰੀ ਅਤੇ ਗੁਰੂ ਬਖ਼ਸ਼ੀ ਸਰਦਾਰੀ ਦਾ ਇਕ ਆਦਰਸ਼ਕ ਜਿਊੜਾ ਹੋਵੇ। ਅਜਿਹੇ ਸਰਬੱਤ ਖਾਲਸਾ ਦੀ ਮੈਂਬਰਸ਼ਿਪ ਲਈ ਕੁਝ ਸੁਝਾਅ ਇਸ ਤਰ੍ਹਾਂ ਹਨ:

ਪੰਜਾਬ ਦੇ ਹਰੇਕ ਜ਼ਿਲੇ ਵਿਚ ਪੰਜ ਗੁਰ ਸਿੱਖ ਲਏ ਜਾਣ, ਭਾਰਤ ਦੇ ਹਰੇਕ ਸੂਬੇ ਵਿਚੋਂ ਪੰਜ ਸਿੱਖ ਲਏ ਜਾਣ, ਸੰਸਾਰ ਦੇ ਵੱਡੇ ਦੇਸ਼ਾਂ ਵਿਚੋਂ ਛੋਟੇ ਦੇਸ਼ਾਂ ਨੂੰ ਰਲਾ ਕੇ ਸਮੂਚੇ ਸੰਸਾਰ ਨੂੰ ਪੰਜ ਹਿੱਸਿਆਂ ਵਿਚ ਵੰਡ ਕੇ ਹਰਕੇ ਖਿੱਤੇ ਵਿਚੋਂ 100 ਲਏ ਜਾਣ। ਇਸ ਤਰ੍ਹਾਂ ਕੁਲ ਗਿਣਤੀ 7-8 ਸੌ ਮੈਂਬਰ ਹੋਣਗੇ। ਇਨ੍ਹਾਂ ਵਿਚ ਉਮਰ ਦੇ ਲਿਹਾਜ ਨਾਲ ਅੱਧੇ ਤੋਂ ਵੱਧ ਪੰਜਾਹ ਤੋਂ ਸੱਠ ਸਾਲ ਉਮਰ ਦੇ ਸਿੱਖ ਹੋਣ। ਪੂਰੇ ਸੰਸਾਰ ਨੂੰ ਪੰਜ ਜ਼ੋਨਾਂ ਵਿਚ ਵੰਡ ਕੇ ਹਰ ਇਕ ਜ਼ੋਨ ਵਿਚ ਬਾਕਾਇਦਾ ਸਰਬੱਤ ਖਾਲਸਾ ਦਾ ਦਫਤਰ ਖੋਲ੍ਹਿਆ ਜਾਵੇ ਅਤੇ ਇਕ ਮੁੱਖ ਦਫਤਰ ਬਣਾਇਆ ਜਾਵੇ। ਸੰਸਥਾ ਦੇ ਮੈਂਬਰ ਸੰਗਤ ਵਿਚੋਂ ਚੁਣ ਕੇ ਭੇਜੇ ਜਾਣ ਅਤੇ ਉਹ ਪੰਜ ਸਾਲ ਲਈ ਚੁਣੇ ਜਾਣ। ਚੋਣ ਦਾ ਇਹ ਸਿਲਸਿਲਾ ਅੱਗੋਂ ਜਾਰੀ ਰਹੇ। ਇਸ ਸੰਸਥਾ ਦੇ ਦਫਤਰ ਵਿਚ ਕੰਮ ਕਰਨ ਵਾਲੇ ਲੋਕ ਕਾਨੂੰਨ ਦੇ ਮਾਹਿਰ ਹੋਣੇ ਬਹੁਤ ਜ਼ਰੂਰੀ ਹਨ। ਸਿੱਖ ਪੰਥ ਦੀ ਅਜੋਕੀ ਹਾਲਤ ਡੇਰਿਆਂ, ਠੱਠਾਂ ਅਤੇ ਨਿੱਜੀ ਸਵਾਰਥਾਂ ਕਰਕੇ ਤਰਸਯੋਗ ਬਣੀ ਹੋਈ ਹੈ ਇਸ ਤੋਂ ਗੁਰੂ ਕੇ ਪੰਥ ਨੂੰ ਉਭਾਰਨਾ ਸਮੇਂ ਦੀ ਮੁੱਖ ਲੋੜ ਹੈ।

-ਪਿਆਰਾ ਸਿੰਘ
ਫੋਨ 602-922-8202

# ਜਦੋਂ ਦੀ ਜਗੀਰੋ ਜੰਮ ਪਈ

ਗੱਲੀਂ-ਬਾਤੀਂ



ਐਸ. ਅਸ਼ੋਕ ਭੌਰਾ

*ਮਿਰਗੀ ਦੇ ਰੋਗੀ ਲਈ ਵਿਆਹ ਦਾ ਸੰਜੋਗ ਹੀ ਔਖਾ ਨਹੀਂ ਹੁੰਦਾ ਬਲਕਿ ਅਜਿਹੇ ਕਿਸੇ ਰੋਗੀ ਨੂੰ ਪੁੱਛ ਕੇ ਵੇਖਿਓ ਬਿਨਾ ਬਜੰਤਰ ਕੀਤਿਆਂ ਸਰੀਰ ਨਿਢਾਲ ਕਿਵੇਂ ਹੋ ਜਾਂਦਾ ਹੈ? ਚਲੋ ਮਿਰਗੀ ਦੇ ਰੋਗੀਆਂ ਦਾ ਤਾਂ ਦੇਰ ਸਵੇਰ ਇਲਾਜ ਹੋ ਹੀ ਜਾਂਦਾ ਹੈ ਪਰ ਆਪਣੇ ਮੁਲਕ ਵਿਚ ਜਿਨ੍ਹਾਂ ਲੋਕਾਂ ਨੂੰ 'ਕੁੜੀ ਮਾਰਨ' ਦੀ ਮਿਰਗੀ ਪਈ ਹੋਈ ਹੈ, ਇਹਦੇ ਇਲਾਜ ਤੋਂ ਸਰਕਾਰੀ ਤੇ ਗੈਰ ਸਰਕਾਰੀ ਮਾਹਿਰ ਡਾਕਟਰ ਵੀ ਹੱਥ ਖੜ੍ਹੇ ਕਰ ਗਏ ਹਨ। ਕੁੱਲ ਨੂੰ ਚਲਾਉਣ ਦਾ ਭਰਮ ਪਾਲਣ ਵਾਲੇ, ਧੀ ਤੇ ਪੁੱਤਰ 'ਚ ਜ਼ਮੀਨ ਅਸਮਾਨ ਜਿੱਡਾ ਫਰਕ ਸਮਝਣ ਵਾਲੇ ਲੋਕਾਂ ਨੂੰ ਸ਼ਾਇਦ ਇਸ ਗੱਲ ਦਾ ਇਲਮ ਨਹੀਂ ਕਿ ਕਈ ਕਈ ਪੁੱਤਰਾਂ ਵਾਲੇ ਵਾਰਿਸਾਂ ਦੇ ਹੁੰਦਿਆਂ ਮੰਗਤਿਆਂ ਵਰਗੀ, ਹਟਕੋਰਿਆਂ ਭਰੀ ਜ਼ਿੰਦਗੀ ਜੀਅ ਰਹੇ ਹਨ ਤੇ ਕਈ ਮਾਪਿਆਂ ਨੂੰ ਧੀਆਂ ਨੇ ਸਵਰਗ ਦੇ ਚੰਡੋਲ 'ਚੋਂ ਉਤਰਨ ਹੀ ਨਹੀਂ ਦਿੱਤਾ। ਅੰਕੜਿਆਂ ਦੀ ਨਜ਼ਰਸਾਨੀ 'ਚ ਸਤੀ ਪ੍ਰਥਾ ਦੀ ਚੱਕੀ ਦੇ ਪੁੜ ਹੇਠੋਂ ਹੱਥ ਖਿੱਚਣ ਵਾਲੀ ਔਰਤ 'ਤੇ ਧੀ ਅਤੇ ਨੂੰਹ ਦੇ ਰੂਪ ਵਿਚ ਤਿੰਨ ਤਰ੍ਹਾਂ ਦਾ ਜੁਲਮ ਹਾਲੇ ਜਾਰੀ ਹੈ। ਕੁੱਖ 'ਚ ਡਾਕਟਰਾਂ ਦੀ ਮਿਹਰਬਾਨੀ ਨਾਲ ਕਤਲ ਕਰਨ ਵਾਲੀਆਂ ਛੁਰੀਆਂ ਦੀ ਪ੍ਰਤਿਸ਼ਤਾ ਹਾਲੇ ਵੀ 28 ਫੀਸਦੀ ਹੈ। ਦਾਜ ਦੇ ਲੋਭ 'ਚ ਮਰਨ ਵਾਲੀਆਂ ਦੀ ਗਿਆਰਵੀਂ ਸਦੀ ਤੋਂ ਵਧ ਤੇ ਅੰਤਰਜਾਤੀ ਪ੍ਰੇਮ ਵਿਆਹ ਕਰਵਾਉਣ ਵਾਲੀਆਂ ਕੁੜੀਆਂ ਮਰਦ ਦੀ ਮੁੱਛ, ਆਕੜ, ਸਵੈਮਾਣ ਤੇ ਸਰਦਾਰਨੀਆਂ ਦੇ ਚੱਕਰ ਵਿਚ ਸੱਤ ਫੀਸਦੀ ਵੱਢ-ਟੁੱਕ ਹੋ ਜਾਂਦੀਆਂ ਹਨ। ਕਾਨੂੰਨ ਇਸ ਜ਼ੁਲਮ ਅੱਗੇ ਸਰਕਸ ਦੇ ਜੋਕਰਾਂ ਵਾਂਗ ਸਿਰਫ ਮਜਾਹੀਏ ਹੀ ਬਣੇ ਹੋਏ ਹਨ। ਯਕੀਨ ਕਰੋ ਬਹੁਤ ਸਾਰੀਆਂ ਮਾਵਾਂ ਨੇ ਆਪਣੀ ਕੁੱਖ ਮਰਦ ਦੇ ਪੁੱਤਰ ਮੋਹ ਦੇ ਡਰ ਨਾਲ ਧੀਆਂ ਜੰਮਣ ਤੋਂ ਪਹਿਲਾਂ ਹੀ ਸ਼ਮਸ਼ਾਨਘਾਟ ਵਰਗੀ ਬਣਾ ਲਈ ਹੈ। ਜੇ ਨਰਕ ਹੈ ਤਾਂ ਸੱਚ ਮੰਨੋ ਬਹੁਤ ਸਾਰੇ ਡਾਕਟਰਾਂ ਨੂੰ ਧਰਮਰਾਜ ਵੀ, ਬਿਨਾ ਜਾਂਚ, ਬਿਨਾ ਸਬੂਤ ਤੇ ਬਿਨਾ ਪੁੱਛ-ਪੜਤਾਲ ਦੇ ਸਿੱਧਿਆਂ ਏਸੇ ਦੀ ਕੁੰਡੀ ਖੋਲ੍ਹ ਕੇ ਅੰਦਰ ਧੱਕ ਦੇਵੇਗਾ। ਇਸ ਕੁੜੀਮਾਰ ਕਬੀਲੇ ਵਿਚ ਹਜ਼ਾਰਾਂ ਲੋਕਾਂ ਨੇ ਇਮਾਨਦਾਰੀ ਦੇ ਬੁਰਕੇ 'ਚ ਬੇਈਮਾਨੀ ਦਾ ਬਦਨ ਹੱਥ ਦੀ ਸਫਾਈ ਨਾਲ ਲਕੋ ਲਿਆ ਹੈ। ਜੁਰਮਾਨਾ ਇਸ ਕਰਕੇ ਕਰਦੇ ਹਾਂ ਕਿ ਅਨੁਸਾਸ਼ਨ ਬਣਿਆ ਰਹੇ, ਕਾਨੂੰਨ ਇਸ ਕਰਕੇ ਬਣੇ ਹਨ ਕਿ ਪਾਪ ਨੂੰ ਨੱਥ ਪਵੇ ਪਰ ਦੁੱਖ ਦੀ ਗੱਲ ਹੈ ਕਿ ਇਹ ਦੋਵੇਂ ਸਜ਼ਾਵਾਂ ਇਸ ਕਰਕੇ ਨਹੀਂ ਹੋ ਰਹੀਆਂ, ਕਿਉਂਕਿ ਮਨੁੱਖ ਰੇਗਿਸਤਾਨ 'ਚੋਂ ਦਰਿਆ ਲੱਭਣ ਦੀ ਚਲਾਕੀ ਕਰ ਰਿਹਾ ਹੈ। ਇਸਲਾਮ, ਯਹੂਦੀ ਤੇ ਇਸਾਈ ਧਰਮ 'ਚ ਚੁਰਾਸੀ ਲੱਖ ਜੂਨ ਦਾ ਸੰਕਲਪ ਨਹੀਂ, ਪਰ ਜੇ ਆਪਣੇ ਹੈ ਤਾਂ ਫਿਰ ਉਪਰੋਕਤ ਕਾਰੇ ਕਰਨ ਵਾਲੇ ਲੋਕ ਅਗਲੇ ਜਨਮਾਂ 'ਚ ਭਲੇ-ਮਾਣਸਾਂ ਨੂੰ ਅਵਾਰਾ ਕੁੱਤਿਆਂ ਦੇ ਰੂਪ 'ਚ ਹੀ ਟੱਕਰਨਗੇ। ਸਿਰਲੇਖ ਤੋਂ ਲੱਗੇਗਾ ਕਿ ਸ਼ਾਇਦ ਮੈਂ ਸਦੀਕ-ਰਣਜੀਤ ਦੀ ਜੋੜੀ ਦੇ ਇਕ ਗੀਤ 'ਜਦੋਂ ਦੀ ਜਗੀਰੋ ਜੰਮ ਪਈ ਕਦੇ ਜੋੜ ਮੰਜੀਆਂ ਨਾ ਡਾਹੀਆਂ'...ਦੀ ਵਿਆਖਿਆ ਕਰਨ ਲੱਗਾ ਹਾਂ, ਪਰ ਤੁਹਾਨੂੰ ਇਹ ਭਾਵੇਂ ਕਿਸੇ ਫ਼ਿਲਮ ਦੀ ਕਹਾਣੀ ਲੱਗੇ ਪਰ ਹੈ ਸੱਚ ਵਰਗਾ ਸੱਚ ਕਿਉਂਕਿ ਗਿਆਨਵਾਨ ਕਹਾਉਣ ਵਾਲਾ ਮਨੁੱਖ ਅਗਿਆਨ ਦਾ ਖੁਸਰਾ ਨਾਚ ਹੀ ਨੱਚ ਰਿਹਾ ਹੈ।*

ਘਟਨਾਵਾਂ ਵਾਪਰਦੀਆਂ ਰਹਿੰਦੀਆਂ ਹਨ ਪਰ ਫਰਕ ਸਿਰਫ ਏਨਾ ਹੁੰਦਾ ਹੈ ਕਿ 'ਤੂੰ ਮੇਰੀ ਅੱਖ ਨਾਲ ਵੇਖ ਤੇਰੀ ਅੱਖ ਵੇਖਣ ਵਾਲੀ ਨਹੀਂ।' ਇਸੇ ਲਈ ਭੀੜ 'ਚ ਗੁਆਚ ਗਿਆਂ ਨੂੰ ਦੱਸਣਾ ਪੈਂਦਾ ਹੈ ਕਿ ਜ਼ਿੰਦਗੀ ਹੁਲਾਰੇ ਵੀ ਲੈਂਦੀ ਹੈ ਤੇ ਝਟਕੇ ਵੀ ਖਾਂਦੀ ਹੈ। ਇਕ ਅਧਿਆਪਕ ਨੂੰ ਜਦੋਂ ਉਸਦੇ ਪੜ੍ਹਾਏ ਬੱਚੇ, ਉਨ੍ਹਾਂ ਦੇ ਜੁਆਨ ਹੋਏ ਬੱਚਿਆਂ ਨਾਲ ਕਦੇ ਟੱਕਰਦੇ ਹਨ ਤਾਂ ਸੱਚ ਘੁੱਟਾਂ ਬਾਟੀ ਝੰਜੋੜਦੀ ਹੈ। ਵੇਖ ਅੱਖ ਦੇ ਝਪਕਦਿਆਂ ਕਿੰਨਾ ਕੁਝ ਬਦਲ ਗਿਆ ਹੈ।

ਇਕ ਨਿੱਜੀ ਟੀ.ਵੀ. ਚੈਨਲ 'ਤੇ ਇਕ ਡਾਕਟਰ ਕੁੜੀ ਜਗੀਰੋ ਯਾਦਵ ਦੀ ਮੁਲਾਕਾਤ ਚੱਲ ਰਹੀ ਸੀ। ਇਹ ਕੁੜੀ ਕਿਡਨੀ ਯਾਨਿ ਗੁਰਦੇ ਦੇ ਰੋਗਾਂ ਦੀ ਮਾਹਿਰ ਸੀ। ਮੁਲਾਕਾਤ ਦਾ ਸਭ ਤੋਂ ਮਹੱਤਵਪੂਰਨ ਅੰਸ਼ ਇਹ ਸੀ ਕਿ ਇਸ ਕੁੜੀ ਨੇ ਆਪਣੇ ਹੀ ਇਕ ਮਰੀਜ ਨੂੰ ਆਪਣੀ ਹੀ ਕਿਡਨੀ ਦਾਨ ਕਰ ਦਿੱਤੀ ਸੀ ਭਾਵੇਂ ਉਹ ਕਹਾਣੀ ਦੇ ਮੋੜ-ਘੇੜ ਵਿਚ ਉਸੇ ਦਾ ਬਾਪ ਸੀ ਤੇ ਬਦਕਿਸਮਤੀ ਇਹ ਸੀ ਕਿ ਉਹ ਆਪਣੇ ਅਣਜਾਣ ਬਾਪ ਨੂੰ ਕਿਡਨੀ ਦੇ ਕੇ ਵੀ ਬਚਾ ਨਹੀਂ ਸਕੀ ਸੀ। ਮੈਂ ਗਹੁ ਨਾਲ ਮੁਲਾਕਾਤ ਵੇਖੀ ਤਾਂ ਲੱਗਿਆ ਕਿ ਇਹ ਡਾਕਟਰ ਕੁੜੀ ਤਾਂ ਕਿਤੇ ਵੇਖੀ ਲਗਦੀ ਹੈ। ਸੋਚ ਦਾ ਪਿੱਛੇ ਦੌੜਨ ਵਾਲਾ ਗੇਅਰ ਪਾ ਕੇ ਵੇਖਿਆ ਤਾਂ ਯਾਦ ਆਇਆ ਕਿ ਇਹ ਕੁੜੀ ਤਾਂ ਮੇਰੇ ਕੋਲ ਗਿਆਰਵੀਂ ਤੇ ਬਾਰਵੀਂ ਜਮਾਤ ਵਿਚ ਮੈਡੀਕਲ ਗਰੁੱਪ ਦੇ ਬੱਚਿਆਂ ਨਾਲ ਦੋ ਸਾਲ ਪੰਜਾਬੀ ਪੜ੍ਹਦੀ ਰਹੀ ਹੈ। ਜਗੀਰੋ ਓਦੋਂ ਹਰ ਅਧਿਆਪਕ ਦੀ ਸਭ ਤੋਂ ਪਿਆਰੀ ਵਿਦਿਆਰਥਣ ਸੀ। ਉਹਦੇ ਨਾਲ ਹਮਦਰਦੀ ਤੇ ਪਿਆਰ ਇਸ ਕਰਕੇ ਵੀ ਵਧ ਸੀ ਕਿਉਂਕਿ ਉਹ ਘਰਾਂ ਵਿਚ ਪੱਥਰ ਪਾਉਣ ਤੇ ਰਗੜਾਈ ਕਰਨ ਵਾਲੇ ਜੀਵਨ ਯਾਦਵ ਬਿਹਾਰੀ ਭਈਏ ਦੀ ਕੁੜੀ ਸੀ। ਉਹਦੀ ਹੱਥ ਲਿਖਤ ਚਾਹੇ ਅੰਗਰੇਜੀ ਦੀ ਹੋਵੇ ਚਾਹੇ ਪੰਜਾਬੀ ਦੀ ਏਨੀ ਸੁੰਦਰ ਸੀ ਜਿਵੇਂ ਕਿਸੇ ਵੇਲੇ ਯੂਨੀਵਰਸਿਟੀਆਂ ਸਰਟੀਫਿਕੇਟ ਜਾਰੀ ਕਰਨ ਲਈ ਹੱਥ ਲਿਖਤ ਮਾਹਿਰ ਰੱਖਦੀਆਂ ਸਨ।

ਜੀਵਨ ਕੋਲ ਭਾਵੇਂ ਉਹਨੂੰ ਪੜ੍ਹਾਉਣ ਲਈ ਤੇ ਫਿਰ ਡਾਕਟਰੀ ਕਰਾਉਣ ਲਈ ਪੈਸੇ ਨਹੀਂ ਸਨ ਪਰ ਜਦੋਂ ਜਗੀਰੋ ਬਾਰਵੀਂ ਦੀ ਪ੍ਰੀਖਿਆ 'ਚੋਂ ਮੈਰਿਟ ਲਿਸਟ ਵਿਚ ਆਈ ਤਾਂ ਅਮਰੀਕਾ ਦੀ ਇਕ ਐਨ.ਆਰ.ਆਈ. ਸੰਸਥਾ ਨੇ ਉਹਨੂੰ ਡਾਕਟਰ ਬਣਾਉਣ ਦਾ ਸਾਰਾ ਭਾਰ ਆਪਣੇ ਸਿਰ ਲੈ ਲਿਆ। ਇਉਂ ਪੀ.ਐਮ.ਟੀ ਦੀ ਪ੍ਰੀਖਿਆ 'ਚੋਂ ਅੱਵਲ ਰਹਿ ਕੇ ਉਹ ਵਿਦੇਸ਼ੀ ਪੰਜਾਬੀਆਂ ਦੀ ਮਦਦ ਨਾਲ ਡਾਕਟਰ ਤੇ ਫਿਰ ਕਿਡਨੀ ਸਪੈਸ਼ਲਿਸਟ ਬਣ ਗਈ। ਉਹਦੀ ਕਿਸਮਤ ਵਿਚ ਇਤਫਾਕ ਇਹ ਵੀ ਸੀ ਕਿ ਸੁੰਦਰ, ਸੁਸ਼ੀਲ ਤੇ ਹੁਸ਼ਿਆਰ ਹੋਣ ਕਰਕੇ ਉਹਨੇ ਇਕ ਪੰਜਾਬੀ ਹਮਜਮਾਤੀ ਡਾਕਟਰ ਨਾਲ ਪ੍ਰੇਮ-ਵਿਆਹ ਕਰ ਲਿਆ। ਜਿਸਦਾ ਜੀਵਨ ਨੇ ਵੀ ਵਿਰੋਧ ਨਹੀਂ ਕੀਤਾ ਕਿਉਂਕਿ ਉਹ ਇਕਲੌਤੀ ਧੀ ਨੂੰ ਬਿਹਾਰ ਲਿਜਾ ਕੇ ਸਿਰਫ ਭੱਈਆ ਰਾਣੀ ਨਹੀਂ ਸੀ ਅਖਵਾਉਣਾ ਚਾਹੁੰਦਾ।

ਅਸਲ ਵਿਚ ਜਗੀਰੋ ਦੀ ਜੀਵਨ ਕਹਾਣੀ ਦਾ ਕਲਾਈਮੈਕਸ ਬੜਾ ਦੁਖਾਂਤਕ ਸੀ ਜਿਸਦਾ ਭੇਦ ਉਸਨੂੰ ਵੀ ਇਕ ਡਾਕਟਰ ਬਣ ਕੇ ਹੀ ਪਤਾ ਲੱਗਾ ਸੀ। ਜਗੀਰੋ ਨੇ ਇਸ ਧਾਰਨਾ ਨੂੰ ਹਕੀਕੀ ਰੂਪ ਵਿਚ ਸੱਚ ਕਰ ਦਿੱਤਾ ਸੀ ਕਿ ਬੇਲੱਜ ਪੁੱਤਰਾਂ ਨਾਲੋਂ ਧੀਆਂ ਮਹਾਨ ਤੇ ਹੋਣਹਾਰ ਵੀ ਹੋ ਸਕਦੀਆਂ ਹਨ ਤੇ ਕੂੜ ਸਮਾਜ ਦਾ ਪੁੱਤਰ ਮੋਹ ਧਾਰਨਾ ਨੂੰ ਚੁਰਾਹੇ 'ਚ ਕਤਲ ਵੀ ਕਰ ਸਕਦੀਆਂ ਹਨ।

ਦਰਅਸਲ ਜਗੀਰੋ ਜੀਵਨ ਯਾਦਵ ਦੀ ਧੀ ਨਹੀਂ ਸੀ, ਉਹ ਉਸ ਬਾਪ ਬਚਨ ਲਾਲ ਦੀ ਧੀ ਸੀ ਜਿਸਨੂੰ ਸਿਰਫ ਧੀ ਹੋਣ ਕਰਕੇ, ਜ਼ਿੰਦਗੀ ਸ਼ੁਰੂ ਹੋਣ ਦੇ ਪੰਦਰਵੇਂ ਦਿਨ ਬਾਪ ਨੇ ਜਿਉਂਦੀ ਨੂੰ ਕਬਰ ਪੁੱਟ ਕੇ ਜੱਗ ਤੋਂ ਚੋਰੀ ਦਬਾ ਦਿੱਤਾ ਸੀ।

ਹੋਇਆ ਇਉਂ ਕਿ ਬਚਨ ਲਾਲ ਦਿਹਾੜੀ ਦੱਪਾ ਕਰਨ ਵਾਲਾ ਬੰਦਾ ਸੀ, ਦਿਆਲੋ ਨਾਲ ਵਿਆਹ ਹੋਇਆ ਤਾਂ ਉਪਰੋਥਲੀ ਤਿੰਨ ਧੀਆਂ ਜੰਮ ਪਈਆਂ। ਕੁਪੱਤੀ ਸੱਸ ਦੇ ਮਿਹਣਿਆਂ ਨੇ ਦਿਆਲੋ ਦੀ ਜ਼ਿੰਦਗੀ ਇਹ ਸੁਣ ਸੁਣ ਕੇ ਵਿਰਾਨ ਕਰ ਸੁੱਟੀ ਸੀ ਕਿ ਇਹ ਔਂਤਰਿਆਂ ਦੀ ਜਾਇਆ ਵੱਢੀ ਪੱਥਰ ਜੰਮ ਜੰਮ ਸੁਟੀ ਜਾਂਦੀ ਐ। ਤੇ ਘਰ 'ਚ ਲੜਾਈ ਦੀ ਹੱਦ ਇਸ ਤੱਕ ਚਲੇ ਜਾਂਦੀ ਕਿ ਕਈ ਬਾਰ ਕਈ ਕਈ ਦਿਨ ਸੋਗ ਵਾਂਗ ਘਰ 'ਚ ਧੀਆਂ ਜੰਮਣ ਕਾਰਨ ਚੁੱਲ੍ਹਾ ਨਾ ਬਲਦਾ। ਡੈਣ ਸੱਸ ਆਪਣੇ ਪੁੱਤ ਨੂੰ ਵੀ ਭੜਕਾਉਂਦੀ ਕਿ ਹੁਣ ਆਪਣੀ ਕੁੱਲ ਨਹੀਂ ਚੱਲੇਗੀ। ਉਹ ਕਦੇ ਆਖਦੀ ਦਿਆਲੋ ਦੀ ਛੋਟੀ ਭੈਣ ਲੈ ਆ ਸ਼ਾਇਦ ਸਾਡੇ ਘਰ ਪੁੱਤਰ ਦਾ ਚਿਰਾਗ ਬਲ ਹੀ ਪਵੇ। ਮਾੜੀ ਕਿਸਮਤ ਕਿ ਬਚਨ ਮਾਂ ਦੇ ਪਿੱਛੇ ਲੱਗ ਕੇ ਬੌਂਦਲ ਗਿਆ ਤੇ ਸ਼ਰਾਬ ਤੇ ਨਸ਼ਿਆਂ ਦਾ ਆਦੀ ਹੋ ਗਿਆ। ਉਹ ਜੋ ਕਮਾਉਂਦਾ ਉਹਦੀ ਆਥਣੇ ਦਾਰੂ ਡੱਫ ਕੇ ਘਰੇ ਆ ਵੜਦਾ ਤੇ ਫਿਰ ਵਿਚਾਰੀ ਦਿਆਲੋ ਦੇ ਭਾਅ ਦੀਆਂ ਬਣ ਜਾਂਦੀਆਂ। ਉਹ ਬਿਨਾ ਵਜ੍ਹਾ ਜਾਂ ਇਸ ਕਸੂਰ ਕਰਕੇ ਕਿ ਉਹਦੀ ਕੁੱਖੋਂ ਕੁੜੀਆਂ ਹੀ ਜੰਮ ਰਹੀਆਂ ਨੇ ਆਏ ਦਿਨ ਪੰਜਾਬ ਪੁਲਿਸ ਵਾਂਗ ਕੁਟਾਪਾ ਚਾੜ੍ਹ ਦਿੰਦਾ।

ਦਿਆਲੋ ਦੇ ਪੈਰ ਫਿਰ ਭਾਰੇ ਹੋਏ ਤਾਂ ਉਹ ਚੌਥੇ ਬੱਚੇ ਦੀ ਮਾਂ ਬਣਨ ਵਾਲੀ ਹੋ ਗਈ। ਪੁੱਤਰ ਹਾਸਿਲ ਕਰਨ ਲਈ ਸੱਸ ਨੇ ਬਚਨੇ ਤੋਂ ਪੰਜ ਹਜ਼ਾਰ ਰੁਪਿਆ ਕਰਜਾ ਚੁਕਾ ਕੇ ਇਕ ਪਾਖੰਡੀ ਸਾਧ ਦਾ ਮੂੰਹ ਕਾਲਾ ਕਰਕੇ, ਧਾਗੇ ਤਬੀਤਾਂ ਨਾਲ ਦਿਆਲੋ ਦਾ ਗਲ ਭਰ ਦਿੱਤਾ। ਸਾਧ ਦੀ ਪੁੱਤਰ ਹੋਣ ਦੀ ਪੱਕੀ ਗਰੰਟੀ ਕਾਰਨ ਘਰ 'ਚ ਤੇ ਦਿਆਲੋ ਦੇ ਚਿਹਰੇ 'ਤੇ ਰੌਣਕ ਦੀ ਲੋਅ ਜਗਦੀ ਰਹੀ। ਪਰ ਐਸਾ ਮਾੜਾ ਦਿਨ ਆਇਆ ਕਿ ਪੰਜਾਬੀ ਦੀ ਇਕ ਲੋਕ ਬੋਲੀ ਵਾਂਗ-

ਲੈ ਲੈ ਸਾਧ ਤੋਂ ਨਸੀਬੋ ਪੁੜੀਆਂ
ਤੇਰੀ ਚੰਦਰੀ ਨੀਤ ਨੂੰ ਕੁੜੀਆਂ
ਨੀ ਘਰ ਘਰ ਪੁੱਤ ਜੰਮਦੇ।

ਬਦਨਸੀਬ ਦਿਆਲੋ ਦੇ ਸਾਧ ਦੀਆਂ ਪੁੜੀਆਂ ਤੇ ਤਬੀਤ ਵੀ ਕੰਮ ਨਾ ਆਏ। ਚੌਥੀ ਵਾਰ ਫਿਰ ਕੁੜੀ ਨੇ ਹੀ ਜਨਮ ਲੈ ਲਿਆ। ਘਰ 'ਚ ਬਚਨੇ ਤੇ ਸੱਸ ਨੇ ਉਹ ਮਹਾਂਭਾਰਤ ਲਿਆਂਦਾ ਕਿ ਰਹੇ ਰੱਬ ਦਾ ਨਾਂ। ਉਸ ਦਿਨ ਜਿਵੇਂ ਸਾਰਾ ਟੱਬਰ ਮੌਤ ਨਾਲ ਸੌਂ ਗਿਆ ਹੋਵੇ। ਦਿਆਲੋ ਨੂੰ ਟੱਬਰ 'ਚੋਂ ਕਿਸੇ ਨੇ ਪਾਣੀ ਦਾ ਘੁੱਟ ਨਾ ਪੁੱਛਿਆ ਤੇ ਸ਼ਾਮੀ ਡੱਫ ਕੇ ਆਏ ਬਚਨੇ ਨੇ ਦਿਆਲੋ ਮੰਜੇ ਤੋਂ ਘੜੀਸ ਕੇ ਛੱਲੀਆਂ ਵਾਂਗ ਭੰਨ ਸੁੱਟੀ। ਹਾਲੇ ਤਾਜ਼ੀ ਜਣੇਪਾ ਪੀੜਾ ਦਾ ਦੁਖ ਤੇ ਉਪਰੋਂ ਲੱਤਾਂ ਹੂਰਿਆਂ ਦੀ ਮਾਰ। ਫਿਰ ਵਿਚਾਰੀ ਨੇ ਉਹ ਫੈਸਲਾ ਲੈ ਹੀ ਲਿਆ ਜਿਹੜਾ ਲੈਣਾ ਔਖਾ ਬਹੁਤ ਸੀ। ਚਾਰੇ ਧੀਆਂ ਰੱਬ ਆਸਰੇ ਛੱਡ ਕੇ ਦਿਆਲੋ ਫਾਹਾ ਲੈ ਕੇ ਜਹਾਨੋ ਕੂਚ ਕਰ ਲਈ। ਖੈਰ! ਪਿੰਡ ਵਾਲਿਆਂ ਤੇ ਪੰਚਾਇਤ ਨੇ ਗਰੀਬ ਪਰਿਵਾਰ 'ਤੇ ਤਰਸ ਕਰਕੇ ਕੇਸ ਪੁਲਿਸ ਤੱਕ ਨਾ ਅਪੜਨ ਦਿੱਤਾ। ਦਾਦੀ ਪੋਤੀਆਂ ਨੂੰ ਵੱਢ-ਵੱਢ ਖਾਣ ਨੂੰ ਫਿਰੇ ਤੇ ਜਿਨ੍ਹਾਂ ਨੂੰ ਸਮਾਜ ਧੀਆਂ-ਧਿਆਣੀਆਂ ਕਹਿੰਦਾ ਹੈ, ਉਹ ਨਰਕ ਦੇ ਕੁੰਡ ਵਿਚ ਡਿੱਗ ਪਈਆਂ। ਪੰਦਰਾਂ ਕੁ ਦਿਨਾਂ ਬਾਅਦ ਬਚਨੇ ਦੇ ਮਨ 'ਚ ਪਤਾ ਨਹੀਂ ਪਾਪ ਦਾ ਕਿਹੜਾ ਕੀੜਾ ਦੰਦੀਆਂ ਵੱਢਣ ਲੱਗਾ ਕਿ ਨਸ਼ੇ ਨਾਲ ਟੁੰਨ ਹੋਏ ਨੇ ਛੋਟੀ ਧੀ ਚੁੱਕੀ ਤੇ ਕਹੀ ਲੈ ਕੇ ਸਿਵਿਆਂ ਵਿਚ ਜਿਉਂਦੀ ਧੀ ਹੀ ਦੱਬ ਆਇਆ। ਪਿੰਡ ਆ ਕੇ ਇਹ ਬਹਾਨਾ ਲਾ ਦਿੱਤਾ ਕਿ ਉਹ ਮੈਂ ਪਾਲਣ-ਪੋਸਣ ਲਈ ਆਪਣੀ ਭੈਣ ਦੇ ਘਰ ਛੱਡ ਆਇਆ ਹਾਂ।

ਰੱਬ ਦੀ ਰਜ਼ਾ ਇਹ ਸੀ ਕਿ ਉਸ ਸ਼ਮਸ਼ਾਨਘਾਟ ਵਿਚ ਕਿਸੇ ਵੱਡੇ ਬੰਦੇ ਦੀ ਕਬਰ ਉਸਾਰੀ ਜਾ ਰਹੀ ਸੀ ਜਿਥੇ ਪੱਥਰ ਪਾਉਣ ਦਾ ਕੰਮ ਜੀਵਨ ਯਾਦਵ ਕਰਦਾ ਸੀ। ਉਸ ਦਿਨ ਉਹ ਅੱਧੀ ਰਾਤ ਤੱਕ ਪੱਥਰ ਕੱਟਦਾ ਰਿਹਾ ਤੇ ਫਿਰ ਸਾਈਕਲ ਤੇ ਸ਼ਹਿਰ ਜਾ ਕੇ ਸਵੇਰੇ ਮੁੜਨ ਨਾਲੋਂ ਉਥੇ ਹੀ ਸੌਂ ਗਿਆ। ਅਚਾਨਕ ਉਹਦੀ ਅੱਖ ਖੁੱਲ੍ਹੀ ਤਾਂ ਵੇਖਿਆ ਕਿ ਇਕ ਇਕੱਲਾ ਬੰਦਾ ਕਹੀ ਨਾਲ ਟੋਆ ਪੁੱਟ ਰਿਹਾ ਹੈ ਤੇ ਲਾਗੇ ਹੀ ਇਕ ਬੱਚੀ ਰੋਂਦੀ ਸ਼ਾਇਦ ਰੱਬ ਤੋ ਜ਼ਿੰਦਗੀ ਦੀ ਭੀਖ ਮੰਗ ਰਹੀ ਸੀ। ਉਹ ਸਾਰਾ ਕੁਝ ਆਪਣੀਆਂ ਅੱਖਾਂ ਨਾਲ ਵੇਖਦਾ ਰਿਹਾ। ਬਚਨੇ ਨੂੰ ਭੋਰਾ ਭਰ ਵੀ ਇਲਮ ਨਹੀਂ ਸੀ ਕਿ ਉਹਦੇ ਕੂੜ ਪਾਪ ਦਾ ਦ੍ਰਿਸ਼ ਵੀ ਕੋਈ ਦੇਖ ਰਿਹਾ ਹੈ।

ਬਚਨਾ ਸ਼ਮਸ਼ਾਨਘਾਟ 'ਚੋਂ ਨਿਕਲਿਆ ਤਾਂ ਜੀਵਨ ਨੇ ਉਸ ਕਬਰ ਦੀ ਮਿੱਟੀ ਪੁੱਟੀ ਤੇ ਸਾਹ ਲੈ ਰਹੀ ਧੀ ਨੂੰ ਗਲ ਨਾਲ ਲਾ ਕੇ ਰਾਤ ਦੇ ਪਹਿਲੇ ਪਹਿਰ ਸ਼ਹਿਰ ਨੂੰ ਨਿਕਲ ਗਿਆ। ਉਂਜ ਇਸ ਨੇ ਪਛਾਣ ਲਿਆ ਸੀ ਕਿ ਇਹ ਉਸੇ ਬਚਨੇ ਦੀ ਧੀ ਹੈ ਜਿਸਦਾ ਮਾਂ ਦਾ ਸਿਵਾ ਨਾਲ ਹੀ ਸੀ, ਜੋ ਹਾਏ ਠੰਢਾ ਵੀ ਨਹੀਂ ਸੀ ਹੋਇਆ।

ਜੀਵਨ ਨੇ ਘਰ ਜਾ ਕੇ ਆਪਣੀ ਪਤਨੀ ਦੀ ਗੋਦ 'ਚ ਇਕ ਬੇਵੱਸ-ਲਾਚਾਰ ਭੋਲੀ ਜਿੰਦ ਤੇ ਬੇਗਾਨੀ ਧੀ ਰੱਖ ਕੇ ਕਿਹਾ ਇਸਨੂੰ ਅੱਜ ਤੋਂ ਆਪਣੀ ਬਣਾ ਲੈ 'ਰੱਬ ਦਾ ਸ਼ੁਕਰ ਕਰ ਤੇਰੀ ਕੁੱਖ ਨੂੰ ਭਾਗ ਲੱਗ ਗਿਆ ਹੈ। ਤੇ ਜੀਵਨ ਨੇ ਇਸ ਬੇਟੀ ਦਾ ਨਾਂ ਜਗੀਰੋ ਯਾਦਵ ਰੱਖਿਆ, ਸ਼ਾਇਦ ਇਹ ਸੋਚ ਕੇ ਕਿ ਇਹ ਧੀ ਹੁਣ ਉਨ੍ਹਾਂ ਦੀ ਜਗੀਰ ਵੀ ਹੈ ਤੇ ਜਮੀਰ ਵੀ।

ਜਗੀਰੋ ਵੱਡੀ ਹੋਣ 'ਤੇ ਮਿਹਨਤੀ ਬਾਪ ਨੇ ਇਸ ਨੂੰ ਦਸਵੀਂ ਤੱਕ ਸ਼ਹਿਰ ਦੇ ਇਕ ਚੰਗੇ ਮਾਡਲ ਸਕੂਲ ਵਿਚ ਪੜਾਇਆ। ਧੀ ਨੇ ਦਸਵੀਂ ਪਹਿਲੇ ਦਰਜੇ ਵਿਚ ਪਾਸ ਕੀਤੀ ਤੇ ਖਰਚਿਆਂ ਦੇ ਡਰੋਂ ਫਿਰ ਉਹ ਜਗੀਰੋ ਨੂੰ ਸਰਕਾਰੀ ਸਕੂਲ 'ਚ ਗਿਆਰਵੀਂ ਜਮਾਤ ਵਿਚ ਦਾਖਲ ਕਰ ਗਿਆ। ਏਨੀ ਹੁਸ਼ਿਆਰ ਕੁੜੀ ਤੋਂ ਸਾਰਾ ਸਕੂਲ ਬਲਿਹਾਰੇ ਸੀ। ਉਹ ਵਿਦਿਆਰਥਣ ਘੱਟ ਅਧਿਆਪਕਾ ਵਧ ਲਗਦੀ ਸੀ। ਏਨੀ ਪਿਆਰੀ ਪੰਜਾਬੀ ਬੋਲਦੀ, ਲਿਖਦੀ ਤੇ ਕਿਸੇ ਨੂੰ ਵੀ ਨਹੀਂ ਲਗਦਾ ਸੀ ਕਿ ਇਹ ਇਕ ਪੂਰਬੀਏ ਬਿਹਾਰੀ ਦੀ ਧੀ ਹੋਵੇਗੀ।

ਜਿਸ ਜਗੀਰੋ ਨੂੰ ਪੜ੍ਹਾਉਣ ਦਾ ਫਿਕਰ ਜੀਵਨ ਕਰਦਾ ਸੀ ਉਹਦੀਆਂ ਫੀਸਾਂ ਬਹੁਤੀ ਵਾਰ ਸਕੂਲ ਅਧਿਆਪਕ ਤੇ ਕੱਪੜੇ ਵਰਦੀਆਂ ਦਾ ਖਰਚ ਕਈ ਸਵੈ ਸੇਵੀ ਸੰਸਥਾਵਾਂ ਤੇ ਦਾਨੀ ਸੱਜਣ ਕਰਦੇ। ਜਿਸ ਦਿਨ ਉਹ ਬਾਰਵੀਂ ਦੀ ਪ੍ਰੀਖਿਆ 'ਚੋਂ ਮੈਰਿਟ ਲਿਸਟ 'ਤੇ ਆਈ ਸੀ ਤਾਂ ਸਕੂਲ 'ਚ ਉਸਦੇ ਸਨਮਾਨ ਵਿਚ ਇਕ ਸਮਾਰੋਹ ਕਰਵਾਇਆ ਗਿਆ। ਇਤਫਾਕਨ ਅਮਰੀਕਾ ਤੋਂ ਗਏ ਦੋ ਦਾਨੀ ਸੱਜਣ ਵੀ ਇਸ ਸਮਾਰੋਹ ਵਿਚ ਸ਼ਾਮਲ ਸਨ। ਦੋ ਲੱਖ ਰੁਪਈਆ ਉਨ੍ਹਾਂ ਨੇ ਜੀਵਨ ਦੀ ਝੋਲੀ 'ਚ ਪਾਇਆ। ਉਹਦੀਆਂ ਅੱਖਾਂ ਸਿੱਲ੍ਹੀਆਂ ਸਨ। ਇਸ ਕਰਕੇ ਕਿ ਹੁਣੇ ਜਿਹੜਾ ਨਾਟਕ ਬੱਚਿਆਂ ਨੇ ਕੁੜੀ ਮਾਰ ਖੇਡਿਆ ਸੀ ਉਹਦੇ ਉਹਦੀ ਜਗੀਰੋ ਧੀ ਨੇ 'ਮੈਨੂੰ ਕੁੱਖ 'ਚ ਨਾ ਕਤਲ ਕਰਾ ਨੀ ਮਾਏ ਮੇਰੀਏ-ਮੈਨੂੰ ਜੱਗ ਵੇਖਣ ਦਾ ਚਾਅ, ਨੀ ਮਾਏ ਮੇਰੀਏ'। ਭੇਦ ਸਿਰਫ ਜੀਵਨ ਨੂੰ ਸੀ ਤੇ ਉਹ ਜਾਣਦਾ ਸੀ ਕਿ ਇਸ ਖੁਸ਼ਕਿਸਮਤ ਬੱਚੀ ਨੂੰ ਕੀ ਪਤਾ ਕਿ ਤੇਰਾ ਜੇ ਕੁੱਖ 'ਚ ਕਤਲ ਨਹੀਂ ਹੋਇਆ ਤਾਂ ਬਾਹਰ ਤਾਂ ਹੁੰਦਾ ਹੁੰਦਾ ਜ਼ਰੂਰ ਬਚਿਆ ਹੈ।

ਖੈਰ! ਰੱਬ ਦੀ ਰਜ਼ਾ ਕਿ ਜਗੀਰੋ ਅਮਰੀਕਾ ਦੇ ਦਾਨੀ ਸੱਜਣਾਂ ਦੀ ਮਿਹਰ ਨਾਲ ਐਮ.ਬੀ.ਬੀ.ਐਸ. ਕਰਨ ਤੋਂ ਬਾਅਦ ਮੈਡੀਸਨ ਤੇ ਕਿਡਨੀ ਵਿਚ ਐਕਸਪਰਟ ਬਣ ਗਈ। ਡਾਕਟਰ ਪਤੀ ਨਾਲ ਪ੍ਰੇਮ ਵਿਆਹ ਕਰਨ ਪਿਛੋਂ ਦੋਹਾਂ ਨੇ ਇਕ ਵੱਡੇ ਸ਼ਹਿਰ ਵਿਚ ਨਿੱਜੀ ਕਿਡਨੀ ਹਸਪਤਾਲ ਖੋਲ੍ਹ ਲਿਆ ਤੇ ਜੀਵਨ ਦਾ ਧੰਦਾ ਛੁਡਵਾ ਦਿੱਤਾ ਕਿਉਂਕਿ ਹਸਪਤਾਲ 'ਚੋਂ ਚੰਗੀ ਕਮਾਈ ਹੋਣ ਲੱਗ ਪਈ ਸੀ। ਗੁਰਦਿਆਂ ਤੋਂ ਪੀੜਤ ਬੜੇ ਲੋਕ ਇਸ ਹਸਪਤਾਲ ਆਉਂਦੇ। ਅਚਾਨਕ ਇਕ ਦਿਨ ਜੀਵਨ ਵੀ ਆਪਣੀ ਧੀ ਕੋਲ ਉਹਦੇ ਕਮਰੇ ਵਿਚ ਬੈਠਾ ਸੀ ਕਿ ਇਕ ਮਰੀਜ ਨੂੰ ਆਉਂਦਿਆਂ ਵੇਖ ਕੇ ਹੈਰਾਨ ਪ੍ਰੇਸ਼ਾਨ ਹੋ ਗਿਆ। ਉਸਨੇ ਆਪਣੀ ਡਾਕਟਰ ਧੀ ਨੂੰ ਪੁੱਛਿਆ 'ਇਹ ਕੌਣ ਹੈ ਇਸਨੂੰ ਕੀ ਬਿਮਾਰੀ ਹੈ?'

'ਪਾਪਾ ਇਹ ਪਿੰਡ ਦਾ ਬਚਨ ਲਾਲ ਹੈ ਤੇ ਵਧ ਦਾਰੂ ਪੀਣ ਨਾਲ ਇਸਦੇ ਦੋਵੇਂ ਗੁਰਦੇ ਖਰਾਬ ਹੋ ਗਏ ਨੇ। ਇਹ ਮਹੀਨੇ ਪਿਛੋਂ ਡਾਇਲਸਸ ਕਰਵਾਉਣ ਆਉਂਦਾ ਹੈ ਜਿਸ ਨੂੰ ਪੰਜਾਬੀ 'ਚ ਖੂਨ ਬਦਲਾਉਣਾ ਆਖਦੇ ਹਨ।

'ਰੱਬ ਕਰਕੇ ਧੀਏ ਹੁਣ ਇਹ ਜਦੋਂ ਵੀ ਆਵੇ ਤਾਂ ਇਸ ਤੋਂ ਦੁਆਨੀ ਨਾ ਲਈਂ।'

'ਕਿਉਂ?'

ਮੈਂ ਇਸਨੂੰ ਜਾਣਦਾ ਹਾਂ। ਇਹ ਬਹੁਤ ਗਰੀਬ ਬੰਦੈ।

ਤੇ ਧੀ ਨੇ ਬਾਪ ਦਾ ਕਹਿਣਾ ਮੰਨ ਲਿਆ ਕਿ ਚਲੋ ਇਕ ਪੁੰਨ ਹੀ ਸਹੀ।

ਬਚਨਾ ਇਸ ਗੱਲ ਤੋਂ ਹੈਰਾਨ ਸੀ ਕਿ ਅੱਜ ਦੇ ਜ਼ਮਾਨੇ ਵਿਚ ਡਾਕਟਰ ਤੇ ਵਕੀਲ ਤਾਂ ਕਹਿੰਦੇ ਨੇ ਕਿਸੇ ਦੇ ਮਿੱਤ ਜਾਂ ਮਿੱਤਰ ਨਹੀਂ ਪਰ ਇਹ ਦੇਵੀ ਧੀ ਰੱਬ ਵਰਗੇ ਬਾਪ ਦੇ ਆਖੇ ਇਹ ਮਹਿੰਗਾ ਇਲਾਜ ਮੁਫਤ ਕਰੀ ਜਾ ਰਹੀ ਹੈ।

ਫਿਰ ਇਕ ਦਿਨ ਜੀਵਨ ਨੇ ਧੀ ਨੂੰ ਕਿਹਾ ਇਸਨੂੰ ਇਕ ਹਜਾਰ ਰੁਪਿਆ ਵੀ ਦੇ ਦੇਹ। ਕੰਮ ਕਰਨ ਜੋਗਾ ਤਾਂ ਇਹ ਰਿਹਾ ਨਹੀਂ।

ਤੇ ਜਗੀਰੋ ਬਾਪ ਦੀ ਏਸ ਬੰਦੇ ਨਾਲ ਏਨੀ ਹਮਦਰਦੀ ਤੋਂ ਹੈਰਾਨ ਸੀ ਕਿ ਆਖਿਰ ਗੱਲ ਕੀ ਹੈ। ਜਦੋਂ ਵੀ ਬਚਨਾ ਹਸਪਤਾਲ ਆਉਂਦਾ ਹੈ, ਬਾਪੂ ਉਹਦੇ ਨਾਲ ਦੇਰ ਚਿਰ ਗੱਲਾਂ ਕਰਦਾ ਰਹਿੰਦਾ ਹੈ।

ਤੇ ਆਖਿਰ ਉਹ ਦਿਨ ਵੀ ਆ ਗਿਆ ਸੀ ਕਿ ਜਗੀਰੋ ਨੇ ਜੀਵਨ ਨੂੰ ਦੱਸਿਆ, 'ਬਾਪੂ ਹੁਣ ਇਹ ਬੰਦਾ ਹੋਰ ਨਹੀਂ ਜੀ ਸਕਦੈ?'

ਕਿਉਂ?

'ਕਿਉਂਕਿ ਇਸਦਾ ਇਲਾਜ ਮਹੀਨਿਆਂ ਤੋਂ ਦਿਨਾਂ ਤੇ ਹੁਣ ਘੰਟਿਆਂ 'ਤੇ ਆ ਗਿਆ ਹੈ।

'ਇਹ ਹੁਣ ਬਚ ਕਿਵੇਂ ਸਕਦੈ?'

'ਜੇ ਕੋਈ ਰੱਬ ਦਾ ਬੰਦਾ ਆਪਣੀ ਕਿਡਨੀ ਇਹਨੂੰ ਦਾਨ ਕਰ ਦੇਵੇ।'

'ਮੈਂ ਦੇ ਦਿਆਂਗਾ।'

'ਤੂੰ ਬਾਪੂ ਸ਼ੂਗਰ ਦਾ ਮਰੀਜ ਏਂ।'

'ਫਿਰ ਤੂੰ ਇਹਨੂੰ ਆਪਣੀ ਇਕ ਕਿਡਨੀ ਦਾਨ ਕਰ ਦੇਹ।'

'ਬਾਪੂ ਤੈਨੂੰ ਕੀ ਹੋ ਗਿਆ ਹੈ। ਇਕ ਡਾਕਟਰ ਵੀ ਕਦੇ ਮਰੀਜ ਨੂੰ ਕਿਡਨੀ ਦਾਨ ਕਰਦਾ ਵੇਖਿਆ?'

'ਨਹੀਂ! ਪਰ ਪੁੱਤਰ ਇਹ ਪੁੰਨ ਦੀ ਖੱਟੀ ਤੂੰ ਜਰੂਰ ਖੱਟ।'

'ਕਿਉਂ?'

'ਮੈਂ ਤੇਰੇ ਕਰਮ ਦਾ ਬਾਪ ਹਾਂ ਤੇ ਇਹ ਤੇਰੇ ਜਨਮ ਦਾ।'

ਤੇ ਜਜ਼ਬਾਤੀ ਹੋਏ ਜੀਵਨ ਨੇ ਆਪਣੀ ਧੀ ਡਾਕਟਰ ਜਗੀਰੋ ਯਾਦਵ ਨੂੰ ਉਹ ਸ਼ਮਸ਼ਾਨਘਾਟ ਵਾਲੀ ਸਾਰੀ ਕਹਾਣੀ ਖੋਲ੍ਹ ਕੇ ਸੁਣਾ ਦਿੱਤੀ।

ਤੇ ਅਗਲੀ ਸਵੇਰ ਹਸਪਤਾਲ 'ਚ ਹੈਰਾਨੀ ਦਾ ਸਨਾਟਾ ਸੀ ਜਦੋਂ ਹੋਰ ਡਾਕਟਰਾਂ ਨੂੰ ਬੁਲਾ ਕੇ ਜਗੀਰੋ ਨੇ ਆਪਣੀ ਇਕ ਕਿਡਨੀ ਬਚਨ ਲਾਲ ਨੂੰ ਦਾਨ ਕਰ ਦਿੱਤੀ।

ਅਖਬਾਰਾਂ ਤੇ ਟੀ.ਵੀ. ਮੀਡੀਏ ਦੇ ਕੈਮਰੇ ਹਸਪਤਾਲ 'ਚ ਰੋਗੀਆਂ ਤੋਂ ਵੀ ਵਧ ਸਨ।

ਸ਼ਾਇਦ ਦੁਨੀਆਂ ਵਿਚ ਇਹ ਰਿਕਾਰਡ ਕਾਇਮ ਹੋ ਗਿਆ ਸੀ ਜਦੋਂ ਇਕ ਡਾਕਟਰ ਨੇ ਮਰੀਜ਼ ਨੂੰ ਬਚਾਉਣ ਲਈ ਆਪਣਾ ਇਕ ਅਹਿਮ ਅੰਗ ਦਾਨ ਕਰ ਦਿੱਤਾ ਸੀ।

ਤੇ ਜਗੀਰੋ ਯਾਦਵ ਨੇ ਕੈਮਰਿਆਂ ਦੇ ਸਾਹਮਣੇ ਭੇਦ ਖੋਲ੍ਹ ਦਿੱਤਾ ਸੀ ਕਿ ਕਿਵੇਂ ਇਕ ਬਾਪ ਨੇ ਪੁੱਤਰਾਂ ਦੇ ਮੋਹ 'ਚ ਇਕ ਜਿਊਂਦੀ ਧੀ ਨੂੰ ਦਫਨ ਕਰਨ ਦੀ ਪਾਪ ਦੀ ਖੱਟੀ ਝੋਲੀ ਪਾਈ ਸੀ ਪਰ ਮੈਂ ਇਕ ਧੀ ਹੋਣ ਦੇ ਨਾਤੇ ਬਾਪ ਪ੍ਰਤੀ ਮੋਹ ਦਾ ਇਕ ਫਰਜ਼ ਹੀ ਪੂਰਾ ਕੀਤਾ ਹੈ, ਅਹਿਸਾਨ ਨਹੀਂ।

ਜਗੀਰੋ ਯਾਦਵ ਲਈ ਦੁੱਖ ਦੀ ਗੱਲ ਇਹ ਸੀ ਕਿ ਉਹ ਆਪਣੇ ਬਾਪ ਨੂੰ ਕਿਡਨੀ ਦੇ ਕੇ ਵੀ ਨਾ ਬਚਾ ਸਕੀ ਕਿਉਂਕਿ ਬਚਨ ਲਾਲ ਇਕ ਹਫਤੇ ਪਿੱਛੋਂ ਸ਼ਾਇਦ ਇਸ ਸਦਮੇ ਵਿਚ ਅੱਖਾਂ ਮੀਚ ਗਿਆ ਸੀ ਕਿ ਪਾਪ ਦੀ ਏਨੀ ਭਾਰੀ ਪੰਡ ਚੁੱਕ ਕੇ ਸਮਾਜ 'ਚ ਜਿਊਣਾ ਹੁਣ ਸੁਖਾਲਾ ਨਹੀਂ ਸੀ।

ਮੰਨਦੇ ਹਾਂ ਕਿ ਜਦੋਂ ਸਿਧਾਰਥ ਘਰੋਂ ਨਿਕਲਿਆ ਸੀ ਤਾਂ ਉਹਦੇ ਕੋਲ ਪ੍ਰਸ਼ਨ ਹੀ ਪ੍ਰਸ਼ਨ ਸਨ ਪਰ ਜਦੋਂ ਵਾਪਿਸ ਪਰਤਿਆਂ ਤਾਂ ਸਾਰੇ ਪ੍ਰਸ਼ਨਾਂ ਦੇ ਉੱਤਰ ਵੀ ਨਾਲ ਸਨ।

ਤੇ ਸਾਡੇ ਸਮਾਜ ਕੋਲ ਅਜਿਹੇ ਪ੍ਰਸ਼ਨਾਂ ਦੇ ਉੱਤਰ ਨਹੀਂ ਹਨ।

ਖਾਲਸਾ ਪੰਥ

# ਨਦਰ-ਅਨੰਦੀ ਵਿਗਾਸ

**ਭਾਈ ਰਣਧੀਰ ਸਿੰਘ**

ਐਉਂ ਜਾਪਣਾ, ਜਿਵੇਂ ਆਂਹਦੀਆਂ ਹਨ ਕਿ ਇਕ ਸ਼ਬਦ ਦਾ ਕੀਰਤਨ ਕਰੋ। ਮੈਂ ਅਗੇ ਹੀ ਕੀਰਤਨ ਦੇ ਉਠਾਓ ਵਿਚ ਬੈਠਾ ਸੀ। ਇਕ ਸ਼ਬਦ ਮੈਥੋਂ ਆਪ ਮੁਹਾਰਾ ਗਾਵਿਆ ਗਿਆ। (ਪਰ ਉਹ ਸ਼ਬਦ ਯਾਦ ਨਹੀਂ ਕਿ ਕਿਹੜਾ ਸੀ) ਜੋ ਕਿ ਬਿਜਲੀ ਵਾਲੀ ਤਿੱਖੀ, ਖਿੱਚਵੀਂ ਤੇ ਦਿਲ ਚੀਰਵੀਂ ਧੁਨੀ ਵਿਚ ਨਿਕਲਿਆ। ਸਾਰੇ ਮੰਡਲ ਵਿਚ ਸਨਾਟਾ ਛਾ ਗਿਆ ਤੇ ਮੈਂ ਭੀ ਗਾਵਣ ਸਾਰ ਹੀ ਸੁੰਨ ਸਮਾ ਗਿਆ ਤੇ ਸੰਗਤ ਨੇ ਫੇਰ ਕੀਰਤਨ ਅਰੰਭ ਦਿਤਾ। ਮੈਨੂੰ ਇਉਂ ਭਾਸੇ ਕਿ ਇਹ ਸਭ ਮੇਰੇ ਸੁਹਾਗ ਭਾਗ ਦੇ ਹੀ ਸੋਹਿਲੇ ਗਾ ਰਹੇ ਹਨ। ਪਰ ਮੈਂ ਇਉਂ ਜਾਣਾਂ ਕਿ ਮੇਰਾ ਨਵਾਂ ਸੁਹਾਗ ਹੋਇਆ ਹੈ ਤੇ ਮੈਥੋਂ ਪਹਿਲਾਂ ਦੇ ਸੁਹਾਗ ਪ੍ਰਾਪਤ ਸੁਹਾਗਵੰਤੇ ਮੇਰੇ ਨਵਜੀਵਨ ਵਾਲੇ ਸੁਹਾਗ ਨੂੰ ਪੇਖ ਪੇਖ ਕੇ ਵਿਗਸ ਰਹੇ ਹਨ। ਮੈਂ ਖੀਵਾ ਹੋਇਆ ਬੈਠਾ ਰਿਹਾ, ਤਕੜਾ ਚਿਰ ਕੀਰਤਨ ਦਾ ਇਹ ਰਸ ਬੱਝਾ ਰਿਹਾ। ਏਤਨੇ ਨੂੰ ਚਾਣਚੱਕ ਮੈਂ ਕੀ ਦੇਖਦਾ ਹਾਂ ਕਿ ਇਕ ਸਿੱਖ ਗੁਰੂ ਮਹਾਰਾਜ ਦੀ ਤਾਬੇ ਬੈਠਾ ਬੜੀ ਬੇਅਦਬੀ ਜਿਹੀ ਨਾਲ ਪੱਤਰੇ ਐਧਰ ਓਧਰ ਫੋਲ ਰਿਹਾ ਹੈ। ਮੈਥੋਂ ਇਹ ਬੇਅਦਬੀ ਸਹਾਰੀ ਨਾ ਜਾਵੇ। ਜੀ ਕਰੇ ਉਠ ਕੇ ਚਲਿਆ ਜਾਵਾਂ। ਕੀਰਤਨ ਪਰਵਾਹ ਬੰਦ ਹੋ ਗਿਆ ਸੀ। ਬੜੀ ਬੇਰਸੀ ਜਿਹੀ ਹੋ ਗਈ ਦਿਸੇ, ਪਰ ਮੈਂ ਕਾਲਜਾ ਥੰਮ ਕੇ ਕੁਛ ਮਿੰਟ ਹੋਰ ਬੈਠਾ ਰਿਹਾ। ਇਤਨੇ ਨੂੰ ਉਸਨੇ ਇਕ ਸ਼ਬਦ ਟੋਲ ਕੇ ਪੜ੍ਹਿਆ ਤੇ ਕਥਾ ਅਰੰਭ ਕੀਤੀ, ਪਰ ਬੜੀ ਕਸੂਤੀ ਜਿਹੀ। ਮੈਂ ਮੱਥਾ ਟੇਕ ਉਠ ਖੜੋਤਾ। ਮੈਨੂੰ ਉਠਦੇ ਨੂੰ ਇਕ ਹੁਲਾਰਾ ਜਿਹਾ ਵੱਜਾ। ਮੈਂ ਜਾਣਿਆ ਕਿ ਡਿੱਗ ਚਲਿਆ ਹਾਂ, ਪਰ ਮੈਨੂੰ ਕਿਸੇ ਨੇ ਬੋਚ ਲਿਆ। ਮੈਂ ਮਲਕ ਦੇ ਕੇ ਖਿਸਕ ਕੇ ਬਾਹਰਵਾਰ ਦੂਜੇ ਗੁਰਦੁਆਰੇ ਵਲ ਨੂੰ ਨਿਕਲ ਤੁਰਿਆ।

ਮੇਰਾ ਪੱਬ ਜ਼ਮੀਨ 'ਤੇ ਲਗੇ ਹੀ ਨਾ, ਪਰ ਮੈਂ ਤੁਰਿਆ ਜਾਵਾਂ। ਮੇਰੇ ਸਰੀਰ ਦਾ ਭਾਰ ਫੁੱਲ ਨਾਲੋਂ ਵੀ ਹੌਲਾ ਹੋ ਗਿਆ। ਭਾਵੇਂ ਫੂਕ ਮਾਰ ਕੇ ਕੋਈ ਉਡਾ ਦੇਵੇ ਤੇ ਦੇਹੀ ਕੰਚਨਵੰਨੀ ਹੋਈ ਵੀ। ਸਭ ਤੋਂ ਵਧ ਕੇ ਸੁਆਦਲੀ ਗੱਲ ਇਹ ਕਿ ਮੇਰੀਆਂ ਪ੍ਰੇਮ ਕਸਾਈਆਂ ਤੇ ਹਿਤ ਅਲਸਾਈਆਂ ਅੱਖੀਆਂ ਵਿਚ ਇਕ ਰਸਕ ਅਨੰਦ ਬਿਨੋਦੀ ਖਿੱਚ ਮੈਨੂੰ ਆਪਣੇ ਆਪ ਨੂੰ ਖੀਵਾ ਕਰੀ ਜਾਵੇ। ਜਦ ਮੈਂ ਦੂਜੇ ਗੁਰਦੁਆਰੇ ਜਾ ਕੇ ਨਮਸਕਾਰ ਕੀਤੀ ਤਾਂ ਉਥੇ ਦੀ ਮਾਈ ਕੜਾਹ ਪ੍ਰਸ਼ਾਦ ਵਰਤਾ ਰਹੀ ਸੀ। ਮੈਨੂੰ ਭਗਤ ਜੀ ਕਹਿ ਕੇ ਬੜੇ ਸਨਮਾਨ ਪੂਰਵਕ ਬੋਲੀ- 'ਲਓ ਕੜਾਹ ਪ੍ਰਸ਼ਾਦ ਛਕੋ! ਤੁਸੀਂ ਕਈ ਦਿਨ ਹੋਏ ਕੁਛ ਨਹੀਂ ਛਕਿਆ।' ਮੈਂ ਕੜਾਹ ਪ੍ਰਸ਼ਾਦ ਦਾ ਛਾਂਦਾ ਤਾਂ ਲਿਆ ਪਰ ਮੈਂ ਲਾਜ ਨਾਲ ਪਾਣੀ ਪਾਣੀ ਹੋ ਗਿਆ। ਸੋਚਿਆ ਕਿ ਮੈਨੂੰ ਭਗਤ ਜੀ ਕਿਉਂ ਆਖਿਆ? ਤੇ ਮੇਰੇ ਕੁਛ ਨਾ ਛਕਣ ਦੀ ਵਿਥਿਆ ਇਸ ਮਾਈ ਨੂੰ ਕਿਵੇਂ ਮਾਲੂਮ ਹੋਈ? ਮੈਂ ਉਥੋਂ ਵੀ ਖਿਸਕਣ ਦੀ ਕੀਤੀ ਤੇ ਕੜਾਹ ਪ੍ਰਸ਼ਾਦ ਉਥੇ ਇਕੱਠੇ ਹੋਏ ਨਿੱਕੇ ਨਿੱਕੇ ਬਾਲਕਿਆਂ ਨੂੰ ਵਰਤਾ ਦਿਤਾ। ਮੈਂ ਅਜੇ ਮਸਾਂ ਗੁਰਦੁਆਰੇ ਦੇ ਬੂਹੇ ਤੋਂ ਬਾਹਰ ਹੀ ਹੋਣ ਲਗਾ ਸੀ ਕਿ ਉਸ ਗ੍ਰੰਥੀ ਦਾ ਭਰਾ (ਜਿਸ ਦਾ ਨਾਮ ਮੈਂ ਹੁਣ ਭੁਲ ਗਿਆ ਹਾਂ) ਤੇ ਦੂਜੇ ਇਕ ਮਿਸਤਰੀ ਸਿੰਘ ਭਾਈ ਜਵਾਹਰ ਸਿੰਘ ਨਾਮੇ (ਜੋ ਬੜਾ ਪ੍ਰੇਮੀ ਸੀ) ਦੋਵੇਂ ਜਣੇ ਆ ਕੇ ਧੜੰਮ ਦੇ ਕੇ ਮੇਰੇ ਖੁਰਜ਼ਿਆਂ ਉਤੇ ਡਿੱਗ ਪਏ ਅਤੇ ਸੱਜਲ ਨੇਤ੍ਰਾਂ ਨਾਲ ਘਿਗਿਆ ਕੇ ਬੋਲੇ, 'ਇਕ ਭੋਰੀ ਸਾਨੂੰ ਭੀ।' ਮੈਂ ਬੋਲਿਆ ਕਿ 'ਕੜਾਹ ਪ੍ਰਸ਼ਾਦ ਤਾਂ ਵਰਤ ਗਿਆ!' ਉਹ ਬੋਲੇ, 'ਇਹ ਛਾਂਦਾ ਨਹੀਂ, ਅਸੀਂ ਤਾਂ ਦੂਜੇ ਛਾਂਦੇ ਦਾ ਕਿਣਕਾ ਮੰਗਦੇ ਹਾਂ, ਜਿਸ ਦਾ ਗੱਫਾ ਤੁਹਾਨੂੰ ਧੁਰ ਦਰਗਾਹੋਂ ਮਿਲਿਆ ਹੈ।' ਮੈਂ ਆਖਿਆ, 'ਧੁਰ ਦਰਗਾਹਾਂ ਵਾਲੇ ਪਾਸੋਂ ਹੀ ਮੰਗੋ! ਮੰਗਤਿਆਂ ਪਾਸੋਂ ਕੀ ਮੰਗਦੇ ਹੋ?' ਏਨੀ ਗੱਲ ਕਹਿ ਕੇ ਮੈਂ ਉਨ੍ਹਾਂ ਤੋਂ ਪਿੱਛਾ ਛੁਡਾਉਣ ਦੀ ਖਾਤਰ ਉਥੋਂ ਵਾਹੋ ਦਾਹ ਨੱਸਾ। ਨੱਸ ਕੇ ਇਕ ਪਹਾੜ ਦੀ ਕੰਦਰਾ ਵਿਚ ਜਾ ਲੁਕਿਆ ਅਤੇ ਉਨ੍ਹਾਂ ਦੋਹਾਂ ਨੂੰ ਬਾਜ਼ਾਰਾਂ ਦੇ ਏਡਾਂ ਗੇੜਾਂ ਵਿਚ ਹੀ ਚੋਰ ਭਲਾਈ ਦੇ ਗਿਆ ਕਿਉਂਕਿ ਉਹ ਦੋਵੇਂ ਵੀ ਮਗਰ ਨੱਸੇ ਆਉਂਦੇ ਸਨ। ਮੈਨੂੰ ਉਥੇ ਬੈਠੇ ਨੂੰ ਉਦਾਲੇ ਛਪਾਲੇ ਦੇ ਸਾਰੇ ਪਹਾੜ ਸੁਨਹਿਰੀ ਰੰਗ ਨਾਲੋਂ ਵਧੇਰੇ ਦਮਕਦੇ ਰੰਗਾਂ ਵਿਚ ਨ੍ਹਾਤੇ ਧੋਤੇ ਦਿਖਾਈ ਦੇਵਣ। ਐਧਰ ਮੇਰੀ ਸੋਜਝੀ ਤੇ ਅਜਬ ਅਡੰਬਰ ਬਣਿਆ ਹੋਇਆ। ਜਹਿੰ ਜਹਿੰ ਪੇਖਾਂ ਤਹਿੰ ਤਹਿੰ ਓਹੀ ਜਗਮਗੀ ਬਹਾਰ!

ਇਹ ਰੰਗ ਮਾਣਦੇ ਨੂੰ ਥੋੜਾ ਕਾਲ ਹੀ ਬਤੀਤ ਹੋਇਆ ਸੀ ਕਿ ਮੇਰੇ ਕੰਨਾਂ ਵਿਚ ਢੋਲਕ ਤੇ ਕੀਰਤਨ ਦੀ ਭਿਣਕ ਪਈ। ਮੈਂ ਖਿੱਚ ਖਾ ਕੇ ਉਤ ਵਲ ਨੂੰ ਨੱਠਾ ਤੇ ਆਵਾਜ਼ ਦੀ ਸੇਧ 'ਤੇ ਲੱਗਾ ਆਇਆ। ਮੇਰੇ ਪੈਰਾਂ ਨੂੰ ਫੰਗ ਲਗ ਗਏ। ਇਕ ਆਨ ਵਿਚ ਇਕ ਬੜੀ ਚੌੜੀ ਸੜਕ 'ਤੇ ਆ ਪੁੱਜਾ। ਦੇਖਾਂ ਤਾਂ ਸਾਹਮਣੇ ਸੰਗਤਾਂ ਦਾ ਤਕੜਾ ਦਲ ਬੱਝਾ ਆਉਂਦਾ ਹੈ ਤੇ ਕੀਰਤਨ ਹੋ ਰਿਹਾ ਹੈ। ਅਸਥਾਈ ਦੀ ਇਹ ਤੁਕ ਪੜ੍ਹ ਰਹੇ ਹਨ- 'ਸਭ ਸੰਗਤੇ ਆਈਆਂ ਦਰਸ਼ਨ ਨੂੰ, ਦੇਹ ਦਰਸ਼ਨ ਗੁਰ ਮੇਰੇ।' ਮੈਂ ਜਾਤਾ ਕਿ ਉਸ ਦਰਸ-ਪ੍ਰੀਤਮ ਦੇ ਭੌਰਿਆਂ ਦਾ ਦਲ ਹੈ ਜਿਸ ਦਾ ਕਿ ਮੈਂ ਇਕ ਨਵ-ਜਨਮਿਆ ਭਵਰ ਹਾਂ। ਮੈਨੂੰ ਸਾਰੇ ਹੀ ਦਰਸ ਰਹੇ ਪ੍ਰਤੀਤ ਹੋਵਣ। ਇਕ ਤੋਂ ਇਕ ਚੜ੍ਹਦੇ ਦਿਸਣ। ਨੇੜੇ ਆਉਣ ਪਰ ਮੈਂ ਛਪਾਲ ਡੰਡਉਤ ਵਿਚ ਲੰਮਾ ਪੈ ਕੇ ਬੰਦਨਾਂ ਕੀਤੀ। ਮੈਨੂੰ ਝੱਟ ਕਿਸੇ ਹੱਥ ਨੇ ਆਣ ਚੁਕਿਆ। ਮੈਂ ਹੱਥ ਜੋੜ ਕੇ ਸਭ ਸੰਗਤਾਂ ਨੂੰ ਝੁਕ ਕੇ ਫਤਹਿ ਬੁਲਾਈ, ਚਰਨ ਧੂੜ ਮਸਤਕ 'ਤੇ ਲਾਈ ਤੇ ਤੁਰੀ ਜਾਂਦੀ ਸੰਗਤ ਦੀਆਂ ਘੁੰਮ ਕੇ ਪੰਜ ਪਰਕਰਮਾ ਕੀਤੀਆਂ। ਫਿਰ ਮੈਂ ਕੀਰਤਨ ਵਿਚ ਸੰਗਤ ਦੇ ਨਾਲ ਹੀ ਜੁਟ ਗਿਆ। ਅੱਗੜ ਪਿੱਛੜ ਕਈ ਜਥੇ ਬਣੇ ਹੋਏ ਸ਼ਬਦ ਕੀਰਤਨ ਕਰਦੇ ਚਲੇ ਆਉਂਦੇ ਸਨ। ਜਿਥੇ ਮੈਂ ਕੀਰਤਨ ਕਰ ਰਿਹਾ ਸੀ, ਸਭ ਉਥੇ ਨੂੰ ਹੀ ਉਲਟ ਪਏ। ਉਹ ਸਭ ਸ਼ਬਦ ਪੜ੍ਹਨੋਂ ਹਟ ਗਏ ਤੇ ਮੇਰੇ ਕੀਰਤਨ ਨੂੰ ਤੱਕਣ। ਮੈਂ ਸ਼ਬਦ ਦਾ ਭੋਗ ਪਾ ਕੇ, ਕੀਰਤਨ ਛੱਡ ਕੇ ਵਿਚੇ ਰਲ ਮਿਲ ਜਾਵਾਂ। ਆਪਣਾ ਆਪ ਕੰਬਲ ਦੀ ਬੁਕਲ ਵਿਚ ਲੁਕਾਵਾਂ ਪਰ ਲੁਕੇ ਨਾ। ਕੰਬਲ ਮੇਰਾ ਲਹਿ ਲਹਿ ਪਵੇ ਤੇ ਮੈਥੋਂ ਸੰਭਾਲਿਆ ਨਾ ਜਾਵੇ। ਮੇਰੀ ਲਟਪਟੀ ਚਾਲ ਢਾਲ ਤੇ ਮੇਰੀਆਂ ਉਖੜਵੀਆਂ ਉਲਾਂਘਾਂ ਨੂੰ ਵੇਖ ਵੇਖ ਸਭ ਸੱਜਣ ਇਕ ਦੂਜੇ ਨਾਲ ਸੋਰ੍ਹਮ ਸੋਰ੍ਹੀ ਹੋਣ। ਮੈਂ ਆਖ ਦੇਵਾਂ 'ਸ਼ਬਦ ਪੜ੍ਹੋ!' ਫੇਰ ਸਾਰੇ ਸ਼ਬਦ ਪੜ੍ਹਨ ਲਗ ਜਾਣ। ਹੁਣ ਸਾਰੀ ਸੰਗਤ ਵਿਚ ਇਕ ਹੋਰ ਹਵਾ ਫਿਰੀ ਕਿ ਜੋ ਮੇਰੇ ਨੇੜੇ ਆਵੇ ਉਹੋ ਰੀਝ ਤੇ ਨੀਝ ਲਾ ਕੇ ਝੁਕ ਝੁਕ ਮੇਰੀਆਂ ਅੱਖਾਂ ਵਲ ਵੇਖੇ ਤੇ ਵੇਖੀ ਹੀ ਜਾਵੇ, ਹਟੇ ਨਾ। ਮੈਂ ਔਖਾ ਹੋ ਕੇ ਕੰਬਲ ਆਪਣੇ ਮੂੰਹ ਤੇ ਲੈ ਲਵਾਂ, ਪਰ ਉਹ ਫੇਰ ਲਹਿ ਜਾਵੇ। ਫੇਰ ਉਹੋ ਹਾਲ। ਮੇਰੀਆਂ ਅੱਖਾਂ ਵਲ ਵੇਖੇ ਤੇ ਵੇਖੀ ਹੀ ਜਾਵੇ, ਹਟੇ ਨਾ। ਮੇਰੀਆਂ ਅੱਖਾਂ ਵਲ ਸਾਰਿਆਂ ਦੀਆਂ ਝਾਤੀਆਂ। ਮੈਂ ਤੱਕ ਕੇ ਆਖ ਹੀ ਦਿੱਤਾ ਕਿ ਤੁਸੀਂ ਮੇਰੀਆਂ ਅੱਖਾਂ ਵਲ ਕਿਉਂ ਔਖੇ ਹੋ ਕੇ ਦੇਖਦੇ ਹੋ? ਦੋ ਤਿੰਨਾਂ ਨੇ ਕਿਹਾ ਜੋ ਬਹੁਤ ਹੀ ਲੱਟੂ ਹੋਏ ਫਿਰਦੇ ਸੀ ਕਿ 'ਇਨ੍ਹਾਂ ਅੱਖਾਂ ਵਿਚ ਐਸੀ ਖਿੱਚ ਤੇ ਚਮਕ ਹੈ, ਜੋ ਚੁੰਬਕ ਵਾਂਙੂ ਸਾਡੀਆਂ ਦ੍ਰਿਸ਼ਟੀਆਂ ਨੂੰ ਖਿੱਚਦੀ ਹੈ।' ਮੈਨੂੰ ਇਹ ਗੱਲਾਂ ਸੁਣ ਕੇ ਬੜੀ ਸੰਗ ਲਗੇ, ਐਵੇਂ ਟਾਲ-ਮਟੋਲੇ ਕਰੀ ਜਾਵਾਂ।

ਕੀਰਤਨ ਹੁੰਦਾ ਚਲਿਆ ਜਾਵੇ, ਮੈਂ ਸੰਗਤ ਦੇ ਨਾਲ ਨਾਲ ਟੁਰਿਆ ਜਾਵਾਂ। ਜਾਂਦੇ ਜਾਂਦੇ ਉਦੋਂ ਹੀ ਪਤਾ ਲਗਾ, ਜਦਕਿ ਸੰਗਤਾਂ ਉਸੇ ਅਖੰਡਪਾਠ ਵਾਲੇ ਗੁਰਦੁਆਰੇ ਆਣ ਪਹੁੰਚੀਆਂ। ਮੈਂ ਸੰਗਤਾਂ ਨੂੰ ਅੰਦਰ ਵੜਦੀਆਂ ਕਰਕੇ ਪਿਛਲੇ ਪੈਰੀਂ ਫੇਰ ਭੱਜਾ, ਪਰ ਮੈਨੂੰ ਉਨ੍ਹਾਂ ਦੋਹਾਂ ਪ੍ਰੇਮੀਆਂ (ਭਾਈ ਜਵਾਹਰ ਸਿੰਘ ਤੇ ਗ੍ਰੰਥੀ ਸਿੰਘ ਦੇ ਭਰਾ) ਨੇ ਫੇਰ ਵੀ ਦੇਖ ਹੀ ਲਿਆ। ਉਹ ਮੇਰੇ ਪਿਛੇ ਦੌੜੇ। ਮੈਂ ਡਾਹ ਨਾ ਦੇਵਾਂ। ਮੇਰਾ ਫੁਰਤੀਲਾ ਹਲਕਾ ਫੁਲਕਾ ਬਦਨ, ਉਡਣ-ਖਟੋਲਾ ਬਣਿਆ ਹੋਇਆ, ਉਨ੍ਹਾਂ ਨੂੰ ਕਿਥੇ ਰਲਣ ਦੇਵੇ। ਮੈਂ ਫੇਰ ਕਿਸੇ ਹੋਰ ਪਾਸੇ ਦੀਆਂ ਪਹਾੜੀਆਂ ਵਿਚ ਜਾ ਲੁਕਿਆ। ਉਥੇ ਫੇਰ ਢੋਲਕ ਦੀ ਧਮਕ ਆਈ। ਉਥੋਂ ਨਿਕਲ ਕੇ ਦੌੜਿਆ ਤੇ ਫੇਰ ਹੋਰ ਹੋਰ ਸੰਗਤਾਂ ਦੇਖੀਆਂ, ਜੋ ਕੀਰਤਨ ਕਰਦੀਆਂ ਆ ਰਹੀਆਂ ਸਨ। ਓਵੇਂ ਜਿਵੇਂ ਫੇਰ ਹੋਈ, ਜਿਵੇਂ ਪਹਿਲਾਂ ਹੋਈ ਸੀ। ਪਹਿਲੇ ਵਾਂਙੂ ਹੀ ਇਨ੍ਹਾਂ ਸੰਗਤਾਂ ਨਾਲ ਉਸੇ ਗੁਰਦੁਆਰੇ ਸਾਹਿਬ ਆ ਵੱਜੇ। ਤੀਜੀ ਵਾਰ ਫੇਰ ਨੱਸਾ। ਫੇਰ ਉਵੇਂ ਜਿੱਕਰ ਹੋਈ। ਤੀਜੀ ਵਾਰ ਜਦ ਸੰਗਤਾਂ ਨੂੰ ਨਾਲ ਲਿਆਇਆ ਤਾਂ ਦੇਖਾਂ, ਕਿ ਅਗੇ ਨਗਰ ਕੀਰਤਨ ਦੇ ਤਿਆਰੇ ਹੋ ਰਹੇ ਹਨ। ਮਹਾਰਾਜ ਦੇ ਪਾਲਕੇ ਸਜ ਰਹੇ ਹਨ ਤੇ ਸੰਗਤ ਦੀ ਗਹਿਮਾ ਗਹਿਮ ਹੈ। ਮੈਨੂੰ ਤੀਜੀ ਵਾਰ ਸੰਗਤਾਂ ਸੰਯੁਕਤ ਮੁੜ ਕੇ ਪਹੁੰਚਣ ਪਰ ਮਹਾਰਾਜ ਦੇ ਚੌਰਬਰਦਾਰ ਨੇ ਮੇਰੇ ਸਨਮੁਖ ਹੋ ਕੇ ਇਹ ਬਚਨ ਕਹੇ। 'ਭਾਈ! ਤੇਰੀ ਸੇਵਾ ਸੰਗਤਾਂ ਦੀ ਪੇਸ਼ਵਾਈ ਕਰਨੀ ਹੀ ਕਰਤਾਰ ਵਲੋਂ ਲਗੀ ਸੀ।' ਮੁਕਦੀ ਗੱਲ ਇਹ ਕਿ ਬੜੀ ਸਜ ਧਜ ਨਾਲ, ਝੂਲਦੇ ਨਿਸ਼ਾਨਾਂ ਤੇ ਵਜਦੇ ਨਗਾਰਿਆਂ ਸਹਿਤ ਮਹਾਰਾਜ ਦਾ ਸਵਾਰਾ ਨਿਕਲਿਆ ਤੇ ਅਨੇਕ ਸ਼ਬਦੀ ਜੱਥਿਆਂ ਦੀ ਕੀਰਤਨ ਧੁਨਕਾਰ ਵਿਚ ਮਹੱਲਾ ਚੜ੍ਹਦੀਆਂ ਕਲਾਂ ਵਾਲਾ ਨਿਕਲਿਆ। ਮੈਂ ਭੀ ਨਾਲ ਹੀ। ਕਦੇ ਮਹਾਰਾਜ ਜੀ ਦੇ ਸਵਾਰੇ ਦੀ ਸੇਵਾ ਵਿਚ ਤੇ ਕਦੇ ਕਿਸੇ ਜਥੇ ਨਾਲ, ਕਦੇ ਕਿਸੇ ਜਥੇ ਨਾਲ ਕੀਰਤਨ ਕਰਨ ਜਾ ਲੱਗਾਂ। ਕਦੇ ਓਈਂ ਖੁਲ੍ਹੇ ਦਰਸ਼ਨ ਦਿਦਾਰੇ ਲੈਂਦਾ ਫਿਰਾਂ। ਪਰ ਸਭ ਮੇਰੀਆਂ ਅੱਖਾਂ ਵਲ ਝੁਕ ਕੇ ਵੇਖਣ। ਮੈਂ ਕੀਰਤਨ ਕਰਨ ਲਗਿਆ ਰਹਾਂ, ਕਿਸੇ ਨਾਲ ਕੁਛ ਨਾ ਬੋਲਾਂ। ਉਹ ਦੋਵੇਂ ਪ੍ਰੇਮੀ (ਭਾਈ ਜਵਾਹਰ ਸਿੰਘ ਤੇ ਗ੍ਰੰਥੀ ਸਿੰਘ ਦਾ ਭਰਾ) ਮੇਰੇ ਦੁਆਲੇ ਫਿਰਨ ਅਤੇ ਫੇਰ ਤਾਂ ਉਨ੍ਹਾਂ ਕਰਕੇ ਕਈ ਭੌਰੇ ਆਣ ਗੁੰਜੇ। ਮੈਂ ਕੀਰਤਨ ਵਿਚ ਰਮ ਰਹਾਂ, ਉਨ੍ਹਾਂ ਨੂੰ ਵਾਰ ਹੀ ਨਾ ਮਿਲੇ। ਜਦ ਮੇਰੇ ਉਪਰ ਬਹੁਤ ਜ਼ੋਰ ਪਾਉਣ, ਤਾਂ ਮੈਂ ਛਾਈਂ ਮਾਈਂ ਹੋ ਜਾਵਾਂ, ਸੰਗਤ ਦੇ ਵਿਚ ਲੁਕ ਛਿਪ ਜਾਵਾਂ। ਬੜੀ ਦੂਰ ਤਾਈਂ ਲਾਰਾ ਬੱਝਿਆ ਹੋਇਆ ਸੀ। ਪੰਡਿਤ ਵਰਿਆਮ ਸਿੰਘ ਤੇ ਸੰਤ ਗੁਰਬਖਸ਼ ਸਿੰਘ (ਪਟਿਆਲਾ) ਵੀ ਮਿਲੇ। ਉਨ੍ਹਾਂ ਵੀ ਮੇਰੀਆਂ ਅੱਖਾਂ ਵਲ ਵੇਖ ਕੇ ਪੁਛਿਆ ਕਿ 'ਇਹ ਇਹੋ ਜਿਹੀਆਂ ਕਿਵੇਂ ਹੋ ਗਈਆਂ ਤੇ ਸੁਣਿਆ ਹੈ ਕਿ ਤੁਸੀਂ ਸਾਰਾ ਅਖੰਡ ਪਾਠ ਬੈਠ ਕੇ ਸੁਣਿਆਂ ਹੈ ਤੇ ਸੁੱਤੇ ਨਹੀਂ?' ਮੈਂ ਆਖਿਆ, 'ਉਣੀਂਦੇ ਕਰਕੇ ਐਵੇਂ ਹੋਣਗੀਆਂ।'

ਗੱਲ ਕੀ ਨਗਰ ਕੀਰਤਨ ਦੇ ਜਲੂਸ ਤੇ ਮਹੱਲੇ ਦਾ ਭੋਗ ਕਿਤੇ ਆਥਣੇ ਜਾ ਕੇ ਪਿਆ। ਹੋਰ ਬਹੁਤੀਆਂ ਲੰਮੀਆਂ ਸਾਖੀਆਂ ਕੀ ਸੁਣਾਉਣੀਆਂ ਹਨ। ਦਿਨ ਛਿਪੇ ਦੇ ਕਰੀਬ ਮੈਂ ਆਪਣੇ ਆਪ ਨੂੰ ਸਭ ਤੋਂ ਲੁਕਾਉਂਦਾ ਹੋਇਆ ਵਿੰਗ ਤੜਿੰਗ ਪਾ ਕੇ ਆਪਣੇ ਬੁੰਗੇ ਤੇ ਜਾ ਚੜ੍ਹਿਆ। ਅਗੇ ਭਾਈ ਰੂੜ ਸਿੰਘ ਹੋਰੀਂ ਬੜੇ ਘਿਗਿਆ ਕੇ ਬੇਨਤੀ ਕਰਨ ਲੱਗੇ ਕਿ 'ਜੀ! ਕਈ ਦਿਨ ਹੋ ਗਏ, ਤੁਸੀਂ ਪ੍ਰਸ਼ਾਦਾ ਨਹੀਂ ਛਕਿਆ। ਚਾਹੇ ਥੋਨੂੰ ਭੁੱਖ ਨਹੀਂ ਲਗਦੀ, ਪਰ ਕੱਲ ਦਾ ਮੈਂ ਵੀ ਭੁੱਖਾ ਹਾਂ ਤੇ ਮੈਂ ਵੀ ਠਾਣ ਲਈ ਹੈ ਕਿ ਜਦ ਤਾਈਂ ਤੁਸੀਂ ਨਹੀਂ ਛਕੋਗੇ, ਮੈਂ ਕਦੀ ਨਹੀਂ ਛਕੂੰਗਾ।' ਇਸ ਪ੍ਰਕਾਰ ਦੀਆਂ ਉਸ ਦੀਆਂ ਗੱਲਾਂ ਸੁਣ ਕੇ ਮੇਰੇ ਚਿਤ ਵਿਚ ਕਰੁਣਾ-ਰਸ ਉਮਡਿਆ। ਉਸ ਦੇ ਮਾਣ ਰਖਣੇ ਨੂੰ ਮੈਂ ਆਖਿਆ- 'ਭਾਈ! ਲਿਆ ਸੱਜਰਾ ਪ੍ਰਸ਼ਾਦਾ ਤਿਆਰ ਕਰ। ਅਸੀਂ ਵੀ ਛਕਾਂਗੇ ਤੇ ਤੈਨੂੰ ਵੀ ਛਕਾਵਾਂਗੇ।'

ਉਸਨੇ ਝੱਟ ਤਿਆਰ ਕਰਕੇ ਪ੍ਰਸ਼ਾਦਾ ਮੇਰੇ ਅੱਗੇ ਆਣ ਰਖਿਆ। ਮੈਨੂੰ ਭੁੱਖ ਕੋਈ ਨਹੀਂ ਸੀ ਤੇ ਮੈਨੂੰ ਇਹ ਵੀ ਖ਼ਿਆਲ ਸੀ ਕਿ ਪ੍ਰਸ਼ਾਦਾ ਛਕਣ ਸਾਰ ਹੀ ਨੀਂਦ ਨੇ ਆ ਘੇਰਨਾ ਹੈ, ਕਿਉਂਕਿ ਨੀਂਦ ਭੁੱਖ ਦੋਨੋਂ ਕਈ ਦਿਨਾਂ ਦੀਆਂ ਦੂਰ ਹੋ ਚੁੱਕੀਆਂ ਸਨ। ਇਕ ਦੇ ਸਹੇੜਿਆਂ ਦੂਜੀ ਦਾ ਆ ਬਣਨਾ ਅਤਿ ਸੰਭਵ ਸੀ। ਸੋ ਮੈਂ ਆਖਾ ਮੰਨ ਕੇ ਗੱਫੇ ਲਾ ਲਏ। ਲਾਉਂਦੇ ਸਾਰ ਹੀ ਅੱਖਾਂ ਦੇ ਛੱਪਰ ਭਾਰੇ ਹੋ ਗਏ ਤੇ ਮੈਂ ਗੁੱਟ ਹੋ ਗਿਆ। ਦੋ ਘੜੀਆਂ ਪਿਛੋਂ ਜਦੋਂ ਅੱਖ ਖੁਲ੍ਹੀ ਤਾਂ ਉਹੋ ਰੰਗ ਬੱਝੇ ਬਝਾਏ, ਪਰ ਥੋੜਾ ਜਿਹਾ ਬ੍ਰਿਤੀ ਵਿਚ ਫਰਕ ਸੀ। ਉਹ ਹੁਣ ਦੁਬਾਰੇ ਖੰਡਾ ਖੜਕਾਉਣ ਕਰਿ ਫਿਰ ਉਸੇ ਤਾੜੇ ਜਾ ਚੜ੍ਹੀ ਤੇ ਬੜੀ ਸੁਖ ਰੈਣ ਬਿਹਾਈ। ਦੂਜੇ ਦਿਨ ਮੈਨੂੰ ਭਾਈ ਰੂੜ ਸਿੰਘ ਨੇ ਆਖਿਆ ਕਿ 'ਕਈ ਦਿਨ ਹੋਏ, ਤੁਸੀਂ ਦਫ਼ਤਰ ਨਹੀਂ ਗਏ, ਅੱਜ ਜਾਣਾ ਚਾਹੀਦਾ ਹੈ!'

ਮੈਨੂੰ ਵੀ ਸੋਝੀ ਆ ਗਈ ਕਿ ਠੀਕ ਦਫਤਰ ਤਾਂ ਕਈ ਦਿਨਾਂ ਤੋਂ ਗਏ ਹੀ ਨਹੀਂ ਤੇ ਨਾ ਛੁਟੀ ਹੀ ਲਈ ਹੈ। ਹੁਣ ਮੈਂ ਕਿਹੜੇ ਮੂੰਹ ਜਾਵਾਂ। ਮੈਨੂੰ ਅਫਸਰ ਲੋਕ ਕੀ ਆਖਣਗੇ! ਓੜਕ ਮੈਂ ਤਕੜਾ ਜਿਗਰਾ ਕਰਕੇ ਚਲਿਆ ਹੀ ਗਿਆ। ਪਰ ਮੇਰੀ ਪਰਮ ਹੈਰਾਨੀ ਕਿ ਮੈਨੂੰ ਕਿਸੇ ਪੁਛਿਆ ਹੀ ਨਾ ਕਿ ਤੂੰ ਕਿਥੇ ਸੀ? ਤੇ ਕਿਉਂ ਨਹੀਂ ਆਇਆ? ਨਾ ਕਿਸੇ ਅਫਸਰ ਨੇ, ਨਾ ਕਿਸੇ ਦਫਤਰੀ ਕਲਰਕ ਨੇ, ਨਾ ਮੇਰੇ ਹੇਠਲਿਆਂ ਅਫਸਰਾਂ ਤੇ ਨਾ ਉਤਲਿਆਂ ਨੇ। ਜਦ ਮੈਨੂੰ ਕਿਸੇ ਨਾ ਪੁਛਿਆ ਤਾਂ ਮੈਨੂੰ ਕੀ ਲੋੜ? ਕਿ ਕਿਸੇ ਨੂੰ ਬੁਝਾਰਤ ਪਾਵਾਂ, ਮੈਂ ਭੀ ਮਸਤ ਹੋ ਰਿਹਾ।

ਜਦ ਮੈਂ ਹਾਜ਼ਰੀ ਵਾਲੇ ਰਜਿਸਟਰ ਉਪਰ ਹਾਜ਼ਰੀ ਲਾਉਣ ਗਿਆ, ਤਾਂ ਕੀ ਦੇਖਾਂ ਕਿ ਮੇਰੀਆਂ ਸਭ ਹਾਜ਼ਰੀਆਂ ਲਗੀਆਂ ਹੋਈਆਂ ਹਨ, ਇਕ ਵੀ ਗੈਰ ਹਾਜ਼ਰੀ ਨਹੀਂ। ਜਦ ਮੈਂ ਆਪਣੇ ਕੰਮ ਦੇਖੇ ਤਾਂ ਸਭ ਦਿਨਾਂ ਦੇ ਕੰਮ ਪੂਰੇ ਹੋਏ ਵੇ। ਮੈਂ ਇਸ ਖੇਡ ਨੂੰ ਤਾੜ ਗਿਆ ਕਿ ਇਹ ਸਭ ਕਰਤਾਰ ਨੇ ਕੁਦਰਤ ਵਰਤਾਈ ਹੈ। ਮੈਂ ਕਿਸਦਾ ਵਿਚਾਰਾ ਹਾਂ, ਆਪਣੇ ਬਿਰਦ ਦੀ ਪੈਜ ਰਖੀ ਹੈ। ਮੈਂ ਇਸ ਭੇਦ ਨੂੰ ਆਪਣੇ ਆਪ ਵਿਚ ਹੀ ਜਰ ਗਿਆ ਤੇ ਇਸਦੀ ਕਣਸੋਅ ਮਾਸਾ ਭਰ ਵੀ ਬਾਹਰ ਨਾ ਨਿਕਲਣ ਦਿਤੀ, ਪਰ ਹੁਣ ਮੇਰਾ ਕੰਮ ਕਰਨ ਨੂੰ ਜੀ ਨਾ ਕਰੇ। ਜਾਣੀ ਡੱਕਾ ਦੂਹਰਾ ਨਾ ਕਰਾਂ ਤੇ ਆਪਣੇ ਰੰਗਾਂ ਵਿਚ ਹੀ ਰਹਾਂ। ਕਲਮ ਚੁਕਾਂ ਤਾਂ ਚੁਕੀ ਹੀ ਰਹਿ ਜਾਵੇ, ਲਿਖਣ ਲੱਗਾਂ ਤਾਂ ਹੱਥ ਥਿੜਕੇ। ਪ੍ਰੇਮ ਦੀ ਵੇਦਨ ਅੰਦਰੋਂ ਉਠੇ ਕੇ ਪੱਟੀ ਨਾ ਬੱਝਣ ਦੇਵੇ। ਮੈਂ ਆਖਾਂ, ਕਿਤੇ ਊਲ ਜਲੂਲ ਕਿਤੇ ਹੋਰ ਦਾ ਹੋਰ ਹੀ ਨਾ ਲਿਖਿਆ ਜਾਵੇ। ਜਦ ਕਲਮ ਵਾਹਾਂ ਤਾਂ ਮੈਨੂੰ ਕੁਛ ਪਤਾ ਨਾ ਲਗੇ ਕਿ ਕੀ ਲਿਖਦਾ ਹਾਂ। ਪਰ ਪਿਛੋਂ ਜਦ ਲਿਖਿਆ ਹੋਇਆ ਦੇਖਾਂ ਤਾਂ ਠੀਕ ਨਿਕਲੇ। ਕਦੇ ਲਿਖਦਾ ਲਿਖਦਾ ਵਿਚੇ ਛਡ ਕੇ ਪਹਾੜੀਂ ਜਾ ਚੜ੍ਹਾਂ। ਫਿਰ ਤੁਰ ਕੇ ਘੰਟੇ ਅਧੇ ਘੰਟੇ ਪਿਛੋਂ ਫਿਰ ਆ ਜਾਵਾਂ, ਪਰ ਮੈਨੂੰ ਕੋਈ ਨਾ ਪੁਛੇ। ਇਸੇ ਅਨੰਦ ਮਗਨਤਾ ਵਿਚ ਦੋ ਮਹੀਨੇ ਗੁਜ਼ਰ ਗਏ। ਇਥੇ ਫੇਰ ਪੋਹ ਸੁਦੀ ਸਪਤਮੀ ਦੇ ਗੁਰਪੁਰਬ ਪ੍ਰਥਾਇ ਅਖੰਡ ਪਾਠ ਅਰੰਭ ਹੋਇਆ। ਇਸ ਅਖੰਡ ਪਾਠ ਨੂੰ ਫੇਰ ਉਸੇ ਅਖੰਡਾ ਕਾਰ ਦਸ਼ਾ ਵਿਚ ਇਕ ਆਸਣ ਬੈਠ ਕੇ ਸੁਣਨੇ ਦਾ ਦ੍ਰਿੜ ਸੰਕਲਪ ਧਾਰ ਲਿਆ ਪਰ ਐਤਕੀ ਇਹ ਯਾਚਨਾ ਪੂਰਬਕ ਬੇਨਤੀ ਅਰੰਭ ਵਿਚ ਹੀ ਅਰਦਾਸੀ ਗਈ ਕਿ 'ਹੇ ਸੱਚੇ ਪਾਤਸ਼ਾਹ ਸ੍ਰੀ ਗੁਰੂ ਦਸਮੇਸ਼ ਕਲਗੀਧਰ ਜੀ! ਇਸ ਅਖੰਡ ਪਾਠ ਦੇ ਸੁਣਨੇ ਦਾ ਫਲ ਦਾਸ ਨੂੰ ਇਹ ਮਿਲੇ ਕਿ ਮੈਂ ਤੇਰਾ ਉਹ ਸੁੰਦਰ ਮਨਮੋਹਨ ਦਰਸ਼ਨ ਦਿਦਾਰਾ ਕਰਾਂ, ਜੋ ਤੂੰ ਆਪਣੇ ਕਲਾਧਾਰੀ ਜਾਮੇ ਵਿਚ ਆਪਣੀਆਂ ਪਿਆਰੀਆਂ ਸੰਗਤਾਂ ਨੂੰ ਦਿਖਲਾਂਦਾ ਰਿਹਾ ਹੈਂ ਅਤੇ ਜਿਸ ਅਨੂਪ ਸਰੂਪੀ ਦਰਸ਼ਨ ਸਰੂਪ ਵਿਚ ਤੂੰ ਹੁਣ ਸਚਖੰਡ ਵਿਖੇ ਸੁਸ਼ੋਭਿਤ ਹੈਂ।' ਮੈਨੂੰ ਸਤਿਗੁਰੂ ਨੇ ਆਪਣੀ ਕ੍ਰਿਪਾ ਕਰਿ ਇਹ ਅਖੰਡ ਪਾਠ ਵੀ ਉਸੇ ਤਰ੍ਹਾਂ ਹੀ ਨਿਰਬਿਘਨ, ਅਚੱਲ ਅਤੇ ਅਖੰਡ ਬਿਰਤੀ ਵਿਚ ਸਾਰੇ ਦਾ ਸਾਰਾ ਸਰਵਣ ਕਰਵਾਇਆ। ਇਸ ਦੇ ਭੋਗ ਸਮੇਂ ਜੋ ਵਰਤਾਰਾ ਵਰਤਿਆ, ਮੈਨੂੰ ਉਸ ਦੇ ਦਸਣੋਂ ਅਸਮਰੱਥਾ ਜਿਹੀ ਪ੍ਰਤੀਤ ਹੁੰਦੀ ਹੈ। ਹੁਣ ਮੈਥੋਂ ਦੱਸ ਨਹੀਂ ਹੋਣਾ, ਕਿਉਂਕਿ ਇਸ ਖੇਡ ਨੂੰ ਅਤਿ ਗੋਝ ਰੱਖਣ ਦਾ ਹੁਕਮ ਹੈ ਅਤੇ ਆਪ ਨੇ ਤਾਂ ਇਸਨੂੰ ਖ਼ਬਰ ਨਹੀਂ ਕਿਥੋਂ ਤੀਕ ਪੁਚਾਵਣਾ ਹੈ। ਮੈਨੂੰ ਬੜੀ ਸੰਕੋਚ ਆਉਂਦੀ ਹੈ। ਬੱਸ ਜੀ! ਹੁਣ ਮੈਥੋਂ ਦੱਸ ਨਹੀਂ ਸਕੀਂਦਾ ਅਤੇ ਨਾਲੇ ਮੈਨੂੰ ਹੁਣ ਉਹੋ ਨਸ਼ਾ ਚੜ੍ਹਦਾ ਜਾਂਦਾ ਹੈ ਤੇ ਮੈਂ ਗਲਤਾਨ ਜਿਹਾ ਹੁੰਦਾ ਜਾਂਦਾ ਹਾਂ। ਮੇਰੀ ਲੇਖਣੀ ਥਿੜਕਦੀ ਹੈ! ਹੁਣ ਸਮਾਂ ਨਹੀਂ ਜੀ! ਨਾਲੇ ਹੁਕਮ ਨਹੀਂ ਹੁੰਦਾ! ਮੈਂ ਕੀ ਕਰਾਂ। ਲਓ ਮੈਂ ਹੁਣ ਮਗਨ ਹੁੰਦਾ ਜਾਂਦਾ ਹਾਂ। ਏਦੂੰ ਵਧੇਰੇ ਲਿਖਣ ਦੀ ਤਾਕਤ ਨਹੀਂ। ਬ੍ਰਿਤੀ ਹੁਣ ਹੋਰੂੰ ਹੀ ਹੋ ਰਹੀ ਹੈ। ਪਿਛੇ ਜੋ ਕੁਝ ਲਿਖਿਆ ਹੈ ਉਸਨੂੰ ਲਗਾਂ ਮਾਤਰਾਂ ਸਹਿਤ ਆਪੇ ਸੋਧ ਲੈਣਾ। ਮੈਥੋਂ ਪੜ੍ਹ ਕੇ ਮੁੜ ਸੋਧ ਨਹੀਂ ਹੁੰਦਾ ਜੀ!



# ਭਾਈ ਕਿਹਰ ਸਿੰਘ ਸਾਹਨੇਵਾਲ ਦੇ ਚਲਾਣੇ ਦੀ ਭਿਆਨਕ ਘਟਨਾ

**ਭਾਈ ਰਣਧੀਰ ਸਿੰਘ**

ਭਾਈ ਕੇਹਰ ਸਿੰਘ ਸਾਨ੍ਹੇਵਾਲ ਦੇ ਚਲਾਣੇ ਦੀ ਘਟਨਾ ਵੀ ਬੜੀ ਭਿਆਨਕ ਤੇ ਸਿਖਿਆ ਦਾਇਕ ਹੈ। ਭਾਈ ਕੇਹਰ ਸਿੰਘ ਨੂੰ ਤੀਜੇ ਮੁਕੱਦਮਾ ਸਾਜ਼ਸ਼ ਲਾਹੌਰ ਵਿਚ ਜਨਵਰੀ 1918 ਵਿਚ ਕੈਦ ਹੋਣ 'ਤੇ ਲਾਹੌਰ ਸੈਂਟਰਲ ਜੇਲ੍ਹ ਵਿਚ ਭੇਜਿਆ ਗਿਆ। ਏਥੋਂ ਉਸਨੂੰ ਹਜ਼ੀਰਾਂ ਦੀ ਬੀਮਾਰੀ ਦੀ ਹਾਲਤ ਵਿਚ ਜਨਵਰੀ 1918 ਵਿਚ ਹਜ਼ਾਰੀ ਬਾਗ ਜੇਲ੍ਹ ਵਿਚ ਬਦਲ ਦਿਤਾ ਗਿਆ। ਹਾਲਤ ਉਸ ਦੀ ਪਹਿਲਾਂ ਹੀ ਖਰਾਬ ਸੀ ਤੇ ਸਫਰ ਦੇ ਲਾਇਕ ਨਹੀਂ ਸੀ, ਪਰ ਫੇਰ ਵੀ ਉਸ ਨੂੰ ਭੇਜ ਹੀ ਦਿਤਾ ਗਿਆ ਤੇ ਰਾਹ ਵਿਚ ਹੀ ਉਸਦੇ ਪੱਟੀਆਂ ਹੁੰਦੀਆਂ ਗਈਆਂ। ਹਜ਼ਾਰੀ ਬਾਗ ਜੇਲ੍ਹ ਵਿਚ ਉਸਨੂੰ ਇਕ ਕੋਠੀ ਵਿਚ ਰਖਿਆ ਗਿਆ, ਉਥੇ ਹੀ ਮਾੜੀ ਮੋਟੀ ਦਵਾ ਦਾਰੂ ਹੁੰਦੀ ਰਹੀ।

ਫਰਵਰੀ 1918 ਵਿਚ ਸਿੰਘਾਂ ਦੇ ਹਰਨ ਹੋਣ ਦਾ ਸਾਕਾ ਵਰਤਿਆ, ਜਦ ਮਹੀਨੇ ਕੁ ਬਾਅਦ ਏਹ ਫੜੇ ਹੋਏ ਆ ਗਏ ਤਾਂ ਭਾਈ ਕੇਹਰ ਸਿੰਘ ਦੀ ਹਾਲਤ ਹੋਰ ਵੀ ਖਰਾਬ ਹੋ ਗਈ।

ਇਕ ਦਿਨ ਭਾਈ ਕੇਹਰ ਸਿੰਘ ਆਪਣੇ ਬਿਸਤਰੇ ਤੋਂ ਉਠ ਕੇ ਕੋਈ ਚੀਜ਼ ਚੁਕਣ ਲੱਗਾ ਤਾਂ ਬੇ-ਹੋਸ਼ ਹੋ ਕੇ ਡਿਗ ਪਿਆ। ਪਹਿਰੇ ਵਾਲੇ ਨੇ ਰਿਪੋਰਟ ਕੀਤੀ ਤੇ ਅਲਾਰਮ ਕਰ ਦਿਤਾ ਕਿ ਸ਼ਾਇਦ ਕੈਦੀ ਮਰ ਗਿਆ ਹੈ। ਅਫ਼ਸਰਾਂ ਦੇ ਆਉਣ 'ਤੇ ਭਾਈ ਕੇਹਰ ਸਿੰਘ ਨੂੰ ਹਸਪਤਾਲ ਪੁਚਾ ਦਿਤਾ ਗਿਆ। ਇਹ ਦਿਨੋ ਦਿਨ ਘਟਦਾ ਗਿਆ ਤੇ ਹਾਲਤ ਖਰਾਬ ਹੁੰਦੀ ਗਈ। ਚਾਰ ਪੰਜ ਮਹੀਨੇ ਇਸੇ ਹਾਲਤ ਵਿਚ ਲੰਘੇ। ਅਖੀਰ ਤੰਗ ਪੈ ਗਿਆ ਤੇ ਜਾਨ ਨਾ ਨਿਕਲੇ। ਉਸ ਨੇ ਅਫਸਰਾਂ ਨੂੰ ਰਿਪੋਰਟ ਕੀਤੀ ਕਿ ਮੈਨੂੰ ਪੰਜ ਸਿੰਘਾਂ ਨਾਲ ਮੁਲਾਕਾਤ ਕਰਾਈ ਜਾਵੇ। ਭਾਈ ਹਰੀ ਸਿੰਘ ਚੱਟੀਆਂ ਤੇ ਭਾਈ ਹਰਨਾਮ ਸਿੰਘ ਰਸੂਲਪੁਰੀਆ ਤਾਂ ਦੋਨੋਂ ਅਗੇ ਹੀ ਬੀਮਾਰੀ ਦੇ ਕਾਰਨ ਹਸਪਤਾਲ ਵਿਚ ਸਨ, ਬਾਕੀ ਉਸ ਨੇ ਤਿੰਨਾਂ ਸਿੰਘਾਂ ਭਾਈ ਕਰਤਾਰ ਸਿੰਘ ਚੰਦ ਨਿਵਾਸੀ, ਭਾਈ ਮੁਨਸ਼ਾ ਸਿੰਘ 'ਦੁਖੀ' ਤੇ ਦਾਸ ਨੂੰ ਮਿਲਣ ਦੀ ਇੱਛਾ ਪ੍ਰਗਟ ਕੀਤੀ। ਅਫ਼ਸਰਾਂ ਦੇ ਸੱਦੇ 'ਤੇ ਅਸੀਂ ਹਸਪਤਾਲ ਗਏ। ਉਸ ਨਾਲ ਗੱਲਬਾਤ ਕੀਤੀ ਤਾਂ ਉਸ ਆਖਿਆ ਕਿ 'ਮੇਰੀ ਜਾਨ ਨਹੀਂ ਨਿਕਲਦੀ ਤੇ ਮੈਂ ਸਾਨ੍ਹੇਵਾਲ ਦੇ ਡਾਕੇ ਵਿਚ ਘਰ ਦੇ ਮਾਲਿਕ ਨੂੰ ਮਰਵਾਇਆ ਸੀ ਤੇ ਮੈਂ ਹੀ ਡਾਕਾ ਪੁਆਇਆ ਸੀ, ਹੁਣ ਉਸ ਮਰੇ ਹੋਏ ਦੀ ਰੂਹ ਮੈਨੂੰ ਤੰਗ ਕਰਦੀ ਹੈ। ਉਸ ਦੀ ਗਰਦਨ ਵਿਚ ਚੋਟ ਲੱਗਣ ਨਾਲ ਹੀ ਉਹ ਮਰਿਆ ਸੀ ਤੇ ਮੈਨੂੰ ਵੀ ਬਹੁਤੀ ਤਕਲੀਫ ਗਰਦਨ ਵਿਚ ਹੀ ਹੈ। ਮੈਂ ਬੜੇ ਭਿਆਨਕ ਕਸ਼ਟ ਵਿਚ ਹਾਂ।' ਉਸਦੀ ਹਾਲਤ ਬੜੀ ਤਰਸਯੋਗ ਤੇ ਇਬਰਤਨਾਕ ਸੀ।

ਸਾਰੇ ਸਿੰਘਾਂ ਨੂੰ ਦਾਸ ਨੇ ਬੇਨਤੀ ਕੀਤੀ ਕਿ ਇਸ ਦੇ ਨਮਿਤ ਸਭ ਸਿੰਘ ਸੁਖਮਨੀ ਸਾਹਿਬ ਦੇ ਪਾਠ ਕਰਨ ਤੇ ਘਟ ਤੋਂ ਘਟ ਇਕ ਪਾਠ ਹਰ ਇਕ ਸੱਜਣ ਜ਼ਰੂਰ ਕਰੇ ਤੇ ਬਾਕੀ ਜਿਤਨੇ ਕੋਈ ਕਰ ਸਕੇ, ਤੇ ਏਸ ਦੇ ਨਮਿਤ ਅਰਦਾਸ ਵੀ ਕੀਤੀ ਜਾਏ।

ਅਗਲੇ ਦਿਨ ਸਭ ਸਿੰਘਾਂ ਨੇ ਸੁਖਮਨੀ ਸਾਹਿਬ ਦੇ ਪਾਠ ਕਰਕੇ ਅਰਦਾਸੇ ਸੋਧੇ। ਇਸ ਦਿਨ ਅਫ਼ਸਰਾਂ ਨੇ ਸਾਰੇ ਸਿੰਘਾਂ ਦੀ ਹੀ ਉਸ ਨਾਲ ਵਾਰੀ ਵਾਰੀ ਮੁਲਾਕਾਤ ਵੀ ਕਰਾ ਦਿਤੀ। ਇਸ ਤੋਂ ਅਗਲੇ ਦਿਨ ਉਹ ਚਲਾਣਾ ਕਰ ਗਿਆ, ਜੇਲ੍ਹ ਵਾਲਿਆਂ ਉਸ ਦੀ ਲੋਥ ਨੂੰ ਬਾਹਰ ਲੈ ਜਾ ਕੇ ਐਵੇਂ ਹੀ ਇਕ ਪਾਸੇ ਜੰਗਲ ਵਿਚ ਸੁਟ ਦਿੱਤਾ। ਜਦ ਅਸੀਂ ਇਹ ਗੱਲ ਸੁਣੀ ਤਾਂ ਸੁਪਰਡੈਂਟ ਨੂੰ ਪੁਛਿਆ ਕਿ ਤੁਸੀਂ ਉਸਦੀ ਲੋਥ ਨੂੰ ਕਿਉਂ ਰੋਲਿਆ, ਉਸ ਦਾ ਸਸਕਾਰ ਕਿਉਂ ਨਹੀਂ ਕੀਤਾ ਗਿਆ? ਤਾਂ ਉਹ ਟਾਲੇ-ਵਾਲੇ ਕਰਨ ਲੱਗੇ ਤੇ ਏਸ ਗੱਲ ਦੀ ਪੜਤਾਲ ਕਰਨ ਲਗੇ ਕਿ ਇਨ੍ਹਾਂ ਨੂੰ ਪਤਾ ਕਿਵੇਂ ਲੱਗ ਗਿਆ। ਅਸੀਂ ਆਈ.ਜੀ. ਨੂੰ ਵੀ ਰਿਪੋਰਟ ਕੀਤੀ ਪਰ ਉਸ ਵੀ ਕੁਝ ਪ੍ਰਵਾਹ ਨਾ ਕੀਤੀ, ਉਹ ਵੀ ਸਗੋਂ ਇਸੇ ਤਫਤੀਸ਼ ਵਿਚ ਪੈ ਗਿਆ ਕਿ ਕੈਦੀਆਂ ਨੂੰ ਪਤਾ ਕਿਵੇਂ ਲੱਗਾ?

# ਤੀਜੀ ਦੁਨੀਆਂ ਦੀਆਂ ਔਰਤਾਂ ਅਤੇ ਇੱਕੀਵੀਂ ਸਦੀ

## ਚੱਲ ਸੋ ਚੱਲ

**ਕੁਲਦੀਪ ਕੌਰ**



ਕੁਲਦੀਪ ਕੌਰ

ਇੱਕੀਵੀਂ ਸਦੀ ਜਿੱਥੇ ਸੂਚਨਾ-ਤਕਨੀਕ, ਦੂਰਸੰਚਾਰ ਸਾਧਨਾਂ ਅਤੇ ਬਹੁਪਰਤੀ ਪਰਵਾਸ ਦੀ ਸਦੀ ਵਜੋਂ ਸ਼ੁਰੂ ਹੋਈ ਹੈ, ਉਥੇ ਮਨੁੱਖ ਵਜੋਂ ਔਰਤ ਦੇ ਹੱਕਾਂ ਅਤੇ ਆਜ਼ਾਦੀ ਦੀ ਗੱਲ ਅਨੇਕਾਂ ਸੰਸਿਆਂ, ਰਾਜਨੀਤਕ ਪੈਂਤੜੇਬਾਜ਼ੀ ਅਤੇ ਸਮਾਜਿਕ ਪੇਚੀਦਗੀਆਂ ਦੇ ਤਾਣੇ-ਬਾਣੇ ਵਿਚ ਉਲਝੀ ਦਿਸਦੀ ਹੈ। ਤੀਜੀ ਦੁਨੀਆਂ ਦੀਆਂ ਔਰਤਾਂ ਵਿਚ ਜਿੱਥੇ ਕਈ ਸਭਿਆਚਾਰਕ, ਭਾਸ਼ਾਈ ਅਤੇ ਰਸਮੋ-ਰਿਵਾਜਾ ਦੀਆਂ ਤੰਦਾਂ ਸਾਂਝੀਆਂ ਹਨ, ਉਥੇ ਜ਼ਿਆਦਾਤਰ ਦੇਸ਼ਾਂ ਨੇ ਦਾਜ ਤੇ ਘਰੇਲੂ ਹਿੰਸਾ ਵਿਰੋਧੀ, ਘੱਟੋ-ਘੱਟ ਰਾਜਨੀਤਕ/ਸਮਾਜਿਕ ਸ਼ਮੂਲੀਅਤ ਸਬੰਧੀ ਤੇ ਲਿੰਗ ਸ਼ੋਸ਼ਣ ਸਬੰਧੀ ਕੰਮ ਚਲਾਊ ਕਾਨੂੰਨਾਂ ਰਾਹੀਂ ਔਰਤਾਂ ਦੀ ਸੁਰੱਖਿਆ ਅਤੇ ਨਾਗਰਿਕ ਹੱਕਾਂ ਦੀ ਜ਼ਾਮਨੀ ਭਰਨ ਦੀ ਕੋਸ਼ਿਸ਼ ਕੀਤੀ ਹੈ। ਇਸ ਕੋਸ਼ਿਸ਼ ਨੂੰ ਸੰਭਵ ਬਣਾਉਣ ਲਈ ਨਾ ਤਾਂ ਸਭਿਆਚਾਰਕ, ਧਾਰਮਿਕ, ਸਮਾਜਿਕ ਤੇ ਆਰਥਿਕ ਨਾਬਰਾਬਰੀ ਨੂੰ ਸੰਬੋਧਤ ਹੋਇਆ ਗਿਆ ਹੈ ਅਤੇ ਨਾ ਹੀ ਲੋਕਤੰਤਰੀ ਧਾਰਨਾ ਨੂੰ ਪਰਿਵਾਰਕ ਪੱਧਰ ਦੀ ਸਮਾਜਿਕ ਇਕਾਈ ਵਿਚ ਲਾਗੂ ਕਰਨ ਲਈ ਉਪਰਾਲੇ ਕੀਤੇ ਗਏ ਹਨ। ਲਿਹਾਜ਼ਾ ਵਰਗ-ਸੰਘਰਸ਼ ਵਿਚ ਉਸ ਦਾ ਵਰਗ ਹਾਲੇ ਸੰਘਰਸ਼ ਦੀ ਪੌੜੀ ਦੇ ਹੇਠਲੇ ਡੰਡੇ 'ਤੇ ਖੜ੍ਹਾ ਹੈ, ਜਾਤ ਵਿਰੋਧੀ ਅੰਦੋਲਨਾਂ ਵਿਚ ਸਭ ਤੋਂ ਅਛੂਤ ਤੇ ਦਲਿਤ ਉਹੀ ਹੈ ਅਤੇ ਕੌਮੀਅਤ ਬਾਰੇ ਵਿਵਾਦਾਂ ਵਿਚ ਔਰਤਾਂ ਦੇ ਮੁੱਦੇ ਜ਼ਿਆਦਾਤਰ ਸਰੀਰਕ ਜਾਂ ਭਾਵਨਾਤਮਕ ਪੱਧਰ 'ਤੇ ਵਿਚਾਰੇ ਜਾਂਦੇ ਹਨ। ਉਪਰੋਂ ਨਵ-ਪੂੰਜੀਵਾਦ, ਉਦਾਰਵਾਦੀ ਨੀਤੀਆਂ, ਭੂਮੰਡਲੀਕਰਨ ਅਤੇ ਧਾਰਮਿਕ ਫਾਸ਼ੀਵਾਦ ਦੇ ਪੁਨਰ-ਜਨਮ ਦਾ ਵੱਡਾ ਖਮਿਆਜ਼ਾ ਵੀ ਉਸੇ ਨੂੰ ਭੁਗਤਣਾ ਪਿਆ ਹੈ। ਸਥਿਤੀ ਨੂੰ ਲੰਗੜੇ ਵਿਕਾਸ ਮਾਡਲਾਂ ਨੇ ਉਸ ਥਾਂ ਉਤੇ ਲੈ ਆਂਦਾ ਹੈ ਜਿੱਥੇ ਔਰਤਾਂ ਗ਼ੁਰਬਤ ਅਤੇ ਜਹਾਲਤ ਦੀਆਂ ਨਿਹੱਥੀਆਂ ਸ਼ਿਕਾਰ ਬਣ ਕੇ ਰਹਿ ਗਈਆਂ ਹਨ।

ਭਾਰਤੀ ਸੰਦਰਭ ਵਿਚ ਉਪਰੋਕਤ ਮੁੱਦਿਆਂ ਨੂੰ ਵਿਚਾਰਨ ਤੋਂ ਪਹਿਲਾਂ ਇਹ ਸਮਝਣਾ ਜ਼ਰੂਰੀ ਹੈ ਕਿ ਸਾਡੇ ਦੇਸ਼ ਵਾਂਗ ਹੀ ਅਧਵਿਕਸਤ ਅਤੇ ਲੰਮੇ ਸਮੇਂ ਤਕ ਵਿਕਸਤ ਦੇਸ਼ਾਂ ਦੇ ਉਪਨਿਵੇਸ਼ਵਾਦ ਦਾ ਸ਼ਿਕਾਰ ਰਹੇ ਤੀਜੀ ਦੁਨੀਆਂ ਦੇ ਦੇਸ਼ਾਂ ਦੀਆਂ ਔਰਤਾਂ ਕਿਸ ਕਿਸਮ ਦੀਆਂ ਸਮੱਸਿਆਵਾਂ ਨਾਲ ਦੋ ਚਾਰ ਹੋ ਰਹੀਆਂ ਹਨ ਅਤੇ ਉਨ੍ਹਾਂ ਦੀ ਭਾਰਤੀ ਔਰਤ ਦੀ ਨਿੱਤ-ਦਿਨ ਦੀ ਜ਼ਿੰਦਗੀ ਨਾਲ ਕੀ ਸਾਂਝ ਹੈ? "ਪੈਨੋਜ ਏਸ਼ੀਆ" ਨਾਮੀ ਮੀਡੀਆ ਨੈਟਵਰਕ ਵਲੋਂ ਕੀਤੇ ਕੁਝ ਅਧਿਐਨਾਂ ਦੇ ਆਧਾਰ 'ਤੇ ਸਾਡੇ ਗੁਆਂਢੀ ਦੇਸ਼ ਸ੍ਰੀਲੰਕਾ ਵਿਚ ਵੱਡੇ ਪੱਧਰ 'ਤੇ ਹੁੰਦੀ ਘਰੇਲੂ ਹਿੰਸਾ ਦਾ ਵਰਣਨ ਮਹੱਤਵਪੂਰਨ ਹੈ। ਸ੍ਰੀਲੰਕਾ ਦੀਆਂ ਔਰਤਾਂ ਨੂੰ ਏਸ਼ਿਆਈ ਦੇਸ਼ਾਂ ਵਿਚੋਂ ਸਭ ਤੋਂ ਪਹਿਲਾਂ ਵੋਟ ਦਾ ਅਧਿਕਾਰ ਮਿਲਿਆ। ਉਥੇ ਦਸ ਵਿਚੋਂ ਨੌਂ ਔਰਤਾਂ ਪੜ੍ਹ ਲਿਖ ਸਕਦੀਆਂ ਹਨ। ਸਿਹਤ ਸਹੂਲਤਾਂ ਬਾਕੀ ਦੇਸ਼ਾਂ ਦੇ ਮੁਕਾਬਲੇ ਵਧੀਆ ਹਨ। ਉਥੇ ਘਰੇਲੂ ਹਿੰਸਾ ਦੇ ਮਾਮਲੇ 'ਤੇ ਕਾਨੂੰਨ ਅਤੇ ਪ੍ਰਸ਼ਾਸਨ ਕੋਈ ਦਖਲ ਨਹੀਂ ਦੇ ਸਕਦਾ। ਵਿਆਹ ਸੰਸਥਾ ਅੰਦਰ ਹੁੰਦੇ ਬਲਾਤਕਾਰਾਂ ਸਬੰਧੀ ਕੋਈ ਅਲੱਗ ਮੱਦ ਨਹੀਂ ਤੇ ਸਰੀਰਕ ਸੰਬੰਧਾਂ ਵਿਚ ਔਰਤ ਦੀ ਸਹਿਮਤੀ ਨੂੰ ਕੋਈ ਮੁੱਦਾ ਹੀ ਨਹੀਂ ਮੰਨਿਆ ਜਾਂਦਾ। ਵਿਆਹੁਤਾ ਜੋੜੀ ਦਾ ਆਪਸੀ ਮਾਮਲਾ ਕਰਾਰ ਦਿੱਤਾ ਇਹ ਮੁੱਦਾ ਬਹੁਤ ਵਾਰ ਐਚ.ਆਈ.ਵੀ. ਏਡਜ਼, ਅਣਚਾਹੇ ਗਰਭ, ਜਣਨ ਅੰਗਾਂ ਦੀ ਲਾਗ, ਗਰਭਪਾਤ ਅਤੇ ਮਾਨਸਿਕ ਬਿਮਾਰੀਆਂ ਦੇ ਰੂਪ ਵਿਚ ਵਟ ਜਾਂਦਾ ਹੈ। ਸ੍ਰੀਲੰਕਾ ਵਿਚ ਔਰਤਾਂ ਦੀ ਸਿਹਤ ਸੰਸਥਾ 'ਵਿਮੈਨ ਇਨ ਨੀਡ' ਮੁਤਾਬਕ, "ਇਨ੍ਹਾਂ ਮਾਮਲਿਆਂ ਵਿਚ ਮੁੱਖ ਡਰ ਸ਼ਰਮ ਜਾਂ ਇੱਜ਼ਤ ਦਾ ਉਭਰ ਕੇ ਸਾਹਮਣੇ ਆਉਂਦਾ ਹੈ, ਖਾਸ ਕਰਕੇ ਉਚ ਤਬਕੇ ਦੀਆਂ ਔਰਤਾਂ ਵਿਚ। ਆਰਥਿਕ ਸਾਧਨਾਂ, ਪੜ੍ਹਾਈ-ਲਿਖਾਈ ਅਤੇ ਸਮਾਜਿਕ ਰੁਤਬਾ ਅਜਿਹੇ ਮੌਕੇ ਨਾ ਤਾਂ ਕਾਨੂੰਨੀ ਸਹਾਇਤਾ ਵਿਚ ਕੋਈ ਮਦਦ ਕਰ ਸਕਦਾ ਹੈ ਅਤੇ ਨਾ ਹੀ ਔਰਤ ਨੂੰ ਕੋਈ ਹੋਰ ਠੁੰਮਣਾ ਦੇ ਸਕਦਾ ਹੈ।"

ਕੀਨੀਆ ਵਿਚ ਨਵ-ਉਦਾਰਵਾਦੀ ਨੀਤੀਆਂ ਕਾਰਨ ਸਿੱਖਿਆ ਸਰਕਾਰੀ ਹੱਥਾਂ ਵਿਚੋਂ ਨਿਕਲ ਕੇ ਪ੍ਰਾਈਵੇਟ ਸਿੱਖਿਆ-ਠੇਕੇਦਾਰਾਂ ਦੇ ਹੱਥਾਂ ਵਿਚ ਜਾ ਚੁੱਕੀ ਹੈ। ਘੱਟ ਵਜ਼ੀਫੇ, ਜ਼ਿਆਦਾ ਫੀਸਾਂ ਅਤੇ ਰਹਿਣ-ਸਹਿਣ ਤੇ ਵਧਦੇ ਖਰਚੇ ਕਾਰਨ ਕਾਲਜਾਂ/ਯੂਨੀਵਰਸਿਟੀਆਂ ਦੀਆਂ ਕਈ ਕੁੜੀਆਂ ਰਾਜਨੀਤੀਵਾਨਾਂ, ਉਚ-ਧਾਰਮਿਕ ਆਗੂਆਂ ਅਤੇ ਅਫ਼ਸਰਸ਼ਾਹੀ ਲਈ ਵੇਸਵਾਗਿਰੀ ਕਰਨ ਲਈ ਮਜਬੂਰ ਹਨ। ਕਾਲਜਾਂ/ਸਕੂਲਾਂ ਵਿਚ ਕੁੜੀਆਂ ਅਕਸਰ ਥੱਕੀਆਂ-ਹਾਰੀਆਂ, ਉਣੀਂਦੀਆਂ ਅਤੇ ਕਈ ਵਾਰ ਗ਼ੈਰਹਾਜ਼ਰ ਮਿਲਦੀਆਂ ਹਨ। ਇਸ ਦੇ ਕਾਰਨ ਬਹੁਤ ਵਾਰ ਸਕੂਲਾਂ/ਕਾਲਜਾਂ ਦੀ ਘਰਾਂ ਤੋਂ ਦੂਰੀ, ਘਰੇਲੂ ਕੰਮਾਂ-ਕਾਰਾਂ ਦਾ ਬੋਝ, ਇੱਥੋਂ ਤਕ ਕਿ ਕੁੜੀਆਂ ਦੇ ਪਹਿਰਾਵੇ, ਤੋਰ, ਉਠਣ-ਬੈਠਣ ਤੇ ਮੁੰਡਿਆਂ ਵਲੋਂ ਕੀਤੀਆਂ ਜਾਂਦੀਆਂ ਨੀਵੇਂ ਦਰਜੇ ਦੀਆਂ ਟਿੱਪਣੀਆਂ ਹੁੰਦੀਆਂ ਹਨ। ਸਥਿਤੀ ਨੂੰ ਅਗਾਂਹ ਸਪਸ਼ਟ ਕਰਦਿਆਂ ਕੈਨਏਤਾ ਯੂਨੀਵਰਸਿਟੀ ਦੀ ਸਿੱਖਿਆ ਵਿਭਾਗ ਦੀ ਅਧਿਆਪਕ ਫਾਤਮਾ ਚੇਗ ਆਖਦੀ ਹੈ, "ਸਾਡੀਆਂ ਸਥਾਨਕ ਭਾਸ਼ਾਵਾਂ ਵਿਚ ਲਿੰਗ ਸ਼ੋਸ਼ਣ ਸਬੰਧੀ ਕੋਈ ਵਿਆਕਰਣ ਹੀ ਮੌਜੂਦ ਨਹੀਂ। ਇਥੇ ਹੋਸਟਲਾਂ ਵਿਚ ਕੁੜੀਆਂ ਆਪਣੇ ਕਮਰਿਆਂ ਵਿਚ ਹੀ ਪਕਾਉਂਦੀਆਂ/ਖਾਂਦੀਆਂ ਹਨ। ਕਲਾਸਾਂ ਉਦੋਂ ਹੀ ਲਗਾਉਣ ਜਾਂਦੀਆਂ ਹਨ ਜਦੋਂ ਇਹ ਬੇਹੱਦ ਜ਼ਰੂਰੀ ਹੋਣ। ਕਾਮਨ-ਰੂਮ ਵਿਚ ਜਾਣ ਤੋਂ ਕਤਰਾਉਂਦੀਆਂ ਹਨ ਅਤੇ ਕੈਂਪਸ ਵਿਚ ਹੁੰਦੇ ਪ੍ਰੋਗਰਾਮਾਂ ਤੋਂ ਡਰਦੀਆਂ ਹਨ। ਇੱਥੋਂ ਤਕ ਕਿ ਇਕ ਖਾਸ ਸਮੇਂ ਤੋਂ ਬਾਅਦ ਲਾਇਬਰੇਰੀ ਦੀ ਵਰਤੋਂ ਨਹੀਂ ਕਰਦੀਆਂ। ਇਸ ਥੋਪੀ ਹੋਈ ਇਕੱਲ ਦਾ ਸਿੱਧਾ-ਸਿੱਧਾ ਅਸਰ ਉਨ੍ਹਾਂ ਦੀ ਗਿਆਨ ਸਮੱਗਰੀ ਤਕ ਹੋਣ ਵਾਲੀ ਪਹੁੰਚ 'ਤੇ ਪੈਂਦਾ ਹੈ। ਉਹ ਅਗਵਾਈ ਕਰਨ ਤੋਂ ਘਬਰਾਉਂਦੀਆਂ ਹਨ।" ਸਥਿਤੀ ਦਾ ਤ੍ਰਾਸਦਿਕ ਪਹਿਲੂ ਇਹ ਹੈ ਕਿ ਉਨ੍ਹਾਂ ਦਾ ਸ਼ੋਸ਼ਣ/ਛੇੜਖ਼ਾਨੀ ਕਰਨ ਦੀਆਂ ਘਟਨਾਵਾਂ ਵਿਚ ਕਈ ਵਾਰ ਉਨ੍ਹਾਂ ਦੇ ਅਧਿਆਪਕ ਵੀ ਸ਼ਾਮਲ ਹੁੰਦੇ ਹਨ ਅਤੇ ਇਹ ਵਰਤਾਰਾ ਪ੍ਰਾਇਮਰੀ ਪੱਧਰ ਦੀਆਂ ਕਲਾਸਾਂ ਵਿਚ ਵੀ ਵਾਪਰਦਾ ਹੈ।

ਇੱਕੀਵੀਂ ਸਦੀ ਦੇ ਯੂਨਾਨ ਦੀ ਪੈਂਤੀ ਸਾਲਾ ਕੁਆਰੀ ਪ੍ਰਸ਼ਾਸਨਿਕ ਅਧਿਕਾਰੀ ਨੋਹਾ-ਐਲ-ਗਰੀਬ ਆਖਦੀ ਹੈ, "ਮੈਂ ਲੋਕਾਂ ਨੂੰ ਸਮਝਦੀ ਹਾਂ, ਉਨ੍ਹਾਂ ਨੂੰ ਲੱਗਦਾ ਹੈ ਕਿ ਮੈਂ ਬੁੱਢ-ਕੁਆਰੀ ਹੀ ਮਰਾਂਗੀ। ਮੇਰੀਆਂ ਆਪਣੀਆਂ ਵਿਆਹੀਆਂ ਹੋਈਆਂ ਸਹੇਲੀਆਂ ਮੈਨੂੰ ਇਸ ਲਈ ਨਹੀਂ ਬੁਲਾਉਂਦੀਆਂ ਕਿ ਮੈਂ ਜਾਂ ਤਾਂ ਉਨ੍ਹਾਂ ਦੀ ਗ੍ਰਹਿਸਥੀ ਲਈ ਖਤਰਾ ਬਣਾ ਸਕਦੀ ਹਾਂ ਜਾਂ ਫਿਰ ਉਨ੍ਹਾਂ ਦੀਆਂ ਕੁੜੀਆਂ ਮੈਨੂੰ ਮਿਲ ਕੇ ਵਿਗੜ ਜਾਣਗੀਆਂ।"

ਯੂਨਾਨੀ ਵਿਆਹ ਇਕ ਧਾਰਮਿਕ ਗੱਠਜੋੜ ਦੀ ਤਰ੍ਹਾਂ ਮੰਨਿਆ ਜਾਂਦਾ ਹੈ ਅਤੇ ਔਰਤ ਵਲੋਂ ਉਸ ਨੂੰ ਅਪਨਾਉਣ ਤੋਂ ਇਨਕਾਰ ਜਾਂ ਤੋੜਨ ਦਾ ਉਪਰਾਲਾ ਇਕ ਬੱਜਰ ਗਲਤੀ ਹੈ। 1925 ਵਿਚ ਬਣੇ 'ਪਰਸਨਲ ਸਟੇਟਸ ਲਾਅ' ਰਾਹੀਂ ਹੁੰਦੇ ਵਿਆਹ ਸਮਝੌਤਿਆਂ ਦਾ ਆਖਰੀ ਪੰਨਾ ਜਿੱਥੇ ਦੁਲਹਨ ਇਹ ਲਿਖ ਸਕਦੀ ਸੀ ਕਿ ਮੈਂ ਵੀ ਤਲਾਕ ਮੰਗ ਸਕਦੀ ਹਾਂ (ਜ਼ਰੂਰਤ ਪੈਣ 'ਤੇ) ਅਕਸਰ ਧਾਰਮਿਕ ਜਾਂ ਸਭਿਆਚਾਰਕ ਦਾਬਿਆਂ ਕਾਰਨ ਖਾਲੀ ਹੀ ਰਹਿ ਜਾਂਦਾ ਹੈ। ਇਸ ਦਾ ਖ਼ਮਿਆਜ਼ਾ ਭੁਗਤਦੀ ਛੱਬੀ ਸਾਲਾ ਅਰਬੀ ਦੀ ਲੈਕਚਰਾਰ ਮਹਾ-ਮੋਹਸਿਨ ਆਖਦੀ ਹੈ, "ਸਮੱਸਿਆ ਇਹ ਹੈ ਕਿ ਮੈਂ ਜੱਜ ਸਾਹਮਣੇ ਇਹ ਸਾਬਤ ਨਹੀਂ ਕਰ ਪਾ ਰਹੀ ਕਿ ਮੇਰਾ ਪਤੀ ਮੈਨੂੰ ਮਾਰਦਾ-ਕੁੱਟਦਾ ਤੇ ਸ਼ਰੇਆਮ ਬੇਇੱਜ਼ਤ ਕਰਦਾ ਹੈ। ਬੇਸ਼ੱਕ ਕੁੱਟਮਾਰ ਦੇ ਨਿਸ਼ਾਨ ਮੇਰੇ ਸਰੀਰ 'ਤੇ ਸਾਫ-ਸਾਫ ਦਿਖ ਰਹੇ ਹਨ।" ਇਸ ਤਲਾਕ ਲਈ ਉਸ ਨੂੰ ਇਕ ਅਜਿਹੇ ਗੁਆਂਢੀ ਦੀ ਗਵਾਹੀ ਚਾਹੀਦੀ ਹੈ ਜੋ ਜੱਜ ਸਾਹਮਣੇ ਇਹ ਮੰਨੇ ਕਿ ਉਸ ਨੇ ਮੋਹਸਿਨ ਦੀਆਂ ਚੀਕਾਂ ਸੁਣੀਆਂ ਸਨ। ਉਹ ਪਿਛਲੇ ਤਿੰਨ ਸਾਲਾਂ ਤੋਂ ਅਜਿਹੇ ਗੁਆਂਢੀ ਨੂੰ ਲੱਭ ਰਹੀ ਹੈ।



'ਮਾਂ-ਇਰ-ਪੈਰ-ਇਰ-ਤਲੋਇ ਬਹਿਸ਼ਤੇ' (ਮਾਂ ਦੇ ਪੈਰਾਂ ਥੱਲੇ ਜੰਨਤ ਹੈ) ਬੰਗਲਾਦੇਸ਼ ਵਿਚ ਮਾਂ ਸ਼ਬਦ ਨਾਲ ਜੁੜੀ ਇੱਜ਼ਤ ਤੇ ਮਾਣ-ਸਨਮਾਨ ਦਾ ਪ੍ਰਤੀਕ ਹੈ। ਅਸਲ ਵਿਚ ਇਹ ਕੋਰੀ ਕਲਪਨਾ ਹੈ। ਬੰਗਲਾਦੇਸ਼ ਦੁਨੀਆਂ ਦਾ ਇਕ ਅਜਿਹਾ ਮੁਲਕ ਹੈ ਜਿੱਥੇ ਔਰਤਾਂ ਦੀ ਮਰਦਾਂ ਨਾਲੋਂ ਔਸਤਨ ਉਮਰ ਘੱਟ ਹੈ। ਇੱਥੇ ਜਣੇਪੇ ਦੌਰਾਨ ਹੁੰਦੀਆਂ ਮੌਤਾਂ ਦੀ ਦਰ ਸਭ ਤੋਂ ਉਚੀ ਹੈ ਅਤੇ ਚਾਰ ਵਿਚੋਂ ਤਿੰਨ ਔਰਤਾਂ ਗਰਭ ਦੌਰਾਨ ਅਤੇ ਜਣੇਪੇ ਦੌਰਾਨ ਸਿਹਤ ਸਹੂਲਤਾਂ ਤੋਂ ਵਿਰਵੀਆਂ ਰਹਿੰਦੀਆਂ ਹਨ (ਸੰਯੁਕਤ ਰਾਸ਼ਟਰ ਸੰਘ ਵਲੋਂ ਜਾਰੀ ਮਨੁੱਖੀ ਵਿਕਾਸ ਰਿਪੋਰਟ 1998 ਅਤੇ ਬੰਗਲਾਦੇਸ਼ ਜਨਸੰਖਿਆ ਸਿਹਤ-ਸਰਵੇ 1994)। ਪਰ ਇੰਜ ਜ਼ਿੰਦਗੀ ਦਾਅ 'ਤੇ ਲਗਾ ਕੇ ਖਰੀਦੀ ਮਮਤਾ 'ਤੇ ਮਾਂ ਦਾ ਨਹੀਂ, ਬਲਕਿ ਪਿਓ ਦਾ ਹੱਕ ਹੋ ਜਾਂਦਾ ਹੈ। ਪਤੀ ਤੋਂ ਤਲਾਕ ਦੀ ਹਾਲਤ ਵਿਚ ਇਕ ਬੰਗਲਾਦੇਸ਼ੀ ਮਾਂ ਸੱਤ ਸਾਲ ਤੋਂ ਬਾਅਦ ਪੁੱਤਰ 'ਤੇ ਆਪਣੀ ਮਾਲਕੀ ਨਹੀਂ ਜਿਤਾ ਸਕਦੀ। ਇਹ ਕਾਨੂੰਨ ਰਾਜਨੀਤਕ ਘੱਟ, ਪਰ ਧਾਰਮਕ ਤੇ ਸਭਿਆਚਾਰਕ ਦਹਿਸ਼ਤ ਦੇ ਡਰੋਂ ਜ਼ਿਆਦਾ ਪ੍ਰਚਲਤ ਹੈ। ਅਕਸਰ ਮਾਵਾਂ ਪੁੱਤਰਾਂ ਨਾਲ ਰਹਿਣ ਲਈ ਪਤੀਆਂ ਦੀ ਕੁੱਟਮਾਰ ਬਰਦਾਸ਼ਤ ਕਰ ਜਾਂਦੀਆਂ ਹਨ ਪੀੜ੍ਹੀ ਦਰ ਪੀੜ੍ਹੀ।

ਇੱਥੇ ਇਹ ਧਿਆਨ ਦੇਣ ਯੋਗ ਨੁਕਤਾ ਹੈ ਕਿ ਬੰਗਲਾਦੇਸ਼ ਦੇ ਚਾਲੀ ਫੀਸਦੀ ਪਰਿਵਾਰਾਂ ਨੂੰ 'ਬੇਹੱਦ ਗਰੀਬ' ਵਰਗ ਵਿਚ ਰੱਖਿਆ ਗਿਆ ਹੈ। ਗ਼ਰੀਬੀ, ਧਾਰਮਿਕ ਮੂਲਵਾਦ ਅਤੇ ਅਨਪੜ੍ਹਤਾ ਦੇ ਗਠਜੋੜ ਨੂੰ ਸ਼ਬਦ ਦਿੰਦਿਆਂ ਇਕ ਨੌਜਵਾਨ ਡਾਕਟਰ ਆਪਣੇ ਇਕ ਕਮਰੇ ਦੇ ਕਲੀਨਿਕ ਵਿਚ ਬੈਠਿਆਂ ਦੱਸਦੀ ਹੈ, "ਮੇਰਾ ਇਕ ਮਰੀਜ਼ ਜਿਹੜਾ ਚਾਰ ਕੁੜੀਆਂ ਦਾ ਪਿਤਾ ਹੈ, ਵਾਰਸ ਪੈਦਾ ਕਰਨ ਲਈ ਮੈਥੋਂ ਡਾਕਟਰੀ ਸਹਾਇਤਾ ਭਾਲਦਾ ਹੈ। ਜਦੋਂ ਮੈਂ ਉਸ ਨੂੰ ਸਰਸਰੀ ਤੌਰ 'ਤੇ ਪੁੱਛਿਆ ਕਿ ਕੀ ਤੇਰੀ ਪਤਨੀ ਲਈ ਇਕ ਹੋਰ ਬੱਚਾ ਪੈਦਾ ਕਰਨਾ ਔਖਾ ਨਹੀਂ ਹੋਵੇਗਾ? ਤਾਂ ਉਸ ਨੇ ਸਹਿਜ ਸੁਭਾਅ ਹੀ ਕਿਹਾ, "ਉਹਨੇ ਕੀ ਕਹਿਣਾ? ਬੱਚਾ ਤਾਂ ਮੇਰਾ। ਉਸ ਨੇ ਤਾਂ ਬੱਸ ਜੰਮਣੈ।" ਕੀ ਬੱਚੇ ਤੇ ਮਾਂ ਨੂੰ ਖਿਲਾਉਣ-ਪਿਲਾਉਣ ਦਾ ਖਰਚਾ ਦੇਣਾ ਹੀ ਪਿਤਾ, ਪਤੀ ਤੇ ਫਿਰ ਪੁੱਤਰ ਨੂੰ ਸਾਡਾ ਕੁਦਰਤੀ ਮਾਲਕ ਬਣਾ ਦਿੰਦਾ ਹੈ? ਨੌਜਵਾਨ ਡਾਕਟਰ ਸਵਾਲ ਕਰਦੀ ਹੈ।

ਜ਼ਿੰਬਾਬਵੇ ਵਿਚ ਖੇਤੀਬਾੜੀ ਦੇ ਧੰਦੇ ਵਿਚ ਲੱਗੇ ਕਿਸਾਨਾਂ/ਮਜ਼ਦੂਰਾਂ ਦਾ ਸੱਤਰ ਪ੍ਰਤੀਸ਼ਤ ਔਰਤਾਂ ਹਨ। ਇਨ੍ਹਾਂ ਔਰਤਾਂ ਦੀ ਰੋਜ਼ੀ-ਰੋਟੀ ਅਤੇ ਸਮਾਜਿਕ ਹੋਂਦ ਜ਼ਮੀਨ ਦੀ ਮਾਲਕੀ ਨਾਲ ਜੁੜੀ ਹੋਈ ਹੈ। ਔਰਤਾਂ ਜਿੱਥੇ ਫਸਲਾਂ ਦੇ ਉਤਪਾਦਨ/ਵਿਕਰੀ ਵਿਚ ਮੁੱਖ ਭੂਮਿਕਾ ਅਦਾ ਕਰਦੀਆਂ ਹਨ ਅਤੇ ਦੇਸ਼ ਦੀ ਕੁੱਲ ਘਰੇਲੂ ਉਪਜ ਵਿਚ ਮੁੱਖ ਹਿੱਸੇਦਾਰ ਹਨ, ਉਥੇ ਰਾਸ਼ਟਰਵਿਆਪੀ ਜ਼ਮੀਨੀ ਕਾਗ਼ਜ਼ਾਂ ਪੱਤਰਾਂ ਵਿਚ ਉਨ੍ਹਾਂ ਨਾਲ ਸਬੰਧਿਤ ਅੰਕੜੇ ਗਾਇਬ ਹਨ। ਉਪਰੋਂ ਮਾਰਚ 1999 ਵਿਚ ਉਥੋਂ ਦੀ ਸੁਪਰੀਮ ਕੋਰਟ ਵਲੋਂ ਪਾਸ ਕੀਤੇ ਕਾਨੂੰਨ ਮੁਤਾਬਕ ਔਰਤਾਂ ਜ਼ਮੀਨ 'ਤੇ ਖੇਤੀ ਕਰ ਸਕਦੀਆਂ ਹਨ (ਜਿੰਨੀ 'ਤੇ ਉਨ੍ਹਾਂ ਦਾ ਪਤੀ ਚਾਹੇ) ਪਰ ਉਹ ਜ਼ਮੀਨ ਦੀਆਂ ਇਕੱਲੀਆਂ ਮਾਲਕ ਤੇ ਵਾਰਸ ਨਹੀਂ ਬਣ ਸਕਦੀਆਂ। ਉਥੋਂ ਦਾ ਇਕੱਤੀ ਸਾਲਾ ਨੌਜਵਾਨ ਇਸ ਕਾਨੂੰਨ ਨੂੰ ਮਰਦਾਨਗੀ ਭਾਸ਼ਾ ਵਿਚ ਪ੍ਰਗਟਾਉਂਦਿਆਂ ਆਖਦਾ ਹੈ, "ਮੈਂ ਔਰਤਾਂ ਲਈ ਜ਼ਮੀਨੀ-ਰਾਖਵੇਂਕਰਨ ਦੇ ਸਖ਼ਤ ਖ਼ਿਲਾਫ਼ ਹਾਂ। ਇਸ ਨਾਲ ਤਾਂ ਤਲਾਕਾਂ ਦੀ ਗਿਣਤੀ ਹੀ ਵਧੇਗੀ। ਇਕ ਇਕੱਲੀ-ਕਾਰੀ ਔਰਤ ਕਿਸ ਯੋਗਤਾ ਦੇ ਬਲ 'ਤੇ ਖੇਤੀਬਾੜੀ ਕਰੇਗੀ ਭਲਾ? ਫਿਰ ਜੇਕਰ ਉਹ ਵਿਆਹ ਕਰਕੇ ਪਤੀ ਨਾਲ ਰਹੇਗੀ ਤਾਂ ਜ਼ਮੀਨ ਦਾ ਕੀ ਬਣੂ।" ਦੂਜੇ ਪਾਸੇ ਕਾਨੂੰਨ ਮੁਤਾਬਕ ਜੇਕਰ ਵਿਆਹ ਟੁੱਟ ਜਾਂਦਾ ਹੈ ਜਾਂ ਔਰਤ ਤਲਾਕ ਮੰਗਦੀ ਹੈ ਤਾਂ ਆਪਣੇ ਆਪ ਸਾਰੀ ਜਇਦਾਦ ਪਤੀ ਦੀ ਹੋ ਜਾਂਦੀ ਹੈ ਬੇਸ਼ੱਕ ਉਸ ਖੇਤ ਵਿਚ ਪਤਨੀ ਨੇ ਸਾਲਾਂਬੱਧੀ ਖ਼ੂਨ-ਪਸੀਨਾ ਵਹਾਇਆ ਹੋਵੇ। ਲਿਹਾਜ਼ਾ ਔਰਤਾਂ ਆਪਣੀ ਜ਼ਿੰਦਗੀ ਜਿਊਣ ਦੇ ਤਰੱਦਦ ਲਈ ਬੱਚੇ ਪੈਦਾ ਕਰਦੀਆਂ ਹਨ, ਖਾਸ ਕਰਕੇ ਮੁੰਡੇ ਤਾਂ ਕਿ ਉਹ ਕਿਸੇ ਬਹਾਨੇ ਜ਼ਮੀਨ ਦੀ ਮਾਲਕੀ ਨਾਲ ਜੁੜੀਆਂ ਰਹਿਣ। ਇਹੀ ਪੇਟ ਭਰਨ ਦੀ ਇਕਲੌਤੀ ਸੁਰੱਖਿਆ ਹੋ ਨਿਬੜਦੀ ਹੈ।

ਪਾਕਿਸਤਾਨ ਦੀ ਭਾਰਤ ਨਾਲ ਜੁੜੀ ਸਰਹੱਦ 'ਤੇ ਜਦੋਂ ਵੀ ਨਵੇਂ ਵਿਵਾਦ ਜਾਂ ਨਵੀਂ ਜੰਗ ਛਿੜਨ ਦੀਆਂ ਸੰਭਾਵਨਾਵਾਂ ਡਰਾਉਂਦੀਆਂ ਹਨ, ਪਾਕਿਸਤਾਨੀ ਔਰਤਾਂ ਦੀ ਸਿਹਤ, ਸਿੱਖਿਆ ਅਤੇ ਸੁਰੱਖਿਆ 'ਤੇ ਪ੍ਰਸ਼ਨ ਚਿੰਨ੍ਹ ਲੱਗ ਜਾਂਦਾ ਹੈ। 1998 ਵਿਚ ਜਦੋਂ ਦੋਵੇਂ ਦੇਸ਼, ਜ਼ਮੀਨਦੋਜ਼ ਪ੍ਰਮਾਣੂ ਧਮਾਕਿਆਂ ਰਾਹੀਂ ਸੁਰੱਖਿਆ ਨੂੰ ਰਾਸ਼ਟਰੀ ਮੁੱਦੇ ਦੇ ਤੌਰ 'ਤੇ ਪ੍ਰਚਾਰ ਰਹੇ ਸਨ, ਪਾਕਿਸਤਾਨੀ ਔਰਤਾਂ ਨੇ ਨਾਅਰਾ ਦਿੱਤਾ, "ਸਾਡੇ ਹੱਕਾਂ ਦਾ ਪ੍ਰਮਾਣੂਕਰਨ ਨਾ ਕਰੋ।" ਪਰ ਉਨ੍ਹਾਂ ਦੇ ਖ਼ਦਸ਼ੇ ਆਉਂਦੇ ਬਜਟ ਵਿਚ ਸੱਚ ਸਾਬਤ ਹੋ ਗਏ ਜਦੋਂ ਕੁੱਲ ਬਜਟ ਵਿਚੋਂ ਸਿਰਫ਼ ਇਕ ਤੋਂ ਦੋ ਫੀਸਦੀ ਹੀ ਸਿੱਖਿਆ ਅਤੇ ਸਿਹਤ ਖੇਤਰ ਲਈ ਰੱਖਿਆ ਗਿਆ। ਪਾਕਿਸਤਾਨੀ ਸਰਕਾਰ ਦੇ ਆਪਣੇ ਅੰਕੜਿਆਂ ਮੁਤਾਬਕ ਹਰ ਸਾਲ ਦੇਸ਼ ਵਿਚ ਲਗਭਗ 30,000 ਔਰਤਾਂ ਗਰਭ ਨਾਲ ਸਬੰਧਤ ਉਲਝਣਾਂ ਕਾਰਨ ਮਰ ਜਾਂਦੀਆਂ ਹਨ ਅਤੇ ਹਰ ਸਾਲ ਲਗਭਗ 400,000 ਔਰਤਾਂ ਗਰਭ-ਅਵਸਥਾ ਅਤੇ ਜਣੇਪੇ ਸਮੇਂ ਹੋਣ ਵਾਲੀਆਂ ਅਣਗਹਿਲੀਆਂ ਅਤੇ ਗੈਰ-ਹੁਨਰਮੰਦ ਕਾਮਿਆਂ ਵਲੋਂ ਕੀਤੀਆਂ ਗ਼ਲਤੀਆਂ ਉਮਰ ਭਰ ਭੁਗਤਦੀਆਂ ਹਨ। ਫੌਜੀ ਸ਼ਾਸਨ ਵਿਚ ਰਹਿੰਦੀਆਂ ਪਾਕਿਸਤਾਨੀ ਔਰਤਾਂ ਲਈ ਇਕ ਸਦੀਵੀ ਜੰਗ ਬਲਾਤਕਾਰ ਅਤੇ ਜਿਨਾਹ-ਉ-ਜਬਰ (ਜਬਰੀ ਧੱਕਾ) ਦੇ ਵਿਰੁਧ ਛਿੜੀ ਹੋਈ ਹੈ। ਔਰਤ ਨਾਲ ਬਲਾਤਕਾਰ ਹੋਣ ਦਾ ਅਰਥ ਬਹੁਤੀ ਵਾਰ ਉਸੇ ਨੂੰ ਸਜ਼ਾ ਵਿਚ ਨਿਕਲਦਾ ਹੈ ਜੇਕਰ ਉਹ ਸਾਬਤ ਨਾ ਕਰ ਸਕੇ ਕਿ ਉਹ ਬਲਾਤਕਾਰੀ ਨਾਲ ਸਹਿਮਤ ਨਹੀਂ ਸੀ ਜਾਂ ਫਿਰ ਉਸ ਦੇ ਪਤੀ ਨੂੰ ਉਸ 'ਤੇ ਵਿਆਹ-ਬਾਹਰੇ ਸੰਬੰਧਾਂ ਦਾ 'ਸ਼ੱਕ' ਹੋਵੇ। ਜਬਰ ਸਾਬਤ ਕਰਨ ਲਈ ਚਸ਼ਮਦੀਦ ਗਵਾਹ ਹੋਣਾ ਜ਼ਰੂਰੀ ਹੈ। ਦਸਤਾਵੇਜ਼ੀ ਅਤੇ ਮੌਕੇ ਦੇ ਸਬੂਤ ਗਵਾਹ ਨਹੀਂ ਬਣ ਸਕਦੇ। ਜੇਕਰ ਬਲਾਤਕਾਰ ਕਾਰਨ ਉਸ ਨੂੰ ਗਰਭ ਠਹਿਰ ਜਾਵੇ ਤਾਂ ਇਹ ਮੰਨ ਲਿਆ ਜਾਂਦਾ ਹੈ ਕਿ ਸਭ ਕੁਝ ਉਸੇ ਦੀ ਮਰਜ਼ੀ ਨਾਲ ਹੋਇਆ ਹੈ। ਅਦਾਲਤਾਂ, ਥਾਣਿਆਂ ਅਤੇ ਘਰਾਂ ਵਿਚ ਬਲਾਤਕਾਰ ਹੋਣ ਤੋਂ ਬਾਅਦ ਹੋਣ ਵਾਲੀ ਇਸ ਜ਼ਲਾਲਤ ਤੋਂ ਬਚਣ ਲਈ ਔਰਤਾਂ ਖ਼ੂਨ ਦਾ ਘੁੱਟ ਭਰ ਕੇ ਚੁੱਪ ਰਹਿਣਾ ਹੀ ਬਿਹਤਰ ਸਮਝਦੀਆਂ ਹਨ।

ਤੀਜੀ ਦੁਨੀਆਂ ਦੀਆਂ ਔਰਤਾਂ ਲਈ ਵੀ ਇੱਕੀਵੀਂ ਸਦੀ ਵਿਚ ਜਿਊਣ ਦਾ ਅਰਥ ਨਿੱਤ-ਨਵੇਂ ਸੰਘਰਸ਼ਾਂ ਨਾਲ ਦੋ-ਚਾਰ ਹੋਣਾ ਹੈ ਅਤੇ ਭਾਰਤੀ ਔਰਤਾਂ ਲਈ ਵੀ ਲੋਕਤੰਤਰ, ਸਮਾਨਤਾ ਅਤੇ ਨਿਆਂ ਹਾਲੇ ਬੜੀ ਦੂਰ ਹੈ। ਗ਼ੁਰਬਤ, ਜ਼ਲਾਲਤ, ਬਹੁਕੌਮੀ ਕੰਪਨੀਆਂ ਦੇ ਨਿਵੇਸ਼ਵਾਦ ਦਾ ਸ਼ਿਕਾਰ ਤੀਜੀ ਦੁਨੀਆਂ ਦਾ ਮਰਦ ਜਿੱਥੇ ਨੰਗੇ-ਧੜ ਗ਼ਰੀਬੀ, ਭੁੱਖ, ਬਿਮਾਰੀ, ਬੇਰੁਜ਼ਗਾਰੀ ਤੇ ਰਾਜਨੀਤਕ ਨਿਪੁੰਸਕਤਾ ਨਾਲ ਲੜ ਰਿਹਾ ਹੈ, ਉਥੇ ਔਰਤਾਂ ਲਈ ਇਨ੍ਹਾਂ ਅਲਾਮਤਾਂ ਦਾ ਬੋਝ ਬਹੁ-ਪਰਤੀ ਅਤੇ ਜ਼ਿਆਦਾ ਮੁਸ਼ਕਲਾਂ ਨਾਲ ਭਰਿਆ ਹੈ। ਲੋੜ ਦੋਹਾਂ ਦੀ ਆਪਸੀ ਸਹਿਮਤੀ ਅਤੇ ਸੰਵਾਦ ਦੀ ਹੈ।

## ਸੋਨੇ ਦੀ ਚਿੜੀ

ਜੀਣਾ ਮੁਹਾਲ ਹੋਇਆ
ਮਰਨਾ ਮੁਹਾਲ ਹੋਇਆ।
ਅੱਜ ਸੋਨੇ ਦੀ ਚਿੜੀ ਦਾ
ਵੇਖੋ ਕੀ ਹਾਲ ਹੋਇਆ।
ਰੋਟੀ ਨੂੰ ਤਰਸਦਾ ਏ
ਪਾਣੀ ਨੂੰ ਵਿਲਕਦਾ ਏ,
ਅੰਨ ਦਾਤਾ ਦੇਸ਼ ਦਾ ਸੀ
ਅੱਜ ਖੁਦ ਕੰਗਾਲ ਹੋਇਆ।
ਚਿੱਟੀ ਤੇ ਹਰੀ ਕ੍ਰਾਂਤੀ
ਜਿੱਥੇ ਕਦੇ ਆਈ ਸੀ,
ਕਿਹੜੀ ਕ੍ਰਾਂਤੀ ਆਖਾਂ
ਲਹੂ ਵਰਗਾ ਲਾਲ ਹੋਇਆ।
ਬੰਬ ਬਰੂਦ ਗੋਲੀ
ਸਬ ਕੁਝ ਹੀ ਨਿਗਲ ਜਾਵੇ,
ਵੇਖੋ ਆਦਮੀ ਦਾ ਮਿਹਦਾ
ਕਿੱਡਾ ਹੈ ਵਿਸ਼ਾਲ ਹੋਇਆ।
ਖੁਦ ਆਪ ਫਸਦੀ ਜਾਵੇ
ਮੇਰੇ ਦੇਸ਼ ਦੀ ਜਵਾਨੀ,
ਕੈਸਾ ਕਿਸੇ ਦੋਖੀ ਦਾ
ਬੁਣਿਆ ਇਹ ਜਾਲ ਹੋਇਆ।
ਕੁਝ ਅਤਿਵਾਦ ਨਿਗਲੀ
ਕੁਝ ਨਸ਼ਿਆਂ ਨੇ ਖਾ ਲਈ,
ਭਰਿਆ ਨਾ ਢਿੱਡ ਅਜੇ ਵੀ
ਇਹ ਕੀ ਕਮਾਲ ਹੋਇਆ।
ਕੰਨਾਂ 'ਚ ਗੂੰਜਦੀਆਂ
ਮਾਸੂਮਾਂ ਦੀਆਂ ਚੀਕਾਂ,
ਨਗਮਾ ਮੁਹੱਬਤ ਵਾਲਾ
ਸੁਣਨਾ ਮੁਹਾਲ ਹੋਇਆ।
ਇਨਸਾਨ ਵਿਕ ਰਿਹਾ ਏ
ਈਮਾਨ ਵਿਕ ਰਿਹਾ ਏ,
ਇਜ਼ਤ ਵੀ ਵੇਚ ਖਾਧੀ
ਏਡਾ ਕੰਗਾਲ ਹੋਇਆ।
ਊਧਮ, ਭਗਤ, ਸਰਾਭੇ ਦੀ
ਰੂਹ ਪਈ ਕੁਰਲਾਵੇ,
ਡੁੱਲ੍ਹੇ ਬੇਰਾਂ ਨੂੰ ਸੰਭਾਲੋ
ਕੁਝ ਨਹੀਂ ਵਿਚਾਲ ਹੋਇਆ।
ਥਾਂ ਥਾਂ ਤੋਂ ਛਲਣੀ ਹੋਇਆ
ਪੰਜਾਬ ਸਿੰਘ ਪੁਕਾਰੇ-
ਵੈਰੀ ਨਾਲ ਵੀ ਨਾ ਹੋਵੇ
ਜੋ ਮੇਰੇ ਨਾਲ ਹੋਇਆ।
ਕਦੇ ਮੁਆਫ ਨਹੀਂ ਕਰਨਾ
ਇਤਿਹਾਸ ਨੇ ਤੁਹਾਨੂੰ,
ਜੇ ਵੇਲੇ ਸਿਰ ਨਾ ਕਿਧਰੇ
ਵੇਲਾ ਸੰਭਾਲ ਹੋਇਆ।
ਕਿੰਨਾ ਚਿਰ ਹੋਰ ਵਗਣੀ
ਕਾਲੀ ਹਨੇਰੀ ਲੋਕੋ,
ਬੜਾ ਜ਼ੋਰ ਲਾਇਆ ਮੈਂ ਤਾਂ
ਬੁੱਝ ਨਾ ਸਵਾਲ ਹੋਇਆ।
ਪਤਾ ਨਹੀਂ ਕਿੱਥੇ ਉਡ ਗਈ
ਘੁੱਗੀ ਅਮਨ ਦੀ ਯਾਰੋ,
ਨੀਲੇ ਤੇ ਚਿੱਟੇ ਕਾਂਵਾਂ ਹੱਥੋਂ
ਸੱਚ ਹਲਾਲ ਹੋਇਆ।
ਦੇਸਾਂ 'ਚੋਂ ਦੇਸ ਸੋਹਣਾ
ਮੇਰਾ ਪੰਜਾਬ ਯਾਰੋ,
ਫੁੱਲ ਵਾਂਗੂ ਟਹਿਕਦਾ ਸੀ
ਹਾਲੋਂ ਬੇਹਾਲ ਹੋਇਆ।

**ਇੰਦਰਜੀਤ ਪੁਰੇਵਾਲ, ਨਿਊ ਯਾਰਕ**
**ਫੋਨ:845-702-1886**

## ਕਹਾਣੀ

***ਵਰਿਆਮ ਸਿੰਘ ਸੰਧੂ ਪੰਜਾਬੀ ਦੇ ਉਨ੍ਹਾਂ ਸਮਰਥ ਕਹਾਣੀਕਾਰਾਂ ਵਿਚੋਂ ਹੈ ਜਿਨ੍ਹਾਂ ਨੇ ਸਮਕਾਲੀ ਜੀਵਨ ਦੇ ਸੰਕਟਾਂ ਬਾਰੇ ਬਹੁਤ ਵਧੀਆ ਕਹਾਣੀਆਂ ਲਿਖੀਆਂ ਹਨ। ਪੰਜਾਬ ਦੀ ਖਾੜਕੂ ਲਹਿਰ ਬਾਰੇ ਬਹੁਤ ਘੱਟ ਕਹਾਣੀਕਾਰਾਂ ਨੇ ਆਪਣੀ ਕਲਮ ਚੁੱਕੀ ਹੈ। ਪੰਜਾਬ ਟਾਈਮਜ਼ ਵਿਚ ਇਸ ਲਹਿਰ ਬਾਰੇ ਮਨਿੰਦਰ ਕਾਂਗ ਅਤੇ ਸਾਂਵਲ ਧਾਮੀ ਦੀਆਂ ਕੁਝ ਕਹਾਣੀਆਂ ਪਾਠਕ ਪਹਿਲਾਂ ਪੜ੍ਹ ਚੁਕੇ ਹਨ। ਵਰਿਆਮ ਸੰਧੂ ਦੀ ਇਹ ਤਾਜ਼ਾ ਕਹਾਣੀ ਵੀ ਪੰਜਾਬੀ ਸਾਹਿਤਕ ਹਲਕਿਆਂ ਵਿਚ ਭਰਵੀਂ ਚਰਚਾ ਦਾ ਵਿਸ਼ਾ ਬਣੀ ਹੋਈ ਹੈ। ਆਪਣੇ ਪਾਠਕਾਂ ਲਈ ਅਸੀਂ ਇਹ ਲੰਮੀ ਕਹਾਣੀ ਕਿਸ਼ਤਾਂ ਵਿਚ ਛਾਪ ਰਹੇ ਹਾਂ। ਪਾਠਕਾਂ ਦੇ ਹੁੰਗਾਰੇ ਦੀ ਸਾਨੂੰ ਉਡੀਕ ਰਹੇਗੀ। -ਸੰਪਾਦਕ***

# ਰਿਮ ਝਿਮ ਪਰਬਤ

ਤਿੰਨੋਂ ਮੁੰਡੇ ਸੜਕੋਂ ਉੱਤਰ ਕੇ ਕਮਾਦਾਂ ਦੇ ਓਹਲੇ ਵਿਚੋਂ ਲੰਘ ਕੇ ਅੱਗੇ ਹੋਏ ਤਾਂ ਵੇਖਿਆ ਅਰਜਨ ਸਿੰਘ ਗੋਭੀ ਦੀ ਪਨੀਰੀ ਗੋਡ ਰਿਹਾ ਸੀ। ਮਸਾਂ ਪੰਜਾਹ ਗਜ਼ 'ਤੇ ਉਨ੍ਹਾਂ ਦੀ ਬੰਬੀ ਚੱਲ ਰਹੀ ਸੀ। ਬੰਬੀ ਦੀ ਕੰਧ ਵਿਚ ਗੱਡੀ ਲੋਹੇ ਦੀ ਨਿੱਕੀ ਜਿਹੀ ਕਿੱਲੀ ਨਾਲ ਉਹਨੇ ਆਪਣੀ ਤਿੰਨ ਫੁੱਟੀ ਕਿਰਪਾਨ ਟੰਗੀ ਹੋਈ ਸੀ। ਮੁੰਡਿਆਂ ਵੱਲ ਉਹਦੀ ਪਿੱਠ ਸੀ।

"ਚੜ੍ਹਾ ਦਾਂ ਗੱਡੀ ਬੁੱਢੇ ਨੂੰ?"

ਉਨ੍ਹਾਂ ਦੇ ਆਗੂ 'ਲੈਫ਼ਟੀਨੈਂਟ ਜਨਰਲ' ਗੁਰਜੀਤ ਸਿੰਘ ਨੇ ਪਤਾ ਨਹੀਂ ਇਸ਼ਾਰੇ ਨਾਲ ਕੀ

**ਵਰਿਆਮ ਸਿੰਘ ਸੰਧੂ**

ਸਮਝਾਇਆ ਕਿ ਬਿੱਲੂ ਨੇ ਸਟੇਨ ਦੀ ਨਾਲੀ ਹਾਲ ਦੀ ਘੜੀ ਨੀਵੀਂ ਕਰ ਲਈ। ਉਹ ਬੰਬੀ ਦੇ ਚੁਬੱਚੇ ਕੋਲ ਆ ਕੇ ਰੁਕੇ। ਆਗੂ ਮੂੰਹ ਹੱਥ ਧੋਣ ਲੱਗਾ। ਬਿੱਲੂ ਨੇ ਸਟੇਨ ਨਾਲ ਦੇ ਮੁੰਡੇ ਨੂੰ ਫੜਾਈ ਤੇ ਆਪ ਮਨ-ਪਸੰਦ ਗੰਨਾ ਭੰਨਣ ਲਈ ਕਮਾਦ ਵਿਚ ਵੜ ਗਿਆ। ਕਮਾਦ ਦੇ ਓਹਲੇ ਵਿਚ ਡੁੱਬਣ ਲਈ ਹੇਠਾਂ ਨੂੰ ਜਾਂਦੇ ਸੂਰਜ ਦੀ ਲਾਲੀ ਅਸਮਾਨ 'ਤੇ ਫੈਲੀ ਹੋਈ ਸੀ, ਜਿਸ ਨਾਲ ਚਾਰ-ਚੁਫੇਰੇ ਵਿਛੀਆਂ ਨਿੱਕੀਆਂ-ਨਿੱਕੀਆਂ ਹਰੀਆਂ ਕਣਕਾਂ ਵੀ ਲਿਸ਼ਕ ਉੱਠੀਆਂ ਸਨ।

ਅਰਜਨ ਸਿੰਘ ਆਪਣੀ ਮਸਤੀ ਵਿਚ ਪਨੀਰੀ ਵਿਚੋਂ ਘਾਹ-ਬੂਟ ਪੁੱਟ ਰਿਹਾ ਸੀ। ਉਹਨੂੰ ਮੁੰਡਿਆਂ ਦੇ ਆਉਣ ਦੀ ਕੋਈ ਖ਼ਬਰ-ਸੁਰਤ ਨਹੀਂ ਸੀ। ਕਮਾਦ ਵਿਚੋਂ ਗੰਨੇਂ ਭੱਜਣ ਦਾ ਖੜਾਕ ਆਇਆ ਤਾਂ ਉਸਨੇ ਚੌਕੰਨਾ ਹੋ ਕੇ ਓਧਰ ਵੇਖਿਆ। ਬਿੱਲੂ ਆਗ ਦਾ ਸਿਰਾ ਭੰਨਦਾ ਕਮਾਦ ਵਿਚੋਂ ਬਾਹਰ ਆ ਰਿਹਾ ਸੀ। ਦੂਜੇ ਮੁੰਡੇ ਨੇ ਉਸਨੂੰ ਸਟੇਨ ਫੜਾ ਕੇ ਮੂੰਹ-ਹੱਥ ਧੋਣਾ ਚਾਹਿਆ ਤਾਂ ਗੰਨਾ ਚੂਪਦੇ ਬਿੱਲੂ ਨੇ ਸਿਰ ਹਿਲਾ ਕੇ ਉਸਨੂੰ ਕਿੱਲੀ ਉੱਤੇ ਸਟੇਨ ਟੰਗਣ ਦਾ ਇਸ਼ਾਰਾ ਕੀਤਾ। ਉਸਦੇ ਹੱਥ ਵਿਹਲੇ ਨਹੀਂ ਸਨ।

ਅਰਜਨ ਸਿੰਘ ਨੇ ਆਪਣੀ ਕਿਰਪਾਨ ਉੱਤੇ ਸਟੇਨ ਟੰਗਦਾ ਵੇਖ ਕੇ ਮੁੰਡੇ ਨੂੰ ਲਲਕਾਰਨਾ ਚਾਹਿਆ, "ਨਾ ਉਏ! ਮੇਰੀ ਕਿਰਪਾਨ ਨੂੰ ਆਪਣੀ ਸਟੇਨ ਦੇ ਹੇਠਾਂ ਨਾ ਦੱਬੀਂ।"

ਉਹਦੇ ਲਈ ਤਾਂ ਇਹ ਕਿਰਪਾਨ ਪਵਿੱਤਰ ਯਾਦ ਵਰਗੀ ਸੀ! ਕਿਸੇ ਅਜਾਇਬ ਘਰ ਵਿਚ ਸਾਂਭਣ ਵਾਲੀ ਯਾਦ-ਯੋਗ ਵਸਤ! ਤੇ ਉਨ੍ਹਾਂ ਮੁੰਡਿਆਂ ਨੇ ਇਸਨੂੰ 'ਆਪਣੀ ਸਟੇਨ ਹੇਠਾਂ ਲੈ ਲਿਆ ਸੀ!' ਪਰ ਉਹ ਮੌਕਾ ਵੇਖ ਕੇ ਚੁੱਪ ਕਰ ਰਿਹਾ। ਉਹਦਾ ਰੰਬਾ ਘਾਹ ਦੀ ਤਿੜ੍ਹ ਨੂੰ ਪੁੱਟਦਾ-ਪੁੱਟਦਾ ਗੋਭੀ ਦੇ ਬੂਟੇ ਦੀਆਂ ਜੜ੍ਹਾਂ ਵਿਚ ਖੁਭ ਗਿਆ। ਕੱਟਿਆ ਬੂਟਾ ਧੌਣ ਸੁੱਟ ਕੇ ਇਕ ਪਾਸੇ ਲੁੜਕ ਗਿਆ। ਉਸਨੇ ਕੱਟੇ ਬੂਟੇ ਨੂੰ ਹੱਥ ਵਿਚ ਫੜ ਕੇ ਪਲੋਸਿਆ। ਇਕ ਪਲ ਲਈ ਉਸਦਾ ਮਨ ਭਿੱਜ ਗਿਆ।

ਫਿਰ ਉਸਨੂੰ ਮੁੰਡਾ ਵੀ ਤੇ ਆਪਣਾ ਆਪ ਵੀ ਮੂਰਖ਼ ਲੱਗੇ। ਦੋਵਾਂ ਦੇ ਹਥਿਆਰ ਇਸ ਵੇਲੇ ਦੋਵਾਂ ਦੇ ਹੱਥਾਂ ਵਿਚ ਨਹੀਂ ਸਨ! ਉਹਦੀ ਯਾਦਦਾਸ਼ਤ ਹਰੀ ਸਿੰਘ ਨਲੂਏ ਦੀ ਵਾਰ ਵਿਚੋਂ ਕੁਝ ਸਤਰਾਂ ਕੱਢ ਲਿਆਈ: "ਮੇਰੇ ਹੱਥੀਂ ਖੰਡਾ ਪਰਖਿਆ ਮੇਰੇ ਨਾਲ ਟਿਕਾਉਣਾ।"

"ਸ਼ਸਤਰ ਬਾਝੋਂ ਸੂਰਮਾ ਕਿਹੜੇ ਕੰਮ ਆਉਣਾ।" ਜੇ ਲੋੜ ਵੇਲੇ ਹਥਿਆਰ ਕੋਲ ਨਹੀਂ ਹੋਣਾ ਤਾਂ ਅੱਗੋਂ ਪਿੱਛੋਂ ਐਵੇਂ ਭਾਰ ਚੁੱਕੀ ਫਿਰਨ ਦਾ ਕੀ ਫ਼ਾਇਦਾ! ਕਿਰਪਾਨ ਉੱਤੇ ਸਟੇਨ ਟੰਗੀ ਵੇਖ ਕੇ ਉਹਦਾ ਦਮ ਘੁੱਟਣ ਲੱਗਾ।

ਭਾਰ ਹੇਠਾਂ ਦੱਬਿਆ ਗਿਆ ਸੀ ਉਹ!

ਮਸਾਂ ਅੱਠ-ਨੌਂ ਸਾਲ ਦਾ ਬਾਲ। ਕਿਸੇ ਵਿਆਹ ਦੀ ਗੱਲ ਸੀ ਸ਼ਾਇਦ! ਉਹ ਰਾਤ ਨੂੰ ਛੇਤੀ ਬਿਸਤਰਾ ਮੱਲ ਕੇ ਉੱਤੇ ਰਜਾਈ ਲਈ ਪਿਆ ਸੀ। ਇੱਕ ਮੋਟਾ ਮਦ-ਮਸਤ ਸ਼ਰਾਬੀ ਆਇਆ ਤੇ ਮੰਜਾ ਖਾਲੀ ਸਮਝ ਕੇ ਉਸ ਉੱਤੇ ਢੇਰੀ ਹੋ ਗਿਆ। ਉਹ ਪਹਾੜ ਹੇਠਾਂ ਆ ਗਿਆ ਸੀ। ਸਾਹ ਘੁੱਟਿਆ ਗਿਆ। ਮਰਨ-ਹਾਕਾ। ਉਹਦੀ ਤਾਂ ਚੀਕ ਵੀ ਗਲੇ ਵਿਚ ਭਰਤਾ ਗਈ। ਸ਼ਾਇਦ ਉਹ ਤਾਂ ਉਦੋਂ ਹੀ 'ਗੱਡੀ ਚੜ੍ਹ ਜਾਂਦਾ' ਜੇ ਉਸਦੀ ਮਾਂ ਕਾਹਲੀ ਨਾਲ ਆ ਕੇ ਸ਼ਰਾਬੀ ਨੂੰ ਨਾ ਹਲੂਣਦੀ, "ਹੈ ਹਾਇ! ਸਿੰਘ ਜੀ! ਮੁੰਡਾ ਹੇਠਾਂ ਲੈ ਕੇ ਮਾਰਨਾ ਜੇ!"

ਮਦ-ਮਸਤ ਹੋਈ ਸਟੇਨ ਨੇ ਥੱਲੇ ਲੈ ਕੇ ਉਹਦੀ ਕਿਰਪਾਨ ਦਾ ਸਾਹ ਘੁੱਟ ਛੱਡਿਆ ਸੀ।

ਇਹ ਕਿਰਪਾਨ ਉਹਦੇ ਵਡੇਰਿਆਂ ਤੇ ਉਹਦੀ ਵਿਰਾਸਤ ਦੀ ਯਾਦਗਾਰ ਸੀ। ਉਹਦੇ 'ਜ਼ਿੰਦਾ-ਸ਼ਹੀਦ' ਬਾਪ ਇੰਦਰ ਸਿੰਘ ਦੀ ਨਿਸ਼ਾਨੀ!

ਉਹਦਾ ਬਾਪ ਜਿਸ ਦਿਨ ਗੁਰੂ ਕੇ ਬਾਗ਼ ਦੇ ਮੋਰਚੇ ਵਿਚ ਜਥੇ ਨਾਲ ਗਿਆ ਸੀ, ਉਸ ਦਿਨ ਉਸਨੇ ਇਸਨੂੰ ਉਤਾਰ ਕੇ ਕਿੱਲੀ ਉੱਤੇ ਟੰਗਿਆ ਸੀ। ਅੰਮ੍ਰਿਤ ਛਕੇ ਦੀ ਸਾਖੀ ਭਰਦੀ ਛੋਟੀ ਕਿਰਪਾਨ ਉਸਦੇ ਗਲ ਵਿਚ ਹੈ ਸੀ।

ਕਹਿੰਦਾ ਸੀ, 'ਗੁਰੂ ਅਰਜਨ ਤੇ ਗੁਰੂ ਤੇਗ਼ ਬਹਾਦਰ ਦੇ ਗੁਰਦਵਾਰਿਆਂ ਨੂੰ ਆਜ਼ਾਦ ਕਰਾਉਣ ਜਾਣੈਂ ਮਹੰਤਾਂ ਹੱਥੋਂ। ਦੋਵਾਂ ਗੁਰੂਆਂ ਨੇ ਜਬਰ ਦਾ ਮੁਕਾਬਲਾ ਸਬਰ ਨਾਲ ਕੀਤਾ ਸੀ। ਤੇ ਹੁਣ ਅਸੀਂ ਵੀ ਵੇਖਣੈ ਕਿ ਉਨ੍ਹਾਂ ਦੇ ਕਿੰਨੇ ਕੁ ਸੱਚੇ ਸਿੱਖ ਆਂ! ਜਗਤ ਸਿੰਘ ਤੇ ਪ੍ਰੇਮ ਸਿੰਘ ਜਿਉਂਦੇ ਹੁੰਦੇ ਤਾਂ ਪਤਾ ਨਹੀਂ ਕੀ ਸੋਚਦੇ ਤੇ ਕੀ ਆਖਦੇ! ਉਨ੍ਹਾਂ ਨੂੰ ਤਾਂ ਸ਼ਾਇਦ ਇੰਜ ਹਥਿਆਰ ਕਿੱਲੀ 'ਤੇ ਟੰਗਣਾ ਬੁਜ਼ਦਿਲੀ ਲੱਗਦੀ! ਪਰ ਨਹੀਂ, ਉਨ੍ਹਾਂ ਵੀ ਸ਼ਾਇਦ ਮੇਰੇ ਨਾਲ ਹੀ ਹੋਣਾ ਸੀ, ਜਥੇ ਦਾ ਆਗੂ ਬਣ ਕੇ।'

ਗਦਰ ਪਾਰਟੀ ਦੇ ਸ਼ਹੀਦਾਂ ਜਗਤ ਸਿੰਘ ਤੇ ਪ੍ਰੇਮ ਸਿੰਘ ਦਾ ਪਿੰਡ-ਸਾਥੀ ਤੇ ਲਹਿਰ-ਸਾਥੀ ਰਿਹਾ ਸੀ ਉਹਦਾ ਬਾਪੂ। ਉਨ੍ਹਾਂ ਨਾਲ ਲੋਕਾਂ ਨੂੰ ਜੋਤਨ ਤੇ ਗ਼ਦਰ ਦਾ ਪਰਚਾਰ ਕਰਨ ਪਿੰਡ ਪਿੰਡ ਮੀਟਿੰਗਾਂ 'ਤੇ ਜਾਂਦਾ। ਲਾਹੌਰ ਮੀਆਂ-ਮੀਰ ਦੀ ਛਾਉਣੀ ਨੂੰ ਗ਼ਦਰ ਕਰਨ ਲਈ ਜਦੋਂ ਉਹ ਮਾਝੇ ਵਿਚੋਂ ਜਥਾ ਲੈ ਕੇ ਗਏ ਸਨ ਤਾਂ ਉਹ ਵੀ ਉਨ੍ਹਾਂ ਨਾਲ ਮੁਹਰਲੀਆਂ ਸਫ਼ਾਂ ਵਿਚ ਸੀ। ਗ਼ਦਰ ਫ਼ੇਲ ਹੋ ਗਿਆ ਤੇ ਗ਼ਦਰੀਆਂ ਦੀ ਫੜੋ-ਫੜਾਈ ਸ਼ੁਰੂ ਹੋ ਗਈ। ਉਹ ਵੀ ਫੜ੍ਹਿਆ ਗਿਆ ਸੀ। ਜਗਤ ਸਿੰਘ ਤੇ ਪ੍ਰੇਮ ਸਿੰਘ ਦੋਵੇਂ ਤਾਂ ਵੱਖ ਵੱਖ ਮੁਕੱਦਮਿਆਂ ਵਿਚ ਫ਼ਾਂਸੀ ਲੱਗ ਗਏ ਸਨ ਤੇ ਅੱਧੀ ਦਰਜਨ ਤੋਂ ਵੱਧ ਉਸਦੇ ਗਿਰਾਈਆਂ ਨੂੰ ਉਮਰ ਕੈਦ, ਜਾਇਦਾਦ-ਜ਼ਬਤੀ ਤੇ ਕਾਲੇ-ਪਾਣੀ ਦੀ ਸਜ਼ਾ ਹੋ ਗਈ ਸੀ ਪਰ ਉਹਨੂੰ ਤੇ ਇਕ ਹੋਰ ਸਾਥੀ ਨੂੰ ਸਿਰਫ ਚਾਰ-ਚਾਰ ਸਾਲ ਸਖ਼ਤ ਕੈਦ ਦਾ ਹੀ ਹੁਕਮ ਹੋਇਆ ਸੀ। ਉਹ ਕੈਦ ਕੱਟ ਕੇ ਆਇਆ ਸੀ ਤਾਂ ਪੰਜਾਬ ਵਿਚ ਲੜਾਈ ਦਾ ਨਵਾਂ ਦੌਰ ਸ਼ੁਰੂ ਹੋ ਗਿਆ ਸੀ। ਸ਼੍ਰੋਮਣੀ ਕਮੇਟੀ ਬਣ ਚੁੱਕੀ ਸੀ। ਗੁਰਦਵਾਰਿਆਂ ਨੂੰ ਮਹੰਤਾਂ ਤੋਂ ਆਜ਼ਾਦ ਕਰਾਉਣ ਦੀ ਲਹਿਰ ਜੋਬਨ 'ਤੇ ਸੀ।

ਉਹ ਤੇ ਉਹਦੇ ਸਾਥੀ ਤਾਂ ਕਦੀ 'ਜੇ ਚਿਤ ਪ੍ਰੇਮ ਖੇਲਣ ਕਾ ਚਾਓ' ਪੜ੍ਹ ਕੇ ਹੀ 'ਪ੍ਰੇਮ ਦੀ ਇਸ ਗਲੀ ਵਿਚ' ਉੱਤਰੇ ਸਨ। ਜੇ ਉਨ੍ਹਾਂ ਦੇ ਗੁਰੂ ਦੀ ਮਰਜ਼ੀ ਇਹ ਸੀ ਕਿ ਡਾਂਗ ਝੱਲ ਕੇ ਅੱਗੋਂ ਮੋੜਵੀਂ ਡਾਂਗ ਮਾਰੋ ਤਾਂ ਉਨ੍ਹਾਂ ਉਹ ਕੰਮ ਕੀਤਾ। ਜੇ ਹੁਣ ਗੁਰੂ ਚਾਹੁੰਦਾ ਸੀ ਕਿ ਨਹੀਂ; ਸ਼ਾਂਤ ਰਹਿ ਕੇ ਡਾਂਗਾਂ ਖਾਓ ਤੇ ਆਪਣੇ ਸਬਰ ਤੇ ਸਹਿਣ-ਸ਼ਕਤੀ ਦੀ ਸਿਖ਼ਰ ਸਿਰਜ ਕੇ ਆਪਣੇ ਲੋਕਾਂ ਦੇ ਮਨਾਂ ਵਿਚ ਜ਼ਾਲਮ ਹਕੂਮਤ ਦੇ ਖ਼ਿਲਾਫ਼ ਰੋਹ ਦਾ ਸੂਰਜ ਬਾਲ ਦਿਓ! ਤਾਂ ਉਹ ਸਾਰੇ ਜਣੇ ਇਸ ਲਈ ਵੀ ਤਿਆਰ ਹੋਣੇ ਸਨ।

ਉਸ ਸੂਰਬੀਰ ਤੇ ਦੇਸ਼ਭਗਤ ਪਿਓ ਦੀ ਨਿਸ਼ਾਨੀ ਇਹ ਕਿਰਪਾਨ ਸਾਲਾਂ ਤੋਂ ਉਨ੍ਹਾਂ ਦੇ ਸੁਫ਼ੇ ਵਿਚਲੀ ਸਾਹਮਣੀ ਵਿਚਕਾਰਲੀ ਕਿੱਲੀ 'ਤੇ ਟੰਗੀ ਰਹੀ ਸੀ। ਇਕ ਵਾਰ ਉਸਨੇ ਬਾਪੂ ਦੀ ਹਾਜ਼ਰੀ ਵਿਚ ਕਿਰਪਾਨ ਨੂੰ ਕਿੱਲੀ ਤੋਂ ਲਾਹਿਆ। ਉਸਨੂੰ ਮਿਆਨ ਵਿਚੋਂ ਬਾਹਰ ਕੱਢਣ ਲੱਗਾ ਤਾਂ ਬਾਪੂ ਨੇ ਆਖਿਆ, "ਏਦਾਂ ਨਹੀਂ ਕੱਢੀਦਾ ਕਿਰਪਾਨ ਨੂੰ ਮਿਆਨ ਵਿਚੋਂ।"

"ਕਿੰਦਾਂ ਤੇ ਕੱਦੋਂ ਕੱਢੀਦੈ ਫਿਰ?"

"ਉਦੋਂ ਜਦੋਂ ਆਪਣਾ ਬਚਾਅ ਜਾਂ ਕਿਸੇ ਦੀਨ-ਦੁਖੀ ਦੀ ਰੱਖਿਆ ਕਰਨੀ ਹੋਵੇ!"

ਉਸਨੇ ਕੱਢੀ ਕਿਰਪਾਨ ਮਿਆਨ ਵਿਚ ਪਾ ਦਿੱਤੀ ਤੇ ਉਸਨੂੰ ਅਡੋਲ ਕਿੱਲੀ ਉੱਤੇ ਟੰਗ ਦਿੱਤਾ।

ਆਪ ਸਦਾ ਲਈ ਹੱਥ ਵਿਚ ਹਲ ਦੀ ਜੰਘੀ ਫੜੀ ਰੱਖਣ ਦਾ ਪ੍ਰਣ ਕਰ ਲਿਆ। ਘਰ ਨੂੰ ਇਸਦੀ ਹੀ ਲੋੜ ਸੀ। ਪਿੱਛੋਂ ਵੀ ਬਾਪੂ ਦੇ ਆਜ਼ਾਦੀ ਲਈ ਕੀਤੇ ਸੰਘਰਸ਼ ਤੇ ਜੇਲ੍ਹ ਯਾਤਰਾਵਾਂ ਨੇ ਉਸਨੂੰ ਘਰ ਦੇ ਦੂਜੇ ਪਾਸੇ ਲੱਗੇ ਮੂੰਹ ਨੂੰ ਸਿੱਧੇ ਪਾਸੇ ਕਰਨ ਦੀ ਸੋਚ ਦੇ ਲੜ ਲਾਈ ਰੱਖਿਆ। ਉਨ੍ਹਾਂ ਵੇਲਿਆਂ ਦੀਆਂ ਦਸ ਜਮਾਤਾਂ ਪਾਸ ਸੀ; ਪਰ ਉਹ ਅੰਗਰੇਜ਼ ਸਰਕਾਰ ਦੀ ਨੌਕਰੀ ਕਰੇ! ਇਹ ਗੱਲ ਬਾਪੂ ਨੂੰ ਤਾਂ ਕਿਸੇ ਸੂਰਤ ਵਿਚ ਵੀ ਪਸੰਦ ਨਹੀਂ ਸੀ। ਉਸ ਆਪ ਵੀ ਕਦੀ ਅਜਿਹਾ ਨਹੀਂ ਸੀ



ਚਾਹਿਆ, ਸੋਚਿਆ।

"ਤੂੰ ਭਾਵੇਂ ਕੁੱਕੜ, ਕਬੂਤਰ ਤੇ ਚਿੜੀਆਂ-ਜਨੌਰ ਪਾਲ ਤੇ ਭਾਵੇਂ ਘੋੜੀਆਂ ਤੇ ਮੱਝਾਂ-ਗਾਵਾਂ। ਪਰ ਇਸ ਘਰ ਨੂੰ ਪਾਲਣਾ ਵੀ ਤੇਰੀ ਜ਼ਿੰਮੇਵਾਰੀ ਐ। ਮੈਨੂੰ ਤੂੰ ਮੇਰੇ ਦੇਸ਼ ਤੇ ਮੇਰੇ ਲੋਕਾਂ ਲਈ ਵਿਹਲਾ ਕਰ ਛੱਡ!"

ਬਾਪੂ ਦੇ ਇਹ ਬੋਲ ਸਾਰੀ ਉਮਰ ਉਸਦੇ ਅੰਗ-ਸੰਗ ਰਹੇ ਸਨ। ਉਸਨੂੰ ਉਹ ਛਿਣ ਵੀ ਯਾਦ ਆਏ ਜਦੋਂ ਉਸਨੇ ਏਸੇ ਕਿਰਪਾਨ ਨੂੰ ਕਿੱਲੀ ਤੋਂ ਲਾਹ ਕੇ ਪਹਿਲੀ ਵਾਰ ਮਿਆਨ ਵਿਚੋਂ ਬਾਹਰ ਕੱਢਿਆ ਸੀ।

ਦੇਸ਼-ਵੰਡ ਦੇ ਘਲੂਘਾਰੇ ਦੇ ਦਿਨ ਸਨ। ਉਹਦਾ ਬਾਪੂ ਨੇੜੇ-ਤੇੜੇ ਦੇ ਪਿੰਡਾਂ ਵਿਚ ਹਮ-ਖ਼ਿਆਲ ਲੋਕਾਂ ਨੂੰ ਮਿਲ ਕੇ 'ਅਮਨ-ਕਮੇਟੀਆਂ' ਬਣਾ ਰਿਹਾ ਸੀ। ਪਰ ਇਤਿਹਾਸ ਉਸਦੇ ਹੱਥਾਂ 'ਚੋਂ ਖਿਸਕ ਗਿਆ ਸੀ ਤੇ ਅੰਨ੍ਹੇ ਹੋਏ ਫ਼ਿਰਕੂ ਲੋਕਾਂ ਦੀ ਪਕੜ ਵਿਚ ਆ ਗਿਆ ਸੀ। ਉਹ ਨਿਆਈਂ ਵਾਲੇ ਖੇਤਾਂ ਵਿਚ ਪੱਠੇ ਵੱਢਦਾ ਪਿਆ ਸੀ ਕਿ ਉਸਨੇ ਕਿਸੇ ਮੁਟਿਆਰ ਦੀਆਂ ਚੀਕਾਂ ਦੀ ਆਵਾਜ਼ ਸੁਣੀ, 'ਬਹੁੜੀ ਵੇ ਵੀਰਾ! ਬਚਾ ਲੈ ਮੈਨੂੰ! ਮੈਂ ਤੁਹਾਡੇ ਪਿੰਡ ਦੀ ਧੀ, ਤੇਰੀ ਭੈਣ ਵੇ। ਮੈਨੂੰ ਮੇਰੇ ਸਹੁਰਿਆਂ ਦੇ ਪਿੰਡੋਂ ਇਹ ਜ਼ਾਲਮ ਲੁੱਟ ਦਾ ਮਾਲ ਸਮਝ ਕੇ ਧੂਹ ਲਿਆਏ ਵੇ। ਮੇਰੇ ਸੋਹਣਿਆਂ ਵੀਰਾ। ਮੈਂ ਤੁਹਾਡੇ ਪਿੰਡ ਦੀ ਧੀ ਵੇ; ਤੁਹਾਡੀ ਭੈਣ!"

ਕਿੱਲੇ ਦੀ ਵਾਟ 'ਤੇ ਦੋ ਜਣੇ ਲਿਸ਼ਕਦੀਆਂ ਨੰਗੀਆਂ ਤਲਵਾਰਾਂ ਦੇ ਪਰਛਾਵੇਂ ਹੇਠਾਂ ਕੁੜੀ ਨੂੰ ਧੂਹੀ ਲਿਜਾ ਰਹੇ ਸਨ। ਸਿਰੋਂ ਨੰਗੀ, ਖਿਲਰੇ ਵਾਲ, ਬੰਦਿਆਂ ਹੱਥੋਂ ਛੁੱਟ ਛੁੱਟ ਮਦਦ ਲਈ ਬਾਹਵਾਂ ਉਲਾਰਦੀ। ਮਿਆਂਕਦੀ ਹੋਈ ਬੱਕਰੀ ਕਸਾਈਖਾਨੇ ਵੱਲ ਬਹੁੜੀਆਂ ਪਾਉਂਦੀ ਜਾ ਰਹੀ ਸੀ। ਕੁੜੀ ਦੇ ਬੋਲਾਂ ਨੇ ਉਹਦੇ ਕਲੇਜੇ ਦਾ ਰੁੱਗ ਭਰ ਲਿਆ ਸੀ। ਉਹ ਸਿਰਫ਼ ਉਸਨੂੰ ਹੀ ਨਹੀਂ, ਉਹ ਤਾਂ ਆਪਣੇ ਪੂਰੇ ਪਿੰਡ ਨੂੰ ਆਪਣੀ ਰੱਖਿਆ ਲਈ ਆਵਾਜ਼ਾਂ ਮਾਰ ਰਹੀ ਸੀ। ਪਿੰਡ ਦੀ ਕੋਈ ਧੀ, ਪਿੰਡ ਦੀ ਕੋਈ ਭੈਣ! ਉਹ ਦਾਤਰੀ ਟੱਕ ਵਿਚ ਛੱਡ ਕੇ ਉੱਠਿਆ। ਖਾਲੀ ਹੱਥ। ਉਸਦਾ ਸਾਥ ਦੇਣ ਵਾਲਾ ਵੀ ਨੇੜੇ-ਤੇੜੇ ਕੋਈ ਨਹੀਂ ਸੀ। ਕੁਝ ਸੋਚਿਆ ਤੇ ਘੋੜੀ ਦੇ ਨੰਗੇ ਪਿੰਡੇ 'ਤੇ ਪਲਾਕੀ ਮਾਰ ਕੇ ਹਵੇਲੀ ਨੂੰ ਘੋੜੀ ਦੁੜਾ ਲਈ। ਕਿੱਲੀ ਨਾਲੋਂ ਕਿਰਪਾਨ ਲਾਹੀ ਤੇ ਮਿਆਨੋਂ ਕੱਢ ਕੇ ਨੰਗੀ ਤਲਵਾਰ ਲਹਿਰਾਉਂਦਾ, ਘਰ ਦਿਆਂ ਦੇ ਪੁੱਛਦਿਆਂ; ਰੋਕਦਿਆਂ ਤੇ ਲੋਕਾਂ ਦੇ ਵਿੰਹਦਿਆਂ ਪਲਾਂ-ਛਿਣਾਂ ਵਿਚ ਪਿੰਡੋਂ ਬਾਹਰ ਆ ਗਿਆ।

ਕੁੜੀ ਤੇ ਬੰਦੇ ਏਨੇ ਵਿਚ ਨਜ਼ਰੋਂ ਓਹਲੇ ਹੋ ਗਏ ਸਨ। ਸਾਹਮਣੇ ਓਸੇ ਕੁੜੀ ਦੇ ਪਿੰਡ ਨੂੰ ਸਵੇਰੇ ਲੁੱਟਣ ਚੜ੍ਹੇ, ਦੋ ਜਣੇ, ਘੋੜੀਆਂ 'ਤੇ ਸਵਾਰ, ਉਹਦੇ ਆਪਣੇ ਪਿੰਡ ਦੇ ਗੱਭਰੂ, ਉਸਨੂੰ ਸਾਹਮਣਿਓਂ ਟੱਕਰੇ।

"ਕਿਧਰ ਚੱਲਿਐਂ ਅਰਜਨ ਸਿਆਂ!" ਉਨ੍ਹਾਂ ਪੁੱਛਿਆ ਤਾਂ ਉਹਨੇ ਉਨ੍ਹਾਂ ਵੱਲ ਵੇਖ ਕੇ ਨਫ਼ਰਤ ਨਾਲ ਥੁੱਕਿਆ ਤੇ ਇਹ ਕਹਿੰਦਿਆਂ ਘੋੜੀ ਨੂੰ ਅੱਡੀ ਲਾ ਦਿੱਤੀ, "ਮੇਰੀ ਭੈਣ ਨੂੰ ਲੈ ਗੇ" ਨੇ ਉਹ ਕੁੱਤੇ!"

ਉਨ੍ਹਾਂ ਵੀ ਮਗਰੇ ਘੋੜੀਆਂ ਭਜਾ ਲਈਆਂ। ਅੱਧੇ ਕੋਹ ਦੀ ਵਾਟ 'ਤੇ ਜਾ ਕੇ ਉਸਨੇ ਉਨ੍ਹਾਂ ਬੰਦਿਆਂ ਨੂੰ ਢਾਹ ਲਿਆ। ਬੰਦੇ ਜਾਣੂ ਸਨ। ਗੁਆਂਢੀ ਪਿੰਡ ਦੇ। ਸਿਰ ਉੱਤੇ ਉੱਲਰੀ, ਵਾਰ ਕਰਨ ਨੂੰ ਕਾਹਲੀ ਅਰਜਨ ਦੀ ਕਿਰਪਾਨ ਵੇਖ ਕੇ ਤਰਲੇ ਲੈਣ ਲੱਗੇ। ਅਰਜਨ ਅੱਗੇ ਹੱਥ ਜੋੜੇ। ਆਪਣੇ ਬਚਾਅ ਵਾਸਤੇ ਉਨ੍ਹਾਂ ਕੁੜੀ ਨੂੰ ਦੋਵਾਂ ਬਾਹਵਾਂ ਤੋਂ ਫੜ ਕੇ ਢਾਲ ਵਜੋਂ ਉਸਦੇ ਅੱਗੇ ਕੀਤਾ।

"ਵੇਖੀਂ! ਜਾਹ ਜਾਂਦੀ ਨਾ ਹੋ ਜਾਏ ਕਿਤੇ, ਅਰਜਨਾ!" ਤਰਲਾ ਗੂੰਜਿਆ।

"ਇਹਦੀਆਂ ਬਾਹਵਾਂ ਛੱਡ ਦਿਓ ਕੁੱਤਿਓ! ਮੇਰੀ ਭੈਣ ਦੀਆਂ।"

ਦੂਜੇ ਦੋਵੇਂ ਗੱਭਰੂ ਵੀ ਸਿਰ 'ਤੇ ਆਣ ਖਲੋਤੇ ਵੇਖ ਕੇ ਉਨ੍ਹਾਂ ਕੁੜੀ ਨੂੰ ਧੱਕਾ ਮਾਰ ਕੇ ਜ਼ਮੀਨ 'ਤੇ ਸੁੱਟ ਦਿੱਤਾ ਤੇ ਆਪ ਭੱਜ ਗਏ।

ਅਰਜਨ ਨੇ ਭੱਜੇ ਜਾਂਦੇ ਬੰਦਿਆਂ ਦਾ ਪਿੱਛਾ ਕਰਨਾ ਮੁਨਾਸਬ ਨਹੀਂ ਸੀ ਸਮਝਿਆ। ਉਹ ਤਾਂ ਕੁੜੀ ਨੂੰ ਬਚਾਉਣ ਆਇਆ ਸੀ। ਘੋੜੀ ਤੋਂ ਉੱਤਰ ਕੇ ਉਹ ਡਿੱਗੀ ਹੋਈ ਕੁੜੀ ਨੂੰ ਉਠਾਉਣ ਲੱਗਾ ਤਾਂ ਕੁੜੀ ਨੇ ਭੱਜ ਕੇ ਅਰਜਨ ਨੂੰ ਜੱਫ਼ੀ ਪਾ ਲਈ।

ਸਾਰਿਆਂ ਇਕ-ਦੂਜੇ ਨੂੰ ਪਛਾਣ ਲਿਆ ਸੀ।

"ਜੁਗ ਜੁਗ ਜੀਓ ਵੇ ਮੇਰਿਓ ਛਿੰਦਿਓ ਵੀਰੋ!"

ਉਹ ਤਾਂ ਸੱਚਮੁਚ ਉਨ੍ਹਾਂ ਦੇ ਪਿੰਡ ਦੀ ਧੀ, ਉਨ੍ਹਾਂ ਦੀ ਭੈਣ ਸੀ! ਜੁੰਮੇਂ ਤੇਲੀ ਦੀ ਧੀ ਤੇ ਅਰਜਨ ਦੇ ਯਾਰ ਫੱਜੇ ਦੀ ਭੈਣ ਫ਼ਾਤਮਾ! ਵੱਡੀ ਗੱਲ ਤਾਂ ਇਹ ਹੋਈ ਕਿ ਉਹ ਤਿੰਨੇ ਸਵਾਰ ਫ਼ਾਤਮਾ ਨੂੰ ਲੈ ਕੇ ਜਦੋਂ ਜੁੰਮੇ ਦੇ ਘਰ ਪੁੱਜੇ ਤਾਂ ਇਕ ਭੀੜ ਜੁੜ ਗਈ ਸੀ ਉਨ੍ਹਾਂ ਦਵਾਲੇ ਸ਼ਾਬਾਸ਼ ਦੇਣ ਵਾਲਿਆਂ ਦੀ। ਉਹਦਾ ਬਾਪੂ ਇੰਦਰ ਸਿੰਘ ਵੀ ਵੈਸਾਖੀਆਂ ਦੇ ਸਹਾਰੇ ਲੜਖੜਾਉਂਦਾ ਹੋਇਆ ਭੀੜ ਨੂੰ ਚੀਰਦਾ ਅੱਗੇ ਆਇਆ ਤੇ ਆਪਣੇ ਪੁੱਤ ਤੋਂ ਵੀ ਪਹਿਲਾਂ ਦੂਜੇ ਦੋਵਾਂ ਗੱਭਰੂਆਂ ਨੂੰ ਗਲ ਨਾਲ ਲਾ ਲਿਆ।

"ਸ਼ਾਬਾਸ਼ੇ ਪੁੱਤਰੋ! ਗੁਰੂ ਦੇ ਸੱਚੇ ਸਿੰਘਾਂ ਵਾਲੀ ਕੀਤੀ ਜੇ!"

ਦੋਵੇਂ ਨੌਜਵਾਨ ਆਪਣੀ ਸ਼ਰਮ ਦੇ ਮਾਰੇ ਹੋਏ ਚੋਰ ਅੱਖੀਂ ਇਕ ਦੂਜੇ ਵੱਲ ਵੇਖ ਰਹੇ ਸਨ। ਇਕ ਨੇ ਆਪਣੀ ਜੇਬ ਵਿਚੋਂ ਲੁੱਟੀਆਂ ਹੋਈਆਂ ਟੂੰਮਾਂ ਦੀ ਪੋਟਲੀ ਕੱਢੀ ਤੇ ਹੇਠਾਂ ਫ਼ਾਤਮਾ ਦੇ ਪੈਰਾਂ ਅੱਗੇ ਰੱਖ ਦਿੱਤੀ, " ਲੈ ਭੈਣਾ! ਇਹ ਹੁਣ ਤੇਰੀ। ਸਾਨੂੰ ਮਾਫ਼ ਕਰੀਂ।"

ਦੂਜੇ ਨੇ ਵੀ ਇੰਜ ਹੀ ਕੀਤਾ ਤੇ ਲੁੱਟਿਆ ਹੋਇਆ ਸੋਨੇ ਦਾ ਕੈਂਠਾ ਪੈਰਾਂ ਵਿਚ ਰੱਖਦਿਆਂ ਫ਼ਾਤਮਾ ਦੇ ਪੈਰ ਵੀ ਛੂਹ ਲਏ।

"ਬੀਬੀ! ਤੂੰ ਸਾਡੀ ਵੱਡੀ ਭੈਣ ਏਂ। ਸਾਡੇ ਪਾਪ ਬਖ਼ਸ਼ ਦੇ।"

"ਵੇ ਮੇਰੇ ਵੀਰੋ! ਤੁਸੀਂ ਤਾਂ ਮੇਰੇ ਰੱਬ ਵੇ! ਮੇਰੀਆਂ ਇੱਜ਼ਤਾਂ ਦੇ ਰਾਖੇ! ਮੈਂ ਕੌਣ ਹੁੰਦੀ ਆਂ ਤੁਹਾਡੇ ਪਾਪ ਬਖ਼ਸ਼ਣ ਵਾਲੀ!"

ਅਰਜਨ ਨੇ ਫ਼ਾਤਮਾ ਦੇ ਬਾਕੀ ਪਰਿਵਾਰ ਬਾਰੇ ਪੁੱਛਿਆ। ਪਤਾ ਲੱਗਾ; ਹਮਲਾ ਹੋਣ ਦੀ ਖ਼ਬਰ ਸੁਣ ਕੇ ਸਾਰੇ ਏਧਰ-ਓਧਰ ਲੁਕਣ ਲਈ ਭੱਜੇ ਸਨ। ਤੇ ਫਿਰ ਪਤਾ ਈ ਨਾ ਲੱਗਾ ਕਦੋਂ ਉਹਨੂੰ ਰੋਂਦੀ ਕੁਰਲਾਉਂਦੀ ਨੂੰ ਪਿਛਲੇ ਅੰਦਰ ਲੁਕੀ ਨੂੰ ਜੱਫ਼ਾ ਮਾਰ ਕੇ 'ਉਹ' ਬਾਹਰ ਕੱਢ ਲਿਆਏ ਸਨ! ਤਿੰਨੇ ਗੱਭਰੂ ਵਾਪਸ ਘੋੜੀਆਂ 'ਤੇ ਸਵਾਰ ਹੋ ਕੇ ਨਿਕਲ ਪਏ ਤੇ ਤਿਰਕਾਲਾਂ ਤੱਕ ਫ਼ਾਤਮਾ ਦਾ ਸਾਰਾ ਪਰਿਵਾਰ ਲੱਭ ਕੇ ਪਿੰਡ ਪਰਤ ਆਏ। ਉਹਦਾ ਸੱਸ-ਸਹੁਰਾ, ਪਤੀ ਤੇ ਛੋਟਾ ਜਿਹਾ ਦਿਉਰ ਤੂੜੀ ਦੇ ਮੂਸਲ ਵਿਚ ਲੁਕੇ ਉਨ੍ਹਾਂ ਨੇ ਜਾ ਲੱਭੇ ਸਨ।

ਉਸਦਾ ਬਾਪੂ ਕਈ ਸਾਲ ਇਹ ਕਹਿੰਦਾ ਰਿਹਾ ਸੀ ਕਿ ਇਹ ਅਰਜਨ ਵੱਲੋਂ ਐਨ ਸਮੇਂ ਸਿਰ ਮਿਆਨੋਂ ਕੱਢੀ ਤੇਗ਼ ਦੀ ਹੀ ਕਰਾਮਾਤ ਸੀ ਕਿ ਸਾਰੇ ਪਿੰਡ ਨੂੰ ਆਪਣੀ ਗਵਾਚੀ ਧੀ ਲੱਭ ਪਈ ਸੀ। ਉਨ੍ਹਾਂ ਦੇ ਪਿੰਡ ਦੀ ਇੱਜ਼ਤ ਬਚ ਗਈ ਸੀ। ਪਿੰਡ ਦੇ ਹਰ ਘਰ 'ਚੋਂ ਕਿਸੇ ਰੇਜਾ, ਕਿਸੇ ਖੇਸ, ਕਿਸੇ ਦਰੀ-ਚੁਤੈਹੀ ਤੇ ਕਿਸੇ ਬਣਦੇ-ਸਰਦੇ ਚਵਾਨੀ-ਅਠਿਆਨੀ, ਰੁਪਈਆ, ਦੋ ਰੁਪਈਏ ਫ਼ਾਤਮਾ ਦੀ ਝੋਲੀ ਪਾਏ। ਜਿਵੇਂ ਸਾਰਾ ਪਿੰਡ ਧੀ ਦਾ ਦਾਜ ਤਿਆਰ ਕਰ ਰਿਹਾ ਹੋਵੇ!

ਤੇ ਫਿਰ ਜੁੰਮੇ ਤੇ ਉਹਦੇ ਕੁੜਮਾਂ ਦਾ ਸਮਾਨ ਆਪ ਗੱਡੇ 'ਤੇ ਲੱਦ ਕੇ ਪਿੰਡ ਦੇ ਗੱਭਰੂ ਉਨ੍ਹਾਂ ਨੂੰ ਹੱਦ ਪਾਰ ਕਰਾ ਕੇ ਆਏ ਸਨ।

ਅਰਜਨ ਦੀ ਜਥੇਦਾਰੀ ਵਿਚ ਉਨ੍ਹਾਂ ਗੱਭਰੂਆਂ ਨੇ ਮਿਲ ਕੇ ਆਪਣੇ ਪਿੰਡ ਦਾ ਜਥਾ ਬਣਾ ਲਿਆ ਸੀ। ਆਪਣੇ ਪਿੰਡ ਦੇ ਮੁਸਲਮਾਨਾਂ ਦੀ ਰਾਖੀ ਲਈ ਹੀ ਨਹੀਂ, ਸਗੋਂ ਨੇੜੇ ਤੇੜੇ ਦੇ ਪਿੰਡਾਂ ਵਿਚ ਵੀ ਉਹ ਫਸੇ ਹੋਏ ਮੁਸਲਮਾਨ ਟੱਬਰਾਂ ਨੂੰ ਕੱਢ ਕੇ ਹੱਦ ਪਾਰ ਕਰਾ ਕੇ ਆਉਣ ਲੱਗੇ। ਅਮਨ ਕਮੇਟੀਆਂ ਵਿਚ ਉਹ ਬਾਪੂ ਤੇ ਉਹਦੇ ਸਾਥੀਆਂ ਦੀ ਸਰਗਰਮ ਧਿਰ ਹੋ ਨਿੱਬੜੇ ਸਨ।

ਠੰਢ-ਠੰਢੋਰਾ ਹੋਇਆ ਤਾਂ ਅਰਜਨ ਨੇ ਕਿਰਪਾਨ ਮੁੜ ਕਿੱਲੀ 'ਤੇ ਟੰਗ ਦਿੱਤੀ ਤੇ ਫਿਰ ਤੋਂ ਹਲ ਦੀ ਜੰਘੀ ਫੜ ਲਈ। ਉਹ ਸਿਪਾਹੀ ਤੋਂ ਮੁੜ ਕਿਰਤੀ ਬਣ ਗਿਆ।

ਸਿਪਾਹੀ ਅਤੇ ਕਿਰਤੀ ਦੀਆਂ ਡਿਊਟੀਆਂ ਦੋਵਾਂ ਪਿਓ-ਪੁੱਤਾਂ ਨੇ ਸਹਿਵਨ ਹੀ ਸੰਭਾਲ ਲਈਆਂ ਸਨ। ਤੇ ਉਦੋਂ ਤੋਂ ਸੰਭਾਲ ਲਈਆਂ ਸਨ ਜਦੋਂ ਅਜੇ ਅਰਜਨ ਸਿੰਘ ਨੇ ਸੁਰਤ ਹੀ ਸੰਭਾਲੀ ਸੀ। ਬਾਪੂ ਗੁਰੂ ਕੇ ਬਾਗ਼ ਦੇ ਮੋਰਚੇ ਵਿਚ ਗਿਆ, ਇਕ ਤਰ੍ਹਾਂ ਨਾਲ ਅਪਾਹਜ ਹੋ ਕੇ ਪਰਤਿਆ ਸੀ ਤੇ ਅਰਜਨ ਨੂੰ ਸਕੂਲ ਜਾਣ ਦੇ ਨਾਲ ਨਾਲ ਖੇਤੀ-ਬਾੜੀ ਦਾ ਕੰਮ ਵੀ ਮਾਂ ਨਾਲ ਮਿਲ ਕੇ ਆਪ ਹੀ ਸੰਭਾਲਣਾ ਪੈ ਗਿਆ ਸੀ। ਬਾਪੂ ਦੀ ਪਰਿਵਾਰਕ ਜ਼ਿੰਮੇਵਾਰੀ ਆਪਣੇ ਸਿਰ ਪੈ ਜਾਣ ਦਾ ਉਸਨੂੰ ਅਫ਼ਸੋਸ ਨਹੀਂ ਸੀ। ਜੇ ਬਾਪੂ ਸਰਕਾਰ ਦੇ ਜ਼ੁਲਮ ਦਾ ਭਾਰ ਸਿਰ 'ਤੇ ਚੁੱਕ ਸਕਦਾ ਸੀ ਤਾਂ ਉਹ ਬਾਪੂ ਦੇ ਕਹਿਣ 'ਤੇ ਪਰਿਵਾਰ ਦਾ ਭਾਰ ਸਿਰ 'ਤੇ ਭਲਾ ਕਿਉਂ ਨਹੀਂ ਚੁੱਕ ਸਕਦਾ!

ਉਹਦਾ ਬਾਪੂ ਆਪਣੀਆਂ ਕੁਰਬਾਨੀਆਂ ਨਾਲ ਪਿੰਡ ਤੇ ਇਲਾਕੇ ਦਾ ਮਾਣ ਬਣ ਗਿਆ ਸੀ। ਬਾਪੂ ਕੋਲੋਂ ਸਾਕਿਆਂ ਦੀਆਂ ਗੱਲਾਂ ਸੁਣ ਸੁਣ ਕੇ ਅਰਜਨ ਨੂੰ ਲੱਗਦਾ ਕਿ ਕੁਝ ਨਾ ਕੁਝ ਕੁਰਬਾਨੀ ਕਰਨੀ ਤਾਂ ਉਸ ਦੇ ਹਿੱਸੇ ਵੀ ਆਉਣੀ ਹੀ ਸੀ! ਉਹ ਕਲਪਨਾ ਹੀ ਕਲਪਨਾ ਵਿਚ ਬਾਪੂ ਦੇ ਸਿਰ 'ਤੇ ਪੁਲਿਸ ਅਫ਼ਸਰ ਬੀਟੀ ਵੱਲੋਂ ਵਰ੍ਹਾਈਆਂ ਡਾਂਗਾਂ ਨੂੰ ਹਵਾ ਵਿਚ ਹੀ ਰੋਕ ਲੈਂਦਾ। ਤੇ ਡਾਂਗਾਂ ਦੀ ਛਾਵੇਂ ਬੈਠਾ ਬਾਪੂ ਇੰਦਰ ਸਿੰਘ ਮੋਰਚੇ 'ਤੇ ਜਾ ਡਟਣ ਦਾ ਬਿਰਤਾਂਤ ਸੁਣਾਉਣ ਲੱਗਦਾ:

"ਅਸੀਂ ਚੌਕੜੀ ਮਾਰੀ ਬੈਠੇ ਸ਼ਬਦ ਪੜ੍ਹ ਰਹੇ ਸਾਂ; ਹੱਥ ਜੋੜੀ, "ਜੋ ਲਰੈ ਦੀਨ ਕੇ ਹੇਤ; ਸੂਰਾ ਸੋਈ, ਸੂਰਾ ਸੋਈ।" ਮੈਂ ਅਗਲੀ ਕਤਾਰ ਵਿਚ ਬੈਠਾ ਸਾਂ। ਪੁਲਿਸ ਹਥਿਆਰ ਤੇ ਸੰਮਾਂ ਵਾਲੀਆਂ ਡਾਂਗਾਂ ਲੈ ਕੇ ਕੁਝ ਕਦਮਾਂ ਦੀ ਵਿੱਥ 'ਤੇ ਸੀ। ਬੀਟੀ ਤੇ ਹੋਰ ਗੋਰੇ ਅਫ਼ਸਰ ਵੀ ਨਾਲ ਸਨ। ਸ਼ਬਦ ਦੀ ਆਵਾਜ਼ ਉੱਚੀ ਹੁੰਦੀ ਤਾਂ ਉਹ ਕਚੀਚੀਆਂ ਵੱਟਦੇ। ਖਿਝ ਕੇ ਇੱਕ ਜਣੇ ਨੇ ਮੇਰੇ ਗਲੇ ਦੀ ਹੱਡੀ 'ਤੇ ਡਾਂਗ ਦਾ ਸੰਮ ਖੁਭੋਇਆ। ਮੈਂ ਪਿੱਛੇ ਨੂੰ ਡਿੱਗਿਆ। ਫਿਰ ਉੱਠਿਆ। ਉੱਚੀ ਆਵਾਜ਼ ਵਿਚ ਸ਼ਬਦ ਦੀ ਸੁਰ ਨਾਲ ਸੁਰ ਮਿਲਾਈ, "ਸੂਰਾ ਸੋਈ, ਸੂਰਾ ਸੋਈ!" ਤਾਂ ਉਸਨੇ ਹੋਰ ਵੀ

ਜ਼ੋਰ ਨਾਲ ਡਾਂਗ ਮਾਰੀ। ਮੇਰੇ ਹੱਸ ਦਾ ਕੜਾਕਾ ਪਿਆ। ਪੀੜ ਨਾਲ ਮੇਰਾ ਆਪਾ ਸੂਤਿਆ ਗਿਆ। ਮੈਂ ਸੰਭਲ ਕੇ ਜੈਕਾਰਾ ਛੱਡਿਆ, "ਬੋਲੇ ਸੋ ਨਿਹਾਲ!" ਜਵਾਬ ਵਿਚ ਜਿਵੇਂ ਹਜ਼ਾਰਾਂ ਆਵਾਜ਼ਾਂ ਗੂੰਜੀਆਂ, "ਸਤਿ ਸ੍ਰੀ ਅਕਾਲ।" ਪੁਲਿਸ ਅਫ਼ਸਰ ਬੀਟੀ ਨੇ ਗੁੱਸੇ ਤੇ ਨਫ਼ਰਤ ਵਿਚ ਉੱਬਲਦਿਆਂ ਮੇਰੇ ਕਲੇਜੇ ਵਿਚ ਜ਼ੋਰ ਦਾ ਠੁੱਡ ਮਾਰਿਆ। ਮੈਂ ਪੀੜ ਨਾਲ 'ਕੱਠਾ ਹੋ ਗਿਆ। ਫਿਰ ਕੀ ਸੀ! ਪੁਲਿਸ ਵੱਲੋਂ ਦੇ ਡਾਂਗ 'ਤੇ ਡਾਂਗ। ਬੀਟੀ ਆਪ ਹਲਕਾ ਹੋਇਆ ਪਿਆ ਸੀ। ਉਸਨੇ ਮੇਰੇ 'ਤੇ ਵਰ੍ਹਾਈਆਂ ਸਭ ਤੋਂ ਪਹਿਲੀਆਂ ਡਾਂਗਾਂ। ਤੇ ਫਿਰ ਡਿੱਗੇ ਪਏ ਦੇ ਮੇਰੇ ਗਲੇ 'ਤੇ ਬੂਟ ਰੱਖ ਕੇ ਮੇਰੇ ਗਲ ਨੂੰ ਏਦਾਂ ਮਿੱਧਿਆ ਜਿਵੇਂ ਕੋਈ ਕਿਸੇ ਕੀੜੇ ਨੂੰ ਮਸਲਦਾ ਹੈ। ਪਹਿਲਾਂ ਟੁੱਟ ਚੁੱਕਾ ਮੇਰਾ ਹੱਸ ਹੋਰ ਤਿੜਕ ਗਿਆ। ਪਰ ਅਸੀਂ ਤਾਂ ਗੁਰੂ ਦੇ ਸਿੰਘ ਸਾਂ। ਕੋਈ ਕੀੜੇ-ਕਾਢੇ ਨਹੀਂ ਸਾਂ, ਜਿਹੜੇ ਉਸਦੇ ਮਾਰਿਆਂ ਮਰ ਜਾਂਦੇ।"

ਗੱਲਾਂ ਸੁਣਾਉਂਦਿਆਂ ਬਾਪੂ ਦੇ ਚਿਹਰੇ 'ਤੇ ਅਜੀਬ ਤੇਜ ਹੁੰਦਾ ਸੀ। ਉਹ ਆਪਣੇ ਗਲ਼ੇ ਦੀ ਟੁੱਟੀ ਤੇ ਵਿੰਗੀ ਹੋਈ ਹੱਡੀ ਹੱਥ ਨਾਲ ਵਿਖਾਉਂਦਾ, "ਆਹ ਮੇਰਾ ਹੱਸ ਉਦੋਂ ਦਾ ਈ ਵਿੰਗਾ ਹੋਇਐ। ਉਨ੍ਹਾਂ ਮੇਰੀ ਗਲੇ ਦੀ ਹੱਡੀ ਤਾਂ ਵਿੰਗੀ ਕਰ ਦਿੱਤੀ, ਮੇਰੀ ਰੀੜ੍ਹ ਦੀ ਹੱਡੀ ਦੇ ਮਣਕੇ ਤਾਂ ਤੋੜ ਦਿੱਤੇ ਪਰ ਉਹ ਮੇਰੀ ਧੌਣ ਵਿੰਗੀ ਨਾ ਕਰ ਸਕੇ ਤੇ ਨਾ ਹੀ ਮੇਰਾ ਹੌਸਲਾ ਤੋੜ ਸਕੇ।"

ਇਹ ਧੌਣ ਬਾਪੂ ਨੇ ਸੱਚਮੁਚ ਸਾਰੀ ਉਮਰ ਨੀਵੀਂ ਨਹੀਂ ਸੀ ਹੋਣ ਦਿੱਤੀ। ਰੀੜ੍ਹ ਦੀ ਹੱਡੀ 'ਤੇ ਲੱਗੀ ਸੱਟ ਨੇ ਉਹਨੂੰ ਸਰੀਰਕ ਤੌਰ 'ਤੇ ਅਪਾਹਜ ਬਣਾ ਦਿੱਤਾ ਸੀ। ਉਹ ਸਾਰੀ ਉਮਰ ਵੈਸਾਖੀਆਂ ਨਾਲ ਲੰਗੜਾ ਕੇ ਤੁਰਨ ਜੋਗਾ ਰਹਿ ਗਿਆ ਸੀ। ਪਰ ਜਦੋਂ ਵੇਲੇ ਦੇ ਮੁਖ-ਮੰਤਰੀ ਪਰਤਾਪ ਸਿੰਘ ਕੈਰੋਂ ਨੇ ਪਿੰਡ ਦੇ ਕਿਸੇ ਸਮਾਗਮ 'ਤੇ ਬਾਪੂ ਦੇ ਗੋਡਿਆਂ ਨੂੰ ਹੱਥ ਲਾ ਕੇ ਕਿਹਾ ਸੀ, "ਬਾਬਾ ਜੀ! ਮੇਰੇ ਅਫ਼ਸਰ ਆਉਣਗੇ ਤੁਹਾਡੇ ਕੋਲ। ਇਹ ਆਪੇ ਈ ਇਕ ਫ਼ਾਰਮ 'ਤੇ ਦਸਤਖ਼ਤ ਕਰਵਾ ਕੇ ਲੈ ਜਾਣਗੇ ਤੁਹਾਡੇ ਕੋਲੋਂ। ਸਾਡੀ ਸਰਕਾਰ ਨੇ ਦੇਸ਼ ਭਗਤਾਂ ਦੀਆਂ ਪੈਨਸ਼ਨਾਂ ਲਾਉਣ ਦਾ ਫ਼ੈਸਲਾ ਕੀਤੈ। ਤੁਸੀਂ ਸਾਡੇ ਏਡੇ ਵੱਡੇ ਦੇਸ਼-ਭਗਤ ਓ," ਤਾਂ ਬਾਪੂ ਨੇ ਕਿਹਾ ਸੀ, " ਪਰਤਾਪ ਸਿਆਂ! ਮੈਂ ਬੜਾ ਖ਼ੁਸ਼ ਆਂ ਕਿ ਤੁਸੀਂ ਏਨੇ ਅਮੀਰ ਹੋ ਗਏ ਓ ਕਿ ਸਾਨੂੰ ਹੀ ਖ਼ਰੀਦ ਸਕੋ। ਪਰ ਮੇਰੀ ਇਕ ਗੱਲ ਕੰਨ ਖੋਲ੍ਹ ਕੇ ਸੁਣ ਲੈ! ਮੇਰੀ ਪੈਨਸ਼ਨ ਦੀ ਗੱਲ ਉਦੋਂ ਕਰੀਂ ਜਦੋਂ ਮੇਰੇ ਦੇਸ਼ ਦੇ ਸਾਰੇ ਬਜ਼ੁਰਗਾਂ ਦੀਆਂ ਤੂੰ ਪੈਨਸ਼ਨਾਂ ਲਾ ਦੇਵੇਂਗਾ!"

-ਅੱਜ ਇਹ ਮੁੰਡੇ ਅਰਜਨ ਸਿੰਘ ਦੇ ਬਾਪੂ ਦੇ ਓਸ ਇਤਿਹਾਸ ਨੂੰ ਵੰਗਾਰਨ ਆਏ ਸਨ। ਉਹਦੀ ਕਿਰਪਾਨ ਦੀ ਲਿਸ਼ਕ ਨੂੰ ਮੈਲਾ ਕਰਨ ਆਏ ਸਨ!

ਉਹ ਹੌਸਲਾ ਕੰਮ ਛੱਡ ਕੇ ਉਨ੍ਹਾਂ ਵੱਲ ਟਿਕਟਿਕੀ ਲਾ ਕੇ ਵੇਖਣ ਲੱਗਾ। ਹੁਣ ਦੂਜੇ ਦੋਵੇਂ ਮੁੰਡੇ ਵੀ ਕਮਾਦ ਵਿਚੋਂ ਗੰਨੇ ਭੰਨ ਕੇ ਖਾਲ਼ ਦੀ ਵੱਟ 'ਤੇ ਬਹਿ ਕੇ ਚੂਪਣ ਲੱਗੇ।

ਉਹਦੇ ਅੰਦਰਲੇ ਨੇ ਜੋਸ਼ ਮਾਰਿਆ। ਉਹ ਸ਼ਾਇਦ ਉਹਦੇ ਕਮਾਦ 'ਚੋਂ ਗੰਨੇ ਭੰਨ ਕੇ ਉਸਨੂੰ ਨੇੜੇ ਆਉਣ ਲਈ ਹੀ ਵੰਗਾਰ ਰਹੇ ਸਨ। ਉਹਨੇ ਰੰਬਾ ਪਾਸੇ ਰੱਖਿਆ। ਉੱਠਣ ਦੀ ਸੋਚੀ। ਉਂਜ ਵੀ ਸੂਰਜ ਡੁੱਬਣ ਵਿਚ ਮਸਾਂ ਹੱਥ ਭਰ ਦੀ ਹੀ ਵਿੱਥ ਸੀ। ਬੋਤੀ 'ਤੇ ਛਟਾਲੇ ਦੀ ਚਿੱਲੀ ਲੱਦਦਿਆਂ ਵੇਖ ਕੇ ਉਸਨੇ ਆਪ ਹੀ ਆਪਣੇ ਛੋਟੇ ਪੁੱਤ ਹਰਜੀਤ ਤੇ ਵਰ੍ਹਿਆਂ ਤੋਂ ਨਾਲ ਤੁਰੇ ਆਉਂਦੇ ਕਾਮੇਂ ਫੁੰਮਣ ਨੂੰ ਕਿਹਾ ਸੀ, "ਤੁਸੀਂ ਜਾਓ, ਪੱਠਾ-ਦੱਥਾ ਪਾਓ ਪਸ਼ੂਆਂ ਨੂੰ। ਮੈਂ ਨਾਲੇ ਪਨੀਰੀ ਦੀ ਗੋਡੀ ਦਾ ਕੰਮ ਬੰਨੇਂ ਲਾ ਆਵਾਂ; ਨਾਲੇ ਓਨੇ ਚਿਰ ਤਕ ਬੱਤੀ ਜਾਣ ਦਾ ਟੈਮ ਵੀ ਹੋ ਜਾਣੈਂ। ਪਾਣੀ ਲੱਗੀ ਕਣਕ ਦਾ ਕਿੱਲਾ ਵੀ ਉਦੋਂ ਤੱਕ ਸਿੰਜਿਆ ਜਾਊ। ਆਉਂਦਾ ਹੋਇਆ ਮੋਟਰ ਵਾਲੇ ਕਮਰੇ ਨੂੰ ਵੀ ਤਾਲਾ ਲਾਉਂਦਾ ਆਊਂ।"

ਦੁਨਿਆਵੀ ਸਿਆਣਪ ਨੇ ਉਸਨੂੰ ਮੁੰਡਿਆਂ ਵੱਲ ਜਾਣੋਂ ਰੋਕਿਆ, "ਦੋ ਮਿੰਟ ਰੁਕ ਜਾਹ! ਕੀ ਪਤਾ ਹੁਣੇ ਚਲੇ ਜਾਣ।"

ਪਿਛਲੇ ਸਮੇਂ ਤੋਂ ਦੋਵਾਂ ਧਿਰਾਂ ਵਿਚ ਚੰਗੇ ਸੰਬੰਧ ਨਹੀਂ ਸਨ। ਉਹ ਉਸਨੂੰ ਮਾਰਨ ਵੀ ਆਏ ਹੋ ਸਕਦੇ ਨੇ! ਸਗੋਂ ਆਏ ਈ ਏਸੇ ਕਰਕੇ ਨੇ। ਇਨ੍ਹਾਂ ਦੀ ਤਾਂ ਉਹ ਕਈ ਚਿਰ ਤੋਂ 'ਹਿੱਟ ਲਿਸਟ' 'ਤੇ ਸੀ। ਹੋਣਾ ਵੀ ਚਾਹੀਦਾ ਸੀ!

ਉਹ ਵੀ ਇਨ੍ਹਾਂ ਦੀ ਉਡੀਕ ਵਿਚ ਹੀ ਤਾਂ ਏਨੇ ਸਮੇਂ ਤੋਂ ਕਿਰਪਾਨ ਚੁੱਕੀ ਫਿਰਦਾ ਸੀ। ਉਹਦੇ ਆਪਣੇ ਪੁੱਤ ਤਾਂ ਸਦਾ ਉਹਨੂੰ ਹਨੇਰੇ-ਸਵੇਰੇ ਬਾਹਰ ਨਿਕਲਣੋਂ ਮਨ੍ਹਾ ਕਰਦੇ ਰਹਿੰਦੇ ਸਨ ਪਰ ਉਹ ਉਨ੍ਹਾਂ ਦੀ ਸੁਣਦਾ ਕਦੋਂ ਸੀ! ਅੱਜ ਵੀ ਅਜੇ ਹਰਜੀਤ ਨੇ ਆਖਿਆ ਹੀ ਸੀ, "ਬਾਪੂ ਜੀ! ਚੱਲੋ ਚੱਲੀਏ ਪਿੰਡ ਨੂੰ। ਫੁੰਮਣ ਆਪੇ ਮੋਟਰ ਬੰਦ ਕਰ ਆਊਂਦੈ।" ਤਾਂ ਉਹਨੇ ਉਨ੍ਹਾਂ ਨੂੰ ਕਹਿ ਦਿੱਤਾ ਸੀ ਕਿ ਉਹ ਚਲੇ ਜਾਣ। ਉਹ ਆਪ ਪਿੱਛੋਂ ਆ ਜਾਵੇਗਾ।

ਉਨ੍ਹਾਂ ਦਾ ਵੈਰ ਵੀ ਤਾਂ ਵੰਗਾਰਵਾਂ ਬਣ ਗਿਆ ਹੋਇਆ ਸੀ। ਉਸਨੇ ਇਸ ਵੈਰ ਦੇ ਪਿਛੋਕੜ 'ਤੇ ਤਰਦੀ ਜਿਹੀ ਝਾਤ ਮਾਰੀ।

ਅਰਜਨ ਸਿੰਘ ਦਾ ਵੱਡਾ ਮੁੰਡਾ ਜਗਜੀਤ ਸਿਹਤ ਵਿਭਾਗ ਦਾ ਕਰਮਚਾਰੀ ਸੀ ਤੇ ਪੈਰਾ-ਮੈਡੀਕਲ ਕਾਮਿਆਂ ਦੀ ਯੂਨੀਅਨ ਦਾ ਸਟੇਟ ਕਮੇਟੀ ਦਾ ਸਕੱਤਰ ਵੀ। ਮੁਲਾਜ਼ਮ ਘੋਲਾਂ ਵਿਚ ਕਈ ਸਾਲਾਂ ਤੋਂ ਸਰਗਰਮ। ਪਹਿਲਾਂ ਤਾਂ ਬਾਬੇ ਕਰਕੇ ਉਨ੍ਹਾਂ ਦਾ ਘਰ 'ਗ਼ਦਰੀਆਂ' ਜਾਂ 'ਜਥੇਦਾਰਾਂ' ਦਾ ਘਰ ਵੀ ਵੱਜਦਾ ਸੀ। ਬਾਪੂ ਕਿਰਤੀ ਪਾਰਟੀ ਨਾਲ ਵੀ ਜੁੜਿਆ ਰਿਹਾ ਸੀ ਤੇ ਆਖ਼ਰ ਵਿਚ 'ਕਾਮਰੇਡ' ਵੀ ਵੱਜਣ ਪਿਆ ਸੀ। ਕਦੀ ਕੋਈ ਉਹਨੂੰ 'ਜਥੇਦਾਰ ਜੀ' ਤੇ ਕਦੇ ਕੋਈ 'ਕਾਮਰੇਡ ਜੀ' ਆਖ ਕੇ ਵੀ ਸੰਬੋਧਨ ਕਰ ਲੈਂਦਾ। ਉਹ 'ਅੰਮ੍ਰਿਤਧਾਰੀ ਕਾਮਰੇਡ!' ਸੀ! ਪਰ ਬਾਪੂ ਦੇ ਚਲਾਣੇ ਤੋਂ ਬਾਅਦ ਤੇ ਜਗਜੀਤ ਦੀ ਚੜ੍ਹਤ ਪਿੱਛੋਂ ਉਨ੍ਹਾਂ ਦਾ ਟੱਬਰ 'ਕਾਮਰੇਡਾਂ ਦਾ ਟੱਬਰ' ਵੱਜਣ ਲੱਗ ਪਿਆ। ਉਂਝ ਅਰਜਨ ਸਿੰਘ ਨੂੰ ਵੀ ਲੋਕੀਂ ਅਜੇ ਵੀ ਕਦੀ 'ਕਾਮਰੇਡ' ਤੇ ਕਦੇ 'ਜਥੇਦਾਰ' ਕਹਿ ਕੇ ਬੁਲਾ ਲੈਂਦੇ। ਉਹ ਦੋਵਾਂ ਤਰ੍ਹਾਂ ਨਾਲ ਬੁਲਾਏ ਜਾਣ 'ਤੇ ਖ਼ੁਸ਼ ਸੀ। ਜੇ ਉਸਦੇ ਬਾਪੂ ਨੂੰ ਅਜਿਹਾ ਅਖਵਾਉਣ 'ਤੇ ਉਜ਼ਰ ਨਹੀਂ ਸੀ ਤਾਂ ਉਸਨੂੰ ਕਿਉਂ ਹੁੰਦਾ! ਕਾਮਰੇਡ ਵੀ ਉਹਨੂੰ ਓਨੇ ਹੀ ਆਪਣੇ ਤੇ ਪਿਆਰੇ ਸਨ। ਜਗਜੀਤ ਕਰ ਕੇ ਹੋਰ ਵੀ 'ਆਪਣੇ ਪੁੱਤਾਂ' ਵਰਗੇ ਲੱਗਦੇ।

ਪਰ ਇਹਨੀਂ ਦਿਨੀਂ 'ਕਾਮਰੇਡਾਂ' ਤੇ 'ਨਵੇਂ ਜਥੇਦਾਰ ਬਣੇ' ਮੁੰਡਿਆਂ ਦੀ ਆਪਸੀ ਦੁਸ਼ਮਣੀ ਤਾਂ ਜੱਗ-ਜ਼ਾਹਿਰ ਸੀ। ਅਰਜਨ ਸਿੰਘ ਇਹਨੀਂ ਦਿਨੀਂ ਪੂਰੇ ਦਾ ਪੂਰਾ ਕਿਸੇ ਧਿਰ ਨਾਲ ਵੀ ਨਹੀਂ ਸੀ ਰਹਿ ਗਿਆ। ਨਾ ਕਾਮਰੇਡਾਂ ਨਾਲ ਨਾ ਨਵੇਂ ਬਣੇ 'ਜਥੇਦਾਰਾਂ ਜਰਨੈਲਾਂ' ਨਾਲ। ਅਰਜਨ ਸਿੰਘ ਦਾ ਛੋਟਾ ਪੁੱਤ ਹਰਜੀਤ ਸਿੰਘ ਪਿੰਡ ਦੇ ਹਾਈ ਸਕੂਲ ਵਿਚ ਹੀ ਮਾਸਟਰ ਸੀ। ਉਹ ਪਿਤਾ ਨਾਲ ਰਲ ਕੇ ਨਾਲ ਨਾਲ ਖੇਤੀ ਦਾ ਕੰਮ ਵੀ ਵੇਖੀ ਜਾਂਦਾ। ਖ਼ਿਆਲਾਂ ਪੱਖੋਂ ਆਪਣੇ ਬਾਪ ਅਰਜਨ ਸਿੰਘ ਵਾਂਗ ਹੀ ਸੀ ਉਹ। ਦੋਵਾਂ ਧਿਰਾਂ ਦੇ ਵਿਚ ਵਿਚਾਲੇ। ਨਾ ਮੁੰਡਿਆਂ ਵੱਲ ਨਾ ਨਿਰ੍ਹਾ ਕਾਮਰੇਡਾਂ ਵੱਲ। ਸਰਕਾਰ ਤੇ ਕਾਮਰੇਡਾਂ ਦਾ ਮੁੰਡਿਆਂ ਬਾਰੇ ਅੱਜ-ਕੱਲ੍ਹ ਇੱਕੋ ਜਿਹਾ ਪੈਂਤੜਾ ਹੀ ਸੀ।

ਪਰ ਅਸਲ ਵਿਚ ਗੱਲ ਤਾਂ ਵਿਗੜੀ ਸੀ ਗ਼ਦਰੀ ਸ਼ਹੀਦਾਂ ਦੀ ਬਣਾਈ ਯਾਦਗਾਰ 'ਤੇ ਕਬਜ਼ੇ ਦੀ ਲੜਾਈ ਪਿੱਛੋਂ।

ਯਾਦਗਾਰ ਦੀ ਨੀਂਹ ਤਾਂ ਅਰਜਨ ਸਿੰਘ ਦੇ ਬਾਪੂ ਨੇ ਢਾਈ ਦਹਾਕੇ ਪਹਿਲਾਂ ਆਪਣੇ ਯੁਧ-ਸਾਥੀ ਤੇ ਆਗੂ ਬਾਬਾ ਸੋਹਨ ਸਿੰਘ ਭਕਨਾ ਤੋਂ ਰਖਵਾਈ ਸੀ। ਬਾਬੇ ਭਕਨੇ ਨੇ ਹੀ ਇਕ ਵਾਰ ਪਿੰਡ ਵਿਚ ਹੋਏ ਜਲਸੇ ਵਿਚ ਸਟੇਜ ਤੋਂ ਉਨ੍ਹਾਂ ਦੇ ਬਾਪੂ ਨੂੰ ਉਲ੍ਹਾਮਾਂ ਦਿੱਤਾ ਸੀ, "ਇੰਦਰ ਸਿਆਂ! ਤੇਰੇ ਆਪਣੇ ਗ਼ਦਰੀ ਭਰਾਵਾਂ ਦੀ ਕੁਰਬਾਨੀ ਤੇਰੇ ਪਿੰਡ ਦੇ ਪੁੱਤਾਂ-ਪੋਤਰਿਆਂ ਨੂੰ ਵੀ ਚੇਤੇ ਰਹਿ ਜਾਏ, ਉਨ੍ਹਾਂ ਦੀ ਕੋਈ ਯਾਦ ਹੀ ਬਣਵਾ ਛੱਡ ਪਿੰਡ ਆਪਣੇ ਵਿਚ। ਉਨ੍ਹਾਂ ਨੂੰ ਭੁਲਾਉਣ ਵਾਲਿਆਂ ਤਾਂ ਕੋਈ ਕਸਰ ਨਹੀਂ ਛੱਡੀ ਪਹਿਲਾਂ ਈ।"

ਬਾਪੂ ਨੂੰ ਲੱਗਾ ਸੀ, ਬਾਬੇ ਭਕਨੇ ਦੀ ਗੱਲ ਕਿੰਨੀ ਠੀਕ ਸੀ! ਬਾਬਾ ਭਕਨਾ ਦੇਸ਼ ਭਗਤਾਂ ਵੱਲ ਹੁਣ ਦੀ ਸਰਕਾਰ ਦੇ ਰਵੱਈਏ ਨੂੰ ਕੋਸ ਰਿਹਾ ਸੀ।

ਅਰਜਨ ਸਿੰਘ ਨੂੰ ਅੰਗਰੇਜ਼ੀ ਰਾਜ ਦੇ ਸਮੇਂ ਦੀ ਗੱਲ ਯਾਦ ਸੀ। ਅਰਜਨ ਅਠਵੀਂ ਜਮਾਤ ਦਾ ਵਿਦਿਆਰਥੀ ਸੀ। ਇਕ ਦਿਨ ਉਸਨੇ ਘਰ ਆ ਕੇ ਦੱਸਿਆ ਕਿ ਅੰਗਰੇਜ਼ ਸਰਕਾਰ ਨੇ ਉਨ੍ਹਾਂ ਦੇ ਸਕੂਲ ਦੇ ਮੱਥੇ 'ਤੇ ਇੱਕ ਵੱਡੀ ਸਾਰੀ ਸੰਗਮਰਮਰ ਦੀ ਸਿਲ ਲਾਈ ਸੀ। ਇਸ ਮਕਸਦ ਲਈ ਪਿੰਡ ਦੇ ਕੁਝ ਸਰਕਾਰ ਹਮਾਇਤੀ ਬੰਦੇ ਤੇ ਫ਼ੌਜੀਆਂ ਦੇ ਕੁਝ ਪਰਿਵਾਰ ਸੱਦ ਕੇ ਸਮਾਗਮ ਵੀ ਕੀਤਾ ਗਿਆ ਸੀ। ਬਾਪੂ ਇੰਦਰ ਸਿੰਘ ਨੂੰ ਵੀ ਇਸ ਸਮਾਗਮ ਦਾ ਪਤਾ ਸੀ। ਪਰ ਉਸਨੂੰ ਨਾ ਕਿਸੇ ਸੱਦਣਾ ਸੀ ਤੇ ਨਾ ਉਹ ਗਿਆ। ਪਿੱਛੋਂ ਇਕ ਦਿਨ ਜਾ ਕੇ ਉਹ ਸਿਲ ਪੜ੍ਹ ਆਇਆ। ਚਿੱਟੀ ਸਿਲ 'ਤੇ ਕਾਲੇ ਅੱਖਰਾਂ ਵਿਚ ਅੰਗਰੇਜ਼ੀ ਜ਼ੁਬਾਨ ਵਿਚ ਖੁਦਿਆ ਹੋਇਆ ਸੀ ਕਿ ਇਸ ਪਿੰਡ ਵਿਚੋਂ ਪਹਿਲੀ ਵੱਡੀ ਜੰਗ ਵਿਚ ਭਾਗ ਲੈਣ ਲਈ 121 ਬੰਦੇ ਸ਼ਾਮਲ ਹੋਏ; ਜਿਨ੍ਹਾਂ ਵਿਚੋਂ ਇਕ ਦੀ ਜਾਨ ਵੀ ਚਲੀ ਗਈ ਸੀ।

ਜੰਗ ਵਿਚ ਸ਼ਾਮਲ ਹੋਏ ਬੰਦਿਆਂ ਦੇ ਪਰਿਵਾਰਾਂ ਨੂੰ ਬੁਲਾਇਆ ਗਿਆ ਸੀ ਉਸ ਸਮਾਗਮ 'ਤੇ ਅਤੇ ਮਾਰੇ ਗਏ ਜਵਾਨ ਦੇ ਪਰਿਵਾਰ ਨੂੰ ਪੰਜਾਹ ਰੁਪਏ ਦਾ ਇਨਾਮ ਤੇ ਸਰਟੀਫ਼ਿਕੇਟ ਵੀ ਦਿੱਤਾ ਗਿਆ ਸੀ ਅੰਗਰੇਜ਼ ਅਫ਼ਸਰ ਵੱਲੋਂ।

ਅੰਗਰੇਜ਼ ਆਪਣੇ ਲਈ ਲੜਨ ਵਾਲਿਆਂ ਦੀ 'ਕਦਰ' ਪਾ ਰਿਹਾ ਸੀ। ਉਨ੍ਹਾਂ ਲਈ ਵਫ਼ਾਦਾਰ ਰਹਿਣ ਤੇ ਲੜਨ ਮਰਨ ਵਾਲਿਆਂ ਦੀ ਯਾਦਗਾਰੀ ਸਿਲ ਲਾ ਕੇ ਨਵੀਂ ਪੀੜ੍ਹੀ ਦੇ ਮਨਾਂ ਵਿਚ ਆਪਣੀ ਵਫ਼ਾਦਾਰੀ ਬਣਾਈ ਰੱਖਣ ਦੀ ਨੀਂਹ ਪੱਕੀ ਕਰ ਰਿਹਾ ਸੀ, ਪਰ ਦੂਜੇ ਪਾਸੇ ਦੇਸ਼ ਲਈ ਲੜਨ ਵਾਲਿਆਂ ਸੂਰਬੀਰਾਂ ਸ਼ਹੀਦਾਂ ਨੂੰ ਭੁਲਾ ਵਿਸਾਰ ਦਿੱਤਾ ਗਿਆ ਸੀ! ਤੇ ਜਾਂ ਉਨ੍ਹਾਂ ਬਾਰੇ ਡਾਕੂ, ਕਾਤਲ ਤੇ ਲੁਟੇਰੇ ਹੋਣ ਦਾ ਜਾਲ਼ ਬੁਣ ਦਿੱਤਾ ਸੀ; ਜਿਸ ਵਿਚ ਫਸੇ ਉਹ ਤੜਫ਼ ਰਹੇ ਸਨ।

ਬਾਬੇ ਇੰਦਰ ਸਿੰਘ ਨੇ ਆਪਣੇ ਕੋਲੋਂ ਪੈਸੇ ਖ਼ਰਚ ਕੇ ਪਿੰਡ ਦੀ ਪਹੁੰਚ-ਸੜਕ 'ਤੇ ਦੋ ਕਨਾਲ ਜ਼ਮੀਨ ਖ਼ਰੀਦੀ ਸੀ। ਉਸ ਵਿਚ ਇੱਕ ਸ਼ਹੀਦੀ ਲਾਟ ਬਣਾ ਕੇ ਉਸ ਉੱਤੇ ਗ਼ਦਰੀ ਸ਼ਹੀਦਾਂ ਅਤੇ ਹੋਰ ਕੁਰਬਾਨੀ ਵਾਲੇ ਲੋਕਾਂ ਦੇ ਨਾਂ ਖੁਦਵਾ ਦਿੱਤੇ ਸਨ। ਵਿਚ ਨਿੱਕਾ ਜਿਹਾ ਬਗ਼ੀਚਾ ਵੀ ਲਵਾ ਦਿੱਤਾ ਸੀ। ਪਿੰਡ ਦੇ ਅਗਾਂਹਵਧੂ ਨੌਜਵਾਨਾਂ ਤੇ ਕੁਰਬਾਨੀ ਵਾਲੇ ਪਰਿਵਾਰਾਂ ਦੇ ਸਿਆਣੇ ਬੰਦਿਆਂ ਦੀ ਕਮੇਟੀ ਵੀ ਬਣਵਾ ਦਿੱਤੀ ਸੀ। ਪਹਿਲਾਂ ਬਾਬਾ ਇੰਦਰ ਸਿੰਘ, ਫਿਰ ਅਰਜਨ ਸਿੰਘ ਤੇ ਹੁਣ ਕੁਝ ਸਾਲਾਂ ਤੋਂ ਜਗਜੀਤ ਇਸ ਕਮੇਟੀ ਦਾ ਪ੍ਰਧਾਨ ਸੀ।

ਸਤਵੇਂ ਦਹਾਕੇ ਦੇ ਮੁਢਲੇ ਸਾਲਾਂ ਵਿਚ ਅਗਾਂਹਵਧੂ ਲਹਿਰ ਵਿਚ ਆਏ ਉਭਾਰ ਕਾਰਨ ਕਮੇਟੀ ਨੂੰ ਚਲਾਉਣ ਵਾਲੇ ਆਗੂ ਨੌਜਵਾਨਾਂ ਨੇ ਪਿੰਡ ਤੇ ਇਲਾਕੇ ਵਿਚੋਂ ਉਗਰਾਹੀ ਕਰ ਕੇ ਅਤੇ ਬਾਹਰਲੇ ਮੁਲਕਾਂ ਵਿਚ ਰਹਿੰਦੇ ਪਿੰਡ ਵਾਸੀਆਂ ਨੂੰ ਵੰਗਾਰ ਕੇ ਮਾਇਆ ਇਕੱਤਰ ਕੀਤੀ ਤੇ ਏਥੇ ਇਕ ਛੋਟਾ ਹਾਲ ਕਮਰਾ ਵੀ ਬਣਵਾ ਦਿੱਤਾ। ਹਾਲ ਵਿਚ ਮੇਜ਼ ਕੁਰਸੀਆਂ ਲਾ ਕੇ ਅਖ਼ਬਾਰਾਂ ਰਿਸਾਲਿਆਂ ਦਾ ਹੀ ਪ੍ਰਬੰਧ ਨਹੀਂ ਸੀ ਕੀਤਾ ਸਗੋਂ ਚੰਗੇ ਸਾਹਿਤ ਤੇ ਇਨਕਲਾਬੀ ਇਤਿਹਾਸ ਨਾਲ



ਸੰਬੰਧਿਤ ਪੁਸਤਕਾਂ ਵਾਲੀ ਲਾਇਬ੍ਰੇਰੀ ਵੀ ਚਾਲੂ ਕਰ ਦਿੱਤੀ ਸੀ। ਕੋਈ ਨਾ ਕੋਈ ਨੌਜਵਾਨ ਵਾਰੀ ਨਾਲ ਲਾਇਬ੍ਰੇਰੀ ਦੀ ਦੇਖ-ਭਾਲ ਲਈ ਤੇ ਕਿਤਾਬਾਂ ਇਸ਼ੂ ਕਰਨ ਲਈ ਵੀ ਓਥੇ ਬੈਠਣ ਲੱਗਾ। ਬਾਬੇ ਇੰਦਰ ਸਿੰਘ ਦੇ ਚੜ੍ਹਾਈ ਕਰ ਜਾਣ ਪਿੱਛੋਂ ਅਰਜਨ ਸਿੰਘ ਆਪ ਤੇ ਉਹਦੇ ਦੋਵੇਂ ਪੁੱਤ ਲਾਇਬ੍ਰੇਰੀ ਨੂੰ ਬਨਾਉਣ, ਚਲਾਉਣ ਤੇ ਖੋਲ੍ਹਣ ਵਿਚ ਸਦਾ ਅੱਗੇ ਅੱਗੇ ਰਹੇ ਸਨ।

ਪਿਛਲੇ ਦਹਾਕੇ ਵਿਚ ਯਾਦਗਾਰ ਨਾਲ ਜੁੜੇ ਨੌਜਵਾਨ ਜਾਂ ਤਾਂ ਕੰਮਾਂ ਧੰਦਿਆਂ 'ਤੇ ਜਾ ਲੱਗੇ ਸਨ ਤੇ ਜਾਂ ਸਮੇਂ ਨਾਲ ਕਈਆਂ ਦੀ 'ਲਾਲੀ' ਫਿੱਕੀ ਪੈ ਗਈ ਸੀ। ਕੁਝ ਦੀ 'ਲਾਲੀ' ਤਾਂ 'ਨਿਲੱਤਣ' ਵਿਚ ਵੀ ਵਟ ਗਈ ਸੀ। ਕੁਝ ਲੋਕ, ਆਪਣੀ ਲਾਲਸਾ ਨੂੰ ਪੱਠੇ ਪਾਉਣ ਲਈ, ਕੁਝ ਨਵੇਂ ਹਾਲਾਤ ਦੇ ਦਬਾਓ ਅਧੀਨ, ਕੁਝ ਸਿੱਖ ਸਟੂਡੈਂਟ ਫੈਡਰੇਸ਼ਨ ਦੇ ਡਰੇ ਡਰਾਏ ਕਮੇਟੀ ਵਿਚ ਆਪਣੀ ਮਰਜ਼ੀ ਦੀ ਤਬਦੀਲੀ ਕਰਨਾ ਚਾਹੁੰਦੇ ਸਨ ਤੇ ਯਾਦਗਾਰ ਨੂੰ ਵਰਤਣਾ ਵੀ ਆਪਣੇ ਮਕਸਦ ਲਈ ਲੋੜਦੇ ਸਨ। ਉਨ੍ਹਾਂ ਦੇ ਮਕਸਦ ਦੀ ਸੂਹ ਅਰਜਨ ਸਿੰਘ ਨੂੰ ਵੀ ਮਿਲਦੀ ਰਹਿੰਦੀ ਸੀ। ਇਸ ਤਬਦੀਲੀ ਲਈ ਵਿਰੋਧੀ ਧੜੇ ਨੇ ਸਕੱਤਰ ਮੋਹਨ ਸਿੰਘ ਤੇ ਪ੍ਰਧਾਨ ਜਗਜੀਤ ਸਿੰਘ ਦੀ ਸਲਾਹ ਅਤੇ ਮਰਜ਼ੀ ਤੋਂ ਬਿਨਾਂ ਹੀ ਮੀਟਿੰਗ ਵੀ ਸੱਦ ਲਈ। ਪਿੰਡ ਵਿਚ ਢੋਲ ਵੀ ਮਰਵਾ ਦਿੱਤਾ।

ਅੱਜ ਕੱਲ੍ਹ ਉਨ੍ਹਾਂ ਦਾ 'ਰਾਜ' ਸੀ। ਬੇਮੁਹਾਰ ਹਥਿਆਰਾਂ ਦੀ ਤਾਕਤ ਸੀ ਉਨ੍ਹਾਂ ਦੀ ਪਿੱਠ ਪਿੱਛੇ। ਇਕੱਠ ਵਾਲੇ ਦਿਨ ਕਾਮਰੇਡ ਜਗਜੀਤ ਨੇ ਤਾਂ ਓਥੇ ਜਾਣਾ ਬਿਹਤਰ ਨਾ ਸਮਝਿਆ। ਅੱਗ ਵਾਂਗ ਭਖਦੇ ਮਾਹੌਲ ਵਿਚ ਛਾਲ ਮਾਰਨੋਂ ਝਿਜਕਦਾ ਸੀ ਉਹ। ਉਂਝ ਵੀ ਮੀਟਿੰਗ ਕਿਹੜੀ ਕਮੇਟੀ ਦੇ ਨਿਸ਼ਚਿਤ ਸੰਵਿਧਾਨ ਅਨੁਸਾਰ ਹੋ ਰਹੀ ਸੀ!। ਹਿੱਕ ਦੇ ਧੱਕੇ ਵਾਲਿਆਂ ਦਾ ਆਪ-ਮੁਹਾਰਾ ਇਕੱਠ ਸੀ। ਪਰ ਅਰਜਨ ਸਿੰਘ ਨੇ ਨੀਲੀ ਦਸਤਾਰ ਬੱਧੀ ਤੇ ਹੱਥ ਵਿਚ ਤਿੰਨ ਫੁੱਟੀ ਕਿਰਪਾਨ ਲੈ ਕੇ ਇਕੱਠ ਵਿਚ ਇੱਕ ਨੁੱਕਰੇ ਜਾ ਖਲੋਤਾ। ਕਿਸੇ ਨੇ ਉਹਦੀ ਬਜ਼ੁਰਗੀ ਦਾ ਖ਼ਿਆਲ ਰੱਖਦਿਆਂ ਉਸਨੂੰ ਬੈਠਣ ਵਾਸਤੇ ਵੀ ਨਾ ਕਿਹਾ। ਆਪ ਉਸਨੇ ਬੈਠਣਾ ਮੁਨਾਸਬ ਹੀ ਨਾ ਸਮਝਿਆ। ਇਕ ਧੜੇ ਦੇ ਕੁਝ ਕੁ ਕਮੇਟੀ ਮੈਂਬਰਾਂ ਤੋਂ ਇਲਾਵਾ ਪਿੰਡ ਦੀ ਹੋਰ ਮੁੰਡੀਰ ਵੀ ਤਮਾਸ਼ਾ ਵੇਖਣ ਲਈ ਆਣ ਜੁੜੀ ਸੀ ਤੇ ਕੁਰਸੀਆਂ 'ਤੇ 'ਬਿਰਾਜਮਾਨ' ਸੀ। ਬਹੁਤੇ ਮੈਂਬਰ ਮਰਜ਼ੀ ਨਾਲ ਜਾਂ ਇਸ ਝਗੜੇ ਤੋਂ ਡਰਦੇ ਆਏ ਹੀ ਨਹੀਂ ਸਨ। ਕੌਣ ਬਲਦੀ ਦੇ ਬੁੱਥੇ ਆਉਂਦਾ!

'ਲੈਫ਼ਟੀਨੈਂਟ ਜਨਰਲ' ਗੁਰਜੀਤ ਦਾ ਵੱਡਾ ਭਰਾ ਅਜਾਇਬ ਸਿੰਘ ਆਖਣ ਲੱਗਾ, "ਸਾਧ ਸੰਗਤ ਜੀ! ਅੱਜ ਜਦੋਂ ਕੌਮ ਆਪਣੀ ਅਜ਼ਾਦੀ ਦੀ ਲੜਾਈ ਲੜ ਰਹੀ ਆ ਤਾਂ ਕਾਮਰੇਡ ਸਰਕਾਰ ਦਾ ਸਾਥ ਦੇ ਕੇ ਪੰਥ ਨਾਲ ਧ੍ਰੋਹ ਕਮਾ ਰਹੇ ਹਨ। ਸਾਡੀ ਪਹਿਲੀ ਮੰਗ ਤਾਂ ਇਹ ਹੈ ਕਿ ਕਮੇਟੀ ਦਾ ਪ੍ਰਧਾਨ ਕੋਈ 'ਕਾਮਰੇਡ' ਨਹੀਂ ਹੋਣਾ ਚਾਹੀਦਾ। ਉਂਝ ਵੀ ਖ਼ਾਲਸਾ ਜੀ! ਇਹ ਕਿਸੇ ਦੀ ਨਿੱਜੀ ਜਾਇਦਾਦ ਨਹੀਂ ਜੋ ਵਰ੍ਹਿਆਂ ਤੋਂ ਇੱਕੋ ਪਰਿਵਾਰ ਦਾ ਹੀ ਕੋਈ ਨਾ ਕੋਈ ਬੰਦਾ ਇਹਦਾ ਪ੍ਰਧਾਨ ਤੁਰਿਆ ਆਵੇ!"

ਅਕਾਲੀ ਵਿਚਾਰਾਂ ਦਾ ਕਮੇਟੀ ਮੈਂਬਰ ਭਜਨ ਸਿੰਘ ਹੁੰਗਾਰਿਆ, "ਹੂੰ, ਹੂੰ, ਆਹੋ। ਅਸੀਂ ਤਾਂ ਕਈ ਚਿਰ ਦੇ ਆਂਹਦੇ ਆਂ।"

ਉਹ ਵੀ ਪਿੰਡ ਦੇ ਕਿਸੇ ਗ਼ਦਰੀ ਪਰਿਵਾਰ ਦਾ ਪੋਤਰਾ ਸੀ। ਇਸੇ ਕਰਕੇ ਕਮੇਟੀ ਦਾ ਮੈਂਬਰ ਸੀ। ਬਹੁਤੇ ਮੈਂਬਰ ਹੈ ਈ ਉਹ ਸਨ ਜਿਹਨਾਂ ਦਾ ਕੋਈ ਨਾ ਕੋਈ ਵਡੇਰਾ ਗ਼ਦਰ ਪਾਰਟੀ ਵਿਚ ਸ਼ਾਮਲ ਰਿਹਾ ਸੀ ਜਾਂ ਜਿਨ੍ਹਾਂ ਦੇ ਕਿਸੇ ਬਜ਼ੁਰਗ ਨੇ ਗੁਰਦਵਾਰਿਆਂ ਨੂੰ ਆਜ਼ਾਦ ਕਰਾਉਣ ਲਈ ਕਿਸੇ ਮੋਰਚੇ ਵਿਚ ਜਾਂ ਕਿਸੇ ਕਿਸਾਨ ਮੋਰਚੇ ਵਿਚ ਆਜ਼ਾਦੀ ਤੋਂ ਪਹਿਲਾਂ ਕੈਦ ਕੱਟੀ ਸੀ। ਕੁਝ ਮੈਂਬਰ ਉਹ ਵੀ ਸਨ ਜਿਹੜੇ ਦਿੱਖ ਵਜੋਂ ਅਗਾਂਹਵਧੂ ਵਿਚਾਰਾਂ ਦੇ ਸਨ। ਕੁਝ ਸਾਲ ਪਹਿਲਾਂ ਜਦੋਂ ਗੁਰਜੀਤ ਦਾ ਵੱਡਾ ਭਰਾ ਅਜਾਇਬ ਸਿੰਘ ਇਸ ਕਮੇਟੀ ਦਾ ਮੈਂਬਰ ਬਣਿਆ ਸੀ ਤਾਂ ਉਹ ਵੀ 'ਕਾਮਰੇਡ' ਹੀ ਹੁੰਦਾ ਸੀ!

ਇਕੱਠ ਵਿਚ ਖ਼ਾਮੋਸ਼ੀ ਛਾ ਗਈ। ਸਾਰੇ ਅਰਜਨ ਸਿੰਘ ਦੇ ਮੂੰਹ ਵੱਲ ਵੇਖਣ ਲੱਗੇ। ਕੋਈ ਵੀ ਬੋਲ ਨਹੀਂ ਸੀ ਰਿਹਾ।

ਅਰਜਨ ਸਿੰਘ ਨੇ ਜੇਬ ਵਿਚੋਂ ਇਕ ਕਾਗਜ਼ ਕੱਢਿਆ ਤੇ ਲਾਗੇ ਖਲੋਤੇ ਮੁੰਡੇ ਦੇ ਹੱਥ ਵਿਚ ਫੜਾ ਦਿੱਤਾ। ਹੱਥੋ ਹੱਥ ਤੁਰਦਾ ਕਾਗਜ਼ ਮੁੱਖ ਬੁਲਾਰੇ ਕੋਲ ਪਹੁੰਚ ਗਿਆ। ਇਹ ਕਮੇਟੀ ਦੀ ਪ੍ਰਧਾਨਗੀ ਤੋਂ ਜਗਜੀਤ ਸਿੰਘ ਦਾ ਅਸਤੀਫ਼ਾ ਸੀ। ਅਜਾਇਬ ਸਿੰਘ ਨੇ ਬੜੇ ਉਤਸ਼ਾਹ ਵਿਚ ਪੜ੍ਹ ਕੇ ਸੁਣਾਇਆ। ਅੱਜ ਜਿਹੜੇ ਮੁੰਡੇ ਬਿੱਲੂ ਦੇ ਹੱਥ ਵਿਚ ਸਟੇਨ ਗੰਨ ਸੀ, ਉਹ ਉਹਨੀਂ ਦਿਨੀਂ ਅਜੇ 'ਭਗੌੜਾ' ਨਹੀਂ ਸੀ ਹੋਇਆ। ਉਸਨੇ ਜ਼ੋਰ ਦੀ ਜੈਕਾਰਾ ਬੁਲਾਇਆ ਅਤੇ ਫਿਰ ਆਪ ਹੀ ਪਹਿਲਾਂ ਸੋਚਿਆ ਫ਼ੈਸਲਾ ਸੁਣਾ ਦਿੱਤਾ, "ਲੈਫ਼ਟੀਨੈਂਟ ਜਰਨੈਲ ਗੁਰਜੀਤ ਸਿੰਘ ਦੇ ਵੱਡੇ ਭਾ ਜੀ ਸਰਦਾਰ ਅਜਾਇਬ ਸਿੰਘ ਅੱਜ ਤੋਂ ਏਸ ਕਮੇਟੀ ਦੇ ਪ੍ਰਧਾਨ ਹੋਏ।"

ਮੁੰਡੀਰ ਵਿਚੋਂ ਕਿਸੇ ਨੇ ਫੇਰ ਜੈਕਾਰਾ ਛੱਡਿਆ।

ਅੰਦਰੇ ਅੰਦਰ ਅਰਜਨ ਸਿੰਘ ਨੂੰ ਆਪਣੇ ਇਕੱਲੇ ਰਹਿ ਜਾਣ 'ਤੇ ਸ਼ਰਮਿੰਦਗੀ ਆਈ। ਉਸਨੂੰ 'ਕਾਮਰੇਡਾਂ' 'ਤੇ ਗੁੱਸਾ ਵੀ ਆਇਆ ਕਿ ਉਨ੍ਹਾਂ ਦੀ ਧਿਰ ਖੁਰਦੀ ਖੁਰਦੀ ਅਸਲੋਂ ਹੀ ਕਿਉਂ ਖੁਰ ਗਈ ਸੀ! ਉਨ੍ਹਾਂ ਵਿਚੋਂ ਜਾਂ ਉਨ੍ਹਾਂ ਵੱਲੋਂ ਕੋਈ ਤਾਂ ਬੋਲਣ ਵਾਲਾ ਹੁੰਦਾ ਏਥੇ!

ਚੁਣੀ ਹੋਈ ਕਮੇਟੀ ਦੇ ਪੰਜੀ ਬੰਦਿਆਂ ਵਿਚੋਂ ਉਹਦੇ ਆਪਣੇ ਸਣੇ ਮਸਾਂ ਸੱਤ ਮੈਂਬਰ ਹਾਜ਼ਰ ਸਨ। ਬਾਕੀ ਭੀੜ ਤਾਂ ਤਮਾਸ਼ਬੀਨਾਂ ਦੀ ਸੀ। ਨਵਾਂ ਬਣਿਆ 'ਪ੍ਰਧਾਨ' ਕਹਿਣ ਲੱਗਾ, "ਸਾਧ ਸੰਗਤ ਜੀ! ਬਾਕੀ ਮੈਂਬਰ ਅਸੀਂ ਆਪੇ ਹੀ ਆਪਸ ਵਿਚ ਬੈਠ ਕੇ ਆਪਸੀ ਸਲਾਹ ਨਾਲ ਚੁਣ ਲਵਾਂਗੇ। ਦੂਜੀ ਗੱਲ ਜਿਹੜੀ ਅਸੀਂ ਸਭ ਤੋਂ ਪਹਿਲਾਂ ਕਰਨੀ ਏਂ; ਉਹ ਇਹ ਹੈ ਕਿ ਅਸੀਂ ਲਾਇਬ੍ਰੇਰੀ ਵਿਚ ਲੱਗੀਆਂ ਇਨ੍ਹਾਂ ਦੇਸ਼ ਭਗਤਾਂ ਦੀਆਂ ਤਸਵੀਰਾਂ ਦੇ ਨਾਲ 'ਆਪਣੇ ਹੁਣ ਵਾਲੇ ਏਸ ਦੌਰ ਦੇ ਧਰਮ ਯੁਧ ਦੇ ਸ਼ਹੀਦਾਂ ਸੂਰਮਿਆਂ' ਦੀਆਂ ਤਸਵੀਰਾਂ ਵੀ ਲਾਉਣੀਆਂ ਨੇ ਤਾਕਿ ਉਨ੍ਹਾਂ ਦੀ ਯਾਦ ਵੀ ਰਹਿੰਦੀ ਦੁਨੀਆਂ ਤੱਕ ਪੰਥ ਦੇ ਚੇਤਿਆਂ ਵਿਚ ਜਿਉਂਦੀ ਰਹਿ ਸਕੇ।"

ਨਾਲ ਖਲੋਤੇ ਬਿੱਲੂ ਨੇ ਫਿਰ ਤੋਂ ਜੈਕਾਰਾ ਛੱਡਿਆ।

"ਖਲੋ ਜਾ ਉਏ! ਭੂਤਰੀ ਮੁੰਡੀਰੇ!"

ਅੱਗ ਭਬੂਕਾ ਹੋ ਕੇ ਅਰਜਨ ਸਿੰਘ ਗਰਜਿਆ। ਲਾਲ ਅੱਖਾਂ। ਤਪਦਾ ਚਿਹਰਾ।

ਉਹ 'ਨਵੇਂ ਚੁਣੇ ਪ੍ਰਧਾਨ' ਨੂੰ ਸਿੱਧਾ ਮੁਖ਼ਾਤਬ ਹੋਇਆ, "ਬਾਕੀ ਮੈਂਬਰ ਤੂੰ ਆਪੇ ਆਪਣੀ ਸਲਾਹ ਨਾਲ ਚੁਣ ਲਏਂਗਾ! ਹੈਂਅ! ਕਿਉਂ ਤੇਰੇ ਪਿਉ ਦਾ ਰਾਜ ਆ ਉਏ! ਤੇ ਜਿਹੜੇ 'ਸ਼ਹੀਦਾਂ' ਦੀਆਂ ਤੂੰ ਏਥੇ ਫੋਟੋ ਲਾਉਣਾ ਚਾਹੁੰਦੈਂ, ਉਨ੍ਹਾਂ ਦੀ ਗੱਲ ਤਾਂ ਬਾਅਦ 'ਚ ਕਰਦਾਂ; ਪਹਿਲਾਂ ਐਥੇ ਹੀ ਮੇਰੇ ਹੱਥੋਂ ਜਿਹੜਾ ਮਾਈ ਦਾ ਲਾਲ ਸ਼ਹੀਦ ਹੋਣਾ ਚਾਹੁੰਦੈ, ਉਹਦੀ ਫੋਟੋ ਲਾਇਓ ਏਥੇ। ਹੁਣ ਅੱਗੇ ਆਵੇ ਕੋਈ ਆਪਣੀ ਤਸਵੀਰ ਲਵਾਉਣ ਵਾਲਾ! ਮੈਂ ਛਕਾਉਂਦਾ ਉਹਨੂੰ ਸ਼ਹੀਦੀ ਬਾਟਾ!" ਉਸਨੇ ਪਿੱਛੇ ਹਟ ਕੇ ਮਿਆਨ 'ਚੋਂ ਲਿਸ਼ਕਦੀ ਤਲਵਾਰ ਕੱਢ ਕੇ ਵਾਰ ਕਰਨ ਵਰਗਾ ਪੈਂਤੜਾ ਲੈ ਲਿਆ।

ਸਭ ਨੂੰ ਸੱਪ ਸੁੰਘ ਗਿਆ। ਮੂੰਹਾਂ ਉੱਤੋਂ ਹਵਾਈਆਂ ਛੁੱਟਣ ਲੱਗੀਆਂ।

"ਉਸ ਠੇਠਰ ਦੀ ਫੋਟੋ ਲਾਉਣੀ ਜੇ ਏਥੇ; ਜਿਹੜਾ ਗਰੀਬ ਜੱਟਾਂ ਦੀ ਧੀ ਦੀ ਇੱਜ਼ਤ ਕਮਾਦਾਂ ਵਿਚ ਰੋਲਦਾ ਰਿਹਾ ਤੇ ਫਿਰ ਘੇਰਾ ਪੈਣ 'ਤੇ 'ਸ਼ਹੀਦ' ਹੋ ਗਿਆ!"

ਅਰਜਨ ਸਿੰਘ ਨੇ ਆਪਣੇ ਹੀ ਭਾਈਚਾਰੇ ਦੇ ਉਸ ਮੁੰਡੇ ਦਾ ਜ਼ਿਕਰ ਕੀਤਾ ਜਿਹੜਾ ਆਪਣੇ ਗੁਪਤਵਾਸ ਸਮੇਂ ਕਿਸੇ ਬਹਿਕ 'ਤੇ ਅਕਸਰ ਜਾਂਦਾ ਰਹਿੰਦਾ ਸੀ; ਜਿਸਨੇ ਉਨ੍ਹਾਂ ਦੀ ਮੁਟਿਆਰ ਧੀ ਫੁਸਲਾ ਕੇ ਆਪਣੇ ਨਾਲ ਭਜਾ ਲਈ ਸੀ ਤੇ ਉਸਦੀ ਪਤ ਰੋਲਦਾ ਰਿਹਾ ਸੀ। ਉਸ ਗਰੀਬ ਕਿਸਾਨ ਨੇ ਆਪਣੀ ਧੀ ਮੋੜ ਦੇਣ ਲਈ ਕਈ ਥਾਈਂ ਟੱਕਰਾਂ ਮਾਰੀਆਂ ਸਨ। ਤਰਲੇ ਲਏ ਸਨ। ਅਰਜਨ ਸਿੰਘ ਨੂੰ ਅਸਰ-ਰਸੂਖ਼ ਵਾਲਾ ਬੰਦਾ ਸਮਝ ਕੇ ਉਹ ਉਸ ਕੋਲ ਵੀ ਆਇਆ ਸੀ। ਉਹਦੀ ਧੀ ਤਾਂ ਮੁੰਡੇ ਦੇ ਮਾਰੇ ਜਾਣ ਤੋਂ ਪਿੱਛੋਂ ਪੁਲਿਸ ਨੂੰ ਅਰਧ-ਕਮਲੀ ਹੋਈ ਕਮਾਦ ਵਿਚੋਂ ਮਿਲੀ ਸੀ।

ਕਿਸੇ ਦੇ ਮੂੰਹ ਵਿਚ ਜਿਵੇਂ ਜ਼ੁਬਾਨ ਨਹੀਂ ਸੀ।

"ਆਓ ਤਾਂ ਸਹੀ ਕੋਈ ਅੱਗੇ। ਮੈਂ ਤਾਂ ਮਰਨਾ ਠਾਣ ਲਿਐ। ਪਰ ਤੁਹਾਨੂੰ ਕਿਸੇ ਨਾ ਕਿਸੇ ਨੂੰ 'ਸ਼ਹੀਦੀ ਜਾਮ' ਪਿਆ ਕੇ ਈ ਮਰੂੰ। ਤੇ ਤੂੰ ਕਹਿੰਦੈਂ ਇਹ ਯਾਦਗਾਰ ਕਿਸੇ ਦੀ 'ਨਿੱਜੀ ਜਾਇਦਾਦ' ਨਹੀਂ! ਜੇ ਫੇਰ ਪੁੱਛਦੈਂ ਤਾਂ ਇਹ ਮੇਰੀ 'ਨਿੱਜੀ ਜਾਇਦਾਦ' ਈ ਊ ਉਏ! ਇਸ ਕਰਕੇ ਨਹੀਂ ਕਿ ਮੇਰੇ ਪਿਓ ਨੇ ਆਪਣੇ ਪੱਲਿਓਂ ਪੈਸੇ ਖ਼ਰਚ ਕੇ ਇਹ ਥਾਂ ਖ਼ਰੀਦੀ ਸੀ ਤੇ ਏਥੇ ਯਾਦਗਾਰ ਉਸਾਰੀ ਸੀ। ਇਹ ਮੇਰੀ 'ਨਿੱਜੀ ਜਾਇਦਾਦ' ਇਸ ਕਰਕੇ ਹੈ ਕਿ ਇਹ ਜਿਨ੍ਹਾਂ ਦੀ ਯਾਦ ਵਿਚ ਉਸਾਰੀ ਗਈ ਹੈ, ਉਹ ਸਾਰੇ ਮੇਰੇ ਆਪਣੇ 'ਨਿੱਜੀ' ਸਨ, ਮੇਰੇ 'ਨਿਗਦੇ' ਸਨ। ਉਹ ਕਿਸੇ ਨਿੱਜੀ ਰਿਸ਼ਤੇ ਕਰਕੇ ਨਹੀਂ; ਵਿਚਾਰਾਂ ਦੀ ਸਾਂਝ ਕਰਕੇ ਮੇਰੇ ਆਪਣੇ ਨੇ। ਉਨ੍ਹਾਂ ਦੇ ਵਿਚਾਰਾਂ ਦੀ, ਉਨ੍ਹਾਂ ਦੇ ਅਮਲਾਂ ਦੀ ਵਿਰਾਸਤ ਮੇਰੀ ਆਪਣੀ ਹੈ। ਮੇਰੀ 'ਨਿੱਜੀ'। ਇਹ ਧਰਮ-ਨਿਰਪੱਖ, ਅਗਾਂਹਵਧੂ ਵਿਚਾਰਾਂ ਵਾਲੀ ਤੇ ਸਰਬੱਤ ਦਾ ਭਲਾ ਚਾਹੁਣ ਵਾਲੀ ਵਿਰਾਸਤ ਹੀ ਮੇਰੀ 'ਨਿੱਜੀ ਜਾਇਦਾਦ' ਹੈ। ਮੈਂ ਇਸ ਨਿੱਜੀ ਜਾਇਦਾਦ 'ਤੇ ਇੰਜ ਕਿਸੇ ਡਾਕਾ ਨਹੀਂ ਪੈਣ ਦੇਣਾ ਉਏ!"

ਉਸਦੀ ਨਜ਼ਰ ਅਚਨਚੇਤ ਆਪਣੇ ਸੱਜੇ-ਖੱਬੇ ਆਣ ਖਲੋਤੇ ਦੋ ਨੌਜਵਾਨਾਂ ਵੱਲ ਮੁੜੀ। ਉਹਦੇ ਦੋਵੇਂ ਪੋਤਰੇ ਸਨ। ਮਸ-ਫੁੱਟ। ਜਵਾਨੀ ਦੀਆਂ ਬਰੂਹਾਂ ਦੇ ਆਰ-ਪਾਰ ਖਲੋਤੇ ਦਰਸ਼ਨੀ ਜਵਾਨ। ਹੱਥਾਂ ਵਿਚ ਹਾਕੀ-ਸਟਿੱਕਾਂ ਮਜ਼ਬੂਤੀ ਨਾਲ ਫੜੀਆਂ ਹੋਈਆਂ। ਉਨ੍ਹਾਂ ਦੋਵਾਂ ਵੱਲ ਤਰਦੀ ਝਾਤੀ ਸੁੱਟ ਕੇ ਉਸਨੇ ਲਲਕਾਰਾ ਮਾਰਿਆ ਤੇ ਕੁਰਸੀ ਮੱਲ ਕੇ ਬੈਠੇ ਕਿਸੇ ਵਾਫ਼ਰ ਮੁੰਡੇ ਦੀ ਕੁਰਸੀ ਨੂੰ ਪਾਸੇ ਧੱਕਿਆ, "ਪਾਸੇ ਹੋ ਉਏ ਛੋਕਰਿਆ! ਰਾਹ ਛੱਡ।"

ਤੇ ਉਹ ਉੱਘਰੀ ਕਿਰਪਾਨ ਲੈ ਕੇ ਇਕੱਠ ਦੇ ਵਿਚਕਾਰ ਜਾ ਖਲੋਤਾ ਤੇ ਲਲਕਾਰਾ ਮਾਰਿਆ, "ਏਥੇ ਕਿਉਂਕਿ ਕਮੇਟੀ ਦੀ ਮੀਟਿੰਗ ਈ ਸੱਦੀ ਗਈ ਏ, ਭਾਵੇਂ ਇਹ ਠੀਕ ਆ ਜਾਂ ਗ਼ਲਤ, ਇਹਦਾ ਫ਼ੈਸਲਾ ਵੀ ਹੋ ਜਾਊ। ਪਰ ਹਾਲ ਦੀ ਘੜੀ ਜਿਹੜਾ ਕਮੇਟੀ ਦਾ ਮੈਂਬਰ ਏ ਉਹ ਈ ਏਥੇ ਬੈਠਾ ਰਹੇ ਤੇ ਬਾਕੀ ਭਲੇਮਾਣਸ ਬਣ ਕੇ ਹਾਲ ਕਮਰੇ 'ਚੋਂ ਬਾਹਰ ਹੋ ਜਾਓ। ਇਕ ਮਿੰਟ ਵਿਚ। ਫੇਰ ਨਾ ਆਖਿਓ। ਭਗਉਤੀ ਮੇਰੇ ਹੱਥ 'ਚ ਏ। ਕਿਤੇ ਇਹ

**(ਬਾਕੀ ਸਫ਼ਾ 42 'ਤੇ)**

ਗੁਰੂ ਦੇ ਹੁਕਮ ਨਾਲ ਚੱਲ ਨਾ ਜਾਵੇ! ਤੁਹਾਡਾ ਏਥੇ ਕੋਈ ਕੰਮ ਨਹੀਂ।"

ਕਿਰਨ-ਮ-ਕਿਰਨੀ ਸਾਰਾ ਛੋਕਰ-ਵਾਧਾ ਉੱਠ ਕੇ ਬਾਹਰ ਨੂੰ ਤੁਰ ਪਿਆ।

"ਵਾਧਾ ਕਰਦਾ ਏਂ ਤੂੰ ਚਾਚਾ ਅਰਜਨ ਸਿਆਂ!" ਅਕਾਲੀ ਮੈਂਬਰ ਭਜਨ ਸਿੰਘ ਨੇ ਕਿਹਾ।

ਹੁਣ ਸਿਰਫ਼ ਅਰਜਨ ਸਿੰਘ ਦੇ ਦੋਵਾਂ ਪੋਤਰਿਆਂ ਤੋਂ ਇਲਾਵਾ ਕਮੇਟੀ ਦੇ ਚੁਣੇ ਹੋਏ ਸੱਤ ਮੈਂਬਰ ਹੀ ਹਾਲ ਵਿਚ ਰਹਿ ਗਏ ਸਨ।

"ਮੁੰਡਿਓ! ਤੁਸੀਂ ਵੀ ਬਾਹਰ ਜਾ ਕੇ ਖਲੋਵੋ।"

ਅਰਜਨ ਸਿੰਘ ਨੇ ਆਪਣੇ ਪੋਤਰਿਆਂ ਨੂੰ ਕਿਹਾ ਤੇ ਫਿਰ ਭਜਨ ਸਿੰਘ ਨੂੰ ਮੁਖ਼ਾਤਬ ਹੋਇਆ, "ਵਾਧਾ ਤਾਂ ਤੂੰ ਕੀਤੈ ਭਜਨ ਸਿਆਂ! ਕਈ ਚਿਰ ਦਾ ਤੂੰ ਆਪ ਪ੍ਰਧਾਨਗੀ ਲਈ ਖੁੱਡ ਪੁੱਟਦਾ ਪਿਆ ਸੈਂ ਅੰਦਰੇ ਅੰਦਰ। ਸਾਨੂੰ ਭਲਾ ਇਸਦੀ ਖ਼ਬਰ ਨਹੀਂ ਸੀ! ਪਰ ਆਹ ਕੀ ਤਰੀਕਾ ਵਰਤਿਆ ਈ! ਮੁੰਡਿਆਂ ਦੇ ਹਥਿਆਰਾਂ ਦੇ ਜ਼ੋਰ 'ਤੇ ਪ੍ਰਧਾਨਗੀ ਹਥਿਆਉਣਾ ਚਾਹੁੰਦਾ ਸੈਂ ਨਾ! ਮਿਲੀ ਤੈਨੂੰ ਉਹ ਵੀ ਨਾ। ਪ੍ਰਧਾਨਗੀ ਤਾਂ ਲੈ ਗਿਆ ਅਜੈਬ ਸੁੰਹ। ਪਰ ਅਜੈਬ ਸਿਆਂ! ਪ੍ਰਧਾਨ ਤੂੰ ਵੀ ਨਹੀਂ। ਕਿਉਂਕ ਇਹ ਮੀਟਿੰਗ ਨਿਯਮ ਅਨੁਸਾਰ ਨਹੀਂ ਸੱਦੀ ਗਈ। ਤੇ ਜੇ ਇਸ ਮੀਟਿੰਗ ਨੂੰ ਜਾਇਜ਼ ਸੱਦਿਆ ਮੰਨ ਵੀ ਲਈਏ ਤਾਂ ਅਹੁਦੇਦਾਰਾਂ ਨੂੰ ਅਹੁਦੇ ਤੋਂ ਲਾਹੁਣ ਲਈ ਕੋਰਮ ਪੂਰਾ ਨਹੀਂ। ਤੇ ਤੂੰ ਤਾਂ ਕਿਸੇ ਸੂਰਤ ਵਿਚ ਪ੍ਰਧਾਨ ਬਣ ਈ ਨਹੀਂ ਸਕਦਾ ਕਿਉਂਕਿ ਕਮੇਟੀ ਦੇ ਵਿਧਾਨ ਅਨੁਸਾਰ ਮੁੱਖ ਅਹੁਦੇਦਾਰ ਸਿਰਫ਼ ਦੇਸ਼ ਭਗਤਾਂ ਦੇ ਪਰਿਵਾਰਾਂ ਵਿਚੋਂ ਈ ਕੋਈ ਬਣ ਸਕਦੈ। ਜਿੱਥੋਂ ਤੱਕ ਸਾਡੇ ਟੱਬਰ ਦੀ ਗੱਲ ਏ, ਅਸੀਂ ਅੱਗੇ ਤੋਂ ਪ੍ਰਧਾਨਗੀ ਛੱਡੀ। ਪਰਿਵਾਰਵਾਦ ਵਾਲੀ ਗੱਲ ਹੈ ਈ ਮਾੜੀ। ਪਰ ਸਾਨੂੰ ਅੱਗੇ ਲਾਉਂਦੇ ਵੀ ਤਾਂ ਤੁਸੀਂ ਹੀ ਰਹੇ ਓ। ਭਜਨ ਸਿਆਂ! ਜੇ ਕਮੇਟੀ ਮੈਂਬਰ ਤੈਨੂੰ ਪ੍ਰਧਾਨ ਬਨਾਉਣਗੇ ਤਾਂ ਤੂੰ ਈ ਬਣ ਜਾਵੀਂ; ਪਰ ਬਣੇਂਗਾ ਲੋਕ-ਰਾਜੀ ਢੰਗ ਨਾਲ। ਵੋਟਾਂ ਪੈ ਕੇ। ਤੇ ਜਿੰਨਾਂ ਚਿਰ ਨਵੇਂ ਪ੍ਰਧਾਨ ਦੀ ਚੋਣ ਲੋਕ-ਰਾਜੀ ਢੰਗ ਨਾਲ ਨਹੀਂ ਹੁੰਦੀ, ਓਨੇ ਦਿਨ ਏਥੇ ਮੇਰਾ ਡਿਕਟੇਟਰੀ ਰਾਜ ਚੱਲੂ। ਤੁਸੀਂ ਹੁਣ ਵਾਹਗੁਰੂ ਕਹਿ ਕੇ ਏਥੋਂ ਉੱਠੋ ਤੇ ਬਾਹਰ ਚੱਲੋ।"

"ਅਸੀਂ ਤਾਂ ਪਹਿਲਾਂ ਈ ਇਨ੍ਹਾਂ ਨੂੰ ਇਹ ਗੱਲ ਆਖਦੇ ਸਾਂ।" ਦੋ ਕੁ ਮੈਂਬਰਾਂ ਨੇ ਉੱਠਦਿਆਂ ਬੁੜ ਬੁੜ ਕੀਤੀ।

ਉਸ ਰਾਤ ਨੂੰ ਸਾਰਾ ਪਰਿਵਾਰ ਰੋਟੀ ਖਾ ਕੇ ਸੁਫ਼ੇ ਵਿਚ ਮੰਜਿਆਂ 'ਤੇ ਜੁੜ ਬੈਠੇ ਤਾਂ ਅਚਨਚੇਤ ਵੱਡੇ ਪੋਤਰੇ ਨੇ ਕਿੱਲੀ 'ਤੇ ਲਿਆ ਕੇ ਟੰਗੀ ਬਾਪੂ ਦੀ ਕਿਰਪਾਨ ਲਾਹ ਲਈ। ਫਿਰ ਉਹਨੂੰ ਮੁੱਠ ਤੋਂ ਫੜ ਕੇ ਥੋੜ੍ਹਾ ਕੁ ਮਿਆਨੋਂ ਬਾਹਰ ਕੱਢ ਕੇ ਹੱਸਿਆ, "ਅੱਜ ਬਾਪੂ ਜੀ ਦੇ ਹੱਥ ਫੜ੍ਹੀ ਕਿਰਪਾਨ ਦਾ ਚਮਤਕਾਰ ਵੇਖਿਆ। ਇੱਕੋ ਲਲਕਾਰਾ ਮਾਰਿਆ; ਸਭ ਕੱਚੇ ਪਿੱਲੇ ਝੜ ਗਏ ਤੇ ਹਾਲ ਵਿਚੋਂ ਬਾਹਰ ਹੋ ਗਏ।"

ਅਰਜਨ ਸਿੰਘ ਨੇ ਵਰਜਿਆ, "ਕਾਕਾ! ਕਿਰਪਾਨ ਐਵੇਂ ਇਸਤਰ੍ਹਾਂ ਮਿਆਨ ਵਿਚੋਂ ਬਾਹਰ ਨਹੀਂ ਕੱਢੀਦੀ!"

"ਕਿਉਂ ਬਾਪੂ ਜੀ?"

ਅਰਜਨ ਸਿੰਘ ਨੂੰ ਆਪਣਾ ਬਾਪੂ ਚੇਤੇ ਆਇਆ,"ਉਦੋਂ ਕੱਢੀਦੀ ਏ ਜਦੋਂ ਆਪਣਾ ਬਚਾਅ ਕਰਨਾ ਹੋਵੇ ਜਾਂ ਕਿਸੇ ਦੀਨ-ਦੁਖੀ ਦੀ ਰੱਖਿਆ ਕਰਨੀ ਹੋਵੇ!"

ਤੇ ਉਸਨੇ ਕੁਝ ਹੋਰ ਵੀ ਨਾਲ ਜੋੜ ਲਿਆ, "ਤੇ ਜਾਂ ਫਿਰ ਉਦੋਂ ਜਦੋਂ ਤੁਹਾਡੇ ਅੰਦਰ ਬੈਠਾ ਗੁਰੂ ਤੁਹਾਨੂੰ ਵੰਗਾਰ ਕੇ ਆਖੇ ਕਿ ਭਾਈ ਸਿੱਖਾ! ਹੁਣ ਸੱਚ ਸੁਣਾ, ਸੱਚ ਸੁਨਾਉਣ ਦਾ ਵੇਲਾ ਆ ਗਿਐ; ਤੇ ਜੇ ਕਿਸੇ ਨੂੰ ਫਿਰ ਵੀ ਬੋਲਿਆ ਗਿਆ ਸੱਚ ਨਹੀਂ ਸੁਣਦਾ, ਜਾਂ ਉਹ ਸੁਣਨਾ ਹੀ ਨਹੀਂ ਚਾਹੁੰਦਾ ਤੇ ਘੋਗਲ-ਕੰਨਾਂ ਬਣਿਆਂ ਫਿਰਦੈ ਤਾਂ ਫਿਰ ਸ਼ਾਇਦ ਉਸਨੂੰ ਕਿਰਪਾਨ ਦੀ ਆਵਾਜ਼ ਸੁਣਨੀ/ਸੁਨਾਉਣੀ ਹੀ ਠੀਕ ਲੱਗਦੀ ਏ।"

"ਏਸੇ ਕਰਕੇ ਹੀ ਤਾਂ ਅਰਦਾਸ ਕਰਦਿਆਂ ਸਭ ਤੋਂ ਪਹਿਲਾਂ ਭਗਉਤੀ ਨੂੰ ਸਿਮਰਿਆ ਜਾਂਦਾ ਏ। ਕਹਿੰਦੇ ਨੇ ਨਾ, 'ਪ੍ਰਿਥਮ ਭਗਉਤੀ ਸਿਮਰ ਕੇ ਨਾਨਕ ਲਈਂ ਧਿਆਏ।' ਬੜੀ ਕਰਾਮਾਤ ਹੈ ਭਗਉਤੀ ਵਿਚ!" ਮਾਸਟਰ ਹਰਜੀਤ ਸਿੰਘ ਨੇ ਕਿਹਾ।

"ਨਾ ਨਾ ਨਾ! ਮੈਂ ਪਹਿਲਾਂ ਏਹ ਭਗਉਤੀ ਨਹੀਂ ਸਿਮਰਦਾ।"

"ਫਿਰ?"

"ਅਰਦਾਸ ਵਿਚ ਤਾਂ 'ਭਗਉਤੀ' ਦੇ ਅਰਥ ਸ਼ਾਇਦ ਓਸ ਵਾਹਗੁਰੂ ਜਾਂ ਪਾਰਬ੍ਰਹਮ ਦੇ ਹੀ ਨੇ, ਪਰ ਇਸਨੂੰ ਸੁਣਨ ਤੇ ਸਮਝਣ ਵਾਲਿਆਂ ਇਹ ਅਰਥ ਸਿਰਫ਼ ਕਿਰਪਾਨ ਤੱਕ ਹੀ ਘਟਾ ਲਏ ਨੇ। ਤੇ ਜੇ 'ਵਾਹਗੁਰੂ' ਦੇ ਥਾਂ ਉਸਦੇ ਅਰਥ ਸਿਰਫ਼ ਕਿਰਪਾਨ ਦੇ ਹੀ ਲਏ ਜਾਣੇ ਨੇ ਤਾਂ ਫਿਰ ਮੈਂ ਤਾਂ ਪਹਿਲਾਂ 'ਪ੍ਰਿਥਮੈ ਨਾਨਕ ਸਿਮਰ ਕੇ' ਹੀ ਅੱਗੇ ਤੁਰਦਾਂ। ਨਾਨਕ ਨੂੰ ਸਿਮਰੇ ਬਿਨਾਂ ਜਾਂ ਨਾਨਕ ਤੱਕ ਪਹੁੰਚਣ ਤੋਂ ਪਹਿਲਾਂ ਚੱਲੀ ਭਗਉਤੀ ਬੜੀਆਂ ਗੜਬੜਾਂ ਕਰ ਸਕਦੀ ਏ।"

ਜਗਜੀਤ ਸਿੰਘ ਹੱਸਿਆ,"ਬਾਪੂ ਜੀ! ਤੁਹਾਡੀ ਖ਼ਾਹ-ਮ-ਖ਼ਾਹ ਪੰਗਾ ਲੈਣ ਦੀ ਆਦਤ ਨਹੀਂ ਜਾਂਦੀ। ਪਹਿਲਾਂ ਤਾਂ ਤੁਹਾਨੂੰ ਅੱਜ ਜਾਣਾ ਨਹੀਂ ਸੀ ਚਾਹੀਦਾ ਓਥੇ। ਕੋਈ ਅਭੀ ਨਭੀ ਹੋ ਜਾਂਦੀ ਤਾਂ! ਮੈਂ ਤਾਂ ਤੁਹਾਡੀ ਜ਼ਿਦ ਕਰਕੇ ਅਸਤੀਫ਼ਾ ਲਿਖ ਕੇ ਦੇ ਦਿੱਤਾ ਤੇ ਤੁਹਾਨੂੰ ਜਾਣ ਵੀ ਦਿਤਾ। ਉਂਝ ਵੀ ਤੁਸਾਂ ਕਰਨੀ ਤਾਂ ਮਨ ਦੀ ਮਰਜ਼ੀ ਈ ਹੁੰਦੀ ਏ। ਮੈਂ ਲੈਣਾ ਵੀ ਕੀ ਏ ਇਸ ਪ੍ਰਧਾਨਗੀ ਤੋਂ। ਬਣਿਆਂ ਵੀ ਤੁਹਾਡੇ ਆਖੇ ਸਾਂ। ਮੇਰੇ ਕੋਲੋਂ ਤਾਂ ਆਪਣੇ ਮਹਿਕਮੇ ਦੀ ਸਟੇਟ ਦੀ ਸਕੱਤਰੀ ਸਾਂਭਣੀ ਮੁਸ਼ਕਲ ਹੋਈ ਪਈ ਏ। ਪਰ ਝਗੜਾ ਹੋਣ ਦਾ ਤਾਂ ਓਥੇ ਸਾਰਾ ਸਮਾਨ ਅਗਲਿਆਂ ਕੀਤਾ ਹੋਇਆ ਸੀ ਨਾ! ਅਸੀਂ ਏਸੇ ਕਰਕੇ ਮੁੰਡੇ ਪਿੱਛੇ ਘੱਲੇ ਸਨ। ਹੁਣ ਵੀ ਹਾਅ ਗੱਲ ਕਿਧਰੇ ਬਾਹਰ ਨਾ ਕਰਨ ਲੱਗ ਪਿਓ, ਅਗਲੇ ਕਹਿਣਗੇ; ਇਹ 'ਸਾਡੀ ਅਰਦਾਸ' ਈ ਉਲਟ-ਪੁਲਟ ਕਰਨ ਲੱਗ ਪਿਐ।"

"ਮੈਂ ਉਲਟ-ਪੁਲਟ ਕੀ ਕਰਨੈਂ! ਇਹ ਤਰਤੀਬ ਤਾਂ ਮੇਰੇ ਗੁਰੂਆਂ ਨੇ ਹੀ ਬਣਾਈ ਏ। ਮੈਂ ਉਨ੍ਹਾਂ ਦੀ ਬਣਾਈ ਤਰਤੀਬ ਨੂੰ ਕਿਵੇਂ ਬਦਲ ਸਕਦਾਂ! ਉਨ੍ਹਾਂ ਤਾਂ 'ਵਾਹਿਗੁਰੂ' ਜਾਂ ਪਾਰਬ੍ਰਹਮ' ਨੂੰ ਹੀ ਪਹਿਲ ਦਿੱਤੀ ਸੀ। ਪਰ ਅਰਥਾਂ ਦੇ ਅਨਰਥ ਕਰਨ ਵਾਲਿਆਂ ਨੇ ਪਹਿਲ 'ਹਥਿਆਰ' ਨੂੰ ਦੇ ਦਿੱਤੀ। ਏਸੇ ਕਰਕੇ ਬੇਮੁਹਾਰ ਹੋਏ ਹਥਿਆਰ ਗੁਰੂਆਂ ਦੇ ਨਾਂ 'ਤੇ ਚੱਲੀ ਜਾ ਰਹੇ ਨੇ!""

"ਹੱਛਾ! ਏਹ ਗੱਲ ਐ! ਸਾਨੂੰ ਤਾਂ ਪਤਾ ਨਹੀਂ ਸੀ!" ਹਰਜੀਤ ਲਈ ਸ਼ਾਇਦ ਇਹ ਸੱਚਮੁਚ ਨਵੀਂ ਗੱਲ ਸੀ।

"ਮੈਨੂੰ ਕਿਹੜਾ ਸਾਰਾ ਪਤੈ! 'ਵਾਹਗੁਰੂ' ਦਾ ਤਾਂ ਮੈਨੂੰ ਵੀ ਪਤਾ ਨਹੀਂ ਕਿ ਕੀ ਹੈ, ਕਿੱਥੇ ਹੈ, ਕੌਣ ਹੈ! ਮੈਨੂੰ ਤਾਂ ਥੋੜਾ-ਬਹੁਤਾ ਬਾਬੇ ਨਾਨਕ ਦਾ ਈ ਪਤੈ। ਏਸੇ ਕਰਕੇ ਮੈਂ ਤਾਂ ਪਹਿਲਾਂ ਆਪਣੇ ਬਾਬੇ ਦੇ ਆਖੇ ਈ ਲੱਗਣੈਂ। ਉਹ ਜੇ ਆਖੂ ਸੱਚ ਬੋਲ, ਸੱਚ ਬੋਲਾਂਗਾ; ਜੇ ਆਖੂ ਹੁਣ ਏਨੇ ਨਾਲ ਸਰਦਾ ਨਹੀਂ; ਕਿਰਪਾਨ ਚੁੱਕ ਤਾਂ ਕਿਰਪਾਨ ਚੁੱਕ ਲਊਂ। ਮੇਰਾ ਗੁਰੂ ਵੀ ਅਮਲ ਵਿਚ ਤਾਂ ਇਹੋ ਹੀ ਆਖਦਾ ਹੈ ਕਿ ਜਦੋਂ ਸਾਰੇ ਹੀਲੇ-ਵਸੀਲੇ ਫੇਲ੍ਹ ਹੋ ਜਾਣ ਤਾਂ ਹੀ ਤਲਵਾਰ ਦੀ ਮੁੱਠ 'ਤੇ ਹੱਥ ਜਾਣਾ ਜਾਇਜ਼ ਹੈ। ਮੇਰੇ ਗੁਰੂ ਤਾਂ ਜੰਗ ਦੇ ਮੈਦਾਨਾਂ ਵਿਚ ਵੀ ਸੈਦ ਖਾਂ ਤੇ ਪੈਂਦੇ ਖ਼ਾਨ ਵਰਗਿਆਂ ਦੇ ਵੰਗਾਰਵੇਂ ਪਹਿਲੇ ਦੋ ਵਾਰ ਝੱਲ ਕੇ ਤੀਜਾ ਵਾਰ ਹੀ ਤਲਵਾਰ ਦਾ ਬਖ਼ਸ਼ਦੇ ਸਨ।"

ਜਗਜੀਤ ਸਿੰਘ ਦਾ ਚਿਹਰਾ ਅਜੇ ਵੀ ਕੱਸਿਆ ਹੋਇਆ ਸੀ।

"ਪਾਪਾ! ਤੁਸੀਂ ਐਵੇਂ ਬਾਪੂ ਜੀ ਨੂੰ ਕਹਿੰਦੇ ਰਹਿੰਦੇ ਓ। ਜੇ ਉਹ ਅੱਜ ਓਥੇ ਨਾ ਜਾਂਦੇ ਤਾਂ ਉਹ ਤਾਂ ਕਰ ਗਏ ਸੀ ਨਾ ਯਾਦਗ਼ਾਰ 'ਤੇ ਕਬਜ਼ਾ।" ਛੋਟੇ ਪੋਤਰੇ ਨੇ ਕਿਹਾ।

"ਕਾਕਾ! ਤੇਰਾ ਪਾਪਾ ਜਿਹਨੂੰ ਮੇਰਾ 'ਪੰਗਾ ਲੈਣਾ' ਆਖਦੈ, ਮੈਨੂੰ ਉਹ ਆਪਣੀ ਜ਼ਿੰਮੇਵਾਰੀ ਨਿਭਾਉਣੀ ਜਾਪਦੀ ਏ।" ਆਖਦਾ ਹੋਇਆ ਅਰਜਨ ਸਿੰਘ ਆਪਣਾ ਪਰਨਾ ਸੰਭਾਲਦਾ ਸੌਣ ਲਈ ਆਪਣੇ ਕਮਰੇ ਵੱਲ ਤੁਰ ਪਿਆ।

"ਤੁਹਾਡੀਆਂ ਤੁਸੀਂ ਜਾਣੋਂ। ਪਰ ਹੁਣ ਹਾਲਾਤ ਇਹੋ ਜਿਹੇ ਬਣ ਗਏ ਨੇ ਕਿ ਬਹੁਤ ਸਾਵਧਾਨ ਹੋ ਕੇ ਬਾਹਰ ਨਿਕਲਣ ਦੀ ਲੋੜ ਹੈ ਸਾਰਿਆਂ ਨੂੰ। ਚਿੱਪ ਚੜ੍ਹ ਕੇ ਉਹ ਕੁਝ ਵੀ ਕਰ ਕਰਾ ਸਕਦੇ ਨੇ! ਪਤਾ ਨਹੀਂ ਕਿਹੜੇ ਵੇਲੇ ਕਿਹੜੀ ਗਲੀ 'ਚੋਂ, ਕਿਹੜੇ ਪਾਸੇ ਤੋਂ ਕਿਸੇ ਨੇ ਕਦੋਂ ਹਮਲਾ ਕਰ ਦੇਣੈਂ। ਲਗਾਤਾਰ ਚੌਕਸੀ ਬਹੁਤ ਜ਼ਰੂਰੀ ਏ ਸਾਰੇ ਟੱਬਰ ਲਈ। ਪਰ ਬਾਪੂ ਜੀ ਤੁਹਾਡੇ ਲਈ ਇਹਦੀ ਕੁਝ ਜ਼ਿਆਦਾ ਈ ਜ਼ਰੂਰਤ ਏ।" ਤੁਰੇ ਜਾਂਦੇ ਅਰਜਨ ਸਿੰਘ ਨੂੰ ਜਗਜੀਤ ਸਿੰਘ ਦੀ ਚੇਤਾਵਨੀ ਸੀ।

-ਪਰ ਅੱਜ ਤਾਂ ਉਹ ਬਿਨਾਂ ਚੌਕਸੀ ਤੋਂ ਈ 'ਕਾਬੂ' ਆ ਗਿਆ ਲੱਗਦਾ ਸੀ। ਸ਼ਾਇਦ ਮੁੰਡਿਆਂ ਦਾ ਇਹ ਟੋਲਾ ਅੱਜ ਉਹਦੇ ਪਿੱਛੇ ਖੇਤਾਂ ਵਿਚ ਉਸਨੂੰ ਮਾਰਨ ਹੀ ਆਇਆ ਸੀ। ਜੇ ਮਰਨਾ ਹੀ ਏਂ ਤਾਂ ਪਿੱਠ 'ਚ ਗੋਲੀ ਕਿਉਂ ਖਾਵੇ! ਪਰ ਫਿਰ ਖ਼ਿਆਲ ਆਇਆ; ਜੇ ਉਨ੍ਹਾਂ ਚੁੱਪ-ਚੁਪੀਤੇ ਮਾਰਨਾ ਹੁੰਦਾ ਤਾਂ ਉਹਦੀ ਪਿੱਠ ਪਿਛਲੀ ਵੱਟੇ ਹੀ ਉਹ ਬੰਬੀ ਵੱਲ ਆਏ ਜਾਪਦੇ ਸਨ। ਮਾਰ ਦਿੰਦੇ। ਤਾਂ ਕੀ ਹੁਣ ਉਸਨੂੰ ਵੰਗਾਰ ਕੇ ਮਾਰਨਗੇ? ਉਨ੍ਹਾਂ ਮਾਰਨਾ ਈ ਏਂ ਤਾਂ ਵੇਖੀ ਜਾਊ। ਪਰ ਉਨ੍ਹਾਂ ਨੂੰ ਵੰਗਾਰਨ ਦਾ ਮੌਕਾ ਦੇਣ ਤੋਂ ਪਹਿਲਾਂ ਆਪ ਕਿਉਂ ਨਾ ਵੰਗਾਰ ਬਣ ਕੇ ਉਨ੍ਹਾਂ ਅੱਗੇ ਜਾ ਖਲੋਵਾਂ! ਗੁਰੂ ਦਾ ਸਿੰਘ ਹੋ ਕੇ ਮੈਦਾਨ ਛੱਡ ਕੇ ਭੱਜਦਾ ਕੀ ਮੈਂ ਚੰਗਾ ਲੱਗਾਂਗਾ!

ਸੇਕ ਉਹਦੇ ਸਿਰ ਨੂੰ ਚੜ੍ਹਦਾ ਜਾਂਦਾ ਸੀ। ਉਹ ਇਸ ਸੇਕ ਤੋਂ ਭਾਰ-ਮੁਕਤ ਹੋਣਾ ਚਾਹੁੰਦਾ ਸੀ। ਅੰਦਰੋਂ ਬਹੁਤ ਕਾਹਲਾ ਪਰ ਬਾਹਰੋਂ ਠਰ੍ਹੰਮੇਂ ਨਾਲ ਹੌਲੀ ਹੌਲੀ ਤੁਰਦਾ ਉਹ ਬੰਬੀ ਕੋਲ ਗਿਆ।

ਮੁੰਡਿਆਂ ਨੇ ਉਹਦੇ ਵੱਲ ਵੇਖਿਆ। ਉਹ ਕਿੱਲੀ ਵੱਲ ਵਧਿਆ। ਕਿਰਪਾਨ ਨੂੰ ਹੱਥ ਲਾਉਣ ਤੋਂ ਪਹਿਲਾਂ ਉਸਨੇ ਆਖਿਆ, "ਸ—ਸ- ਸਿੰ"

ਪਰ ਉਹਦੀ ਜ਼ਬਾਨ ਰੁਕ ਗਈ।

"ਸਿੰਘਾ! ਆਹ ਹਥਿਆਰ ਪਾਸੇ ਕਰੀਂ ਜ਼ਰਾ" ਆਖਣ ਨੂੰ ਉਹਦਾ ਚਿੱਤ ਨਾ ਕੀਤਾ।

"ਕਾਕਾ! ਆਹ ਹਥਿਆਰ ਪਾਸੇ ਕਰੀਂ ਜ਼ਰਾ" ਉਸਨੇ ਆਖਿਆ।

ਬਿੱਲੂ ਨੇ ਅੱਖਾਂ ਹੀ ਅੱਖਾਂ ਵਿਚ ਆਗੂ ਗੁਰਜੀਤ ਨੂੰ ਪੁੱਛਿਆ ਤੇ ਇਸ਼ਾਰਾ ਪਾ ਕੇ ਗੰਨੇ ਦੀ ਛਿੱਲੀ ਗੁੱਲੀ ਨੂੰ ਡੱਕੀ ਵੱਢਦਿਆਂ ਗਨੇਰੀ ਮੂੰਹ ਵਿਚ ਪਾਈ ਤੇ ਗੰਨਾਂ ਚੁਬੱਚੇ ਦੇ ਬੰਨੇਂ 'ਤੇ ਰੱਖਦਿਆਂ ਸਟੇਨ ਲਾਹ ਕੇ ਹੱਥ ਵਿਚ ਫੜ੍ਹ ਲਈ।

ਅਰਜਨ ਸਿੰਘ ਨੇ ਕਿਰਪਾਨ ਨੂੰ ਆਰਾਮ ਨਾਲ ਕਿੱਲੀ ਤੋਂ ਲਾਹਿਆ। ਉਹਦੇ ਮੱਥੇ ਵਿਚ ਫ਼ੈਲੀ ਗੈਸ ਦਾ ਦਬਾਓ ਘਟਣਾ ਸ਼ੁਰੂ ਹੋ ਗਿਆ। ਉਹ ਟਿਕਾਓ ਵਿਚ ਆ ਗਿਆ।

ਸਟੇਨ ਫੜ੍ਹ ਕੇ ਬਿੱਲੂ ਚੁਬੱਚੇ ਦੇ ਪਰਲੇ ਪਾਸੇ ਖਲੋਤੇ ਗੁਰਜੀਤ ਕੋਲ ਗਿਆ ਤੇ ਹੌਲੀ ਜਿਹੀ ਉਸਦੇ ਕੰਨ ਵਿਚ ਖੁਸਰ-ਫੁਸਰ ਕੀਤੀ, "ਹੋਰ ਨਹੀਂ ਤਾਂ ਇਹਦੇ ਪਿਓ ਮਾਇਆ ਰਾਮ ਦਾ ਸੁਨੇਹਾਂ ਤਾਂ ਇਹਨੂੰ ਦੇ ਈ ਜਾਈਏ। ਇਹਨੂੰ ਵੀ ਕੰਨ ਹੋ ਜਾਣ!" ਧਿਆਨ ਦੇਣ ਤੇ ਜ਼ੋਰ ਲਾਉਣ ਦੇ ਬਾਵਜੂਦ ਵੀ ਅਰਜਨ ਸਿੰਘ ਨੂੰ ਬੰਬੀ ਦੇ ਚੁਬੱਚੇ ਵਿਚ ਡਿੱਗਦੇ ਪਾਣੀ ਦੇ ਸ਼ੋਰ ਵਿਚ ਉਨ੍ਹਾਂ ਦੀ ਗੱਲ ਨਾ ਸੁਣੀ।

ਤੁਰਨ ਲੱਗੇ ਆਗੂ ਗੁਰਜੀਤ ਦੇ ਮਨ ਵਿਚ ਪਤਾ ਨਹੀਂ ਕੀ ਗੱਲ ਆਈ, ਕਹਿੰਦਾ, "ਚੰਗਾ ਬਾਪੂ ਜੀ! ਵਾਹਿਗੁਰੂ ਜੀ ਕਾ ਖ਼ਾਲਸਾ; ਵਾਹਿਗੁਰੂ ਜੀ ਕੀ ਫ਼ਤਹਿ!"

ਅਰਜਨ ਸਿੰਘ ਉਨ੍ਹਾਂ ਨੂੰ ਬੜੀ ਭੈੜੀ ਬਦ-ਅਸੀਸ ਦੇਣੀ ਚਾਹੁੰਦਾ ਸੀ। ਜਿਹੜੀ ਕਰਤੂਤ ਉਨ੍ਹਾਂ ਨੇ ਪਰਸੋਂ ਕੀਤੀ ਸੀ, ਉਹਦੇ ਲਈ ਤਾਂ ਉਹ ਵੱਡੀ ਤੋਂ ਵੱਡੀ ਸਜ਼ਾ ਦੇ ਹੱਕਦਾਰ ਸਨ। ਉਨ੍ਹਾਂ ਨੇ ਉਹਦੇ ਇਸ਼ਟ ਦਾ ਕਤਲ਼ ਕੀਤਾ ਸੀ! ਉਹਦੇ ਰਹਿਬਰ ਦਾ!

ਪਰ ਉਸਦੇ ਮੂੰਹੋਂ ਨਿਕਲ ਗਿਆ:

"ਵਾਹਰ ਜੀ ਕਾ ਖ਼ਾਲਸਾ ਪੁੱਤਰੋ! ਜਿਊਂਦੇ ਵੱਸਦੇ ਰਹੋ।"

ਉਹਨੇ ਜਾਂਦੇ ਤਿੰਨਾਂ ਮੁੰਡਿਆਂ ਦੀਆਂ ਪਿੱਠਾਂ ਵੱਲ ਵੇਖਿਆ। ਇਕ ਪਲ ਉਹਨੂੰ ਜਗਜੀਤ, ਹਰਜੀਤ ਤੇ ਫੁੰਮਣ ਜਾਂਦੇ ਲੱਗੇ।

ਆਪਣੇ ਆਪ 'ਤੇ ਹਾਸਾ ਵੀ ਆਇਆ। ਇਕ ਦਮ ਕੀ ਹੋ ਜਾਂਦੈ ਉਸਨੂੰ! ਕਦੀ ਅੱਗ ਦਾ ਬਲਦਾ ਗੋਲ਼ਾ; ਕਦੀ ਪਿਘਲੀ ਹੋਈ ਬਰਫ਼!

ਦੋ ਤਿੰਨ 'ਜਾਣ-ਪਛਾਣ' ਵਾਲੀਆਂ ਚਿੜੀਆਂ ਉਹਦੇ ਲਾਗੇ ਆ ਕੇ 'ਚੂੰ! ਚੂੰ' ਕਰਨ ਲੱਗੀਆਂ।

"ਦਾਣਾ ਦੇ! ਦਾਣਾ ਦੇ!" ਨਿਆਣਿਆਂ ਵਾਲੀ ਜ਼ਿਦ!

ਬਰਫ਼ ਪਿਘਲ ਗਈ। ਬੰਬੀ ਵਾਲੇ ਕੋਠੇ ਵਿਚ ਗਿਆ ਤੇ ਮਿੱਟੀ ਦੇ ਵੱਡੇ ਮੱਘੇ ਵਿਚ ਇਸੇ ਮਕਸਦ ਲਈ ਰੱਖੇ, ਕਣਕ, ਬਾਜਰੇ ਤੇ ਚੌਲਾਂ ਦੇ ਟੋਟੇ ਦੀ ਮੁੱਠ ਭਰ ਲਿਆਇਆ। ਚੁਬੱਚੇ ਦੀ ਚੌੜੀ ਬੰਨੀ 'ਤੇ ਥੋੜ੍ਹੀ ਜਿਹੀ ਮੁੱਠ ਢਿੱਲੀ ਕੀਤੀ ਤਾਂ ਤਿੰਨ ਚਾਰ ਹੋਰ ਚਿੜੀਆਂ ਵੀ ਪਤਾ ਨਹੀਂ ਕਿਧਰੋਂ ਆਣ ਟਪਕੀਆਂ। ਉਹ ਲਾਗੇ ਖਲੋਤਾ ਉਨ੍ਹਾਂ ਦੀਆਂ ਤੇਜ਼ ਚੱਲਦੀਆਂ ਨਿੱਕੀਆਂ ਨਿੱਕੀਆਂ ਚੁੰਝਾਂ, ਢੁਕਵਾਂ ਥਾਂ ਬਦਲਣ ਲਈ ਟਪੂਸੀਆਂ ਲਾਉਂਦੇ ਪੈਰਾਂ ਤੇ ਫੜਕਦੇ ਖੰਭਾਂ ਨੂੰ ਨਿਹਾਰਨ ਲੱਗਾ ਕਿਸੇ ਡੂੰਘ ਵਿਚ ਉੱਤਰ ਗਿਆ।

ਦੇਸ਼ ਦੀ ਵੰਡ ਤੋਂ ਪਹਿਲਾਂ ਦੇ ਦਿਨ। ਜਵਾਨੀ ਦਾ ਵਾਰਾ ਪਹਿਰਾ! ਉਹਦੇ ਅਜੀਬ ਸ਼ੌਕ! ਕੁੱਕੜ, ਕਬੂਤਰ ਤੇ ਬਟੇਰੇ ਪਾਲਣੇ। ਉਨ੍ਹਾਂ ਨੂੰ ਚਾਂਦੀ ਦੇ ਵਰਕਾਂ ਵਿਚ ਬਦਾਮਾਂ, ਮੇਵਿਆਂ ਤੇ ਮੁਨੱਕਿਆਂ ਦਾ ਚੂਰਾ ਲਪੇਟ ਕੇ ਖਵਾਉਣਾ। ਫਿਰ ਕੁੱਕੜਾਂ, ਬਟੇਰਿਆਂ ਦੀ ਲੜਾਈ ਤੇ ਕਬੂਤਰਾਂ ਨੂੰ ਉਡਾਉਣ ਦੀਆਂ ਸ਼ਰਤਾਂ ਲਾਉਣੀਆਂ।

ਇਕ ਵਾਰ ਤਰਨਤਾਰਨੋਂ ਮੱਸਿਆ ਵੇਖ ਕੇ ਆਉਂਦਿਆਂ ਉਸਨੂੰ ਆਪਣੇ ਬੇਲੀ ਫੱਜੇ ਤੇਲੀ ਦੀ ਦੱਸੀ ਗੱਲ ਯਾਦ ਆਈ, "ਝਬਾਲ ਅੱਡੇ 'ਤੇ ਮਾਇਆ ਰਾਮ ਮਸ਼ੀਨ ਵਾਲਾ ਜਨੌਰਾਂ ਦਾ ਬੜਾ ਵਧੀਆ ਦਾਣਾ ਰੱਖਦੈ। ਅਗਲੇ ਗੇੜੇ ਜਦੋਂ ਮੱਸਿਆ ਗਏ ਤਾਂ ਓਥੋਂ ਹੁੰਦੇ ਆਵਾਂਗੇ।"

ਉਹਨੇ ਘੁੱਗੂ ਦੀ ਆਵਾਜ਼ ਦੀ ਸੂਹ ਨਾਲ ਮਸ਼ੀਨ ਲੱਭ ਲਈ। ਮਾਇਆ ਰਾਮ ਕੰਡੇ 'ਤੇ ਬੈਠਾ ਦਾਣੇ ਜੋਖ ਰਿਹਾ ਸੀ। ਇੱਕ ਮੁੰਡਾ ਚੱਲਦੀ ਮਸ਼ੀਨ ਅੱਗੇ ਪੀਸੀਦਾ ਆਟਾ ਪਾਉਣ ਲਈ ਬੋਰੀ ਲਾਈ ਖੜਾ ਸੀ।

"ਸ਼ਾਹ ਜੀ! ਜਨੌਰਾਂ ਲਈ ਦਾਣਾ ਚਾਹੀਦੈ।"

"ਜਿੰਨਾਂ ਚਾਹੇਂ ਜਵਾਨਾ!" ਮਾਇਆ ਰਾਮ ਆਪ ਉੱਠ ਕੇ ਇੱਕ ਨੁੱਕਰ ਵੱਲ ਵਧਿਆ। ਉਹਨੇ ਦੋ ਦੋ ਸੇਰ ਦੀਆਂ ਗੁੱਥੀਆਂ ਚੁੱਕ ਕੇ ਪਾਸੇ ਕਰਦਿਆਂ ਕਿਹਾ, "ਆਹ ਲੈ ਕੰਗਣੀ, ਆਹ ਬਾਜਰਾ, ਆਹ ਚੌਲਾਂ ਦਾ ਟੋਟਾ ਤੇ ਆਹ—।"

ਪੰਜ ਸੱਤ ਥੈਲੀਆਂ ਅਰਜਨ ਨੇ ਪਾਸੇ ਰਖਵਾ ਲਈਆਂ। ਬੋਝੇ ਵਿਚ ਹੱਥ ਪਾਇਆ ਤਾਂ ਹੱਥਾਂ ਦੇ ਤੋਤੇ ਉੱਡ ਗਏ। ਹੱਥ ਸ਼ਰਮਿੰਦਾ ਹੋਇਆ ਬੋਝੇ ਵਿਚੋਂ ਹੇਠਾਂ ਨਿਕਲ ਗਿਆ। ਸੋਲਾਂ ਰੁਪਏ ਸਨ ਗੰਢ ਦੇ ਪੱਲੇ। ਕਿਸੇ ਨੇ ਮੱਸਿਆ ਵਿਚ ਉਹਦੀ ਗੰਢ ਖਿਸਕਾ ਲਈ ਸੀ। ਨਿਰਾਸ਼ਾ ਵਿਚ ਸਿਰ ਹਿਲਾ ਕੇ ਉਹਨੇ ਆਖਿਆ, "ਸ਼ਾਹ ਜੀ! ਰਹਿਣ ਦਿਓ ਦਾਣਾ। ਕੋਈ ਗੰਢ ਕੱਪ ਦਾਅ ਲਾ ਗਿਆ ਪੈਸਿਆਂ ਨੂੰ।"

ਉਸਨੇ ਆਪ ਹੀ ਦਾਣੇ ਵਾਲੀਆਂ ਗੁੱਥੀਆਂ ਚੁੱਕ ਕੇ ਟਿਕਾਣੇ ਸਿਰ ਰੱਖਣੀਆਂ ਸ਼ੁਰੂ ਕਰ ਦਿੱਤੀਆਂ ਤਾਂ ਮਾਇਆ ਰਾਮ ਕਹਿੰਦਾ, "ਜਵਾਨਾ! ਗੁੱਥੀਆਂ ਲੈ ਜਾ। ਪੈਸੇ ਆਪੇ ਆ ਜਾਣਗੇ! ਪੈਸਿਆਂ ਦਾ ਫ਼ਿਕਰ ਨਾ ਕਰ ਤੂੰ।"

ਉਹ ਮਾਇਆ ਰਾਮ ਦੀ ਸਖ਼ਾਵਤ ਤੇ ਦਰਿਆ ਦਿਲੀ ਤੇ ਹੈਰਾਨ! ਚੰਗੇ ਭਲੇ ਜਾਣ-ਪਛਾਣ ਵਾਲਿਆਂ ਨੂੰ ਵੀ ਕੋਈ ਛੇਤੀ ਕੀਤੇ ਹੁਧਾਰ ਨਹੀਂ ਦਿੰਦਾ। ਉਸ ਨਾਲ ਤਾਂ ਮਾਇਆ ਰਾਮ ਦੀ ਨਾ ਕੋਈ ਜਾਣ ਨਾ ਪਛਾਣ। ਨਾ ਉਹਦੇ ਪਿੰਡ ਦਾ ਉਹਨੂੰ ਕੋਈ ਥਹੁ ਪਤਾ। ਪਹਿਲੀ ਵਾਰ ਇਕ ਦੂਜੇ ਨੂੰ ਮਿਲੇ।

"ਸ਼ਾਹ ਜੀ! ਦਾਣਾ ਤਾਂ ਮੈਂ ਲੈ ਜਾਊਂ; ਪਰ ਪਹਿਲਾਂ ਮੇਰਾ ਇੱਕ ਸ਼ੰਕਾ ਨਵਿਰਤ ਕਰੋ।"

"ਪੁੱਛ ਜਵਾਨਾ!"

"ਨਾ ਤੁਸੀਂ ਮੈਨੂੰ ਜਾਣੋਂ, ਨਾ ਪਛਾਣੋਂ। ਨਾ ਮੇਰੇ ਅੱਗੇ-ਪਿੱਛੇ ਦਾ ਤੁਹਾਨੂੰ ਕੋਈ ਪਤਾ। ਕੱਲ੍ਹ ਨੂੰ ਮੈਂ ਤੁਹਾਡੇ ਪੈਸੇ ਦੇਣ ਆਵਾਂ ਈ ਨਾ! ਤੁਸੀਂ ਇਹ ਨਹੀ ਸੋਚਿਆ ਕਿ ਮੈਨੂੰ ਕਿੱਥੋਂ ਲੱਭੋਗੇ!"

ਮਾਇਆ ਰਾਮ ਖਿਚੜੀ ਮੁੱਛਾਂ 'ਚੋਂ ਮੁਸਕਰਾਇਆ।

"ਜਵਾਨਾਂ! ਮੈਨੂੰ ਪਤੈ ਮੇਰੇ ਇਹ ਪੈਸੇ ਮੁੜ ਆਉਣੇ ਨੇ। ਤੂੰ ਪੁੱਛ ਕਿਉਂ? ਭਲਿਆ-ਮਾਣਸਾ! ਜਿਹੜਾ ਬੰਦਾ ਪੰਛੀਆਂ ਜਨੌਰਾਂ ਨੂੰ ਦਾਣਾ ਪਾਉਂਦੈ, ਉਹ ਮੇਰੇ ਪੈਸੇ ਕਦੀ ਮਾਰ ਈ ਨਹੀਂ ਸਕਦਾ!"

ਮਾਇਆ ਰਾਮ ਦੇ ਚਿਹਰੇ 'ਤੇ ਜਗਦਾ ਸਵੈ-ਵਿਸ਼ਵਾਸ ਉਹਦੇ ਆਪਣੇ ਚਿਹਰੇ 'ਤੇ ਸਵੈ-ਮਾਣ ਦੀ ਆਭਾ ਬਣ ਕੇ ਲਿਸ਼ਕ ਉੱਠਿਆ। ਉਸਨੇ ਅੱਗੇ ਵਧ ਕੇ ਮਾਇਆ ਰਾਮ ਦੇ ਗੋਡਿਆਂ ਨੂੰ ਹੱਥਾਂ ਵਿਚ ਘੁੱਟ ਲਿਆ।

"ਸ਼ਾਹ ਜੀ, ਤੁਹਾਡੇ ਪੈਸੇ ਤਾਂ ਅੱਜ-ਭਲਕ ਵਿਚ ਖ਼ਰੇ ਹੋ ਜਾਣਗੇ। ਪਰ ਜੇ ਅੱਗੋਂ ਕਿਧਰੇ ਜ਼ਿੰਦਗੀ ਵਿਚ ਮੇਰਾ ਕਿਸੇ ਗੱਲੋਂ ਕਦੇ ਬੇਈਮਾਨ ਬਣਨ ਨੂੰ ਜੀਅ ਕੀਤਾ ਵੀ ਤਾਂ ਤੁਹਾਡਾ ਭਰੋਸਾ ਮੈਨੂੰ ਡਿੱਗਦੇ ਨੂੰ ਸੰਭਾਲ ਲਿਆ ਕਰੂ।"

ਮਾਇਆ ਰਾਮ ਦੇ ਬੋਲਾਂ ਨੇ ਪਤਾ ਨਹੀਂ ਉਹਨੂੰ ਕੀ ਕਰ ਦਿੱਤਾ ਸੀ! ਉਹ ਕੁਝ ਹੋਰ ਦਾ ਹੋਰ ਸੋਚੀ ਜਾ ਰਿਹਾ ਸੀ; ਹੋਰ ਦਾ ਹੋਰ ਹੁੰਦਾ ਜਾ ਰਿਹਾ ਸੀ! ਬਾਰ ਬਾਰ ਆਪਣੇ ਆਪ ਨੂੰ ਸਵਾਲ ਕਰਦਾ, "ਕੀ ਮੈਂ ਵਾਕਿਆ ਹੀ ਬੜੇ ਦਰਦਮੰਦ ਦਿਲ ਵਾਲਾ ਹਾਂ! ਕੀ ਮੈਂ ਪੰਛੀਆਂ-ਜਨੌਰਾਂ ਨੂੰ ਇਸੇ ਕਰਕੇ ਚੋਗਾ ਪਾਉਂਦਾ ਹਾਂ ਕਿਉਂਕਿ ਮੈਂ ਉਨ੍ਹਾਂ ਨੂੰ ਦਿਲੋਂ ਬੜਾ ਪਿਆਰ ਕਰਦਾ ਹਾਂ ਤੇ ਉਨ੍ਹਾਂ ਦੀ ਚੋਗੇ ਦੀ ਲੋੜ ਤੇ ਭੁੱਖ ਮੈਨੂੰ ਆਪਣੀ ਲੋੜ ਤੇ ਭੁੱਖ ਵਾਂਗ ਲੱਗਦੀ ਹੈ! ਕਿ ਕੋਈ ਹੋਰ ਵੀ ਗੱਲ ਹੈ ਇਸ ਪਿੱਛੇ?

ਡੂੰਘੇ ਅੰਦਰੋਂ ਲੱਭ ਕੇ ਉਹਦੇ ਮਨ ਨੇ ਆਖਿਆ, 'ਹੋਰ ਗੱਲ ਵੀ ਹੈ ਇਸਦੇ ਪਿੱਛੇ!'

ਉਹ ਗੱਲ ਹੈ ਕੀ? ਉਸਨੂੰ ਇਸਦਾ ਜਵਾਬ ਅੰਦਰੋਂ ਮਿਲਿਆ ਨਾ।

ਅਗਲੇ ਦਿਨ ਹੀ ਉਹਨੂੰ ਕੁੱਕੜਾਂ ਦੀ ਲੜਾਈ ਲਈ ਲੱਗੀ ਸ਼ਰਤ ਭੁਗਤਾਉਣ ਲਾਗਲੇ ਪਿੰਡ ਜਾਣਾ ਪੈਣਾ ਸੀ।

ਲੜਾਈ ਲਈ ਉਹਦਾ 'ਲਾਲ ਸਿਰਾ' ਪੂਰੀ ਤਿਆਰੀ ਵਿਚ ਸੀ। ਫ਼ੈਸਲਾ ਦੇਣ ਵਾਲੇ ਪੰਚ ਇਕ ਪਾਸੇ ਵੱਡੇ ਮੰਜਿਆਂ 'ਤੇ ਬੈਠੇ ਸਨ। ਮੁੱਖ ਪੰਚ ਦੀਵਾਨ ਚੰਦ ਦੇ ਹੱਥ ਵਿਚ ਮਘਦੇ ਹੁੱਕੇ ਦੀ ਨੜੀ ਸੀ। ਲੜਾਈ ਕਰਾਉਣ ਵਾਲਾ ਪੰਚ ਸ਼ਹਾਬੁਦੀਨ ਅਖਾੜੇ ਵਿਚਕਾਰ ਖਲੋਤਾ ਸੀ। ਉਸਨੇ ਕੁੱਕੜਾਂ ਦੇ ਮਾਲਕਾਂ ਨੂੰ ਆਵਾਜ਼ ਦਿੱਤੀ। ਦੋਵੇਂ ਮਾਲਕ ਮੈਦਾਨ ਦੇ ਅੱਧ ਵਿਚਕਾਰ ਪਹੁੰਚੇ। ਅਰਜਨ ਨੇ ਲਾਲ-ਸਿਰੇ ਦੀ ਕਲਗੀ ਨੂੰ ਚੁੰਮਿਆਂ, ਉਹਦੀ ਧੌਣ 'ਤੇ ਹੱਥ ਫੇਰਿਆ ਤੇ ਹੱਥੋਂ ਨਿਕਲ ਨਿਕਲ ਜਾਂਦੇ ਜਨੌਰ ਨੂੰ ਲੜਨ ਲਈ ਛੱਡ ਦਿਤਾ।

ਦੋਵੇਂ ਕੁੱਕੜ ਨੀਵੀਆਂ ਤੇ ਲੰਮੀਆਂ ਧੌਣਾਂ ਕਰਦੇ ਭਲਵਾਨਾਂ ਵਾਂਗ ਦਾਅ ਲਾਉਣ ਲਈ ਗੇੜੀਆਂ ਕੱਢਣ ਲੱਗੇ। ਦੋ-ਤਿੰਨ ਚੱਕਰ ਲਾ ਕੇ ਵਿਰੋਧੀ ਕੁੱਕੜ ਪੈਰ ਜਮਾ ਕੇ ਖਲੋ ਗਿਆ ਤੇ ਇਕ ਪਲ ਲਈ ਲਾਲ-ਸਿਰੇ ਦੀਆਂ ਅੱਖਾਂ ਵਿਚ ਅੱਖਾਂ ਪਾ ਕੇ ਉਸ 'ਤੇ ਸਿੱਧਾ ਭਰਪੂਰ ਹਮਲਾ ਕਰ ਦਿੱਤਾ। ਲਾਲ-ਸਿਰਾ ਮੁਕਾਬਲੇ ਲਈ ਤਿਆਰ ਸੀ। ਦੋਵੇਂ ਹਵਾ ਵਿਚ ਉੱਛਲੇ। ਜ਼ਮੀਨ 'ਤੇ ਪੈਰ ਲਾਉਂਦਿਆਂ ਲਾਲ-ਸਿਰਾ ਥੋੜਾ ਕੁ ਪਿੱਛੇ ਨੂੰ ਉੱਲਰਿਆ। ਪਰ ਛੇਤੀ ਹੀ ਸੰਭਲ ਗਿਆ। ਅਖਾੜੇ ਵਿਚ ਸ਼ੋਰ ਦੀ ਇੱਕ ਲਹਿਰ ਉੱਠੀ। ਦੋਵਾਂ ਧਿਰਾਂ ਦੇ ਹਮਾਇਤੀ ਆਪਣੇ ਆਪਣੇ ਪੱਠੇ ਨੂੰ ਲਲਕਾਰ ਰਹੇ ਸਨ। ਭਖ਼ੇ ਮੈਦਾਨ ਵਿਚ ਦੋਵੇਂ ਕੁੱਕੜ ਹਟ ਹਟ ਕੇ ਹਮਲਾ ਕਰਦੇ। ਬਰਾਬਰ ਦਾ ਜੋੜ। ਜੇ ਇਕ ਪਲ ਲਈ ਇੱਕ ਦਾ ਹੱਥ ਉੱਤੇ ਹੁੰਦਾ ਤਾਂ ਦੂਜੇ ਪਲ ਦੂਜਾ ਹਾਵੀ ਹੋ ਜਾਂਦਾ। ਹਵਾ ਵਿਚ ਲਲਕਾਰੇ ਤੇ ਆਵਾਜ਼ਾਂ ਗੂੰਜ ਰਹੀਆਂ ਸਨ। ਯੁਧ ਦਾ ਲੰਮਾਂ ਸਮਾਂ। ਦੋਵੇਂ ਇੱਕ-ਦੂਜੇ 'ਤੇ ਹਟ ਹਟ ਕੇ ਵਾਰ ਕਰਦੇ। ਲੜਦੇ ਲੜਦੇ ਹਵਾ ਵਿਚ ਉੱਛਲਦੇ। ਡਿੱਗਦੇ, ਉੱਠਦੇ ਤੇ ਫਿਰ ਜੁੱਟ ਪੈਂਦੇ। ਦੋਵੇਂ ਜ਼ਖ਼ਮੀ ਤੇ ਲਹੂ-ਲੁਹਾਨ! ਲੜਾਈ ਦੇ ਅੰਤਮ ਪਲ। ਪਤਾ ਨਹੀਂ ਕੀ ਹੋਇਆ! ਦੋਵਾਂ ਨੇ ਹਟ ਕੇ ਟੱਕਰ ਮਾਰੀ। ਹਵਾ ਵਿਚ ਉੱਛਲੇ ਤੇ ਫਿਰ ਦੋਵੇਂ ਇਕ ਵਾਰਗੀ ਧਰਤੀ 'ਤੇ ਡਿੱਗੇ। ਵਿਰੋਧੀ ਕੁੱਕੜ ਹਰਫ਼ਲਿਆ ਹੋਇਆ ਉੱਠਿਆ ਤੇ ਮੈਦਾਨ ਵਿਚੋਂ ਬਾਹਰ ਭੱਜ ਗਿਆ। 'ਲਾਲ-ਸਿਰਾ' ਅਜੇ ਵੀ ਜ਼ਮੀਨ 'ਤੇ ਵਿਛਿਆ ਪਿਆ ਸੀ।

ਅਰਜਨ ਨੇ ਲਲਕਾਰਾ ਮਾਰਿਆ, "ਉੱਠ ਉਏ ਮੇਰੇ ਸ਼ੇਰ ਬੱਚਿਆ! ਛਾਲ ਮਾਰ। ਐਲੀ ਐਲੀ ਕਰ। ਮੈਦਾਨ ਖਾਲੀ ਹੋ ਗਿਆ ਈ।"

ਜਿੱਤਣ ਲਈ ਜੇਤੂ ਕੁੱਕੜ ਦਾ ਮੈਦਾਨ ਵਿਚ ਖੜਾ ਹੋਣਾ ਲਾਜ਼ਮੀ ਸੀ। 'ਲਾਲ-ਸਿਰੇ' ਨੇ ਉਹਦੀ ਲਲਕਾਰ ਸੁਣੀ। ਉੱਠ ਕੇ ਖੰਭ ਫੜਫੜਾਏ। ਲੰਗੜਾਉਂਦਾ ਹੋਇਆ ਏਧਰ ਓਧਰ ਨਜ਼ਰ ਦੌੜਾ ਕੇ ਦੁਸ਼ਮਣ ਨੂੰ ਲੱਭਣ ਲੱਗਾ।

ਓਧਰ ਉਹਦੀ ਜਿੱਤ ਦਾ ਐਲਾਨ ਹੋਇਆ; ਓਧਰ ਲੜਖੜਾ ਕੇ ਤੁਰਦੇ ਲਾਲ-ਸਿਰੇ ਨੂੰ ਅਰਜਨ ਨੇ ਭੱਜ ਕੇ ਜਾ ਚੁੱਕਿਆ ਤੇ ਆਪਣੇ ਗਲ਼ ਨਾਲ ਘੁੱਟ ਲਿਆ। ਉਸਨੇ ਉਹਦੀ ਜ਼ਖ਼ਮੀ ਧੌਣ 'ਤੇ ਹੱਥ ਫੇਰਿਆ। ਹੱਥ ਲਹੂ ਵਿਚ ਭਿੱਜ ਗਿਆ। ਤ੍ਰਿਪ! ਤ੍ਰਿਪ! ਉਹਦਾ ਚਿੱਟਾ ਕੁੜਤਾ ਵੀ ਲਾਲ ਹੋ ਗਿਆ। ਸਹਿਮ ਕੇ ਉਸਨੇ ਲਾਲ-ਸਿਰੇ ਦੇ ਮੂੰਹ ਵੱਲ ਵੇਖਿਆ। ਲਾਲ-ਸਿਰੇ ਨੇ ਪੀਲੀਆਂ ਭੂਰੀਆਂ ਪਲਕਾਂ ਵਿਚੋਂ ਅਰਜਨ ਵੱਲ ਵੇਖਿਆ। ਤੇ ਫਿਰ ਜਿਵੇਂ ਉਹਦੀਆਂ ਅੱਖਾਂ ਅੱਗੇ ਭੰਬੂ-ਤਾਰੇ ਨੱਚਣ ਲੱਗੇ ਹੋਣ। ਉਹਦੀਆਂ ਖੁੱਲ੍ਹੀਆਂ ਅੱਖਾਂ ਕੰਬਦੀਆਂ ਕੰਬਦੀਆਂ ਹੌਲੀ ਹੌਲੀ ਮਿਚਣ ਲੱਗੀਆਂ ਤੇ ਅਗਲੇ ਪਲ ਉਹ ਅਰਜਨ ਦੀਆਂ ਬਾਹਵਾਂ ਵਿਚ ਲੁੜਕ ਗਿਆ।

"ਉਹ ਮੇਰਿਆ ਰੱਬਾ!" ਅਰਜਨ ਨੇ ਧਾਹ ਮਾਰਨ ਵਰਗੀ ਆਵਾਜ਼ ਕੱਢੀ।

ਦੁਖ-ਸੁਖ ਦਾ ਕੇਹਾ ਅਜੀਬ ਸੁਮੇਲ ਸੀ! ਅਰਜਨ ਨੂੰ ਵਧਾਈਆਂ ਵੀ ਮਿਲ ਰਹੀਆਂ ਸਨ; ਆਖ਼ਰ ਉਹ ਸੌ ਰੁਪਏ ਦੀ ਸ਼ਰਤ ਜਿੱਤਿਆ ਸੀ ਤੇ ਇਹ ਕੋਈ ਛੋਟੀ ਰਕਮ ਨਹੀਂ ਸੀ! ਪਰ ਨਾਲ ਹੀ ਉਸ ਨਾਲ 'ਲਾਲ-ਸਿਰੇ' ਦੀ ਮੌਤ ਦਾ ਅਫ਼ਸੋਸ ਵੀ ਸਾਂਝਾ ਕੀਤਾ ਜਾ ਰਿਹਾ ਸੀ।

ਅਰਜਨ ਨੇ ਲਾਲ-ਸਿਰੇ ਦੀ ਲੋਥ ਹਿੱਕ ਨਾਲ ਘੁੱਟੀ ਤੇ ਪੱਗ ਦੇ ਲੜ ਨਾਲ ਅੱਖਾਂ ਪੂੰਝਦਾ ਅਖਾੜੇ 'ਚੋਂ ਬਾਹਰ ਨਿਕਲਣ ਲੱਗਾ। ਮੁੱਖ ਪੰਚ ਦੀਵਾਨ ਚੰਦ ਨੇ ਅੱਗੇ ਵਧ ਕੇ ਵਧਾਈ ਦਿੰਦਿਆਂ ਤੇ ਉਸਦੇ ਹੱਥ ਵਿਚ ਸੌ ਦਾ ਨੋਟ ਫੜਾਉਂਦਿਆਂ ਦੁੱਖ ਸਾਂਝਾ ਕੀਤਾ, "ਅਰਜਨ ਸਿਆਂ! ਤੇਰਾ 'ਲਾਲ ਸਿਰਾ' ਤਾਂ ਭਰਾਵਾ ਵੱਡੇ ਵੱਡੇ ਰਣਾਂ ਦਾ ਜੇਤੂ ਸੀ। ਇਹੋ ਜਿਹੇ ਸ਼ੇਰ ਕਿਤੇ ਰੋਜ਼ ਰੋਜ਼ ਜੰਮਦੇ ਨੇ!"

"ਨਹੀਂ ਚਾਚਾ! ਮੈਂ ਆਪਣੇ ਪੁੱਤ ਦੀ ਮੌਤ ਦਾ ਮੁੱਲ ਨਹੀਂ ਲੈਣਾ!"

ਉਸਨੇ ਨੋਟ ਵਾਪਸ ਮੋੜਦਿਆਂ ਕਿਹਾ, "ਜਿਧਰ ਗਈਆਂ ਬੇੜੀਆਂ ਓਧਰ ਗਏ ਮਲਾਹ! ਜਿੱਥੇ ਇਹ ਗਿਆ, ਓਧਰ ਗਈਆਂ ਇਹਦੀਆਂ ਜਿੱਤੀਆਂ ਸ਼ਰਤਾਂ!"

ਦੀਵਾਨ ਚੰਦ ਨੇ ਨੋਟ ਉਹਦੇ ਬੋਝੇ ਵਿਚ ਤੁੰਨ ਦਿੱਤਾ।

ਉਹ ਆਪਣੀ ਢਾਣੀ ਨਾਲ ਪਿੰਡ ਨੂੰ ਤੁਰ ਪਿਆ। ਉਹਦੇ ਸਾਥੀ ਫੱਜੇ ਤੇਲੀ ਨੇ ਆਖਿਆ, "ਸਰਦਾਰ! ਆਪਣਾ ਲਾਲ-ਸਿਰਾ ਮੈਦਾਨ ਵਿਚ ਸ਼ਹੀਦ ਹੋ ਗਿਆ। ਰਣ-ਤੱਤੇ ਦਾ ਸੂਰਮਾ! ਇਹਦੀ ਤਾਂ ਯਾਦਗ਼ਾਰੀ ਸਮਾਧੀ ਬਨਾਉਣੀ ਚਾਹੀਦੀ ਹੈ।"

"ਉਏ ਚੱਲ ਉਏ ਬਿੱਜੂਆ ਜਿਹਾ। ਮੂੰਹ ਨਾ ਚੰਗਾ ਹੋਵੇ ਤਾਂ ਬੰਦਾ ਗੱਲ ਤਾਂ ਚੱਜ ਦੀ ਕਰੇ। ਜਾ ਕੇ ਮਸਾਲਾ ਲਾ ਕੇ ਭੁੰਨ ਕੇ ਖਾਂਦੇ ਆਂ। ਸੌ ਦਾ ਖੜ ਖੜ ਕਰਦਾ ਨੋਟ ਜੱਟ ਦੇ ਬੋਝੇ 'ਚ ਆ। ਠੇਕੇ ਦੀਆਂ ਦੋ ਬੋਤਲਾਂ ਲੈਂਦੇ ਜਾਂਦੇ ਆਂ। ਜਸ਼ਨ ਹੋਊ ਅੱਜ ਤਾਂ।" ਅਰਜਨ ਦੇ ਚਚੇਰੇ ਭਰਾ ਪ੍ਰੀਤੂ ਨੇ ਫੱਜੇ ਨੂੰ ਝਿੜਕਿਆ ਤਾਂ ਅਰਜਨ ਨੇ ਲਾਲ ਗਹਿਰੀਆਂ ਅੱਖਾਂ ਨਾਲ ਉਸ ਵੱਲ ਘੂਰ ਕੇ ਵੇਖਿਆ।

ਫਿਰ ਨਹੀਂ ਸਾਰੇ ਰਾਹ ਕਿਸੇ ਨੇ ਗੱਲ ਕੀਤੀ।

***(ਬਾਕੀ ਅਗਲੇ ਅੰਕ 'ਚ)***

## ਰੇਖਾ ਨਾਲ ਬਹੁਤ ਖੂਬਸੂਰਤ ਰਿਸ਼ਤਾ-ਹੇਮਾ



ਡ੍ਰੀਮ ਗਰਲ ਹੇਮਾ ਮਾਲਿਨੀ ਤੇ ਖੂਬਸੂਰਤ ਅਦਾਕਾਰਾ ਰੇਖਾ ਕਈ ਅਰਸੇ ਬਾਅਦ ਨਿਰਦੇਸ਼ਕ ਰਾਜ ਕੰਵਰ ਦੀ ਅਗਲੀ ਫਿਲਮ 'ਸਦੀਆਂ' ਵਿਚ ਨਜ਼ਰ ਆਉਣਗੀਆਂ। ਇਸੇ ਫਿਲਮ ਰਾਹੀਂ ਸ਼ਤਰੂਘਨ ਸਿਨਹਾ ਦੇ ਲੜਕੇ ਲਵ ਸਿਨਹਾ ਵੀ ਫਿਲਮੀ ਦੁਨੀਆ 'ਚ ਕਦਮ ਰੱਖ ਰਹੇ ਹਨ। ਰੇਖਾ ਨਾਲ ਕੰਮ ਕਰਕੇ ਹੇਮਾ ਮਾਲਿਨੀ ਬਹੁਤ ਹੀ ਖੁਸ਼ ਹੈ। ਡ੍ਰੀਮ ਗਰਲ ਹੇਮਾ ਦਾ ਕਹਿਣਾ ਹੈ ਕਿ ਰੇਖਾ ਨਾਲ ਉਨ੍ਹਾਂ ਦਾ ਬਹੁਤ ਹੀ ਪੁਰਾਣਾ ਤੇ ਖੂਬਸੂਰਤ ਰਿਸ਼ਤਾ ਹੈ।

ਹੇਮਾ ਨੇ ਰੇਖਾ ਨਾਲ ਆਪਣੇ ਰਿਸ਼ਤਿਆਂ ਬਾਰੇ ਕਿਹਾ, "ਮੈਨੂੰ ਚੰਗੀ ਤਰ੍ਹਾਂ ਯਾਦ ਹੈ ਕਿ ਰੇਖਾ ਮੇਰੇ ਤੋਂ 5-6 ਸਾਲ ਬਾਅਦ ਫਿਲਮ ਇੰਡਸਟਰੀ 'ਚ ਆਈ ਸੀ, ਅਸੀਂ ਦੋਵੇਂ ਹੀ ਦੱਖਣ ਭਾਰਤ ਨਾਲ ਤਾਲੁਕ ਰੱਖਦੀਆਂ ਹਾਂ ਅਤੇ ਮੁੰਬਈ ਆਉਣ ਤੋਂ ਬਾਅਦ ਰੇਖਾ ਦੀ ਮਾਂ ਸਭ ਤੋਂ ਪਹਿਲਾਂ ਉਨ੍ਹਾਂ ਨੂੰ ਮੇਰੇ ਕੋਲ ਹੀ ਲੈ ਕੇ ਆਈ ਸੀ। ਉਦੋਂ ਤੋਂ ਸਾਡੀ ਦੋਸਤੀ ਹੈ।' ਰੇਖਾ ਦੀ ਮਾਂ ਤੇ ਹੇਮਾ ਦੀ ਮਾਂ ਦੋਵੇਂ ਆਪਸ ਵਿਚ ਚੰਗੀਆਂ ਸਹੇਲੀਆਂ ਸਨ ਅਤੇ ਦੋਵਾਂ ਦਾ ਜਨਮ ਦਿਨ ਵੀ ਇੱਕੋ ਹੀ ਤਰੀਕ ਦਾ ਸੀ।



ਹੇਮਾ ਨੇ ਦੱਸਿਆ ਕਿ ਅੱਜ ਵੀ ਰੇਖਾ ਅਕਸਰ ਉਸ ਨੂੰ ਫੋਨ ਕਰਕੇ ਕਹਿੰਦੀ ਹੈ ਕਿ 'ਦੇਖੋ ਅੱਜ ਸਾਡੀਆਂ ਮਾਂਵਾਂ ਦਾ ਜਨਮ ਦਿਨ ਹੈ।' ਹੇਮਾ ਮਾਲਿਨੀ ਦਾ ਕਹਿਣਾ ਹੈ ਕਿ ਜਿਸ ਦਿਨ ਲਵ ਪੈਦਾ ਹੋਇਆ ਸੀ, ਉਸ ਦਿਨ ਮੈਂ ਹਸਪਤਾਲ 'ਚ ਉਸ ਨੂੰ ਦੇਖਣ ਗਈ ਸੀ।

ਰੇਖਾ ਦੇ ਨਾਲ ਆਉਣ ਵਾਲੀ ਫਿਲਮ 'ਸਦੀਆਂ' 'ਚ ਕੰਮ ਕਰਨ ਦੇ ਤਜ਼ਰਬੇ ਬਾਰੇ ਹੇਮਾ ਮਾਲਿਨੀ ਦਾ ਕਹਿਣਾ ਹੈ ਕਿ ਉਸ ਨਾਲ ਕੰਮ ਕਰਨਾ ਹਮੇਸ਼ਾ ਹੀ ਵਧੀਆ ਰਹਿੰਦਾ ਹੈ। ਹਾਂ, ਮੈਂ ਏਨਾ ਜ਼ਰੂਰ ਕਰਾਂਗੀ ਕਿ ਉਹ ਥੋੜ੍ਹੀ ਪ੍ਰਾਈਵੇਟ ਕਿਸਮ ਦੀ ਇਨਸਾਨ ਹੈ। ਇਸ ਲਈ ਮੈਂ ਉਸ ਨੂੰ ਵਾਰ-ਵਾਰ ਫੋਨ ਨਹੀਂ ਕਰਦੀ, ਕਿਉਂਕਿ ਮੈਨੂੰ ਪਤਾ ਹੈ ਕਿ ਜਦੋਂ ਉਸ ਨੇ ਮੇਰੇ ਨਾਲ ਗੱਲ ਕਰਨੀ ਹੋਵੇਗੀ, ਉਹ ਆਪ ਹੀ ਮੈਨੂੰ ਫੋਨ ਕਰ ਲਵੇਗੀ। ਮੇਰੇ ਹਰ ਦੁੱਖ-ਸੁੱਖ 'ਚ ਮੇਰੇ ਨਾਲ ਖੜੀ ਰਹਿੰਦੀ ਹੈ। 'ਸਦੀਆਂ' 'ਚ ਹੇਮਾ ਇਕ ਪਾਕਿਸਤਾਨੀ ਔਰਤ ਦੀ ਭੂਮਿਕਾ ਨਿਭਾਅ ਰਹੀ ਹੈ। ਆਪਣੀ ਭੂਮਿਕਾ ਬਾਰੇ ਹੇਮਾ ਦਾ ਕਹਿਣਾ ਹੈ ਕਿ ਇਸ ਫਿਲਮ 'ਚ ਮੇਰੀ ਭੂਮਿਕਾ ਦਾ ਨਾਂ ਬੇਨਜ਼ੀਰ ਹੈ, ਜਿਹੜੀ ਪਾਕਿਸਤਾਨ ਤੋਂ ਆਪਣੇ ਗੁਆਚੇ ਹੋਏ ਲੜਕੇ ਦੀ ਭਾਲ 'ਚ ਪਾਕਿ-ਹਿੰਦੁਸਤਾਨ ਦਰਮਿਆਨ ਅਮਨ ਅਤੇ ਦੋਸਤੀ ਦਾ ਇੱਕ ਪੈਗਾਮ ਵੀ ਦੇਵੇਗੀ। ਹੇਮਾ ਨੂੰ ਉਮੀਦ ਹੈ ਕਿ 'ਸਦੀਆਂ' ਦੀ ਕਹਾਣੀ ਆਮ ਕਹਾਣੀਆਂ ਤੋਂ ਬਿਲਕੁੱਲ ਅਲੱਗ ਹੈ ਅਤੇ ਇਹ ਦਰਸ਼ਕਾਂ ਨੂੰ ਜ਼ਰੂਰ ਪਸੰਦ ਆਵੇਗੀ।

## ਆਪਣਾ ਅਕਸ ਸੁਧਾਰ ਰਹੀ ਹੈ ਤਨੂਸ਼੍ਰੀ

ਫਿਲਮ 'ਆਸ਼ਕ ਬਨਾਇਆ ਆਪ ਨੇ' ਤੋਂ ਆਪਣੇ ਕਰੀਅਰ ਦੀ ਸ਼ੁਰੂਆਤ ਕਰਨ ਵਾਲੀ ਹੀਰੋਇਨ ਤਨੂਸ਼੍ਰੀ ਦੱਤਾ ਨੂੰ ਜਲਦੀ ਕਾਮਯਾਬੀ ਨਹੀਂ ਮਿਲੀ। ਉਸ ਦਾ ਕਹਿਣਾ ਹੈ ਕਿ ਫਿਲਮੀ ਸੰਸਾਰ ਦੀ ਛੋਟੀ ਸੋਚ ਕਾਰਨ ਉਨ੍ਹਾਂ ਨੂੰ ਇਨਾ ਸਮਾਂ ਬਰਬਾਦ ਕਰਨਾ ਪਿਆ। ਦੋ ਸਾਲ ਬਾਅਦ ਵੱਡੇ ਪਰਦੇ 'ਤੇ ਵਾਪਸੀ ਕਰ ਰਹੀ ਤਨੂਸ਼੍ਰੀ ਦਾ ਕਹਿਣਾ ਹੈ ਕਿ ਉਸ ਦੀ ਦਿੱਖ ਸਰੀਰ ਵਿਖਾਉਣ ਵਾਲੀਆਂ ਹੀਰੋਇਨਾਂ ਵਾਲੀ ਬਣ ਗਈ ਹੈ। ਉਸ ਨੇ ਕਿਹਾ ਕਿ ਹੈਰਾਨੀ ਵਾਲੀ ਗੱਲ ਹੈ ਕਿ ਮੈਂ ਕਈ ਤਰ੍ਹਾਂ ਦੀਆਂ ਫਿਲਮਾਂ 'ਚ ਕੰਮ ਕਰ ਚੁਕੀ ਹਾਂ ਪਰ ਲੋਕ ਚਾਹੁੰਦੇ ਹਨ ਕਿ ਮੈਂ ਹਰ ਫਿਲਮ 'ਚ ਆਪਣੇ ਸਰੀਰ ਦੀ ਨੁਮਾਇਸ਼ ਹੀ ਕਰਾਂ। 29 ਸਾਲਾ ਸਾਬਕਾ ਮਿਸ ਇੰਡੀਆ ਤਨੂਸ਼੍ਰੀ ਬੜੇ ਚਾਅ ਨਾਲ ਆਪਣੀ ਨਵੀਂ ਫਿਲਮ ਦੀ ਉਡੀਕ ਕਰ ਰਹੀ ਹੈ। ਉਨ੍ਹਾਂ ਕਿਹਾ, ਮੈਂ ਜਾਣਦੀ ਹਾਂ ਕਿ ਲੋਕਾਂ ਵਿਚ ਮੇਰੀ ਕਿਹੋ ਜਿਹੀ ਪਛਾਣ ਹੈ। ਮੈਨੂੰ ਇਸ 'ਚ ਸੁਧਾਰ ਕਰਨ ਲਈ ਕੁਝ ਸਮਾਂ ਲਗੇਗਾ ਪਰ ਮੈਂ ਖੁਸ਼ ਹਾਂ ਕਿ ਮੈਂ ਉਥੇ ਤਕ ਪਹੁੰਚ ਗਈ।

## ਮੱਲਿਕਾ ਨੂੰ ਭਰਾ ਦੀ ਸਲਾਹ



ਦੇਸ਼-ਵਿਦੇਸ਼ 'ਚ ਦੇਹ ਪ੍ਰਦਰਸ਼ਨ ਦੇ ਦਮ 'ਤੇ ਕਾਫੀ ਧੁੰਮਾਂ ਪਾ ਚੁੱਕੀ ਮੱਲਿਕਾ ਸ਼ੇਰਾਵਤ ਨੂੰ ਹੁਣ ਆਪਣਾ ਤਨ ਢੱਕਣ ਦੀ ਸਲਾਹ ਮਿਲੀ ਹੈ। ਉਂਜ ਤਾਂ ਪਹਿਲਾਂ ਵੀ ਕਈ ਲੋਕ ਉਸ ਨੂੰ ਅਜਿਹੀ ਸਲਾਹ ਦਿੰਦੇ ਰਹੇ ਹਨ ਪਰ ਇਸ ਵਾਰ ਦੀ ਸਲਾਹ ਕੁਝ ਖਾਸ ਹੈ। ਕਾਰਨ ਇਹ ਹੈ ਕਿ ਇਸ ਵਾਰ ਤਨ ਢੱਕਣ ਦੀ ਇਹ ਸਲਾਹ ਉਸ ਦੇ ਭਰਾ ਵਲੋਂ ਆਈ ਹੈ। ਮੱਲਿਕਾ ਦੇ ਭਰਾ ਵਿਕਰਮ ਨੇ ਹੁਣੇ ਜਿਹੇ ਉਸ ਨੂੰ ਆਪਣਾ ਸਰੀਰ ਢੱਕਣ ਲਈ ਕਿਹਾ ਅਤੇ ਮੱਲਿਕਾ ਦੀ ਚਮੜੀ ਦੇ ਰੰਗ ਦੀ ਬਿਕਨੀ ਪਹਿਨਣ 'ਤੇ ਹੰਗਾਮਾ ਖੜ੍ਹਾ ਕਰਦਿਆਂ 'ਹਿੱਸ' ਫ਼ਿਲਮ ਦੀ ਸ਼ੂਟਿੰਗ ਰੋਕ ਦਿੱਤੀ। ਵਿਕਰਮ ਇਸ ਫ਼ਿਲਮ ਦਾ ਸਹਿ-ਨਿਰਮਾਤਾ ਹੈ। ਇਸ ਗੱਲ ਨੂੰ ਸਵੀਕਾਰ ਕਰਦਿਆਂ ਮੱਲਿਕਾ ਨੇ ਕਿਹਾ, "ਕੱਪੜਿਆਂ ਦੇ ਮਾਮਲੇ 'ਚ ਅਸੀਂ ਕਦੇ ਇਕ-ਦੂਜੇ ਤੋਂ ਸਹਿਮਤ ਨਹੀਂ ਹੋਏ। ਉਹ ਤਾਂ ਮੇਰੇ ਕੱਚੇ ਸ਼ਾਕਾਹਾਰੀ ਭੋਜਨ 'ਤੇ ਵੀ ਅਸਹਿਮਤੀ ਜਤਾਉਂਦਾ ਹੈ।" ਪਿਛਲੇ ਇਕ ਸਾਲ ਤੋਂ ਲਾਸ ਏਂਜਲਸ ਵਿਚ ਰਹਿ ਰਹੀ ਮੱਲਿਕਾ ਦਾ ਕਹਿਣੈ ਕਿ ਅਮਰੀਕਾ 'ਚ ਲੋਕ ਵਿਅਕਤੀ ਦੀ ਆਜ਼ਾਦੀ ਦੀ ਕਦਰ ਕਰਦੇ ਹਨ, ਫਿਰ ਵੀ ਇਥੇ ਤੁਹਾਨੂੰ ਡਿਪਲੋਮੈਟਿਕ ਬਣਨਾ ਪੈਂਦਾ ਹੈ। 'ਹਿੱਸ' 'ਚ ਉਹ ਕਿੰਨੇ ਮਰਦਾਂ ਨੂੰ ਕਿੱਸ ਕਰਨ ਵਾਲੀ ਹੈ, ਪੁੱਛਣ 'ਤੇ ਮੱਲਿਕਾ ਨੇ ਕਿਹਾ, "ਸੱਪ ਕਿਸੇ ਨੂੰ ਕਿੱਸ ਨਹੀਂ ਕਰਦੇ, ਉਹ ਤਾਂ ਲੋਕਾਂ ਨੂੰ ਨਿਗਲ ਜਾਂਦੇ ਹਨ। ਤੁਹਾਨੂੰ ਪੁੱਛਣਾ ਚਾਹੀਦੈ ਕਿ ਫ਼ਿਲਮ 'ਚ ਮੈਂ ਕਿੰਨੇ ਲੋਕਾਂ ਨੂੰ ਨਿਗਲਿਆ ਹੈ।"

## ਹੁਣ ਅਰਸ਼ਦ ਵਾਰਸੀ ਨੇ ਵੀ ਭਾਅ ਵਧਾਇਆ



ਹਾਲ ਹੀ ਵਿਚ ਰਿਲੀਜ਼ ਹੋਈ ਫਿਲਮ 'ਇਸ਼ਕੀਯਾ' ਦੀ ਕਾਮਯਾਬੀ ਤੋਂ ਬਾਅਦ ਬਾਲੀਵੁਡ ਦੇ ਅਭਿਨੇਤਾ ਅਰਸ਼ਦ ਵਾਰਸੀ ਨੇ ਆਪਣੇ ਭਾਅ 'ਚ ਵਾਧਾ ਕਰ ਲਿਆ ਹੈ ਪਰ ਉਹ ਜ਼ਿਆਦਾ ਪੈਸੇ ਮਿਲਣ ਤੋਂ ਹੈਰਾਨ ਨਹੀਂ ਹੈ। ਉਸ ਨੇ ਕਿਹਾ, "ਮੈਂ ਉਨੇ ਪੈਸੇ ਹੀ ਮੰਗੇ ਹਨ ਜਿੰਨੇ ਦੇ ਮੈਂ ਕਾਬਲ ਹਾਂ, ਪਹਿਲਾਂ ਮੈਨੂੰ ਬਹੁਤ ਘਟ ਪੈਸੇ ਮਿਲਦੇ ਸਨ"।

ਉਸ ਨੇ ਕਿਹਾ ਕਿ ਹੁਣ ਮੈਂ ਤਿੰਨ ਕਰੋੜ ਰੁਪਏ ਦੀ ਮੰਗ ਕਰਾਂਗਾ ਅਤੇ ਜੇਕਰ ਇੰਨੇ ਪੈਸੇ ਨਹੀਂ ਮਿਲਦੇ ਤਾਂ ਮੈਂ ਇਸ ਤੋਂ ਘੱਟ 'ਚ ਵੀ ਕੰਮ ਜਾਰੀ ਰਖਾਂਗਾ। ਉਹਨੇ ਅੱਗੇ ਕਿਹਾ ਕਿ ਜੇਕਰ ਮੈਨੂੰ ਇਸ਼ਕੀਯਾ ਦੇ ਦੂਜੇ ਭਾਗ 'ਚ ਕੰਮ ਕਰਨ ਨੂੰ ਕਿਹਾ ਜਾਂਦਾ ਹੈ ਤਾਂ ਮੈਂ ਪੈਸੇ ਦੀ ਮੰਗ ਨਹੀਂ ਕਰਾਂਗਾ। ਮੈਂ ਮੁੰਨਾ ਭਾਈ ਐਮ. ਬੀ. ਬੀ. ਐਸ. ਲਈ ਵੀ ਕਦੇ ਪੈਸੇ ਦੀ ਮੰਗ ਨਹੀਂ ਕੀਤੀ। ਉਸ ਨੇ ਕਿਹਾ ਕਿ ਜਦੋਂ ਮੈਨੂੰ ਲਗਦਾ ਹੈ ਕਿ ਇਕ ਹੀਰੋ ਦੇ ਤੌਰ 'ਤੇ ਫ਼ਿਲਮ ਮੈਨੂੰ ਮਸ਼ਹੂਰੀ ਦੇਵੇਗੀ ਤਾਂ ਮੈਂ ਪੈਸੇ ਦੀ ਪਰਵਾਹ ਨਹੀਂ ਕਰਦਾ।

## ਜਦੋਂ ਹਿੰਸਕ ਹੋ ਗਈ ਅੰਜਨਾ ਸੁਖਾਨੀ

ਇੰਟਰਨੈਸ਼ਨਲ ਬਿਜ਼ਨੈਸ 'ਚ ਮੈਨੇਜਮੈਂਟ ਡਿਗਰੀ ਹਾਸਲ ਕਰਨ ਪਿਛੋਂ ਆਪਣਾ ਮੂੰਹ ਮਾਡਲਿੰਗ ਅਤੇ ਫ਼ਿਲਮਾਂ ਵਲ ਕਰਨ ਵਾਲੀ ਅੰਜਨਾ ਸੁਖਾਨੀ ਫਿਲਮ ਨਗਰੀ 'ਚ ਕਈ ਸਾਲਾਂ ਤੋਂ ਸੰਘਰਸ਼ਸ਼ੀਲ ਰਹੀ ਹੈ ਅਤੇ ਅੱਜ ਕਲ੍ਹ ਉਸ ਦਾ ਇਕ ਸੰਘਰਸ਼ ਤਾਂ ਕਾਫੀ ਹਿੰਸਕ ਰੂਪ ਲੈ ਚੁੱਕਾ ਹੈ। ਫਿਕਰ ਕਰਨ ਦੀ ਗੱਲ ਨਹੀਂ ਹੈ। ਅਸਲ 'ਚ ਅੱਜ ਕੱਲ੍ਹ ਅੰਜਨਾ ਆਪਣੀ ਅਗਲੀ ਫ਼ਿਲਮ ਦੀ ਸ਼ੂਟਿੰਗ 'ਚ ਬਿਜ਼ੀ ਹੈ, ਜਿਸ ਦੀ ਲੋਕੇਸ਼ਨ ਸੁੰਦਰ ਹਰੇ-ਭਰੇ ਇਲਾਕੇ 'ਚ ਹੋ ਰਹੀ ਹੈ ਪਰ ਇਸ ਹਰਿਆਲੀ ਵਿਚਕਾਰ ਉਸ ਨੂੰ ਅਜੀਬ ਜਿਹੀ ਪ੍ਰੇਸ਼ਾਨੀ ਨਾਲ ਦੋ-ਚਾਰ ਹੋਣਾ ਪੈ ਰਿਹਾ ਹੈ। ਇਹ ਪ੍ਰੇਸ਼ਾਨੀ ਪੈਦਾ ਕਰ ਰਹੇ ਹਨ ਮੱਛਰ।



ਸ਼ੂਟਿੰਗ ਦੇ ਪਹਿਲੇ ਹੀ ਦਿਨ ਕੁਝ ਮੱਛਰ ਉਸ ਦੀ ਵੈਨ 'ਚ ਵੜ ਆਏ। ਉਸ ਨੇ ਅੰਜਨਾ ਦੇ ਨੱਕ 'ਚ ਇੰਨਾ ਜ਼ਿਆਦਾ ਦਮ ਕੀਤਾ ਕਿ ਉਹ 'ਹਿੰਸਾ' 'ਤੇ ਉਤਾਰੂ ਹੋ ਗਈ। ਅੰਜਨਾ ਦਾ ਕਹਿਣੈ ਕਿ ਉਸ ਦਿਨ ਉਥੇ ਉਸ ਦੇ ਅੱਧੇ ਘੰਟੇ 'ਚ ਹੀ ਲੱਗਭਗ 15 ਮੱਛਰਾਂ ਨੂੰ ਮਾਰਿਆ ਹੋਵੇਗਾ। ਅੰਜਨਾ ਨੇ ਕਿਹਾ, "ਮੈਂ ਹਮੇਸ਼ਾ ਅਹਿੰਸਾ 'ਚ ਯਕੀਨ ਕਰਦੀ ਹਾਂ ਪਰ ਇਸ ਨੂੰ ਆਤਮ-ਰੱਖਿਆ 'ਚ ਚੁੱਕਿਆ ਗਿਆ ਕਦਮ ਮੰਨਣਾ ਚਾਹੀਦੈ।"

ਉਂਜ ਇਸ ਪਿਛੋਂ ਫ਼ਿਲਮ ਨਿਰਮਾਤਾਵਾਂ ਨੇ ਉਸ ਦੀ ਵੈਨ ਨੂੰ ਮਾਸਕੀਟੋ ਰੈਪਲੈਂਟਸ ਨਾਲ ਭਰ ਦਿੱਤਾ ਪਰ ਲੱਗਦੈ ਕਿ ਇੰਨੀ ਛੇਤੀ ਉਸ ਨੂੰ ਮੱਛਰਾਂ ਤੋਂ ਛੁਟਕਾਰਾ ਨਹੀਂ ਮਿਲਣ ਵਾਲਾ ਕਿਉਂਕਿ ਅਜੇ ਵੀ ਮੱਛਰ ਇਸ ਸੁੰਦਰੀ ਨੂੰ ਆਪਣਾ ਸ਼ਿਕਾਰ ਬਣਾਉਣ ਦਾ ਮੌਕਾ ਨਹੀਂ ਛੱਡ ਰਹੇ।

## ਅਦਾਕਾਰੀ ਦੇ ਰੂਪ 'ਚ ਅੱਜ ਵੀ ਸਾਡੇ ਕੋਲ ਹੀ ਹੈ ਮੀਨਾ ਕੁਮਾਰੀ

ਭਾਵੇਂ ਅੱਜ ਮੀਨਾ ਕੁਮਾਰੀ ਸਾਡੇ ਵਿਚਕਾਰ ਨਹੀਂ ਹੈ ਪਰ ਫਿਲਮੀ ਦੁਨੀਆਂ ਦੀ ਉਹ ਹਸਤੀ ਮੀਨਾ ਕੁਮਾਰੀ ਦੇ ਨਾਂ ਨਾਲ ਆਪਣੀ ਅਦਾਕਾਰੀ ਦੇ ਰੂਪ 'ਚ ਅੱਜ ਵੀ ਜਿਉਂਦੀ ਹੈ।



ਮੀਨਾ ਕੁਮਾਰੀ ਦਾ ਜਨਮ 1 ਅਗਸਤ 1932 ਨੂੰ ਹੋਇਆ। ਉਨ੍ਹਾਂ ਦਾ ਬਚਪਨ ਦਾ ਨਾਂ ਮਹਾਜਬੀਨ ਅਲੀਬਖ਼ਸ਼ ਨਾਰਾਇਣ ਸੀ। ਉਨ੍ਹਾਂ ਦੇ ਪਿਤਾ ਅਲੀਬਖ਼ਸ਼ ਨਾਰਾਇਣ ਸਟੇਜ 'ਤੇ ਹਰਮੋਨੀਅਮ ਵਜਾਉਂਦੇ ਸਨ। ਮੀਨਾ ਕੁਮਾਰੀ ਦਾ ਬਚਪਨ ਪੜ੍ਹਾਈ ਕਰਨ ਦੀ ਬਜਾਏ ਸਟੂਡੀਓ 'ਚ ਮੇਕਅੱਪ ਕਰਦਿਆਂ ਅਤੇ ਫ਼ਿਲਮਾਂ 'ਚ ਅਦਾਕਾਰੀ ਕਰਦਿਆਂ ਬੀਤਿਆ। ਬੇਬੀ ਮੀਨਾ ਦੇ ਨਾਂ ਨਾਲ 'ਲੰਦਨ ਫੇਸ', 'ਏਕ ਹੀ ਭੂਲ', 'ਬਹਿਨ', 'ਗਰੀਬ', 'ਲਾਲ ਹਵੇਲੀ' ਆਦਿ ਫ਼ਿਲਮਾਂ 'ਚ ਅਦਾਕਾਰੀ ਕੀਤੀ। ਉਨ੍ਹਾਂ ਨੇ 'ਬੱਚੋਂ ਕਾ ਖੇਲ' ਫ਼ਿਲਮ ਤੋਂ ਲੈ ਕੇ 'ਗੋਮਤੀ ਕੇ ਕਿਨਾਰੇ' ਅਤੇ 'ਪਾਕੀਜ਼ਾ' ਤੱਕ ਲਗਭਗ 78 ਫ਼ਿਲਮਾਂ 'ਚ ਬਤੌਰ ਨਾਇਕਾ ਅਦਾਕਾਰੀ ਕੀਤੀ। ਚਿਹਰੇ 'ਤੇ ਮਿੰਨੀ-ਮਿੰਨੀ ਮੁਸਕਰਾਹਟ ਅਤੇ ਨਸ਼ੀਲੀਆਂ ਅੱਖਾਂ ਮੀਨਾ ਕੁਮਾਰੀ ਦੀ ਪਛਾਣ ਬਣ ਗਈਆਂ। ਇਨ੍ਹਾਂ ਨੇ ਹੀ ਉਨ੍ਹਾਂ ਨੂੰ ਵਿਲੱਖਣ ਕਲਾਕਾਰ ਵੀ ਬਣਾ ਦਿੱਤਾ।

ਮੀਨਾ ਕੁਮਾਰੀ ਨੇ ਆਪਣੇ ਵੇਲੇ ਦੇ ਸਾਰੇ ਸਰਵੋਤਮ ਨਿਰਮਾਤਾ ਨਿਰਦੇਸ਼ਕਾਂ ਅਤੇ ਕਲਾਕਾਰਾਂ ਦੇ ਨਾਲ ਕੰਮ ਕੀਤਾ। ਜ਼ੀਆ ਸਰਹੱਦੀ ਦੀ 'ਫੁਟਪਾਥ' 'ਚ ਦਲੀਪ ਕੁਮਾਰ ਨਾਲ ਐਲ. ਬੀ. ਪ੍ਰਸਾਦ ਦੀ 'ਮਿਸ ਮੈਰੀ' 'ਚ ਜੈਮਿਨੀ ਗਣੇਸ਼ਨ ਨਾਲ, ਐਲ. ਬੀ. ਪ੍ਰਸਾਦ ਦੀ ਹੀ ਫ਼ਿਲਮ 'ਸ਼ਾਰਦਾ' 'ਚ ਰਾਜ ਕਪੂਰ ਨਾਲ, ਬਿਮਲ ਰਾਏ ਦੀ 'ਯਹੂਦੀ' 'ਚ ਦਲੀਪ ਕੁਮਾਰ ਨਾਲ 'ਦਿਲ ਏਕ ਮੰਦਿਰ' 'ਚ ਰਜਿੰਦਰ ਕੁਮਾਰ ਨਾਲ, 'ਸਾਹਿਬ ਬੀਵੀ ਔਰ ਗੁਲਾਮ' 'ਚ ਗੁਰੂਦੱਤ ਨਾਲ ਉਨ੍ਹਾਂ ਨੇ ਕੰਮ ਕੀਤਾ ਅਤੇ ਸਫਲਤਾ ਦੀਆਂ ਸਿਖਰਾਂ ਨੂੰ ਛੂਹਿਆ। 'ਕਾਜਲ', 'ਫੂਲ ਔਰ ਪੱਥਰ', 'ਆਰਤੀ', 'ਮੈਂ ਚੁੱਪ ਰਹੂੰਗੀ', 'ਨੂਰਜਹਾਂ' ਉਨ੍ਹਾਂ ਦੀਆਂ ਹਿੱਟ ਫ਼ਿਲਮਾਂ 'ਚ ਸ਼ਾਮਲ ਹਨ।

ਮੀਨਾ ਕੁਮਾਰੀ ਨੇ ਫ਼ਿਲਮ ਨਿਰਦੇਸ਼ਕ ਕਮਾਲ ਅਮਰੋਹੀ ਨਾਲ 24 ਮਈ, 1952 ਨੂੰ ਲਵ ਮੈਰਿਜ ਕੀਤੀ। ਵਿਆਹ ਤੋਂ ਕੁਝ ਸਮੇਂ ਪਿਛੋਂ ਪਤੀ-ਪਤਨੀ ਵਿਚਕਾਰ ਸੰਬੰਧਾਂ 'ਚ ਇਕ ਲੰਬੀ ਤਰੇੜ ਬਣ ਗਈ ਅਤੇ 1964 'ਚ ਉਹ ਵੱਖ ਹੋ ਗਏ ਪਰ ਤਲਾਕ ਨਹੀਂ ਹੋਇਆ। ਮੀਨਾ ਕੁਮਾਰੀ ਸ਼ਰਾਬ ਅਤੇ ਸ਼ਾਇਰੀ ਦੋਹਾਂ ਦੀ ਦੀਵਾਨੀ ਸੀ। ਉਸ ਨੇ 'ਨਾਜ਼' ਨਾਂ ਨਾਲ ਨਜ਼ਮਾਂ ਅਤੇ ਗੀਤ ਲਿਖੇ। ਗਜ਼ਲਾਂ ਅਤੇ ਗੀਤਾਂ ਨੂੰ ਠੀਕ ਕਰਨ 'ਚ ਕੈਫੀ ਆਜ਼ਮੀ ਨੇ ਉਸ ਦੀ ਕਾਫੀ ਮਦਦ ਕੀਤੀ। ਉਸ ਦੀ 'ਤਨਹਾ ਚਾਂਦ' ਕਵਿਤਾਵਾਂ ਦੀ ਕਿਤਾਬ ਕਾਫੀ ਚਰਚਿਤ ਰਹੀ, ਉਸ 'ਚ ਉਨ੍ਹਾਂ ਨੇ ਲਿਖਿਆ ਹੈ :

"ਜ਼ਿੰਦਗੀ ਕਯਾ ਇਸੀ ਕੋ ਕਹਿਤੇ ਹੈਂ,
ਜਿਸਮ ਤਨਹਾ ਔਰ ਜਾਂ ਤਨਹਾ।
ਹਮਸਫਰ ਗਰ ਮਿਲਾ ਭੀ ਕੋਈ ਕਹੀਂ,
ਤੋ ਦੋਨੋਂ ਚਲਤੇ ਰਹੇ ਤਨਹਾ-ਤਨਹਾ।
ਰਾਹ ਦੇਖਾ ਕਰੇਗੇ ਸਦੀਓਂ ਤਕ,
ਛੋੜ ਜਾਏਂਗੇ ਯੇਹ ਜਹਾਂ ਤਨਹਾ।
ਕਿਉਂਕਿ ਚਾਂਦ ਤਨਹਾ ਹੈ ਆਸਮਾਂ ਤਨਹਾ।"

ਫ਼ਿਲਮ 'ਸਾਹਿਬ ਬੀਵੀ ਔਰ ਗੁਲਾਮ 'ਚ ਛੋਟੀ ਬਹੂ ਭਾਵ ਮੀਨਾ ਕੁਮਾਰੀ ਦਾ ਸੰਵਾਦ ਹੈ, "ਇਤਨਾ ਰੁਪਇਆ-ਪੈਸਾ, ਨੌਕਰ-ਚਾਕਰ, ਜ਼ੇਵਰ, ਗਹਿਨਾ ਸਭ ਕੁਛ ਤੋ ਹੈ ਪਰ ਯੇਹ ਸਾਰੇ ਸੁਖ ਖੋਖਲੇ ਹੈਂ... ਔਰਤ ਕਾ ਜੋ ਸਬ ਸੇ ਬੜਾ ਸੁਖ ਹੈ, ਵਹ ਮੁਝੇ ਨਹੀਂ ਮਿਲਾ...।"

ਸ਼ਾਇਦ ਇਹੀ ਕਾਰਨ ਰਿਹਾ ਹੋਵੇਗਾ ਕਿ ਸੁੱਖ ਦੀ ਭਾਲ 'ਚ ਮੀਨਾ ਕੁਮਾਰੀ ਰਸਤੇ 'ਤੋਂ ਭਟਕ ਗਈ ਤੇ ਸ਼ਰਾਬ 'ਚ ਡੁੱਬ ਗਈ ਅਤੇ ਉਸੇ 'ਚ ਸੁੱਖ ਭਾਲਦੀ ਰਹੀ। ਸੁੱਖ ਤਾਂ ਨਹੀਂ ਮਿਲਿਆ ਪਰ ਸ਼ਰਾਬ ਉਸ ਨੂੰ ਮੌਤ ਦੇ ਨੇੜੇ ਲੈ ਗਈ। ਆਪਣੇ ਆਖਰੀ ਦਿਨਾਂ 'ਚ ਕਮਾਲ ਅਮਰੋਹੀ ਦੀ ਕਈ ਸਾਲਾਂ ਤੋਂ ਡੱਬਾ ਬੰਦ ਪਈ 'ਪਾਕੀਜ਼ਾ' ਨੂੰ ਫਿਰ ਤੋਂ ਬਣਾਉਣ ਦਾ ਫੈਸਲਾ ਮੀਨਾ ਨੇ ਅਮਰੋਹੀ ਨੂੰ ਸੁਣਾ ਦਿੱਤਾ ਕਿ ਉਹ 'ਪਾਕੀਜ਼ਾ' ਨੂੰ ਪੂਰਾ ਕਰਨਾ ਚਾਹੁੰਦੀ ਹੈ। ਉਸ ਦਾ ਬੋਝ ਲੈ ਕੇ ਮਰਨਾ ਨਹੀਂ ਚਾਹੁੰਦੀ। ਅਮਰੋਹੀ ਤਾਂ ਜਿਵੇਂ ਇਸੇ ਫੈਸਲੇ ਦੀ ਉਡੀਕ 'ਚ ਸੀ। ਤੁਰੰਤ 'ਪਾਕੀਜ਼ਾ' ਦਾ ਨਿਰਮਾਣ ਸ਼ੁਰੂ ਹੋ ਗਿਆ। 'ਪਾਕੀਜ਼ਾ' ਉਨ੍ਹਾਂ ਦੋਹਾਂ ਦੀ ਜ਼ਿੰਦਗੀ ਦੀ ਇਕ ਯਾਦਗਾਰ ਫਿਲਮ ਬਣ ਗਈ।

ਬੇਹੱਦ ਸ਼ਰਾਬ ਪੀਣ ਕਾਰਨ ਮੀਨਾ ਦਾ ਖੂਨ ਪਾਣੀ ਬਣਨ ਲੱਗਾ। ਉਨ੍ਹਾਂ ਦਾ ਸਰੀਰ ਫੁੱਲ ਗਿਆ ਸੀ। ਇਲਾਜ ਲਈ ਉਸ ਨੂੰ ਮਾਸਕੋ ਲਿਜਾਇਆ ਗਿਆ। ਡਾਕਟਰਾਂ ਨੇ ਸ਼ਰਾਬ ਛੱਡਣ ਲਈ ਕਿਹਾ ਪਰ ਮੀਨਾ ਕੁਮਾਰੀ ਨੇ ਸ਼ਰਾਬ ਨਹੀਂ ਛੱਡੀ ਕਿਉਂਕਿ ਉਹ ਤਾਂ ਜਿਊਣਾ ਹੀ ਨਹੀਂ ਚਾਹੁੰਦੀ ਸੀ। ਉਹ ਲੋਕਾਂ ਦੇ ਧੋਖੇ ਤੋਂ, ਜ਼ਿੰਦਗੀ ਤੋਂ ਥੱਕ ਚੁੱਕੀ ਸੀ। 31 ਮਾਰਚ, 1972 ਨੂੰ ਮੌਤ ਨੇ ਮੀਨਾ ਨੂੰ ਹਮੇਸ਼ਾ ਲਈ ਸੁਆ ਦਿੱਤਾ।

ੴ ਸਤਿਗੁਰ ਪ੍ਰਸਾਦਿ॥

# ਵਾਹਿਗੁਰੂ ਅਤੇ ਸੰਗਤਾਂ ਦਾ ਕੋਟਾਨਿ ਕੋਟਿ ਸ਼ੁਕਰਾਨਾ

ਗੁਰੂ ਪਿਆਰੀ ਸਾਧ ਸੰਗਤ ਜੀਓ,
ਵਾਹਿਗੁਰੂ ਜੀ ਕਾ ਖਾਲਸਾ, ਵਾਹਿਗੁਰੂ ਜੀ ਕੀ ਫਤਹਿ॥

ਗੁਰਦੁਆਰਾ ਪੈਲਾਟਾਈਨ ਦੇ ਪ੍ਰਬੰਧਕਾਂ ਦੀ ਚੋਣ ਵਿਚ ਪੰਥਕ ਸਲੇਟ ਦੇ ਸਾਰੇ ਉਮੀਦਵਾਰਾਂ ਨੂੰ ਆਪਣੇ ਝਾੜੂਬਰਦਾਰਾਂ ਵਜੋਂ ਗੁਰੂ ਘਰ ਦੀ ਅਗਲੇ ਚਾਰ ਸਾਲਾਂ ਵਾਸਤੇ ਸੇਵਾ ਬਖਸ਼ਣ ਲਈ ਕੀਤੇ ਗਏ ਤੁਹਾਡੇ ਫੈਸਲੇ ਲਈ ਕੋਟਾਨਿ ਕੋਟਿ ਸ਼ੁਕਰਾਨਾ।

ਆਓ, ਸਾਰੇ ਰਲ ਮਿਲ ਕੇ ਜਿੰਨੀ ਜਲਦੀ ਹੋ ਸਕੇ ਬਿਨਾ ਕੋਈ ਕਰਜ਼ਾ ਲਿਆਂ ਗੁਰੂ ਮਹਾਰਾਜ ਦਾ ਸੁੱਖ ਆਸਨ ਕੰਪਲੈਕਸ ਮੁਕੰਮਲ ਕਰੀਏ। ਅਸੀਂ ਗੁਰੂ ਦੇ ਨਿਮਾਣੇ ਸੇਵਕਾਂ ਵਜੋਂ ਨਿਮਰਤਾ ਸਾਹਿਤ ਬੇਨਤੀ ਕਰਦੇ ਹਾਂ ਕਿ ਗੁਰੂ ਦੇ ਸੁੱਖ ਆਸਨ ਕੰਪਲੈਕਸ ਦੇ ਗੁੰਬਦਾਂ ਦੀ ਸੇਵਾ ਪੰਜਾਬ ਆਟੋ ਵਰਕਸ ਅਤੇ ਅਕਾਲ ਟਰਾਂਸਪੋਟ ਕਾਰਪੋਰੇਸ਼ਨ ਵਲੋਂ ਗੁਰੂ ਦੀ ਮਿਹਰ ਨਾਲ ਕੀਤੀ ਜਾਵੇਗੀ।



ਗੁਰੂ ਦੇ ਨਿਮਾਣੇ ਸੇਵਕ

ਮੇਜਰ ਗੁਰਚਰਨ ਸਿੰਘ ਝੱਜ
ਜੈਦੇਵ ਸਿੰਘ ਭੱਠਲ
ਸੁਖਰਾਜ ਸਿੰਘ ਤੱਖਰ

**Punjab Auto Werks**
**Akal Transport Corpration**

1930 W. Hubbard St., Chicago, IL

Tel. 312-243-3344, 312-243-2255



ਖ਼ੁਸ਼ਖਬਰੀ ਖ਼ੁਸ਼ਖਬਰੀ ਖ਼ੁਸ਼ਖਬਰੀ ਖ਼ੁਸ਼ਖਬਰੀ
TAFT
CHEVROLET BUICK
501 North St. Taft CA 93268
(661) 763-4201
AN AMERICAN REVOLUTION
ਸ਼ੈਵਰਲੈਟ ਦੇ ਹਰ ਕਿਸਮ ਦੇ ਟਰੱਕ ਅਤੇ ਕਾਰਾਂ ਲੈਣ ਲਈ ਸੰਪਰਕ ਕਰੋ
ਤੁਸੀਂ ਆਪਣੀ ਜ਼ੁਬਾਨ ਦੇ ਵਿੱਚ ਗੱਲ ਕਰਨ ਵਾਸਤੇ ਕਾਲ ਕਰੋ
ਦਵਿੰਦਰ ਸਿੰਘ ਬੈਂਸ (661) 428-2613
TAFT AUTO GROUP
ਵਾਹਿਗੁਰੂ ਦੀ ਮਿਹਰ ਦੇ ਨਾਲ ਟਾਫਟ ਵਿੱਚ ਸਫਲਤਾ ਤੋਂ ਬਾਅਦ ਆਪ ਜੀ ਦੀ ਸੇਵਾ ਲਈ
ਹੁਣ ਬੇਕਰਸਫੀਲਡ ਵਿੱਚ ਨਵੀਂ ਲੋਕੇਸ਼ਨ ਖੁੱਲ ਗਈ ਹੈ
ਹਰ ਕਿਸਮ ਦੀ ਕਾਰ ਜਾਂ ਟਰੱਕ ਲੈਣ ਲਈ ਸਾਡੇ ਨਾਲ ਸੰਪਰਕ ਕਰੋ
ਸਾਡੇ ਸਟਾਕ ਵਿੱਚ ਨਾਂ ਵੀ ਹੋਣ ਤੇ
ਅਸੀਂ ਤੁਹਾਨੂੰ 48 ਘੰਟਿਆਂ ਵਿੱਚ
ਆਪ ਜੀ ਦੀ ਮਨਪਸੰਦ ਗੱਡੀ
ਮੰਗਵਾ ਕੇ ਦੇ ਸਕਦੇ ਹਾਂ ।
BMW roadster
ਸਸਤੀ ਅਤੇ ਭਰੋਸੇਮੰਦ ਸੇਵਾ ਲਈ ਕਾਲ ਕਰੋ
3101 Taft Hwy, Bakersfield CA 93313
Tel : 661-412-4972
661-703-8795 * 661-900-7357




**Platinum Sponsor: Sher Atta**

**Gold Sponsor:** Fast Choice Markets, KTL Transportation corp., Harman Transportation, Camps Logistics, Capital Accounting & Tax Services, Moonlight Studio, Sterling Real Estate Co., Wells Fargo Bank.

**Silver Sponsor:** BTR Truck & Trailer Repair, Urapar Petroleum, The Auto Experts, Round Table Pizza, Kay Bee Liquor, HMK Petro Inc., Link Insurance, Sac Truck Lines, Norcal Trucking, Jesse Thandi, Kaiser Permanente, Pal Liquor.

**Bronze Sponsor:** Choice Market, BJ Gear, Pooja Grill, Tak Food & Liquor, Sterling Auto, Power Mart, Stumpy Liquor Redding, Hardeep Singh, Ranjit Bola, Harjot Virk, Aman Dhir, Amrik Cheema, Ravinder "Bittu", Jagjit Dhillon, Gurminder Bhela, Satti Bhele, Sony Sahota, Jaswinder Banga, Makhan Singh Jhattu, Parmjit Phagura, Bobby Singh Roseville, Tony Kalotia, Sukhdev Kalotia, American Travel & Tours, Liquor King Redding, Hinkles Liquor Redding, GA Construction, Sohal Farms, Karamjit Singh, Singh Realty & Mortgage, Indian Saver USA

## ਗਦਰੀ ਬਾਬਿਆਂ ਦਾ ਇਤਿਹਾਸਕ ਅਸਥਾਨ

# ਗੁਰਦੁਆਰਾ ਸਾਹਿਬ ਸਟਾਕਟਨ (ਕੈਲੀਫੋਰਨੀਆ)

**1930 South Grant Street, Stockton CA 95206 (A Historical Land Mark of CA)**

# 12ਵਾਂ ਮਹਾਨ ਨਗਰ ਕੀਰਤਨ

## 18 ਅਪਰੈਲ 2010

(ਦਿਨ ਐਤਵਾਰ)

# ਵਿਸਾਖੀ ਪੁਰਬ




ਖ਼ਾਲਸਾ ਅਕਾਲ ਪੁਰਖ ਕੀ ਫ਼ੌਜ॥ ਪ੍ਰਗਟਿਓ ਖ਼ਾਲਸਾ ਪ੍ਰਮਾਤਮ ਕੀ ਮੌਜ॥

ਗੁਰੂ ਪਿਆਰੀ ਸਾਧ ਸੰਗਤ ਜੀਓ, ਸਨਿਮਰ ਬੇਨਤੀ ਹੈ ਕਿ 18 ਅਪਰੈਲ 2010 ਦਿਨ ਐਤਵਾਰ ਨੂੰ ਗ਼ਦਰੀ ਬਾਬਿਆਂ ਦੇ ਇਤਿਹਾਸਕ ਅਸਥਾਨ ਗੁਰੂ-ਘਰ ਸਟਾਕਟਨ ਦੀਆਂ ਸਮੂਹ ਸਿੱਖ ਸੰਗਤਾਂ ਵਲੋਂ ਮਹਾਨ ਨਗਰ ਕੀਰਤਨ, ਖ਼ਾਲਸੇ ਦਾ 311ਵਾਂ ਸਾਜਨਾ ਦਿਵਸ, ਵਿਸਾਖੀ ਪੁਰਬ ਮਨਾਇਆ ਜਾਵੇਗਾ। ਐਤਵਾਰ 12 ਵਜੇ ਦੁਪਹਿਰ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛਤਰ ਛਾਇਆ ਹੇਠ, ਪੰਜਾਂ ਪਿਆਰਿਆਂ ਦੀ ਅਗਵਾਈ ਵਿਚ ਨਗਰ ਕੀਰਤਨ ਅਰੰਭ ਹੋਵੇਗਾ ਤੇ 4 ਘੰਟੇ ਦੀ ਨਗਰ ਯਾਤਰਾ ਪਿੱਛੋ ਗੁਰੂ-ਘਰ ਵਾਪਸ ਪਰਤੇਗਾ। ਸਮੂਹ ਇਲਾਕਾ ਨਿਵਾਸੀ ਤੇ ਦੇਸ-ਪਰਦੇਸ ਦੀਆਂ ਸੰਗਤਾਂ, ਧਾਰਮਿਕ ਸੰਸਥਾਵਾਂ ਅਤੇ ਸਮੂਹ ਗੁਰੂ-ਘਰਾਂ ਦੀਆਂ ਪ੍ਰਬੰਧਕ ਕਮੇਟੀਆਂ ਨੂੰ ਸਨਿਮਰ ਬੇਨਤੀ ਹੈ ਕਿ ਇਸ ਸ਼ਾਨਦਾਰ ਤੇ ਮਹਾਨ ਅਵਸਰ 'ਤੇ ਫ਼ਲੋਟਾਂ ਸਮੇਤ ਪਹੁੰਚ ਕੇ ਨਗਰ ਕੀਰਤਨ ਦੀਆਂ ਰੌਣਕਾਂ ਵਧਾਓ ਅਤੇ ਕਲਗੀਧਰ ਪਾਤਸ਼ਾਹ, ਅੰਮ੍ਰਿਤ ਦੇ ਦਾਤੇ ਸ੍ਰੀ ਗੁਰੂ ਗੋਬਿੰਦ ਸਿੰਘ ਸਾਹਿਬ ਜੀ ਦੀਆਂ ਖੁਸ਼ੀਆਂ ਪ੍ਰਾਪਤ ਕਰੋ ਜੀ।

## ਪ੍ਰੋਗਰਾਮ

□ 26 ਫ਼ਰਵਰੀ ਦਿਨ ਸ਼ੁਕਰਵਾਰ ਤੋਂ ਅਖੰਡ ਪਾਠਾਂ ਦੀ ਲੜੀ ਪ੍ਰਾਰੰਭ ਹੈ ਜੀ। □ 15 ਮਾਰਚ ਦਿਨ ਸੋਮਵਾਰ ਤੋ ਹਰ ਰੋਜ਼ ਸ਼ਾਮਾਂ ਦੇ ਦੀਵਾਨ ਸਜਿਆ ਕਰਨਗੇ। ਜਿਸ ਵਿੱਚ ਭਾਈ ਲਖਵਿੰਦਰ ਸਿੰਘ ਜੀ ਸੰਗਤਾਂ ਨੂੰ ਕਥਾ ਨਾਲ਼ ਨਿਹਾਲ ਕਰਿਆ ਕਰਨਗੇ। □ 2 ਅਪਰੈਲ ਤੋਂ ਪ੍ਰਸਿੱਧ ਰਾਗੀ ਜਥੇ (ੳ) ਭਾਈ ਸੁਰਿੰਦਰ ਸਿੰਘ ਜੀ ਜੋਧਪੁਰੀ, ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ ਅੰਮ੍ਰਿਤਸਰ ਵਾਲ਼ੇ ਤੇ (ਅ) ਭਾਈ ਸੁਖਜੀਵਨ ਸਿੰਘ ਜੀ ਹਜ਼ੂਰੀ ਰਾਗੀ ਜਥਾ ਕੀਰਤਨ ਕਰਿਆ ਕਰਨਗੇ। □ 2 ਅਪਰੈਲ ਤੋਂ ਪੰਥ ਦੇ ਪ੍ਰਸਿੱਧ ਢਾਡੀ ਭਾਈ ਬਲਵੰਤ ਸਿੰਘ ਜੀ ਪ੍ਰੇਮੀ ਦਾ ਜਥਾ ਢਾਡੀ-ਵਾਰਾਂ ਨਾਲ਼ ਨਿਹਾਲ ਕਰਿਆ ਕਰਨਗੇ। □ 4 ਅਪਰੈਲ ਤੋਂ ਪੰਥ ਦੇ ਪ੍ਰਸਿੱਧ ਕਥਾਕਾਰ ਭਾਈ ਪਿੰਦਰਪਾਲ ਸਿੰਘ ਜੀ (ਲੁਧਿਆਣੇ ਵਾਲ਼ੇ) ਅਤੇ ਬਾਬਾ ਬਖਸ਼ੀਸ਼ ਸਿੰਘ ਜੀ ਦਮਦਮੀ ਟਕਸਾਲ ਵਾਲ਼ੇ (ਹਜ਼ੂਰੀ ਕਥਾਕਾਰ) ਸੰਗਤਾਂ ਨੂੰ ਕਥਾ ਸਰਵਣ ਕਰਾਇਆ ਕਰਨਗੇ। □ ਅੰਮ੍ਰਿਤ ਸੰਚਾਰ: 17 ਅਪਰੈਲ ਦਿਨ ਸਨਿਚਰਵਾਰ ਨੂੰ ਸਵੇਰੇ 8 ਵਜੇ ਅੰਮ੍ਰਿਤ ਸੰਚਾਰ ਹੋਵੇਗਾ ਜੀ। ਅੰਮ੍ਰਿਤ ਅਭਿਲਾਖੀ ਸੱਜਣਾਂ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਆਪਣੇ ਨਾਮ ਬਾਬਾ ਬਖਸ਼ੀਸ਼ ਸਿੰਘ ਜੀ (209-625-7500) ਜਾਂ ਭਾਈ ਕੁਲਦੀਪ ਸਿੰਘ ਜੀ (209-423-7982) ਨੂੰ ਲਿਖਾਵਾਓ ਜੀ। ਕਕਾਰਾਂ ਦੀ ਸੇਵਾ ਗੁਰੂਘਰ ਵਲੋਂ ਕੀਤੀ ਜਾਵੇਗੀ। □ 11 ਅਪਰੈਲ ਦਿਨ ਐਤਵਾਰ ਨੂੰ ਦਸਤਾਰ ਦਿਵਸ ਮਨਾਉਂਦੇ ਹੋਏ ਦਸਤਾਰਾਂ ਮੁਫ਼ਤ ਵੰਡੀਆਂ ਜਾਣਗੀਆਂ। □ ਨਿਸ਼ਾਨ ਸਾਹਿਬ ਦੇ ਚੋਲ਼ੇ ਦੀ ਸੇਵਾ 17 ਅਪਰੈਲ ਦਿਨ ਸਨਿਚਰਵਾਰ ਸਵੇਰੇ 9 ਵਜੇ ਭਾਈ ਪਾਲ ਸਿੰਘ ਦੇ ਪਰਿਵਾਰ ਵਲੋਂ ਕੀਤੀ ਜਾਵੇਗੀ। □ 17 ਅਪਰੈਲ ਨੂੰ ਸ਼ਾਮ ਦੇ ਦੀਵਾਨ 6 ਵਜੇ ਤੋਂ 11:30 ਵਜੇ ਤੱਕ ਸਜਣਗੇ ਜਿਸ ਵਿਚ ਪੰਥਕ ਵਿਚਾਰਾਂ ਕਰਨ ਲਈ ਸਮੂਹ ਪੰਥਕ ਜਥੇਬੰਦੀਆਂ ਨੂੰ ਖੁੱਲ੍ਹਾ ਸੱਦਾ ਦਿੱਤਾ ਜਾਂਦਾ ਹੈ। □ ਨਗਰ ਕੀਰਤਨ ਵਾਲ਼ੇ ਦਿਨ (18 ਅਪਰੈਲ) ਸੰਗਤਾਂ ਦੀਆਂ ਗੱਡੀਆਂ ਦੀ ਪਾਰਕਿੰਗ ਦਾ ਪ੍ਰਬੰਧ San Joaquin Fairgrounds. (1658 S. Airport Way, Stockton,CA) ਵਿਖੇ ਕੀਤਾ ਗਿਆ ਹੈ। ਉਥੋਂ ਸੰਗਤਾਂ ਦੇ ਗੁਰਦੁਆਰਾ ਸਾਹਿਬ ਪਹੁੰਚਣ ਲਈ ਬੱਸਾਂ ਦਾ ਵਿਸ਼ੇਸ਼ ਪ੍ਰਬੰਧ ਕੀਤਾ ਗਿਆ ਹੈ। □ ਸਿਕਿਓਰਿਟੀ ਦੇ ਖਾਸ ਪ੍ਰਬੰਧ ਕੀਤੇ ਗਏ ਹਨ। □ 3 ਅਪਰੈਲ ਤੋਂ ਸ਼ਾਮ ਦੇ ਦੀਵਾਨਾਂ ਦਾ ਸਿੱਧਾ ਪ੍ਰਸਾਰਣ ਰੇਡੀਓ ਗੀਤ-ਸੰਗੀਤ ਤੋਂ ਕੀਤਾ ਜਾਵੇਗਾ।

- ਫਲੋਟਾਂ ਬਾਰੇ ਭਾਈ ਗੁਲਵਿੰਦਰ ਸਿੰਘ (ਭਿੰਦਾ) (209-487-3699) ਤੇ ਭਾਈ ਹਰਨੇਕ ਸਿੰਘ ਅਟਵਾਲ਼ (209-351-5965) ਨਾਲ਼ ਸੰਪਰਕ ਕਰੋ ਜੀ।
- ਦੁਕਾਨਾਂ ਤੇ ਸਟਾਲਾਂ ਲਈ ਜਸਵੀਰ ਸਿੰਘ ਗੁਰਾਇਆ (209-649-6053) ਤੇ ਰਾਮ ਸਿੰਘ ਮੰਡੇਰ (209-423-5977) ਨਾਲ਼ ਸੰਪਰਕ ਕਰੋ ਜੀ।
- ਸੰਗਤ ਆਪਣੀ ਸੁਰੱਖਿਆ ਦੀ ਆਪ ਜਿੰਮੇਵਾਰ ਹੋਵੇਗੀ।

**ਦਾਸ: ਪ੍ਰਬੰਧਕ ਕਮੇਟੀ ਅਤੇ ਸਮੂਹ ਸੰਗਤਾਂ (ਗੁਰੂ-ਘਰ ਸਟਾਕਟਨ)**

ਭਾਈ ਮਨਜੀਤ ਸਿੰਘ ਉਪਲ਼ (ਪ੍ਰਧਾਨ)
(209) 649-2767
ਭਾਈ ਮੱਖਣ ਸਿੰਘ (ਮੀਤ ਪ੍ਰਧਾਨ)
(209) 642-5757

ਭਾਈ ਜਤਿੰਦਰ ਸਿੰਘ ਪੰਮਾ (ਸਕੱਤਰ)
(209) 993-7954
ਭਾਈ ਅਮਰਜੀਤ ਸਿੰਘ ਤੁੰਗ (ਮੀਤ ਸਕੱਤਰ)
(209) 954-2881

ਭਾਈ ਗੁਰਬਖ਼ਸ਼ ਸਿੰਘ (ਖ਼ਜਾਨਚੀ)
(209) 470-7006
ਭਾਈ ਰਣਜੀਤ ਸਿੰਘ ਚੰਦੋਵਾਲ਼ੀਆ (ਮੀਤ ਖ਼ਜਾਨਚੀ)
(209) 649-3993

ਘਰਾਂ ਦੀ ਵਧੀਆ ਡੀਲ ਅਤੇ ਘਟ ਤੋਂ ਘਟ ਵਿਆਜ ਦਰਾਂ ਉਤੇ ਲੋਨ ਲੈ ਕੇ ਦੇਣ ਲਈ ਮਸ਼ਹੂਰ

# Golden State Realty

Real Estate and Loans Under One Roof

**$18,000 IN COMBINED HOMEBUYER TAX CREDITS FOR A LIMITED TIME**

**Market is getting hot. Do not wait any more to buy home of your dreams. There are multiple offer situations on all under market homes. Act now before it is too late. Master of winners in multiple offer situation is waiting for your call.**

## Short Sale Specialist

**We can sell your house in short sale at no cost to you.**

*ਜੇਕਰ ਤੁਹਾਡਾ ਘਰ ਕਿਸ਼ਤਾਂ ਬੰਦ ਕਰਨ ਕਰਕੇ ਫੋਰਕਲੋਜ਼ਰ ‘ਚ ਹੈ ਤੇ ਟਰੱਸਟੀ ਸੇਲ ਦੀ ਤਾਰੀਖ ਵੀ ਆ ਗਈ ਹੈ ਤਾਂ ਵੀ ਅਸੀਂ ਤੁਹਾਡਾ ਘਰ Short Sale ‘ਤੇ ਲਾ ਕੇ ਵੇਚ ਸਕਦੇ ਹਾਂ ਤੇ 2 ਤੋਂ 6 ਮਹੀਨੇ ਤੱਕ ਦਾ ਹੋਰ ਸਮਾਂ ਲੈ ਸਕਦੇ ਹਾਂ। *Foreclosure ਦੇ ਮੁਕਾਬਲੇ Short Sale ‘ਤੇ ਵੇਚਣ ਨਾਲ ਕਰੈਡਿਟ ਵੀ ਘੱਟ ਖਰਾਬ ਹੁੰਦਾ ਹੈ। *ਜੇਕਰ ਤੁਸੀਂ ਕਿਸ਼ਤਾਂ ਵੇਲੇ ਸਿਰ ਦੇ ਰਹੇ ਹੋ ਤੇ ਘਰ ਦੀ ਕੀਮਤ ਲੋਨ ਨਾਲੋਂ ਕਾਫੀ ਘੱਟ ਗਈ ਹੈ ਤਾਂ ਵੀ Short Sale ‘ਤੇ ਲਾ ਕੇ ਘਰ ਵੇਚ ਸਕਦੇ ਹਾਂ।

**Refinance Now**

30 Yr Fixed Rates Are Getting Better!!!
Refinance Now At Low Cost
**Call Sukhi Gill @ 510-207-9067**

*Mortgage credit certificate funds are available in Alameda county for first time buyers for detail call Sukhi Gill @510-207-9067*

*Golden Star Realty and Loans is participating lender for MCC Program for Alameda and Santa Clara county*

Selling new and old Homes from San Jose to Sacramento

Fremont Office:
86 Pilgrim Loop
Fremont CA 94539
510-440-9292

**Cell: 510-304-9292**
**Cell:408-666-8279**




**Jaswinder Gill** M.Sc (PAU)
CA DRE# 00966763
Broker/Owner/Notary

*2004 to 2006 Award Winner
Top 1% Listing Realtor in Bay Area

Sacramento Office:
8695 Territorial Way,
Elk Grove CA 95624
Tel:916-612-5773, Fax:916-393-2586

E-mail: jassi@jassigill.com or
Visit us @ www.jassigill.com
for hot listings




**181 Nabor Ct Tracy, CA 95377**
5 Bedrooms, 4 Baths, 2 Car Garage.
Area 3089 Sq. Ft - Lot 5227 Sq. Ft





**304 Pennyhill drive San Jose CA 95127**
4 Bedrooms, 3 Baths, 2 Car Garage.
Area 1933 Sq. Ft - Lot 4500 Sq. Ft





**111 Nancy Lane San Jose CA 95127**
6 Plex - 2 units each
3Bed/1Bath - 3Bed/1Bath - 3Bed/1Bath




**675 Bel Air Court Morgan Hill CA 95037**
5 Bedrooms, 3 Baths, 2 Car Garage.
Area 2807 Sq. Ft - Lot 6534 Sq. Ft





**2370 Picasso Way Stockton 95206**
5 Bedrooms, 3 Baths, 2 Car Garage.
Area 2555 Sq. Ft - Lot 10,454 Sq. Ft




**30966 Periwinkle Dr Union City CA 94587**
4 Bedrooms, 2.5 Baths, 2 Car Garage.
Area 1623 Sq. Ft - Lot 5453 Sq. Ft




**445 Massarosa Lane Lodi, CA 95240**
4 Bedrooms, 2.5 Baths, 2 Car Garage.
Area 1813 Sq. Ft - Lot 3049 Sq. Ft




**902 Windsong Drive, Tracy, CA 95377**
4 Bedrooms, 3 Baths, 2 Car Garage.
Area 2537 Sq. Ft - Lot 6098 Sq. Ft